
ਸੁਦਰਸ਼ਨ
ਦੀਆਂ ਪ੍ਰਤੀਨਿਧ
ਕਹਾਣੀਆਂ
ਭਾਸ਼ਾ ਵਿਭਾਗ, ਪੰਜਾਬ

# ਸੁਦਰਸ਼ਨ

ਦੀਆਂ

ਪ੍ਰਤੀਨਿਧ ਕਹਾਣੀਆਂ

ਭਾਸ਼ਾ ਵਿਭਾਗ, ਪੰਜਾਬ

Sudarshan Dian Pratinidh Kahaniyan

Translated by: Harminder Singh Kohli

ਅਨੁਵਾਦਕ : ਹਰਮਿੰਦਰ ਸਿੰਘ ਕੋਹਲੀ

ਪਹਿਲਾ ਐਡੀਸ਼ਨ
ਮੁਲ : 5 ਰੁਪਏ 10 ਪੈਸੇ

ਪ੍ਰਕਾਸ਼ਕ :
ਰਜਨੀਸ਼ ਕੁਮਾਰ
ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

ਛਾਪਕ :
ਪੁਸ਼ਕਰ ਰਾਜ
ਆਧੁਨਿਕ ਪ੍ਰਿੰਟਰਜ਼
ਲੱਕਸ਼ਮੀ ਪੁਰਾ, ਜਲੰਧਰ।

# ਸੁਦਰਸ਼ਨ
# ਦੀਆਂ
# ਪ੍ਰਤੀਨਿਧ ਕਹਾਣੀਆਂ

# ਦੋ ਸ਼ਬਦ

ਸ੍ਰੀ ਸੁਦਰਸ਼ਨ ਹਿੰਦੀ ਤੇ ਉਰਦੂ ਦੇ ਪ੍ਰਸਿਧ ਕਹਾਣੀ ਲੇਖਕ ਹਨ। ਹਿੰਦੀ ਕਹਾਣੀ ਨੂੰ ਵਰਤਮਾਨ ਰੂਪ ਦੇਣ ਵਿਚ ਇਨ੍ਹਾਂ ਦਾ ਵਿਸ਼ੇਸ਼ ਹੱਥ ਹੈ। ਮੁਨਸ਼ੀ ਪ੍ਰੇਮ ਚੰਦ, ਵਿਸੰਭਰ ਨਾਥ ਕੌਸ਼ਿਕ ਤੇ ਸੁਦਰਸ਼ਨ ਜੀ ਦੇ ਹੀ ਯਤਨਾਂ ਦਾ ਫਲ ਸੀ ਕਿ ਹਿੰਦੀ ਕਹਾਣੀ ਨੇ ਆਪਣੇ ਵਰਤ-ਮਾਨ ਰੂਪ ਰੰਗ ਨਾਲ ਜਵਾਨੀ ਵਿਚ ਪ੍ਰਵੇਸ਼ ਕੀਤਾ। ਸ੍ਰੀ ਸੁਦਰਸ਼ਨ ਦੀ ਸਾਹਿਤਕ ਪ੍ਰਤਿਭਾ ਤੇ ਹਿੰਦੀ ਸਾਹਿਤ ਦੀ ਦੇਣ ਨੂੰ ਮੁਖ ਰਖਦੇ ਹੋਏ ਪੰਜਾਬ ਸਰਕਾਰ ਨੇ ਇਨ੍ਹਾਂ ਦੇ ਜੀਵਨ ਕਾਲ ਵਿਚ ਹੀ ਇਨ੍ਹਾਂ ਨੂੰ ਸਿਰੋਮਣੀ ਸਾਹਿਤਕਾਰ ਵਜੋਂ ਸਨਮਾਨਿਆ। ਇਸ ਸ਼ਿਰੋਮਣੀ ਹਿੰਦੀ ਕਹਾਣੀਕਾਰ ਦੀਆਂ ਪ੍ਰਤੀਨਿਧ ਕਹਾਣੀਆਂ ਦਾ ਇਹ ਸੰਗ੍ਰਹਿ ਪੰਜਾਬੀ ਪਾਠਕਾਂ ਦੀ ਭੇਟ ਕੀਤਾ ਜਾ ਰਿਹਾ ਹੈ।

ਸ੍ਰੀ ਸੁਦਰਸ਼ਨ ਦੀਆਂ ਕਹਾਣੀਆ ਵਿਚ ਆਦਰਸ਼ਵਾਦੀ ਦ੍ਰਿਸ਼ਟੀਕੋਣ ਦੇ ਨਾਲ ਨਾਲ ਉਸ ਸਮੇਂ ਦੀ ਯਥਾਰਥਵਾਦੀ ਤਸਵੀਰ ਹੈ। ਲੇਖਕ ਭਾਵੇਂ ਨੈਤਿਕਤਾਵਾਦੀ ਹੈ ਪਰ ਫਿਰ ਵੀ ਉਨ੍ਹਾਂ ਨੇ ਜੀਵਨ ਦੀਆਂ ਕੌੜੀਆਂ ਸਚਾਈਆਂ ਨੂੰ ਬੜੀ ਦਲੇਰੀ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਦੀ ਬੋਲੀ ਤੇ ਸ਼ੈਲੀ ਸੌਖੀ ਤੇ ਸਪਸ਼ਟ ਹੈ। ਪਾਤਰਾਂ ਦਾ ਚਿਤਰਨ ਹਮਦਰਦੀ ਭਰਿਆ ਹੈ। ਇਹ ਹੀ ਕੁਝ ਕੁ ਵਿਸ਼ੇਸ਼ਤਾਈਆਂ ਹਨ ਜਿਨ੍ਹਾਂ ਲਈ ਸਾਹਿਤਕ ਸੰਸਾਰ ਸ੍ਰੀ ਸੁਦਰਸ਼ਨ ਦਾ ਪ੍ਰਸ਼ੰਸਕ ਹੈ।

ਇਸ ਸੰਗ੍ਰਹਿ ਦਾ ਅਨੁਵਾਦ ਸ੍ਰੀ ਹਰਮਿੰਦਰ ਸਿੰਘ ਕੋਹਲੀ ਨੇ ਕੀਤਾ ਹੈ। ਮੈਨੂੰ ਪੂਰਨ ਆਸ ਹੈ ਕਿ ਪੰਜਾਬੀ ਪਾਠਕ ਇਸ ਪੁਸਤਕ ਦਾ ਨਿੱਘਾ ਸੁਆਗਤ ਕਰਨਗੇ।

ਰਜਨੀਸ਼ ਕੁਮਾਰ,

ਪਟਿਆਲਾ, ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਮਿਤੀ 6 ਮਈ, 1976

# ਤਰਤੀਬ


| | |
|---|---|
| 1. ਆਪਣੇ ਅੰਦਰ ਝਾਤੀ ਮਾਰ ਕੇ | 01 |
| 2. ਘੋਰ ਪਾਪ | 11 |
| 3. ਸੇਵਾ ਧਰਮ | 30 |
| 4. ਹਨੇਰੀ ਦੁਨੀਆ | 41 |
| 5. ਪਿਆਰ ਦਾ ਦਰਖ਼ਤ | 61 |
| 6. ਕੁਰਬਾਨੀ | 78 |
| 7. ਐਲਬਮ | 100 |
| 8. ਕਵੀ ਦੀ ਪਤਨੀ | 108 |
| 9. ਕਾਲ ਚੱਕਰ | 129 |
| 10. ਟੁੱਟਾ ਦਿਲ | 138 |
| 11. ਗੁਰ-ਮੰਤਰ | 154 |
| 12.ਦਿੱਲੀ ਦਾ ਆਖਰੀ ਦੀਪਕ | 169 |
| 13.ਪਰਿਵਰਤਨ | 186 |
| 14.ਅਮਰ ਜੀਵਨ | 188 |
| 15.ਹੰਸ ਦੀ ਚਾਲ | 197 |
| 16.ਆਪਣੀ ਕਮਾਈ | 214 |
| 17.ਇਕ ਇਸਤਰੀ ਦੀ ਡਾਇਰੀ | 216 |
| 18.ਨਿਆਂ-ਮੰਤਰੀ | 229 |
| 19.ਤੀਰਥ ਯਾਤਰਾ | 242 |
| 20.ਸੱਚ ਦਾ ਸੌਦਾ | 254 |

# ਭੂਮਿਕਾ

ਕਹਾਣੀ ਰਚਨਾ ਦੀ ਵਿਦਿਆ ਦਾ ਆਰੰਭ ਕਦੋਂ ਹੋਇਆ? ਕਿਸ ਨੇ ਕੀਤਾ? ਕਿਸ ਤਰ੍ਹਾਂ ਕੀਤਾ? ਕਿਸ ਹਾਲਤ ਵਿੱਚ ਕੀਤਾ? ਇਹ ਸਭ ਅਜਿਹੇ ਸੁਆਲ ਹਨ, ਜਿਨ੍ਹਾਂ ਦਾ ਉੱਤਰ ਸੰਸਾਰ ਦੇ ਇਤਿਹਾਸ ਕੋਲ ਨਹੀਂ। ਪਰ ਗਲਪ ਦੇ ਨਿਕਾਸ ਦੇ ਵਿਸ਼ੇ ਵਿੱਚ ਵਿਸ਼ਵਾਸ਼ ਨਾਲ ਕਿਹਾ ਜਾ ਸਕਦਾ ਹੈ ਕਿ ਵਿਦਿਆ-ਅਧਿਐਨ ਅਤੇ ਮਨੋਰੰਜਨ ਦੀ ਇਹ ਜਾਦੂ ਭਰੀ ਸਮਗ੍ਰੀ ਉਤਨੀ ਹੀ ਪੁਰਾਣੀ ਹੈ, ਜਿੰਨੀ ਇਹ ਦੁਨੀਆਂ। ਰਿਚਰਡ ਬਰਟਨ ਸਾਹਿਬ ਨੇ ਆਪਣੀ ਪ੍ਰਸਿੱਧ ਪੁਸਤਕ 'ਮਾਸਟਰਜ਼ ਆਫ਼ ਦੀ ਇੰਗਲਿਸ਼ ਨਾਵਲ, ਵਿੱਚ ਲਿਖਿਆ ਹੈ—'ਕਹਾਣੀ ਦੁਨੀਆ ਦੀ ਸਭ ਤੋਂ ਪਿਆਰੀ ਚੀਜ਼ ਹੈ। ਇਸ ਲਈ ਅਸਚਰਜ ਨਹੀਂ ਕਿ ਇਸ ਦਾ ਮੁੱਢ ਉਦੋਂ ਬਝਿਆ ਹੋਵੇ ਜਦੋਂ ਆਦਮੀ ਨੇ ਗੋਡਿਆਂ ਦੇ ਭਾਰ ਖੜਾ ਹੋਣਾ ਸਿਖਿਆ ਸੀ।" ਪਰ ਮੇਰੀ ਰਾਏ ਵਿੱਚ ਕਹਾਣੀ ਦਾ ਆਰੰਭ ਉਸ ਵਕਤ ਹੋਇਆ ਜਦੋਂ ਦੁਨੀਆਂ ਦੇ ਪਹਿਲੇ ਪੁੱਤਰ ਨੇ ਪਹਿਲੀ ਵਾਰ ਗਿਆਨ ਦੀ ਅੱਖ ਖੋਲ੍ਹੀ, ਸੂਰਜ ਦੇ ਥਲੇ ਕਿਸੇ ਸੁੰਦਰ ਰਮਣੀਕ ਦ੍ਰਿਸ਼ ਨੂੰ ਪਿਆਰ ਦੀ ਅੱਖ ਨਾਲ ਵੇਖਿਆ ਅਤੇ ਉਸਨੂੰ ਆਪਣੇ ਮਨ ਦੀ ਚਿੱਤਰਸ਼ਾਲਾ ਵਿੱਚ ਸੁਰਖਿਅਤ ਰੱਖ ਲਿਆ।

ਉਸ ਵਕਤ ਪ੍ਰਕਿਤੀ ਨੇ ਅਜੇ ਉਸ ਦੇ ਹੋਠਾਂ ਤੋਂ ਚੁਪ ਦੀ ਮੋਹਰ ਤੋੜੀ ਨਹੀਂ ਸੀ, ਨਾ ਉਸਨੂੰ ਕੋਈ ਅਜਿਹੀ ਵਿਧੀ ਪਤਾ ਸੀ ਕਿ ਆਪਣੇ ਭਾਵਾਂ ਨੂੰ ਦੂਜਿਆਂ ਤੇ ਪ੍ਰਗਟ ਕਰ ਸਕੇ। ਉਹ ਕੇਵਲ ਚੁੱਪ-ਚਾਪ ਵੇਖਦਾ ਸੀ ਅਤੇ ਚੁੱਪ-ਚਾਪ ਸੋਚਦਾ ਸੀ।

ਇਸ ਤੋਂ ਬਾਅਦ ਮਿਸਟਰ ਮਾਰਵਿਨ ਦੇ ਕਥਨ ਅਨੁਸਾਰ, ਉਸਨੇ ਆਪਣੇ ਆਸ-ਪਾਸ ਦੀਆਂ ਚੀਜ਼ਾਂ ਦੀ ਨਕਲ ਉਤਾਰਨੀ ਸ਼ੁਰੂ ਕੀਤੀ ਅਤੇ ਦਰਖ਼ਤਾਂ ਦੇ ਪਤਿਆਂ, ਤੇ ਚਟਾਨਾਂ ਦੇ ਖੁਰਦਰੇ ਪੱਥਰਾਂ ਤੇ ਚਿੱਤਰ ਬਣਾਉਣ ਲੱਗਾ। ਜਿਸ ਤਰ੍ਹਾਂ ਉਸ ਸਮੇਂ ਉਹ ਆਪ ਸਿੱਧਾ ਸਾਦਾ ਸੀ, ਉਸੇ ਤਰ੍ਹਾਂ ਇਹ ਚਿੱਤਰ ਵੀ ਸਿਧੇ-ਸਾਦੇ ਸਨ। ਇਨ੍ਹਾਂ ਚਿੱਤਰਾਂ ਵਿੱਚ ਕਲਾ ਨਹੀਂ ਸੀ, ਕਲਪਨਾ ਨਹੀਂ ਸੀ, ਅੱਜ ਕੱਲ ਦਾ ਸੌਂਦਰਯ ਨਹੀਂ ਸੀ। ਸੱਪ ਤੇ ਨਿਉਲੇ ਦੀ ਲੜਾਈ, ਸ਼ੇਰ ਤੇ ਹਾਥੀਆਂ ਦਾ ਸ਼ਿਕਾਰ, ਦੇਵੀ-ਦੇਵਤਿਆਂ ਦੀ ਪੂਜਾ ਤੋਂ ਬਿਨਾਂ ਹੋਰ ਕੁੱਝ ਨਹੀਂ ਸੀ।

ਸਾਧਾਰਨ ਆਦਮੀਆਂ ਲਈ ਇਹ ਆਰੰਭ ਅਤਿਅੰਤ ਤੁੱਛ ਅਤੇ ਬੇ-ਮਤਲਬ ਆਰੰਭ ਸੀ। ਪਰ ਇਹੀ ਤੁੱਛ ਤੇ ਬੇ-ਮਤਲਬ ਆਰੰਭ ਹੈ, ਜਿਸਨੇ ਅੱਜ ਆਪਣਾ ਵਿਕਾਸ ਕਰਕੇ ਮਾਨਰੋ ਬਲਜ਼ਾਕ, ਗੀਦ ਮੁਪਾਸਾਂ, ਸੇਨ ਕਾਈ ਵਿਜ਼ (Sein ki wichz) ਅਨਾਤੋਲ ਫ਼ਰਾਂਸ,

ਲਿਊਟਾਲਸਟਾਏ, ਜੈਕ ਲੰਡਨ, ਅਪਟਨ ਸਿਨਕਲੇਅਰ, ਖ਼ਲੀਲ ਜਿਬਰਾਨ, ਰਵਿੰਦਰ ਨਾਥ ਠਾਕੁਰ, ਅਤੇ ਪ੍ਰੇਮ ਚੰਦ ਦਾ ਨਾਂ ਸਾਹਿਤ-ਸੰਸਾਰ ਵਿੱਚ ਅਮਰ ਕਰ ਦਿੱਤਾ ਹੈ। ਉਹੀ ਪਰਮਾਣੂ ਹੈ ਜੋ ਸੂਰਜ ਬਣਕੇ ਚਮਕ ਰਿਹਾ ਹੈ। ਇਹ ਉਹੀ ਛੋਟਾ ਜਿਹਾ ਬੀਜ ਹੈ, ਜੋ ਅੱਜ ਵਿਸ਼ਾਲ ਤੇ ਘਣੇ ਦਰਖ਼ਤ ਦਾ ਰੂਪ ਧਾਰਨ ਕਰ ਚੁਕਾ ਹੈ, ਅਤੇ ਦੁਪਹਿਰ ਦੀ ਸਾੜਵੀਂ ਗਰਮੀ ਦੇ ਮਾਰੇ ਹੋਏ ਮੁਸਾਫਰਾਂ ਲਈ, ਸੁਖ, ਆਰਾਮ ਤੇ ਜੀਵਨ ਦਾ ਜੀਉਂਦਾ ਜਾਗਦਾ ਸੰਦੇਸ਼ ਬਣਕੇ ਖੜਾ ਹੈ।

ਮਾਨਵ ਪ੍ਰਕਿਤੀ ਪਰਿਵਰਤਨ ਨੂੰ ਪਸੰਦ ਕਰਦੀ ਹੈ। ਆਦਮੀ ਇਕ ਹੀ ਚੀਜ਼ ਨੂੰ ਇਕ ਹੀ ਰੰਗ ਰੂਪ ਵਿੱਚ ਵੇਖਕੇ ਅੱਕ ਜਾਂਦਾ ਹੈ। ਕੁੱਝ ਦੇਰ ਬਾਅਦ ਉਹ ਪੌਦਿਆ ਤੇ ਪੱਥਰਾਂ ਤੋਂ ਜੰਗ, ਸ਼ਿਕਾਰ ਤੇ ਪੂਜਾ ਦੇ ਚਿੱਤਰ ਵੇਖ ਵੇਖ ਕੇ ਤੰਗ ਆ ਗਿਆ, ਅਤੇ ਆਪਣੇ ਮਨੋਰੰਜਨ ਲਈ ਕਿਸੇ ਹੋਰ ਚੀਜ਼ ਦੀ ਖੋਜ ਕਰਨ ਲੱਗਾ। ਉਧਰ ਇਸ ਸਮੇਂ ਦੇ ਦੌਰਾਨ ਉਸਦੀ ਵਾਕ ਸ਼ਕਤੀ ਦਾ ਵਿਕਾਸ ਹੋ ਗਿਆ ਅਤੇ ਉਸਨੇ ਸੂਰਬੀਰਾਂ, ਭਿਅੰਕਰ ਜੀਵ ਜੰਤੂਆਂ, ਅਤੇ ਪ੍ਰਕਿਤੀ ਦੀਆਂ ਅਮਰ ਦੇਵੀਆਂ ਦੇ ਗੀਤ ਬਣਾਉਣੇ ਸ਼ੁਰੂ ਕਰ ਦਿੱਤੇ। ਕਹਾਣੀ ਪਹਿਲਾਂ ਪੌਦਿਆਂ ਤੇ ਪੱਥਰਾਂ ਤੇ ਪਈ ਸੌਂਦੀ ਸੀ, ਹੁਣ ਉਹ ਗੀਤਾਂ ਦੇ ਪੰਘੂੜੇ ਝੂਟਣ ਲੱਗੀ, ਵਧਣ ਲੱਗੀ, ਹੱਥ-ਪੈਰ ਕੱਢਣ ਲੱਗੀ।

ਬਾਲਪਨ ਦੀ ਉਮਰ ਸਮਾਪਤ ਕਰਕੇ ਇਹ ਹੋਣਹਾਰ ਬੱਚਾ ਗੀਤਾਂ ਦੇ ਪੰਘੂੜੇ ਤੋਂ ਉਤਰਿਆ, ਅਤੇ ਆਪਣੇ ਪੈਰੀਂ ਤੁਰਨ ਲੱਗਾ। ਕਦੇ ਡਿਗਦਾ ਸੀ, ਕਦੇ ਠੋਕਰਾਂ ਖਾਂਦਾ ਸੀ, ਕਦੇ ਕੰਡਿਆਂ ਦੀਆਂ ਝਾੜੀਆਂ ਨਾਲ ਉਲਝਦਾ ਸੀ। ਪਰ ਇਹ ਬਹਾਦਰ ਮਨਚਲਾ ਇਨ੍ਹਾਂ ਰੁਕਾਵਟਾਂ ਦੀ ਜ਼ਰਾ ਪਰਵਾਹ ਨਹੀਂ ਕਰਦਾ ਸੀ, ਅਤੇ ਬਰਾਬਰ ਅੱਗੇ ਵੱਧਦਾ ਚਲਾ ਜਾਂਦਾ ਸੀ।

ਇਸ ਬਾਲ ਯਾਤਰਾ ਵਿੱਚ ਸਭ ਤੋਂ ਪਹਿਲਾਂ ਉਸਨੂੰ ਇਕ ਬਾਗ਼ ਵਿਖਾਈ ਦਿੱਤਾ। ਬੱਚਾ ਸੀ, ਲਲਚਾ ਗਿਆ ਅਤੇ ਕੁੱਝ ਦਿਨ ਇਥੇ ਹੀ ਟਿਕਿਆ ਰਿਹਾ। ਫਲ ਫੁੱਲ ਖਾਂਦਾ ਸੀ, ਝਰਨਿਆ ਦਾ ਪਾਣੀ ਪੀਂਦਾ ਸੀ, ਤੋਤਾ ਮੈਨਾ ਤੇ ਹਿਰਨਾਂ ਨਾਲ ਗੱਲ ਬਾਤ ਕਰਦਾ ਸੀ। ਅਤੇ ਨਦੀ ਕਿਨਾਰੇ ਬੈਠਾ ਚੰਨ ਦੀ ਬੰਸਰੀ ਵਜਾਂਦਾ ਸੀ। ਇਸ ਤੋਂ ਪਿਛੋਂ ਇਕ ਜਾਦੂ ਦੀ ਨਗਰੀ ਵਿੱਚ ਜਾ ਫਸਿਆ। ਉਥੋਂ ਛੁਟਿਆ, ਤਾਂ ਜੋਬਨ ਤੇ ਜਵਾਨੀ ਦੀਆਂ ਕੁੰਚਗਲੀਆਂ ਦਾ ਚਸਕਾ ਪੈ ਗਿਆ। ਕੁੱਝ ਜ਼ਮਾਨਾ ਇਨ੍ਹਾਂ ਆਹਾਂ ਤੇ ਗੁਨਾਹਾਂ ਵਿੱਚ ਕਟਿਆ, ਅਤੇ ਇਸ ਤੋਂ ਪਿਛੋਂ ਗਿਆਨ ਅੱਖਾਂ ਖੁਲ੍ਹ ਗਈਆਂ। ਖਿਆਲ ਆਇਆ—ਮੈਂ ਕਿੰਨਾ ਨੀਚ ਹਾਂ, ਜੌਬਨ ਦੀ ਲਾਲਸਾ ਵਿਚ

ਘਰ-ਬਾਰ ਸਭ ਕੁੱਝ ਵਿਸਾਰ ਬੈਠਾ ਹਾਂ, ਮੈਨੂੰ ਦੁਨੀਆਂ ਕੀ ਕਹੇਗੀ ? ਇਸ ਖ਼ਿਆਲ ਦਾ ਆਉਣਾ ਸੀ ਕਿ ਮਹਾਤਮਾ ਜੀ ਵਾਪਸ ਆਏ, ਅਤੇ ਹੌਲੀ ਜਿਹੀ ਘਰ ਦਾ ਦਰਵਾਜ਼ਾ ਖੋਲ ਕੇ ਗ੍ਰਹਿਸਥੀ ਜੀਵਨ ਵਿੱਚ ਪ੍ਰਵੇਸ਼ ਕਰ ਗਏ। ਅੱਜ ਉਸਦੇ ਹਿਰਦੇ ਸਾਗਰ ਵਿੱਚ ਹਰ ਵਕਤ ਵਿਸ਼ੇ ਵਾਸ਼ਨਾ ਦੀਆਂ ਪ੍ਰਾਣ ਘਾਤਕ ਲਹਿਰਾਂ ਨਹੀਂ ਉਠਦੀਆਂ, ਨਾ ਚਿੜੀਆਂ ਕਾਵਾਂ ਨੂੰ ਵੇਖਕੇ ਉਸਦੇ ਬਾਲ-ਕਾਲ ਦੀਆਂ ਬੇਚੈਨ ਭਾਵਨਾਵਾਂ ਸਿਰ ਉਠਾਂਦੀਆਂ ਹਨ। ਹੁਣ ਉਹ ਆਪਣਾ ਮੰਤਵ ਤੇ ਕਰਤੱਵ ਸਮਝਣ ਵਾਲਾ ਗ੍ਰਹਿਸਥੀ ਹੈ। ਉਸ ਦੀਆਂ ਮਨੋਬਿਰਤੀਆਂ ਘਰ ਲਈ ਵੀ ਹਨ। ਉਹ ਘਰ ਤੋਂ ਬਾਹਰ ਵੀ ਜਾਂਦਾ ਹੈ, ਹਸਦਾ ਖੇਡਦਾ ਵੀ ਹੈ, ਗਾਉਂਦਾ-ਵਜਾਂਦਾ ਵੀ ਹੈ, ਕਦੇ ਕਦੇ ਪੁਰਾਣੇ ਪਾਪੀ ਦੋਸਤਾਂ ਦੀ ਚੰਡਾਲ ਚੌਕੜੀ ਵਿੱਚ ਵੀ ਜਾ ਬੈਠਦਾ ਹੈ, ਪਰ ਉਸਦੇ ਮਨ ਦੀ ਤਾਰ ਘਰ ਵਿੱਚ ਹੀ ਵਜਦੀ ਹੈ।

ਸਿੱਧੇ ਸਾਦੇ ਸ਼ਬਦਾਂ ਵਿੱਚ ਅਸੀਂ ਇਉਂ ਕਹਾਂਗੇ ਕਿ ਕਹਾਣੀ ਦਾ ਪਹਿਲਾ ਯੁਗ ਉਹ ਸੀ, ਜਦ ਰਾਤ ਨੂੰ ਬੱਚੇ ਘਰ ਦੇ ਵਿਹੜੇ ਵਿੱਚ ਖੇਡਦੇ ਸਨ, ਜਾਂ ਬੁੱਢੇ ਧੂਣੀ ਜਲਾਉਂਦੇ ਸਨ, ਅਤੇ ਜੰਗਲੀ ਜੀਵ-ਜੰਤੂਆਂ ਦੀਆਂ ਕਹਾਣੀਆਂ ਕਹਿੰਦੇ ਸਨ। ਇਉਂ ਪ੍ਰਤੀਤ ਹੁੰਦਾ ਹੈ ਪੰਚ-ਤੰਤਰ ਅਤੇ ਈਸਪ ਦੀਆਂ ਕਹਾਣੀਆਂ ਉਸੇ ਆਦਿ-ਕਾਲ ਦੀਆਂ ਬੱਚੀਆਂ ਖੁਚੀਆਂ ਯਾਦਗਾਰਾਂ ਹਨ। ਇਨ੍ਹਾਂ ਵਿੱਚ ਰਸ ਹੋਵੇ ਨਾ ਹੋਵੇ, ਪਰ ਇਹ ਉਪਦੇਸ਼ਾਂ ਦੇ ਮੋਤੀਆਂ ਨਾਲ ਭਰੀਆਂ ਪਈਆਂ ਹਨ।

ਇਸ ਤੋਂ ਪਿਛੋਂ ਦੂਜਾ ਯੁੱਗ ਜਾਦੂ ਦਾ ਯੁੱਗ ਆਇਆ। ਲੋਕ ਅਦਭੁਤ ਤੇ ਚਮਤਕਾਰ ਦੀਆਂ ਕਹਾਣੀਆਂ ਮੰਗਣ ਲੱਗੇ, ਜਿਵੇਂ ਅਲਿਫ਼ ਲੈਲਾ, ਚਹਾਰ ਦਰਵੇਸ਼, ਤਲਿਸਮੇਂ ਹੋਸ਼ਰੁਬਾ ਦੀਆਂ ਕਹਾਣੀਆਂ ਹਨ। ਇਨ੍ਹਾਂ ਵਿਚ ਮਨੋਰਜਨ ਤੇ ਮਧੁਰਤਾ ਹੈ, ਪਰ ਦੁਨੀਆਂ ਤੇ ਦੁਨੀਆਂ ਦੀਆਂ ਵੇਖੀਆਂ ਭਾਲੀਆਂ ਚੀਜ਼ਾਂ ਤੋਂ ਇਹ ਕੋਹਾ ਦੂਰ ਹਨ। ਇਹ ਕਹਾਣੀਆਂ ਸਾਡੇ ਲੋਕ ਦੀਆਂ ਨਹੀਂ, ਕਿਸੇ ਹੋਰ ਦੀਆਂ ਹਨ, ਜਿਸਨੂੰ ਨਾ ਅਸੀਂ ਵੇਖਿਆ ਹੈ, ਨਾ ਕਦੇ ਵੇਖਣ ਦੀ ਸੰਭਾਵਨਾ ਹੈ। ਉਥੇ ਕਦੇ ਕਬੂਤਰ ਵੇਖਦੇ-ਵੇਖਦੇ ਜਵਾਨ ਰਾਜਕੁਮਾਰ ਬਣ ਜਾਂਦੇ ਹਨ, ਕਦੇ ਛਿਣ ਭਰ ਵਿੱਚ ਵਿਸ਼ਾਲ ਭਵਨ ਖੜੇ ਹੋ ਜਾਂਦੇ ਹਨ। ਕਦੇ ਕੱਟੇ ਹੋਏ ਸਿਰ ਹੱਸਦੇ ਹਨ, ਕਦੇ ਮਰੀਆਂ ਹੋਈਆਂ ਲਾਸ਼ਾਂ ਘੋੜਿਆਂ 'ਤੇ ਚੜ੍ਹਕੇ ਜੰਗ ਕਰਦੀਆਂ ਹਨ। ਇਹ ਕਹਾਣੀਆਂ ਪਾਠਕ ਨੂੰ ਚਕਿਤ ਕਰ ਦਿੰਦੀਆਂ ਹਨ, ਪਾਠਕ ਡਰ ਜਾਂਦਾ ਹੈ, ਉਹ ਆਪਣਾ ਆਪ ਭੁੱਲ ਜਾਂਦਾ ਹੈ, ਉਹ ਖਾਣ ਪੀਣ ਦੀ ਸੁੱਧ ਗੁਆ ਦੇਂਦਾ ਹੈ। ਪਰ ਕਹਾਣੀ ਦੇ ਅੰਤ ਤੇ ਉਹ ਖ਼ੁਦ ਅਨੁਭਵ

ਕਰਦਾ ਹੈ ਕਿ ਉਸਨੇ ਕੁੱਝ ਪੜ੍ਹਿਆ ਨਹੀਂ, ਸਮਾਂ ਗੁਆਇਆ ਹੈ। ਉਸਨੇ ਅਣਹੋਣੀਆਂ ਗੱਲਾਂ ਪੜ੍ਹੀਆਂ ਹਨ।

ਫਿਰ ਤੀਜਾ ਯੁਗ ਆਰੰਭ ਹੋਇਆ, ਅਤੇ ਪ੍ਰੇਮ ਤੇ ਰੂਪ ਦੀਆਂ ਕਹਾਣੀਆਂ ਸ਼ੁਰੂ ਹੋਈਆਂ। ਉਨ੍ਹਾਂ ਵਿੱਚ ਚੰਨ ਦੀ ਨਾਚ ਕਰਦੀ ਚਾਨਣੀ, ਫੁੱਲਾਂ ਦੀ ਮਦ ਭਰੀ ਖ਼ੁਸ਼ਬੋ, ਅਤੇ ਸ਼ਿਆਮਾ ਦਾ ਰੋਮਾਂਚਕ ਸੰਗੀਤ ਹੈ। ਉਨ੍ਹਾਂ ਵਿਚ ਕਾਵਿ ਹੈ, ਉਨ੍ਹਾਂ ਵਿਚ ਕਲਾ ਹੈ, ਉਨ੍ਹਾ ਵਿਚ ਕਲਪਨਾ ਹੈ, ਅਤੇ ਸਭ ਤੋਂ ਵਧ ਕੇ ਇਹ ਕਿ ਉਨ੍ਹਾਂ ਵਿਚ ਮਾਨਵ ਹਿਰਦੇ ਅਤੇ ਮਾਨਵ ਭਾਵ ਦੀ ਵਿਆਖਿਆ ਹੈ। ਪਰ ਉਨ੍ਹਾਂ ਵਿੱਚ ਇਕ ਬੁਰਾਈ ਹੈ— ਦੁਨੀਆਂ ਉਨ੍ਹਾਂ ਤੋਂ ਉਪਰ ਨਹੀਂ ਉਠਦੀ, ਥੱਲੇ ਡਿਗਦੀ ਹੈ।

ਇਥੇ ਯੂਰਪ ਅਤੇ ਭਾਰਤ ਵਿੱਚ ਮਤ-ਭੇਦ ਹੈ। ਯੂਰਪ ਕਹਿੰਦਾ ਹੈ, ਇਕ ਘਟਨਾ ਸੁੰਦਰਤਾ ਨਾਲ ਬਿਆਨ ਕਰ ਦਿਓ ਪਾਠਕ ਉੱਚਾ ਉਠਦਾ ਹੈ, ਜਾਂ ਉਸਦਾ ਆਚਾਰ ਭ੍ਰਸ਼ਟ ਹੁੰਦਾ ਹੈ, ਇਸ ਨਾਲ ਸਾਨੂੰ ਕੋਈ ਵਾਸਤਾ ਨਹੀਂ। ਭਾਰਤ ਕਹਿੰਦਾ ਹੈ, ਉਹ ਰਚਨਾ ਰਚਨਾ ਹੀ ਨਹੀਂ, ਜੋ ਸੰਸਾਰ ਨੂੰ ਉੱਚਾ ਨਾ ਉਠਾਵੇ, ਅਤੇ ਉਹ ਕਲਾ ਕਲਾ ਹੀ ਨਹੀਂ ਜਿਸ ਨਾਲ ਮਾਨਵਤਾ ਦੀ ਉੱਨਤੀ ਨਾ ਹੋਵੇ। ਪਰ ਇਸ ਗੱਲ ਤੇ ਸਾਰੇ ਸਹਿਮਤ ਹਨ ਕਿ ਕਹਾਣੀ ਵਿੱਚ ਖੁਲ੍ਹਾ ਉਪਦੇਸ਼ ਨਾ ਹੋਵੇ। ਕਹਾਣੀ ਵਿੱਚ ਉਪਦੇਸ਼ ਨਾ ਦਿੱਤਾ ਜਾਵੇ। ਪ੍ਰਗਟ ਰੂਪ ਵਿੱਚ ਉਪਦੇਸ਼ ਆਇਆ ਅਤੇ ਕਹਾਣੀ ਕਲਾ ਤੋਂ ਸੱਖਣੀ ਹੋ ਗਈ। ਅਜਿਹੀ ਕਹਾਣੀ ਉਪਦੇਸ਼ ਹੈ, ਵਿਖਿਆਨ ਹੈ, ਪਰ ਕਹਾਣੀ ਨਹੀਂ। ਠੀਕ ਰਸਤਾ ਇਹ ਹੈ ਕਿ ਕਹਾਣੀ ਤੋਂ ਉਪਦੇਸ਼ ਮਿਲ ਜਾਵੇ। ਕਹਾਣੀ ਵਿੱਚ ਉਦੇਸ਼ ਸਮਾਇਆ ਹੋਇਆ ਹੋਵੇ, ਕਹਾਣੀ ਤੇ ਉਪਦੇਸ਼ ਛਾਇਆ ਹੋਇਆ ਨਾ ਹੋਵੇ।

ਹੁਣ ਕਹਾਣੀ ਦਾ ਜੋ ਨਵੀਨ ਯੁਗ ਸ਼ੁਰੂ ਹੋਇਆ ਹੈ, ਉਹ ਘਰ ਦੇ ਅਤੇ ਜੀਵਨ ਦੇ ਸਾਧਾਰਨ ਵਰਣਨ ਦੀਆਂ ਕਹਾਣੀਆਂ ਦਾ ਯੁਗ ਹੈ। ਵਰਤਮਾਨ ਸਮੇਂ ਦਾ ਸਰਬ ਸ੍ਰੇਸ਼ਟ ਗਲਪ ਲੇਖਕ ਉਹ ਹੈ, ਜੋ ਜੀਵਨ ਦਾ ਤੇ ਘਰ ਦੇ ਅੰਦਰ ਦਾ ਚਿੱਤਰ ਖਿਚ ਕੇ ਰੱਖ ਦੇਵੇ। ਮਾਂ ਪੁੱਤਰ ਬੈਠਦੇ ਹਨ ਤਾਂ ਕੀ ਗੱਲਾਂ ਕਰਦੇ ਹਨ ? ਪਤੀ ਪਤਨੀ ਵਿੱਚ ਰੁਸੇਵਾ ਹੋ ਜਾਂਦਾ ਹੈ ਤਾਂ ਉਨ੍ਹਾਂ ਦੇ ਦਿਲ ਵਿੱਚ ਕੀ ਵਿਚਾਰ ਆਉਂਦੇ ਹਨ ? ਉਹ ਕਿਸ ਤਰ੍ਹਾਂ ਸੁਲਾਹ ਸਫਾਈ ਕਰਨਾ ਚਾਹੁੰਦੇ ਹਨ, ਪਰ ਸ਼ਰਮ ਉਨ੍ਹਾਂ ਦੀ ਜੀਭ ਫੜ ਲੈਂਦੀ ਹੈ। ਬਿਰਧ ਅਵਸਥਾ ਵਿੱਚ ਬੀਤੇ ਹੋਏ ਜੀਵਨ ਕਾਲ ਦੀ ਸਿਮਰਤੀ ਕਿਸ ਤਰ੍ਹਾਂ ਆਦਮੀ ਦੇ ਦਿਲ ਨੂੰ ਉਦਾਸ ਕਰ ਦਿੰਦੀ ਹੈ, ਉਸ ਦੀਆਂ

ਅੱਖਾਂ ਕਿਸ ਤਰ੍ਹਾਂ ਸਜਲ ਹੋ ਜਾਂਦੀਆਂ ਹਨ। ਮਾਤਾ ਪਿਤਾ ਦੀ ਪੁੱਤਰ ਤੇ ਧੀ ਦੀ ਭੈਣ ਤੇ ਭਾਈ ਦੀ ਮਹੱਬਤ ਵਿੱਚ ਕਿੰਨਾ ਫਰਕ ਹੁੰਦਾ ਹੈ ? ਨੌਜਵਾਨ ਇਸਤਰੀ ਤੋਂ ਬੁੱਢੀ ਇਸਤਰੀ ਦੇ ਵਿਚਾਰਾਂ ਵਿਚ ਕੀ ਫ਼ਰਕ ਹੁੰਦਾ ਹੈ ? ਘਰ ਤੋਂ ਬਾਹਰ ਕੀ ਹੈ ? ਮਿੱਤਰ ਹਨ, ਦਸ਼ਮਣ ਹਨ, ਰਾਹ ਜਾਂਦੇ ਲੋਕ ਹਨ, ਵਪਾਰੀ ਹਨ। ਉਨ੍ਹਾਂ ਵਿੱਚ ਕਿਹੋ ਜਿਹੇ ਭਾਵ ਹਨ? ਉਹ ਤਰ੍ਹਾਂ ਇਕ ਦੂਜੇ ਵੱਲ ਖਿਚੇ ਜਾਂਦੇ ਹਨ ? ਕਿਸ ਤਰ੍ਹਾਂ ਇਥ ਦੂਸਰੇ ਤੋਂ ਪਰੇ ਹਟਦੇ ਹਨ ? ਕਿਵੇਂ ਲੜਾਈ ਹੁੰਦੀ ਹੈ ? ਕਿਵੇਂ ਮੇਲ ਹੁੰਦਾ ਹੈ ? ਜਨਤਾ ਵਿਚ ਆਦਮੀ ਕਿਵੇਂ ਉਠਦਾ ਹੈ ? ਕਿਵੇਂ ਡਿਗਦਾ ਹੈ ? ਬਾਹਰ ਦੇ ਜੀਵਨ ਕੀ ਕੀ ਧੋਖੇ ਹਨ? ਕੀ ਕੀ ਸਿਖਿਆ ਦੇ ਸੰਕੇਤ ਹਨ ? ਆਦਿ ਆਦਿ। ਇਹ ਸਭ ਐਸੀਆਂ ਗੱਲਾਂ ਹਨ ਜੋ ਵਰਤਮਾਨ ਯੁਗ ਦੇ ਗਲਪ ਲੇਖਕ ਲਈ ਜਾਣਨ ਦੇ ਵਿਸ਼ੇ ਹਨ।

ਬਾਜ਼ਾਰ ਦੀ ਸੈਰ ਨਾਲ ਦਿਲ ਦਾ ਕੰਵਲ ਖਿੜ ਜਾਂਦਾ ਹੈ, ਪਰ ਜੋ ਅਧਿਆਤਮਕ ਅਨੰਦ ਘਰ ਦੇ ਵਿਹੜੇ ਵਿੱਚ ਹੈ, ਉਹ ਬਾਹਰ ਕਿਥੇ ਹੈ ? ਜੰਗਲ ਦਾ ਆਜ਼ਾਦ ਪੰਛੀ ਫੁੱਲਾਂ ਦੀਆਂ ਟਹਿਣੀਆਂ ਤੇ ਬੈਠਕੇ ਕਿਵੇਂ ਚਹਿ-ਚਹਾਂਦਾ ਹੈ? ਉਸਨੂੰ ਨੀਲੇ ਖੁਲ੍ਹੇ ਆਕਾਸ਼ ਵਿੱਚ ਉਡਦਾ ਵੇਖ ਕੇ ਸਾਡੇ ਦਿਲ ਵਿੱਚ ਭਾਵਾਂ ਦਾ ਹੜ੍ਹ ਆ ਜਾਂਦਾ ਹੈ। ਪਰ ਉਸਦੇ ਮਨ ਦੀ ਸੱਚੀ ਤੇ ਸੁਭਾਵਕ ਪ੍ਰਸੰਨਤਾ ਵੇਖਣੀ ਹੋਵੇ ਤਾਂ ਉਸ ਵੇਲੇ ਵੇਖੋ, ਜਦੋਂ ਉਹ ਆਪਣੇ ਪਰਾਂ ਨੂੰ ਸਮੇਟ ਕੇ ਅਤੇ ਜਾਦੂ ਭਰੀਆਂ ਅੱਖਾਂ ਨੂੰ ਅਧੀਆਂ ਮੀਟ ਕੇ ਤੇ ਅਧੀਆਂ ਖੋਲ੍ਹ ਕੇ ਆਪਣੇ ਆਲ੍ਹਣੇ ਵਿੱਚ ਬੈਠਾ ਹੋਵੇ, ਅਤੇ ਉਸ ਨੂੰ ਇਸ ਗੱਲ ਦੀ ਕੋਈ ਚਿੰਤਾ ਨਾ ਹੋਵੇ ਕਿ ਬਾਹਰ ਕੀ ਹੋ ਰਿਹਾ ਹੈ ? ਪਰ ਇਸ ਲਈ ਦਿਲ ਦੀ ਅੱਖ ਤੇ ਅੱਖ ਦੇ ਦਿਲ ਦੀ ਲੋੜ ਹੁੰਦੀ ਹੈ। ਇਹ ਆਮ-ਸਾਧਾਰਨ ਦੀ ਨਜ਼ਰ ਹੈ, ਜਿਸ ਵਿੱਚ ਬਹੁਤੇ ਲੋਕਾਂ ਲਈ ਕੋਈ ਖਿਚ ਕੋਈ ਗੌਰਵਤਾ ਨਹੀਂ। ਜਿਵੇਂ ਰਾਗ ਵਿਦਿਆ ਤੋਂ ਅਣਭਿਜ ਆਦਮੀ ਨੂੰ ਪੱਕੇ ਰਾਗ ਦਾ ਮਜ਼ਾ ਨਹੀਂ ਆਉਂਦਾ।

ਇਸ ਲਈ ਵਰਤਮਾਨ ਯੁੱਗ ਦਾ ਕਹਾਣੀ ਲੇਖਕ, ਕੇਵਲ ਬਾਹਰ ਦਾ ਕਹਾਣੀ ਲੇਖਕ ਨਹੀਂ ਹੈ, ਉਹ ਘਰ ਦਾ, ਦਿਲ ਦਾ, ਅੰਦਰ ਦਾ ਕਹਾਣੀ ਲੇਖਕ ਵੀ ਹੈ। ਸਗੋਂ ਉਹ ਬਾਹਰ ਦਾ ਲੇਖਕ ਘਟ ਹੈ, ਅੰਦਰ ਦਾ ਲੇਖਕ ਜ਼ਿਆਦਾ ਹੈ। ਦੁਨੀਆਂ ਨੂੰ ਦੇਖਣ ਵਾਲੇ ਬਹੁਤ ਹੋ ਚੁਕੇ ਹਨ, ਹੁਣ ਦਿਲ ਤੇ ਘਰ ਨੂੰ ਵੇਖਣ ਵਾਲਿਆਂ ਦੀ ਲੋੜ ਹੈ। ਬਾਹਰ ਕੀ ਹੋ ਰਿਹਾ ਹੈ ? ਕਿਵੇਂ ਹੋ ਰਿਹਾ ਹੈ ? ਇਹ ਹਰ ਕੋਈ ਵੇਖਦਾ ਹੈ। ਪਰ ਘਰ ਤੇ ਦਿਲ ਦੇ ਅੰਦਰ ਕੀ ਹੋ ਰਿਹਾ ਹੈ ? ਉਥੇ ਦਾਖ਼ਲ ਹੋਣਾ, ਉਨ੍ਹਾਂ ਨੂੰ ਵੇਖਣਾ ਅਤੇ ਫਿਰ ਜੋ ਕੁੱਝ ਉਥੇ ਦਿਖਾਈ ਦੇਵੇ, ਉਸਨੂੰ

ਦੁਨੀਆਂ ਦੇ ਸਾਮ੍ਹਣੇ ਰੱਖਣਾ ਕੋਈ ਆਸਾਨ ਗੱਲ ਨਹੀਂ। ਅਤੇ ਇਹੀ ਸਮੱਸਿਆ ਹੈ, ਜਿਸਨੂੰ ਹਲ ਕਰਨ ਲਈ ਵੀ ਵੀਹਵੀਂ ਸਦੀ ਦਾ ਕਹਾਣੀ ਲੇਖਕ ਸਾਹਿਤ-ਖੇਤਰ ਵਿੱਚ ਉਤਰਿਆ ਹੈ।

ਇਹ ਕਹਾਣੀ ਦੇ ਵਿਕਾਸ ਤੇ ਵਿਸਥਾਰ ਦਾ ਸੰਖੇਪ ਇਤਿਹਾਸ ਹੈ। ਪਰ ਗਲਪ-ਰਚਨਾ ਦੀ ਵਿਦਿਆ ਕਦ ਸ਼ੁਰੂ ਹੋਈ? ਅਤੇ ਇਸ ਨੂੰ ਕਿਸ ਨੇ ਸ਼ੁਰੂ ਕੀਤਾ? ਇਹ ਕਹਿਣਾ ਮੁਸ਼ਕਲ ਹੈ। ਭਿੰਨ-ਭਿੰਨ ਕਹਾਣੀਆਂ ਪੜ੍ਹਨ ਅਤੇ ਕਈ ਸਾਲ ਦੀ ਸੋਚ ਵਿਚਾਰ ਤੋਂ ਬਾਅਦ ਸਾਹਿਤ ਇਸ ਨਤੀਜੇ ਤੇ ਪਹੁੰਚਿਆ ਹੈ ਕਿ ਜ਼ਮੀਨ ਦੇ ਘਾਹ ਵਾਂਗ ਗਲਪ-ਰਚਨ ਦੀ ਵਿਦਿਆ ਵੀ ਹਰ ਦੇਸ਼ ਵਿੱਚ ਆਪਣੇ ਆਪ ਹੋਈ ਹੈ। ਪਰ ਆਗੂ ਹੋਣ ਦਾ ਸਿਹਰਾ ਭਾਰਤ ਵਰਸ਼ ਦੇ ਸਿਰ ਹੈ, ਕਿਉਂਕਿ ਸਭਿਅਤਾ ਨੇ ਪਹਿਲਾਂ ਇਸ ਪੁੰਨਭੂਮੀ ਵਿੱਚ ਅੱਖ ਖੋਲ੍ਹੀ। ਅੰਧਕਾਰ ਤੇ ਅਵਿਦਿਆ ਦੇ ਉਸ ਜ਼ਮਾਨੇ ਵਿੱਚ ਜਦੋਂ ਸਾਰਾ ਸੰਸਾਰ ਅਸਿਖਿਅਤ ਸੀ, ਪ੍ਰਾਚੀਨ ਆਰੀਆਂ ਦੀ ਇਸ ਪ੍ਰਾਚੀਨ ਭੂਮੀ ਵਿੱਚ ਗਿਆਨ ਦੀ ਗੰਗਾ ਵਹਿੰਦੀ ਸੀ। ਅਤੇ ਜਦੋਂ ਸਾਰੀ ਦੁਨੀਆਂ ਸਭਿਅਤਾ ਤੋਂ ਖਾਲੀ ਸੀ ਉਸ ਸਮੇਂ ਭਾਰਤ ਉਥਾਨ ਤੇ ਉੱਨਤੀ ਦੀ ਔਖੀ ਯਾਤਰਾ ਸਮਾਪਤ ਕਰ ਚੁਕਿਆ ਸੀ। ਇਥੋਂ ਤਕ ਕਿ ਕਹਾਣੀਆਂ ਦੇ ਮਾਮਲੇ ਵਿੱਚ ਵੀ ਅਸੀਂ ਉਥੇ ਹੀ ਪਹੁੰਚ ਚੁਕੇ ਸਾਂ, ਜੋ ਅੱਜ ਰੂਸ ਤੇ ਫਰਾਂਸ ਦਾ ਆਦਰਸ਼ ਹੈ। ਪਰ ਕਿਸ ਤਰ੍ਹਾਂ ?

ਸਾਹਿਤ-ਕਲਾ ਦੀ ਦ੍ਰਿਸ਼ਟੀ ਤੋਂ ਇਸ ਵੇਲੇ ਸੰਸਾਰ ਵਿੱਚ ਫਰਾਂਸ ਤੇ ਰੂਸ ਸਭ ਤੋਂ ਅਗੇ ਹਨ। ਅਤੇ ਜਿਥੋਂ ਤਕ ਨਾਵਲ, ਕਹਾਣੀ ਤੇ ਨਾਟਕ ਦਾ ਸਬੰਧ ਹੈ, ਰੂਸ ਫਰਾਂਸ ਤੋਂ ਵੀ ਅਗੇ ਨਿਕਲ ਗਿਆ ਹੈ। ਉਥੇ ਅੱਜ ਕੱਲ ਛੋਟੀਆਂ ਕਹਾਣੀਆਂ ਦੀ ਨਵੀਂ ਪ੍ਰਥਾ ਚਲੀ ਹੈ। ਉਨ੍ਹਾਂ ਵਿੱਚ ਇਕ ਇਸ਼ਾਰਾ, ਇਕ ਸਿੱਖਿਆ, ਇਕ ਕਸਕ, ਇਕ ਟੀਸ ਹੁੰਦੀ ਹੈ। ਆਦਮੀ ਪੜ੍ਹਦਾ ਹੈ ਅਤੇ ਉਛਲ ਪੈਂਦਾ ਹੈ। ਸ਼ਬਦ ਥੋੜੇ ਹੁੰਦੇ ਹਨ, ਪਰ ਲੇਖਕ ਆਪਣੇ ਮਨ ਦੀ ਗੱਲ ਕੁੱਝ ਇਸ ਤਰ੍ਹਾਂ ਕਹਿ ਜਾਂਦਾ ਹੈ ਕਿ ਪੜ੍ਹਨ ਵਾਲੇ ਦੇ ਦਿਲ ਵਿੱਚ ਇਕ ਚਿਣਗ ਰੋਸ਼ਨ ਹੋ ਜਾਂਦੀ ਹੈ। ਉਦਾਹਰਣ ਦੇ ਤੌਰ ਤੇ ਇਹ ਕਹਾਣੀ ਵੇਖੋ ਜੋ, ਰੂਸ ਦੇ ਇਕ ਪ੍ਰਸਿੱਧ ਕਹਾਣੀ ਲੇਖਕ ਨੇ ਲਿਖੀ ਹੈ :

## ਦੇਵਤਿਆਂ ਦਾ ਫ਼ੈਸਲਾ

(1)

ਸਵੇਰ ਵੇਲੇ ਮਹਾਰਾਜ ਉਠਿਆ ਅਤੇ ਉਸਨੇ ਆਗਿਆ ਕੀਤੀ ਕਿ ਸ਼ਾਹੀ ਦਰਵਾਜ਼ੇ ਦੇ ਭਿਖਾਰੀਆਂ ਨੂੰ ਸਨਮਾਨ ਨਾਲ ਸਾਡੇ ਸਾਮ੍ਹਣੇ ਪੇਸ਼ ਕੀਤਾ ਜਾਵੇ।

ਉਸ ਰਾਤ ਉਸਨੇ ਇਕ ਸੁੰਦਰ ਸੁਪਨਾ ਵੇਖਿਆ ਸੀ, ਅਤੇ ਉਸਦੀ ਯਾਦ ਅਜੇ ਤਕ ਉਸ ਦੀਆਂ ਅੱਖਾਂ ਵਿੱਚ ਚਮਕ ਰਹੀ ਸੀ। ਇਸ ਲਈ ਉਸਨੇ ਉਨ੍ਹਾਂ ਭਿਖਾਰੀਆਂ ਨੂੰ ਬੜੀਆਂ ਦਿਆਲ ਅੱਖਾਂ ਨਾਲ ਵੇਖਿਆ, ਅਤੇ ਉਨ੍ਹਾਂ ਵਿਚੋਂ ਹਰੇਕ ਨੂੰ ਸੋਨੇ ਦੀ ਇਕ ਇਕ ਮੁਹਰ ਦਾਨ ਦਿੱਤੀ। ਸਾਰੇ ਸ਼ਹਿਰ ਵਿੱਚ ਜੈ ਜੈ ਕਾਰ ਹੋਣ ਲੱਗੀ।

(2)

ਉਸੇ ਸ਼ਹਿਰ ਵਿੱਚ ਇਕ ਗਰੀਬ ਕਿਸਾਨ ਰਹਿੰਦਾ ਸੀ, ਜਿਸਨੂੰ ਦਿਨ-ਰਾਤ ਦੀ ਮਿਹਨਤ ਦੇ ਮਗਰੋਂ ਕੇਵਲ ਖਾਣ-ਪੀਣ ਲਈ ਹੀ ਪ੍ਰਾਪਤ ਹੁੰਦਾ ਸੀ।

ਦੁਪਹਿਰ ਵੇਲੇ ਕਿਸਾਨ ਨੇ ਆਪਣੀ ਪਤਨੀ ਨੂੰ ਕਿਹਾ-"ਮੇਰਾ ਭਰਾ ਮਰ ਗਿਆ ਹੈ। ਹੁਣ ਉਸਦੇ ਯਤੀਮ ਬੱਚੇ ਨੂੰ ਵੀ ਅਸੀਂ ਪਾਲਣਾ ਹੋਵੇਗਾ।"

"ਮਗਰ” ਕਿਸਾਨ ਦੀ ਪਤਨੀ ਨੇ ਕਿਹਾ ਅਸੀਂ ਗਰੀਬ ਹਾਂ। ਸਾਨੂੰ ਤਾਂ ਆਪ ਦੋ ਵੇਲੇ ਮੁਸ਼ਕਲ ਨਾਲ ਰੋਟੀ ਜੁੜਦੀ ਹੈ।"

ਕਿਸਾਨ ਨੇ ਉੱਤਰ ਦਿੱਤਾ 'ਕੋਈ ਫਿਕਰ ਨਹੀਂ। ਅਸੀਂ ਦੋ ਜਣਿਆਂ ਦਾ ਖਾਣਾ ਥੋੜਾ ਥੋੜਾ ਕਰਕੇ ਤਿੰਨੇ ਖਾ ਲਵਾਂਗੇ।"

(3)

ਰਾਤ ਨੂੰ ਜਦੋਂ ਆਕਾਸ਼ ਵਿੱਚ ਦੇਵਤਿਆਂ ਦੀ ਸਭਾ ਬੈਠੀ ਅਤੇ ਦਿਨ ਦਾ ਹਿਸਾਬ ਕਿਤਾਬ ਪੇਸ਼ ਹੋਇਆ, ਤਾਂ ਉਨ੍ਹਾਂ ਨੇ ਨਿਰਣਾ ਕੀਤਾ ਕਿ "ਕਿਸਾਨ ਦੇ ਦਾਨ ਦੇ ਸਾਮ੍ਹਣੇ ਮਹਾਰਾਜ ਦੇ ਦਾਨ ਦੀ ਕੁੱਝ ਵੀ ਮਹੱਤਾ ਨਹੀਂ।”

ਇਸ ਕਹਾਣੀ ਨੂੰ ਯੂਰਪ ਨੇ ਬੇਹੱਦ ਪਸੰਦ ਕੀਤਾ ਹੈ, ਉੱਚ ਕੋਟੀ ਦੇ ਰਸਾਲਿਆਂ ਨੇ ਲਿਖਿਆ ਹੈ, ਇਹ ਕਲਾ ਦੀ ਸਿਖਰ ਹੈ। ਹੁਣ ਇਸ ਤੋਂ ਅਗੇ ਕੋਈ ਕੀ ਜਾਏਗਾ ਅਤੇ ਅਸਲ ਵਿੱਚ ਇਹ ਕਹਾਣੀ ਹਰ ਤਰ੍ਹਾਂ ਨਾਲ ਪੂਰਨ ਅਤੇ ਸਾਰੇ ਗੁਣਾਂ ਨਾਲ ਭਰਪੂਰ ਹੈ। ਇਸ ਨੂੰ ਪੜ੍ਹ ਕੇ ਕਲਾ ਵੀ ਸਿਰ ਮਾਰਨ ਲੱਗ ਜਾਂਦੀ ਹੈ, ਪਰ ਇਹ ਚੀਜ ਦੁਨੀਆਂ ਵਿੱਚ ਪਹਿਲੀ ਵਾਰ ਪ੍ਰਗਟ ਹੋਈ ਹੈ—ਇਹ ਗਲਤ ਹੈ। ਮਹਾਂ ਭਾਰਤ ਵਿੱਚ ਇਕ ਕਹਾਣੀ ਆਉਂਦੀ ਹੈ :

## ਸੋਨੇ ਦਾ ਨਿਉਲਾ

(1)

ਅਸ਼ਵਮੇਧ ਯੱਗ ਦੀ ਸਮਾਪਤੀ ਤੇ ਜਦ ਮਹਾਰਾਜ ਯੁਧਿਸ਼ਟਰ ਨੇ ਆਪਣੇ ਖਜਾਨੇ ਖਾਲੀ ਕਰ ਦਿੱਤੇ, ਅਤੇ ਬ੍ਰਾਹਮਣਾਂ ਨੂੰ ਵਿਦਾ ਦਾ ਭੋਜਨ ਕਰਾਇਆ ਤਾਂ ਇਕ ਨਿਉਲਾ ਆ ਕੇ ਰਸੋਈ ਵਿੱਚ ਲੇਟ ਗਿਆ। ਉਸਦਾ ਅੱਧਾ ਸਰੀਰ ਸੋਨੇ ਦਾ ਅੱਧਾ ਮਾਸ ਦਾ ਸੀ।

ਥੋੜੀ ਦੇਰ ਬਾਅਦ ਉਹ ਨਿਰਾਸ ਹੋ ਕੇ ਉਠਿਆ ਅਤੇ ਗੁੱਸ ਨਾਲ ਬੋਲਿਆ-ਇਹ ਯੱਗ ਵੀ ਠੀਕ ਨਾ ਹੋਇਆ।"

ਬ੍ਰਾਹਮਣਾਂ ਨੂੰ ਅਸਚਰਜਤਾ ਹੋਈ। ਉਨ੍ਹਾਂ ਨੇ ਪੁਛਿਆ-"ਗੱਲ ਕੀ ਹੈ ?

ਨਿਉਲਾ ਬੋਲਿਆ-"ਕਈ ਸਾਲ ਬੀਤੇ, ਭਾਰਤ ਦੇ ਇਕ ਪ੍ਰਾਂਤ ਵਿੱਚ ਕਾਲ ਪਿਆ। ਸੀ। ਲੋਕ ਭੁੱਖੇ ਮਰਨ ਲੱਗੇ। ਚਾਰੇ ਪਾਸੇ ਸ਼ੋਰ ਮਚ ਗਿਆ।"

ਇਕ ਬ੍ਰਾਹਮਣ ਨੂੰ ਬੜੀ ਮਿਹਨਤ ਨਾਲ ਕੁੱਝ ਜੌਂ ਮਿਲੇ, ਅਤੇ ਉਸਨੇ ਪੀਹ ਕੇ ਸੱਤੂ ਬਣਾਏ। ਬ੍ਰਾਹਮਣ, ਉਸ ਦੀ ਪਤਨੀ, ਉਸਦਾ ਪੁੱਤਰ, ਅਤੇ ਪੁੱਤਰ ਦੀ ਵਹੁਟੀ ਸਾਰੇ ਖ਼ੁਸ਼ ਸਨ, ਕਿਉਂਕਿ ਉਨ੍ਹਾਂ ਨੂੰ ਇਹ ਅੰਨ ਕਈ ਦਿਨ ਭੁੱਖੇ ਰਹਿਣ ਤੋਂ ਬਾਅਦ ਮਿਲਿਆ ਸੀ। ਉਹ ਖਾਣਾ ਖਾਣ ਬੈਠੇ ਸਨ ਕਿ ਇੰਨੇ ਵਿੱਚ ਇਕ ਪ੍ਰਾਹੁਣੇ ਨੇ ਦਰਵਾਜ਼ੇ ਤੇ ਆ ਕੇ ਆਵਾਜ਼ ਦਿੱਤੀ ਤੇ ਕਿਹਾ— 'ਮੈਂ ਭੁਖਾ ਹਾਂ।"

ਬ੍ਰਾਹਮਣੀ ਨੇ ਉਸਨੂੰ ਆਪਣਾ ਹਿੱਸਾ ਦੇ ਦਿੱਤਾ। ਪਰ ਪ੍ਰਾਹੁਣੇ ਦਾ ਪੇਟ ਨਾ ਭਰਿਆ॥

ਇਸ ਤੋਂ ਪਿਛੋਂ ਬ੍ਰਾਹਮਣ ਨੇ ਉਸ ਨੂੰ ਆਪਣੇ ਹਿੱਸੇ ਦੇ ਸੱਤੂ ਦੇ ਦਿੱਤੇ, ਪਰ ਪ੍ਰਾਹੁਣਾ ਅਜੇ ਵੀ ਭੁੱਖਾ ਸੀ।

ਇਸ ਤੇ ਬ੍ਰਾਹਮਣ ਦੇ ਪੁੱਤਰ ਅਤੇ ਨੂੰਹ ਨੇ ਵੀ ਆਪਣੇ ਆਪਣੇ ਹਿੱਸੇ ਦੇ ਸੱਤੂ ਦੇ ਦਿੱਤੇ ਅਤੇ ਪ੍ਰਾਹੁਣਾ ਅਸ਼ੀਰਵਾਦ ਦਿੰਦਾ ਹੋਇਆ ਚਲਿਆ ਗਿਆ।

ਦੂਜੇ ਦਿਨ ਉਥੇ ਚਾਰ ਲਾਸ਼ਾਂ ਪਈਆਂ ਹੋਈਆਂ ਸਨ।

(3)

ਨਿਉਲੇ ਨੇ ਜ਼ਰਾ ਰੁਕ ਕੇ ਕਿਹਾ—

"ਸੱਤੂਆਂ ਦੀ ਮਹਿਕ ਸੁੰਘ ਕੇ ਮੈਂ ਉਥੇ ਚਲਾ ਗਿਆ। ਕੁੱਝ ਸੱਤੂ ਰਸੋਈ ਵਿੱਚ ਖਿੰਡੇ ਪਏ ਸਨ। ਮੈਂ ਉਥੇ ਲੇਟ ਗਿਆ, ਅਤੇ ਇਹ ਵੇਖਕੇ ਮੈਨੂੰ ਕਿੰਨੀ ਹੈਰਾਨੀ ਹੋਈ ਕਿ ਮੇਰੀ ਦੇਹ ਨੂੰ ਜਿਥੇ ਸੱਤੂ ਲੱਗੇ, ਉਹ ਹਿੱਸਾ ਸੋਨੇ ਦਾ ਬਣ ਗਿਆ। ਹੁਣ ਮੈਂ ਹਰ ਯੱਗ ਵਿੱਚ ਜਾਂਦਾ ਹਾਂ ਅਤੇ ਰਸੋਈ ਵਿੱਚ

ਲੇਟਦਾ ਹਾਂ ਕਿ ਸ਼ਾਇਦ ਮੇਰੀ ਬਾਕੀ ਦੀ ਦੇਹ ਵੀ ਸੋਨੇ ਦੀ ਹੋ ਜਾਵੇ। ਪਰ ਮੇਰੀ ਮਨੋਕਾਮਨਾ ਪੂਰੀ ਨਹੀਂ ਹੁੰਦੀ। ਅਤੇ ਮੈਂ ਸਮਝ ਜਾਂਦਾ ਹਾਂ ਕਿ ਇਹ ਯੱਗ ਵੀ ਠੀਕ ਨਹੀਂ ਹੋਇਆ। ਮੈਂ ਇਹੀ ਸਮਝਦਾ ਰਹਾਂਗਾ ਜਦ ਤਕ ਮੇਰਾ ਸਾਰਾ ਸਰੀਰ ਸੋਨੇ ਦਾ ਨਾ ਬਣ ਜਾਵੇ।"

ਪਾਠਕ ਦੇਖਣ, ਉਹੀ ਭਾਵ ਹੈ, ਉਹੀ ਲਿਖਣ ਦਾ ਢੰਗ ਹੈ—ਉਹੀ ਇਸ਼ਾਰਾ

ਉਹੀ ਲੁਕੀ ਹੋਈ ਸਿੱਖਿਆ। ਸਗੋਂ ਮਹਾਂਭਾਰਤ ਦੀ ਕਹਾਣੀ ਕਲਾ ਦੀ ਦ੍ਰਿਸ਼ਟੀ ਤੋਂ ਵਧੇਰੇ ਰੋਚਕ ਹੈ। ਅਤੇ ਇਹ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਦੀ ਗੱਲ ਹੈ। ਭਾਵ, ਜਿਥੇ ਰੂਸ ਅੱਜ ਪਹੁੰਚਿਆ ਹੈ, ਅਤੇ ਜਿਸ ਤੇ ਉਸਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ, ਉਥੇ ਅਸੀਂ ਪੰਜ ਹਜ਼ਾਰ ਸਾਲ ਪਹਿਲੇ ਪਹੁੰਚ ਚੁਕੇ ਸਾਂ। ਅਤੇ ਇੰਨਾਂ ਹੀ ਨਹੀਂ, ਉਪਨਿਸ਼ਦਾਂ ਦੀਆਂ ਕਹਾਣੀਆਂ ਇਸ ਤੋਂ ਵੀ ਉੱਚ ਕੋਟੀ ਦੀਆਂ ਹਨ। ਅਤੇ ਇਹ ਸਾਰੀ ਦੁਨੀਆਂ ਜਾਣਦੀ ਤੇ ਮੰਨਦੀ ਹੈ ਕਿ ਉਪਨਿਸ਼ਦ ਮਹਾਂਭਾਰਤ ਤੋਂ ਵੀ ਪੁਰਾਣੇ ਹਨ। ਪਰ ਭਾਰਤ ਵਰਸ਼ ਦੀ ਬਦਕਿਸਮਤੀ ਵੇਖੋ; ਅਸੀਂ ਅੱਜ ਅਜਿਹੀਆਂ ਕਲਾਪੂਰਣ ਕਹਾਣੀਆਂ ਨੂੰ ਸਮਝ ਹੀ ਨਹੀਂ ਸਕਦੇ, ਨਾ ਹੀ ਉਨ੍ਹਾਂ ਵਿੱਚ ਸਾਨੂੰ ਕਈ ਕਾਵਿ, ਕੋਈ ਕਲਾ, ਕੋਈ ਕਲਪਨਾ ਨਜ਼ਰ ਆਉਂਦੀ ਹੈ। ਸੰਭਵ ਹੈ ਕਿ ਫ਼ਰਾਂਸ ਤੇ ਰੂਸ ਦੇ ਮੋਤੀ ਵੇਖਕੇ ਸਾਨੂੰ ਵੀ ਆਪਣੇ ਸੁਟੇ ਹੋਏ ਜਵਾਹਰਾਂ ਦਾ ਧਿਆਨ ਆ ਜਾਵੇ।

'ਤੀਰਥ-ਯਾਤਰਾ ਵਿੱਚ ਮੈਂ ਇਸ ਤਰ੍ਹਾਂ ਦੀ ਇਕ ਕਹਾਣੀ ਸੰਸਾਰ ਦੀ ਸਭ ਤੋਂ ਵੱਡੀ ਕਹਾਣੀ ਦਿੱਤੀ ਹੈ। ਵੇਖਦਾ ਹਾਂ, ਇਸ ਨੂੰ ਹਿੰਦੀ ਪਾਠਕ ਪਸੰਦ ਕਰਦੇ ਹਨ ਜਾਂ ਨਹੀਂ ? ਜੇ ਉਨ੍ਹਾਂ ਨੇ ਇਸ ਨੂੰ ਪਸੰਦ ਕੀਤਾ ਤਾਂ ਮੇਰਾ ਵਿਚਾਰ ਹੈ, ਇਸੇ ਤਰ੍ਹਾਂ ਦੀਆਂ ਕਹਾਣੀਆਂ ਦਾ ਇਕ ਸੰਗ੍ਰਹਿ ਵਖਰਾ ਪ੍ਰਕਾਸ਼ਿਤ ਕਰ ਦਿਆਂ।

ਬੁਕ ਡਿਪੋ, ਸੁਦਰਸ਼ਨ

ਲਾਹੌਰ, ਰਾਮ ਕੁਟੀਆ

# ਆਪਣੇ ਅੰਦਰ ਝਾਤੀ ਮਾਰ ਕੇ

(1)

ਮੇਰੇ ਦਫ਼ਤਰ ਦੇ ਬਾਊਆਂ ਵਿਚੋਂ ਸਾਧੂ ਰਾਮ ਸਾਰਿਆਂ ਤੋਂ ਜੂਨੀਅਰ ਸੀ। ਉਸ ਦੀ ਮਾਸਕ ਤਨਖਾਹ ਕੇਵਲ 25 ਰੁਪਏ ਸੀ। ਪਰ ਉਸਦਾ ਕੰਮ ਸਭ ਤੋਂ ਵੱਧ ਤੇ ਸਭ ਤੋਂ ਸੁਥਰਾ ਹੁੰਦਾ ਸੀ। ਮੈਂ ਉਸਨੂੰ ਦਫ਼ਤਰ ਕਦੇ ਦੇਰ ਨਾਲ ਆਉਂਦਿਆਂ ਨਹੀਂ ਸੀ ਵੇਖਿਆ, ਨਾ ਉਸਦੇ ਕੰਮ ਵਿਚ ਕਦੇ ਕੋਈ ਨੁਕਸ ਹੀ ਵੇਖਿਆ ਸੀ। ਦਸ ਤੋਂ ਚਾਰ ਵਜੇ ਤਕ ਉਹ ਸਿਰ ਸੁੱਟ ਕੇ ਬਰਾਬਰ ਆਪਣੇ ਕੰਮ ਵਿਚ ਲੱਗਾ ਰਹਿੰਦਾ ਸੀ। ਜੇ ਮੈਂ ਕਦੇ ਬਾਹਰ ਚਲਾ ਜਾਂਦਾ, ਤਾਂ ਸਾਰੇ ਬਾਬੂ ਕੰਮ ਛਡਕੇ ਗੱਲਾਂ ਕਰਨ ਲੱਗ ਜਾਂਦੇ, ਪਰ ਸਾਧੂ ਰਾਮ ਇਸ ਨੂੰ ਪਾਪ ਸਮਝਦਾ ਸੀ ਤੇ ਉਸ ਵੇਲੇ ਵੀ ਉਹ ਬਕਾਇਦਾ ਆਪਣੇ ਕਾਗਜ਼ਾਂ ਉੱਤੇ ਝੁਕਿਆ ਰਹਿੰਦਾ ਸੀ। ਮੈਂ ਉਸ ਨੂੰ ਕਦੇ ਕਿਸੇ ਨਾਲ ਲੜਦੇ ਝਗੜਦੇ ਵੀ ਨਹੀਂ ਵੇਖਿਆ। ਉਹ ਏਨਾ ਸਾਊ ਤੇ ਸੱਜਣ ਆਦਮੀ ਸੀ ਕਿ ਚਪੜਾਸੀਆਂ ਨੂੰ ਵੀ 'ਤੂੰ ਕਰਕੇ ਨਹੀਂ ਸੀ ਬੁਲਾਉਂਦਾ। ਕਈ ਵਾਰ ਮੈਂ ਸਾਧੂ ਰਾਮ ਨੂੰ ਚਪੜਾਸੀਆਂ ਤੋਂ ਕੋਈ ਕੰਮ ਕਰਾਉਣ ਲਈ ਕਿਹਾ, ਪਰ ਉਹ ਆਪ ਹੀ ਕਰ ਲੈਂਦਾ। ਮੈਂ ਇਸ ਨੂੰ ਦਫਤਰ ਦੀ ਬੇਇਜ਼ਤੀ ਸਮਝਦਾ ਸਾਂ ਅਤੇ ਸਾਧੂ ਰਾਮ ਨੂੰ ਡਾਂਟਦਿਆ ਕਰਦਾ ਸਾਂ। ਪਰ ਉਹ ਇਸ ਨੂੰ ਵੀ ਚੁੱਪ ਚਾਪ ਸਹਿ ਜਾਂਦਾ ਸੀ।

ਕੇਵਲ ਇਹੀ ਨਹੀਂ; ਉਸ ਵਿਚ ਹੋਰ ਵੀ ਕਈ ਗੁਣ ਸਨ। ਤਨਖਾਹ ਥੋੜੀ ਹੋਣ ਤੇ ਵੀ ਉਸਦੇ ਕੱਪੜੇ ਦੂਜਿਆਂ ਨਾਲੋਂ ਸਾਫ਼ ਸੁਥਰੇ ਹੁੰਦੇ, ਅਤੇ ਚਿਹਰਾ ਖਿੜਿਆ ਹੋਇਆ ਫੁੱਲ। ਮੈਂ ਉਸਨੂੰ ਕਦੇ ਉਦਾਸ ਨਹੀਂ ਸੀ ਵੇਖਿਆ। ਪ੍ਰੇਸ਼ਾਨ ਨਹੀਂ ਵੇਖਿਆ, ਥੱਕਿਆ ਟੁੱਟਿਆ ਨਹੀਂ ਵੇਖਿਆ। ਦਫਤਰ ਦੇ ਦੂਜੇ ਆਦਮੀ ਅਕਸਰ ਆਪਣਾ ਕੰਮ ਵੀ ਉਹਨੂੰ ਦੇ ਦਿਆ ਕਰਦੇ ਸਨ। ਕੋਈ ਹੋਰ ਹੁੰਦਾ ਤਾਂ ਸੜਬਲ ਕੇ ਕੋਲਾ ਹੋ ਜਾਂਦਾ। ਪਰ ਸਾਧੂ ਰਾਮ ਦੇ ਮੱਥੇ ਤੇ ਵੱਟ ਨਾ ਪੈਂਦਾ। ਉਹ ਉਸਨੂੰ ਵੀ ਇੰਨੀ ਮਿਹਨਤ ਤੇ ਲੱਗਨ ਨਾਲ ਕਰਦਾ ਜਿਵੇਂ ਇਹ ਵਗਾਰ ਨਾ ਹੋਵੇ, ਉਸਦਾ ਆਪਣਾ ਹੀ ਕੰਮ ਹੋਵੇ।

ਉਸਦੇ ਇਨ੍ਹਾਂ ਗੁਣਾਂ ਨੇ ਮੇਰੇ ਦਿਲ ਵਿਚ ਥਾਂ ਬਣਾ ਲਈ। ਮੈਂ ਉਸਨੂੰ ਆਪਣੇ ਕਮਰੇ ਵਿਚ ਸੱਦਣ ਲੱਗ ਪਿਆ। ਹੁਣ ਮੈਨੂੰ ਪਤਾ ਲੱਗਾ ਕਿ ਉਸਦਾ ਹਿਰਦਾ ਆਤਮ-ਗਿਆਨ ਦਾ ਸਰੋਵਰ ਹੈ। ਗੱਲਬਾਤ ਕਰਦੇ ਵਕਤ ਉਹ ਕਦੇ ਰੋਅਬ ਵਿਚ ਨਹੀਂ ਆਉਂਦਾ ਸੀ-ਜਿਸ ਗੱਲ ਤੇ ਅੜ ਜਾਂਦਾ, ਉਸ ਤੋਂ ਹਟਾਉਂਣਾ ਉਸਨੂੰ ਸਹਿਲ ਨਹੀਂ ਸੀ। ਮੈਂ ਜਿਉਂ ਜਿਉ ਉਸ ਨਾਲ

ਪਰਿਚਿਤ ਹੁੰਦਾ ਗਿਆ। ਉਸਦਾ ਪਿਆਰ ਮੇਰੇ ਦਿਲ ਵਿੱਚ ਘਰ ਕਰਦਾ ਗਿਆ। ਇਥੋਂ ਤਕ ਕਿ ਮੈਂ ਉਸਨੂੰ ਆਪਣੇ ਘਰ ਵੀ ਸੱਦਣਾ ਸ਼ੁਰੂ ਕਰ ਦਿੱਤਾ।

ਹੁਣ ਉਹ ਹਰ ਰੋਜ਼ ਸ਼ਾਮ ਨੂੰ ਮੇਰੇ ਘਰ ਆਉਂਦਾ ਹੈ ਤੇ ਘੰਟਿਆਂ ਬੱਧੀ ਗੱਲਾਂ ਬਾਤਾਂ ਹੁੰਦੀਆਂ ਰਹਿੰਦੀਆਂ। ਅੱਠ ਦਸ ਹੀ ਦਿਨਾਂ ਤੋਂ ਬਾਅਦ ਮੇਰੇ ਬੱਚਿਆਂ ਨੂੰ ਉਸ ਨਾਲ ਇਤਨਾ ਪਿਆਰ ਹੋ ਗਿਆ ਕਿ ਸ਼ਾਮ ਪੈਂਦਿਆਂ ਹੀ ਉਹ ਦਰਵਾਜ਼ੇ ਤੇ ਜਾ ਖੜਦੇ। ਜੇ ਉਸਨੂੰ ਆਉਣ ਵਿਚ ਜ਼ਰਾ ਵੀ ਦੇਰ ਹੋ ਜਾਂਦੀ ਤਾਂ ਉਹ ਵਿਆਕੁਲ ਹੋ ਜਾਂਦੇ। ਪਰ ਸਾਧੂ ਰਾਮ ਕਦੇ ਵੀ ਆਤਮ-ਸਨਮਾਨ ਨੂੰ ਹੱਥੋਂ ਨਹੀਂ ਸੀ ਛਡਦਾ। ਮੇਰੀ ਰਾਏ ਵਿੱਚ ਉਹ ਕਿਸੇ ਦਫਤਰ 'ਚ ਇਨਚਾਰਜ ਹੋਣ ਦੇ ਯੋਗ ਸੀ, ਪਰ ਕਿਸਮਤ ਉਸਨੂੰ ਕਿਥੇ ਸੁਟਿਆ ਹੋਇਆ ਸੀ। ਸੋਨਾ ਪਿੱਤਲ ਦੀ ਖਾਣ ਵਿੱਚ ਪਿਆ ਹੋਇਆ ਸੀ ਅਤੇ ਸੋਨੇ ਨੂੰ ਸ਼ਿਕਾਇਤ ਨਹੀਂ ਸੀ। ਉਲਟਾ ਸ਼ਿਕਾਇਤ ਪਿੱਤਲ ਨੂੰ ਸੀ।

(2)

ਮੈਨੂੰ ਦਫ਼ਤਰ ਵਿੱਚ ਆਏ ਇਕ ਸਾਲ ਹੋ ਗਿਆ। ਇਸ ਦੇ ਦੌਰਾਨ ਕਈ ਥਾਵਾਂ ਖ਼ਾਲੀ ਹੋਈਆਂ, ਜਿਨ੍ਹਾਂ ਲਈ ਜੂਨੀਅਰ ਕਲਰਕਾਂ ਨੇ ਅਰਜ਼ੀਆਂ ਦਿੱਤੀਆਂ, ਪਰ ਸਾਧੂ ਰਾਮ ਨੇ ਅਜਿਹੀ ਕੋਈ ਕੋਸ਼ਿਸ਼ ਨਾ ਕੀਤੀ। ਮੈਂ ਜਾਣਦਾ ਸਾਂ ਕਿ ਸਾਧੂ ਰਾਮ ਉਨ੍ਹਾਂ ਅਸਾਮੀਆਂ ਲਈ ਹਰ ਤਰ੍ਹਾਂ ਯੋਗ ਸੀ। ਮੈਂ ਚਾਹੁੰਦਾ ਸਾਂ ਕਿ ਮੌਕਾ ਮਿਲੇ ਤਾਂ ਉਸਨੂੰ ਕਿਸੇ ਉੱਚੀ ਆਸਾਮੀ ਤੇ ਲਾ ਦੇਵਾਂ, ਪਰ ਉਹ ਇੰਨਾ ਸਿੱਧਾ-ਸਾਦਾ ਤੇ ਸੰਤੋਖੀ ਸੀ ਕਿ ਉਸਨੇ ਇਕ ਵਾਰ ਵੀ ਮੈਨੂੰ ਨਾ ਆਖਿਆ ਕਿ ਮੈਂ ਉਸਦਾ ਧਿਆਨ ਰੱਖਾਂ।

ਪਹਿਲਾਂ ਪਹਿਲਾਂ ਮੈਂ ਇਸਨੂੰ ਆਪਣਾ ਅਪਮਾਨ ਸਮਝਿਆ ਅਤੇ ਤਰੱਕੀ ਦਾ ਹਰ ਮੌਕਾ ਦੂਜਿਆਂ ਨੂੰ ਦੇਂਦਾ ਰਿਹਾ। ਸਾਧੂ ਰਾਮ ਪੰਜੀਆਂ ਉੱਤੇ ਹੀ ਟਿਕਿਆ ਰਿਹਾ। ਉਹ ਮੇਰੇ ਕੋਲ ਹਰ ਰੋਜ਼ ਆਉਂਦਾ ਸੀ, ਮੇਰੇ ਨਾਲ ਘੰਟਿਆਂ ਬੱਧੀ ਗੱਲਬਾਤ ਕਰਦਾ ਸੀ, ਪਰ ਇਸ ਵਿਸ਼ੇ ਤੇ ਉਸਨੇ ਇਕ ਵਾਰ ਵੀ ਗੱਲ ਕਰਨ ਦੀ ਜ਼ਰੂਰਤ ਨਹੀਂ ਸਮਝੀ। ਇਥੋਂ ਤਕ ਕਿ ਉਸਦੇ ਅਭਿਮਾਨੀ ਹੋਣ ਦੀ ਮੇਰੀ ਰਾਏ ਬਦਲ ਗਈ, ਅਤੇ ਮੈਂ ਫੈਸਲਾ ਕਰ ਲਿਆ ਕਿ ਐਤਕੀਂ ਸਾਧੂ ਰਾਮ ਦਾ ਧਿਆਨ ਰੱਖਾਂਗਾ ਅਤੇ ਜੋ ਥਾਂ ਖ਼ਾਲੀ ਹੋਵੇਗੀ ਉਹ ਸਾਧੂ ਰਾਮ ਨੂੰ ਦੇਵਾਂਗਾ।

ਖੁਸ਼ਕਿਸਮਤੀ ਨਾਲ ਮੈਨੂੰ ਬਹੁਤੀ ਉਡੀਕ ਨਹੀਂ ਕਰਨੀ ਪਈ। ਰੀਕਾਰਡ ਬਰਾਂਚ ਦਾ ਇਕ ਕਲਰਕ ਛਿਆਂ ਮਹੀਨਿਆਂ ਦੀ ਛੁੱਟੀ ਤੇ ਜਾ ਰਿਹਾ ਸੀ। ਉਸਦੀ ਤਨਖ਼ਾਹ ਪੰਜਾਹ ਰੁਪਏ ਸੀ। ਦਫ਼ਤਰ ਦੇ ਕਈ ਕਲਰਕਾਂ ਨੇ ਅਰਜ਼ੀਆਂ ਦਿੱਤੀਆਂ ਅਤੇ ਆਪਣੇ ਆਪਣੇ ਹੱਕ ਤੇ ਜ਼ੋਰ ਦਿੱਤਾ। ਪਰ ਸਾਧੂ ਰਾਮ ਐਤਕਾਂ ਵੀ ਚੁੱਪ ਰਿਹਾ, ਜਿਵੇਂ ਉਸਨੂੰ ਇਸ ਘਟਨਾ ਦਾ ਪਤਾ

ਹੀ ਨਾ ਹੋਵੇ। ਉਹ ਉਸੇ ਤਰ੍ਹਾਂ ਸ਼ਾਂਤ ਸੀ ਪਰ ਮੈਨੂੰ ਸ਼ਾਂਤੀ ਨਹੀਂ ਸੀ। ਅੱਗ ਕਿਤੇ ਸੀ ਅੱਗ ਦੀ ਗਰਮੀ ਕਿਤੇ ਸੀ !

ਸੰਧਿਆ ਵੇਲਾ ਸੀ, ਉਹ ਰੋਜ਼ ਵਾਂਗ ਹੀ ਮੇਰੇ ਘਰ ਆਇਆ। ਮੈਂ ਪੈਂਦਿਆਂ ਹੀ ਕਿਹਾ- "ਸਾਧੂ ਰਾਮ ! ਤੂੰ ਕੁੱਝ ਸੁਣਿਆ ਹੈ ?"

ਸਾਧੂ ਰਾਮ ਨੇ ਬੈਠਦਿਆਂ ਪੁਛਿਆ-"ਕੀ ?"

"ਗੁਲਾਮ ਨਬੀ ਛੇ ਮਹੀਨੇ ਦੀ ਛੁੱਟੀ ਜਾ ਰਿਹਾ ਹੈ।"

ਸਾਧੂ ਰਾਮ ਦਾ ਚਿਹਰਾ ਭੱਖ ਪਿਆ ਜਿਵੇਂ ਕਿਸੇ ਨੇ ਉਸਨੂੰ ਗਾਲ੍ਹ ਕੱਢ ਦਿੱਤੀ ਹੋਵੇ। ਪਰ ਉਹ ਸੰਭਲ ਕੇ ਬੋਲਿਆ-"ਜੀ ਹਾਂ ! ਮੈਂ ਸੁਣਿਆ ਹੈ। ਪਰ ਗੱਲ ਕੀ ਹੈ ?'

"ਉਸ ਲਈ ਬਹੁਤ ਸਾਰੇ ਕਲਰਕਾਂ ਨੇ ਅਰਜ਼ੀਆਂ ਭੇਜੀਆਂ ਹਨ।"

"ਪਰ ਤੂੰ ਕੋਈ ਕੋਸ਼ਿਸ਼ ਨਹੀਂ ਕੀਤੀ। ਇਹ ਤੇਰਾ ਹੱਕ ਹੈ। ਅਰਜ਼ੀ ਭੇਜ।"

ਸਾਧੂ ਰਾਮ ਨੇ ਬੇਪਰਵਾਹੀ ਨਾਲ ਕਿਹਾ-"ਮੈਨੂੰ ਇਸ ਦੀ ਕੋਈ ਲੋੜ ਨਹੀਂ।"

ਮੈਨੂੰ ਹੈਰਾਨੀ ਹੋਈ- ਕੀ ਕਹਿਨੈ ? ਤੈਨੂੰ ਕੋਈ ਲੋੜ ਨਹੀਂ ?"

"ਰੱਤਾ ਵੀ ਨਹੀਂ।"

"ਤਾਂ ਤਰੱਕੀ ਦੇ ਸਾਰੇ ਮੌਕੇ ਹੱਥੋਂ ਗੁਆ ਬੈਠੇਗਾ ?"

"ਇਹ ਆਪਦਾ ਕੰਮ ਹੈ। ਸਰਕਾਰ ਨੇ ਇਹ ਜ਼ਿੰਮੇਵਾਰੀ ਵਾਲਾ ਅਧਿਕਾਰ ਆਪ ਨੂੰ ਦਿੱਤਾ ਹੈ। ਹੁਣ ਇਹ ਫੈਸਲਾ ਕਰਨਾ ਆਪਦਾ ਕੰਮ ਹੈ, ਅਤੇ ਕੰਮ ਹੀ ਨਹੀਂ ਕਰਤੱਵ ਹੈ ਕਿ ਤਨਖਾਹ ਵਧਣ ਦਾ ਜੋ ਮੌਕਾ ਆਵੇ, ਉਸ ਤੋਂ ਉਹ ਆਦਮੀ ਲਾਭ ਉਠਾਵੇ, ਜੋ ਸੱਚਮੁੱਚ ਉਸਦੇ ਯੋਗ ਹੋਵੇ। ਜੇ ਆਪ ਇਸ ਕਰਤੱਵ ਦਾ ਧਿਆਨ ਨਹੀਂ ਰਖਦੇ, ਤਾਂ ਪਰਮਾਤਮਾ ਦੇ ਦਰਬਾਰ ਵਿਚ ਅਪਰਾਧੀ ਆਪ ਹੋਵੇਗੇ। ਮੈਨੂੰ ਅਰਜ਼ੀ ਭੇਜਣ ਦੀ ਲੋੜ ਨਹੀਂ। ਮੇਰਾ ਫਰਜ਼ ਕੰਮ ਕਰਨਾ ਹੈ, ਆਪਦਾ ਕਰਤੱਵ ਕੰਮ ਵੇਖਣਾ ਹੈ। ਮੈਂ ਆਪਦਾ ਕੰਮ ਕਰਦਾ ਹਾਂ, ਆਪ ਆਪਣਾ ਕੰਮ ਵੇਖੋ।"

ਮੈਂ ਸਾਧੂ ਰਾਮ ਨੂੰ ਨੇਕ, ਮਿਹਨਤੀ ਅਤੇ ਸ੍ਰੀਮਾਨ ਵਾਲਾ ਸਮਝਦਾ ਸੀ, ਪਰ ਉਹ ਇਤਨਾ ਦਲੇਰ ਤੇ ਖਰੀਆਂ ਖਰੀਆਂ ਮੂੰਹ ਤੇ ਸੁਣਾਉਣ ਵਾਲਾ ਵੀ ਹੋਵੇਗਾ, ਇਸਦੀ ਮੈਨੂੰ ਸੁਪਨੇ ਵਿੱਚ ਵੀ ਆਸ ਨਹੀਂ ਸੀ। ਉਸ ਦੀਆਂ ਇਨ੍ਹਾਂ ਗੱਲਾਂ ਨੇ ਉਸਦਾ ਸਨਮਾਨ ਮੇਰੀਆਂ ਅੱਖਾਂ ਵਿੱਚ ਹੋਰ ਵੀ ਉੱਚਾ ਕਰ ਦਿੱਤਾ। ਮੈਂ ਸ਼ਰਮਿੰਦਾ ਹੋ ਕੇ ਕਿਹਾ—"ਸਾਧੂ ਰਾਮ ! ਤੂੰ

ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਹੁਣ ਭੁੱਲ ਨਹੀਂ ਹੋਵੇਗੀ —ਇਹ ਥਾਂ ਤੈਨੂੰ ਹੀ ਮਿਲੇਗੀ ਅਤੇ ਤੈਨੂੰ ਅਰਜ਼ੀ ਦੇਣ ਦੀ ਵੀ ਲੋੜ ਨਹੀਂ।"

ਸਾਧੂ ਰਾਮ ਬੋਲਿਆ- "ਇਸਦਾ ਕਾਰਣ ਇਹ ਤਾਂ ਨਹੀਂ ਕਿ ਮੇਰਾ ਆਪ ਦੇ ਆਣ-ਜਾਣ ਹੈ। ਜੇ ਇਹ ਆਸਾਮੀ ਮੈਨੂੰ ਇਸ ਕਾਰਣ ਮਿਲਦੀ ਹੈ ਤਾਂ ਮੈਂ ਇਸਨੂੰ ਕਦੇ ਵੀ ਪਰਵਾਨ ਨਹੀਂ ਕਰਾਂਗਾ। ਹਾਂ, ਅਗਰ ਸੱਚਮੁੱਚ ਆਪ ਇਹ ਸਮਝਦੇ ਹੋ ਕਿ ਮੇਰਾ ਕੰਮ ਚੰਗਾ ਹੈ, ਅਤੇ ਮੈਂ ਇਸ ਤਰੱਕੀ ਦੇ ਯੋਗ ਹਾਂ, ਤਾਂ ਦੂਸਰੀ ਗੱਲ ਹੈ।"

ਕੀ ਸ਼ਬਦ ਸਨ ! ਮੇਰੇ ਹਿਰਦੇ ਵਿੱਚ ਤੀਰ ਵਾਂਗ ਚੁਭ ਗਏ। ਮੈਂ ਸਿਰ ਝੁਕਾ ਕੇ ਬੋਲਿਆ-"ਮੇਰਾ ਸੱਚਮੁੱਚ ਇਹੀ ਵਿਚਾਰ ਹੈ ਕਿ ਇਸ ਤੋਂ ਪਹਿਲਾਂ ਤੇਰੇ ਨਾਲ ਬੇਇਨਸਾਫ਼ੀ ਹੁੰਦੀ ਰਹੀ ਹੈ। ਹੁਣ ਇਹ ਚਾਂਸ ਆਇਆ ਹੈ, ਇਹ ਤੈਨੂੰ ਹੀ ਮਿਲੇਗਾ।"

ਸਾਧੂ ਰਾਮ ਨੇ ਨਿਮਰਤਾ ਨਾਲ—ਉਸ ਨਿਮਰਤਾ ਨਾਲ ਜਿਸ ਵਿਚੋਂ ਆਰਮ-ਗੌਰਵਤਾ ਦਾ ਭਾਵ ਵੀ ਝਲਕਦਾ ਸੀ—ਕਿਹਾ—'ਥੈਂਕ ਯੂ ਅਤੇ ਸਿਰ ਝੁਕਾ ਲਿਆ।

ਅੰਗਰੇਜ਼ੀ ਸਭਿਅਤਾ ਦੇ ਇਹ ਦਿਖਾਵੇ ਦੇ ਸ਼ਬਦ ਮੈਂ ਕਈ ਵਾਰੀ ਸੁਣੇ ਸਨ ਅਤੇ ਹਰ ਵਾਰ ਮਹਿਸੂਸ ਕੀਤਾ ਸੀ ਕਿ ਇਹ ਅਰਥਹੀਣ ਹਨ—ਬਿਲਕੁਲ ਬੋਲੜੇ ਤੇ ਫ਼ਜ਼ੂਲ। ਪਰ ਉਹੀ ਸ਼ਬਦ ਸਾਧੂ ਰਾਮ ਦੇ ਮੂੰਹੋਂ ਸੁਣਕੇ ਮੈਨੂੰ ਇੰਝ ਮਹਿਸੂਸ ਹੋਇਆ, ਜਿਵੇਂ ਮੈਨੂੰ ਕੁਬੇਰ ਦੀ ਦੌਲਤ ਮਿਲ ਗਈ ਹੋਵੇ।

ਦੂਸਰੇ ਦਿਨ ਗੁਲਾਮ ਨਬੀ ਦੀ ਥਾਂ ਸਾਧੂ ਰਾਮ ਨੂੰ ਮਿਲ ਗਈ। ਦਫ਼ਤਰ ਵਿੱਚ ਹਲਚਲ ਜਿਹੀ ਮਚ ਗਈ। ਸਾਰੇ ਕਲਰਕ ਸਾਧੂ ਰਾਮ ਦੇ ਦੁਸ਼ਮਣ ਹੋ ਗਏ। ਸ਼ਾਇਦ ਉਨ੍ਹਾਂ ਦਾ ਖਿਆਲ ਸੀ ਕਿ ਸਾਧੂ ਰਾਮ ਕੰਮ ਕਰਨ ਲਈ ਹੈ, ਅਤੇ ਉਹ ਤਰੱਕੀ ਲੈਣ ਲਈ ਹਨ। ਪਰ ਮੇਰੇ ਇਸ ਫ਼ੈਸਲੇ ਨੇ ਉਨ੍ਹਾਂ ਦਾ ਇਹ ਭਰਮ ਦੂਰ ਕਰ ਦਿੱਤਾ।

ਹੁਣ ਉਹ ਸਾਧੂ ਰਾਮ ਨੂੰ ਸਤਾਉਣ ਲੱਗੇਂ, ਜਲਾਉਣ ਲੱਗੇ, ਤੰਗ ਕਰਨ ਲੱਗੇ। ਕੋਈ ਕਹਿੰਦਾ ਸੀ—ਇਸ ਨਾਲ ਜ਼ਰਾ ਸੋਚ ਸਮਝ ਕੇ ਗੱਲ ਕਰਨਾ, ਸੁਪਰਿੰਟੈਂਡੈਂਟ ਦੀ ਮੁੱਛ ਦਾ ਵਾਲ ਹੈ। ਕੋਈ ਕਹਿੰਦਾ ਸੀ—ਤਨਖਾਹ— ਤਰੱਕੀ ਦਾ ਮੂਲਮੰਤਰ ਚਾਪਲੂਸੀ ਹੈ, ਇਹ ਗੱਲ ਸਾਧੂ ਰਾਮ ਨੇ ਸਿੱਖ ਲਈ ਹੈ। ਕੋਈ ਇਉਂ ਵਿਅੰਗ ਕਸਦਾ- ਅਫਸਰ ਦੇ ਬੱਚਿਆ ਨੂੰ ਮਿਠਿਆਈ ਖੁਆਈ ਜਾਵੇ, ਤਾਂ ਅਫ਼ਸਰ ਮਿਹਰਬਾਨ ਹੁੰਦਾ ਹੈ। ਕੋਈ ਆਖਦਾ ਸੀ-ਅਸੀਂ ਤਾਂ ਇਸਨੂੰ ਬੜਾ ਧਰਮਾਤਮਾ ਸਮਝਦੇ ਸਾਂ, ਪਰ ਇਹ ਪਤਾ ਨਹੀਂ ਸੀ ਕਿ ਇਸ ਕਿਰਣ ਦੇ ਪਿਛੇ ਅਜਿਹਾ ਅੰਧਕਾਰ ਵੀ ਹੋ ਸਕਦਾ ਹੈ। ਕੋਈ ਕਹਿੰਦਾ ਸੀ-ਆਦਮੀ ਦੇ ਸੁਭਾ ਨੂੰ ਸਮਝਣਾ ਆਸਾਨ ਨਹੀਂ, ਇਹ ਗੱਲ ਸਾਧੂ ਰਾਮ ਨੇ ਸਿਖਾ ਦਿੱਤੀ ਹੈ।

ਪਰ ਸਾਧੂ ਰਾਮ ਤੇ ਇਸ ਤੂਫ਼ਾਨ ਦਾ ਜ਼ਰਾ ਵੀ ਅਸਰ ਨਾ ਪਿਆ। ਉਹ ਜਿਵੇਂ ਪਹਿਲਾਂ ਖਿੜਿਆ ਖਿੜਿਆ, ਸ਼ਾਂਤ ਤੇ ਪ੍ਰਸੰਨ ਚਿੱਤ ਰਹਿੰਦਾ ਸੀ, ਉਸ ਤਰ੍ਹਾਂ ਹੁਣ ਵੀ ਰਹਿੰਦਾ ਸੀ। ਨਾ ਉਸਨੂੰ ਤਰੱਕੀ ਨੇ ਅਭਿਮਾਨੀ ਬਣਾਇਆ ਸੀ, ਨਾ ਕਲਰਕਾਂ ਦੇ ਵਿਰੋਧ ਨੇ ਦੁਖੀ ਕੀਤਾ ਸੀ—ਮੇਰੀਆਂ ਨਜ਼ਰਾਂ ਵਿੱਚ ਉਸਦੀ ਇੱਜ਼ਤ ਹੋਰ ਵੀ ਵੱਧ ਗਈ। ਖ਼ਿਆਲ ਆਇਆ, ਕਿਹੋ ਜਿਹਾ ਪਵਿੱਤਰ ਜੀਵਨ ਹੈ, ਜਿਹੜਾ ਸਦਾ ਇਕਰਸ ਚਲਿਆ ਜਾਂਦਾ ਹੈ। ਦੁਸ਼ਮਣੀ ਦਾ ਜਿਸਤੇ ਕੋਈ ਪ੍ਰਭਾਵ ਨਹੀਂ, ਪੱਖਪਾਤ ਤੋਂ ਰਹਿਤ, ਸਾਰੀਆਂ ਅਵਸਥਾਵਾਂ ਵਿੱਚ ਖਿੜੇ ਹੋਏ ਫੁੱਲ ਵਾਂਗ। ਜਿਦੇ ਮੱਥੇ ਤੇ ਕਦੇ ਵੱਟ ਨਹੀਂ ਪੈਂਦਾ ਅਤੇ ਸ੍ਵੈ-ਸੰਜਮ ਵਿੱਚ ਇਤਨਾ ਪੱਕਾ ਤੇ ਅਟਲ ਹੈ—ਜਿਵੇਂ ਸਮੁੰਦਰ ਵਿੱਚ ਚਟਾਨ।

(3)

ਪਰ ਇਹ ਤਰੱਕੀ ਸਾਧੂ ਰਾਮ ਨੂੰ ਰਾਸ ਨਾ ਆਈ। ਉਸਦੀ ਪਤਨੀ ਬੀਮਾਰ ਰਹਿਣ ਲੱਗੀ। ਸਾਧੂ ਰਾਮ ਵਿੱਚ ਜਿੱਥੇ ਹੋਰ ਗੁਣ ਸਨ, ਉੱਥੇ ਉਸ ਵਿੱਚ ਇਹ ਗੁਣ ਵੀ ਸੀ ਕਿ ਉਹ ਆਪਨੀ ਪਤਨੀ ਤੇ ਜਾਨ ਦੇਂਦਾ ਸੀ। ਉਹ ਸਭ ਕੁੱਝ ਸਹਿ ਸਕਦਾ ਸੀ, ਪਰ ਪਤਨੀ ਦੀਆਂ ਅੱਖਾਂ ਵਿੱਚ ਹੰਝੂ ਵੇਖ ਕੇ ਉਸਦੇ ਦਿੱਲ ਵਿੱਚ ਹਲਚਲ ਮਚ ਜਾਂਦੀ - ਉਹ ਬੇਚੈਨ ਹੋ ਜਾਂਦਾ ਸੀ। ਕਈ ਮਹੀਨੇ ਇਲਾਜ ਹੁੰਦਾ ਰਿਹਾ, ਪਰ ਬੀਮਾਰੀ ਦੂਰ ਨਾ ਹੋਈ। ਸਾਧੂ ਰਾਮ ਘਬਰਾ ਗਿਆ। ਤੂਫਾਨ ਵਿੱਚ ਕਿਸ਼ਤੀ ਡੋਲਣ ਲੱਗੀ।

ਹੁਣ ਉਸਦੇ ਚਿਹਰੇ ਤੇ ਚਮਕ ਨਹੀਂ ਸੀ, ਉਸ ਦੀਆਂ ਅੱਖਾਂ ਵਿੱਚ ਉਹ ਤੇਜ ਨਹੀਂ ਸੀ। ਫੁੱਲ ਰਹਿ ਗਿਆ ਸੀ ਪਰ ਉਸਦੀ ਸੁੰਦਰਤਾ ਕਿਥੇ ਉਡ ਗਈ ਸੀ ? ਇਹ ਕਿਸੇ ਨੂੰ ਵੀ ਪਤਾ ਨਾ ਲੱਗ ਸਕਿਆ। ਮੈਂ ਉਸ ਨੂੰ ਦੇਖਦਾ ਤਾਂ ਮੇਰਾ ਦਿਲ ਵਿਆਕੁਲ ਹੋ ਉਠਦਾ। ਸਾਧੂ ਰਾਮ ਹੁਣ ਪਹਿਲਾ ਸਾਧੂ ਰਾਮ ਨਹੀਂ ਸੀ ਰਿਹਾ। ਉਹ ਦਫ਼ਤਰ ਵਿੱਚ ਹੁਣ ਵੀ ਆਉਂਦਾ ਸੀ ਕੰਮ ਹੁਣ ਵੀ ਕਰਦਾ ਪਰ ਪਹਿਲੀ ਗੱਲ ਨਹੀਂ ਸੀ। ਜਿਸ ਸੰਤੋਖੀ ਸੂਰਤ ਨੇ ਤਰੱਕੀ ਦੇ ਮੌਕੇ ਹੱਥੋਂ ਜਾਂਦੇ ਵੇਖ ਕੇ ਮੂੰਹ ਨਹੀਂ ਸੀ ਖੋਹਲਿਆ, ਜਿਸ ਗੰਭੀਰ ਸੂਰਮੇ ਨੇ ਦਫਤਰ ਦੇ ਕਲਰਕਾਂ ਦੀ ਨਾਵਾਜਿਬ ਨੋਕ-ਝੋਕ ਤੇ ਵੀ ਆਪਣਾ ਸ੍ਵੈ-ਮਾਨ ਨਹੀਂ ਸੀ ਛੱਡਿਆ, ਉਹੀ ਸਾਧੂ ਰਾਮ ਹੁਣ ਹਰ ਰੋਜ਼ ਮੇਰੇ ਕੋਲ ਆ ਕੇ ਛੁੱਟੀ ਲਈ ਮਿੰਨਤਾਂ ਕਰਦਾ ਸੀ ਅਤੇ ਮੈਂ, ਹਾਂ ਮੈਂ—ਉਸਦੇ ਇਸ ਪਰਿਵਰਤਨ ਤੇ ਖੁਸ਼ ਸਾਂ, ਕਿਉਂਕਿ ਮੈਂ ਉਸਨੂੰ ਦੇਵਤਾ ਨਹੀਂ, ਆਦਮੀ ਵੇਖਣਾ ਚਾਹੁੰਦਾ ਸਾਂ। ਅਤੇ ਆਦਮੀ ਦਾ ਗੁਣ ਹੈ ਕਿ ਵੱਡੇ ਤੋਂ ਵੱਡੇ ਧੀਰਜ ਵਾਲਾ ਮਨੁੱਖ ਵੀ ਇਕ ਹੱਦ ਤਕ ਪਹੁੰਚ

ਕੇ ਬੇਕਰਾਰ ਹੋ ਜਾਂਦਾ ਹੈ। ਦੇਵਤੇ ਵਿੱਚ ਗੁਣ ਹੀ ਗੁਣ ਹੁੰਦੇ ਹਨ, ਆਦਮੀ ਵਿੱਚ ਕਮਜ਼ੋਰੀਆਂ ਵੀ ਹੁੰਦੀਆ ਹਨ। ਆਦਮੀ ਨੂੰ ਆਦਮੀ ਦੀਆਂ ਕਮਜ਼ੋਰੀਆਂ ਵੀ ਚੰਗੀਆਂ ਲੱਗਦੀਆਂ ਹਨ।

ਇਸੇ ਤਰ੍ਹਾਂ ਕਈ ਮਹੀਨੇ ਬੀਤ ਗਏ। ਸਾਧੂ ਰਾਮ ਆਪਣੀ ਪਤਨੀ ਦੀ ਸੇਵਾ ਟਹਿਲ ਵਿੱਚ ਗਲਤਾਨ ਸੀ। ਉਸਦਾ ਚਿਹਰਾ ਕੁਮਲਾ ਗਿਆ ਸੀ, ਉਸਦੀ ਹਾਸੀ ਖੁਸ਼ੀ ਉਡ ਗਈ ਸੀ, ਫਿਰ ਵੀ ਉਹ ਸੇਵਾ ਟਹਿਲ ਵਿੱਚ ਜੁਟਿਆ ਹੋਇਆ ਸੀ। ਦਿਨ ਭਰ ਦਫ਼ਤਰ ਵਿੱਚ ਕੰਮ ਕਰਦਾ, ਰਾਤ ਨੂੰ ਪਤਨੀ ਦੇ ਸਿਰਹਾਣੇ ਬੈਠਦਾ। ਉਸਦੀ ਸਿਹਤ ਵਿਗੜਨ ਲੱਗੀ ਪਰ ਉਸਦਾ ਧਿਆਨ ਇਧਰ ਨਹੀਂ ਸੀ। ਉਹ ਆਪਣੇ ਪ੍ਰਾਣਾਂ ਦੀ ਪੂਰੀ ਸ਼ਕਤੀ ਨਾਲ ਆਪਣੀ ਪਤਨੀ ਦਾ ਇਲਾਜ ਕਰ ਰਿਹਾ ਸੀ। ਮੈਂ ਅਕਸਰ ਉਸਨੂੰ ਛੁੱਟੀ ਦੇ ਦਿਆ ਕਰਦਾ ਸਾਂ ਪਰ ਉਸ ਵੇਲੇ ਉਸ ਦੀਆਂ ਅੱਖਾਂ ਵਿੱਚ ਕਿਰਤਗੱਤਾ ਤੇ ਬੇ-ਬਸੀ ਦੇ ਭਾਵ ਕਿੰਨੇ ਦਿਲ-ਵਿੰਨਵੇਂ ਹੁੰਦੇ ? ਦਿਲ ਵਿੱਚ ਕਿਹੋ ਜਿਹੀ ਹਲਚਲ ਮਚਾ ਦੇਣ ਵਾਲੇ ?

ਦੁਪਹਿਰ ਦਾ ਵੇਲਾ ਸੀ, ਮੈਂ ਆਪਣੇ ਕਮਰੇ ਵਿੱਚ ਬੈਠਾ ਬਿਲ ਵੇਖ ਰਿਹਾ ਸਾਂ। ਇਤਨੇ ਵਿੱਚ ਚਪੜਾਸੀ ਨੇ ਆ ਕੇ ਕਿਹਾ—'ਹਜ਼ੂਰ ! ਲਾਲਾ ਸੌਦਾਗਰ ਮੱਲ ਆਏ ਹਨ।"

ਲਾਲਾ ਸੌਦਾਗਰ ਮੱਲ ਤੋਂ ਅਸੀਂ ਕਾਗ਼ਜ਼ ਖ਼ਰੀਦਿਆ ਕਰਦੇ ਸਾਂ। ਇਸ ਵਕਤ ਉਨ੍ਹਾਂ ਦਾ ਆਉਣਾ ਮੈਨੂੰ ਬੜਾ ਬੁਰਾ ਲਗਿਆ, ਪਰ ਫਿਰ ਵੀ ਚਪੜਾਸੀ ਨੂੰ ਕਿਹਾ—'ਬੁਲਾ ਲੈ।"

ਲਾਲਾ ਸੌਦਾਗਰ ਮੱਲ ਅੰਦਰ ਆਏ ਤੇ ਆਉਂਦਿਆਂ ਹੀ ਬੋਲੇ-"ਮਾਫ਼ ਕਰਨਾ ! ਮੈਂ ਇਕ ਸ਼ਿਕਾਇਤ ਲੈ ਕੇ ਆਇਆ ਹਾਂ।

ਕਾਗਜ਼ ਦੀ ਖ਼ਰੀਦ ਸਾਧੂ ਰਾਮ ਦੇ ਹੱਥ ਵਿੱਚ ਸੀ। ਮੈਂ ਹਿਚਕਚਾਂਦੇ ਹੋਏ ਪੁਛਿਆ- "ਦੱਸੋ, ਕੀ ਸ਼ਿਕਾਇਤ ਹੈ ?"

ਲਾਲਾ ਸੌਦਾਗਰ ਮੱਲ ਕੁੱਝ ਚਿਰ ਚੁੱਪ ਰਹਿ ਕੇ ਬੋਲੇ- ਮੈਂ ਬਾਹਰ ਗਿਆ ਹੋਇਆ ਸਾਂ। ਮੇਰੀ ਗੈਰਹਾਜ਼ਰੀ ਵਿੱਚ ਆਪ ਦੇ ਕਲਰਕ ਸਾਧੂ ਰਾਮ ਨੇ ਮੇਰੇ ਆਦਮੀ ਨਾਲ ਮਿਲ ਕੇ ਝੂਠਾ ਬਿਲ ਬਣਵਾ ਲਿਆ ਹੈ, ਅਤੇ ਇਸ ਤਰ੍ਹਾਂ ਚਾਰ ਸੌ ਰੁਪਏ ਹਜ਼ਮ ਕਰ ਲਏ ਹਨ।"

ਮੈਨੂੰ ਇਵੇਂ ਲਗਿਆ ਜਿਵੇਂ ਮੇਰੇ ਕਲੇਜੇ ਉੱਤੇ ਕਿਸੇ ਨੇ ਕੋਲੇ ਰੱਖ ਦਿੱਤੇ ਹੋਣ। ਕੁਰਸੀ ਤੋਂ ਉਛਲ ਕੇ ਬੋਲਿਆ- "ਮੈਨੂੰ ਯਕੀਨ ਨਹੀਂ ਆਉਂਦਾ। ਤੁਹਾਨੂੰ ਭੁਲੇਖਾ ਲਗਿਆ ਹੈ।"

"ਬੁਲਵਾ ਕੇ ਪੁਛ ਲਵੋ, ਹੁਣੇ ਸਾਰੀ ਗੱਲ ਖੁਲ੍ਹ ਜਾਵੇਗੀ।"

"ਪਰ ਪੁੱਛਾਂ ਕੀ ? ਉਹ ਆਦਮੀ ਨਹੀਂ ਦੇਵਤਾ ਹੈ। ਸਾਰਾ ਦਫ਼ਤਰ ਉਸਦੀ ਸਹੁੰ ਖਾਂਦਾ ਹੈ। ਉਹ ਮਰਦਾ ਮਰ ਜਾਏਗਾ, ਪਰ ਅਜਿਹਾ ਕੰਮ ਕਦੇ ਨਹੀਂ ਕਰੇਗਾ। ਮੈਂ ਉਸਨੂੰ ਮੁੱਦਤ ਤੋਂ ਜਾਣਦਾ ਹਾਂ, ਉਸਦਾ ਅੰਦਰੋਂ ਬਾਹਰੋਂ ਇਕ ਹੈ।"

"ਫਿਰ ਵੀ ਜ਼ਰਾ ਬੁਲਾ ਤਾਂ ਲਵੋ।"

ਮੈਂ ਸਾਧੂ ਰਾਮ ਨੂੰ ਬੁਲਵਾਇਆ ਅਤੇ ਉਸਨੂੰ ਸਿਰ ਤੋਂ ਪੈਰਾਂ ਤਕ ਵੇਖਦੇ ਹੋਏ ਪੁਛਿਆ-"ਮੇਰੇ ਕੋਲ ਕਾਗ਼ਜ਼ ਦੇ ਸਬੰਧ ਵਿੱਚ ਕੁੱਝ ਸ਼ਿਕਾਇਤ ਪਹੁੰਚੀ ਹੈ। ਕੀ ਉਹ ਠੀਕ ਹੈ?"

ਸਾਧੂ ਰਾਮ ਦੇ ਚਿਹਰੇ ਦਾ ਰੰਗ ਲਾਸ਼ ਵਾਂਗ ਚਿੱਟਾ ਹੋ ਗਿਆ। ਉਸਨੇ ਮੇਰੇ ਵੱਲ ਇਉਂ ਵੇਖਿਆ ਜਿਵੇਂ ਉਸਨੂੰ ਕਤਲ ਕਰਨ ਲੱਗਾ ਹੋਵਾਂ। ਨਾਲ ਹੀ ਲਾਲਾ ਸੌਦਾਗਰ ਮੱਲ ਵੱਲ ਵੇਖਿਆ। ਇਸ ਤੱਕਣੀ ਵਿੱਚ ਅਥਰੂ ਸਨ ਤੇ ਅਥਰੂਆਂ ਦੀ ਓਟ ਵਿੱਚ ਬੇ-ਬਸੀ ਸੀ। ਮੈਂ ਉਤਾਵਲਾ ਹੋ ਕੇ ਪੁੱਛਿਆ- "ਚੁੱਪ ਕਿਉਂ ਹੋ ? ਦੱਸ, ਕੀ ਇਹ ਸੱਚ ਹੈ ?"

ਕੁੱਝ ਛਿਣ ਸਾਧੂ ਰਾਮ ਨੇ ਸੋਚਿਆ, ਅਤੇ ਫਿਰ ਦਲੇਰੀ ਨਾਲ ਉੱਤਰ ਦਿੱਤਾ— ''ਜੀ, ਹਾਂ ! ਸੱਚ ਹੈ।"

"ਤੂੰ ਕਿੰਨਾ ਰੁਪਿਆ ਖਾਧਾ ਹੈ ?"

"ਚਾਰ ਸੋ।"

"ਅਤੇ ਇਨ੍ਹਾਂ ਦੇ ਨੌਕਰ ਨੇ ?"

"ਉਸ ਨੇ ਵੀ ਚਾਰ ਸੌ।

ਮੈਂ ਉਸ ਦੀਆਂ ਅੱਖਾਂ ਵਿੱਚ ਅੱਖਾਂ ਗੱਡ ਕੇ ਕਿਹਾ- "ਜਾਣਦਾ ਹੈ ਕਿ ਤੂੰ ਕੀ ਕਹਿ ਰਿਹਾ ਹੈਂ ? ਤੂੰ ਕਹਿ ਰਿਹਾ ਹੈਂ ਕਿ ਤੂੰ ਚੋਰੀ ਕੀਤੀ ਹੈ ?"

"ਜੀ, ਹਾਂ। ਮੈ ਚੋਰੀ ਕੀਤੀ ਹੈ। ਮੈਂ ਕਿਵੇਂ ਮੁਕਰ ਸਕਦਾ ਹਾਂ ? ਭੁੱਲ ਹੋ ਗਈ ਹੈ। ਹੁਣ ਤੁਹਾਡੇ ਤਰਸ ਤੇ ਹਾਂ। ਚਾਹੇ ਬਚਾ ਲਵੋ ਚਾਹੇ ਜ਼ਿੰਦਗੀ ਬਰਬਾਦ ਕਰ ਦਿਓ।"

ਸਾਧੂ ਰਾਮ ਨੇ ਇਸ ਵਕਤ ਤਕ ਜੋ ਨਹੀਂ ਸੀ ਕੀਤਾ, ਉਹ ਅੱਜ ਕੀਤਾ। ਉਸ ਦੇ ਮੂੰਹ ਤੋਂ ਸ੍ਵੈ-ਸਨਮਾਨ ਦਾ ਭਾਵ ਇਸ ਤਰ੍ਹਾਂ ਅਲੋਪ ਹੋ ਗਿਆ ਸੀ, ਜਿਵੇਂ ਸਫੇਦੀ ਨੂੰ ਸਿਆਹੀ ਹੀ ਭਜਾ ਦੇਂਦੀ ਹੈ। ਇਹ ਵੇਖ ਕੇ ਮੇਰੇ ਦਿਲ ਤੇ ਬੜੀ ਡੂੰਘੀ ਸੱਟ ਲੱਗੀ। ਇਹੀ ਜ਼ੁਰਮ ਜੋ ਦਫਤਰ ਦੇ ਕਿਸੇ ਹੋਰ ਆਦਮੀ ਨੇ ਕੀਤਾ ਹੁੰਦਾ ਤਾਂ ਮੈਂ ਉਸ ਵੱਲ ਇੰਨਾ ਧਿਆਨ ਨਾ ਦੇਂਦਾ। ਪਰ ਇਸ ਵਿੱਚ ਸਾਧੂ ਰਾਮ ਦਾ ਹੱਥ ਵੇਖ ਕੇ ਮੈਨੂੰ ਜ਼ਹਿਰ ਚੜ੍ਹ ਗਿਆ। ਮੈਂ ਉਸਨੂੰ ਕਿੰਨਾ ਨੇਕ

ਸਮਝਦਾ ਸਾਂ। ਉਸ ਤੇ ਕਿੰਨਾ ਵਿਸ਼ਵਾਸ਼ ਕਰਦਾ ਸਾਂ ? ਮੈਨੂੰ ਕਦੇ ਉਸ ਤੇ ਸ਼ੱਕ ਤਕ ਵੀ ਨਹੀਂ ਸੀ ਹੋਇਆ। ਪਰ ਅੱਜ ਉਸਨੇ ਆਪਣੀ ਸਾਖ ਮਿੱਟੀ ਵਿੱਚ ਮਿਲਾ ਦਿੱਤੀ ਸੀ। ਅੱਜ ਉਸਨੇ ਆਪਣੀ ਇੱਜਤ ਰੋਲ ਛੱਡੀ ਅਤੇ ਉਸ ਆਪਣੀ ਗੌਰਵਤਾ ਆਪਣੇ ਹੱਥਾਂ ਨਾਲ ਹੀ ਲੁੱਟ ਲਈ। ਮੈਨੂੰ ਅਫਸੋਸ ਹੋਇਆ। ਮੈਂ ਠੰਡਾ ਸਾਹ ਭਰਿਆ ਤੇ ਕਿਹਾ— ਸਾਧੂ ਰਾਮ, ਮੈਨੂੰ ਤੇਰੇ ਤੋਂ ਇਹ ਆਸ ਨਹੀਂ ਸੀ। ਤੂੰ ਮੇਰਾ ਦਿਲ ਤੋੜ ਦਿੱਤਾ ਹੈ। ਮੈਨੂੰ ਤੇਰੇ ਤੇ ਸ਼ਰਧਾ ਸੀ। ਤੂੰ ਮੇਰੇ ਤੋਂ ਮੇਰੀ ਉਹ ਸ਼ਰਧਾ ਖੋਹ ਲਈ ਹੈ।"

(4)

ਪਾਪੀ ਦਾ ਸਿਰ ਉੱਚਾ ਨਹੀਂ ਉਠਦਾ। ਸਾਧੂ ਰਾਮ ਨੇ ਜ਼ਮੀਨ ਵੱਲ ਤੱਕਦਿਆਂ ਜਵਾਬ ਦਿੱਤਾ—ਸਾਹਿਬ ! ਹੁਣ ਤਾਂ ਹੋ ਗਿਆ। ਇਸ ਵਾਰੀ ਮਾਫ਼ ਕਰ ਦਿਓ। ਫਿਰ ਕਦੇ ਅਜਿਹੀ ਗਲਤੀ ਨਹੀਂ ਹੋਵੇਗੀ। ਸੱਚ ਕਹਿੰਦਾ ਹਾਂ ਇਹ ਮੇਰਾ ਪਹਿਲਾ ਅਪਰਾਧ ਹੈ। ਅਤੇ ਸੱਚ ਕਹਿੰਦਾ ਹਾਂ ਕਿ ਜੇ ਆਪ ਮਾਫ਼ ਕਰ ਦਿਓ ਤਾਂ ਇਹੀ ਮੇਰਾ ਆਖ਼ਰੀ ਅਪਰਾਧ ਹੋ ਜਾਵੇਗਾ।"

ਮੈਂ ਗੁੱਸੇ ਨਾਲ ਪਾਗਲ ਹੋ ਰਿਹਾ ਸਾਂ-ਖਿਝ ਕੇ ਬੋਲਿਆ-"ਮੈਂ ਮਾਫ਼ ਨਹੀਂ ਕਰਾਂਗਾ। ਮੈਂ ਤੁਹਾਨੂੰ ਦੋਹਾਂ ਨੂੰ ਪੁਲੀਸ ਦੇ ਹਵਾਲੇ ਕਰਾਂਗਾ।"

ਸਾਧੂ ਰਾਮ ਨੇ ਕਿਹਾ-"ਕੀ ਤੁਸੀਂ ਮੈਨੂੰ ਮਾਫ ਨਹੀਂ ਕਰ ਸਕਦੇ ?"

ਸਾਧੂ ਰਾਮ ਨੂੰ ਪੈਰਾਂ ਹੇਠੋਂ ਜਮੀਨ ਖਿਸਕਦੀ ਜਾਪੀ। ਉਸਦਾ ਸਾਰਾ ਸਰੀਰ ਕੰਬਣ ਲੱਗ ਪਿਆ। ਕਿਸੇ ਹੋਰ ਵੇਲੇ ਉਸਦੀ ਇਹ ਹਾਲਤ ਮੇਰੇ ਗੁੱਸੇ ਤੇ ਪਾਣੀ ਦਾ ਕੰਮ ਕਰ ਸਕਦੀ, ਪਰ ਹੁਣ ਉਸਨੇ ਬਲਦੀ ਤੇ ਤੇਲ ਦਾ ਕੰਮ ਕੀਤਾ। ਮੈਂ ਕੜਕ ਕੇ ਕਿਹਾ— "ਇੱਦਾਂ ਨਹੀਂ ਹੋਵੇਗਾ। ਤੇਰੀ ਥਾਂ ਇਸ ਦਫ਼ਤਰ ਵਿੱਚ ਨਹੀਂ ਜਿਹਲਖ਼ਾਨੇ ਵਿੱਚ ਹੈ।"

ਸੌਦਾਗਰ ਮੱਲ ਉਠ ਕੇ ਚਲੇ ਗਏ। ਮੇਰਾ ਗੁੱਸਾ ਹੋਰ ਵੀ ਵੱਧ ਗਿਆ। ਮੈਂ ਫੋਨ ਦਾ ਚੋਗਾ ਆਪਣੇ ਹੱਥ ਵਿੱਚ ਲਿਆ ਤੇ ਪੁਲੀਸ ਲਾਈਨ ਦਾ ਨੰਬਰ ਮੰਗਿਆ। ਸਾਧੂ ਰਾਮ ਦੀਆਂ ਅੱਖਾਂ ਵਿੱਚ ਅਥਰੂ ਆ ਗਏ। ਰੌਂਦੇ ਰੌਂਦੇ ਬੌਲਿਆ- "ਜਨਾਬ ! ਮੇਰੀ ਪਤਨੀ ਬੀਮਾਰ ਸੀ......ਮੇਰੇ ਪਾਸ ਪੈਸਾ ਨਹੀਂ ਸੀ.....ਮੈਨੂੰ ਕਿਸੇ ਨੇ ਉਧਾਰ ਨਾ ਦਿੱਤਾ......।"

ਇਸ ਤੋਂ ਅੱਗੇ ਉਸਦਾ ਗੱਚ ਭਰ ਗਿਆ। ਉਹ ਇਕ ਸ਼ਬਦ ਵੀ ਨਾ ਬੋਲ ਸਕਿਆ।

ਮੇਰੇ ਸਾਹਮਣਿਓਂ ਪਰਦਾ ਉਠ ਗਿਆ। ਉਹ ਪਵਿੱਤਰ ਆਤਮਾ ਜਿਹੜੀ ਸਾਰੇ ਦਫ਼ਤਰ ਵਿੱਚ ਸ਼ਰਾਫ਼ਤ ਦੀ ਤਸਵੀਰ ਸਮਝੀ ਜਾਂਦੀ ਸੀ, ਜਿਸਦਾ ਸ੍ਵੈ-ਸਨਮਾਨ ਲੋਕਾਂ ਲਈ ਆਦਰਸ਼ ਸੀ, ਜਿਸ ਦੀ ਨੇਕ ਨੀਤੀ ਤੇ ਸ਼ੱਕ ਕਰਨਾ ਪਾਪ ਸੀ, ਜਿਹੜਾ ਸਦਾ ਸਿਰ ਉੱਚਾ ਕਰਕੇ ਚਲਿਆ ਕਰਦਾ ਸੀ, ਉਹੀ ਦੇਵਤਾ ਅੱਜ ਮੁਜਰਮ ਵਾਂਗ ਮੇਰੇ ਸਾਹਮਣੇ ਖੜਾ ਸੀ। ਪਰ

ਇਹ ਪਾਪ, ਇਹ ਜੁਰਮ ! ਉਸਨੇ ਲਾਲਚ ਦੇ ਵੱਸ ਨਹੀਂ ਸੀ ਕੀਤਾ, ਧਨ ਦੇ ਲੋਭ ਵਿੱਚ ਨਹੀਂ ਸੀ ਕੀਤਾ। ਉਸਨੂੰ ਆਪਣੀ ਪਿਆਰੀ ਪਤਨੀ ਦੇ ਇਲਾਜ ਲਈ ਜਰੂਰਤ ਸੀ, ਅਤੇ ਰੁਪਿਆ ਉਸ ਪਾਸ ਹੋ ਨਹੀਂ ਸੀ। ਉਹ ਇਸ ਔਖੇ ਇਮਤਿਹਾਨ ਵਿੱਚੋਂ ਫੇਲ੍ਹ ਹੋ ਗਿਆ ਤਾਂ ਕੀ ਉਹ ਮੁਜਰਮ ਸੀ ?

ਇੱਕ ਦਮ ਮੈਨੂੰ ਚੇਤੇ ਆ ਗਿਆ ਕਿ ਅਜਿਹਾ ਸਮਾਂ ਮੇਰੇ ਉੱਤੇ ਵੀ ਆ ਚੁੱਕਾ ਹੈ। ਕਈ ਸਾਲ ਹੋਏ। ਮੇਰੀ ਪਤਨੀ ਵੀ ਬੀਮਾਰ ਸੀ। ਉਨ੍ਹਾਂ ਦਿਨਾਂ ਵਿੱਚ ਮੇਰੀ ਤਨਖਾਹ ਵੀ ਬਹੁਤ ਥੋੜੀ ਸੀ। ਦਾਲ ਰੋਟੀ ਦਾ ਖ਼ਰਚ ਵੀ ਮੁਸ਼ਕਲ ਨਾਲ ਚਲਦਾ ਸੀ। ਦੂਜੇ ਪਾਸੇ ਘਰ ਵਿੱਚ ਬੀਮਾਰੀ ! ਹੱਥ ਵਿੱਚ ਪੈਸਾ ਤਕ ਵੀ ਨਾ ਰਿਹਾ। ਦੋਸਤਾਂ ਤੋਂ ਸਹਾਇਤਾ ਮੰਗੀ, ਪਰ ਕਿਸੇ ਨੇ ਪਰਵਾਹ ਨਾ ਕੀਤੀ। ਨਿਰਾਸ਼ਾ ਨੇ ਹਨੇਰਾ ਫੈਲਾ ਦਿੱਤਾ। ਇਸੇ ਹਨੇਰੇ ਵਿੱਚ ਪੈਰ ਧੀਰਜ ਦੀ ਸ਼ਿਲਾ ਤੋਂ ਫਿਸਲਦੇ ਹਨ ਅਤੇ ਸੁਮਾਰਗ ਅੱਖਾਂ ਤੋਂ ਓਝਲ ਹੁੰਦਾ ਹੈ। ਇਸੇ ਪਰਲੋ ਦੀ ਰਾਤ ਵਿੱਚ ਆਦਮੀ ਉਮਰ ਭਰ ਦੀ ਕਮਾਈ ਗੁਆ ਬੈਠਦਾ ਹੈ, ਅਤੇ ਮੋਹ ਰੂਪੀ ਡਾਕੂ ਉਸਨੂੰ ਪਾਪ ਦੇ ਰਾਹ ਤੇ ਪਾ ਦੇਂਦਾ ਹੈ। ਜ਼ਿਆਦਾ ਤੇਜ਼ ਦੌੜਨ ਵਾਲਾ ਆਦਮੀ ਵੀ ਕਦੇ ਕਦੇ ਮੂੰਹ ਭਾਰ ਡਿਗ ਪੈਂਦਾ ਹੈ। ਉਸ ਵੇਲੇ ਮੈਂ ਮੋਹ ਦਾ ਸਾਹਮਣਾ ਕੀਤਾ ਪਰ ਕੁੱਝ ਬਣ ਨਾ ਸਕਿਆ। ਧਰਮ ਦੀ ਬਾਜ਼ੀ ਹਾਰ ਗਿਆ ਅਤੇ ਚੋਰੀ ਕਰ ਬੈਠਿਆ। ਵਿਚਾਰ ਆਇਆ, ਸਾਧੂ ਰਾਮ ਦੇ ਜੀਵਨ ਵਿੱਚ ਵੀ ਪਰਲੋ ਦੀ ਉਹੀ ਰਾਤ ਆਈ ਸੀ। ਫਰਕ ਕੇਵਲ ਇਤਨਾ ਹੈ ਕਿ ਇਸਦਾ ਦੋਸ਼ ਪ੍ਰਗਟ ਹੋ ਗਿਆ ਹੈ, ਮੇਰਾ ਅਪਰਾਧ ਅਜੇ ਤਕ ਛੁਪਿਆ ਹੋਇਆ ਹੈ। ਕੀ ਇਸ ਨਾਲ ਮੈਨੂੰ ਇਹ ਅਧਿਕਾਰ ਮਿਲ ਗਿਆ ਹੈ ਕਿ ਇਸ ਦਾ ਜੀਵਨ ਬਰਬਾਦ ਕਰ ਦੇਵਾਂ ?

ਮੈਂ ਫੋਨ ਹਥੋਂ ਰੱਖ ਦਿੱਤਾ। ਯਾਦ ਨੇ ਫਿਰ ਅਤੀਤ ਦੇ ਦਫ਼ਤਰ ਖੋਲ੍ਹ ਦਿੱਤੇ। ਉਸ ਵੱਲੋ ਮੈਂ ਕਿੰਨਾ ਸਹਿਮਿਆ ਹੁੰਦਾ ਸਾਂ। ਦਿਨ ਰਾਤ ਇਹੀ ਸੋਚਦਾ ਸਾਂ ਕਿ ਜੇ ਮੇਰੀ ਕਰਤੂਤ ਖੁਲ੍ਹ ਗਈ, ਤਾਂ ਕੀ ਬਣੇਗਾ ? ਲੋਕੀ ਹੈਰਾਨ ਰਹਿ ਜਾਣਗੇ ! ਕਹਿਣਗੇ ਅਸੀਂ ਤਾਂ ਇਸ ਨੂੰ ਮਹਾਤਮਾ ਸਮਝੀ ਬੈਠੇ ਸਾਂ। ਮਗਰ ਇਹ ਹਜ਼ਰਤ ਨਿਕਲਿਆ। ਸ਼ਕਲ ਦੇਵਤਿਆਂ ਦੀ ਹੈ, ਪਰ ਕੰਮ ਸੰਤਾਨ ਦਾ ਹੈ। ਉਹੀ ਅਵੱਸਥਾ ਸਾਧੂ ਰਾਮ ਦੇ ਰੂਪ ਵਿੱਚ ਅੱਜ ਫਿਰ ਮੇਰੇ ਸਾਹਮਣੇ ਸੀ।

ਮੈਂ ਸੋਚਿਆ, ਜੇ ਇਸ ਨੂੰ ਪੁਲੀਸ ਦੇ ਹਵਾਲੇ ਕਰ ਦਿੱਤਾ ਤਾਂ ਇਸ ਦੀ ਬੀਮਾਰ ਪਤਨੀ ਦਾ ਕੀ ਹਾਲ ਹੋਵੇਗਾ ? ਮੇਰੀਆਂ ਅੱਖਾਂ ਵਿੱਚ ਅਥਰੂ ਭਰ ਆਏ। ਸਾਧੂ ਰਾਮ ਲਈ ਹਿਰਦੇ ਵਿੱਚ ਸੁੱਤਾ ਹੋਇਆ ਪਿਆਰ ਫਿਰ ਜਾਗ ਪਿਆ। ਮੈਂ ਲੰਮਾ ਸਾਹ ਲੈ ਕੇ ਸਿਰ ਚਕਿਆ ਤੇ ਕਿਹਾ—"ਸਾਧੂ ਰਾਮ ! ਮੈਂ ਤੈਨੂੰ ਮਾਫ਼ ਕਰਦਾ ਹਾਂ। ਪਰ ਇਹ ਰੁਪਿਆ ਤੈਨੂੰ ਵਾਪਸ ਕਰਨਾ ਪਵੇਗਾ।"

ਡੁਬਦੇ ਹੋਏ ਨੂੰ ਕਿਨਾਰਾ ਮਿਲ ਗਿਆ। ਸਾਧੂ ਰਾਮ ਦੇ ਚਿਹਰੇ ਤੇ ਚਮਕ ਆ ਗਈ। ਜੋ ਖੁਸ਼ੀ ਫਾਂਸੀ ਦੇ ਤਖ਼ਤੇ ਤੇ ਚੜ੍ਹਦੇ ਅਪਰਾਧੀ ਨੂੰ ਆਪਣੀ ਰਿਹਾਈ ਦੀ ਖ਼ਬਰ ਸੁਣ ਕੇ ਹੁੰਦੀ ਹੈ, ਉਹੀ ਖੁਸ਼ੀ ਸਾਧੂ ਰਾਮ ਨੂੰ ਇਨ੍ਹਾਂ ਸ਼ਬਦਾਂ ਤੋਂ ਹੋਈ। ਉਹ ਗੋਡਿਆਂ ਪਰਨੇ ਬੈਠ ਗਿਆ, ਅਤੇ ਮੇਰੇ ਵੱਲ ਅਥਰੂਆਂ ਭਰੀਆਂ ਅੱਖਾਂ ਨਾਲ ਵੇਖ ਕੇ ਬੋਲਿਆ- "ਇਹ ਅਹਿਸਾਨ ਉਮਰ ਭਰ ਨਾ ਭੁਲਾਂਗਾ। ਤੁਸੀਂ ਮੈਨੂੰ ਬਚਾ ਲਿਆ ਹੈ।"

ਇਸ ਘਟਨਾ ਨੂੰ ਹੋਏ ਕਈ ਸਾਲ ਹੋ ਚੁਕੇ ਹਨ। ਸਾਧੂ ਰਾਮ ਹੁਣ ਵੀ ਮੇਰੇ ਦਫ਼ਤਰ ਵਿੱਚ ਕੰਮ ਕਰਦਾ ਹੈ। ਉਹ ਅੱਜਕੱਲ 150 ਰੁਪਏ ਲੈਂਦਾ ਹੈ ਤੇ ਬੜੇ ਮਜ਼ੇ ਵਿੱਚ ਹੈ।

ਉਸ ਨੇ ਅਪਣੇ ਚਰਿਤਰ ਨਾਲ ਆਪਣੇ ਕਲੰਕ ਨੂੰ ਆਪ ਧੋ ਦਿੱਤਾ ਹੈ। ਉਸਨੇ ਚੋਰੀ ਦਾ ਰੁਪਿਆ ਵਾਪਸ ਕਰ ਦਿੱਤਾ ਹੈ। ਦਫ਼ਤਰ ਦੇ ਆਦਮੀਆਂ ਦੀ ਉਸ ਉੱਤੇ ਹੁਣ ਵੀ ਅਟਲ ਸ਼ਰਧਾ ਹੈ। ਇਤਨਾ ਹੀ ਨਹੀਂ, ਉਸਦੀ ਸ਼ਰਾਫ਼ਤ ਦੀ ਧਾਕ ਸਾਰੇ ਸ਼ਹਿਰ ਵਿੱਚ ਬੈਠੀ ਹੋਈ ਹੈ। ਉਹ ਅਕਸਰ ਮੇਰੇ ਘਰ ਆਉਂਦਾ ਜਾਂਦਾ ਰਹਿੰਦਾ ਹੈ। ਉਸ ਨੂੰ ਵੇਖ ਕੇ ਮੇਰਾ ਦਿਲ ਫੁੱਲ ਵਾਂਗ ਖਿੜ ਜਾਂਦਾ ਹੈ, ਅਤੇ ਮੇਰੇ ਬਾਲ ਬੱਚੇ ਤਾਂ ਉਸਨੂੰ ਆਪਣਾ ਗੁਰੂ ਸਮਝਦੇ ਹਨ। ਮੈਂ ਸੋਚਦਾ ਹਾਂ ਕਿ ਉਸ ਸਮੇਂ ਜੇ ਮੈਂ ਉਸਨੂੰ ਮਾਫ਼ ਨਾ ਕਰਦਾ ਤਾਂ ਉਹ ਅੱਜ ਕੀ ਹੁੰਦਾ ? ਚੋਰ, ਡਾਕੂ ਜਾਂ ਕਾਤਲ ? ਅੱਜ ਉਹ ਸਮਾਜ ਦਾ ਇਕ ਚੰਗਾ ਅੰਗ ਹੈ। ਉਦੋਂ ਉਹ ਸਮਾਜ ਦਾ ਇਕ ਗਲਿਆ ਸੜਿਆ ਫੋੜਾ ਹੁੰਦਾ।

ਮੈਨੂੰ ਆਪਣੇ ਫੈਸਲੇ ਤੋਂ ਖ਼ੁਸ਼ੀ ਹੁੰਦੀ ਹੈ। ਪਰ ਮੈਂ ਇਸ ਖ਼ੁਸ਼ੀ ਦਾ ਪ੍ਰਗਟਾ ਸਾਧੂ ਰਾਮ ਅੱਗੇ ਕਦੇ ਨਹੀਂ ਕਰਦਾ।

-0-

## ਘੋਰ ਪਾਪ

(1)

ਪਾਪਾਂ ਤੇ ਦੁਰਾਚਾਰਾਂ ਭਰੀ ਅੱਧੀ ਰਾਤ, ਸ਼ਰਾਬ ਤੇ ਸੁੰਦਰਤਾ ਦੀ ਸੰਗਤ ਵਿੱਚ ਬਿਤਾ ਕੇ, ਮਹਿਤਾਬ ਰਾਏ ਗੱਡੀ ਵਿੱਚ ਬੈਠ ਕੇ ਆਪਣੇ ਘਰ ਵੱਲ ਚਲਿਆ। ਉਹ ਚਾਹੁੰਦਾ ਸੀ ਕਿ ਪ੍ਰਭਾਤ ਦੇ ਚਾਨਣ ਤੋਂ ਪਹਿਲਾਂ ਪਹਿਲਾਂ ਹੀ ਉਹ ਉਸ ਪਾਪ ਪੁਰੀ ਤੋਂ ਚਲਿਆ ਜਾਵੇ, ਅਤੇ ਬਨਾਰਸ ਦਾ ਕੋਈ ਸ਼ਰੀਫ ਆਦਮੀ ਉਸਨੂੰ ਉਥੇ ਵੇਖ ਨਾ ਲਵੇ !

ਰਾਤ ਤਿੰਨਾਂ ਪਹਿਰਾਂ ਤੋਂ ਵੱਧ ਬੀਤ ਚੁੱਕੀ ਸੀ। ਚੌਹੀਂ ਪਾਸੀਂ ਸਨਾਟਾ ਛਾਇਆ ਸੀ। ਅਤੇ ਉਹ ਬਾਜ਼ਾਰ, ਜਿਹੜਾ ਰਾਤ ਦੇ ਦਸ-ਬਾਰਾਂ ਵਜੇ ਤਕ ਬਨਾਰਸ ਦਾ ਸਭ ਤੋਂ ਜਗਮਗਾਉਂਦਾ ਤੇ ਜੀਉਂਦਾ ਜਾਗਦਾ ਬਾਜ਼ਾਰ ਬਣਿਆ ਰਹਿੰਦਾ ਸੀ, ਇਸ ਵੇਲੇ ਖ਼ਤਮ ਹੋਏ ਮੇਲੇ ਵਾਂਗ ਸੁਨਸਾਨ ਸੀ। ਹਾਂ ਕਿਸੇ-ਕਿਸੇ ਮਕਾਨ ਦੀ ਮਧਮ ਰੋਸ਼ਨੀ ਜਾਂ ਆਵਾਜ਼ ਇਸ ਗੱਲ ਦਾ ਸਬੂਤ ਸੀ ਕਿ ਅਜੇ ਤਕ ਇਸ ਘਰ ਵਾਲੇ ਜਾਗ ਰਹੇ ਹਨ। ਅੱਗ ਬੁਝ ਜਾਣ ਤੋਂ ਬਾਅਦ ਵੀ ਕਦੀ-ਕਦੀ ਉਸਦੀ ਕੋਈ ਚਿੰਗਾੜੀ ਚਮਕ ਪੈਂਦੀ ਹੈ।

ਮਹਿਤਾਬ ਰਾਏ ਦੀ ਗੱਡੀ ਚਲੀ ਜਾ ਰਹੀ ਸੀ। ਉਸਦੇ ਚੌਹੀਂ ਪਾਸੀਂ ਹਨੇਰਾ ਸੀ। ਪਰ ਉਸਦਾ ਦਿਮਾਗ ਅਜੇ ਤਕ ਉਸੇ ਕਲੰਕਿਤ ਤੇ ਕਲੂਸ਼ਿਤ ਕੌਮੁਦੀ ਦੇ ਚਾਨਣ ਨਾਲ ਜਗਮਗਾ ਰਿਹਾ ਸੀ, ਜਿਸ ਕੋਲੋਂ ਉਹ ਉਠ ਕੇ ਆ ਰਿਹਾ ਸੀ। ਉਸ ਦੀਆਂ ਅੱਖਾਂ ਵਿੱਚ ਅਜੇ ਉਹੀ ਨਜ਼ਾਰੇ ਨੱਚ ਰਹੇ ਸਨ। ਉਸ ਦੇ ਕੰਨਾਂ ਵਿੱਚ ਅਜੇ ਉਹੀ ਸੁਰਾ ਗੂੰਜ ਰਹੀਆਂ ਸਨ। ਸਰੀਰ ਘਰ ਨੂੰ ਜਾ ਰਿਹਾ ਸੀ, ਦਿਲ ਪਾਪ ਪੁਰੀ ਵੱਲ ਦੌੜ ਰਿਹਾ ਸੀ।

ਅਚਾਨਕ ਗੱਡੀ ਇਕ ਮੋਟਰ ਨਾਲ ਟਕਰਾਈ ਤੇ ਉਲਟ ਗਈ। ਲਾਲਾ ਮਹਿਤਾਬ ਰਾਏ ਨੇ ਬਚਣ ਦਾ ਪੂਰਾ ਯਤਨ ਕੀਤਾ, ਪਰ ਬਚ ਨਾ ਸਕਿਆ। ਸ਼ਰਾਬ, ਜਵਾਨੀ ਤੇ ਸੁੰਦਰਤਾ ਦੀ ਮਦ ਵਿੱਚ ਮਤਵਾਲੇ ਹੱਥ ਡਿਗਦੀ ਹੋਈ ਦੇਹ ਨੂੰ ਸੰਭਾਲ ਨਾ ਸਕੇ। ਉਸਦੀਆਂ ਉਂਗਲਾਂ ਸੜਕ ਦੀ ਮਿੱਟੀ ਤੋਂ ਤਿਲਕ ਗਈਆਂ, ਅਤੇ ਘੋੜੇ ਦਾ ਪੈਰ ਉਨ੍ਹਾਂ ਦੇ ਸਿਰ ਉਤੋਂ ਦੀ ਲੰਘ ਗਿਆ। ਇਕ ਹੋਲੀ ਜਿਹੀ ਚੀਕ ਹਵਾ ਵਿੱਚ ਗੂੰਜੀ, ਅਤੇ ਇਸ ਤੋਂ ਬਾਅਦ ਮਹਿਤਾਬ ਰਾਏ

ਬੇਹੋਸ਼ ਹੋ ਗਿਆ। ਮੋਟਰ ਦੇ ਅੰਗਰੇਜ਼ ਮਾਲਕ ਨੇ ਇਹ ਸੋਚੇ ਬਿਨਾ ਕਿ ਕੌਣ ਡਿਗਿਆ ਹੈ ? ਅਤੇ ਕਿਸ ਤਰ੍ਹਾਂ ਡਿਗਿਆ ਹੈ ? ਸਿਗਾਰ ਦਾ ਕਸ਼ ਲੱਗਾਕੇ ਆਪਣੇ ਸ਼ੋਫ਼ਰ ਤੋਂ ਪੁਛਿਆ-"ਮੋਟਰ ਤੇ ਨਹੀਂ ਟੂਟਾ ?"

ਸੋਫਰ ਨੇ ਮੋਟਰ ਤੋਂ ਉਤਰ ਕੇ ਮੋਟਰ ਨੂੰ ਚੰਗੀ ਤਰ੍ਹਾਂ ਦੇਖਿਆ ਤੇ ਉੱਤਰ ਦਿੱਤਾ— "ਨਹੀਂ ਹਜ਼ੂਰ !"

ਇਹ ਸੁਣ ਕੇ ਸਾਹਿਬ ਨੂੰ ਕੁਝ ਧੀਰਜ ਹੋਇਆ। ਅਤੇ ਫਿਰ ਕਹਿਣ ਲੱਗਾ—'ਯੇ ਕਾਲਾ ਲੋਕ ਬਿਲਕੁਲ ਗਧੇ ਕੇ ਮਾਫਕ ਹੈ। ਹਮ ਇਸ ਐਕਸੀਡੈਂਟ ਕਾ ਰਪੋਰਟ ਕਰਕੇ ਇਸ ਗਧੇ ਕੇ ਜੇਲ੍ਹ ਭਿਜਵਾਏਗਾ।"

ਸ਼ੋਫਰ ਨੇ ਮੋਟਰ ਚਲਾ ਦਿੱਤੀ। ਮੋਟਰ ਆਪਣੀ ਤੇਜ਼ ਰਫ਼ਤਾਰ ਨਾਲ ਸੱਨਾਟੇ ਨੂੰ ਤੋੜਦੀ ਹੋਈ ਨਿਕਲ ਗਈ। ਤਦ ਕੋਚਵਾਨ ਨੇ ਬੜੀ ਮੁਸ਼ਕਲ ਨਾਲ ਆਪਣੇ ਘੋੜੇ ਨੂੰ ਉਠਾਇਆ, ਅਤੇ ਗੱਡੀ ਲੈ ਕੇ ਭੱਜ ਗਿਆ। ਉਸਨੂੰ ਡਰ ਸੀ ਕਿ ਜੇ ਮੇਰਾ ਨੰਬਰ ਨੋਟ ਹੋ ਗਿਆ, ਤਾਂ ਮੇਰੇ ਤੇ ਵੀ ਮੁਸੀਬਤ ਆ ਪਵੇਗੀ। ਥੋੜੀ ਦੇਰ ਵਿੱਚ ਮੋਟਰ ਤੇ ਗੱਡੀ ਦੋਵੇਂ ਆਮੋ-ਸਾਹਮਣੇ ਦੇ ਹਨੇਰੇ ਵਿੱਚ ਅਲੋਪ ਹੋ ਗਈਆਂ ਅਤੇ ਉਨ੍ਹਾਂ ਦੀ ਆਵਾਜ਼ ਦੂਰ ਡੁੱਬ ਗਈ।

ਮਹਿਤਾਬ ਰਾਏ ਉੱਥੇ ਸੜਕ ਤੇ ਹੀ ਬੇਹੋਸ਼ ਪਿਆ ਸੀ। ਉਸ ਦੇ ਸਿਰ ਵਿਚੋਂ ਖੂਨ ਵਹਿ ਰਿਹਾ ਸੀ। ਉਸਦੇ ਚਾਰੇ ਪਾਸੇ ਰਾਤ ਦਾ ਹਨੇਰਾ ਤੇ ਸੱਨਾਟਾ ਸੀ। ਅਤੇ ਉਸਨੂੰ ਵੇਖਣ ਵਾਲਾ ਕੋਈ ਨਹੀਂ ਸੀ।

ਗੱਡੀ ਵਾਲੇ ਨੂੰ ਥੋੜੀ ਦੂਰ ਜਾ ਕੇ ਇਕ ਹੋਰ ਗੱਡੀ ਵਾਲਾ ਮਿਲਿਆ। ਉਸਨੇ ਉਸ ਦੂਜੇ ਕੋਚਵਾਨ ਨੂੰ ਨਾ ਵੇਖਿਆ, ਤੇ ਨਾ ਹੀ ਵੇਖਣ ਦਾ ਯਤਨ ਕੀਤਾ। ਉਸ ਨੂੰ ਡਰ ਸੀ, ਕਿਤੇ ਉਹ ਉਸਨੂੰ ਪਛਾਣ ਨਾ ਲਵੇਂ। ਉਹ ਆਪਣੀ ਆਵਾਜ਼ ਬਦਲ ਕੇ, ਅਤੇ ਆਪਣੇ ਮੂੰਹ ਨੂੰ ਲੁਕਾ ਕੇ, ਜ਼ੋਰ ਦੀ ਬੋਲਿਆ- "ਜ਼ਰਾ ਬੱਚ ਕੇ ਜਾਈਂ, ਰਾਹ ਵਿੱਚ ਇਕ ਆਦਮੀ ਬੇਹੋਸ਼ ਪਿਆ ਹੈ। ਕਿਤੇ ਥੱਲੇ ਆ ਕੇ ਕੁਚਲਿਆ ਨਾ ਜਾਵੇ।"

ਇਸ ਦੂਜੀ ਗੱਡੀ ਵਿੱਚ ਬਨਾਰਸ ਦੀ ਸਭ ਤੋਂ ਸੁੰਦਰ ਵੇਸਵਾ ਤਾਰਾ ਸਵਾਰ ਸੀ, ਜਿਸ ਦੇ ਰੂਪ-ਜੋਬਨ ਨੇ ਥੋੜੇ ਹੀ ਦਿਨਾਂ ਵਿੱਚ ਦਾਲ-ਮੰਡੀ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਦੇ ਰਸਿਕ ਲੋਕਾਂ ਦੇ ਦਿਲ ਨੂੰ ਆਪਣਾ ਮਤਵਾਲਾ ਬਣਾ ਲਿਆ ਸੀ, ਅਤੇ ਜਿਸ ਦੀ ਕੋਇਲ ਵਰਗੀ ਮਿੱਠੀ ਆਵਾਜ਼ ਨੇ ਵਿਆਕੁਲ ਦਿਲਾਂ ਵਿੱਚ ਅੱਗ ਲਾ ਦਿੱਤੀ ਸੀ। ਪਰ ਉਸ ਦੇ ਪਵਿੱਤਰ ਭਾਵ ਬਿਲਕੁਲ ਹੀ ਮਰ ਚੁਕੇ ਹੋਣ—ਇਹ ਗੱਲ ਨਹੀਂ ਸੀ ! ਉਸ ਵਿੱਚ ਜੀਵਨ ਦਾ ਕੁੱਝ ਅੰਸ਼ ਅਜੇ ਬਾਕੀ ਸੀ।

ਮਹਿਤਾਬ ਰਾਏ ਨੂੰ ਇਸ ਬੇਬਸੀ ਵਿੱਚ ਵੇਖ ਕੇ ਉਸਦੇ ਦਿਲ ਵਿਚੋਂ ਇਕ ਕਸਕ ਜਿਹੀ ਉਠੀ। ਉਸਦੀ ਕਰੁਣਾ ਇਕ ਦਮ ਜਾਗ ਉਠੀ। ਜਿਵੇਂ ਰਾਤ ਦੇ ਸੱਨਾਟੇ ਵਿੱਚ ਬਚਪਨ ਦੇ ਸੁਣੇ ਹੋਏ ਕਿਸੇ ਗੀਤ ਦੀ ਸੁਰ ਕਦੇ-ਕਦੇ ਸੁਣਾਈ ਦੇ ਜਾਂਦੀ ਹੈ। ਉਸ ਸੁਰ ਵਿੱਚ ਕਿੰਨੀ ਖਿੱਚ ਹੁੰਦੀ ਹੈ। ਕਿੰਨੀ ਜਾਦੂ ਸ਼ਕਤੀ ! ਉਸਨੂੰ ਸੁਣਕੇ ਨੀਂਦ ਖੁਲ੍ਹ ਜਾਂਦੀ ਹੈ ਅਤੇ ਬੀਤੇ ਹੋਏ ਦਿਨ ਅੱਖਾਂ ਅਗੋਂ ਫਿਰ ਜਾਂਦੇ ਹਨ। ਇਹੀ ਹਾਲ ਤਾਰਾ ਦਾ ਹੋਇਆ। ਮਹਿਤਾਬ ਰਾਏ ਦੀ ਬੇਬਸੀ ਨੇ ਉਸਦੇ ਨਾਰੀ-ਹਿਰਦੇ ਦੀ ਸੁੱਤੀ ਹੋਈ ਕਰੁਣਾ ਜਗਾ ਦਿੱਤੀ। ਉਸ ਕਰਣਾ ਨੂੰ, ਜੋ ਬਚਪਨ, ਅਤੇ ਕੇਵਲ ਬਚਪਨ ਦੀ ਅਲ੍ਹੜ ਤੇ ਪਵਿੱਤਰ ਅਵਸਥਾ ਵਿੱਚ ਹੀ ਵਿਖਾਈ ਦੇ ਸਕਦੀ ਹੈ।

ਮਹਿਤਾਬ ਰਾਏ ਆਪਣੇ ਆਪ ਨੂੰ ਕਲੰਕਿਤ ਕਰ ਚੁੱਕਾ ਸੀ। ਪਰ ਇਹ ਗੱਲ ਉਸਦੇ ਚਿਹਰੇ ਤੋਂ ਪ੍ਰਗਟ ਨਹੀਂ ਸੀ ਹੁੰਦੀ। ਉਸ ਦੇ ਮੂੰਹ ਤੇ ਅਜੇ ਤਕ ਉਹੀ ਸਰਲਤਾ ਸੀ, ਉਹੀ ਭੋਲਾਪਨ, ਜੋ ਚੰਗੇ ਲੋਕਾਂ ਦਾ ਸਰਮਾਇਆ ਹੁੰਦਾ ਹੈ। ਜੜ੍ਹਾਂ ਵਿੱਚ ਕੀੜਾ ਲੱਗ-ਚੁੱਕਾ ਸੀ; ਪਰ ਅਜੇ ਤਕ ਬਿਰਛ ਦੀ ਹਰਿਆਲੀ ਵਿੱਚ ਫਰਕ ਨਹੀਂ ਸੀ ਪਿਆ। ਤਾਰਾ ਨੇ ਆਪਣੇ ਨੌਕਰ ਦੀ ਸਹਾਇਤਾ ਨਾਲ ਮਹਿਤਾਬ ਰਾਏ ਨੂੰ ਆਪਣੀ ਗੱਡੀ ਵਿੱਚ ਪਾਇਆ, ਅਤੇ ਉਸ ਨੂੰ ਹਸਪਤਾਲ ਲੈ ਗਈ।

(2)

ਕਿੰਨਾ ਫਰਕ ਸੀ ! ਤਾਰਾ ਦੀਆਂ ਕਈ ਸੁਤੀਆਂ ਸ਼ੁਭ ਭਾਵਨਾਵਾਂ ਜਾਗ ਪਈਆਂ ਸਨ। ਉਸ ਨੂੰ ਆਪਣੇ ਆਪ ਨਾਲ, ਆਪਣੇ ਕੰਮ ਨਾਲ, ਆਪਣੇ ਘਰ ਨਾਲ, ਉਸ ਘਰ ਦੀ ਵਿਲਾਸਤਾ ਨਾਲ ਘ੍ਰਿਣਾ ਹੋ ਗਈ ਸੀ। ਮਹਿਤਾਬ ਰਾਏ ਦੀ ਮਾਂ ਭੈਣ ਅਤੇ ਪਤਨੀ ਦੇ ਸੁੱਚੇ ਪ੍ਰੇਮ ਅਤੇ ਲਾਜ-ਸ਼ਰਮ ਨੇ ਉਸਦੇ ਘ੍ਰਿਣਿਤ ਜੀਵਨ ਨੂੰ ਉਸਦੀ ਦ੍ਰਿਸ਼ਟੀ ਵਿੱਚ ਹੋਰ ਵੀ ਘ੍ਰਿਣਿਤ ਕਰ ਦਿੱਤਾ। ਉਹ ਬਚਪਨ ਤੋਂ ਹੀ ਸੁੰਦਰਤਾ ਦਾ ਸੌਦਾ ਕਰਨ ਵਾਲੀ ਦੁਨੀਆਂ ਦੇ ਵਾਤਾਵਰਣ ਵਿੱਚ ਪਲੀ ਸੀ। ਇਸ ਲਈ ਉਸ ਨੂੰ ਪਹਿਲਾਂ ਭਲੇ ਘਰਾਂ ਦਾ ਸਾਊ ਜੀਵਨ ਵੇਖਣ ਦਾ ਸਮਾਂ ਨਹੀਂ ਸੀ ਮਿਲਿਆ। ਉਸਨੂੰ ਇਹ ਵੀ ਪਤਾ ਨਹੀਂ ਸੀ ਕਿ ਪਤਨੀ-ਭਾਵ ਕੀ ਹੁੰਦਾ ਅਤੇ ਕਿਹੋ ਜਿਹਾ ਹੁੰਦਾ ਹੈ। ਉਹ ਦੌਲਤ ਦੀਆਂ ਹਰਜਾਈ ਧੀਆਂ ਵਾਂਗ ਜੰਮੀ ਸੀ, ਨਿਰਲੱਜਤਾ ਦੀ ਗੋਦ ਵਿੱਚ ਪਲੀ ਅਤੇ ਪਾਪ ਦੇ ਵਿਹੜੇ ਵਿੱਚ ਵੱਡੀ ਹੋਈ ਸੀ। ਮਹਿਤਾਬ ਰਾਏ ਦੇ ਘਰ ਦੀਆਂ ਇਸਤਰੀਆਂ ਦੀ ਸਦਭਾਵਨਾ ਅਤੇ ਸੁਧਤਾ ਨੇ ਉਸਦੇ ਹਿਰਦੇ ਵਿੱਚ ਹਲਚਲ ਮਚਾ ਦਿੱਤੀ ਸੀ।

ਜਦ ਮਹਿਤਾਬ ਰਾਏ ਦੀ ਪਤਨੀ ਆਪਣੇ ਮਰੀਜ਼ ਪਤੀ ਵੱਲ ਵੇਖ ਕੇ ਆਪਣੇ ਦੇਵੀਆਂ ਵਰਗੇ ਸ਼ਰਮ ਨਾਲ ਕੰਬਦੇ ਹੱਥ ਉਸਦੇ ਮੱਥੇ ਤੇ ਫੇਰਦੀ ਸੀ; ਜਦ ਉਸਦੀ ਮਾਤਾ ਆਪਣੇ ਪੁੱਤਰ ਵੱਲ ਅਜਿਹੀ ਤੱਕਣੀ ਨਾਲ, ਜਿਹੜੀ ਤਾਰਾ ਨੇ ਇਸ ਤੋਂ ਪਹਿਲਾਂ ਕਦੇ ਨਹੀਂ ਸੀ ਵੇਖੀ, ਵੇਖਦੀ ਸੀ; ਜਦ ਉਸਦੀ ਭੈਣ ਉਸ ਪ੍ਰੇਮ ਨਾਲ, ਜਿਸ ਵਿੱਚ ਸਵਾਰਥ, ਬਨਾਵਟ ਜਾਂ ਬਕਾਵਟ ਦੀ ਪਰਛਾਈ ਵੀ ਨਹੀਂ ਸੀ, ਸੇਵਾ ਕਰਦੀ ਸੀ, ਤਾਂ ਤਾਰਾ ਦੇ ਦਿਲ ਤੇ ਇੰਨਾ ਪ੍ਰਭਾਵ ਪੈਂਦਾ ਸੀ ਕਿ ਉਹ ਆਪਣੇ ਆਪ ਨੂੰ ਭੁੱਲ ਕੇ, ਸੱਚੀ ਖੁਸ਼ੀ ਵਿੱਚ ਨੱਚ ਉਠਦੀ। ਕਦੇ ਕਦੇ ਤਾਂ ਉਸਨੂੰ ਸੰਦੇਹ ਹੋ ਜਾਂਦਾ ਸੀ ਕਿ ਉਹ ਕਿਸੇ ਹੋਰ ਦੁਨੀਆਂ ਵਿੱਚ ਪਹੁੰਚ ਗਈ ਹੈ। ਉਹ ਸੋਚਦੀ ਸੀ ਕਿ ਕੀ ਇਸ ਖ਼ੁਦਗਰਜ਼ ਦੁਨੀਆਂ ਵਿੱਚ ਇਹ ਵੀ ਹੋ ਸਕਦਾ ਹੈ ? ਉਸ ਦੇ ਸਾਹਮਣੇ ਇਕ ਨਵੀਂ ਦੁਨੀਆ ਖੁਲ੍ਹ ਗਈ ਸੀ। ਇਹ ਦੁਨੀਆ ਕਿੰਨੀ ਸੋਹਣੀ, ਕਿੰਨੀ ਪਵਿੱਤਰ ਸੀ ? ਇਸ ਵਿੱਚ ਪ੍ਰੇਮ ਤੇ ਕੁਰਬਾਨੀ ਦੇ ਫੁੱਲ ਸਨ, ਪਰ ਕੱਪਟ ਦੇ ਕੰਡੇ ਨਹੀਂ ਸਨ। ਇੱਥੇ ਦਿਨ ਦੀ ਰੋਸ਼ਨੀ ਸੀ, ਪਰ ਰਾਤ ਦਾ ਹਨੇਰਾ ਨਹੀਂ ਸੀ। ਜਿਵੇਂ ਉਸ ਆਦਮੀ ਨੂੰ, ਜਿਹੜਾ ਦੁੱਧ ਦੇ ਭੁਲੇਖੇ ਲੱਸੀ ਪੀਂਦਾ ਰਿਹਾ ਹੋਵੇ, ਇਕ ਦਿਨ ਅਚਾਨਕ ਦੁੱਧ ਪੀ ਕੇ ਆਪਣੀ ਪਹਿਲੀ ਬਦਕਿਸਮਤੀ ਦਾ ਅਹਿਸਾਸ ਹੁੰਦਾ ਹੈ, ਠੀਕ ਇਸੇ ਤਰ੍ਹਾਂ ਤਾਰਾ ਨੂੰ ਪ੍ਰੇਮ ਦਾ ਇਹ ਸੱਚਾ ਤੇ ਸੁੱਚਾ ਰੂਪ ਵੇਖਕੇ ਆਪਣੀ ਬਦਕਿਸਮਤੀ ਦਾ ਧਿਆਨ ਆ ਗਿਆ। ਦਿਲ ਵਿੱਚ ਕਿਸੇ ਨੇ ਬਰਛਾ ਖੋਭ ਦਿੱਤਾ। ਦਿਨ-ਰਾਤ ਆਪਣੇ ਮੰਦੇ ਭਾਗਾਂ ਤੇ ਰੋਣ ਲੱਗੀ, ਕੁੜਨ ਲੱਗੀ ਤੇ ਅਫ਼ਸੋਸ ਕਰਨ ਲੱਗੀ।

ਉਹ ਚਾਹੁੰਦੀ ਸੀ, ਉਸਦਾ ਬੀਤਿਆ ਹੋਇਆ ਸਮਾਂ ਵਾਪਸ ਆ ਜਾਵੇ। ਪਰ ਅੱਖ ਤੋਂ ਨਿਕਲਿਆ ਹੰਝੂ ਅਤੇ ਕਮਾਨ ਤੋਂ ਨਿਕਲਿਆ ਹੋਇਆ ਤੀਰ ਕਦ ਵਾਪਸ ਆਇਆ ਹੈ ? ਹੌਲੀ ਹੌਲੀ ਉਸ ਨੇ ਉਸ ਆਦਮੀ ਵਾਂਗ, ਜੋ ਆਪਣੀ ਜਮਾਂਦਰੂ ਕਮਜ਼ੋਰੀ ਨੂੰ ਆਪਣੇ ਬਾਹੂਬਲ ਨਾਲ ਪੂਰਾ ਕਰਨਾ ਚਾਹੁੰਦਾ ਹੈ, ਇਸ ਪਤਿਤ ਅਵੱਸਥਾ ਤੋਂ ਉਪਰ ਉੱਠਣ ਦਾ ਨਿਸਚਾ ਕਰ ਲਿਆ। ਗੱਲ ਸਾਧਾਰਣ ਨਹੀਂ ਸੀ। ਤਾਰਾ ਦੇ ਮਨ ਵਿੱਚ ਕਈ ਦਿਨਾਂ ਤਕ ਹਲਚਲ ਮਚੀ ਰਹੀ। ਅਜਿਹੀ ਹਲਚਲ ਕਿਸੇ ਰਾਜੇ ਦੇ ਦਿਲ ਵਿੱਚ ਰਾਜ ਛੱਡਣ ਸਮੇਂ ਵੀ ਨਹੀਂ ਮਚੀ ਹੋਵੇਗੀ। ਤਾਰਾ ਸੋਚਦੀ ਮੈਂ ਕੀ ਕਰਾਂ ? ਮੈਂ ਕਿੱਧਰ ਜਾਵਾਂ ? ਮੈਂ ਜੀਵਨ ਦਾ ਰਾਹ ਕਿਵੇਂ ਲੱਭਾਂ ? ਪਰ ਮਹਿਤਾਬ ਰਾਏ ਦੀ ਭੈਣ ਤੇ ਪਤਨੀ ਨੇ ਇਹ ਔਖ ਦੂਰ ਕਰ ਦਿੱਤੀ। ਉਨ੍ਹਾਂ

ਨੇ ਆਖਿਆ -"ਚਿੰਤਾ ਨਾ ਕਰ। ਅਸੀਂ ਤੇਰਾ ਪ੍ਰਬੰਧ ਕਰਾਂਗੀਆਂ। ਤੂੰ ਭੁੱਖੀ ਨਹੀਂ ਮਰੇਂਗੀ। ਦੁਨੀਆਂ ਬਹੁਤ ਵੱਡੀ ਹੈ। ਇਸ ਵਿੱਚ ਤੇਰੇ ਲਈ ਵੀ ਜਗ੍ਹਾ ਨਿਕਲ ਆਵੇਗੀ।"

ਤਾਰਾ ਨੇ ਇਹ ਸੁਣਿਆ, ਤਾਂ ਇੰਨੀ ਖੁਸ਼ ਹੋਈ ਜਿਵੇਂ ਸੜਦੀ ਭੁਜਦੀ ਦੁਪਹਿਰ ਵਿੱਚ ਕਿਸੇ ਪਿਆਸੇ ਨੂੰ ਮਿੱਠੇ ਪਾਣੀ ਦਾ ਸੋਮਾ ਲੱਭ ਪਵੇ, ਜਾਂ ਕਿਸੇ ਭੁੱਲੇ ਭਟਕੇ ਨੂੰ ਘਰ ਦਾ ਰਾਹ ਨਜ਼ਰ ਆ ਜਾਵੇ।

(3)

ਅੱਠ ਦਿਨ ਬੀਤ ਗਏ। ਮਹਿਤਾਬ ਰਾਏ ਹੁਣ ਪਹਿਲਾਂ ਨਾਲੋਂ ਰਾਜ਼ੀ ਸੀ। ਪਰ ਅਜੇ ਤਕ ਹਸਪਤਾਲ ਵਿੱਚ ਹੀ ਸੀ। ਇਕ ਦਿਨ ਸਵੇਰੇ ਸਿਰ੍ਹਾਣਾ ਲਾਈ ਬੈਠਿਆ ਸੀ ਅਤੇ ਆਪਣੀ ਭੈਣ ਕਿਸ਼ੋਰੀ ਨਾਲ ਹੌਲੇ ਹੌਲੇ ਗੱਲਾਂ ਕਰ ਰਿਹਾ ਸੀ। ਇੰਨੇ ਵਿੱਚ ਉਸਦੀ ਨਜ਼ਰ ਦਰਵਾਜ਼ੇ ਵੱਲ ਗਈ। ਉਸ ਨੇ ਵੇਖਿਆ ਅਤੇ ਕੁੱਝ ਦੇਰ ਬਾਅਦ ਆਪਣੀ ਕਮਜ਼ੋਰ ਉਂਗਲੀ ਨਾਲ ਉਸ ਪਾਸੇ ਵੱਲ ਇਸ਼ਾਰਾ ਕਰਕੇ ਬੋਲਿਆ- "ਉਹ ਕੌਣ ਹੈ ?"

ਕਿਸ਼ੋਰੀ ਨੇ ਸੋਚਿਆ, ਉਹ ਸਮਾਂ ਆ ਗਿਆ ਹੈ, ਜਿਸਦੀ ਉਹ ਉਡੀਕ ਕਰ ਰਹੀ ਸੀ।

ਮਹਿਤਾਬ ਰਾਏ ਨੇ ਫਿਰ ਪੁੱਛਿਆ- "ਉਹ ਕੌਣ ਹੈ ?"

ਕਿਸ਼ੋਰੀ ਨੇ ਉੱਤਰ ਦਿੱਤਾ- ਇਹ ਉਹੀ ਇਸਤਰੀ ਹੈ, ਜਿਸਨੇ ਤੇਰੀ ਜਾਨ ਬਚਾਈ ਹੈ।"

ਮਹਿਤਾਬ ਰਾਏ ਕੰਬ ਕੇ ਬੋਲਿਆ-"ਉਹ ਵਕਤ ਹੁਣ ਵੀ ਯਾਦ ਆਉਂਦਾ ਹੈ, ਤਾਂ ਅੱਖਾਂ ਅੱਗੇ ਹਨੇਰਾ ਛਾ ਜਾਂਦਾ ਹੈ। ਪਰਮਾਤਮਾ ਨੇ ਬਚਾ ਲਿਆ। ਹੁਣ ਸੋਚਦਾ ਹਾਂ—ਜੇ ਇਹ ਇਸਤਰੀ ਉਸ ਵਕਤ ਉਧਰ ਨਾ ਆਉਂਦੀ, ਤਾਂ ਕੀ ਬਣਦਾ ?"

"ਇਸ ਗੱਲ ਨੂੰ ਯਾਦ ਨਾ ਕਰੋ।"

"ਕਿੰਨਾ ਭਿਆਨਕ ਸਮਾਂ ਸੀ ?"

"ਯਾਦ ਆਉਂਦਿਆਂ ਹੀ ਕਾਲਜਾ ਕੰਬ ਉਠਦਾ ਹੈ।'

'ਪਰ ਇਹ ਇਸਤਰੀ ਹੈ ਕੌਣ ? ਇਹ ਤਾਂ ਤੂੰ ਨਹੀਂ ਦਸਿਆ।"

ਕਿਸ਼ੋਰੀ ਨੇ ਥੋੜੇ ਚਿਰ ਮਗਰੋਂ ਆਖਿਆ-- "ਕੋਈ ਹੋਵੇ, ਪਰ ਇਸ ਨੇ ਸਾਡੇ ਤੇ ਅਹਿਸਾਨ ਕੀਤਾ ਹੈ, ਉਹ ਕੋਈ ਥੋੜਾ ਨਹੀਂ।"

"ਇਹ ਕੌਣ ਕਹਿੰਦਾ ਹੈ ? ਇਸਨੇ ਮੈਨੂੰ ਨਵਾਂ ਜੀਵਨ ਦਿੱਤਾ ਹੈ। ਇਸ ਨੇ ਮੇਰੀ ਜਾਨ ਬਚਾਈ ਹੈ।"

"ਜ਼ਿੰਦਗੀ ਭਰ ਅਸੀਂ ਇਸ ਦੇ ਸਾਹਮਣੇ ਸਿਰ ਨਹੀਂ ਉਠਾ ਸਕਾਂਗੇ।"

"ਪਰ ਇਹ ਹੈ ਕੌਣ ?"

"ਇਸ ਨੇ ਤੁਹਾਡੇ ਪ੍ਰਾਣ ਬਚਾਏ ਹਨ।"

"ਇਹ ਉਸ ਵੇਲੇ ਘਰ ਤੋਂ ਬਾਹਰ ਜਾ ਕਿੱਥੇ ਰਹੀ ਸੀ ?"

ਕਿਸ਼ੋਰੀ ਸੁਣੀ ਅਣਸੁਣੀ ਕਰਕੇ ਬੋਲੀ— 'ਹੁਣ ਕਦੇ ਰਾਤ ਨੂੰ ਘਰ ਤੋਂ ਬਾਹਰ ਨਾ ਨਿਕਲਣਾ। ਹਨੇਰੇ ਵਿੱਚ ਅਜਿਹੀਆਂ ਘਟਨਾਵਾਂ ਅਕਸਰ ਹੋ ਜਾਇਆ ਕਰਦੀਆਂ ਹਨ। ਕੋਈ ਕੀਤਾ ਹੋਇਆ ਪੁੰਨ ਸਾਹਮਣੇ ਆ ਗਿਆ, ਕਿ ਇਸ ਤੀਵੀਂ ਦੀ ਨਜ਼ਰ ਤੁਹਾਡੇ ਤੇ ਪੈ ਗਈ, ਨਹੀਂ ਤਾਂ ਕਾਸ਼ੀ ਦੇ ਲੋਕ ਮਰਦੇ ਦੇ ਮੂੰਹ ਵਿੱਚ ਪਾਣੀ ਤਕ ਨਹੀਂ ਪਾਉਂਦੇ। ਵੇਖਦੇ ਹਨ...ਸਿਰ ਹਿਲਾਂਦੇ ਹਨ ਤੇ ਆਪਣੇ ਰਾਹੇ ਪੈ ਜਾਂਦੇ ਹਨ। "

ਮਹਿਤਾਬ ਰਾਏ ਨੇ ਆਸਮਾਨ ਵੱਲ ਵੇਖਦਿਆਂ ਠੰਡਾ ਸਾਹ ਲਿਆ। ਅਤੇ ਕਹਿਣ ਲੱਗਾ-"ਇਸ ਘਟਨਾ ਨੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਪਰ ਕੰਮ ਹੋਵੇ ਤਾਂ ਘਰੋਂ ਨਿਕਲਣਾ ਹੀ ਪੈਂਦਾ ਹੈ। ਆਦਮੀ ਕੰਮ ਛਡਕੇ ਘਰ ਕਿਵੇਂ ਬੈਠਾ ਰਹੇ ?"

"ਬਾਬਾ ਤੁਹਾਡੇ ਇਨ੍ਹਾਂ ਕੰਮਾਂ ਨੇ ਤਾਂ ਮਾਰ ਸੁਟਿਆ ਹੈ ! ਕੀ ਹੁਣ ਵੀ ਨਹੀਂ ਸੰਭਲੋਗੇ?'

ਕਿਸ਼ੋਰੀ ਦੀਆਂ ਅੱਖਾਂ ਵਿੱਚ ਅਥਰੂ ਸਨ, ਅਥਰੂਆਂ ਵਿੱਚ ਬਿਹਬਲਤਾ ਸੀ। ਬਿਨ੍ਹਾਂ ਹੰਝੂਆਂ ਦੀ ਕੀਮਤ ਉਹੀ ਸਮਝ ਸਕਦਾ ਹੈ, ਜਿਸਦੀ ਭੈਣ ਹੋਵੇ। ਮਹਿਤਾਬ ਰਾਏ ਉਨ੍ਹਾਂ ਹੰਝੂਆਂ ਨੂੰ ਵੇਖਕੇ ਆਪ ਵੀ ਵਿਆਕੁਲ ਹੋ ਗਿਆ। ਬੋਲਿਆ-ਚੰਗਾ ! ਹੁਣ ਰਾਤ ਵੇਲੇ ਕਦੇ ਘਰੋਂ ਨਹੀਂ ਨਿਕਲਾਂਗਾ, ਕਦੇ ਨਾ ਨਿਕਲਾਂਗਾ, ਭਾਵੇਂ ਕੁੱਝ ਵੀ ਹੋ ਜਾਵੇ।"

"ਮੇਰਾ ਮਜ਼ਾਕ ਉਡਾਉਂਦੇ ਹੋ ?"

"ਨਹੀਂ ਕਿਸ਼ੋਰੀ ! ਮੈਂ ਸੱਚੇ ਦਿਲੋਂ ਕਹਿ ਰਿਹਾ ਹਾਂ, ਹੱਸ ਨਹੀਂ ਰਿਹਾ।"

"ਜਾਣਦੇ ਨਹੀਂ ਓ, ਤੁਹਾਡਾ ਮੂੰਹ ਤੱਕ-ਤੱਕ ਕੇ ਹੀ ਸਾਰਾ ਘਰ ਜੀਂਦਾ ਹੈ। ਸਾਡਾ ਹੋਰ ਹੈ ਕੌਣ ?"

"ਹੁਣ ਤੋਂ ਕੰਨਾਂ ਨੂੰ ਹੱਥ ਲਾਉਂਦਾ ਹਾਂ।"

"ਥੋੜੀ ਮੁਸੀਬਤ ਵਿਖਾਈ ਹੈ ਤੁਸਾਂ ? ਇਹ ਤੁਹਾਡਾ ਦੂਜਾ ਜਨਮ ਹੈ।"

"ਹੁਣ ਦਸ, ਇਹ ਇਸਤਰੀ ਕੌਣ ਹੈ ?"

"ਇਕ ਦੁਖਿਆਰਨ ਹੈ।”

"ਜੇ ਗਰੀਬ ਹੈ ਤਾਂ ਇਸ ਨੂੰ ਮੈਂ ਮੂੰਹ ਮੰਗੀ ਦੋਲਤ ਦਿਆਂਗਾ। ਇਹ ਵੀ ਕੀ ਯਾਦ ਕਰੇਗੀ ਕਿ ਕਿਸੇ ਦੀ ਸਹਾਇਤਾ ਕੀਤੀ ਸੀ। ਖੁਸ਼ ਕਰ ਦਿਆਂਗਾ।"

“ਇਹ ਰੁਪਏ ਨਾਲ ਖੁਸ਼ ਨਹੀਂ ਹੋਵੇਗੀ।"

"ਤਾਂ ਇਸ ਨੂੰ ਹੋਰ ਕੀ ਦੁੱਖ ਹੈ। ਮੈਂ ਉਸਨੂੰ ਦੂਰ ਕਰਨ ਲਈ ਸਭ ਕੁੱਝ ਕਰਾਂਗਾ।”

ਕਿਸ਼ੋਰੀ ਨੂੰ ਆਪਣੇ ਭਰਾ ਦੇ ਇਨ੍ਹਾਂ ਸ਼ਬਦਾਂ ਤੇ ਪੂਰਾ ਸ਼ੱਕ ਸੀ, ਹੌਲੀ ਜਿਹੀ ਬੋਲੀ -- "ਪ੍ਰਤਿਗਿਆ ਕਰਦੇ ਹੋ ?”

"ਹਾਂ, ਪ੍ਰਤਿਗਿਆ ਕਰਦਾ ਹਾਂ।”

"ਅਤੇ ਉਸਨੂੰ ਪੂਰਾ ਵੀ ਕਰੋਗੇ ?”

"ਮੇਰੀ ਗੱਲ ਉੱਤੇ ਅੱਜ ਤਕ ਕਿਸੇ ਨੂੰ ਸ਼ੱਕ ਨਹੀਂ ਹੋਇਆ।"

ਇਹ ਕਹਿੰਦੇ ਕਹਿੰਦੇ ਉਸਦਾ ਮੂੰਹ ਲਾਲ ਹੋ ਗਿਆ, ਅੱਖਾਂ ਵਿਚੋਂ ਗੁੱਸਾ ਝਲਕਣ ਲੱਗਾ। ਹੁਣ ਤਕ ਗੰਗੋਤਰੀ, ਮਹਿਤਾਬ ਰਾਏ ਦੀ ਪਤਨੀ, ਇਕ ਪਾਸੇ ਬੈਠੀ ਸੀ। ਇਸ ਸਾਰੀ ਗੱਲ ਬਾਤ ਵਿੱਚ ਉਹ ਬਿਲਕੁਲ ਨਹੀਂ ਸੀ ਬੋਲੀ। ਪਰ ਹੁਣ ਉਹ ਚੁੱਪ ਨਾ ਰਹਿ ਸਕੀ। ਨਨਾਣ ਵੱਲ ਤਿੱਖੀਆਂ ਅੱਖਾਂ ਨਾਲ ਵੇਖਦੀ ਹੋਈ ਕਹਿਣ ਲੱਗੀ ਤੇ ਅਜਿਹੀਆਂ ਗੱਲਾਂ ਕਿਉਂ ਕਰਦੀ ਏਂ ? ਵੇਖਦੀ ਨਹੀਂ, ਕਿਹੋ ਜਿਹੀ ਬੀਮਾਰੀ ਤੋਂ ਉਠੇ ਹਨ। ਜੇ ਇਸ ਤਰ੍ਹਾਂ ਗੁੱਸੇ ਹੋਣਗੇ, ਤਾਂ ਫਿਰ ਬੀਮਾਰ ਪੈ ਜਾਣਗੇ। ਇਕ ਵਾਰੀ ਕਹਿ ਦਿੱਤਾ ਨੇ, ਪ੍ਰਤਿਗਿਆ ਕੀਤੀ। ਹੁਣ ਤੈਨੂੰ ਯਕੀਨ ਹੀ ਨਹੀਂ ਆਉਂਦਾ, ਬਹੁਤਾ ਬੋਲਣ ਨਾਲ ਸਿਰ ਦਰਦ ਹੋਣ ਲੱਗੇਗੀ।"

ਕਿਸ਼ੋਰੀ ਦੇ ਦਿਲ ਵਿੱਚ ਇਹ ਗੱਲ ਤੀਰ ਵਾਂਗ ਲੱਗੀ। ਅਤੇ ਖਿੱਝ ਕੇ ਬੋਲੀ-"ਤੁਸੀਂ ਦੋ ਦੋ ਘੰਟੇ ਗੱਲਾਂ ਕਰਦੇ ਰਹਿੰਦੇ ਹੋ ਤਾਂ ਸਿਰ-ਦਰਦ ਨਹੀਂ ਹੁੰਦੀ। ਮੇਰੀਆਂ ਦੋ ਗੱਲਾਂ ਨਾਲ ਸਿਰ ਦਰਦ ਹੋਣ ਲੱਗੇਗੀ। ਬਹੁਤ ਅੱਛਾ ! ਭਰਜਾਈ ! ਮੈਂ ਹੁਣ ਨਹੀਂ ਬੋਲਾਂਗੀ, ਬੋਲਾਂ ਤਾਂ ਜੀਭ ਕਟ ਸੁਟਣਾ। ਹੁਣ ਤਾਂ ਖੁਸ਼ ਹੋ ਨਾ ਤੁਸੀਂ ?"

ਗੰਗੋਤਰੀ ਨੂੰ ਆਪਣੀ ਭੁੱਲ ਮਹਿਸੂਸ ਹੋਈ।

"ਤੂੰ ਤਾਂ ਐਵੇਂ ਹੀ ਬੁਰਾ ਮੰਨ ਲੈਂਦੀ ਹੈ।"

“ਮੇਰਾ ਸਿਰ ਫਿਰਿਆ ਹੋਇਆ ਏ ਨਾ।"

"ਹੁਣ ਗੱਲ ਕਰਨਾ ਵੀ ਪਾਪ ਹੋ ਗਿਆ।"

"ਮੈਂ ਬਾਹਰ ਚਲੀ ਜਾਨੀ ਆਂ, ਨਹੀਂ ਤਾਂ ਫਿਰ ਸਿਰ-ਦਰਦ ਹੋਣ ਲੱਗ ਜਾਵੇਗੀ ਤੁਹਾਡੇ ਪਤੀ ਦੇਵ ਨੂੰ।"

ਇਹ ਕਹਿ ਕੇ ਕਿਸ਼ੋਰੀ ਬਾਹਰ ਨਿਕਲ ਗਈ। ਬਾਹਰ ਤਾਰਾ ਖੜੀ ਸੀ। ਉਸਨੇ ਕਿਸ਼ੋਰੀ ਦਾ ਹੱਥ ਫੜ ਕੇ ਪੁੱਛਿਆ- "ਕਿਉਂ, ਕੁੱਝ ਨਾਰਾਜ਼ ਲੱਗਦੇ ਹੋ। ਕੀ ਗੱਲ ਹੈ ?"

ਇੰਨੇ ਵਿੱਚ ਗੰਗੋਤਰੀ ਬਾਹਰ ਆ ਗਈ ਤੇ ਨਿਆਣਿਆਂ ਦੀ ਤਰ੍ਹਾਂ ਕਿਸ਼ੋਰੀ ਦੇ ਗਲ ਵਿੱਚ ਬਾਹਾਂ ਪਾ ਕੇ ਬੋਲੀ- "ਤੂੰ ਰੁਸ ਚਲੀ ਏਂ, ਪਰ ਮੈਂ ਤੈਨੂੰ ਰੁੱਸਣ ਨਹੀਂ ਦਿਆਂਗੀ। ਚੱਲ।'

ਕਿਸ਼ੋਰੀ ਦਾ ਗੁੱਸਾ ਉਤਰ ਗਿਆ। ਪਰ ਉਸਨੇ ਬਨਾਵਟੀ ਗੁੱਸੇ ਵਿੱਚ ਮੂੰਹ ਫੁਲਾ ਕੇ ਜਵਾਬ ਦਿੱਤਾ-"ਬਾਬਾ ! ਮੈਂ ਤਾਂ ਕੰਨ ਫੜਦੀ ਹਾਂ ! ਉਸ ਕਮਰੇ ਵਿੱਚ ਹੁਣ ਮੂੰਹ ਨਹੀਂ ਖੋਲ੍ਹਾਂਗੀ। ਨਹੀਂ ਤਾਂ ਮੁੜ ਸਿਰ ਵਿੱਚ ਦਰਦ ਸ਼ੁਰੂ ਹੋ ਜਾਵੇਗੀ।"

ਲਾਗੇ ਕੋਈ ਆਦਮੀ ਜਾ ਰਿਹਾ ਸੀ। ਉਸ ਨੂੰ ਵੇਖ ਕੇ ਗੰਗੋਤਰੀ ਨੇ ਘੁੰਡ ਕੱਢ ਲਿਆ। ਪਰ ਜਦੋਂ ਉਹ ਚਲਾ ਗਿਆ ਤਾਂ ਫਿਰ ਉਹ ਕਿਸ਼ੋਰੀ ਦੇ ਗਲ ਨਾਲ ਚਿਮਟ ਗਈ, ਅਤੇ ਬੋਲੀ - "ਤੂੰ ਮੂੰਹ ਨਾ ਖੋਲ੍ਹੀ-ਮੈਂ ਆਪ ਖੋਲ੍ਹ ਲਵਾਂਗੀ।"

ਇਹ ਕਹਿ ਕੇ ਗੰਗੋਤਰੀ ਨੇ ਕਿਸ਼ੋਰੀ ਦੇ ਮੂੰਹ ਵਿਚ ਉਂਗਲੀ ਪਾਕੇ ਉਸਦੀ ਜੀਭ ਫੜ ਲਈ, ਅਤੇ ਹੱਸਣ ਲੱਗੀ। ਤਾਰਾ ਦੀਆਂ ਅੱਖਾਂ ਵਿੱਚ ਹੰਝੂ ਭਰ ਆਏ। ਕਿਹੋ ਜਿਹਾ ਪਿਆਰ ਹੈ! ਕੈਸੀ ਬੱਚਿਆਂ ਵਰਗੀ ਪਵਿੱਤਰ ਚੰਚਲਤਾ !! ਕਿਹੋ ਜਿਹੀ ਸਾਦਗੀ !!! ਇੱਕ ਇੱਕ ਅਦਾ ਪ੍ਰੇਮ ਦੇ ਰਸ ਵਿੱਚ ਭਰੀ ਹੋਈ ਸੀ। ਤਾਰਾ ਸੋਚਣ ਲੱਗੀ-"ਕੀ ਇਸ ਪ੍ਰੇਮ ਦੇ ਸਰੋਵਰ ਵਿਚੋਂ ਮੈਨੂੰ ਇੱਕ ਘੁੱਟ ਵੀ ਨਹੀਂ ਮਿਲੇਗਾ ?'

(4)

ਇਕ ਦਮ ਗੰਗੋਤਰੀ ਨੇ ਚੌਂਕ ਕੇ ਸਿਰ ਉਠਾਇਆ, ਅਤੇ ਕਿਸ਼ੋਰੀ ਦਾ ਹੱਥ ਫੜ ਕੇ ਕਹਿਣ ਲੱਗੀ- ‘ਚਲ, ਤੈਨੂੰ ਬੁਲਾ ਰਹੇ ਹਨ।"

ਇਸ਼ਾਰਾ ਮਹਿਤਾਬ ਰਾਏ ਵੱਲ ਸੀ। ਕਿਸ਼ੋਰੀ ਹੁਣ ਨਾ ਰੁਕ ਸਕੀ। ਪ੍ਰੇਮ ਦੇ ਪੈਰਾਂ ਵਿੱਚ ਜੰਜ਼ੀਰ ਕੌਣ ਪਾ ਸਕਦਾ ਹੈ ? ਉਹ ਛੇਤੀ ਛੇਤੀ ਮਹਿਤਾਬ ਰਾਏ ਦੇ ਕਮਰੇ ਵੱਲ ਤੁਰ ਪਈ। ਤਾਰਾ ਨੇ ਰਾਹ ਰੋਕ ਕੇ ਪੁਛਿਆ-"ਮੇਰਾ ਕੰਮ ?"

"ਹੁਣ ਉਸੇ ਦੀ ਗੱਲ ਕਰਾਂਗੀ। ਤੂੰ ਜ਼ਰਾ ਫ਼ਿਕਰ ਨਾ ਕਰ।" ਤਾਰਾ ਨੇ ਪੁੱਛਿਆ- "ਹੋ ਜਾਵੇਗਾ ? ਕੀ ਤੈਨੂੰ ਆਸ ਹੈ ?"

ਗੰਗੋਤਰੀ ਨੇ ਉੱਤਰ ਦਿੱਤਾ— ਕਮੇਟੀ ਦੇ ਮੈਂਬਰ ਹਨ। ਕੌਂਸਲਾਂ ਵਿੱਚ ਜਾਂਦੇ ਹਨ। ਕਈ ਸਕੂਲਾਂ ਦੇ ਪ੍ਰਧਾਨ ਹਨ। ਕੀ ਤੇਰਾ ਐਨਾ ਕੰਮ ਵੀ ਨਾ ਕਰਵਾ ਸਕਣਗੇ ? ਜ਼ਰੂਰ ਕਰਨਗੇ।"

ਪਰ ਤਾਰਾ ਦੇ ਦਿਲ ਵਿੱਚ ਕੋਈ ਕਹਿ ਰਿਹਾ ਸੀ ਕਿ ਉਸਦਾ ਕੰਮ ਨਾ ਹੋ ਸਕੇਗਾ। ਉਸ ਕੋਲ ਰੁਪਏ ਦੀ ਕਮੀ ਨਹੀਂ ਸੀ। ਉਹ ਜੋ ਚਾਹੁੰਦੀ ਤਾਂ ਉਸ ਰੁਪਏ ਨਾਲ ਸਾਰੀ ਉਮਰ ਸੁਖ ਨਾਲ ਕੱਟ ਸਕਦੀ ਸੀ। ਪਰ ਉਹ ਉਸ ਰੁਪਏ ਨੂੰ ਆਪਣੇ ਕਿਸੇ ਕੰਮ ਲਈ ਨਹੀਂ ਸੀ ਵਰਤਣਾ ਚਾਹੁੰਦੀ। ਉਹ ਹੁਣ ਉਸ ਦੀਆਂ ਅੱਖਾਂ ਵਿੱਚ ਰੜਕਣ ਲੱਗਾ ਸੀ। ਸੋਚਦੀ ਸੀ ਇਹ ਪਾਪ ਦੀ ਕਮਾਈ ਹੈ, ਇਸ ਨਾਲ ਮੇਰਾ ਭਲਾ ਨਹੀਂ ਹੋਵੇਗਾ। ਉਹ ਹੁਣ ਆਪਣੀ ਮਿਹਨਤ ਦੀ ਕਮਾਈ ਖਾਣਾ ਚਾਹੁੰਦੀ ਸੀ। ਉਸਨੇ ਕਿਸ਼ੋਰੀ ਤੇ ਗੰਗੋਤਰੀ ਨੂੰ ਕਈ ਵਾਰ ਕਿਹਾ ਸੀ - "ਮੈਨੂੰ ਕਿਸੇ ਸਕੂਲ ਵਿੱਚ ਸਿਲਾਈ ਦਾ ਕੰਮ ਸਿਖਾਉਣ ਦੀ ਨੌਕਰੀ ਤੇ ਲੁਆ ਦਿਉ। ਮੈਂ ਇਸ ਨਾਲ ਹੀ ਪੇਟ ਭਰ ਲਵਾਂਗੀ ਅਤੇ ਜੇ ਇਹ ਵੀ ਨਾ ਹੋ ਸਕੇ ਤਾਂ ਆਪਣੇ ਘਰ ਭਾਂਡੇ ਮਾਂਜਣ ਤੇ ਹੀ ਰਖ ਲਵੋ। ਇਸ ਨਾਲ ਮੇਰੇ ਪਾਪਾਂ ਦਾ ਪ੍ਰਾਸਚਿਤ ਹੋ ਜਾਵੇਗਾ। ਗੰਗੋਤਰੀ ਅੱਗੋਂ ਕਹਿੰਦੀ— 'ਲੜਕੀਆਂ ਨੂੰ ਵਾਜਾ ਸਿਖਾਣ ਦਾ ਸਕੂਲ ਖੋਲ੍ਹ ਲੈ।" ਪਰ ਤਾਰਾ ਕਹਿੰਦੀ—"ਇਹ ਨਹੀਂ ਹੋ ਸਕੇਗਾ। ਜਦ ਇਸ ਕੰਮ ਨੂੰ ਹੀ ਛੱਡ ਦਿਆਂਗੀ ਤਾਂ ਵਾਜੇ ਤਬਲੇ ਨੂੰ ਵੀ ਛੱਡ ਦਿਆਂਗੀ। ਜਦ ਪਿੰਡ ਛਡਿਆ ਤਾਂ ਪਿੰਡ ਦਾ ਰਸਤਾ ਵੀ ਛੱਡਣਾ ਪਵੇਗਾ।"

ਦਿਲ ਦੀ ਗੱਲ ਦਿਲ ਤਕ ਪਹੁੰਚ ਜਾਂਦੀ ਹੈ। ਕਿਸ਼ੋਰੀ ਤੇ ਗੰਗੋਤਰੀ, ਦੋਹਾਂ ਤੇ ਅਸਰ ਹੋ ਗਿਆ। ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਤਾਰਾ ਠੀਕ ਰਾਹ ਤੇ ਚਲਣ ਲਈ ਬੇਚੈਨ ਹੋ ਰਹੀ ਹੈ। ਉਸ ਦੀ ਸਹਾਇਤਾ ਲਈ ਦੋਨੋਂ ਤਿਆਰ ਹੋ ਗਈਆਂ।

ਮਹਿਤਾਬ ਰਾਏ ਨੇ ਕਿਸ਼ੋਰੀ ਨੂੰ ਕਮਰੇ ਵਿੱਚ ਆਉਂਦੇ ਵੇਖਕੇ ਪਾਸਾ ਪਰਤ ਲਿਆ ਅਤੇ ਪੁੱਛਿਆ-"ਦਸ, ਮੈਨੂੰ ਕੀ ਕਰਨਾ ਹੋਵੇਗਾ ? ਮੈਂ ਉਸਦੀ ਸਹਾਇਤਾ ਲਈ ਹਰ ਤਰ੍ਹਾਂ ਤਿਆਰ ਹਾਂ।"

ਕਿਸ਼ੋਰੀ ਪਲੰਗ ਦੇ ਕੋਲ ਭੁੰਜੇ ਬਹਿ ਗਈ ਅਤੇ ਹੌਲੀ ਜਿਹੀ ਬੋਲੀ- "ਪਹਿਲਾਂ ਇਹ ਸੋਚ ਲਉ ਕਿ ਉਹ ਵੇਸਵਾ ਹੈ।"

ਮਹਿਤਾਬ ਰਾਏ ਪਲੰਘ ਤੋਂ ਉਛਲ ਪਿਆ। ਮੂੰਹ ਤੋਂ ਵਿਆਕੁਲਤਾ ਝਲਕਣ ਲੱਗੀ। ਇਸ ਵਾਕ ਨੇ ਉਸਦੇ ਸ਼ਾਂਤ ਮਨ ਵਿੱਚ ਹਲਚਲ ਮਚਾ ਦਿੱਤੀ। ਉਹ ਚਾਰੇ ਪਾਸੇ ਇੰਝ ਵੇਖਣ

ਲੱਗਾ ਜਿਵੇਂ ਉਸ ਤੋਂ ਕੋਈ ਗੁਨਾਹ ਹੋ ਗਿਆ ਹੋਵੇ, ਜਿਵੇਂ ਕਿਸੇ ਨੇ ਉਸਦਾ ਅਪਮਾਨ ਕਰ ਦਿੱਤਾ ਹੋਵੇ, ਜਿਵੇਂ ਉਸਨੂੰ ਕਿਸੇ ਨੇ ਗਾਲ੍ਹ ਕੱਢੀ ਹੋਵੇ। ਉਸਦਾ ਚਿਹਰਾ ਲਾਲ ਹੋ ਗਿਆ।

ਕਿਸ਼ੋਰੀ ਨੇ ਫਿਰ ਕਿਹਾ ਉਹ ਵੇਸਵਾ ਹੈ। ਪਰ ਹੁਣ ਉਹ ਇਹ ਪੇਸ਼ਾ ਛੱਡਣਾ ਚਾਹੁੰਦੀ ਹੈ। ਉਸਨੂੰ ਕਿਤੇ ਨੌਕਰੀ ਦਿਵਾ ਦਿਉ—ਕਿਸੇ ਸਕੂਲ ਵਿੱਚ, ਹਸਪਤਾਲ ਵਿੱਚ ਆਸ਼ਰਮ ਵਿੱਚ। ਉਹ ਘਟ ਤੋਂ ਘਟ ਤਨਖ਼ਾਹ ਵਿੱਚ ਗੁਜਾਰਾ ਕਰ ਲਵੇਗੀ। ਪਰ ਉਹ ਨੇਕ ਬਣਨਾ ਚਾਹੁੰਦੀ ਹੈ। ਪਾਪ ਤੋਂ ਉਸਨੂੰ ਘ੍ਰਿਣਾ ਹੋ ਗਈ ਹੈ। ਉਸ ਨੂੰ ਸਹਾਰਾ ਦਿਉ, ਉਹ ਅਬਲਾ ਹੈ।"

"ਪਰ ਉਹ ਵੇਸਵਾ ਹੈ।”

'ਦਿਨ ਰਾਤ ਉਦਾਸ ਰਹਿੰਦੀ ਹੈ। ਉਸਦਾ ਕੋਈ ਆਸਰਾ ਬਣਾ ਦਿਉ। ਉਹ ਜੀਵਨ ਭਰ ਤੁਹਾਨੂੰ ਅਸੀਸਾਂ ਦੇਂਦੀ ਰਹੇਗੀ।"

"ਉਸਨੂੰ ਕੁੱਝ ਰੁਪਿਆ ਦੇ ਦੇਵਾਂ ਤਾਂ ਉਸਦਾ ਕੰਮ ਨਾ ਚਲ ਜਾਵੇਗਾ ?". ਕਿਸ਼ੋਰੀ ਨੇ ਸੁਭਾਵਕ ਵਿਅੰਗ ਨਾਲ ਸਿਰ ਹਿਲਾ ਦਿੱਤਾ ਤੇ ਕਿਹਾ—ਨਹੀਂ, ਉਹ ਆਪਣੇ ਹੱਥ ਦੀ ਕਮਾਈ ਖਾਣਾ ਚਾਹੁੰਦੀ ਹੈ। ਉਹ ਦਾਨ ਨਹੀਂ ਖਾਣਾ ਚਾਹੁੰਦੀ।"

ਮਹਿਤਾਬ ਰਾਏ ਕਿਸੇ ਡੂੰਘੀ ਚਿੰਤਾ ਵਿੱਚ ਡੁੱਬ ਗਿਆ। ਥੋੜੇ ਚਿਰ ਮਗਰੋਂ ਉਸਨੇ ਠੰਡਾ ਸਾਹ ਲੈ ਕੇ ਕਿਹਾ- "ਬੜੀ ਕਠਿਨ ਸਮੱਸਿਆ ਹੈ।"

ਕਿਸ਼ੋਰੀ ਨੂੰ ਇਹ ਆਸ ਨਹੀਂ ਸੀ ਕਿ ਮਹਿਤਾਬ ਰਾਏ ਇਤਨੀ ਚਿੰਤਾ ਵਿੱਚ ਡੁਬ ਜਾਵੇਗਾ। ਉਹ ਮਿੰਨਤ ਕਰਦਿਆਂ ਬੋਲੀ- ਵੀਰਾ ! ਇਹ ਕੰਮ ਤਾਂ ਤੁਹਾਨੂੰ ਕਰਨਾ ਹੀ ਪਵੇਗਾ। ਜਦ ਤੋਂ ਤੁਹਾਡਾ ਓਪਰੇਸ਼ਨ ਹੋਇਆ ਹੈ, ਇਹ ਦਿਨ ਭਰ ਇਥੇ ਹੀ ਬੈਠੀ ਰਹਿੰਦੀ ਹੈ। ਉਸ ਦਾ ਮੂੰਹ ਪਹਿਲਾਂ ਨਾਲੋਂ ਅੱਧਾ ਵੀ ਨਹੀਂ ਰਿਹਾ। ਰੰਗ ਬਦਲ ਗਿਆ ਹੈ, ਰੂਪ ਬਦਲ ਗਿਆ ਹੈ, ਤਬੀਅਤ ਬਦਲ ਗਈ ਹੈ।"

ਮਹਿਤਾਬ ਰਾਏ ਦੇ ਦਿਲ ਨੂੰ ਦੂਜਾ ਧੱਕਾ ਲਗਿਆ "ਕੀ ਉਹ ਸਾਰਾ ਦਿਨ ਇੱਥੇ ਬੈਠੀ ਰਹਿੰਦੀ ਹੈ ?'

"ਹਾਂ ! ਅਤੇ ਰੋਂਦੀ ਰਹਿੰਦੀ ਹੈ।”

"ਇਥੇ ਇਸੇ ਦਰਵਾਜ਼ੇ ਤੇ ਆ ਕੇ ਬਹਿੰਦੀ ਹੈ ?"

ਮਹਿਤਾਬ ਰਾਏ ਚੁੱਪ ਹੋ ਗਿਆ। ਉਹ ਕਿਸੇ ਸੋਚ ਵਿੱਚ ਪੈ ਗਿਆ।

"ਉਸਦਾ ਰੋਣਾ ਵੇਖਿਆ ਨਹੀਂ ਜਾਂਦਾ।"

"ਇੱਥੇ ਰੋਜ਼ ਆਉਂਦੀ ਏ ? ਇਸ ਹਸਪਤਾਲ ਵਿੱਚ ? ਮੇਰੇ ਇਸ ਕਮਰੇ ਵਿੱਚ ? ਕਿਸ਼ੋਰੀ ! ਤੂੰ ਇਹ ਕੀ ਕਹਿ ਰਹੀ ਏਂ ਜ਼ਰਾ ਸੋਚ ਕੇ ਵੇਖ।"

"ਹਾਂ, ਰੋਜ਼ ਆਉਂਦੀ ਹੈ, ਅਤੇ ਆਪਣੇ ਪਹਿਲੇ ਜੀਵਨ ਤੇ ਖੇਦ ਪ੍ਰਗਟ ਕਰਦੀ ਹੈ।"

ਮਹਿਤਾਬ ਰਾਏ ਨੇ ਤਕੀਆ ਪਿੱਠ ਪਿਛੇ ਠੀਕ ਕਰਕੇ ਜੋਸ਼ ਨਾਲ ਕਿਹਾ—'ਲੋਕੀ ਕੀ ਕਹਿਣਗੇ? ਮੈਂ ਬਦਨਾਮ ਹੋ ਜਾਵਾਂਗਾ। ਉਸ ਨੂੰ ਕਹਿ ਦੇ, ਇਥੇ ਨਾ ਆਇਆ ਕਰੇ। ਉਹ ਵੇਸਵਾ ਹੈ, ਅਸੀਂ ਸ਼ਰੀਫ ਆਦਮੀ ਹਾਂ, ਸਾਡਾ ਉਸਦਾ ਕੀ ਮੇਲ ?"

ਤਾਰਾ ਦਰਵਾਜ਼ੇ ਦੇ ਕੋਲ ਖਲੋਤੀ ਇਹ ਗੱਲ ਬਾਤ ਸੁਣ ਰਹੀ ਸੀ। ਮਹਿਤਾਬ ਰਾਏ ਦੇ ਇਹ ਸ਼ਬਦ ਸੁਣਕੇ ਉਸਦੇ ਪੈਰਾਂ ਥਲਿਉਂ ਮਿੱਟੀ ਨਿਕਲਣ ਲੱਗੀ। ਉਸਦੇ ਹੰਝੂ ਗਲ਼ਾਂ ਉਤੇ ਦੀ ਵਹਿਣ ਲੱਗੇ। ਉਹ ਰੋਂਦੀ ਹੋਈ ਉਠੀ, ਅਤੇ ਟਾਂਗੇ ਵਿੱਚ ਬਹਿ ਕੇ ਆਪਣੇ ਮਕਾਨ ਨੂੰ ਚਲੀ ਗਈ।

ਇਸ ਵਕਤ ਦੁਨੀਆਂ ਉਸਦੀਆਂ ਅੱਖਾਂ ਵਿੱਚ ਹਨੇਰੀ ਹੋ ਰਹੀ ਸੀ। ਉਹ ਪੂਰੇ ਤਾਣ ਨਾਲ ਢੂੰਢਦੀ ਸੀ ਪਰ ਸਹੀ ਰਸਤਾ ਉਸਨੂੰ ਵਿਖਾਈ ਨਹੀਂ ਸੀ ਦਿੰਦਾ। ਚਾਰੇ ਪਾਸੇ ਹਨੇਰਾ ਸੀ, ਸੰਨਾਟਾ ਸੀ। ਅਤੇ ਉਹ ਸੋਚਦੀ ਸੀ-ਮੇਰੀ ਕੌਣ ਮਦਦ ਕਰੇਗਾ ? ਇਸ ਰਸਤੇ ਤੇ ਮੇਰਾ ਹੱਥ ਕੌਣ ਫੜੇਗਾ ? ਇਹ ਵਿਚਾਰ ਉਸਦਾ ਹੌਸਲਾ ਤੋੜ ਰਹੇ ਸਨ। ਇਹ ਉਹੀ ਤਾਰਾ ਸੀ, ਹਾਂ, ਇਹ ਉਹੀ ਤਾਰਾ ਸੀ, ਜਿਸਨੇ ਆਪਣੀ ਸੁੰਦਰਤਾ ਦੇ ਹਥਿਆਰ ਨਾਲ ਸੈਂਕੜੇ ਨੌਜਵਾਨਾਂ ਦੇ ਦਿੱਲ ਲੁੱਟੇ ਸਨ। ਅੱਜ ਉਹ ਬਿਲਕੁਲ ਮਜਬੂਰ, ਬਿਲਕੁਲ ਨਿਆਸਤੀ ਸੀ। ਉਸਨੂੰ ਆਪਣੇ ਉੱਤੇ ਜ਼ਰਾ ਵੀ ਭਰੋਸਾ ਨਹੀਂ ਸੀ। ਬੁਰਾਈ ਕਿੰਨੀ ਸਿੱਧੀ, ਕਿੰਨੀ ਆਸਾਨ, ਕਿੰਨੀ ਨਿਰਭੈ ਹੁੰਦੀ ਹੈ ? ਅਤੇ ਉਸਦੇ ਉਲਟ ਭਲਾਈ ਕਿੰਨੀ ਮਜਬੂਰ, ਕਿੰਨੀ ਕਮਜ਼ੋਰ, ਕਿੰਨੀ ਡਰੂ ਹੁੰਦੀ ਹੈ ? ਆਦਮੀ ਬੁਰਾਈ ਵੱਲ ਜਾਣਾ ਚਾਹੇ ਤਾਂ ਸੈਂਕੜੇ ਸਹਾਇਕ ਨਿਕਲ ਆਂਦੇ ਹਨ। ਪਰ ਭਲਾ ਬਣਨਾ ਚਾਹੇ ਤਾਂ ਇਕ ਵੀ ਅੱਗੇ ਨਹੀਂ ਵਧਦਾ। ਕੋਈ ਨੇਕ ਬੰਦਾ ਬਦਮਾਸ਼ ਹੋ ਜਾਵੇ ਤਾਂ ਸਮਾਜ ਚੁੱਪ ਰਹਿੰਦਾ ਹੈ। ਪਰ ਬਦਮਾਸ਼ ਆਦਮੀ ਨੇਕ ਬਣਨਾ ਚਾਹੇ, ਤਾਂ ਲੋਕ ਸਹਿ ਨਹੀਂ ਸਕਦੇ। ਸਾਰਾ ਸਮਾਜ ਵਿਰੋਧਤਾ ਕਰਨ ਲਈ ਉਠ ਖਲੋਂਦਾ ਹੈ।

ਤਾਰਾ ਆਪਣੇ ਮਕਾਨ ਤੇ ਪਹੁੰਚੀ ਅਤੇ ਫੁੱਟ ਫੁੱਟ ਕੇ ਰੋਣ ਲੱਗੀ। ਇਸ ਸਮੇਂ ਉਸਦਾ ਰੋਣਾ, ਉਸ ਬੱਚੇ ਵਾਂਗ ਸੀ ਜੋ ਮਾਰ ਖਾ ਸਕਦਾ ਹੈ, ਪਰ ਝਿੜਕਾਂ ਨਹੀਂ ਸਹਿ ਸਕਦਾ। ਉਸਨੂੰ ਮਹਿਤਾਬ ਰਾਏ ਉੱਤੇ ਰਹਿ ਰਹਿ ਕੇ ਗੁੱਸਾ ਆ ਰਿਹਾ ਸੀ। ਸੋਚਦੀ, ਮੈਂ ਲੱਖ ਬੁਰੀ ਸਾਂ ਪਰ ਉਸ

ਨਾਲ ਤਾਂ ਭਲਾਈ ਹੀ ਕੀਤੀ ਸੀ। ਉਸਨੂੰ ਇਸ ਤਰ੍ਹਾਂ ਮੂੰਹ ਫਾੜ ਕੇ ਨਹੀਂ ਸੀ ਕਹਿਣਾ ਚਾਹੀਦਾ ! ਮੈਂ ਉਸਦਾ ਜੀਵਨ ਬਚਾਇਆ ਹੈ, ਨਹੀਂ ਤਾਂ ਉਸਦੇ ਮਰਨ ਵਿੱਚ ਕੀ ਕਸਰ ਸੀ ? ਅਤੇ ਹੁਣ ਮੈਂ ਉਸ ਤੋਂ ਰੁਪਿਆ ਨਹੀਂ ਮੰਗਿਆ, ਮਕਾਨ ਨਹੀਂ ਮੰਗਿਆ, ਮੰਗੀ ਹੈ ਤਾਂ ਕੇਵਲ ਨੇਕ ਬਣਨ ਵਿੱਚ ਸਹਾਇਤਾ ! ਕੀ ਬੁਰਾ ਕੀਤਾ ਹੈ ? ਪਰ ਉਸਨੂੰ ਆਪਣੀ ਬਦਨਾਮੀ ਦਾ ਖਿਆਲ ਹੈ, ਮੇਰੇ ਜੀਵਨ ਦਾ ਖ਼ਿਆਲ ਨਹੀਂ; ਜਿਵੇਂ ਸਮਾਜ ਉਸਨੂੰ ਘਰੋਂ ਕੱਢ ਦੇਵੇਗਾ। ਹਸਪਤਾਲ ਮੈਂ ਆਪਣੀ ਗਰਜ਼ ਲਈ ਨਹੀਂ ਜਾਂਦੀ ਸਾਂ, ਉਸਦੇ ਹਿਤ ਲਈ ਹੀ ਜਾਂਦੀ ਸਾਂ। ਹੁਣ ਕਦੇ ਉੱਥੇ ਪੈਰ ਵੀ ਨਹੀਂ ਰਖਾਂਗੀ। ਨਿਰਲੱਜ ਜ਼ਰੂਰ ਹਾਂ, ਪਰ ਆਤਮ ਸਨਮਾਨ ਤੋਂ ਖ਼ਾਲੀ ਨਹੀਂ ਹਾਂ।

(5)

ਅਚਾਨਕ ਵਿਚਾਰਾਂ ਦੀ ਲੜੀ ਨੇ ਪਲਟਾ ਖਾਧਾ-ਭਲੇ ਆਦਮੀ ਹਨ, ਸਾਰੇ ਸ਼ਹਿਰ ਵਿੱਚ ਜਸ ਹੈ। ਬਾਜ਼ਾਰ ਵਿੱਚ ਨਿਕਲਦੇ ਹਨ, ਤਾਂ ਲੋਕ ਹੱਥ ਜੋੜਕੇ ਖੜ੍ਹੇ ਹੋ ਜਾਂਦੇ ਹਨ। ਸਰਕਾਰ ਵੀ ਮੰਨਦੀ ਹੈ। ਮੇਰੇ ਆਉਣ ਜਾਣ ਨਾਲ ਠੀਕ ਹੀ ਉਨ੍ਹਾਂ ਨੂੰ ਕਲੰਕ ਲੱਗ ਜਾਂਦਾ। ਲੋਕ ਕਹਿੰਦੇ...... ਨੇਕ ਬਣਿਆ ਫਿਰਦਾ ਹੈ, ਸਾਰੀ ਕਲੀ ਖੁਲ੍ਹ ਗਈ। ਵੇਸਵਾ ਹਾਲ ਪੁੱਛਣ ਆਉਂਦੀ ਹੈ, ਤਾਂ ਬਿਨਾਂ ਕਿਸੇ ਕਾਰਣ ਦੇ ਥੋੜੀ ਹੀ ਆਉਂਦੀ ਹੈ। ਜ਼ਰੂਰ ਦਾਲ ਵਿੱਚ ਕੁੱਝ ਕਾਲਾ ਹੋਵੇਗਾ। ਅਸਾਂ ਲੋਕ, ਪਰਲੋਕ ਦੋਵੇਂ ਗਵਾ ਲਏ ਹਨ, ਪਰ ਸੰਸਾਰ ਤਾਂ ਬਚਿਆ ਹੋਇਆ ਹੈ। ਨੇਕ ਬਣਨ ਵਿੱਚ ਸਾਰੀ ਉਮਰ ਲੱਗ ਜਾਂਦੀ ਹੈ, ਪਰ ਬਦਨਾਮ ਹੁੰਦਿਆਂ ਇੱਕ ਦਿਨ ਵੀ ਨਹੀਂ ਲੱਗਦਾ। ਉਪਰ ਚੜ੍ਹਨਾ ਕਿੰਨਾ ਔਖਾ ਹੈ ? ਇਸ ਵਿੱਚ ਕਿੰਨਾ ਵਕਤ ਲੱਗਦਾ ਹੈ ਪਰ ਡਿਗਣਾ ਕਿੰਨਾ ਆਸਾਨ ਹੈ ? ਇਸ ਵਿੱਚ ਕੋਈ ਮਿਹਨਤ ਨਹੀਂ ਕਰਨੀ ਪੈਂਦੀ। ਜ਼ਰਾ ਸਰੀਰ ਨੂੰ ਢਿੱਲਾ ਛਡਿਆ ਤੇ ਬਸ। ਬਾਕੀ ਕੰਮ ਆਪਣੇ ਆਪ ਹੋ ਜਾਂਦਾ ਹੈ। ਉਸ ਨੇ ਆਪਣੇ ਆਪ ਨੂੰ ਵੇਖਿਆ, ਕੀ ਬੁਰਾ ਕੀਤਾ ? ਮੇਰੀ ਵੀ ਅਕਲ ਮਾਰੀ ਗਈ ਹੈ ਕਿ ਉਨ੍ਹਾਂ ਨੂੰ ਬੁਰਾ ਕਹਿ ਰਹੀ ਹਾਂ, ਅਪਰਾਧ ਮੇਰਾ ਹੈ, ਉਨ੍ਹਾਂ ਦਾ ਨਹੀਂ।"

ਇਤਨੇ ਵਿੱਚ ਨੌਕਰਾਨੀ ਅੰਦਰ ਆਈ। ਤਾਰਾ ਨੇ ਸਿਰ ਚੁਕਿਆ ਤੇ ਬੇਬਸੀ ਨਾਲ ਉਸ ਵੱਲ ਤੱਕਿਆ ਅਤੇ ਪੁੱਛਿਆ- "ਕਿਉਂ ? ਕੀ ਹੈ ?'

"ਲਾਲਾ ਘਨਸ਼ਿਆਮ ਦਾਸ ਆਏ ਹਨ।"

"ਕਹਿ ਦੇ, ਇਸ ਵਕਤ ਤਬੀਅਤ ਖ਼ਰਾਬ ਹੈ। ਮੈਂ ਨਹੀਂ ਮਿਲ ਸਕਦੀ।"

ਦਾਸੀ ਨੇ ਸਮਝਿਆ ਸ਼ਾਇਦ ਤਾਰਾ ਪਾਗ਼ਲ ਹੋ ਗਈ ਹੈ। ਉਸ ਨੇ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਪਰ ਤਾਰਾ ਨੇ ਹੱਥ ਦੇ ਇਸ਼ਾਰੇ ਨਾਲ ਉਸ ਨੂੰ ਚੁੱਪ ਕਰਾ ਦਿੱਤਾ ਅਤੇ ਫਿਰ ਚੁੱਪ ਚਾਪ ਰੋਣ ਲੱਗ ਪਈ। ਦਾਸੀ ਚਲੀ ਗਈ-ਰੁਪਿਆ ਚਲਾ ਗਿਆ— ਉਸ ਦੀ ਕਿਸਮਤ ਚਲੀ ਗਈ। ਪਰ ਤਾਰਾ ਨੂੰ ਪਰਵਾਹ ਨਹੀਂ ਸੀ।

(6)

ਉਪਰ ਕਿਸ਼ੋਰੀ ਤੇ ਗੰਗੋਤਰੀ ਵਿੱਚ ਲੜਾਈ ਹੋ ਰਹੀ ਸੀ- ਕਿਸ਼ੋਰੀ ਕਹਿੰਦੀ ਸੀ ਮਹਿਤਾਬ ਰਾਏ ਨੇ ਚੰਗਾ ਨਹੀਂ ਕੀਤਾ, ਜਿਹੜਾ ਵਿਚਾਰੀ ਦਾ ਦਿਲ ਤੋੜ ਦਿੱਤਾ ਹੈ। ਲੱਖ ਬੁਰੀ ਹੋਵੇ, ਪਰ ਜੇ ਨੇਕ ਬਣਕੇ ਰਹੇ, ਤਾਂ ਕੀ ਬੁਰਾਈ ਹੈ।"

ਗੰਗੋਤਰੀ ਕਹਿੰਦੀ ਸੀ -"ਜਾਣਦੀ ਨਹੀਂ ਕੀ ? ਦੂਰ ਦੂਰ ਤਕ ਇਨ੍ਹਾਂ ਦਾ ਨਾਂ ਹੈ। ਅਤੇ ਕਾਸ਼ੀ ਦੇ ਲੋਕ ਇਨ੍ਹਾਂ ਨੂੰ ਦੇਵਤਾ ਸਮਝਦੇ ਹਨ। ਉਹ ਕੀ ਕਹਿਣਗੇ ? ਤੂੰ ਕੀ ਚਾਹੁੰਦੀ ਏਂ ਕਿ ਇਕ ਵੇਸਵਾ ਲਈ ਬਦਨਾਮ ਹੋ ਜਾਈਏ ? ਅਤੇ ਉਸ ਦੇ ਮਨ ਦੀ ਕੌਣ ਕਹਿ ਸਕਦਾ ਹੈ !... ਨੌਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚਲੀ ? ਸਾਰੀ ਉਮਰ ਕੋਇਲਾਂ ਵਿੱਚ ਖੇਡਦੀ ਰਹੀ ਹੈ ਤੇ ਅੱਜ ਉਸਨੂੰ ਸਾਬਣ ਦਾ ਸ਼ੌਕ ਚੜ੍ਹ ਆਇਆ ਹੈ। ਪਰ ਇਸ ਕਾਲਖ ਨੂੰ ਸਾਬਨ ਕੀ ਧੋਵੇਗਾ ?"

ਕਿਸ਼ੋਰੀ ਪੁੱਛਦੀ ਸੀ—'"ਇਹੀ ਹੈ ਉਸਦੇ ਅਹਿਸਾਨ ਦਾ ਬਦਲਾ ਸ਼ਾਇਦ ?"

ਗੰਗੋਤਰੀ ਜ਼ਵਾਬ ਦੇਂਦੀ ਸੀ— 'ਰੁਪਏ ਚਾਹੇ, ਤਾਂ ਹਜ਼ਾਰਾਂ ਲੈ ਲਵੇ। ਪਰ ਇੱਜ਼ਤ ਮਾਣ ਤਾਂ ਨਹੀਂ ਦਿਆਂਗੇ।"

ਕਿਸ਼ੋਰੀ ਕਹਿੰਦੀ ਸੀ-'ਉਸਨੂੰ ਰੁਪਿਆਂ ਦੀ ਲੋੜ ਕਦੋਂ ਹੈ ! ਉਹ ਤਾਂ ਉਨ੍ਹਾਂ ਤੋਂ ਹੱਥ ਫੜਨ ਦੀ ਸਹਾਇਤਾ ਚਾਹੁੰਦੀ ਹੈ। ਪਰ ਪਤਾ ਲੱਗ ਗਿਆ। ਇਨ੍ਹਾਂ ਵਿੱਚ ਜ਼ਰਾ ਵੀ ਦਲੇਰੀ ਨਹੀਂ। ਕੇਵਲ ਅਖ਼ਬਾਰ ਪੜ੍ਹਨਾ ਜਾਣਦੇ ਹਨ। ਕੰਮ ਦੇ ਵਕਤ ਬੈਠ ਜਾਂਦੇ ਹਨ ਹਿੰਮਤ ਹਾਰ ਕੇ।"

ਅਸੀਂ ਇੰਨਾ ਬੁਰਾਈ ਤੋਂ ਨਹੀਂ ਜਿੰਨਾ ਬਦਨਾਮੀ ਤੋਂ ਡਰਦੇ ਹਾਂ। ਬਦਨਾਮੀ ਦਾ ਡਰ ਨਾ ਹੋਵੇ ਤਾਂ ਦੁਨੀਆਂ ਵਿੱਚ ਪਾਪਾਂ ਦੀ ਗਿਣਤੀ ਕਈ ਗੁਣਾਂ ਵੱਧ ਜਾਵੇ। ਪਰ ਜਿੱਥੇ ਬਹੁਤ ਸਾਰੇ ਲੋਕ ਬਦਨਾਮੀ ਦੇ ਵਿਚਾਰ ਤੋਂ ਨੇਕ ਬਣੇ ਰਹਿਣ ਤੇ ਮਜਬੂਰ ਹਨ। ਉਥੇ ਕਈ ਲੋਕ ਬਦਨਾਮੀ ਦੇ ਡਰ ਤੋਂ ਘੋਰ ਤੋਂ ਘੋਰ ਪਾਪ ਕਰਨ ਲਈ ਵੀ ਤਿਆਰ ਹੋ ਜਾਂਦੇ ਹਨ। ਲਾਲਾ ਮਹਿਤਾਬ ਰਾਏ ਮੂਰਖ ਨਹੀਂ ਸੀ। ਉਹ ਜਾਣਦਾ ਸੀ ਕਿ ਤਾਰਾ ਦਾ ਦਿਲ ਨੇਕੀ ਵੱਲ ਝੁਕਿਆ

ਹੋਇਆ ਸੀ। ਉਹ ਇਹ ਵੀ ਚਾਹੁੰਦਾ ਸੀ ਕਿ ਉਸ ਦੀ ਮਦਦ ਕਰੋ। 'ਪਰ ਇਸ ਲਈ ਥੋੜੀ ਜਿਹੀ ਕੁਰਬਾਨੀ - ਨਹੀਂ ਸੀ ਕਰ ਸਕਦਾ। ਆਪਣੇ ਲਈ ਪਾਪ ਕਰਦਾ ਸੀ, ਪਰ ਤਾਰਾ ਦੇ ਹਿਤ ਲਈ ਭਲਾਈ ਕਰਨੀ ਵੀ ਔਖੀ ਹੋ ਗਈ ਸੀ।

ਦੂਸਰੇ ਦਿਨ ਉਨ੍ਹਾਂ ਨੇ ਆਪਣੇ ਦਰਵਾਜ਼ੇ ਤੇ ਤਾਰਾ ਦਾ ਨਿਰਾਸ਼ ਮੂੰਹ ਫਿਰ ਵੇਖਿਆ ਅਤੇ ਫਿਰ ਆਪਣੀ ਭੈਣ ਨੂੰ ਉਸੇ ਤਰ੍ਹਾਂ ਕਿਹਾ— ਕਿਸ਼ੋਰੀ ਲੋਕ ਕੀ ਆਖਣਗੇ ? ਮੈਂ ਬਦਨਾਮ ਹੋ ਜਾਵਾਂਗਾ। ਉਸਨੂੰ ਕਹਿ ਦੇ ਇੱਥੇ ਨਾ ਆਇਆ ਕਰੋ। ਉਹ ਵੇਸਵਾ ਹੈ, ਅਸੀਂ ਸ਼ਰੀਫ਼ ਹਾਂ, ਉਸਦਾ ਸਾਡਾ ਕੀ ਮੇਲ ਹੈ ?"

ਤਾਰਾ ਨੂੰ ਵਿਸ਼ਵਾਸ ਹੋ ਗਿਆ ਕਿ ਇਨ੍ਹਾਂ ਤੋਂ ਮੇਰੀ ਸਹਾਇਤਾ ਨਹੀਂ ਹੋ ਸਕੇਗੀ। ਜਿਨ੍ਹਾਂ ਨੂੰ ਉਹ ਜਲ ਦੀਆਂ ਤਰੰਗਾਂ ਸਮਝਦੀ ਸੀ, ਉਹ ਸੜਦਾ ਹੋਇਆ ਰੇਤਲਾ ਮੈਦਾਨ ਨਿਕਲਿਆ ਤ੍ਰੇਲ ਨਾਲ ਪਿਆਸ ਨਹੀਂ ਬੁਝ ਸਕਦੀ। ਤਾਰਾ ਦੀਆਂ ਅੱਖਾਂ ਭਰ ਆਈਆਂ। ਉਹ ਟਾਂਗੇ ਵਿੱਚ ਬੈਠ ਕੇ ਆਪਣੇ ਮਕਾਨ ਵੱਲ ਚਲੀ ਗਈ, ਪਰ ਉਸਦੇ ਵਿਚਾਰ ਨਾ ਬਦਲੇ। ਉਹ ਹੁਣ ਵੀ ਆਪਣਾ ਭੈੜਾ ਪੇਸ਼ਾ ਛੱਡਣ ਤੇ ਤੁਲੀ ਹੋਈ ਸੀ। ਹੁਣ ਉਸਨੂੰ ਨਾ ਗਾਉਣ-ਵਜਾਉਣ ਦਾ ਸ਼ੌਕ ਸੀ, ਨਾ ਹੱਸਣ-ਖੇਡਣ ਦਾ ! ਜਵਾਨੀ ਦੀਆਂ ਉਮੰਗਾਂ ਦੀ ਥਾਂ ਨਿਰਾਸਤਾ ਛਾਈ ਹੋਈ ਸੀ। ਅੱਖਾਂ ਵਿਚੋਂ ਨੀਰ ਵਗਦਾ ਰਹਿੰਦਾ ਸੀ। ਨਾ ਕੱਪੜੇ ਬਦਲਦੀ ਸੀ, ਨਾ ਗਹਿਣੇ ਪਾਉਂਦੀ ਸੀ, ਨਾ ਵਾਲ ਵਾਹੁੰਦੀ ਸੀ। ਇਸਤਰੀ ਦਾ ਗੋਰਵ ਉਸਦੀ ਸੁੰਦਰਤਾ ਹੁੰਦੀ ਹੈ, ਰੂਪ ਦਾ ਗੌਰਵ ਸ਼ਿੰਗਾਰ। ਪਰ ਤਾਰਾ ਨੇ ਦੋਵੇਂ ਇਕੱਠੇ ਹੀ ਛੱਡ ਦਿੱਤੇ। ਇਥੋਂ ਤਕ ਕਿ ਪੰਦਰਾਂ ਦਿਨ ਬੀਤ ਗਏ।

ਸ਼ਾਮ ਦਾ ਵੇਲਾ ਸੀ। ਸੁੰਦਰਤਾ ਦੇ ਬਾਜ਼ਾਰ ਵਿੱਚ ਸੁੰਦਰਤਾ ਦੇ ਵਾਪਾਰੀ ਜਮ੍ਹਾਂ ਸਨ। ਚੁਬਾਰਿਆਂ ਵਿਚੋਂ ਅੱਖਾਂ ਝਾਕਦੀਆਂ ਸਨ, ਉਨ੍ਹਾਂ ਵਿੱਚ ਸੁਨੇਹੇ ਸਨ। ਬਾਜ਼ਾਰ ਤੋਂ ਅੱਖਾਂ ਵੇਖਦੀਆਂ ਸਨ, ਉਨ੍ਹਾਂ ਵਿੱਚ ਲਾਲਸਾ ਸੀ। ਅਤੇ ਇਨ੍ਹਾਂ ਦੋਹਾਂ ਵਿਚਕਾਰ ਲੱਜਿਆ ਦੀ ਦੀਵਾਰ ਖੜ੍ਹੀ ਸੀ, ਨਹੀਂ ਤਾਂ ਸੁੰਦਰਤਾ ਤੇ ਪ੍ਰੇਮ ਦਾ ਖੁਲ੍ਹਮ ਖੁਲ੍ਹਾ ਮਿਲਾਪ ਹੋ ਜਾਂਦਾ ਹੈ। ਪਰ ਸੁੰਦਰਤਾ ਇਸ ਲਜਿਆ ਨੂੰ ਆਪਣੇ ਲੱਗਾਤਾਰ ਹਮਲਿਆਂ ਤੋਂ ਦੂਰ ਹਟਾਉਣ ਦੀ ਕੋਸ਼ਿਸ਼ ਕਰਦੀ ਸੀ ਅਤੇ ਜਦ ਕਦੀ ਸਫਲ ਹੋ ਜਾਂਦੀ, ਤਾਂ ਲਜਿਆ ਦੇ ਹੋਠ ਨੀਲੇ ਪੈ ਜਾਂਦੇ। ਅਤੇ ਪ੍ਰੇਮ ਦੇ ਪ੍ਰਵਾਹ ਵਿੱਚ ਹਲਚਲ ਮਚ ਜਾਂਦੀ ਅਤੇ ਜੋਬਨ ਮੁਸਕਰਾਂਦਾ ਸੀ।

ਹਰ ਇਕ ਬੈਠਕ ਤੇ ਰੌਣਕ ਸੀ। ਹਰ ਇਕ ਬੈਠਕ ਵਿੱਚ ਰੌਸ਼ਨੀ ਸੀ। ਪਰ ਤਾਰਾ ਦੇ ਮਕਾਨ ਤੇ ਉਦਾਸੀ ਛਾਈ ਹੋਈ ਸੀ, ਜਿਵੇਂ ਉਥੇ ਕਿਸੇ ਦੀ ਮੌਤ ਹੋ ਗਈ ਹੋਵੇ। ਕਦੇ ਉਸਦੇ ਚੁਬਾਰੇ ਵਿੱਚ ਸਭ ਤੋਂ ਵੱਧ ਰੌਣਕ ਹੁੰਦੀ ਸੀ। ਤਾਰਾ ਆਪਣੇ ਕਮਰੇ ਵਿੱਚ ਬੈਠੀ ਉਨ੍ਹਾਂ ਦਿਨਾਂ ਨੂੰ

ਯਾਦ ਕਰਦੀ ਸੀ ਅਤੇ ਠੰਡੀਆਂ ਆਹਾਂ ਭਰਦੀ ਸੀ। ਪਾਪਾਂ ਦੀ ਯਾਦ ਪਾਪਾਂ ਨਾਲੋਂ ਵੀ ਭਿਆਨਕ ਹੈ। ਉਸਨੂੰ ਹੁਣ ਉਸ ਮਕਾਨ ਤੋਂ ਡਰ ਲੱਗਦਾ ਸੀ। ਉਹ ਚਾਹੁੰਦੀ ਸੀ ਉਸ ਘਰ ਦੇ ਸਮਾਨ ਨੂੰ ਅੱਗ ਲਾ ਦੇਵੇ ਤੇ ਆਪ ਕਿਤੇ ਨਿਕਲ ਜਾਵੇ। ਫਿਰ ਵਿਚਾਰ ਆਉਂਦਾ, ਕਿਥੇ ਜਾਵੇ? ਕੀ ਉਸਨੂੰ ਕੋਈ ਭਲਾ ਆਦਮੀ ਆਪਣੀ ਡਿਉਢੀ ਵਿੱਚ ਪੈਰ ਵੀ ਰੱਖਣ ਦੇਵੇਗਾ? ਅੱਜ ਤਕ ਲਾਲ ਅੱਖਾਂ ਨਹੀਂ ਵੇਖੀਆਂ, ਇਹ ਬੇਇੱਜ਼ਤੀ ਕਿਵੇਂ ਸਹਾਂਗੀ ! ਇਸ ਵਿਚਾਰ ਨਾਲ ਇੱਦਾਂ ਸਹਿਮ ਜਾਂਦੀ, ਜਿਵੇਂ ਹਿਰਨੀ ਸ਼ੇਰ ਤੋਂ। ਪਾਪ ਕਰਨਾ ਇੰਨਾ ਔਖਾ ਨਹੀਂ, ਜਿੰਨਾ ਉਸਨੂੰ ਛੱਡਣਾ। ਉਸ ਲਈ ਨਿਰਲੱਜਤਾ ਦੀ ਲੋੜ ਹੈ, ਇਸ ਲਈ ਦ੍ਰਿੜ ਧੀਰਜ ਦੀ ਲੋੜ ਹੈ। ਜੇ ਆਦਮੀ ਦ੍ਰਿੜ ਧੀਰਜ ਵਾਲਾ ਬਣ ਸਕਦਾ, ਤਾਂ ਸੰਸਾਰ ਸੰਸਾਰ ਨਾ ਰਹਿੰਦਾ, ਸੂਰਗ ਬਣ ਜਾਂਦਾ, ਆਦਮੀ ਆਦਮੀ ਨਾ ਰਹਿੰਦੇ ਦੇਵਤਾ ਬਣ ਜਾਂਦੇ।

ਇਕਦਮ ਪੈਰਾਂ ਦੀ ਆਹਟ ਹੋਈ। ਤਾਰਾ ਨੇ ਸਿਰ ਚੁਕਿਆ, ਤਾਂ ਸਾਹਮਣੇ ਗੁਲਨਾਰ ਖੜ੍ਹੀ ਸੀ। ਉਹ ਵੀ ਵੇਸਵਾ ਸੀ। ਉਸ ਨੂੰ ਵੇਖ ਕੇ ਤਾਰਾ ਦੀਆਂ ਅੱਖਾਂ ਸਜਲ ਹੋ ਗਈਆਂ, ਜਿਵੇਂ ਬੀਮਾਰ ਕਿਸੇ ਸਬੰਧੀ ਦੇ ਆਉਣ ਤੇ ਰੋਣ ਲੱਗ ਜਾਂਦਾ ਹੈ। ਤਾਰਾ ਦੇ ਮੈਲੇ ਕੱਪੜੇ ਅਤੇ ਰੁੱਖੇ ਵਾਲ ਵੇਖ ਕੇ ਗੁਲਨਾਰ ਦੇ ਕਲੇਜੇ ਵਿੱਚ ਤੀਰ ਖੁਭ ਗਿਆ। ਕੁੱਝ ਦੇਰ ਤਕ ਚੁੱਪ ਚਾਪ ਖੜੀ ਰਹੀ, ਫਿਰ ਬੋਲੀ- "ਤਾਰਾ ! ਇਹ ਤੂੰ ਹਾਲ ਬਣਾ ਰਖਿਆ ਹੈ ਆਪਣਾ ?"

ਤਾਰਾ ਨੇ ਜ਼ਮੀਨ ਵੱਲ ਵੇਖਦਿਆਂ ਜਵਾਬ ਦਿੱਤਾ-‘ਪਰਮਾਤਮਾ ਕਰੇ, ਮੇਰਾ ਹੁਣ ਇਹੀ ਹਾਲ ਬਣਿਆ ਰਹੇ।"

"ਲਿਬਾਸ ਤੇ ਜ਼ੇਵਰ ਕਿਧਰ ਗਏ ?"

"ਉਨ੍ਹਾਂ ਨੂੰ ਵੇਖ ਕੇ ਅੱਗ ਲੱਗ ਜਾਂਦੀ ਹੈ।"

"ਤੇਰਾ ਮੂੰਹ ਪਹਿਲਾਂ ਨਾਲੋਂ ਅੱਧਾ ਵੀ ਨਹੀਂ ਰਿਹਾ।”

"ਇਸਤਰੀ ਲਈ ਮੂੰਹ ਹੀ ਸਭ ਕੁੱਝ ਨਹੀਂ।"

"ਇਸ ਵਕਤ ਨੂੰ ਪਛਤਾਵੇਂਗੀ, ਪਰ ਇਹ ਹੱਥ ਨਹੀਂ ਆਵੇਗਾ।"

ਤਾਰਾ ਨੇ ਇਕ ਅਜੀਬ ਤੱਕਣੀ ਨਾਲ ਗੁਲਨਾਰ ਨੂੰ ਵੇਖਿਆ, ਅਤੇ ਕਿਹਾ—“ਮੇਰਾ ਮਨ ਇਸ ਪਾਪ ਦੇ ਜੀਵਨ ਤੋਂ ਬੇਜ਼ਾਰ ਹੋ ਗਿਆ ਹੈ।”

"ਤਾਂ ਇਹ ਕਹਿ ਕਿ ਜੋਗਣ ਬਣਨ ਦਾ ਇਰਾਦਾ ਹੈ।”

"ਜੋਗਣ ਤਾਂ ਕੀ ਬਣਾਂਗੀ, ਨਾਰੀ ਬਣਨ ਦੀ ਇੱਛਾ ਜ਼ਰੂਰ ਹੈ।"

ਗੁਲਨਾਰ ਨੇ ਕੁੱਝ ਸੋਚ ਕੇ ਪੁੱਛਿਆ-"ਪਰ ਕਿਉਂ ? ਆਖ਼ਰ ਹੋਇਆ ਕੀ ਏ ? ਕੁੱਝ ਮੈਨੂੰ ਵੀ ਤਾਂ ਦੱਸ।"

ਤਾਰਾ ਨੇ ਅੱਖਾਂ ਬੰਦ ਕਰ ਲਈਆਂ, ਜਿਵੇਂ ਕਿਸੇ ਭੁਲੇ ਹੋਏ ਸੁਹਾਵਣੇ ਨਜ਼ਾਰੇ ਦਾ ਖ਼ਿਆਲ ਆ ਗਿਆ ਹੋਵੇ। ਅਤੇ ਕਿਹਾ--"ਇਸ ਲਈ ਕਿ ਮੈਂ ਹੁਣ ਪਤੀਬਤਾ ਇਸਤਰੀ, ਚੰਗੀ ਭੈਣ ਅਤੇ ਨੇਕ ਪਤੀ ਦਾ ਜੀਵਨ ਵੇਖ ਲਿਆ ਹੈ। ਹੁਣ ਮੇਰੀਆਂ ਅੱਖਾਂ ਖੁਲ੍ਹ ਗਈਆਂ ਹਨ।"

ਗੁਲਨਾਰ ਨੇ ਤਾਰਾ ਦਾ ਹੱਥ ਆਪਣੇ ਹੱਥ ਵਿਚ ਲੈ ਕੇ ਕਿਹਾ-"ਉਹ ਕਿਹੜਾ ਨੇਕ ਖਾਵੰਦ ਹੈ, ਜਿਸਦੇ ਜੀਵਨ ਨੇ ਤੈਨੂੰ ਬਦਲ ਦਿੱਤਾ ਹੈ। ਜ਼ਰਾ ਉਸਦਾ ਨਾਂ ਤਾਂ ਲੈ, ਮੈਂ ਵੀ ਤਾਂ ਬਨਾਰਸ ਵਿੱਚ ਜ਼ਿੰਦਗੀ ਗੁਜ਼ਾਰੀ ਹੈ। ਉਸਨੂੰ ਜ਼ਰੂਰ ਵੇਖਿਆ ਹੋਵੇਗਾ, ਨਾ ਵੇਖਿਆ ਹੋਵੇਗਾ ਤਾਂ ਉਸਦਾ ਨਾਂ ਤਾਂ ਜ਼ਰੂਰ ਸੁਣਿਆ ਹੋਵੇਗਾ।"

ਤਾਰਾ ਰੁਕ ਰੁਕ ਕੇ ਬੋਲੀ- ਉਸਦਾ ਨਾਂ ਲਾਲਾ ਮਹਿਤਾਬ ਰਾਏ ਹੈ। ਬਹੁਤ ਹੀ ਨੇਕ ਆਦਮੀ ਹੈ। ਅਤੇ ਆਦਮੀ ਕੀ ਹੈ, ਉਹ ਤਾਂ ਦੇਵਤਾ ਏ ਦੇਵਤਾ !"

ਗੁਲਨਾਰ ਜੋਸ਼ ਨਾਲ ਕੇਲੇ ਦੇ ਪੱਤੇ ਵਾਂਗ ਕੰਬਦੀ ਹੋਈ ਬੋਲੀ "ਕੌਣ ਮਹਿਤਾਬ ਰਾਏ? ਕੁੱਝ ਅਤਾ ਪਤਾ ਤਾਂ ਦਸ ?

"ਗੱਡੀ ਥਲੇ ਆ ਗਿਆ ਸੀ।"

"ਗੁਟ ਤੇ ਸੋਨੇ ਦੀ ਘੜੀ ਬੰਨੀ ਰਖਦਾ ਏ ?"

"ਹਾਂ ਉਹੀ।"

"ਬਹੁਤ ਅਮੀਰ ਏ।"

"ਹਾਂ ਬਹੁਤ ਅਮੀਰ ਹੈ। ਕੀ ਤੂੰ ਉਸਨੂੰ ਜਾਣਦੀ ਏਂ ?"

ਗੁਲਨਾਰ ਨੇ ਮੁਸਕਰਾ ਕੇ ਮੂੰਹ ਫੇਰ ਲਿਆ ਤੇ ਕਿਹਾ—"ਖੂਬ ਜਾਣਦੀ ਹਾਂ। ਮੇਰੇ ਨਾਲ ਪੁਰਾਣੀ ਮੁਲਾਕਾਤ ਹੈ।"

ਤਾਰਾ ਦੇ ਕਲੇਜੇ ਵਿੱਚ ਜਿਵੇਂ ਕਿਸੇ ਨੇ ਨੇਜ਼ੇ ਦੀ ਨੋਕ ਖੋਭ ਦਿੱਤੀ ਹੋਵੇ। ਤੜਪ ਕੇ ਬੋਲੀ-'ਗੁਲਨਾਰ, ਮੈਨੂੰ ਧੋਖਾ ਨਾ ਦੇਵੀਂ।"

"ਅੱਜ ਰਾਤ ਮੇਰੇ ਕੋਠੇ ਤੇ ਆ ਜਾਵੇਂ ਤਾਂ ਤੈਨੂੰ ਅੱਖੀਂ ਵਿਖਾ ਦੇਵਾ ਕਿ ਉਹ ਆਦਮੀ ਏ ਕਿ ਸ਼ੈਤਾਨ ਏ।"

"ਪਰ ਮੈਨੂੰ ਯਕੀਨ ਨਹੀਂ ਆਉਂਦਾ।"

"ਅੱਜ ਰਾਤ ਨੂੰ ਆ ਜਾਵੇਗਾ। ਤੂੰ ਸਿਰਫ਼ ਮੇਰੇ ਕੋਠੇ ਤੇ ਆ ਜਾਵੀਂ।"

(7)

ਰਾਤ ਦੇ ਬਾਰ੍ਹਾਂ ਵਜੇ ਤਾਰਾ ਗੁਲਨਾਰ ਦੇ ਮਕਾਨ ਤੇ ਪਹੁੰਚੀ। ਇਸ ਵੇਲੇ ਉਸਦਾ ਚਿਹਰਾ ਉਦਾਸ, ਅੱਖਾਂ ਨਿਸਤੇਜ ਸਨ। ਉਸਦੀ ਹਾਲਤ ਉਸ ਵਿਦਿਆਰਥੀ ਵਾਂਗ ਸੀ, ਜਿਸਨੂੰ ਫੇਲ੍ਹ ਹੋਣ ਦਾ ਧੁੜਕੂ ਲੱਗਾ ਹੋਵੇ। ਉਸਨੇ ਮਹਿਤਾਬ ਰਾਏ ਦੇ ਸਵਾਲ ਨੂੰ ਆਪਣਾ ਸਵਾਲ ਬਣਾ ਲਿਆ ਸੀ। ਗੁਲਨਾਰ ਨੇ ਉਸਨੂੰ ਆਪਣੇ ਪਾਸ ਬੈਠਾ ਲਿਆ ਅਤੇ ਪਾਪ ਦੇ ਭੁੱਲੇ ਹੋਏ ਸਬਕ ਪੜ੍ਹਾਉਣ ਲੱਗੀ। ਪਰ ਤਾਰਾ ਦਾ ਧਿਆਨ ਇਸ ਬੰਨੇ ਨਹੀਂ ਸੀ। ਅਤੇ ਉਹ ਉਸ ਸਮੇਂ ਦੀ ਉਡੀਕ ਕਰ ਰਹੀ ਸੀ, ਜਦੋਂ-

ਇੰਨੇ ਵਿੱਚ ਬਾਹਰ ਕਿਸੇ ਗੱਡੀ ਦੀ ਗੜਗੜਾਹਟ ਸੁਣਾਈ ਦਿੱਤੀ ਆ ਕੇ ਮਰ ਗਈ। ਉਦਾਂ ਹੀ ਜਿਵੇਂ ਹਰ ਵੇਸਵਾ ਦੇ ਮਕਾਨ ਤੇ ਆ ਕੇ ਅਤੇ ਦਰਵਾਜ਼ੇ ਤੇ ਨੇਕੀ ਮਰ ਜਾਂਦੀ ਹੈ। ਗੁਲਨਾਰ ਨੇ ਆਪਣੇ ਗਲੇ ਦਾ ਹਾਰ ਠੀਕ ਕਰਦਿਆਂ ਤਾਰਾ ਨੂੰ ਕਿਹਾ- "ਉਸ ਪਰਦੇ ਦੇ ਪਿੱਛੇ ਲੁਕ ਜਾ। ਅਤੇ ਆਪਣੇ ਸ਼ਰੀਫ਼-ਬਦਮਾਸ਼ ਦਾ ਤਮਾਸ਼ਾ ਵੇਖ ਲੈ। ਤੇਰੀ ਤਸੱਲੀ ਹੋ ਜਾਵੇਗੀ।"

ਇਹ ਕਹਿੰਦੇ ਕਹਿੰਦੇ ਉਸ ਨੇ ਤਾਰਾ ਨੂੰ ਪਰਦੇ ਦੇ ਪਿੱਛੇ ਧੱਕ ਦਿੱਤਾ। ਪੈਰਾਂ ਦੀ ਆਹਟ ਸੁਣਾਈ ਦਿੱਤੀ। ਤਾਰਾ ਦੇ ਪ੍ਰਾਣ ਹੇਠਾਂ ਤਕ ਆ ਗਏ। ਉਹ ਗੋਡਿਆਂ ਭਾਰ ਝੁਕ ਗਈ ਅਤੇ ਆਪਣੀਆਂ ਅੱਖਾਂ ਵਿਚ ਹੰਝੂ ਭਰਕੇ ਬੋਲੀ-"ਪਰਮਾਤਮਾ ਕਰੇ, ਉਹ ਨਾ ਹੋਵੇ। ਨਹੀਂ ਮੈਨੂੰ ਜੋ ਸ਼ਰਧਾ ਸਮਾਜ ਤੇ ਮਨੁੱਖ ਤੇ ਹੈ, ਉਹ ਨਹੀਂ ਰਹੇਗੀ। ਮੇਰਾ ਸਹਾਰਾ ਟੁੱਟ ਜਾਵੇਗਾ। ਮੈਂ ਸਦਾ ਲਈ ਪਾਪ ਦੇ ਬਾਜ਼ਾਰ ਜੋਗੀ ਰਵਾਂਗੀ।"

ਪਰ ਪਰਮਾਤਮਾ ਨੇ ਉਸਦੀ ਪ੍ਰਾਰਥਨਾ ਨਾ ਸੁਣੀ।

ਕੋਈ ਆਦਮੀ ਦਰਵਾਜ਼ੇ ਦੇ ਅੰਦਰ ਆਇਆ ਤੇ ਉਸਨੇ ਐਕਟਰਾਂ ਦੀ ਤਰ੍ਹਾਂ ਝੁਕਕੇ ਕਿਹਾ—"ਸਰਕਾਰ ! ਤਸਲੀਮ !"

ਗੁਲਨਾਰ ਨੇ ਭਵਾਂ ਚੜ੍ਹਾ ਕੇ ਉੱਤਰ ਦਿੱਤਾ—"ਜਾਉ ਲਾਲਾ ਜੀ ! ਇਤਨਾ ਜ਼ਮਾਨਾ ਗੁਜ਼ਰ ਗਿਆ, ਇਕ ਪੈਗਾਮ ਤਕ ਨਾ ਭੇਜਿਆ ਗਿਆ ਅਤੇ ਅਸੀਂ ਇਥੇ ਤੜਪਦੇ ਰਹੇ। ਖੁਦਾ ਜਾਣਦਾ ਹੈ, ਕਿ ਜੇ ਆਪ ਦੀ ਬਦਨਾਮੀ ਦਾ ਖਿਆਲ ਨਾ ਹੁੰਦਾ ਤਾਂ ਪੰਦਰਾਂ ਵਾਰੀ ਹਸਪਤਾਲ ਆਉਂਦੀ, ਪੰਦਰਾਂ ਵਾਰੀ।"

ਲਾਲਾ ਮਹਿਤਾਬ ਰਾਏ ਨੇ ਹੱਥ ਬੰਨੇ ਤੇ ਕਿਹਾ—"ਹੁਣ ਇਹ ਭੁੱਲ ਨਹੀਂ ਹੋਵੇਗੀ। ਇਸ ਦਫਾ ਮਾਫ਼ ਕਰ ਦਿਉ।"

ਇਹ ਕਹਿੰਦੇ ਕਹਿੰਦੇ ਉਸਨੇ ਗੁਲਨਾਰ ਦੇ ਦੋਨੋਂ ਹੱਥ ਆਪਣੇ ਹੱਥਾਂ ਵਿੱਚ ਫੜ ਲਏ ਅਤੇ ਬੇਸਬਰੀ ਨਾਲ ਉਸਨੂੰ ਆਪਣੇ ਵੱਲ ਖਿਚਿਆ।

ਹੁਣ ਤਾਰਾ ਨਾ ਰਹਿ ਸਕੀ। ਇਕ ਦਮ ਉਸਨੇ ਪਰਦਾ ਹਟਾਇਆ ਅਤੇ ਬਾਹਰ ਆ ਕੇ ਉਨ੍ਹਾਂ ਦੇ ਸਾਹਮਣੇ ਖਲੋ ਗਈ।

ਮਹਿਤਾਬ ਰਾਏ ਸੁੰਨ ਹੋ ਗਿਆ। ਉਹ ਕਦੇ ਗੁਲਨਾਰ ਵੱਲ ਤੇ ਕਦੇ ਤਾਰਾ ਵੱਲ ਵੇਖਦਾ ਸੀ ਅਤੇ ਸਥਿਤੀ ਨੂੰ ਸਮਝਣ ਦਾ ਯਤਨ ਕਰਦਾ ਸੀ। ਗੁਲਨਾਰ ਦਾ ਹਾਸਾ ਰੋਕਿਆ ਨਹੀਂ ਸੀ ਰੁਕਦਾ; ਪਰ ਤਾਰਾ ਦੀਆਂ ਅੱਖਾਂ ਵਿਚੋਂ ਅੱਗ ਦੀਆਂ ਚਿੰਗਾੜੀਆਂ ਨਿਕਲ ਰਹੀਆਂ ਸਨ। ਉਸਨੇ ਅੱਗੇ ਵੱਧ ਕੇ ਆਪਣੇ ਦੋਵੇਂ ਹੱਥ ਮਹਿਤਾਬ ਰਾਏ ਦੇ ਮੋਢਿਆਂ ਤੇ ਰਖ ਦਿੱਤੇ। ਆਪਣੀਆਂ ਅੱਖਾਂ ਉਸਦੀਆਂ ਅੱਖਾਂ ਵਿੱਚ ਪਾ ਕੇ ਕਿਹਾ—"ਲੋਕ ਕੀ ਆਖਣਗੇ ? ਮੈਂ ਬਦਨਾਮ ਹੋ ਜਾਵਾਂਗਾ। ਉਸਨੂੰ ਕਹਿ ਦੇ, ਇਥੇ ਨਾ ਆਇਆ ਕਰੇ। ਉਹ ਵੇਸਵਾ ਹੈ, ਅਸੀਂ ਸ਼ਰੀਫ ਆਦਮੀ ਹਾਂ, ਸਾਡਾ ਉਸਦਾ ਕੀ ਮੇਲ ਹੈ ?"

ਮਹਿਤਾਬ ਰਾਏ ਜੋ ਬਿਜਲੀ ਡਿੱਗੀ। ਤਾਰਾ ਵੇਖਦੇ ਵੇਖਦੇ ਬਾਹਰ ਨਿਕਲ ਗਈ। ਹੁਣ ਫਿਰ ਉਹ ਬਦਲ ਚੁਕੀ ਸੀ।

ਉਸਨੇ ਆਪਣੇ ਮਕਾਨ ਤੇ ਪਹੁੰਚ ਕੇ ਆਪਣਾ ਲਿਬਾਸ ਬਦਲਿਆ। ਗਹਿਣੇ ਪਾਏ, ਵਾਲ ਸੰਵਾਰੇ, ਮੂੰਹ ਤੇ ਕਰੀਮ ਮੱਲੀ ਅਤੇ ਫਿਰ ਸ਼ੀਸ਼ੇ ਦੇ ਸਾਹਮਣੇ ਖੜੀ ਹੋਕੇ ਆਪਣਾ ਰੂਪ-ਸੁੰਦਰਤਾ ਵੇਖਣ ਲੱਗੀ ਅਤੇ ਆਪਣੀਆਂ ਆਦਾਵਾਂ ਤੇ ਭੂਮਣ ਲੱਗੀ।

ਹੁਣ ਫੇਰ ਉਹ ਉਹੀ ਤਾਰਾ ਸੀ। ਉਹੀ ਦਾਲ ਮੰਡੀ ਦੀ ਪ੍ਰਸਿੱਧ ਤਾਰਾ, ਉਹੀ ਸਦਾਚਾਰ ਤੇ ਇਖਲਾਕ ਨੂੰ ਲੁੱਟਣ ਵਾਲੀ ਤਾਰਾ, ਉਹ ਸਭਿਅਤਾ ਦੀ ਦੁਸ਼ਮਣ ਤਾਰਾ। ਹੁਣ ਫਿਰ ਉਸ ਦੀਆਂ ਅੱਖਾਂ ਵਿੱਚ ਉਹੀ ਨਸ਼ਾ ਸੀ। ਮੂੰਹ ਤੇ ਉਹੀ ਧੋਖਾ ਸੀ, ਦਿਲ ਵਿੱਚ ਉਹੀ ਜ਼ਹਿਰ ਸੀ। ਉਹ ਆਪਣੇ ਆਪ ਨੂੰ ਸ਼ੀਸ਼ੇ ਵਿੱਚ ਵੇਖਕੇ ਹੱਸਣ ਲੱਗੀ ਕਿ ਇੰਨੇ ਦਿਨ ਉਹ ਕਿਵੇਂ ਮੂਰਖ ਬਣੀ ਰਹੀ ? ਇੰਨੇ ਵਿੱਚ ਨੌਕਰਾਣੀ ਅੰਦਰ ਆਈ ਅਤੇ ਇਸ ਕਾਇਆ ਪਲਟ ਨੂੰ ਵੇਖਕੇ ਦੰਗ ਰਹਿ ਗਈ। ਉਸ ਨੇ ਹੌਲੀ ਜਿਹੀ ਕਿਹਾ-"ਲਾਲਾ ਘਣਸ਼ਿਆਮ ਦਾਸ ਆਏ ਹਨ।"

ਤਾਰਾ ਦੇ ਰੋਮ ਰੋਮ ਵਿਚ ਖੁਸ਼ੀ ਦੌੜ ਗਈ। ਉਸਨੇ ਆਪਣੇ ਸਿਰ ਦੇ ਵਾਲਾਂ ਨੂੰ ਮੱਥੇ ਉੱਤੇ ਮਰੋੜਦਿਆਂ ਕਿਹਾ— "ਉਨ੍ਹਾਂ ਨੂੰ ਕਹੋ, ਤਸ਼ਰੀਫ਼ ਰੱਖਣ। ਹੁੰਨੀਆਂ। ਮੈਂ ਹੁਣੇ ਹਾਜ਼ਰ

ਤਾਰਾ ਮੂੰਹ ਵਿਚ ਪਾਨ ਰਖਕੇ ਆਪਣੇ ਸਰੀਰ ਨੂੰ ਬੇਸ਼ਰਮੀ ਨਾਲ ਹਿਲਾਉਂਦੀ ਹੋਈ ਅਤੇ ਹੋਠਾਂ ਤੇ ਵੇਸਵਾਵਾਂ ਵਾਲੀ ਮੁਸਕਰਾਹਟ ਲੈ ਕੇ ਉਸ ਕਮਰੇ ਦੇ ਅੰਦਰ ਆਈ ਜਿਥੇ ਲਾਲਾ ਘਣਸ਼ਿਆਮ ਦਾਸ ਉਸਦਾ ਰਾਹ ਵੇਖ ਰਹੇ ਸਨ।

ਉਸ ਰਾਤ ਮਹਿਤਾਬ ਰਾਏ ਨੇ ਸੁਪਨੇ ਵਿੱਚ ਵੇਖਿਆ ਕਿ ਕੋਈ ਦੇਵੀ ਉਸਨੂੰ ਕਹਿ ਰਹੀ ਹੈ-"ਐ ਪਾਪੀ ! ਤੂੰ ਆਪਣੀ ਇਸਤਰੀ, ਭੈਣ ਅਤੇ ਮਾਂ ਦੇ ਪ੍ਰੇਮ ਨੂੰ ਪੈਰਾਂ ਥੱਲੇ ਕੁਚਲਿਆ ਹੈ। ਤੈਂ ਪਰਾਈ ਅਮਾਨਤ ਲੁੱਟੀ ਹੈ। ਤੈਂ ਆਪਣੇ ਆਪ ਨੂੰ, ਆਪਣੇ ਅੰਤਹਕਰਣ ਨੂੰ ਆਪਣੇ ਪਰਮਾਤਮਾ ਦੀ ਨਜ਼ਰ ਵਿੱਚ ਨੀਵਾਂ ਕੀਤਾ ਹੈ। ਤੈਂ ਆਪਣੇ ਆਚਰਣ ਨੂੰ ਤਬਾਹ ਕੀਤਾ ਹੈ। ਇਹ ਸਭ ਪਾਪ ਹੈ। ਪਰ ਤੂੰ ਅੱਜ ਇਕ ਪਾਪੀ ਆਤਮਾ ਨੂੰ ਸਿੱਧੇ ਰਾਹ ਤੇ ਪਾਉਣ ਤੋਂ ਜਿਹੜਾ ਰੋਕਿਆ ਹੈ, ਅਤੇ ਉਸਨੂੰ ਫਿਰ ਉਸੇ ਨਰਕ-ਕੁੰਡ ਵਿੱਚ ਸੜਨ ਤੇ ਮਜਬੂਰ ਕੀਤਾ ਹੈ, ਇਹ ਪਾਪ ਨਹੀਂ, 'ਘੋਰ ਪਾਪ' ਹੈ। ਤੇਰਾ ਇਹ ਘੋਰ ਪਾਪ ਕਦੇ ਮਾਫ਼ ਨਹੀਂ ਹੋਵੇਗਾ।

ਮਹਿਤਾਬ ਰਾਏ ਜਾਗਿਆ। ਉਸਨੇ ਇਸ ਸੁਪਨੇ ਤੇ ਵਿਚਾਰ ਕੀਤੀ। ਉਸਨੇ ਇਸਨੂੰ ਆਪਣੇ ਮਨ ਦੀ ਕਮਜ਼ੋਰੀ ਸਮਝਿਆ ਅਤੇ ਕਰਵਟ ਬਦਲ ਕੇ ਫਿਰ ਉਸੇ ਤਰ੍ਹਾਂ ਸੌਂ ਗਿਆ।

-0-

# ਸੇਵਾ ਧਰਮ

(1)

ਦੀਵਾਲੀ ਦੀ ਰਾਤ ਸੀ। ਧਰਤੀ ਨੇ ਆਕਾਸ਼ ਦਾ ਰੂਪ ਧਾਰਿਆ ਹੋਇਆ ਸੀ। ਜਿੱਥੋਂ ਤਕ ਨਜ਼ਰ ਜਾਂਦੀ ਸੀ, ਦੀਵਿਆਂ ਤੋਂ ਬਿਨਾ ਕੁਝ ਨਹੀਂ ਸੀ ਵਿਖਾਈ ਦੇਂਦਾ, ਪਰ ਇਹੀ ਮੱਸਿਆ ਦੀ ਚਾਨਣੀ ਰਾਤ ਹੈ, ਜਦੋਂ ਹਜ਼ਾਰਾਂ ਲਾਲਚੀ ਬੰਦੇ, ਕਲਪਤ ਐਸ਼ ਦੇ ਲੋਭ ਵਿਚ ਫਸ ਕੇ ਆਪਣੀ ਪੂੰਜੀ ਲੁਟਾ ਬਹਿੰਦੇ ਹਨ, ਅਤੇ ਫਿਰ ਆਪਣੀ ਮੂਰਖਤਾ ਉੱਤੇ ਬਹਿ ਕੇ ਰੋਂਦੇ ਹਨ। ਆਦਮੀ ਮਿਹਨਤ ਨਹੀਂ ਕਰਨਾ ਚਾਹੁੰਦਾ ਪਰ ਉਸ ਦੇ ਮਿੱਠੇ ਫਲ ਖਾਣਾ ਚਾਹੁੰਦਾ ਹੈ। ਆਸ ਸਾਡੀ ਬੁੱਧੀ ਨੂੰ ਧੋਖਾ ਦੇ ਜਾਂਦੀ ਹੈ।

ਪੂਰਨ ਚੰਦ ਵੀ ਇਸੇ ਮੰਤਰ ਤੇ ਮੁਗਧ ਹੋ ਚੁਕਿਆ ਸੀ, ਅਤੇ ਦਿਨ ਰਾਤ ਜੂਆ ਖੇਡਦਾ ਰਹਿੰਦਾ ਸੀ। ਦੀਵਾਲੀ ਦੇ ਦਿਨਾਂ ਵਿੱਚ ਤਾਂ ਉਸ ਨੂੰ ਖਾਣ-ਪੀਣ ਦੀ ਵੀ ਸੁੱਧ ਨਹੀਂ ਸੀ ਰਹਿੰਦੀ। ਉਸ ਨੂੰ ਯਕੀਨ ਹੋ ਗਿਆ ਸੀ ਕਿ ਕਿਸੇ ਨਾ ਕਿਸੇ ਦਿਨ ਮੇਰੀ ਕਿਸਮਤ ਚਮਕੇਗੀ, ਅਤੇ ਲੱਛਮੀ ਮੇਰੇ ਉੱਤੇ ਪ੍ਰਸੰਨ ਹੋਵੇਗੀ। ਆਸ ਮੁੜ ਮੁੜ ਕੇ ਨਿਰਾਸਤਾ ਦਾ ਮੂੰਹ ਵਿਖਾਉਂਦੀ ਸੀ ਪਰ ਪੂਰਨ ਚੰਦ ਹਾਰ ਨਹੀਂ ਸੀ ਮੰਨਦਾ, ਅਤੇ ਕਿਸਮਤ ਦੇ ਭਰੋਸੇ ਤੇ ਮੁੜ ਮੁੜ ਪਾਸਾ ਸੁਟਦਾ ਰਹਿੰਦਾ ਸੀ। ਉਹ ਇਕ ਦਫਤਰ ਵਿੱਚ ਖ਼ਜ਼ਾਨਚੀ ਸੀ। ਦੀਵਾਲੀ ਨੇੜੇ ਆਈ ਤਾਂ ਦਫਤਰ ਤੋਂ ਗਾਇਬ ਰਹਿਣ ਲੱਗਾ। ਪਰ ਮਹੀਨੇ ਦੇ ਆਖ਼ਰੀ ਦਿਨਾਂ ਵਿੱਚ ਦਫਤਰ ਜਾਣਾ ਜ਼ਰੂਰੀ ਹੋ ਗਿਆ। ਸਟਾਫ਼ ਦੀ ਤਨਖ਼ਾਹ ਦਾ ਬਿਲ ਬਣਾਉਣਾ ਸੀ। ਇਤਫ਼ਾਕ ਨਾਲ ਦੀਵਾਲੀ ਪਹਿਲੀ ਨਵੰਬਰ ਨੂੰ ਸੀ। ਇਸ ਲਈ 31 ਤਾਰੀਕ ਨੂੰ ਤਨਖ਼ਾਹ ਵੰਡਣ ਲਈ ਰੁਪਿਆ ਆਇਆ, ਪਰ ਚਾਰ ਵਜੇ ਤੋਂ ਬਾਅਦ ਕਲਰਕ ਘਰ ਜਾ ਚੁਕੇ ਸਨ, ਤਨਖ਼ਾਹ ਉਸ ਦਿਨ ਵੰਡੀ ਨਾ ਜਾ ਸਕੀ। ਪੂਰਨ ਚੰਦ ਨੇ ਆਪਣੀ ਤਨਖ਼ਾਹ ਉਸੇ ਦਿਨ ਲੈ ਲਈ ਅਤੇ ਝੂਮਦਾ-ਝਾਮਦਾ ਘਰ ਨੂੰ ਚਲਿਆ। ਦੀਵਾਲੀ ਦੀ ਰਾਤ ਦਾ ਸਾਮਾਨ ਉਸ ਨੂੰ ਮਿਲ ਗਿਆ ਸੀ।

ਰਾਤ ਨੂੰ ਜਦੋਂ ਲਛਮੀ-ਪੂਜਾ ਹੋ ਚੁਕੀ, ਤਾਂ ਉਹ ਦੀਪਮਾਲਾ ਵੇਖਣ ਦੇ ਬਹਾਨੇ ਘਰ ਤੋਂ ਨਿਕਲਿਆ ਤੇ ਜੂਏ ਦੇ ਅੱਡੇ ਤੇ ਜਾ ਪਹੁੰਚਿਆ। ਉਥੇ ਉਸ ਦੀ ਬਦਕਿਸਮਤੀ ਪਹਿਲਾਂ ਹੀ ਖਲੋਤੀ ਉਸ ਦੀ ਉਡੀਕ ਕਰ ਰਹੀ ਸੀ। ਜਾਂਦਿਆਂ ਹੀ ਸਭ ਕੁੱਝ ਹਾਰ ਗਿਆ। ਹੁਣ ਉਸਦੀ

ਹਾਲਤ ਉਸ ਪੰਛੀ ਵਾਂਗ ਸੀ, ਜਿਹੜਾ ਉੱਡਣ ਤੋਂ ਪਹਿਲਾਂ ਹੀ ਪਰ ਕਟਵਾ ਚੁਕਿਆ ਹੋਵੇ। ਉਸ ਵੇਲੇ ਉਸ ਦੀ ਬੇਬਸੀ ਕਿੰਨੀ ਤਰਸਯੋਗ, ਕਿੰਨੀ ਦਿਲ ਪੰਘਾਰਣ ਵਾਲੀ ਤੇ ਕਿੰਨੀ ਨਿਰਾਸ਼ਾ ਜਨਕ ਹੁੰਦੀ ਹੈ ? ਉਹ ਉਡਣਾ ਚਾਹੁੰਦਾ ਹੈ, ਪਰ ਆਪਣੇ ਕਟੇ ਹੋਏ ਪਰਾਂ ਨੂੰ ਵੇਖਕੇ ਠੰਡੀਆਂ ਆਹਾਂ ਭਰਦਾ ਹੈ ਅਤੇ, ਤੜਪ ਕੇ ਰਹਿ ਜਾਂਦਾ ਹੈ। ਪੂਰਨ ਚੰਦ ਨੂੰ ਇਉਂ ਲਗਿਆ ਜਿਵੇਂ ਦੀਵਾਲੀ ਦੀ ਰਾਤ ਦੇ ਨਾਲ ਉਸ ਦੀ ਕਿਸਮਤ ਵੀ ਬੀਤ-ਦੀ ਜਾ ਰਹੀ ਹੈ। ਚਾਰੇ ਪਾਸੇ ਨਜ਼ਰ ਦੌੜਾਈ ਪਰ ਕਿਸੇ ਤੋਂ ਰੁਪਿਆ ਮਿਲਣ ਦੀ ਆਸ ਨਹੀਂ ਸੀ। ਇਕਦਮ ਉਸ ਦੇ ਦਿਲ ਵਿਚ ਇਕ ਵਿਚਾਰ ਫੁਰਿਆ ਸਟਾਫ ਦੀ ਤਨਖ਼ਾਹ ਦੀ ਰਕਮ ਦਫਤਰ ਵਿੱਚ ਪਈ ਸੀ...ਅਤੇ ਉਹ ਖਜ਼ਾਨਚੀ ਸੀ...ਉਹ ਰੁਪਿਆ ਲਿਆ ਸਕਦਾ ਸੀ।

ਪੂਰਨ ਚੰਦ ਤੇ ਨਸ਼ਾ ਜਿਹਾ ਛਾ ਗਿਆ। ਉਹ ਉਡਦਾ ਹੋਇਆ ਦਫਤਰ ਨੂੰ ਗਿਆ। ਰਾਤ ਦੇ ਦਸ ਵਜ ਚੁਕੇ ਸਨ। ਦੀਪਮਾਲਾ ਦੀ ਬਸੰਤ ਵਿੱਚ ਪਤਝੜ ਦੇ ਨਿਸ਼ਾਨ ਦਿਸਣ ਲੱਗ ਪਏ ਸਨ। ਬਾਜ਼ਾਰਾਂ ਦੀ ਰੌਣਕ ਘਟ ਹੋ ਰਹੀ ਸੀ, ਪਰ ਪੂਰਨ ਚੰਦ ਦੀਆਂ ਅੱਖਾਂ ਇਸ ਪਾਸੇ ਵਲੋਂ ਬੰਦ ਸਨ। ਉਹ ਦੌੜਦਾ ਚਲਿਆ ਜਾ ਰਿਹਾ ਸੀ। ਜਿਵੇਂ ਕੋਈ ਬੀਮਾਰ ਲਈ ਡਾਕਟਰ ਨੂੰ ਬੁਲਾਉਣ ਜਾ ਰਿਹਾ ਹੋਵੇ। ਦਫਤਰ ਵਿੱਚ ਪਹੁੰਚਿਆ ਤਾਂ ਚੌਕੀਦਾਰ ਸਾਹਮਣੇ ਦਿਸਿਆ ਪੂਰਨ ਚੰਦ ਦਾ ਦਿਲ ਸਹਿਮ ਗਿਆ। ਚੌਕੀਦਾਰ ਨੇ ਪੁੱਛਿਆ -ਕੌਣ ਹੈ ?"

"ਮੈਂ ਹਾਂ, ਗੰਗਾਦੀਨ ! ਕੀ ਹਾਲ ਏ ਤੇਰਾ ?"

"ਆਉ ਬਾਬੂ ਜੀ ! ਬਾਜ਼ਾਰ ਵਿੱਚ ਤਾਂ ਖੂਬ ਰੌਣਕ ਹੋ ਰਹੀ ਹੈ। ਤੁਸੀਂ ਇਧਰ ਕਿਵੇਂ ਭੁੱਲੀ ਪੈ ਗਏ ਹੋ ਇਸ ਵੇਲੇ ?"

ਪੂਰਨ ਚੰਦ ਦਾ ਕਲੇਜਾ ਧੜਕ ਰਿਹਾ ਸੀ, ਪਰ ਜੀਭ ਪੂਰੇ ਵਸ ਵਿੱਚ ਸੀ। ਹਸ ਕੇ ਬੋਲਿਆ-'ਕੁੱਝ ਕਾਗਜ਼ ਭੁੱਲ ਗਿਆ ਸਾਂ, ਜ਼ਰਾ ਦਰਵਾਜ਼ਾ ਖੋਲ੍ਹ ਖਾਂ, ਵੇਖ ਲਵਾਂ। ਸਾਨੂੰ ਤਾਂ ਅੱਜ ਵੀ ਕੰਮ ਤੋਂ ਵਿਹਲ ਨਹੀਂ।"

ਗੰਗਾ ਦੀਨ ਨੇ ਦਰਵਾਜ਼ਾ ਖੋਲ੍ਹ ਦਿੱਤਾ। ਜੇ ਕੋਈ ਹੋਰ ਹੁੰਦਾ ਤਾਂ ਉਹ ਕਦੇ ਦਰਵਾਜ਼ਾ ਨਾ ਖੋਲ੍ਹਦਾ। ਪਰ ਪੂਰਨ ਚੰਦ ਖ਼ਜ਼ਾਨਚੀ ਸੀ, ਉਸ ਦੀ ਗੱਲ ਕਿਵੇਂ ਟਾਲਦਾ ? ਕਈ ਵਾਰੀ ਐਡਵਾਂਸ ਦੀ ਲੋੜ ਆ ਪੈਂਦੀ ਸੀ। ਪੂਰਨ ਚੰਦ ਕਮਰੇ ਵਿੱਚ ਪਹੁੰਚਿਆ, ਅਤੇ ਰੌਸ਼ਨੀ ਕਰਕੇ ਮੇਜ਼ ਦੇ ਸਾਹਮਣੇ ਬੈਠ ਗਿਆ। ਇਸ ਵੇਲੇ ਉਸ ਦਾ ਮਨ ਇੰਨਾ ਘਬਰਾਇਆ ਹੋਇਆ ਸੀ, ਜਿਵੇਂ ਕਬੂਤਰ ਕਿਸੇ ਬਾਜ਼ ਦੇ ਪੰਜੇ ਵਿਚ ਫਸ ਗਿਆ ਹੋਵੇ। ਮੁੜ ਮੁੜ ਕੇ ਕੇ ਖਿਆਲ ਆਉਂਦਾ ਕਿ ਇਹ ਕਰਤੂਤ ਮੈਨੂੰ ਤਬਾਹ ਕਰ ਦੇਵੇਗੀ। ਪਰ ਇਸ ਅੰਧਕਾਰ ਵਿੱਚ

ਆਸ ਦਾ ਚਿਹਰਾ ਵੀ ਕਦੇ ਕਦੇ ਦਿਖਾਈ ਦੇ ਜਾਂਦਾ ਸੀ। ਸਰਸਵਤੀ ਤੇ ਲਛਮੀ ਦੀ ਇਹ ਕਸ਼ਮਕਸ਼ ਕੁੱਝ ਦੇਰ ਜਾਰੀ ਰਹੀ। ਅੰਤ ਵਿੱਚ ਲੱਛਮੀ ਦਾ ਜਾਦੂ ਚਲ ਗਿਆ। ਉਸ ਨੇ ਸੇਫ ਖੋਲ੍ਹਕੇ ਚਾਰ ਸੌ ਰੁਪਏ ਦੇ ਨੋਟ ਜੇਬ ਵਿੱਚ ਪਾ ਲਏ ਅਤੇ ਕਮਰਾ ਬੰਦ ਕਰਕੇ ਬਾਹਰ ਨਿਕਲ ਆਇਆ। ਮਾਨੋ ਉਹ ਸਫਲਤਾ ਦੀ ਇਕ ਪੌੜੀ ਚੜ੍ਹ ਆਇਆ ਹੋਵੇ—ਭਾਵੇਂ ਉਸ ਦਾ ਇਕ ਇਕ ਕਦਮ ਉਸ ਨੂੰ ਤਬਾਹੀ ਵੱਲ ਲਿਜਾ ਰਿਹਾ ਸੀ।

ਥੋੜੀ ਦੇਰ ਮਗਰੋਂ ਪੂਰਨ ਚੰਦ ਫਿਰ ਉਸੇ ਅੱਡੇ ਤੇ ਜਾ ਪਹੁੰਚਿਆ ਸੀ, ਜਿਥੇ ਕਿਸਮਤ ਫੁਟਦੀ ਹੈ ਅਤੇ ਬੁਰੇ ਦਿਨ ਹਸਦੇ ਹਨ। ਆਸ਼ਾ ਸੈਨਤਾਂ ਕਰ ਰਹੀ ਸੀ, ਪਰ ਦੁਰਭਾਗ ਓਟ ਵਿੱਚ ਖਲ੍ਹੋਤਾ ਮੁਸਕਰਾ ਰਿਹਾ ਸੀ। ਪੂਰਨ ਚੰਦ ਨੇ ਫਿਰ ਦਾਅ ਲਾਏ ਅਤੇ ਸਭ ਕੁੱਝ ਹਾਰ ਗਿਆ। ਹੁਣ ਇਹ ਆਸ ਦਾ ਨਾਟਕ ਨਹੀਂ ਸੀ-ਨਿਰਾਸਤਾ ਦੀ ਲੀਲ੍ਹਾ ਸੀ। ਸਰਸਵਤੀ ਮਗਰੋਂ ਲੱਛਮੀ ਵੀ ਵਿਦਿਆ ਹੋ ਗਈ। ਹੁਣ ਚਾਰੇ ਪਾਸੇ ਹਨੇਰਾ ਸੀ। ਪਰ ਇਸ ਹਨੇਰੇ ਨਾਲੋਂ ਡਰਾਉਣੀ ਉਸ ਉਸ਼ਾ ਦੀ ਸਫੈਦੀ ਸੀ, ਜੋ ਸਹਿਜੇ ਸਹਿਜੇ ਨੇੜੇ ਆ ਰਹੀ ਸੀ। ਇਸ ਸਫੇਦੀ ਤੋਂ ਪੂਰਨ ਚੰਦ ਇੰਨਾ ਡਰਦਾ ਸੀ ਕਿ ਉਸ ਦੀ ਕਲਪਨਾ ਕਰ ਕੇ ਹੀ ਉਸ ਦੀ ਆਤਮਾ ਕੰਬ ਜਾਂਦੀ। ਸੋਚਦਾ ਸੀ, ਕੀ ਕੋਈ ਅਜਿਹਾ ਉਪਾ ਨਹੀਂ ਹੋ ਸਕਦਾ ਕਿ ਕਲ੍ਹ ਸਵੇਰੇ ਸੂਰਜ ਹੀ ਨਾ ਨਿਕਲੇ। ਨਾ ਦਿਨ ਚੜੇ ਨਾ ਉਸ ਦਾ ਪਾਪ ਸਾਹਮਣੇ ਨੰਗਾ ਹੋਵੇ। ਪਰ ਇਹ ਕਿਵੇਂ ਹੋ ਸਕਦਾ ਸੀ ?

ਪੂਰਨ ਚੰਦ ਘਰ ਪਹੁੰਚਿਆ। ਇਸ ਵਕਤ ਉਸ ਦੇ ਪੈਰ ਲੜਖੜਾ ਰਹੇ ਸਨ। ਉਸ ਦੇ ਪਿਤਾ ਰਾਏ ਸਾਹਿਬ ਸੂਰਜ ਮਲ ਅਮੀਰ ਆਦਮੀ ਸਨ, ਪਰ ਅਮੀਰ ਨਾਲੋਂ ਵੱਧ ਉਹ ਕੰਜੂਸ ਸਨ। ਪੂਰਨ ਚੰਦ ਨੂੰ ਕਈ ਵਾਰੀ ਵਿਚਾਰ ਆਇਆ ਕਿ ਚਲ ਕੇ ਉਨ੍ਹਾਂ ਦੇ ਸਾਹਮਣੇ ਸਾਰੀ ਗੱਲ ਖੋਲ੍ਹ ਦੇਵਾਂ, ਤਾਂ ਉਹ ਮੇਰੇ ਲਈ ਚਾਰ ਸੋ ਰੁਪਿਆਂ ਦਾ ਮੂੰਹ ਨਹੀਂ ਵੇਖਣਗੇ। ਪਰ ਫਿਰ ਖ਼ਿਆਲ ਆਉਂਦਾ ਕਿ ਏਦਾਂ ਨਹੀਂ ਹੋਵੇਗਾ। ਐਸੀ ਕਿਸਮਤ ਹੁੰਦੀ ਤਾਂ ਉਹ ਮੈਨੂੰ ਕੋਈ ਕਾਰਖ਼ਾਨਾ ਨਾ ਖੋਲ੍ਹ ਦੇਂਦੇ। ਐਵੇਂ ਸ਼ਰਮਿੰਦਾ ਹੋਵਾਂਗਾ। ਕੋਈ ਹੋਰ ਉਪਾ ਸੋਚਣਾ ਚਾਹੀਦਾ ਹੈ। ਹੁਣ ਇਸ ਨੂੰ ਸਮਝ ਆ ਗਈ ਸੀ। ਉਮੀਦ ਕੋਈ ਨਵਾਂ ਧੋਖਾ ਨਾ ਦੇ ਸਕੀ। ਉਸ ਨੇ ਸਾਰੀ ਰਾਤ ਅੱਖਾਂ ਵਿੱਚ ਕੱਟੀ। ਸਵੇਰ ਹੁੰਦਿਆਂ ਤਕ ਉਸ ਦਾ ਦਿਲ ਕੁੱਝ ਟਿਕ ਚੁੱਕਾ ਸੀ। ਇਕ ਪਾਪ ਉਤੇ ਪਰਦਾ ਪਾਉਣ ਲਈ ਨਵੇਂ ਪਾਪ ਦੀ ਤਿਆਰੀ ਹੋ ਰਹੀ ਸੀ। ਉਸ ਵੇਲੇ ਉਸ ਦੀਆਂ ਅੱਖਾਂ ਆਪਣੇ ਨੌਕਰ ਰੌਣਕੀ ਤੇ ਲੱਗੀਆਂ ਹੋਈਆਂ ਸਨ। ਸੋਚਦਾ ਸੀ, ਸ਼ਾਇਦ ਲਕੜੀ ਦਾ ਇਹੀ ਕਮਜ਼ੋਰ ਤਖ਼ਤਾ ਬੇੜੀ ਦਾ ਕੰਮ ਦੇ ਜਾਵੇ )

(2)

ਰਾਏ ਸਾਹਿਬ ਮਲ ਦੇ ਤਿੰਨ ਨੌਕਰ ਸਨ। ਉਨ੍ਹਾਂ ਵਿਚੋਂ ਰੌਣਕੀ ਸਭ ਤੋਂ ਪੁਰਾਣਾ ਸੀ। ਉਸਨੇ ਆਪਣੇ ਜੀਵਨ ਦਾ ਬਹੁਤ ਹਿੱਸਾ ਰਾਏ ਸਾਹਿਬ ਦੀ ਸੇਵਾ ਵਿੱਚ ਹੀ ਗੁਜ਼ਾਰਿਆ ਸੀ। ਆਦਮੀ ਜ਼ਰਾ ਆਕੜ ਖ਼ਾਨ ਸੀ। ਜਦੋਂ ਬੋਲਦਾ ਤਾਂ ਇਉ ਲੱਗਦਾ ਕਿ ਲੜ ਰਿਹਾ ਹੋਵੇ। ਹਾਂ, ਦੂਜੇ ਨੌਕਰਾਂ ਦੀ ਡਾਂਟ ਡਪਟ ਕਰਨੀ ਖੂਬ ਜਾਣਦਾ ਸੀ। ਅਤੇ ਉਹ ਇਹ ਕੰਮ ਇੰਨੀ ਸਖ਼ਤੀ ਨਾਲ ਕਰਦਾ ਕਿ ਨੌਕਰ ਤੋਬਾ ਕਰ ਉਠਦੇ। ਰੌਣਕੀ ਦੇ ਇਸ ਬਦਸਲਕੀ ਦੇ ਵਿਰੁੱਧ ਨੌਕਰ ਅਕਸਰ ਰਾਏ ਸਾਹਿਬ ਦੇ ਸਾਹਮਣੇ ਰੋਂਦੇ ਰਹਿੰਦੇ। ਪਰ ਉਹ ਵੀ ਰੌਣਕੀ ਦਾ ਪੱਖ ਲੈ ਕੇ ਉਨ੍ਹਾਂ ਨੂੰ ਫਿਟਕਾਰ ਦੇਂਦੇ ਸਨ। ਇਸ ਨਾਲ ਰੌਣਕੀ ਦਾ ਚਿਹਰਾ ਖਿੜ ਜਾਂਦਾ ਸੀ। ਆਕੜ ਕੇ ਕਹਿੰਦਾ— ਹਮਾਰਾ ਤੁਮਨੇ ਕਿਆ ਬਿਗਾੜ ਲੀਓ ?"

ਪਰ ਰੌਣਕੀ ਵਿੱਚ ਗੁਣ ਨਾ ਹੋਵੇ—ਇਹ ਗੱਲ ਨਹੀਂ ਸੀ। ਉਹ ਆਪਣੇ ਮਾਲਕ ਲਈ ਜਾਨ ਤਕ ਦੇਣ ਨੂੰ ਤਿਆਰ ਸੀ। ਰਾਏ ਸਾਹਿਬ ਨੂੰ ਰੁਪਏ ਪੈਸੇ ਦੇ ਮਾਮਲੇ ਵਿੱਚ ਉਸ ਉਤੇ ਪੂਰਾ ਭਰੋਸਾ ਸੀ। ਉਨ੍ਹਾਂ ਨੂੰ ਇਸ ਗੱਲ ਦਾ ਯਕੀਨ ਹੋ ਗਿਆ ਸੀ ਕਿ, ਰੌਣਕੀ ਮਰਦਾ ਮਰ ਜਾਵੇਗਾ, ਪਰ ਇਕ ਕੱਚਾ ਪੈਸਾ ਵੀ ਐਧਰ ਉਧਰ ਨਹੀਂ ਕਰੇਗਾ। ਕਈ ਮੌਕੇ ਐਸੇ ਆਏ, ਜਦ ਰੌਣਕੀ ਚਾਹੁੰਦਾ ਤਾਂ ਸੈਂਕੜੇ ਰੁਪਏ ਉਡਾ ਸਕਦਾ ਸੀ। ਮਾਇਆ ਨੇ ਸੁਨਹਿਰੀ ਜਾਲ ਵਿਛਾ ਲਿਆ, ਪਰ ਰੌਣਕੀ ਨੇ ਆਪਣੇ ਮਨ ਨੂੰ ਡਾਵਾਂ ਡੋਲ ਨਾ ਹੋਣ ਦਿੱਤਾ। ਉਹ ਪਰਾਏ ਮਾਲ ਨੂੰ ਮਿੱਟੀ ਦੇ ਬਰਾਬਰ ਸਮਝਦਾ ਸੀ। ਰੌਣਕੀ ਦੇ ਇਸ ਗੁਣ ਨੇ ਉਸ ਦੇ ਸਾਰੇ ਅੰਗੁਣ ਕੱਜੇ ਹੋਏ ਸਨ। ਰਾਏ ਸਾਹਿਬ ਉਸ ਤੇ ਲੱਟੂ ਸਨ, ਉਸ ਦੀ ਗੱਲ ਸੁਣਦੇ ਸਨ, ਉਸ ਤੇ ਯਕੀਨ ਕਰਦੇ ਸਨ।

(3)

ਦੀਵਾਲੀ ਦੇ ਦੂਜੇ ਦਿਨ ਸਵੇਰੇ ਰੌਣਕੀ ਆਪਣੇ ਕਮਰੇ ਵਿੱਚ ਬੈਠਾ ਗੁੜਗੁੜੀ ਪੀ ਰਿਹਾ ਸੀ, ਅਤੇ ਅੱਖਾਂ ਬੰਦ ਕੀਤੀ ਕਿਸੇ ਡੂੰਘੀ ਵਿਚਾਰ ਵਿੱਚ ਮਗਨ ਸੀ। ਇੰਨੇ ਵਿੱਚ ਪੂਰਨ ਚੰਦ ਭੱਜਿਆ ਭੱਜਿਆ ਅੰਦਰ ਆਇਆ ਅਤੇ ਬੋਲਿਆ-'ਰੌਣਕੀ ਮੈਨੂੰ ਬਚਾ ਲੈ।"

ਆਵਾਜ਼ ਵਿੱਚ ਤਰਲਾ ਸੀ, ਸ਼ਬਦਾਂ ਵਿੱਚ ਘਬਰਾਹਟ। ਰੌਣਕੀ ਦੇ ਹਥੋਂ ਗੁੜਗੁੜੀ ਡਿਗ ਪਈ। ਉਸ ਨੂੰ ਪੂਰਨ ਚੰਦ ਨਾਲ ਪਿਆਰ ਸੀ। ਉਸ ਨੇ ਉਸ ਨੂੰ ਗੋਦ ਵਿੱਚ ਖਿਡਾਇਆ ਸੀ। ਉਹ ਰਾਤ ਵੇਲੇ ਆਮ ਤੌਰ ਤੇ ਬੇਫ਼ਿਕਰੀ ਦੀ ਨੀਂਦ ਸੌਂਦਾ ਸੀ ਪਰ ਜਦੋਂ ਕਦੇ ਪੂਰਨ ਚੰਦ ਬੀਮਾਰ ਹੋ ਜਾਂਦਾ ਤਾਂ ਉਹ ਸਾਰੀ ਸਾਰੀ ਰਾਤ ਉਸਦੇ ਸਿਰਹਾਣੇ ਬਹਿਕੇ ਕੱਟ ਦੇਂਦਾ ਸੀ। ਕਈ

ਲੋਕਾਂ ਨੇ ਜਿਆਦਾ ਤਨਖ਼ਾਹ ਤੇ ਉਸ ਨੂੰ ਆਪਣੇ ਕੋਲ ਲਿਜਾਣਾ ਪਰ ਉਹ ਪੂਰਨ ਚੰਦ ਦੇ ਪਿਆਰ ਦੇ ਕਾਰਣ ਕਿਤੇ ਨਾ ਗਿਆ। ਪ੍ਰੇਮ ਨੇ ਪੈਰਾਂ ਵਿੱਚ ਸੰਗਲ ਪਾ ਦਿੱਤੇ ਸਨ। ਉਸ ਦਾ ਕੋਈ ਬੱਚਾ ਨਹੀਂ ਸੀ। ਉਹ ਪੂਰਨ ਚੰਦ ਨਾਲ ਪੁੱਤਰਾਂ ਵਰਗਾ ਸਨੇਹ ਰਖਦਾ ਸੀ। ਜਿਵੇਂ ਰੁੱਖ ਨੂੰ ਪਾਣੀ ਪਾਉਣ ਵਾਲਾ ਉਸ ਰੁੱਖ ਦੀਆਂ ਡਾਲਾਂ ਨੂੰ ਵੀ ਪਿਆਰ ਕਰਦਾ ਹੈ, ਉਸੇ ਤਰ੍ਹਾਂ ਰੌਣਕੀ ਪੂਰਨ ਚੰਦ ਤੇ ਉਸ ਦੇ ਭਵਿੱਖ ਨੂੰ ਵੀ ਪਿਆਰ ਕਰਨ ਲੱਗ ਪਿਆ ਸੀ। ਜਦ ਉਸ ਨੂੰ ਉਮਰ ਵਿਚ ਵੱਡਾ ਹੁੰਦਾ ਵੇਖਦਾ ਤਾਂ ਉਸ ਦਾ ਦਿਲ ਖੁਸ਼ੀ ਨਾਲ ਫੁੱਲ ਉਠਦਾ। ਮਾਨੋ ਉਹ ਉਸਦਾ ਨੌਕਰ ਨਹੀਂ, ਪਿਤਾ ਸੀ। ਉਹ ਜਦੋਂ ਇਕਾਂਤ ਵਿੱਚ ਬੈਠਦਾ ਤਾਂ ਪੂਰਨ ਚੰਦ ਬਾਰੇ ਹੀ ਸੋਚਦਾ ਰਹਿੰਦਾ। ਉਹ ਇਸ ਵੇਲੇ ਵੀ ਉਸੇ ਬਾਰੇ ਹੀ ਸੋਚ ਰਿਹਾ ਸੀ। ਸੋਚਦਾ ਸੀ ਕਿ ਰਾਏ ਸਾਹਿਬ ਉਸ ਦਾ ਵਿਆਹ ਹੁਣ ਕਿਉਂ ਨਹੀਂ ਕਰ ਦੇਂਦੇ ? ਰਾਏ ਸਾਹਿਬ ਦੀ ਦੂਰ-ਦ੍ਰਿਸ਼ਟੀ ਉਸ ਲਈ ਕੰਜੂਸੀ ਸੀ, ਅਤੇ ਉਹ ਇਸ ਕੰਜੂਸੀ ਤੇ ਕੁੜ੍ਹਦਾ ਸੀ। ਇਕ ਦਮ ਪੂਰਨ ਚੰਦ ਨੂੰ ਕਮਰੇ ਵਿੱਚ ਆਉਂਦਿਆਂ ਵੇਖ ਕੇ ਉਸ ਦਾ ਕਲੇਜਾ ਕੰਬ ਗਿਆ। ਘਬਰਾ ਕੇ ਬੋਲਿਆ-"ਕਿਉਂ ਸਰਕਾਰ ! ਮਾਮਲਾ ਕੀ ਹੈ ?"

(4)

ਇਹ ਕਹਿੰਦਿਆਂ ਕਹਿੰਦਿਆਂ ਰੌਣਕੀ ਨੇ ਨੁਕਰ ਵਿੱਚ ਪਈ ਡਾਂਗ ਚੁੱਕ ਲਈ ਅਤੇ ਇਸ ਤਰ੍ਹਾਂ ਤਿਆਰ ਹੋ ਗਿਆ, ਜਿਵੇਂ ਪੂਰਨ ਚੰਦ ਦੇ ਪਿਛੇ ਕੋਈ ਖ਼ਤਰਨਾਕ ਡਾਕੂ ਆ ਰਿਹਾ ਹੋਵੇ। ਪੂਰਨ ਚੰਦ ਦੇ ਪ੍ਰੇਸ਼ਾਨ ਚਿਹਰੇ ਤੇ ਇਕ ਛਿਣ ਲਈ ਹਾਸਾ ਆ ਗਿਆ। ਉਸ ਨੇ ਠੰਡਾ ਸਾਹ ਭਰਿਆ ਤੇ ਕਿਹਾ- "ਰੌਣਕੀ ! ਡਾਂਗ ਰੱਖ ਦੇ ! ਇਹ ਦੀ ਲੋੜ ਨਹੀਂ। ਮੇਰੀ ਬਿਪਤਾ ਹੋਰ ਈ ਏ।

ਰੌਣਕੀ ਦੇ ਮਨ ਤੋਂ ਬੋਝ ਜਿਹਾ ਉਤਰ ਗਿਆ। ਡਾਂਗ ਰਖਦਿਆਂ ਬੋਲਿਆ-"ਤੇ ਸਰਕਾਰ ! ਐਸੀ ਕੌਨ ਆਫਤ ਆਇਓ ਹੈ। ਮੈਂ ਤੋ ਡਰ ਗਿਆ ਥਾ। ਜਲਦੀ ਕਹੋ, ਬਾਤ ਕਿਆ ਹੈ ?"

ਪੂਰਨ ਚੰਦ ਨੇ ਚੌਹੀਂ ਪਾਸੀ ਇਵੇਂ ਵੇਖਿਆ ਜਿਵੇਂ ਚੋਰ ਚੋਰੀ ਕਰਨ ਤੋਂ ਪਹਿਲਾਂ ਵੇਖਦਾ ਹੈ। ਉਸ ਨੂੰ ਡਰ ਸੀ ਕਿ ਉਸ ਨੂੰ ਵੇਖ ਨਾ ਲਵੇ। ਹੌਲੀ ਜਿਹੀ ਬੋਲਿਆ-"ਮੇਰੇ ਸਿਰ ਤੇ ਸੱਚਮੁਚ ਹੀ ਆਫਤ ਆ ਪਈ ਹੈ। ਤੂੰ ਚਾਹੇਂ ਤਾਂ ਮੈਨੂੰ ਬਚਾ ਸਕਦਾ ਹੈ। ਮੇਰਾ ਇਕ ਕੰਮ ਕਰੇਂਗਾ?"

ਰੌਣਕੀ ਨੇ ਛਾਤੀ ਤੇ ਹੱਥ ਰਖ ਕੇ ਜਵਾਬ ਦਿੱਤਾ, ਹਜ਼ੂਰ ! ਹੁਕਮ ਦੇ ਤੋ ਮੈਂ ਆਗ ਮੈਂ ਕੁਦ ਪੜੂੰ, ਹੁਕਮ ਦੇ ਤੋ ਆਪਨਾ ਸਿਰ ਕਾਟ ਦੂੰ।"

ਪੂਰਨ ਚੰਦ ਦਾ ਚਿਹਰਾ ਚਮਕ ਉਠਿਆ। ਨਿਰਾਸਤਾ ਦੇ ਅੰਧਕਾਰ ਵਿੱਚ ਆਸ ਚਮਕਣ ਲੱਗੀ। ਉਸ ਨੇ ਜੇਬ ਵਿਚੋਂ ਸੋਨੇ ਦਾ ਹਾਰ ਕੱਢਿਆ। ਅਤੇ ਰੌਣਕੀ ਦੇ ਹੱਥ ਤੇ ਰਖਕੇ ਕਿਹਾ- "ਇਹ ਬਾਜ਼ਾਰ ਲੈ ਜਾ, ਅਤੇ ਵੇਚ ਆ। ਮੈਨੂੰ ਹੁਣੇ ਰੁਪਏ ਦੀ ਲੋੜ ਹੈ ਅਤੇ ਮੈਂ ਆਪ ਵੇਚਣਾ ਨਹੀਂ ਚਾਹੁੰਦਾ।"

ਰੌਣਕੀ ਉੱਤੇ ਬਿਜਲੀ ਜਿਹੀ ਆ ਡਿੱਗੀ। ਹਾਰ ਵੇਖ ਕੇ ਉਹ ਨੂੰ ਸੱਪ ਸੁੰਘ ਗਿਆ। ਉਸ ਦੀ ਜ਼ਬਾਨ ਬੰਦ ਹੋ ਗਈ। ਦਿਮਾਗ਼ ਵਿੱਚ ਸੈਂਕੜੇ ਵਿਚਾਰ ਉਠ ਖੜ੍ਹੇ ਹੋਏ। ਰਹਿ ਰਹਿ ਕੇ ਸੋਚਦਾ ਸੀ ਕਿ ਪੂਰਨ ਚੰਦ ਨੂੰ ਅਜਿਹੀ ਕੀ ਲੋੜ ਆਣ ਪਈ ਹੈ ਕਿ ਹਾਰ ਵੇਚਣ ਤਕ ਨੌਬਤ ਆ ਪਹੁੰਚੀ ਹੈ ਅਤੇ ਫਿਰ ਉਹ ਕੋਈ ਨਿਰਧਨ ਕੰਗਾਲ ਨਹੀਂ ਉਸ ਦੇ ਪਿਤਾ ਰਾਏ ਸਾਹਿਬ ਚਾਹੁਣ ਤਾਂ ਅੱਧਾ ਸ਼ਹਿਰ ਖ਼ਰੀਦ ਸਕਦੇ ਹਨ। ਉਨ੍ਹਾਂ ਨੂੰ ਹਾਰ ਵੇਚਣ ਦੀ ਕੀ ਲੋੜ ਪੈ ਗਈ ਹੈ?

ਰੌਣਕੀ ਸਮਝ ਗਿਆ ਕਿ ਪੂਰਨ ਚੰਦ ਇਹ ਕੰਮ ਚੋਰੀ ਕਰ ਰਿਹਾ ਹੈ। ਪਰ ਚੋਰੀ ਕਿਉਂ ਕਰਦਾ ਹੈ? ਇਸ ਦਾ ਕਾਰਨ ਨਾ ਸਮਝ ਸਕਿਆ। ਵਿਚਾਰਾਂ ਦੇ ਸਮੁੰਦਰ ਵਿੱਚ ਡੁਬਕੀਆ ਲਾਉਣ ਤੇ ਵੀ ਉਸ ਨੂੰ ਕੋਈ ਕਿਨਾਰਾ ਨਾ ਮਿਲ ਸਕਿਆ। ਉਸ ਨੇ ਗੰਭੀਰਤਾ ਨਾਲ ਪੂਰਨ ਚੰਦ ਵੱਲ ਵੇਖਿਆ। ਅੱਖਾਂ ਵਿੱਚ ਦਿਲ ਰਖਿਆ ਸੀ। ਪੂਰਨ ਚੰਦ ਨੇ ਉਸਨੂੰ ਸੋਚ ਵਿੱਚ ਡੁੱਬੇ ਵੇਖਿਆ ਤਾਂ ਫਿਰ ਘਬਰਾ ਗਿਆ। ਆਸ ਦੀ ਨਿੱਕੀ ਜਿਹੀ ਕਿਰਨ ਵੀ ਅੱਖਾਂ ਤੋਂ ਓਝਲ ਹੋ ਗਈ। ਹੁਣ ਫਿਰ ਚਾਰੇ ਪਾਸੇ ਹਨੇਰਾ ਸੀ।

ਰੌਣਕੀ ਨੇ ਪੁੱਛਿਆ-"ਸਰਕਾਰ ! ਮਾਮਲਾ ਕਿਆ ਹੈ ? ਐਸੀ ਜ਼ਰੂਰਤ ਕਾ ਪੜ ਗਇਓ, ਜੋ ਹਾਰ ਬੇਚੋ ਹੋ ? ਸਾਫ ਸਾਫ ਕਰੋ।"

ਪੂਰਨ ਚੰਦ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ। ਉਸਨੇ ਕੋਈ ਉਤਰ ਨਾ ਦਿਤਾ ਤੇ ਹਾਰ ਜੇਬ ਵਿੱਚ ਪਾ ਕੇ ਵਾਪਸ ਚਲਣ ਲੱਗਾ। ਇਸ ਵਕਤ ਉਸ ਦਾ ਚਿਹਰਾ ਨਿਰਾਸਤਾ ਤੇ ਸ਼ੱਕ ਦੀ ਮੂਰਤੀ ਸੀ। ਰੌਣਕੀ ਦੇ ਕਾਲਜੇ ਤੇ ਸੱਪ ਲੇਟ ਗਿਆ। ਪੂਰਨ ਚੰਦ ਦੇ ਪਿੱਛੇ ਦੌੜ ਕੇ ਬੋਲਿਆ-"ਸਰਕਾਰ ਕੋ ਕਿਤਨੇ ਰੁਪਏ ਕੀ ਦਰਕਾਰ ਹੈ ?"

ਸੁੱਕੇ ਝੋਨੇ ਨੂੰ ਪਾਣੀ ਲੱਗ ਗਿਆ। ਪੂਰਨ ਚੰਦ ਨੇ ਫਿਰ ਹੌਸਲਾ ਕਰਕੇ ਜਵਾਬ ਦਿੱਤਾ—-"ਚਾਰ ਸੌ ਦੀ।"

"ਰੁਪਿਆ ਕਬ ਚਾਹੀਏ ਤੁਮਹੋ ?"

"ਹੁਣੇ, ਇਸ ਸਮੇਂ।"

ਰੌਣਕੀ ਦੇ ਪਾਸ ਆਪਣੇ ਬਚਾਏ ਕੋਈ ਡੇਢ ਕੁ ਸੌ ਰੁਪਏ ਪਏ ਸਨ। ਇਹ ਰੁਪਿਆ ਉਸ ਨੇ ਕਈ ਸਾਲਾਂ ਵਿੱਚ ਇਕੱਠਾ ਕੀਤਾ ਸੀ। ਉਹ ਸਾਰੀ ਤਨਖ਼ਾਹ ਘਰ ਨਹੀਂ ਸੀ ਭੇਜਿਆ ਕਰਦਾ। ਤਿੰਨ ਚਾਰ ਰੁਪਏ ਮਹੀਨਾ ਬਚਾ ਰਖਦਾ ਸੀ। ਉਹ ਰੁਪਏ ਉਸਨੇ ਆਪਣੇ ਕਮਰੇ ਦੇ ਇਕ ਕੋਨੇ ਵਿੱਚ ਦਬਾ ਰਖੇ ਸਨ। ਰੌਣਕੀ ਨੇ ਸੋਚਿਆ ਹਾਰ ਲੈ ਕੇ ਬਾਜ਼ਾਰ ਵਿੱਚ ਕਿਥੇ ਵੇਚਦਾ ਫਿਰਾਂਗਾ-ਆਪਣੇ ਕੋਲੋਂ ਰੁਪਏ ਦੇ ਦੇਂਦਾ ਹਾਂ। ਕੀ ਹਰਜ ਹੈ ? ਪੂਰਨ ਚੰਦ ਦਾ ਹੱਥ ਹਮੇਸ਼ਾ ਤਾਂ ਤੰਗ ਨਹੀਂ ਰਹੇਗਾ। ਜਦੋਂ ਉਸ ਦੇ ਹੱਥ ਚਾਰ ਪੈਸੇ ਆਉਣਗੇ, ਤਾਂ ਉਸ ਤੋਂ ਆਪਣਾ ਰੁਪਿਆ ਵਾਪਸ ਲੈ ਕੇ ਹਾਰ ਉਸ ਨੂੰ ਮੋੜ ਦੇਵਾਂਗਾ। ਇਸ ਵੇਲੇ ਉਸ ਦਾ ਕੰਮ ਚਲ ਜਾਵੇ। ਇਹ ਸੋਚ ਕੇ ਪੂਰਨ ਚੰਦ ਤੋਂ ਹਾਰ ਲੈ ਲਿਆ-"ਅੱਛਾ ਸਰਕਾਰ ! ਯਿਹ ਕਾਮ ਹੋਈ ਜਾਵੇ।"

ਪੂਰਨ ਚੰਦ ਦੀ ਜਾਨ ਵਿੱਚ ਜਾਨ ਆਈ। ਉਸ ਨੂੰ ਇੰਝ ਲਗਿਆ ਜਿਵੇਂ ਰੌਣਕੀ ਉਸ ਲਈ ਨੌਕਰ ਨਹੀਂ, ਦੇਵਤਾ ਹੋਵੇ, ਜੋ ਉਸ ਨੂੰ ਮੁਸੀਬਤ ਤੋਂ ਬਚਾਉਣ ਲਈ ਆਇਆ ਹੈ।

(5)

ਥੋੜੀ ਦੇਰ ਬਾਅਦ ਰੌਣਕੀ ਨੇ ਦਰਵਾਜ਼ਾ ਬੰਦ ਕੀਤਾ ਅਤੇ ਜ਼ਮੀਨ ਪੁੱਟਣ ਲੱਗਾ। ਇਸ ਵਕਤ ਉਸ ਦਾ ਕਲੇਜਾ ਜ਼ੋਰ ਜ਼ੋਰ ਦਾ ਧੜਕ ਰਿਹਾ ਸੀ। ਉਸ ਨੇ ਚੋਰੀ ਨਹੀਂ ਕੀਤੀ ਸੀ, ਕੋਈ ਪਾਪ, ਕੋਈ ਕੁਕਰਮ, ਕੋਈ ਬੁਰਾਈ ਨਹੀਂ ਸੀ ਕੀਤੀ। ਪਰ ਫ਼ਿਰ ਵੀ ਉਸ ਦਾ ਹਿਰਦਾ ਕੰਬ ਰਿਹਾ ਸੀ। ਉਹ ਕੇਵਲ ਇਹ ਚਾਹੁੰਦਾ ਸੀ ਕਿ ਪੂਰਨ ਚੰਦ ਨੂੰ ਰਾਏ ਸਾਹਿਬ ਦੇ ਸਾਹਮਣੇ ਆਪਣਾ ਅਪਰਾਧ ਜ਼ਾਹਰ ਨਾ ਕਰਨਾ ਪਵੇ, ਭਾਵੇਂ ਉਹ ਬਿਲਕੁਲ ਬੇ ਸਮਝ ਤੇ ਅਨਪੜ੍ਹ ਸੀ ਤਾਂ ਵੀ ਉਸ ਨੂੰ ਯਕੀਨ ਹੋ ਗਿਆ ਸੀ ਕਿ ਜੇ ਪੂਰਨ ਚੰਦ ਦਾ ਇਹ ਅਪਰਾਧ (ਜਿਸ ਬਾਰੇ ਉਹ ਆਪ ਵੀ ਅਜੇ ਤਕ ਹਨੇਰੇ ਵਿੱਚ ਸੀ) ਰਾਏ ਸਾਹਿਬ ਨੂੰ ਪਤਾ ਲੱਗ ਗਿਆ, ਤਾਂ ਪੂਰਨ ਚੰਦ ਦਾ ਭਵਿੱਖ ਕਾਲਾ ਹੋ ਜਾਵੇਗਾ, ਕੋਈ ਵੱਡੀ ਗੱਲ ਨਹੀਂ, ਜੇ ਰਾਏ ਸਾਹਿਬ ਉਸ ਨੂੰ ਘਰੋਂ ਬਾਹਰ ਹੀ ਕੱਢ ਦੇਣ।

ਇਸ ਡਰ ਤੋਂ ਉਸ ਦਾ ਲਹੂ ਸੁਕਦਾ ਜਾ ਰਿਹਾ ਸੀ। ਉਹ ਸਭ ਕੁੱਝ ਸਹਿ ਸਕਦਾ ਸੀ, ਪਰ ਪੂਰਨ ਚੰਦ ਦਾ ਉਦਾਸ ਚਿਹਰਾ ਵੇਖ ਕੇ ਉਸ ਦਾ ਧੀਰਜ ਟੁੱਟ ਜਾਂਦਾ ਸੀ। ਉਸਨੇ ਛੇਤੀ ਛੇਤੀ ਜ਼ਮੀਨ ਪੁੱਟੀ, ਰੁਪਿਆ ਗਿਣ ਕੇ ਬਾਹਰ ਕੱਢਿਆ ਅਤੇ ਜ਼ਮੀਨ ਨੂੰ ਬਰਾਬਰ ਕਰ ਦਿੱਤਾ। ਇਸ ਵਕਤ ਉਸਦੇ ਮਨ ਵਿੱਚ ਫਿਰ ਉਹੀ ਸ਼ਾਂਤੀ ਆ ਗਈ ਸੀ। ਕੁਝ ਦੇਰ ਬਾਅਦ

ਪੂਰਨ ਚੰਦ ਫਿਰ ਨਿਰਾਸ਼ ਅਤੇ ਚਿੰਤਤ ਹਾਲਤ ਵਿੱਚ ਆਇਆ ਅਤੇ ਹਿਚਕਚਾਂਦਿਆਂ ਬੋਲਿਆ- "ਰੌਣਕੀ ! ਮੇਰਾ ਕਾਮ ਹੋਇਆ ਹੈ ਜਾਂ ਨਹੀਂ ?"

ਰੌਣਕੀ ਗੁੜਗੜੀ ਪੀ ਰਿਹਾ ਸੀ। ਉਸ ਨੇ ਮੂੰਹੋਂ ਕੋਈ ਜਵਾਬ ਨਾ ਦਿੱਤਾ। ਪਰ ਹੱਥ ਨਾਲ ਆਪਣੇ ਸਿਰਹਾਣੇ ਵੱਲ ਇਸ਼ਾਰਾ ਕਰ ਦਿੱਤਾ। ਪੂਰਨ ਚੰਦ ਨੇ ਰੁਪਿਆ ਵੇਖਿਆ ਤਾਂ ਉਸ ਦੇ ਮੁਰਦਾ ਸਰੀਰ ਵਿੱਚ ਜਾਨ ਪੈ ਗਈ। ਰੁਪਿਆ ਲੈ ਕੇ ਰੌਣਕੀ ਵੱਲ ਕ੍ਰਿਤਗੱਤਾ ਨਾਲ ਵੇਖਦਾ ਹੋਇਆ ਬਾਹਰ ਚਲਾ ਗਿਆ।

ਇਕਦਮ ਰੌਣਕੀ ਚੌਂਕ ਉਠਿਆ। ਉਹ ਜ਼ਮੀਨ ਪੁਟਦੇ ਸਮੇਂ ਹਾਰ ਦਬਾਣਾ ਭੁੱਲ ਗਿਆ ਸੀ। ਉਹ ਲਪਕ ਕੇ ਆਪਣੀ ਚਾਰਪਾਈ ਦੇ ਸਿਰਹਾਣੇ ਪਹੁੰਚਿਆ। ਹਾਰ ਉਥੇ ਹੀ ਪਿਆ ਸੀ। ਸੋਚਣ ਲੱਗਾ-ਹੁਣ ਇਸ ਨੂੰ ਰਾਤ ਨੂੰ ਹੀ ਦਬਾਉਣਾ ਚਾਹੀਦਾ ਹੈ। ਦਿਨ ਵੇਲੇ ਕਿਸੇ ਨੂੰ ਸ਼ੱਕ ਵੀ ਹੋ ਗਿਆ ਤਾਂ ਲੈਣੇ ਦੇ ਦੇਣੇ ਪੈ ਜਾਣਗੇ। ਪਰ ਸਾਰਾ ਦਿਨ ਉਸ ਨੂੰ ਫਿਕਰ ਲਗਿਆ ਰਿਹਾ। ਮੁੜ ਮੁੜ ਕੇ ਲੱਕ ਨੂੰ ਟਟੋਲਦਾ ਸੀ-ਵੇਖਦਾ ਸੀ, ਹਾਰ ਹੈ ਕਿ ਨਹੀਂ ?

ਰਾਤ ਨੂੰ ਰੌਣਕੀ ਨੇ ਦਰਵਾਜ਼ਾ ਬੰਦ ਕੀਤਾ ਅਤੇ ਜ਼ਮੀਨ ਪੁੱਟਣ ਲੱਗਾ। ਪਰ ਹੱਥਾਂ ਵਿਚ ਸ਼ਕਤੀ ਨਹੀਂ ਸੀ। ਦਿਲ ਇਸ ਤਰ੍ਹਾਂ ਧੜਕ ਰਿਹਾ ਸੀ ਜਿਵੇਂ ਕੋਈ ਸਿਪਾਹੀ ਫੜਨ ਆ ਰਿਹਾ ਹੋਵੇ। ਸਰੀਰ ਸਾਲਾਂ ਦੇ ਰੋਗੀ ਵਾਂਗ ਨਿਢਾਲ ਹੋ ਰਿਹਾ ਸੀ। ਇਹ ਹੋਣ ਵਾਲੀ ਘਟਨਾ ਦੀ ਸੂਚਨਾ ਸੀ। ਪਰ ਰੌਣਕੀ ਇਸ ਨੂੰ ਨਾ ਸਮਝਦਾ ਹੋਇਆ ਆਪਣੇ ਕੰਮ ਵਿਚ ਲੀਨ ਸੀ। ਉਸ ਦੇ ਹੱਥ-ਪੈਰ ਨਹੀਂ ਸਨ ਚਲ ਰਹੇ। ਪਰ ਉਹ ਜ਼ਮੀਨ ਪੁਟ ਰਿਹਾ ਸੀ। ਉਦੋਂ ਹੀ ਕਿਸੇ ਨੇ ਬੂਹਾ ਖੜਕਾਇਆ। ਰੌਣਕੀ ਦੇ ਮੂੰਹ ਤੋਂ ਪਸੀਨੇ ਦੀਆਂ ਬੂੰਦਾਂ ਟਪਕਣ ਲੱਗੀਆਂ। ਫਿਰ ਵੀ ਉਸ ਨੇ ਹੌਂਸਲੇ ਨਾਲ ਪੁੱਛਿਆ "ਤੂ ਐਸੇ ਵਕਤ ਕੌਣ ਹੈ ?" "ਦਰਵਾਜ਼ਾ ਖੋਲ੍ਹ ਦੇ।"

ਰੌਣਕੀ ਦਾ ਰੰਗ ਉਡ ਗਿਆ' "ਇਹ ਰਾਏ ਸਾਹਿਬ ਦੀ ਆਵਾਜ਼ ਸੀ। ਸ਼ੇਰ ਦੀ ਗਰਜ ਸੁਣ ਕੇ ਜੋ ਹਾਲਤ ਬੱਕਰੀ ਦੀ ਹੁੰਦੀ ਹੈ ਰੌਣਕੀ ਦੀ ਹੋਈ। ਉਸ ਨੂੰ ਆਪਣੀ ਬੇਇਜ਼ੱਤੀ ਸਾਹਮਣੇ ਖਲੋਤੀ ਦਿਸੀ। ਉਸ ਨੇ ਬੋਲਣਾ ਚਾਹਿਆ ਪਰ ਗਲੇ ਤੋਂ ਲਫਜ਼ ਨਾ ਨਿਕਲ ਸਕੇ। ਰਾਏ ਸਾਹਿਬ ਨੇ ਭੜਕ ਕੇ ਕਿਹਾ-"ਦਰਵਾਜ਼ਾ ਖੋਲ੍ਹ ਦੇ।"

ਰੌਣਕੀ ਨੇ ਝੱਟ ਹਾਰ ਨੂੰ ਬਿਸਤਰੇ ਹੇਠ ਲਕ ਦਿੱਤਾ। ਟਿਮਟਿਮਾਂਦਾ ਹੋਇਆ ਦੀਵਾ ਬੁਝਾ ਦਿੱਤਾ ਅਤੇ ਦਰਵਾਜ਼ਾ ਖੋਲ੍ਹਿਆ। ਇਸ ਵਕਤ ਉਸ ਦੇ ਪੈਰ ਮਣ ਮਣ ਦੇ ਭਾਰੀ ਹੋ ਗਏ। ਰਾਏ ਸਾਹਿਬ ਨੇ ਅੰਦਰ ਆਉਂਦਿਆਂ ਹੀ ਪੁੱਛਿਆ- "ਦੀਵੇ ਨੂੰ ਕੀ ਹੋਇਆ ?"

ਰੌਣਕੀ ਨੇ ਉੱਤਰ ਦਿੱਤਾ-'ਸਰਕਾਰ ਬੁਝਾਏ ਦੀਆ।"

"ਹੁਣੇ ਤਾਂ ਬਲ ਰਿਹਾ ਸੀ। ਬੁਝਾ ਕਿਉਂ ਦਿਤਾ। ਜਲਦੀ ਜਲਾ, ਹੁਣੇ ਇਕ ਮਿੰਟ ਵਿਚ।" ਰੌਣਕੀ ਦੇ ਸ਼ੱਕ ਸਾਹਮਣੇ ਆਉਣ ਲੱਗੇ। ਇਧਰ ਉਧਰ ਝਾਕਣ ਲੱਗਾ। ਉਹ ਚਾਹੁੰਦਾ

ਸੀ ਕਿ ਇਹ ਵਕਤ ਟਲ ਜਾਵੇ ਤਾਂ ਮਗਰੋਂ ਸੈਂਕੜੇ ਉਪਾ ਸੋਚੇ ਜਾ ਸਕਦੇ ਸਨ। ਸਮਾਂ ਅਪਰਾਧ ਨੂੰ ਛੁਪਾਉਣ ਦਾ ਸਭ ਤੋਂ ਵੱਡਾ ਸਾਧਨ ਹੈ। ਪਰ ਰਾਏ ਸਾਹਿਬ ਨੇ ਉਸ ਨੂੰ ਸਮਾਂ ਨਾ ਦਿੱਤਾ। ਜੇਬ ਤੋਂ ਦੀਵਾ ਸਲਾਈ ਕੱਢਕੇ ਦੀਵਾ ਬਾਲ ਦਿਤਾ ਅਤੇ ਜ਼ਮੀਨ ਵੱਲ ਵੇਖਕੇ ਬੋਲੇ -“ਇਹ ਤੂੰ ਕੀ ਕਰ ਰਿਹਾ ਸੀ, ਇਸ ਵੇਲੇ?"

ਰੌਣਕੀ ਨੇ ਹੱਥ ਜੋੜ ਕੇ ਜਵਾਬ ਦਿਤਾ-ਸਰਕਾਰ, ਜੋ ਮਹੀਨਾ ਮਿਲਤ ਹੈ, ਉਸ ਸੇ ਬਚਾ ਬਚਾ ਕਰ ਕਿਸੀ ਵਕਤ ਕੇ ਲੀਏ ਮੈਂ ਯਹਾਂ ਕੁਝ ਦਾਬ ਦੀਆ ਕਰਤਾ ਹੂੰ।”

“ਪਰ, ਅੱਜ ਕੀ ਦਬਾਉਣ ਲੱਗਾ ਸੈਂ ? ਅੱਜ ਤਾਂ ਤਨਖ਼ਾਹ ਵੀ ਨਹੀਂ ਮਿਲੀ ਤੈਨੂੰ ?" ਰੌਣਕੀ ਦੇ ਮੂੰਹ ਨੂੰ ਜੰਦਰਾ ਵਜ ਗਿਆ। ਉਹ ਚੁੱਪ ਚਾਪ ਰਾਏ ਸਾਹਿਬ ਦੇ ਮੂੰਹ ਵਲ ਤੱਕਣ ਲੱਗਾ। ਰਾਏ ਸਾਹਿਬ ਨੇ ਅਗੇ ਵਧ ਕੇ ਜ਼ਮੀਨ ਤੋਂ ਮਿੱਟੀ ਹਟਾਈ ਅਤੇ ਰੁਪਿਆਂ ਦੀ ਪੋਟਲੀ ਵੇਖੀ। ਫਿਰ ਬਿਸਤਰਾ ਹਿਲਾਇਆ। ਉਨ੍ਹਾਂ ਦਾ ਖ਼ਿਆਲ ਸੀ ਕਿ ਰੌਣਕੀ ਨੇ ਸ਼ਾਇਦ ਜੂਆ ਖੇਡਿਆ ਹੈ ਕਿਉਂਕਿ ਹੋਰ ਕਿਸੇ ਤਰ੍ਹਾਂ ਦੇ ਪਾਪ ਦੀ ਉਨ੍ਹਾਂ ਨੂੰ ਜ਼ਰਾ ਜਿੰਨੀ ਵੀ ਆਸ ਨਹੀਂ ਸੀ। ਪਰ ਉਨ੍ਹਾਂ ਨੂੰ ਵੇਖ ਕੇ ਕਿੰਨਾ ਅਚਰਜ ਹੋਇਆ ਕਿ ਰੌਣਕੀ ਦੇ ਬਿਸਤਰੇ ਦੇ ਥੱਲੇ ਹਾਰ ਪਿਆ ਸੀ। ਉਹ ਉਸ ਨੂੰ ਵੇਖ ਕੇ ਸਿਰ ਤੋਂ ਪੈਰਾਂ ਤਕ ਕੰਬ ਗਏ। ਜੇ ਕੋਈ ਦੂਜਾ ਨੌਕਰ ਅਜਿਹਾ ਕੰਮ ਕਰਦਾ ਤਾਂ ਸੰਭਵ ਹੈ, ਰਾਏ ਸਾਹਿਬ ਉਸ ਨੂੰ ਮਾਫ਼ ਕਰ ਦੇਂਦੇ। ਪਰ ਰੌਣਕੀ ਨੂੰ ਰੰਗੇ ਹੱਥੀ ਫੜ ਕੇ ਉਨ੍ਹਾਂ ਦਾ ਖ਼ੂਨ ਉਬਲਣ ਲੱਗਾ। ਉਨ੍ਹਾਂ ਨੇ ਅਤਿਅੰਤ ਨਰਮੀ ਨਾਲ, ਜੋ ਭਿਅੰਕਰ ਗੁੱਸੇ ਨਾਲੋਂ ਵੀ ਵਧ ਖ਼ਤਰਨਾਕ ਹੁੰਦੀ ਹੈ, ਪੁੱਛਿਆ-"ਇਹ ਹਾਰ ਕਿਵੇਂ ਉਡਾਇਆ ਹੈ ਤੈਂ ? ਇਹ ਤਾਂ ਥੋੜੇ ਹੀ ਦਿਨ ਹੋਏ ਅਸਾਂ ਖ਼ਰੀਦਿਆ ਸੀ।"

ਰੌਣਕੀ ਵਿਚ ਭਾਵੇਂ ਲੱਖ ਔਗੁਣ ਸਨ ਪਰ ਉਹ ਚੋਰ ਨਹੀਂ ਸੀ। ਇਸ ਗੁਣ ਲਈ ਰਾਏ ਸਾਹਿਬ ਅਕਸਰ ਉਸ ਦੀ ਤਾਰੀਫ ਕਰਿਆ ਕਰਦੇ ਸਨ। ਇਸ ਵਕਤ ਉਸ ਦੀ ਉਹ ਸਾਰੀ ਸਾਖ ਮਿੱਟੀ ਵਿਚ ਮਿਲਣ ਲੱਗੀ ਸੀ। ਰੌਣਕੀ ਨੇ ਸੋਚਿਆ ਹੁਣ ਸਾਰੀ ਘਟਨਾ ਸਾਫ਼ ਸਾਫ਼ ਦਸ ਦੇਣੀ ਚਾਹੀਦੀ ਹੈ। ਪੂਰਨ ਚੰਦ ਰਾਏ ਸਾਹਿਬ ਦਾ ਪੁੱਤਰ ਹੀ ਹੈ, ਉਹ ਉਸ ਨੂੰ ਖਾ ਤਾਂ ਨਹੀਂ ਜਾਣਗੇ। ਇਹ ਸੱਚ ਕੇ ਉਸ ਨੇ ਧੀਰਜ ਨਾਲ ਸਿਰ ਉੱਚਾ ਕੀਤਾ ਅਤੇ ਹੱਥ ਜੋੜ ਕੇ ਉੱਤਰ ਦਿਤਾ -"ਸਰਕਾਰ, ਮਾਮਲਾ ਯੋਂ ਹੈ ਕਿ..."

ਇਤਨੇ ਵਿਚ ਉਸ ਦੀ ਨਜ਼ਰ ਪੂਰਨ ਚੰਦ ਤੇ ਪੈ ਗਈ। ਉਹ ਸਾਹਮਣੇ ਖਲੋਤਾ ਇਸ ਤਰ੍ਹਾਂ ਕੰਬ ਰਿਹਾ ਸੀ ਜਿਵੇਂ ਕਿਸੇ ਨੂੰ ਬੁਖ਼ਾਰ ਚੜ੍ਹ ਰਿਹਾ ਹੋਵੇ। ਉਸ ਨੇ ਇਕ ਅਜੀਬ ਭਾਵ ਨਾਲ ਰੌਣਕੀ ਵਲ ਵੇਖਿਆ। ਅਤੇ ਸਿਰ ਨੀਵਾਂ ਪਾ ਲਿਆ। ਰੌਣਕੀ ਨੂੰ ਇਵੇਂ ਲਗਿਆ ਜਿਵੇਂ ਪੂਰਨ ਚੰਦ ਨੇ ਉਸ ਨੂੰ ਕਿਹਾ ਹੋਵੇ ਤੂੰ ਕਮੀਨਾ ਹੀ ਨਿਕਲਿਓ ਨਾ ਆਖਰ ! ਮੈਂ ਤੇਰੇ ਤੇ

ਵਿਸ਼ਵਾਸ ਕੀਤਾ ਸੀ ਪਰ ਤੂੰ ਇਸ ਦੇ ਯੋਗ ਨਹੀਂ ਸੀ। ਜੇ ਮੈਂ ਪਹਿਲਾਂ ਇਹ ਸੋਚਦਾ ਤਾਂ ਇਸ ਤਰ੍ਹਾਂ ਮੇਰਾ ਅਪਮਾਨ ਨਾ ਹੁੰਦਾ। ਤੂੰ ਵਿਸ਼ਵਾਸ ਯੋਗ ਨਹੀਂ ਸੀ।

ਹਵਾ ਦਾ ਰੁਖ ਬਦਲਣ ਨਾਲ ਪਤੰਗ ਦਾ ਰੁਖ ਬਦਲ ਜਾਂਦਾ ਹੈ। ਇਸ ਤੱਕਣੀ ਨਾਲ ਰੌਣਕੀ ਦਾ ਵਿਚਾਰ ਬਦਲ ਗਿਆ। ਉਸ ਨੇ ਫ਼ੈਸਲਾ ਕਰ ਲਿਆ ਕਿ ਆਪ ਬੇਇਜੱਤੀ ਬਰਦਾਸ਼ਤ ਕਰ ਲਵਾਂਗਾ, ਪਰ ਪੂਰਨ ਚੰਦ ਵੱਲ ਉਂਗਲ ਨਹੀਂ ਉਠਣ ਦੇਵਾਂਗਾ। ਇਹ ਸੋਚ ਕੇ ਉਸ ਨੇ ਰਾਏ ਸਾਹਿਬ ਨੂੰ ਕਿਹਾ—"ਮਾਮਲਾ ਯੇ ਹੈ ਕਿ ਮੈਂ ਨੇ ਚੋਰੀ ਕਰੀ ਹੈ। ਅਬ ਚਾਹੇ ਫਸਾ ਦੇਂ, ਚਾਹੇ ਬਕਸ਼ ਦੋ। ਅਬ ਤੋ ਭੂਲ ਹੋ ਗਈ।"

ਰਾਏ ਸਾਹਿਬ ਉਸ ਦੀ ਚਾਰਪਾਈ ਉਤੇ ਬੈਠ ਗਏ। ਇਸ ਵਕਤ ਉਨ੍ਹਾਂ ਨੂੰ ਏਨਾ ਦੁੱਖ ਹੋਇਆ ਜਿਵੇਂ ਲੱਖਾਂ ਦਾ ਨੁਕਸਾਨ ਹੋ ਗਿਆ ਹੋਵੇ। ਪਰ ਪੂਰਨ ਚੰਦ ਦਿਲ ਹੀ ਦਿਲ ਵਿਚ ਉਸ ਦੀ ਸ਼ਲਾਘਾ ਕਰ ਰਿਹਾ ਸੀ। ਸੰਸਾਰ ਵਿਚ ਅਜਿਹੇ ਮਨੁੱਖਾਂ ਦੀ ਕਮੀ ਨਹੀਂ ਜੋ ਆਪਣੀ ਗ਼ਰਜ਼ ਲਈ ਦਿਨ ਰਾਤ ਝੂਠ ਬੋਲਦੇ ਰਹਿੰਦੇ ਹਨ। ਪਰ ਦੂਜਿਆਂ ਲਈ ਝੂਠ ਬੋਲਣ ਵਾਲਿਆਂ ਦੀ ਗਿਣਤੀ ਕਿੰਨੀ ਹੈ ?

ਰਾਏ ਸਾਹਿਬ ਥੋੜੀ ਦੇਰ ਚੁੱਪ ਰਹੇ। ਅਤੇ ਫਿਰ ਬੋਲੇ- ਤੂੰ ਸਵੇਰ ਹੋਣ ਤੋਂ ਪਹਿਲਾਂ ਪਹਿਲਾਂ ਮੇਰੇ ਮਕਾਨ ਵਿਚੋਂ ਨਿਕਲ ਜਾ। ਬੱਸ ਤੇਰੀ ਇਹੀ ਸਜ਼ਾ ਹੈ।

ਰੌਣਕੀ ਤੇ ਪੂਰਨ ਚੰਦ ਦੋਹਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ।

(6)

ਇਸ ਤੋਂ ਇਕ ਸਾਲ ਮਗਰੋਂ ਰਾਏ ਸਾਹਿਬ ਸੂਰਜ ਮਲ ਦੀ ਮਿਰਤੂ ਹੋ ਗਈ। ਹੁਣ ਸਾਰੇ ਰੁਪਏ ਪੈਸੇ ਦਾ ਮਾਲਕ ਪੂਰਨ ਚੰਦ ਸੀ। ਉਸ ਨੇ ਕਿਰਿਆ ਕਰਮ ਤੋਂ ਨਿਪਟ ਕੇ ਚਾਰ ਸੌ ਦਾ ਮਨੀਆਰਡਰ ਰੌਣਕੀ ਦੇ ਨਾਂ ਭਿਜਵਾ ਦਿੱਤਾ ਅਤੇ ਨਾਲ ਹੀ ਚਿੱਠੀ ਲਿਖ ਦਿਤੀ ਕਿ ਤੂੰ ਤੁਰੰਤ ਹੀ ਮੇਰੇ ਪਾਸ ਆ ਜਾ। ਪਰ ਇਕ ਹਫਤਾ ਬਾਅਦ ਮਨੀਆਰਡਰ ਵਾਪਸ ਆ ਗਿਆ। ਨਾਲ ਹੀ ਰੌਣਕੀ ਦੇ ਭਰਾ ਦੀ ਚਿੱਠੀ ਆਈ, ਜਿਸ ਵਿਚ ਲਿਖਿਆ ਸੀ ਕਿ "ਉਸ ਨੂੰ ਮਰਿਆਂ ਇਕ ਸਾਲ ਹੋ ਗਿਆ ਹੈ। ਉਹ ਜਦੋਂ ਤੋਂ ਤੁਹਾਡੇ ਕੋਲੋਂ ਆਇਆ ਸੀ, ਤਦ ਤੋਂ ਉਹ ਸਦਾ ਉਦਾਸ ਰਹਿੰਦਾ ਸੀ। ਇਹ ਉਦਾਸੀ ਉਸ ਦੇ ਮੂੰਹ ਤੋਂ ਮਰਨ ਤਕ ਨਾ ਗਈ। ਪਰ ਉਸ ਨੂੰ ਕੀ ਬੀਮਾਰੀ ਸੀ? ਇਹ ਕਿਸੇ ਨੂੰ ਪਤਾ ਨਾ ਲੱਗ ਸਕਿਆ। ਇਹੀ ਰੋਗ ਉਸ ਨੂੰ ਖਾ ਗਿਆ। ਮਰਦੇ ਵਕਤ ਉਹ ਤੁਹਾਨੂੰ ਲੋਕਾਂ ਨੂੰ ਬਹੁਤ ਯਾਦ ਕਰਦਾ ਸੀ।"

ਪੂਰਨ ਚੰਦ ਤੇ ਇਸ ਚਿੱਠੀ ਦਾ ਅਜਿਹਾ ਪ੍ਰਭਾਵ ਹੋਇਆ ਕਿ ਕਈ ਦਿਨ ਰੋਂਦਾ ਰਿਹਾ। ਹੁਣ ਉਸ ਨੇ ਜੂਆ ਖੇਡਣਾ ਛੱਡ ਦਿਤਾ ਸੀ। ਉਸ ਨੇ ਰੌਣਕੀ ਦੇ ਨਾਂ ਦੀ ਇਕ ਧਰਮਸ਼ਾਲਾ ਬਣਵਾ ਦਿਤੀ ਹੈ। ਉਸ ਵਿਚ ਉਸ ਦੀ ਮੂਰਤੀ ਰਖੀ ਹੈ। ਲੋਕ ਉਸ ਦੀ ਮੂਰਖਤਾ

ਤੇ ਹਸਦੇ ਹਨ। ਪਰ ਉਹ ਸਮਝਦਾ ਹੈ ਕਿ ਰੌਣਕੀ ਦੀ ਕੁਰਬਾਨੀ ਦੇ ਮੁਕਾਬਲੇ ਤੇ ਇਸ ਦੀ ਇਤਨੀ ਵੀ ਕੀਮਤ ਨਹੀਂ ਜਿਤਨੀ ਸੂਰਜ ਦੇ ਸਾਹਮਣੇ ਇਕ ਪ੍ਰਮਾਣੂ ਦੀ ਹੋ ਸਕਦੀ ਹੈ।

ਰੌਣਕੀ ਮਾਲਕ ਦਾ ਵਫ਼ਾਦਾਰ ਸੀ, ਪੂਰਨ ਚੰਦ ਵਫ਼ਾਦਾਰ ਦਾ ਅੰਗਪਾਲ ਸੀ।

-0-

# ਹਨੇਰੀ ਦੁਨੀਆਂ

(1)

ਮੇਰੇ ਤੇ ਤੁਹਾਡੇ ਵਿਚ ਬਹੁਤ ਫਰਕ ਹੈ। ਤੁਸੀਂ ਹਜਾਰਾਂ ਚੀਜ਼ਾਂ ਵੇਖਦੇ ਹੋ, ਮੈਂ ਇਕ ਵੀ ਚੀਜ਼ ਨਹੀਂ ਵੇਖਦੀ। ਮੈਂ ਕੇਵਲ ਅਵਾਜਾਂ ਸੁਣਦੀ ਹਾਂ। ਪ੍ਰਿਥਵੀ ਆਕਾਸ਼, ਬਾਗ਼-ਬਗੀਚੇ ਬੱਦਲ, ਚੰਦਰਮਾ, ਤਾਰੇ ਇਹ ਮੇਰੇ ਲਈ ਅਜਿਹੇ ਰਾਜ ਹਨ, ਜਿਹੜੇ ਕਦੇ ਨਹੀਂ ਖੁਲ੍ਹਣਗੇ। ਪਰਬਤ ਤੇ ਖਾਈ ਵਿਚਕਾਰ ਮੇਰੇ ਲਈ ਇਕੋ ਹੀ ਫ਼ਰਕ ਹੈ; ਉਹ ਇਹ ਕਿ ਪਰਬਤ ਤੇ ਚੜ੍ਹਨ ਲੱਗਿਆਂ ਸਾਹ ਫੁਲ ਜਾਂਦਾ ਹੈ, ਖਾਈ ਵਿਚ ਉਤਰਨ ਲਗਿਆਂ ਡਿਗਨੇ ਦਾ ਡਰ ਲੱਗਾ ਰਹਿੰਦਾ ਹੈ। ਜਦੋਂ ਲੋਕ ਕਹਿੰਦੇ ਹਨ ਇਹ ਪਰਬਤ ਕਿੰਨਾ ਸੁੰਦਰ ਹੈ ? ਉਹ ਖਾਈ ਕਿੰਨੀ ਖ਼ਤਰਨਾਕ ਹੈ ? ਉਦੋਂ ਮੈਂ ਇਨ੍ਹਾਂ ਦੋਹਾਂ ਦੇ ਅਰਥ ਨਹੀਂ ਸਮਝ ਸਕਦੀ। ਆਪਣੇ ਦਿਮਾਗ਼ ਉਤੇ ਮਨ ਦਾ ਪੂਰਾ ਬੋਝ ਪਾਉਂਦੀ ਹਾਂ, ਪਰ ਦਿਮਾਗ਼ ਕੰਮ ਨਹੀਂ ਕਰਦਾ ਅਤੇ ਮੈਂ ਛਟਪਟਾ ਕੇ ਰਹਿ ਜਾਂਦੀ ਹਾਂ। ਕਾਲਸ ਮਾਰਦੇ ਖੇਤਾਂ ਦੀ ਹਰਿਆਲੀ, ਨੀਲ ਰੰਗੇ ਪਾਣੀ ਦੇ ਸੋਮਿਆਂ ਦੀ ਸੁੰਦਰਤਾ, ਪੰਛੀਆਂ ਦੀ ਮਨੋਹਰਤਾ, ਇਸਤਰੀ ਦੀ ਰੂਪ-ਸਜਾ ਸਤਰੰਗੀ ਪੀਂਘ ਦੇ ਰੰਗ, ਕਾਲੀ ਘਟਾ ਦਾ ਜਾਦੂ, ਚੰਦਰਮਾ ਦੀ ਛਟਾ, ਫੁੱਲਾਂ ਦਾ ਨਿਖਾਰ ਇਹ ਸ਼ਬਦ ਮੇਰੇ ਲਈ ਪਸਰੇ ਹੋਏ ਅਤੇ ਹਨੇਰੇ ਵਿਚ ਲਪੇਟੇ ਹੋਏ ਵਾਯੂ ਮੰਡਲ ਦੇ ਭਿੰਨ ਭਿੰਨ ਭਾਗਾਂ ਦਾ ਨਾਂ ਹਨ। ਇਸ ਤੋਂ ਸਿਵਾ ਨਾ ਮੈਂ ਕੁਝ ਸਮਝ ਸਕਦੀ ਹਾਂ ਨਾ ਸਮਝਦੀ ਹਾਂ, ਨਾ ਕਦੇ ਸਮਝ ਸਕਾਂਗੀ।

ਮੈਂ ਅੰਨ੍ਹੀ ਹਾਂ, ਮੇਰੀ ਦੁਨੀਆਂ ਇਕ ਲੰਮਾ ਹਨੇਰਾ ਸਫਰ ਹੈ ਅਤੇ ਸ਼ਬਦ ਉਸ ਦੇ ਪੜਾ ਹਨ। ਜਿਸ ਤਰ੍ਹਾਂ ਕਹਿੰਦੇ ਹਨ, ਸਮੁੰਦਰ ਵਿਚ ਤਰੰਗਾਂ ਉਠਦੀਆਂ ਤੇ ਬੈਠ ਜਾਂਦੀਆਂ ਹਨ, ਉਸੇ ਤਰ੍ਹਾਂ ਮੇਰੀ ਹਨੇਰੀ ਦੁਨੀਆਂ ਵਿਚ ਅਨੇਕ ਸ਼ਬਦ ਉਠਦੇ ਹਨ ਤੇ ਮਰ ਜਾਂਦੇ ਹਨ। ਮੈਂ ਸ਼ਬਦਾਂ ਨੂੰ ਜਾਣਦੀ ਹਾਂ, ਸ਼ਬਦਾਂ ਨੂੰ ਪਛਾਨਦੀ ਹਾਂ, ਅਤੇ ਉਨ੍ਹਾਂ ਦੀ ਸਹਾਇਤਾ ਨਾਲ, ਸੁੰਦਰਤਾ, ਜੀਵਨ ਤੇ ਉਮਰ ਦਾ ਅਨੁਮਾਨ ਲਾਉਂਦੀ ਹਾਂ। ਜਦੋਂ ਮੈਂ ਕਿਸੇ ਬਾਲ ਦੀ ਤੋਤਲੀ ਆਵਾਜ਼ ਸੁਣਦੀ ਹਾਂ, ਅਤੇ ਜਦੋਂ ਮੇਰਾ ਮਨ ਉਨ੍ਹਾਂ ਨੂੰ ਪਸੰਦ ਕਰਦਾ ਹੈ, ਤਾਂ ਸਮਝ ਲੈਂਦੀ ਹਾਂ

ਕਿ ਸੁੰਦਰਤਾ ਇਸੇ ਮਿੱਠੀ ਬਾਣੀ ਦਾ ਨਾਂ ਹੈ। ਜਦੋਂ ਮੈਂ ਕਿਸੇ ਮਰਦ ਨੂੰ ਗੱਲਾਂ ਕਰਦੇ ਵੇਖਦੀ ਹਾਂ, ਅਤੇ ਉਸ ਦੀਆਂ ਗੱਲਾਂ ਵਿਚੋਂ ਜਦੋਂ ਮੈਨੂੰ ਉਹ ਚੀਜ਼ ਪ੍ਰਤੀਤ ਹੁੰਦੀ ਹੈ। ਜਿਹੜੀ ਕਦੀ ਚੰਨ ਦੀ ਚਾਨਣੀ ਵਿਚ ਅਤੇ ਕਦੀ ਸਰਦੀਆਂ ਦੀ ਧੁੱਪ ਵਿਚ (ਲੋਕਾਂ ਦੇ ਕਹੇ ਅਨੁਸਾਰ) ਹੁੰਦੀ ਹੈ, ਤਾਂ ਤੁਰੰਤ ਜਾਣ ਜਾਂਦੀ ਹਾਂ ਕਿ ਜਵਾਨੀ ਇਸੇ ਨੂੰ ਕਹਿੰਦੇ ਹਨ। ਅਤੇ ਜਦੋਂ ਮੈਂ ਕਿਸੇ ਕੰਬਦੀ ਹੋਈ ਆਵਾਜ਼ ਨੂੰ ਅਤੇ ਉਸ ਦੇ ਅੰਦਰ ਮਰ ਮਰ ਜਾਂਦੇ ਸ਼ਬਦਾਂ ਨੂੰ ਸੁਣਦੀ ਹਾਂ, ਤਾਂ ਮੈਨੂੰ ਵਿਸ਼ਵਾਸ਼ ਹੋ ਜਾਂਦਾ ਹੈ ਕਿ ਇਹ ਮਨੁੱਖ ਬੁੱਢਾ ਹੈ ਅਤੇ ਹੌਲੀ ਹੌਲੀ ਆਪਣੇ ਸ਼ਬਦਾਂ ਵਾਂਗ ਮਰ ਜਾਵੇਗਾ ਅਤੇ ਸੰਸਾਰ ਦੇ ਲੋਕ, ਜਿਸ ਤਰ੍ਹਾਂ ਉਸਦੇ ਜੀਵਨ ਵਿੱਚ ਉਸਦੀ ਆਵਾਜ਼ ਦੀ ਪਰਵਾਹ ਨਹੀਂ ਸਨ ਕਰਦੇ, ਠੀਕ ਉਸੇ ਤਰ੍ਹਾਂ ਮਰਨ ਉਪਰੰਤ ਉਸਦੀ ਮੌਤ ਦੀ ਵੀ ਪਰਵਾਹ ਨਹੀਂ ਕਰਨਗੇ।

ਇੰਨਾ ਹੀ ਨਹੀਂ, ਮੈਂ ਕਰੋਧ ਤੇ ਦੁੱਖ, ਡਰ ਤੇ ਖੁਸ਼ੀ, ਪ੍ਰੇਮ ਤੇ ਦਇਆ, ਹੈਰਾਨੀ ਅਤੇ ਅਸਚਰਜਤਾ—ਸਾਰੇ ਭਾਵਾਂ ਨੂੰ ਸ਼ਬਦਾਂ ਤੋਂ ਹੀ ਪੁਛਾਣ ਲੈਂਦੀ ਹਾਂ। ਮੈਂ ਅੰਨ੍ਹੀ ਹਾਂ, ਮੇਰੇ ਕੰਨ ਹੀ ਮੇਰੀਆਂ ਅੱਖਾਂ ਹਨ। ਤੁਸੀਂ ਵੇਖਦੇ ਹੋ ਤੇ ਸੁਣਦੇ ਹੋ। ਮੈਂ ਕੇਵਲ ਸੁਣਦੀ ਹਾਂ। ਮੇਰੇ ਲਈ ਵੇਖਣਾ ਨਹੀਂ ਹੈ। ਮੇਰੀ ਲਈ ਵੇਖਣਾ ਬੰਦ ਹੈ। ਮੈਂ ਵੇਖਣ ਦਾ ਅਰਥ ਵੀ ਨਹੀਂ ਸਮਝਦੀ।

(2)

ਮੈਂ ਪੰਜਾਬਣ ਹਾਂ, ਪਰ ਮੇਰਾ ਨਾਂ ਬੰਗਾਲਣਾ ਵਰਗਾ ਹੈ। ਮੈਂ ਆਪਣੇ ਤੋਂ ਬਿਨਾ ਕਿਸੇ ਹੋਰ ਪੰਜਾਬਣ ਲੜਕੀ ਦਾ ਨਾਂ ਰਜਨੀ ਨਹੀਂ ਸੁਣਿਆ। ਮੇਰੇ ਪਿਤਾ ਨਾਵਲਾਂ ਦੇ ਬੜੇ ਸ਼ੁਕੀਨ ਹਨ। ਸੁਣਿਆ ਹੈ, ਉਹ ਦਿਨ-ਰਾਤ ਪੜ੍ਹਦੇ ਰਹਿੰਦੇ ਹਨ। ਉਨ੍ਹਾਂ ਨੇ ਬੰਗਲਾ ਦਾ ਇਕ ਨਾਵਲ ਰਜਨੀ ਪੜਿਆ ਅਤੇ ਮੈਨੂੰ ਵੀ ਰਜਨੀ ਦੇ ਨਾਂ ਨਾਲ ਬੁਲਾਉਣ ਲੱਗੇ। ਇਸ ਉਪਰੰਤ ਮੇਰਾ ਨਾਂ ਇਹੀ ਮਸ਼ਹੂਰ ਹੋ ਗਿਆ।

ਮੇਰੇ ਪਿਤਾ ਅਮੀਰ ਹਨ। ਉਨ੍ਹਾਂ ਨੂੰ ਰੁਪਏ ਪੈਸੇ ਦੀ ਕਮੀ ਨਹੀਂ। ਪਰ ਮੇਰੇ ਵਲੋਂ ਉਹ ਸਦਾ ਦੁਖੀ ਰਹਿੰਦੇ ਹਨ। ਮੈਂ ਭਾਗਵਾਨ ਘਰ ਵਿਚ ਆਈ, ਪਰ ਅਭਾਗਣ ਬਣਕੇ। ਮੇਰੇ ਮਾਤਾ-ਪਿਤਾ ਮੈਨੂੰ ਵੇਖਦੇ ਹੀ ਠੰਡਾ ਸ਼ਾਹ ਭਰਕੇ ਰਹਿ ਜਾਂਦੇ ਅਤੇ ਦੇਰ ਤਕ ਚੁੱਪ ਚਾਪ ਬੈਠੇ ਰਹਿੰਦੇ। ਮੈਂ ਜਾਣ ਜਾਂਦੀ ਸਾਂ ਕਿ ਇਸ ਵੇਲੇ ਮੇਰੇ ਸੰਸਾਰ ਦਾ ਹਨੇਰਾ ਉਨ੍ਹਾਂ ਦੇ ਦਿਲ ਅੰਦਰ ਸਮਾ ਗਿਆ ਹੈ ਅਤੇ ਉਨ੍ਹਾਂ ਦੀਆਂ ਅੱਖਾਂ ਦੇ ਅਥਰੂ ਗਲ਼ਾਂ ਤੇ ਵਹਿ ਰਹੇ ਹਨ। ਮੈਂ ਉਨ੍ਹਾਂ ਦਾ ਦੁੱਖ ਦੂਰ ਕਰਨਾ ਚਾਹੁੰਦੀ ਸਾਂ, ਪਰ ਮੇਰੇ ਕਰਿਆਂ ਕੁਝ ਨਹੀਂ ਸੀ ਹੁੰਦਾ। ਅਤੇ ਮੇਰੀ ਬੇਕਸੀ ਤੇ ਬੇਬਸੀ ਮੇਰ ਅੰਨ੍ਹੇ ਮੂੰਹ ਤੇ ਗਰਮੀ ਤੇ ਲਾਲੀ ਦੇ ਰੂਪ ਵਿਚ ਪ੍ਰਗਟ ਹੋ ਜਾਂਦੀ ਸੀ।

ਮੈਂ ਜਵਾਨ ਹੋਈ ਤਾਂ ਮੇਰੇ ਮਾਂ ਬਾਪ ਦੀ ਚਿੰਤਾ ਪਹਿਲ ਤਾਂ ਮੈਨੂੰ ਉਨ੍ਹਾਂ ਦੀ ਚਿੰਤਾ ਵੀ ਵਧਣ ਲੱਗੀ। ਪਹਿਲਾਂ ਪਹਿਲ ਤਾਂ ਮੈਨੂੰ ਉਨ੍ਹਾਂ ਦੀ ਚਿੰਤਾ ਦਾ ਕਾਰਣ ਪਤਾ ਨਹੀਂ ਸੀ, ਪਰ ਥੋੜੇ ਹੀ ਦਿਨਾਂ ਵਿਚ ਸਭ ਕੁਝ ਸਮਝ ਗਈ। ਉਹ ਮੇਰੇ ਵਿਆਹ ਲਈ ਦੁਖੀ ਹੋਰ ਸਨ। ਸੋਚਦੇ ਸਨ-ਇਸ ਅੰਨ੍ਹੀ ਲੜਕੀ ਨਾਲ ਵਿਆਹ ਕਰਾਉਣ ਲਈ ਕੌਣ ਤਿਆਰ ਹੋਵੇਗਾ? ਮੇਰਾ ਦੁੱਖ ਉਨ੍ਹਾਂ ਨੂੰ ਅੰਦਰ ਹੀ ਅੰਦਰ ਖਾਈ ਜਾਂਦਾ ਸੀ। ਉਹ ਹਮੇਸ਼ਾ ਉਦਾਸ ਰਹਿੰਦੇ ਸਨ। ਮੈਨੂੰ ਆਪਣੀ ਬਦਕਿਸਮਤੀ ਦਾ ਪਹਿਲੀ ਵਾਰ ਅਨੁਭਵ ਹੋਇਆ। ਇਸ ਤੋਂ ਪਹਿਲਾਂ ਮੈਨੂੰ ਅੰਦਾਜ਼ਾ ਹੀ ਨਹੀਂ ਸੀ ਕਿ ਵਿਧਾਤਾ ਨੇ ਮੇਰੀਆਂ ਅੱਖਾਂ ਖੋਹ ਕੇ ਮੇਰੇ ਨਾਲ ਕੋਈ ਬਹੁਤ ਵੱਡਾ ਅਤਿਆਚਾਰ ਕੀਤਾ ਸੀ। ਮੈਂ ਆਪਣੀ ਹਨੇਰੀ ਦੁਨੀਆਂ ਵਿਚ ਮਸਤ ਸਾਂ। ਪਰ ਹੁਣ ਸੋਚਦੀ ਸਾਂ, ਕਿ ਜਿਹੜਾ ਪਰਮਾਤਮਾ ਅੰਨ੍ਹਾ ਕਰ ਸਕਦਾ ਹੈ, ਕੀ ਉਹ ਇਹ ਨਹੀਂ ਕਰ ਸਕਦਾ ਕਿ ਅੰਨ੍ਹੇ ਕਦੇ ਜਵਾਨ ਹੀ ਨਾ ਹੋਣ ਅਤੇ ਨਾ ਹੀ ਉਨ੍ਹਾਂ ਦਾ ਸਰੀਰ ਕਦੇ ਵਧੇ ਫੁੱਲੇ। ਜੇ ਇਹ ਹੋ ਜਾਵੇ, ਤਾਂ ਅੰਨ੍ਹੇ ਆਪਣੇ ਜੀਵਨ ਦੀਆਂ ਸਭ ਤੋਂ ਭਿਆਨਕ ਮੁਸੀਬਤਾਂ ਤੋਂ ਬਚ ਜਾਣ ਅਤੇ ਉਨ੍ਹਾਂ ਨੂੰ ਆਪਣੇ ਦੁਰਭਾਗ ਤੇ ਦੁੱਖ ਤੇ ਗੁੱਸਾ ਪ੍ਰਗਟ ਕਰਨ ਦੀ ਲੋੜ ਘਟ ਮਹਿਸੂਸ ਹੋਵੇ।

ਮੈਂ ਆਪਣੇ ਕਮਰੇ ਦੇ ਦਰਵਾਜ਼ੇ ਬੰਦ ਕਰਕੇ ਇਹ ਅਰਦਾਸ ਪਤਾ ਨਹੀਂ ਕਿੰਨੀ ਵਾਰੀ ਕੀਤੀ ਸੀ। ਪਰ ਉਸਨੂੰ ਪਰਮਾਤਮਾ ਨੇ ਨਹੀਂ ਮੰਨਿਆ। ਇਥੋਂ ਤਕ ਕਿ ਮੈਂ ਪਰਮਾਤਮਾ ਅਤੇ ਪਰਮਾਤਮਾ ਦੀ ਦਇਆ ਦੋਨਾਂ ਤੋਂ ਨਿਰਾਸ਼ ਹੋ ਗਈ। ਮੈਨੂੰ ਵਿਸ਼ਵਾਸ਼ ਹੋ ਗਿਆ ਕਿ ਪਰਮਾਤਮਾ ਨਹੀਂ ਹੈ। ਅਤੇ ਜੇ ਹੈ, ਤਾਂ ਅਤਿਆਚਾਰੀ, ਬੇ ਪਰਵਾਹ, ਅਤੇ ਕਠੋਰ ਹੈ। ਪਰ ਹੁਣ ਵਿਚਾਰ ਬਦਲ ਗਏ ਹਨ। ਹੁਣ ਮੈਂ ਆਪਣੇ ਉਨ੍ਹਾਂ ਵਿਚਾਰਾਂ ਨੂੰ ਯਾਦ ਕਰਦੀ ਹਾਂ, ਅਤੇ ਆਪਣੀ ਉਨ੍ਹਾਂ ਦਿਨਾਂ ਦੀ ਮੂਰਖਤਾਂ ਤੇ ਹਸਦੀ ਹਾਂ।

ਮੈਂ ਸੁੰਦਰ ਸਾਂ। ਮੇਰਾ ਰੰਗ, ਮੇਰਾ ਰੂਪ, ਮੇਰਾ ਆਕਾਰ, ਸਭ ਮਨ ਨੂੰ ਮੋਹ ਲੈਣ ਵਾਲੇ ਸਨ। ਇਹ ਮੇਰੀ ਨਹੀਂ, ਮੇਰੀਆ ਸਹੇਲੀਆਂ ਦੀ ਰਾਏ ਸੀ। ਮੈਂ ਕੇਵਲ ਇਹ ਜਾਣਦੀ ਸਾਂ ਕਿ ਮੇਰੇ ਸੂਰ ਵਿਚ ਮਿਠਾਸ ਹੈ। ਮੈਂ ਅੰਨ੍ਹੀ ਆਪਣੇ ਹਾਂ, ਆਪਣੀ ਪ੍ਰਸੰਸਾ ਮੂੰਹੋਂ ਕਰਨੀ ਚੰਗੀ ਨਹੀਂ ਲੱਗਦੀ, ਪਰ ਆਪਣਾ ਸੂਰ ਸੁਣਕੇ ਮੈਂ ਕਦੇ ਕਦੇ ਆਪ ਹੀ ਝੂਮਣ ਲੱਗ ਜਾਂਦੀ ਸਾਂ। ਸੁਣਿਆ ਹੈ, ਹਿਰਨ ਆਪਣੀ ਕਸਤੂਰੀ ਦੀ ਸੁਗੰਧੀ ਵਿਚ ਪਾਗ਼ਲ ਹੋ ਕੇ ਉਸਨੂੰ ਢੂੰਡਦਾ ਫਿਰਦਾ ਹੈ ਮੈਂ ਵੀ ਆਪਣੇ ਸੂਰ ਦੀ ਸੁੰਦਰਤਾ ਤੇ, ਜੇ ਉਸ ਨੂੰ ਸੁੰਦਰਤਾ ਕਿਹਾ ਜਾ ਸਕਦਾ ਹੈ, ਮੋਹਿਤ ਸਾਂ, ਮੈਂ ਉਸਨੂੰ ਛੋਹਣਾ, ਹੱਥਾਂ ਨਾਲ ਫੜਨਾ ਅਤੇ ਕਲੇਜੇ ਨਾਲ ਲਾਉਣਾ ਚਾਹੁੰਦੀ ਸਾਂ। ਪਰ ਮੇਰੀ ਇਹ ਮਨੋਕਾਮਨਾ ਨਾ ਪੂਰੀ ਹੋ ਸਕਦੀ ਸੀ, ਨਾ ਹੁੰਦੀ ਸੀ।

ਮੈਂ ਸੁੰਦਰੀ ਸਾਂ, ਮੇਰਾ ਸੂਰ ਮਿੱਠਾ ਸੀ, ਪਰ ਅੰਨ੍ਹੀ ਦੀ ਸੁੰਦਰਤਾ ਵੇਖਣ ਵਾਲਾ ਕੋਈ ਨਹੀਂ ਸੀ। ਇਹ ਵਿਚਾਰ ਮੇਰੇ ਨਾਲੋਂ ਮੇਰੇ ਮਾਤਾ ਪਿਤਾ ਲਈ ਵਧੇਰੇ ਦੁਖਦਾਈ ਸੀ। ਜਦ ਕਦੇ ਇੱਕਲੇ ਹੁੰਦੇ, ਮੇਰੇ ਦੁਰਭਾਗ ਦਾ ਕਿੱਸਾ ਚਲ ਪੈਂਦਾ। ਕਹਿੰਦੇ-ਇਹ ਪੈਦਾ ਹੀ ਕਿਉਂ ਹੋਈ? ਅਤੇ ਜੇ ਹੋਈ ਸੀ, ਤਾਂ ਬਚਪਨ ਵਿੱਚ ਹੀ ਕਿਉਂ ਨਾ ਮਰ ਗਈ ? ਹੁਣ ਜਵਾਨ ਹੋਈ ਹੈ, ਵਰ ਨਹੀਂ ਮਿਲਦਾ। ਰੂਪ ਰੰਗ ਵੇਖਿਆਂ ਭੁੱਖ ਮਿਟਦੀ ਹੈ, ਪਰ ਅੱਖਾਂ ਦੀ ਅਣਹੋਂਦ ਨੇ ਸਾਰਾ ਕੰਮ ਵਿਗਾੜ ਦਿੱਤਾ ਹੈ। ਹੁਣ ਕੀ ਕਰੀਏ ? ਪਰਮਾਤਮਾ ਹੀ ਹੈ ਜੋ ਵਿਗੜੀ ਨੂੰ ਬਣਾ ਦੇਵੇ, ਹੋਰ ਤਾਂ ਕੋਈ ਉਪਾ ਨਹੀਂ।

ਇਹ ਗੱਲਾਂ ਸੁਣ ਕੇ ਮੇਰੇ ਕਲੇਜੇ ਅੱਗ ਜਿਹੀ ਲੱਗ ਜਾਂਦੀ ਸੀ। ਮੇਰੀਆਂ ਅੱਖਾਂ ਵਿਚ ਪਾਣੀ ਆ ਜਾਂਦਾ ਸੀ।

(3)

ਸ਼ਾਮ ਦਾ ਵੇਲਾ ਸੀ। ਮੈਂ ਆਪਣੇ ਕਮਰੇ ਵਿਚ ਬੈਠੀ ਆਪਣੀ ਕਿਸਮਤ ਨੂੰ ਰੋ ਰਹੀ ਸਾਂ। ਇਕਦਮ ਇਉਂ ਮਹਿਸੂਸ ਹੋਇਆ, ਜਿਵੇਂ ਕੋਈ ਕਮਰੇ ਵਿਚ ਆ ਗਿਆ ਹੈ। ਇਹ ਮੇਰੇ ਪਿਤਾ ਨਹੀਂ ਸਨ, ਨਾ ਮਾਂ ਸੀ, ਨਾ ਨੌਕਰ। ਮੈਂ ਉਨ੍ਹਾਂ ਸਾਰਿਆਂ ਦੇ ਪੈਰਾਂ ਦੀ ਚਾਪ ਨੂੰ ਪਛਾਣਦੀ ਸਾਂ। ਇਹ ਪੈਰ ਮੇਰੇ ਕੰਨਾਂ ਲਈ ਨਵੇਂ ਸਨ। ਮੈਂ ਸਿਰ ਦਾ ਪੱਲੂ ਸੰਭਾਲ ਕੇ ਪੁੱਛਿਆ-"ਕੌਣ ਹੈ?"

ਕਿਸੇ ਨੇ ਉੱਤਰ ਦਿਤਾ-‘‘ਮੈਂ”

ਮੈਂ ਚੌਂਕ ਪਈ, ਮੇਰੇ ਸਰੀਰ ਵਿਚ ਇਕ ਝਰਨਾਟ ਦੌੜ ਗਈ। ਇਹ ਲਾਲਾ ਕਰਤਾ ਰਾਮ ਬੈਰਿਸਟਰ ਦੇ ਪੁੱਤਰ ਲਾਲਾ ਸੀਤਾ ਰਾਮ ਸਨ। ਕੁਝ ਦਿਨ ਪਹਿਲਾਂ ਅਕਸਰ ਸਾਡੇ ਆਉਂਦੇ ਜਾਂਦੇ ਰਹਿੰਦੇ ਸਨ। ਉਨ੍ਹਾਂ ਨਾਲ ਅਤੇ ਮੇਰੇ ਪਿਤਾ ਜੀ ਨਾਲ ਬਹੁਤ ਪਿਆਰ ਸੀ। ਘਰ ਵਰਗੀ ਹੀ ਗੱਲ ਸੀ। ਉਨ੍ਹਾਂ ਦੇ ਰੰਗ-ਰੂਪ ਬਾਰੇ ਮੈਂ ਕੀ ਕਹਿ ਸਕਦੀ ਹਾਂ ? ਹਾਂ, ਉਨ੍ਹਾਂ ਦੀ ਆਵਾਜ਼ ਬਹੁਤ ਕੋਮਲ ਤੇ ਰਸੀਲੀ ਸੀ। ਉਹ ਜਦੋਂ ਬੋਲਦੇ ਸਨ ਤਾਂ ਮੈਂ ਮਸਤ ਹੋ ਜਾਂਦੀ ਸਾਂ। ਜੀ ਚਾਹੁੰਦਾ ਸੀ, ਉਨ੍ਹਾਂ ਦੀਆਂ ਹੀ ਗੱਲਾਂ ਸੁਣਦੀ ਰਵਾਂ, ਉਨ੍ਹਾਂ ਵਿੱਚ ਦਿਲ ਨੂੰ ਖਿੱਚ ਲੈਣ ਦੀ ਸ਼ਕਤੀ ਸੀ।

ਮੈਨੂੰ ਉਹ ਦਿਨ ਕਦੇ ਨਹੀਂ ਭੁੱਲਣਗੇ, ਜਦੋਂ ਉਹ ਅਕਸਰ ਸਾਡੇ ਘਰ ਆਉਂਦੇ ਸਨ ਅਤੇ ਕੇਵਲ ਮੇਰੀਆਂ ਹੀ ਗੱਲਾਂ ਕਰਦੇ ਸਨ। ਉਨ੍ਹਾਂ ਦੀ ਇੱਛਾ ਸੀ, ਅਤੇ ਇਸ ਨੂੰ ਉਨ੍ਹਾਂ ਨੇ ਮੇਰੇ ਪਿਤਾ ਜੀ ਕਹਿੰਦੇ—ਪਰ ਉਸ ਨੂੰ ਵਿਆਹੁਣਾ ਮੰਨੇਗਾ ਕੌਣ ? ਇਹ ਸੁਣ ਕੇ ਉਹ ਚੁੱਪ ਹੋ

ਜਾਂਦੇ ਸਨ। ਫਿਰ ਥੋੜੇ ਚਿਰ ਮਗਰੋਂ ਉਹ ਠੰਡੀ ਆਹ ਭਰਦੇ ਅਤੇ ਉਠ ਕੇ ਉਨ੍ਹਾਂ ਦੇ ਟਹਿਲਣ ਦੀ ਆਹਟ ਹੁੰਦੀ। ਇਸ ਵੇਲੇ ਉਹ ਕਿੰਨੇ ਵਿਆਕੁਲ ਕਿੰਨੇ ਉਦਾਸ ਹੁੰਦੇ ਸੀ ਇਹ ਮੈਂ ਅੰਨ੍ਹੀ ਵੀ ਸਮਝ ਜਾਂਦੀ ਸਾਂ। ਉਨ੍ਹਾਂ ਦੀਆਂ ਇਨ੍ਹਾਂ ਹਮਦਰਦੀਆਂ ਨੇ ਮੇਰੇ ਦਿਲ ਦੀ ਤਖ਼ਤੀ ਤੇ ਕ੍ਰਿਤੱਗਤਾ ਦੀ ਛਾਪ ਲਾ ਦਿੱਤੀ ਸੀ। ਮੈਂ ਉਨ੍ਹਾਂ ਦੇ ਆਉਣ ਦਾ ਰਾਹ ਵੇਖਦੀ ਰਹਿੰਦੀ। ਜੇ ਉਹ ਨਾ ਆਉਂਦੇ ਤਾਂ ਮੈਂ ਉਦਾਸ ਹੋ ਜਾਂਦੀ ਸਾਂ। ਖਾਣ-ਪੀਣ ਦੀ ਸ਼ੁੱਧ ਨਹੀਂ ਸੀ ਰਹਿੰਦੀ।

ਇਸ ਤੋਂ ਮਗਰੋਂ ਉਨ੍ਹਾਂ ਨੇ ਸਾਡੇ ਘਰ ਆਉਣਾ ਜਾਣਾ ਛੱਡ ਦਿੱਤਾ। ਅਤੇ ਅੱਜ ਪੂਰੇ ਇਕ ਸਾਲ ਬਾਅਦ ਉਹ ਸਾਡੇ ਘਰ ਆਏ ਸਨ। ਮੈਂ ਬੈਠੀ ਸਾਂ, ਖੜ੍ਹੀ ਹੋ ਗਈ। ਇਸ ਵਕਤ ਮੇਰੇ ਸਰੀਰ ਦਾ ਰੋਮ ਰੋਮ ਖਿੜ ਗਿਆ ਸੀ। ਮੈਂ ਹੌਲੀ ਜਿਹੀ ਬੋਲੀ-'ਇਤਨਾ ਅਰਸਾ ਕਿਥੇ ਰਹੇ?"

"ਇਥੇ ਹੀ ਸਾਂ।"

"ਬੜੇ ਕਠੋਰ ਹੋ। ਜੇ ਇੱਥੇ ਹੀ ਸੀ ਤਾਂ ਆਏ ਕਿਉਂ ਨਹੀਂ ?"

ਕੁਝ ਉੱਤਰ ਨਾ ਮਿਲਿਆ। ਮੇਰਾ ਕਲੇਜਾ ਧੜਕਣ ਲਗਿਆ। ਖ਼ਿਆਲ ਆਇਆ ਕਿਤੇ ਬੁਰਾ ਨ ਮੰਨਾਇਆ ਹੋਵੇ। ਮੈਂ ਖਿਮਾ ਮੰਗਣੀ ਚਾਹੀ, ਪਰ ਕਿਸੇ ਦੈਵੀ ਸ਼ਕਤੀ ਨੇ ਜ਼ੁਬਾਨ ਫੜ ਲਈ। ਉਸ ਨੇ ਥੋੜੀ ਦੇਰ ਠਹਿਰ ਕੇ ਕਿਹਾ, "ਰਜਨੀ।"

ਮੈਂ ਉਨ੍ਹਾਂ ਦੇ ਮੂੰਹ ਤੋਂ ਇਹ ਸ਼ਬਦ ਸੈਂਕੜੇ ਵਾਰੀ ਸੁਣਿਆ ਸੀ, ਪਰ ਜੋ ਗੱਲ ਇਸ ਵਿਚ ਅੱਜ ਸੀ, ਉਹ ਇਸ ਤੋਂ ਪਹਿਲੇ ਕਦੇ ਵੀ ਨਹੀਂ ਸੀ। ਆਵਾਜ਼ ਕੰਬ ਰਹੀ ਸੀ, ਜਿਵੇਂ ਸਿਤਾਰ ਦੀਆਂ ਤਾਰਾਂ ਕੰਬ ਰਹੀਆਂ ਹੋਣ। ਉਸ ਵਿਚ ਕਿੰਨੀ ਮਿਠਾਸ ਸੀ, ਕੈਸਾ ਜਾਦੂ ! ਅਤੇ ਉਸ ਦੇ ਨਾਲ ਮਿਲੀ ਹੋਈ ਕਿੰਨੀ ਬੇਕਰਾਰੀ ਤੇ ਪਿਆਸ ! ਮੇਰੇ ਦਿਲ ਤੇ ਜਾਦੂ ਜਿਹਾ ਛਾ ਗਿਆ। ਇਕ ਖਿਣ ਲਈ ਮੈਂ ਭੁੱਲ ਗਈ ਕਿ ਮੈਂ ਅੰਨ੍ਹੀ ਹਾਂ। ਮੈਂ ਆਕਾਸ਼ ਵਿਚ ਉਡਦੀ ਜਾ ਰਹੀ ਸਾਂ ਅਤੇ ਮੇਰੇ ਚੌਪਾਸੀ ਕੋਈ ਮਧੁਰ ਸੰਗੀਤ ਅਲਾਪ ਰਿਹਾ ਸੀ, ਕੋਈ ਤਾਰੇ ਲੁਟਾ ਰਿਹਾ ਸੀ।

ਇਹ ਖਿਣ ਕਿੰਨਾ ਸੁਖਦਾਇਕ, ਕਿੰਨਾ ਅਣਮੋਲ ਸੀ। ਉਸਨੂੰ ਮੈਂ ਅੱਜ ਤਕ ਨਹੀਂ ਭੁੱਲ ਸਕੀ। ਅੱਠ ਸਾਲ ਹੋ ਚੁੱਕੇ ਹਨ। ਇਸ ਲੰਮੇ ਅਰਸੇ ਵਿਚ ਕਈ ਮੌਕੇ ਅਜਿਹੇ ਆਏ, ਜਦੋਂ ਮੈਂ ਇਹ ਅਨੁਭਵ ਕੀਤਾ ਕਿ ਮੇਰੀ ਆਤਮਾ ਕਿਸੇ ਵਿਸ਼ੇਸ਼ ਆਨੰਦ ਨੂੰ ਨਹੀਂ ਸਹਿ ਸਕੇਗੀ। ਅਜਿਹੇ ਸਾਰੇ ਇਹ ਮੌਕੇ ਉਸ ਇਕ ਖਿਣ ਦੇ ਸਾਹਮਣੇ ਤੁੱਛ ਹਨ, ਜਦੋਂ ਮੈਨੂੰ ਇਹ ਖ਼ਿਆਲ ਨਹੀਂ ਰਿਹਾ ਸੀ ਕਿ ਮੈਂ ਅੰਨ੍ਹੀ ਹਾਂ ਅਤੇ ਮੇਰੀਆਂ ਅੱਖਾਂ ਦੁਨੀਆਂ ਦੀ ਬਹਾਰ ਵੇਖਣ ਤੋਂ ਵਾਂਝੀਆਂ

ਹਨ। ਉਸ ਵੇਲੇ ਮੈਨੂੰ ਸਥਾਨ, ਸਮੇਂ ਤੇ ਸਿਥਤੀ ਦੀ ਹੋਸ਼ ਆਈ। ਮੈਂ ਆਪਣੀ ਸ਼ਰਮ ਦੇ ਬੋਝ ਨਾਲ ਮਰ ਗਈ ਅਤੇ ਆਤਮਾ ਦੀ ਪੂਰੀ ਸ਼ਕਤੀ ਨਾਲ ਕੇਵਲ ਇਕ ਲਫਜ਼ ਹੀ ਬੋਲ ਸਕੀ।

"ਕਿਉਂ ? ਕੀ ਗੱਲ ਹੈ ?"

"ਤੇਰਾ ਵਿਆਹ ਹੋਵੇਗਾ।"

ਮੇਰਾ ਮੂੰਹ ਲਾਲ ਹੋ ਗਿਆ, ਮਾਨੋ ਕਿਸੇ ਨੇ ਚਪੇੜ ਕੱਢ ਮਾਰੀ ਹੋਵੇ। ਫਿਰ ਵੀ ਹੌਂਸਲਾ ਕਰਕੇ ਬੋਲੀ- "ਮੈਂ ਅੰਨ੍ਹੀ ਹਾਂ, ਤੁਸੀਂ ਇਹ ਗੱਲ ਸ਼ਾਇਦ ਭੁੱਲ ਰਹੇ ਹੋ।"

"ਕੀ ਮਤਲਬ ਹੈ ਤੇਰਾ ?"

"ਮੇਰਾ ਇਹ ਮਤਲਬ ਹੈ, ਕਿ ਮੇਰੇ ਨਾਲ ਵਿਆਹ ਕੌਣ ਕਰੇਗਾ ?

ਹੁਣ ਸੋਚਦੀ ਹਾਂ, ਉਸ ਵੇਲੇ ਇਹ ਸ਼ਬਦ ਮੈਂ ਕਿਵੇਂ ਕਹਿ ਹੋਂ ਲਏ। ਪਰ ਅੰਨ੍ਹੀ ਲਈ ਹੌਂਸਲਾ ਕਰਨਾ ਕੋਈ ਵੱਡੀ ਗੱਲ ਨਹੀਂ। ਸ਼ਰਮ ਅੱਖਾਂ ਵਿਚ ਹੁੰਦੀ ਹੈ, ਅਤੇ ਅੰਨ੍ਹੀਨਾ ਦੂਜੇ ਨੂੰ ਵੇਖ ਸਕਦੀ ਹੈ ਤੇ ਨਾ ਹੀ ਜਾਣ ਸਕਦੀ ਹੈ ਕਿ ਦੂਜਾ ਉਸ ਨੂੰ ਵੇਖ ਰਿਹਾ ਹੈ।

ਸੀਤਾ ਰਾਮ ਕੁਝ ਦੇਰ ਚੁੱਪ ਰਿਹਾ। ਉਸਦੀ ਇਹ ਚੁੱਪ ਮੇਰੇ ਲਈ ਸੰਸਾਰ ਦੀ ਸਭ ਤੋਂ ਵੱਡੀ ਸਜ਼ਾ ਸੀ। ਇਉਂ ਲੱਗਦਾ ਸੀ ਕਿ ਮੇਰੀ ਕਿਸਮਤ ਦਾ ਇਮਤਿਹਾਨ ਲਿਆ ਜਾ ਚੁਕਿਆ ਹੈ ਅਤੇ ਹੁਣ ਨਤੀਜਾ ਨਿਕਲਣ ਵਾਲਾ ਹੈ। ਮੇਰੇ ਪ੍ਰਾਣ ਹੋਠਾਂ ਤਕ ਆ ਗਏ। ਮੇਰਾ ਦਿਲ ਧੱਕ ਧੱਕ ਕਰਨ ਲੱਗਾ।

ਇਕਦਮ ਉਹ ਅੱਗੇ ਵਧੇ ਤੇ ਮੇਰੇ ਸਿਰ ਤੇ ਪੋਲੇ ਜਿਹੇ ਆਪਣਾ ਹੱਥ ਰਖ ਕੇ ਬੋਲੇ- "ਰਜਨੀ ! ਤੇਰੇ ਨਾਲ ਵਿਆਹ ਮੈਂ ਕਰਾਂਗਾ।"

ਮੇਰੇ ਸਿਰ ਤੋਂ ਭਾਰ ਉਤਰ ਗਿਆ। ਇਉਂ ਪ੍ਰਤੀਤ ਹੁੰਦਾ ਹੈ ਕਿ ਦਿਲ ਦੇ ਭਾਵ ਚਿਹਰੇ ਤੋਂ ਪੜ੍ਹੇ ਜਾ ਸਕਦੇ ਹਨ। ਕਿਉਂਕਿ ਦੂਜੇ ਪਲ ਸੀਤਾ ਰਾਮ ਨੇ ਮੈਨੂੰ ਆਪਣੀ ਬਾਹਾਂ ਦੀ ਗਲਵਕੜੀ ਵਿਚ ਲੈ ਲਿਆ ਅਤੇ ਮੇਰਾ ਮੂੰਹ ਮੁੜ ਮੁੜ ਕੇ ਪ੍ਰੇਮ ਨਾਲ ਚੁੰਮਣ ਲਗਿਆ। ਮੈਂ ਘਬਰਾ ਗਈ, ਹੈਰਾਨ ਰਹਿ ਗਈ। ਮੈਂ ਪਾਗਲ ਹੋ ਗਈ। ਮੇਰੇ ਸਰੀਰ ਵਿਚ ਰੋਮਾਂਚ ਜਾਗ ਪਿਆ।

ਉਸ ਰਾਤੀ ਮੈਨੂੰ ਨੀਂਦ ਨਾ ਪਈ। ਉਸ ਦੀ ਥਾਂ ਖੁਸ਼ੀ ਨੇ ਲੈ ਲਈ। ਉਸ ਰਾਤ ਮੈਂ ਆਪਣੀ ਹਨੇਰੀ ਦੁਨੀਆਂ ਤੇ ਰਾਜ ਕਰ ਰਹੀ ਸਾਂ ਅਤੇ ਮੇਰਾ ਸੰਸਾਰ ਮੇਰੇ ਪ੍ਰੇਮ ਦੇ ਅਮਰ ਸੰਗੀਤ ਨਾਲ ਭਰਪੂਰ ਹੋ ਚੁਕਿਆ ਸੀ। ਚਾਰੇ ਪਾਸੇ ਖੁਸ਼ੀ ਸੀ। ਚਾਰੇ ਪਾਸੇ ਰੌਸ਼ਨੀ ਸੀ। ਚਾਰੇ ਪਾਸੇ ਸੰਗੀਤ ਸੀ। ਇਕ ਮਹੀਨਾ ਵੀ ਨਾ ਲੰਘਿਆ ਕਿ ਮੇਰਾ ਉਨ੍ਹਾਂ ਨਾਲ ਵਿਆਹ ਹੋ ਗਿਆ।

(4)

ਹੁਣ ਮੇਰੇ ਜੀਵਨ ਦਾ ਦੂਜਾ ਕਾਂਡ ਸ਼ੁਰੂ ਹੋਇਆ। ਇਸ ਵਕਤ ਤਕ ਮੈਂ ਸ਼ਬਦਾਂ ਦੀ ਦੁਨੀਆਂ ਵਿਚ ਵਸਦੀ ਸਾਂ, ਹੁਣ ਮੈਂ ਪ੍ਰੇਮ-ਪੁਰੀ ਵਿਚ ਪੈਰ ਧਰਿਆ ਸੀ।

ਉਹ ਮੈਨੂੰ ਚਾਹੁੰਦੇ ਸਨ, ਮੈਨੂੰ ਪਿਆਰ ਕਰਦੇ ਸਨ। ਮੇਰੇ ਬਿਨਾ ਰਹਿ ਨਹੀਂ ਸਨ ਸਕਦੇ। ਅਕਸਰ ਮੇਰਾ ਹੱਥ ਆਪਣੇ ਹੱਥ ਵਿੱਚ ਲੈ ਲੈਂਦੇ ਅਤੇ ਮੇਰੀ ਤਾਰੀਫ਼ ਦੇ ਪੁੱਲ ਬੰਨ੍ਹ ਦੇਂਦੇ। ਕਹਿੰਦੇ ਮੈਂ ਸੈਂਕੜੇ ਕੁੜੀਆਂ ਵੇਖੀਆਂ ਹਨ, ਪਰ ਤੇਰੇ ਵਰਗੀ ਕੁੜੀ ਅੱਜ ਤਕ ਨਾ ਵੇਖੀ ਹੈ, ਨਾ ਵੇਖਣ ਦੀ ਸੰਭਾਵਨਾ ਹੈ। ਮੈਂ ਪਹਿਲਾਂ ਪਹਿਲਾਂ ਇਹ ਗੱਲਾਂ ਸੁਣ ਕੇ ਆਪਣਾ ਮੂੰਹ ਹੱਥਾਂ ਵਿਚ ਲੁਕ ਲਿਆ ਕਰਦੀ ਸਾਂ। ਪਰ ਹੌਲੀ ਹੌਲੀ ਇਹ ਝਿਜਕ ਦੂਰ ਹੋ ਗਈ। ਸ਼ਾਇਦ ਹਰੇਕ ਵਿਆਹੁਤਾ ਮੁਟਿਆਰ ਲਈ ਇਸ ਤਰ੍ਹਾਂ ਦੀਆਂ ਸੁਹਾਵਣੀਆਂ ਟਕੋਰਾਂ ਸੁਣਨੀਆਂ ਇਕ ਸਾਧਾਰਣ ਗੱਲ ਹੋਵੇਗੀ।

ਉਹ ਮੇਰੇ ਲਈ ਸ਼ੀਸ਼ੇ ਦਾ ਕੰਮ ਦੇਂਦੇ ਸਨ। ਮੈਂ ਆਪਣੀਆਂ ਅੱਖਾਂ ਨਾਲ ਨਹੀਂ; ਸਗੋਂ ਆਪਣੇ ਕੰਨਾਂ ਨਾਲ. ਉਨ੍ਹਾਂ ਦੀਆਂ ਗੱਲਾਂ ਵਿਚ, ਆਪਣੀ ਪ੍ਰਸ਼ੰਸਾ ਵਿਚ ਆਪਣਾ ਰੰਗ-ਰੂਪ ਦੇਖ ਕੇ ਮਾਣ ਨਾਲ ਝੂਮਣ ਲੱਗ ਜਾਂਦੀ ਸਾਂ। ਮੈਂ ਸਮਝਦੀ ਸਾਂ, ਮੇਰੇ ਵਰਗੀਆਂ ਭਾਗਵਾਨ ਇਸਤਰੀਆਂ ਸੰਸਾਰ ਵਿਚ ਬਹੁਤੀਆਂ ਨਹੀਂ ਹੋਣਗੀਆਂ। ਮੇਰਾ ਵਿਹੜਾ ਹਾਸ-ਵਿਲਾਸ ਨਾਲ ਗੂੰਜਦਾ ਰਹਿੰਦਾ ਸੀ। ਪਰ ਇਸ ਹਾਸ-ਵਿਲਾਸ ਦੇ ਅੰਦਰ ਵੀ, ਇਸ ਮਧੁਰ ਸੰਗੀਤ ਵਿੱਚ ਵੀ ਕਦੇ ਕਦੇ ਵਿਆਕੁਲਤਾ ਦਾ ਅਨੁਭਵ ਹੋਣ ਲੱਗ ਪਿਆ ਸੀ। ਜਿਵੇਂ ਬਿੱਲੀ ਦੇ ਗੁਦਗੁਦੇ ਪੈਰਾਂ ਵਿਚ ਤੇਜ਼ ਨਹੁੰ ਛੁਪੇ ਰਹਿੰਦੇ ਹਨ। ਮੈਂ ਆਪਣੀ ਇਕ ਇਕ ਸਹੇਲੀ ਨੂੰ ਉਨ੍ਹਾਂ ਦੇ ਜੀਵਨ ਦੇ ਗੁਪਤ ਰਾਜ ਪੁੱਛੇ, ਅਤੇ ਅਜੇ ਤਕ ਮੈਂ ਇਹ ਸਮਝ ਗਈ ਕਿ ਸੰਸਾਰ ਵਿਚ ਹਰ ਚੀਜ਼ ਉਹ ਨਹੀਂ, ਜੋ (ਦਿਖਾਈ, ਨਹੀਂ ਪਰੰਤੂ) ਸੁਣਾਈ ਦੇਂਦੀ ਹੈ। ਨਾ ਸੰਸਾਰ ਵਿਚ ਉਹ ਬਦਕਿਸਮਤ ਹੈ, ਜਿਸਨੂੰ ਅਕਸਰ ਬਦਕਿਸਮਤ ਸਮਝਿਆ ਜਾਂਦਾ ਹੈ। ਉਨ੍ਹਾਂ ਦੀਆਂ ਗੱਲਾਂ ਨੇ ਮੇਰੀ ਸੁਖਮਈ ਜੀਵਨ ਨੂੰ ਹੋਰ ਸੁਖਦਾਇ ਬਣਾ ਦਿੱਤਾ।

ਮੇਰੇ ਪਤੀ ਮੇਰੇ ਨਾਲ ਕਦੇ ਖ਼ਫ਼ਾ ਨਹੀਂ ਸਨ ਹੁੰਦੇ, ਨਾ ਕਦੇ ਮੈਨੂੰ ਬੁਰਾ ਭੱਲਾ ਕਹਿੰਦੇ ਸਨ। ਉਹ ਇਸਨੂੰ ਮਨੁੱਖਤਾ ਤੋਂ ਗਿਰੀ ਹੋਈ ਗੱਲ ਸਮਝਦੇ ਸਨ। ਸੋਚਦੇ ਸਨ—ਇਹ ਵਿਚਾਰੀ ਮਨ ਵਿਚ ਕੀ ਕਹੇਗੀ ? ਮੇਰੀਆਂ ਅੱਖਾਂ ਦੀ ਅਣਹੋਂਦ ਮੇਰੇ ਲਈ ਦੇਵੀ ਦੇ ਸੁਖ ਦਾ ਕਾਰਣ ਬਣ ਗਿਆ। ਮੇਰਾ ਕੰਮ ਉਹ ਆਪ ਕਰਦੇ ਸਨ। ਮੈਂ ਰੋਕਦੀ ਤਾਂ ਕਹਿੰਦੇ-"ਇਸ ਵਿੱਚ ਮੈਨੂੰ ਖੁਸ਼ੀ ਮਿਲਦੀ ਹੈ। ਤੂੰ ਕੁਝ ਵੀ ਖਿਆਲ ਨਾ ਕਰ। ਸੰਸਾਰ ਦੀਆਂ ਸਾਰੀਆਂ ਇਸਤਰੀਆਂ

ਆਪਣੇ ਪਤੀ ਦੀ ਸੇਵਾ ਕਰਦੀਆਂ ਹਨ। ਅਗਰ ਇਕ ਪਤੀ ਆਪਣੀ ਪਤਨੀ ਦਾ ਥੋੜਾ ਜਿਹਾ ਕੰਮ ਕਰ ਦੇਵੇਗਾ, ਤਾਂ ਪਰਲੋ ਤਾਂ ਨਹੀਂ ਆ ਜਾਵੇਗੀ।"

ਉਨ੍ਹਾਂ ਕੋਲ ਕਾਫ਼ੀ ਧਨ ਸੀ, ਕਈ ਨੌਕਰ ਸਨ, ਪਰ ਨੌਕਰ ਜਨਾਨਖਾਨੇ ਵਿਚ ਨਹੀਂ ਆ ਸਕਦੇ ਸਨ। ਰੋਟੀ ਬਣਾਉਣ ਲਈ ਇਕ ਮਿਸ਼ਰਾਣੀ ਸੀ, ਮੇਰਾ ਜੀ ਬਹਿਲਾਉਣ ਲਈ ਇਕ ਹੋਰ ਇਸਤਰੀ ਸੀ। ਪਰ ਫਿਰ ਵੀ ਕਈ ਕੰਮ ਅਜਿਹੇ ਹੁੰਦੇ ਹਨ, ਜੋ ਮਾਲਕਣ ਨੂੰ ਆਪ ਹੀ ਕਰਨੇ ਪੈਂਦੇ ਹਨ। ਪਰ ਮੇਰੇ ਕੰਮ ਉਹ ਖੁਦ ਹੀ ਕਰਦੇ ਸਨ, ਅਤੇ ਉਸ ਵਕਤ ਇੰਨੇ ਪ੍ਰਸੰਨ ਹੁੰਦੇ ਸਨ- ਜਿਵੇਂ ਬੱਚੇ ਨੂੰ ਵਧੀਆ ਖਿਡੌਣੇ ਮਿਲ ਗਏ ਹੋਣ। ਉਨ੍ਹਾਂ ਦੀਆਂ ਦਿਲਜੋਈਆਂ ਨੇ ਮੈਨੂੰ ਉਨ੍ਹਾਂ ਦੀ ਪੁਜਾਰਨ ਬਣਾ ਦਿੱਤਾ। ਮੈਂ ਉਨ੍ਹਾਂ ਦੀ ਪੂਜਾ ਕਰਨ ਲੱਗੀ। ਸੋਚਦੀ ਸਾਂ, ਐਸੇ ਆਦਮੀ ਸੰਸਾਰ ਵਿੱਚ ਥੋੜੇ ਹੀ ਹੋਣਗੇ। ਉਨ੍ਹਾਂ ਨੂੰ ਮੇਰੀ ਕੀ ਪਰਵਾਹ ਹੈ ? ਚਾਹੁੰਣ ਤਾਂ ਮੇਰੇ ਵਰਗੀਆਂ ਵੀਹ ਖ਼ਰੀਦ ਲਿਆਉਣ। ਇਹ ਉਨ੍ਹਾਂ ਲਈ ਬਿਲਕੁਲ ਹੀ ਮੁਸ਼ਕਲ ਨਹੀਂ ਸੀ। ਪਰ ਉਹ ਫਿਰ ਵੀ ਮੈਨੂੰ ਚਾਹੁੰਦੇ ਸਨ। ਮਾਨੋ ਮੈਂ ਕਿਸੇ ਦੇਸ਼ ਦੀ ਰਾਜ ਕੁਮਾਰੀ ਹੋਵਾਂ। ਮੈਂ ਪਹਿਲਾਂ ਉਨ੍ਹਾਂ ਨਾਲ ਪ੍ਰੇਮ ਕਰਦੀ ਸਾਂ, ਫਿਰ ਉਨ੍ਹਾਂ ਦੀ ਪੂਜਾ ਕਰਨ ਲੱਗੀ। ਪ੍ਰੇਮ ਨੇ ਸ਼ਰਧਾ ਦਾ ਰੂਪ ਧਾਰਨ ਕਰ ਲਿਆ।

ਮੇਰਾ ਜੀਵਨ ਜੀਵਨ ਨਹੀਂ ਸੀ, ਸੁਖਮਈ ਸੁਪਨਾ ਸੀ, ਜੋ ਡਰ, ਬੇਸਬਰੀ, ਅਸ਼ਾਂਤੀ ਤੇ ਦੁੱਖ ਨਾਲ ਕਦੇ ਤਬਾਹ ਨਹੀਂ ਹੁੰਦਾ ਹੈ। ਉਨ੍ਹਾਂ ਦੇ ਪ੍ਰੇਮ ਨੇ ਮੇਰੀ ਬਦਨਸੀਬੀ ਦੀ ਕਮੀ ਪੂਰੀ ਕਰ ਦਿਤੀ। ਉਹ ਮੇਰੇ ਹਨੇਰੇ ਸੰਸਾਰ ਦੇ ਚਾਨਣ ਸਨ, ਉਨ੍ਹਾਂ ਦੀ ਗੱਲਬਾਤ ਮੇਰੇ ਨੀਰਸ ਜੀਵਨ ਦਾ ਸਰਸ ਸੰਗੀਤ ਸੀ। ਮੈਂ ਚਾਹੁੰਦੀ ਸਾਂ ਉਹ ਮੇਰੇ ਕੋਲੋਂ ਉਠਕੇ ਨਾ ਜਾਣ।

ਮੈਂ ਉਨ੍ਹਾਂ ਦੇ ਇਕ ਇਕ ਪਲ, ਇਕ ਇਕ ਘੜੀ, ਇਕ ਇਕ ਖਿਣ ਤੇ ਅਧਿਕਾਰ ਜਮਾਉਣਾ ਚਾਹੁੰਦੀ ਸੀ। ਜਦੋਂ ਕਦੇ ਆਉਣ ਵਿਚ ਉਹ ਥੋੜੀ ਜਿਹੀ ਵੀ ਦੇਰ ਕਰ ਦੇਂਦੇ, ਤਾਂ ਮੇਰਾ ਸਾਹ ਘੁਟਣ ਲੱਗ ਜਾਂਦਾ, ਜਿਵੇਂ ਕਮਰੇ ਵਿਚੋਂ ਹਵਾ ਕੱਢ ਦਿੱਤੀ ਗਈ ਹੋਵੇ। ਇਹ ਵਿਆਕੁਲਤਾ ਕਿੰਨੀ ਜ਼ਿੰਦਗੀ-ਭਰਪੂਰ ਹੈ ! ਕਿੰਨੀ ਪ੍ਰੇਮ ਪੂਰਣ ਹੈ ! ਇਸ ਨੂੰ ਆਮ ਲੋਕ ਨਹੀਂ ਸਮਝ ਸਕਣਗੇ। ਇਸ ਨੂੰ ਕੇਵਲ ਉਹੀ ਜਾਣ ਸਕਦੇ ਹਨ, ਜਿਨ੍ਹਾਂ ਦੇ ਹਿਰਦੇ ਨੂੰ ਪ੍ਰੇਮ ਦੇ ਅੰਨ੍ਹੇ ਦੇਵਤਾ ਭਗਵਾਨ ਕਾਮਦੇਵ ਨੇ ਫੁੱਲਾਂ ਦੇ ਤੀਰ ਮਾਰ ਮਾਰ ਕੇ ਘਾਇਲ ਕਰ ਦਿੱਤਾ ਹੈ, ਅਤੇ ਜਿਨ੍ਹਾਂ ਦੇ ਘਾਉ ਹੀ ਜੀਵਨ ਦੀ ਜੋਤ ਤੇ ਜਵਾਨੀ ਹੋਣ। ਇਸ ਮਜੇ ਨੂੰ ਕੋਈ ਦੂਜਾ ਨਹੀਂ ਸਮਝ ਸਕਦਾ।

ਇਸੇ ਤਰ੍ਹਾਂ ਪੰਜ ਸਾਲ ਦਾ ਸਮਾਂ, ਜਿਸਨੂੰ ਪਿਆਰ ਤੇ ਸੁਖ ਦੇ ਜੀਵਨ ਨੇ ਬਹੁਤ ਛੋਟਾ ਬਣਾ ਦਿੱਤਾ ਸੀ, ਬੀਤ ਗਿਆ, ਅਤੇ ਮੈਂ ਇਕ ਬੱਚੇ ਦੀ ਮਾਂ ਬਣ ਗਈ। ਮੇਰੀ ਖੁਸ਼ੀ ਦਾ ਟਿਕਾਣਾ ਨਹੀਂ ਸੀ। ਇਹ ਬੱਚਾ ਮੇਰੀ ਤੇ ਉਨ੍ਹਾਂ ਦੀ ਪ੍ਰੀਤ ਦੀ ਜਿਉਂਦੀ ਜਾਗਦੀ ਮੂਰਤ ਸੀ, ਜਿਸ ਤੇ ਅਸੀਂ ਦੋਵੇ ਜੀਅ ਜਾਨ ਨਿਛਾਵਰ ਕਰਦੇ ਸਾਂ। ਇਹ ਬੱਚਾ (ਮੈਂ ਸੁਣਿਆ) ਬਹੁਤ ਸੁੰਦਰ ਸੀ। ਮੇਰੀਆਂ ਸਹੇਲੀਆਂ ਕਹਿੰਦੀਆਂ ਸਨ-"ਤੂੰ ਰਜਨੀ (ਰਾਤ) ਹੈ, ਤੇਰਾ ਪੁੱਤਰ ਚੰਨ ਹੈ। ਇਸ ਦਾ ਰੂਪ ਮਨ ਨੂੰ ਮੋਹ ਲੈਂਦਾ ਹੈ। ਜੋ ਵੇਖਦਾ ਹੈ, ਪ੍ਰਸੰਨ ਹੋ ਜਾਂਦਾ ਹੈ।" ਮੈਂ ਇਹ ਸੁਣਕੇ ਫੁਲੀ ਨਾ ਸਮਾਉਂਦੀ। ਹਿਰਦੇ ਵਿਚ ਖੁਸ਼ੀ ਦੀਆਂ ਲਹਿਰਾਂ ਉੱਠਣ ਲੱਗਦੀਆਂ, ਮਾਨੋ ਕਿਸੇ ਨੇ ਸਿਤਾਰ ਤੇ ਹੱਥ ਰੱਖ ਦਿੱਤਾ ਹੋਵੇ। ਫਿਰ ਪੁੱਛਦੀ, ਇਸ ਦੀਆਂ ਅੱਖਾਂ ਕੈਸੀਆ ਹਨ ? ਉਹ ਜਵਾਬ ਦੇਂਦੀਆਂ, ਵੱਡੀਆਂ ਵੱਡੀਆਂ ਹਿਰਨ ਦਾ ਬੱਚਾ ਮਾਲੂਮ ਹੁੰਦਾ ਹੈ; ਪਰਮਾਤਮਾ ਨੇ ਮਾਂ ਦੀ ਕਸਰ ਬੱਚੇ ਦੀਆਂ ਅੱਖਾਂ ਵਿਚ ਪੂਰੀ ਕਰ ਦਿੱਤੀ। ਇਸਨੂੰ ਵੇਖਕੇ ਕੌਣ ਕਹੇਗਾ ਕਿ ਇਹ ਇੱਕ ਅੰਨ੍ਹੀ ਦਾ ਪੁੱਤਰ ਹੈ ?

ਇਸਤਰੀ ਦੇ ਕਈ ਰੂਪ ਹਨ। ਉਹ ਬੇਟੀ ਹੈ, ਉਹ ਭੈਣ ਹੈ, ਉਹ ਇਸਤਰੀ ਹੈ। ਪਰ ਜੋ ਮਮਤਾ ਉਸ ਵਿਚ ਮਾਂ ਬਣਕੇ ਪੈਦਾ ਹੁੰਦੀ ਹੈ, ਉਸ ਦੀ ਮਿਸਾਲ ਇਸ ਸੰਸਾਰ ਵਿਚ ਨਹੀਂ ਮਿਲੇਗੀ। ਮੈਨੂੰ ਆਪਣੀ ਮਾਂ-ਬਾਪ ਨਾਲ ਪ੍ਰੇਮ ਸੀ। ਆਪਣੇ ਪਤੀ ਪ੍ਰਤਿ ਸ਼ਰਧਾ ਸੀ। ਉਨ੍ਹਾਂ ਨੂੰ ਵੇਖਣ ਲਈ ਕਦੇ ਕਦੇ ਮੈਂ ਬੇਸਬਰ ਹੋ ਉਠਦੀ ਸਾਂ ਪਰ ਉਸ ਬੇਸਬਰੀ ਦਾ ਇਸ ਨਵੀਂ ਬੇਸਬਰੀ ਨਾਲ ਕੋਈ ਮੁਕਾਬਲਾ ਨਹੀਂ ਸੀ, ਜਿਹੜੀ ਆਪਣੇ ਬੱਚੇ ਦਾ ਮੂੰਹ ਚੁੰਮਦਿਆਂ ਉਸ ਦੀਆਂ ਅੱਖਾਂ ਤੇ ਹੱਥ ਫੇਰਦਿਆਂ, ਉਸ ਨੂੰ ਛਾਤੀ ਨਾਲ ਘੁਟਦਿਆਂ ਮੇਰੇ ਨਾਰੀ ਹਿਰਦੇ ਵਿਚ ਪੈਦਾ ਹੋ ਜਾਂਦੀ ਸੀ। ਉਸ ਸਮੇਂ ਮੈਂ ਘਬਰਾ ਕੇ ਖੜੀ ਹੋ ਜਾਂਦੀ, ਅਤੇ ਪਰਮਾਤਮਾ ਦੇ ਵਿਰੁੱਧ ਸੈਂਕੜੇ ਸ਼ਬਦ ਮੂੰਹੋਂ ਕੱਢ ਦੇਂਦੀ। ਮੈਂ ਚਾਹੁੰਦੀ ਸਾਂ, ਹਾਏ ! ਨਹੀਂ ਦੱਸ ਸਕਦੀ! ਕਿੰਨਾ ਚਾਹੁੰਦੀ ਸਾਂ ਕਿ ਮੇਰੀਆਂ ਅੱਖਾਂ ਇਕ ਪਲ ਲਈ ਖੁਲ੍ਹ ਜਾਣ ਅਤੇ ਮੈਂ ਆਪਣੇ ਬੱਚੇ ਨੂੰ ਇਕ ਵਾਰੀ ਵੇਖ ਲਵਾਂ ! ਪਰ ਇਹ ਚਾਹਣਾ ਪੂਰੀ ਨਾ ਹੁੰਦੀ।

ਮੈਂ ਆਪਣੀ ਬਦਨਸੀਬੀ ਹੁਣ ਮਹਿਸੂਸ ਕਰਨ ਲੱਗੀ। ਛਟਪਟਾਉਣ ਲੱਗੀ। ਮੇਰਾ ਪ੍ਰੇਮ ਤੜਪਣ ਲੱਗਾ, ਮੇਰਾ ਜੀਵਨ ਘੁੱਟਣ ਲੱਗਾ। ਇਹ ਇਕ ਨਵੀਂ ਅਣਹੋਂਦ ਸੀ—ਇੱਕ ਨਵੀਂ ਸੁਨਤਾ ਸੀ, ਇਕ ਨਵੀਂ ਜਲਨ ਸੀ।

(5)

ਹੌਲੀ ਹੌਲੀ ਮੇਰੀ ਬੇਚੈਨੀ ਨੇ ਉਨ੍ਹਾਂ ਨੂੰ ਵੀ ਬੇਚੈਨ ਕਰ ਦਿੱਤਾ। ਇਕ ਘਰ ਵਿਚ ਅੱਗ ਲੱਗੀ ਹੋਵੇ ਤਾਂ ਧੂੰਆਂ ਦੂਜੇ ਘਰ ਵਿਚ ਵੀ ਪਹੁੰਚ ਜਾਂਦਾ ਹੈ। ਉਹ ਵੀ ਅਕਸਰ ਉਦਾਸ ਰਹਿਣ ਲੱਗੇ। ਉਹ ਮੇਰੇ ਭਾਵਾਂ ਨੂੰ ਸਮਝ ਗਏ ਸਨ। ਹੁਣ ਉਨ੍ਹਾਂ ਦੀ ਆਵਾਜ਼ ਵਿਚ ਉਹ ਜਾਦੂ ਨਹੀਂ ਸੀ, ਨਾ ਸ਼ਬਦਾਂ ਵਿਚ ਉਹ ਮਿਠਾਸ ਸੀ। ਗੱਲਬਾਤ ਦੇ ਢੰਗ ਵਿਚ ਵੀ ਫ਼ਰਕ ਆ ਗਿਆ ਸੀ। ਬੋਲਦੇ ਬੋਲਦੇ ਚੁੱਪ ਹੋ ਜਾਂਦੇ ਸਨ। ਹਸਦੇ ਹਸਦੇ ਉਦਾਸ ਹੋ ਜਾਂਦੇ ਸਨ। ਦਿਲ ਵਿਚ ਕੋਈ ਸ਼ੱਕ ਨਹੀਂ ਕਿ ਜੇ ਉਸ ਵਕਤ ਮੇਰੀਆਂ ਅੱਖਾਂ ਤੋਂ ਹਨੇਰੇ ਦਾ ਪਰਦਾ ਉਠ ਜਾਂਦਾ, ਤਾਂ ਮੈਂ ਉਨ੍ਹਾਂ ਦੀਆ ਪਲਕਾਂ ਤੇ ਹੰਝੂਆਂ ਤੋਂ ਸਿਵਾ ਕੁਝ ਨਾ ਵੇਖਦੀ। ਇਕ ਦਿਨ ਬਾਹਰੋਂ ਆਏ ਤਾਂ ਘਬਰਾਏ ਹੋਏ ਸਨ। ਉਹ ਆਉਂਦੇ ਹੀ ਬੋਲੇ- 'ਰਜਨੀ !'

ਮੈਂ ਹੌਲੀ ਜਿਹੀ ਉੱਤਰ ਦਿੱਤਾ—"ਜੀ !"

"ਤੂੰ ਕਦੋਂ ਅੰਨ੍ਹੀ ਹੋਈ ਸੈਂ ? ਮੇਰਾ ਖ਼ਿਆਲ ਹੈ, ਤੂੰ ਜਨਮ ਤੋਂ ਅੰਨ੍ਹੀ ਨਹੀਂ ?'

"ਨਹੀਂ।"

"ਤਾਂ ਤੇਰੀਆਂ ਅੱਖਾਂ ਨੂੰ ਖ਼ਰਾਬ ਹੋਏ ਕਿੰਨਾ ਅਰਸਾ ਹੋਇਆ ਹੈ ?"

"ਮੈਂ ਉਦੋਂ ਤਿੰਨਾਂ ਸਾਲਾਂ ਦੀ ਸਾਂ।"

"ਤੈਨੂੰ ਚੰਗੀ ਤਰ੍ਹਾਂ ਯਾਦ ਹੈ ? ਤੈਨੂੰ ਪੱਕਾ ਵਿਸ਼ਵਾਸ਼ ਹੈ ?”

"ਹਾਂ, ਇਸ ਵਿਚ ਜ਼ਰਾ ਵੀ ਸ਼ੱਕ ਨਹੀਂ।"

ਉਨ੍ਹਾਂ ਨੇ ਮੈਨੂੰ ਖਿੱਚ ਕੇ ਗਲੇ ਲਾ ਲਿਆ ਅਤੇ ਬੋਲੇ- 'ਪਰਮਾਤਮਾ ਦਾ ਸ਼ੁਕਰ ਹੈ। ਇਕ ਵਾਰੀ ਆਖਰੀ ਯਤਨ ਕਰਾਂਗਾ ਅਤੇ ਮੇਰਾ ਯਤਨ ਸਫਲ ਹੋਵੇਗਾ। ਮੈਨੂੰ ਪੂਰਾ ਵਿਸ਼ਵਾਸ ਹੈ।

ਆਵਾਜ਼ ਤੋਂ ਇਉਂ ਪ੍ਰਤੀਤ ਹੁੰਦਾ ਸੀ, ਕਿ ਉਨ੍ਹਾਂ ਦੇ ਸਿਰ ਤੋਂ ਕੋਈ ਬੋਝ ਉਤਰ ਗਿਆ ਹੈ। ਮੈਂ ਉਨ੍ਹਾਂ ਦੇ ਮੂੰਹ ਤੇ ਹੱਥ ਫੇਰਦੇ ਹੋਏ ਪੁੱਛਿਆ-'ਗੱਲ ਕੀ ਹੈ? ਕਾਹਦਾ ਯਤਨ, ਕਾਹਦੀ ਸਫਲਤਾ ?”

"ਮੈਂ ਚਾਹੁੰਦਾ ਹਾਂ, ਤੇਰੀਆਂ ਅੱਖਾਂ ਖੁਲ੍ਹ ਜਾਣ ਅਤੇ ਤੂੰ ਵੀ ਦੁਨੀਆਂ ਦੇ ਹੋਰ ਜੀਵਾਂ ਵਾਂਗ ਵੇਖ ਸਕੇ। ਮੇਰੀ ਉਸ ਵਕਤ ਖੁਸ਼ੀ ਦਾ ਕੋਈ ਅਨੁਮਾਨ ਨਹੀਂ ਲਾ ਸਕਦਾ।

ਆਹ !

ਜੇ ਇਹ ਹੋ ਜਾਏ—ਤਾਂ ਮਜ਼ਾ ਆ ਜਾਏ, ਆਨੰਦ ਆ ਜਾਏ, ਸੰਸਾਰ ਸਵਰਗ ਬਣ ਜਾਏ ਮੈਂ ਨੱਚਦਾ ਫਿਰਾਂ ?"

ਇਹ ਕਹਿੰਦੇ ਕਹਿੰਦੇ ਉਹ ਆਪਣੇ ਵਿਚਾਰ ਵਿਚ ਡੁੱਬ ਗਏ। ਬੜੀ ਦੇਰ ਬਾਅਦ ਫਿਰ ਬੋਲੇ-'ਡਾਕਟਰ ਕਹਿੰਦੇ ਹਨ ਕਿ ਜਮਾਂਦਰੂ ਅੰਨ੍ਹਿਆਂ ਦੇ ਬਿਨਾਂ ਸਭ ਦੀਆਂ ਅੱਖਾਂ ਠੀਕ ਹੋ ਸਕਦੀਆਂ ਹਨ। ਪਰ ਡਾਕਟਰ ਮਾਹਿਰ ਹੋਣਾ ਚਾਹੀਦਾ ਹੈ। ਮੇਰੇ ਇਕ ਦੋਸਤ ਅਮਰੀਕਾ ਗਏ ਸਨ, ਉਹ ਹੁਣੇ ਹੀ ਅੱਖਾਂ ਬਣਾਉਣ ਦੀ ਟੇਨਿੰਗ ਲੈ ਕੇ ਆਏ ਹਨ। ਥੋੜੇ ਹੀ ਸਮੇਂ ਵਿਚ ਉਨ੍ਹਾਂ ਦੇ ਨਾਂ ਦੀ ਦੂਰ ਦੂਰ ਤਕ ਧੁੰਮ ਮਚ ਗਈ ਹੈ। ਅੱਜ ਉਨ੍ਹਾਂ ਨਾਲ ਮੁਲਾਕਾਤ ਹੋਈ। ਉਹ ਬੜੇ ਪ੍ਰੇਮ ਨਾਲ ਮਿਲੇ ਅਤੇ ਜ਼ੋਰੀ ਖਿਚਕੇ ਆਪਣੇ ਮਕਾਨ ਤੇ ਲੈ ਗਏ। ਉਥੇ ਗੱਲਬਾਤ ਵਿਚ ਤੇਰਾ ਜ਼ਿਕਰ ਆ ਗਿਆ। ਬੋਲੇ-ਜਮਾਂਦਰੂ ਅੰਨ੍ਹੀ ਨਹੀਂ ਤਾਂ ਸ਼ਾਇਦ ਇੱਕ ਮਹੀਨੇ ਵਿਚ ਠੀਕ ਕਰ ਦਿਆਂਗਾ। ਮੇਰੇ ਕੋਲ ਲਿਆਓ। ਇੱਕ ਵਾਰ ਵੇਖ ਲਵਾਂ, ਤਾਂ ਫਿਰ ਠੀਕ ਦੱਸ ਸਕਾਂ।"

ਮੈਂ ਕੁੱਝ ਦੇਰ ਚੁੱਪ ਰਹੀ, ਫਿਰ ਬੋਲੀ- ਰਹਿਣ ਦਿਉ! ਮੈਂ ਠੀਕ ਹੋ ਕੇ ਕੀ ਕਰਾਂਗੀ।"

"ਨਹੀਂ, ਹੁਣ ਮੈਂ ਆਪਣੇ ਵਲੋਂ ਪੂਰਾ ਵਾਹ ਲਾ ਕੇ ਵੇਖਾਂਗਾ।"

"ਮੈਨੂੰ ਡਰ ਹੈ ਕਿ ਮੈਂ -"

ਜਦੋਂ ਅੱਖਾਂ ਖੁਲ੍ਹ ਜਾਣਗੀਆਂ ਤਾਂ ਉਛਲ ਉਛਲ ਕੇ ਸਾਨੂੰ ਹੈਰਾਨ ਕਰ ਦੇਵੇਗੀ।

"ਅਤੇ ਜੇ ਕੋਸ਼ਿਸ਼ ਨਾ ਕਾਮਯਾਬ ਹੋਈ ਤਾਂ ਫਿਰ ....?"

‘ਭਗਵਾਨ ਦਾ ਨਾਂ ਲੈ। ਉਸ ਦੇ ਹੱਥ ਵਿਚ ਸਭ ਦੀ ਲੱਜ ਹੈ। ਇਸ ਵੇਲੇ ਤਕ ਉਹ ਸੌ ਤੋਂ ਵਧੀਕ ਅੰਨ੍ਹਿਆਂ ਦਾ ਇਲਾਜ ਕਰ ਚੁਕਾ ਹੈ, ਕੇਵਲ ਤਿੰਨਾਂ ਤੋਂ ਛੁੱਟ ਬਾਕੀ ਸਭ ਉਸ ਦੇ ਗੁਣ ਗਾ ਰਹੇ ਹਨ। ਸਭ ਦੀਆਂ ਅੱਖਾਂ ਠੀਕ ਹੋ ਗਈਆਂ ਹਨ।"

ਮੈਂ ਧੜਕਦੇ ਹੋਏ ਦਿਲ ਦੀ ਧੜਕਣ ਨੂੰ ਦਬਾ ਕੇ ਕਿਹਾ—'ਇਤਨਾ ਕਾਬਲ ਆਦਮੀ ਹੈ ਉਹ ?"

"ਕਾਬਲ ਕੀ, ਉਹ ਇਸ ਯੁਗ ਦਾ ਧਨਵੰਤਰੀ ਹੈ।”

"ਤਾਂ ਤੁਹਾਨੂੰ ਉਮੀਦ ਹੈ ਕਿ ਮੈਂ ਵੇਖ ਸਕਾਂਗੀ ?"

"ਉਮੀਦ ਦੀ ਕੀ ਗੱਲ ਹੈ ? ਮੈਨੂੰ ਤਾਂ ਪੂਰਾ ਯਕੀਨ ਹੈ ਕਿ ਹੁਣ ਮੇਰੀ ਕਿਸਮਤ ਪਲਟਣ ਵਾਲੀ ਹੈ, ਅਤੇ ਮੇਰੀ ਦੁਨੀਆਂ ਬਦਲਣ ਵਿੱਚ ਦੇਰ ਨਹੀਂ।"

ਮੈਂ ਪੁੱਤਰ ਨੂੰ ਛਾਤੀ ਨਾਲ ਘੁਟ ਲਿਆ ਤੇ ਰੋਣ ਲੱਗੀ। ਦਿਲ ਵਿਚ ਵਿਚਾਰ-ਤਰੰਗਾਂ ਉਠਣ ਲੱਗੀਆਂ। ਹੁਣ ਉਥੇ ਨਿਰਾਸਤਾ ਦੀ ਸ਼ਾਂਤੀ ਨਹੀਂ ਸੀ ਰਹੀ। ਉਸ ਦੀ ਥਾਂ ਆਸ ਦੀ ਅਸ਼ਾਂਤੀ ਨੇ ਲੈ ਲਈ ਸੀ। ਦਿਮਾਗ ਵਿਚ ਸੈਂਕੜੇ ਵਿਚਾਰ ਆ ਰਹੇ ਸਨ। ਉਨ੍ਹਾਂ ਦੇ, ਪੁੱਤਰ ਦੇ, ਧਰਤੀ-ਆਕਾਸ਼ ਦੇ, ਫੁੱਲਾਂ ਦੇ, ਸੂਰਜ ਦੇ, ਚੰਦ ਤਾਰਿਆਂ ਦੇ ਰੂਪ ਸਬੰਧੀ ਅਨੁਮਾਨ ਦੇ ਘੋੜੇ ਦੌੜਾ ਰਹੀ ਸਾਂ। ਸੋਚਦੀ ਸਾਂ, ਅੱਖਾਂ ਖੁਲ੍ਹ ਜਾਣ ਤਾਂ ਇਕ ਮੰਦਰ ਬਣਵਾ ਦੇਵਾਂ,

ਤੀਰਥ ਯਾਤਰਾ ਕਰਾਂ, ਗਰੀਬ ਵਿਧਵਾਵਾਂ ਨੂੰ ਦਾਨ ਦੇਵਾਂ, ਅਤੇ ਯਤੀਮ ਖ਼ਾਨਿਆਂ ਦੇ ਨਾਂ ਚੰਦਾ ਲਾ ਦੇਵਾਂ। ਮਾਪੇ ਸੁਣਨਗੇ ਤਾਂ ਦੰਗ ਰਹਿ ਜਾਣਗੇ। ਸਹੇਲੀਆਂ ਵਧਾਈ ਦੇਣ ਆਉਣਗੀਆਂ। ਐਸੀ ਖੁਸ਼ੀ ਵਿਚ ਇਕ ਵੱਡਾ ਖਾਣਾ ਦੇਣਾ ਜ਼ਰੂਰੀ ਹੋਵੇਗਾ। ਉਨ੍ਹਾਂ ਦੀ ਕਿੰਨੀ ਚਾਹ ਹੈ ਕਿ ਉਹ ਸ਼ਾਮ ਨੂੰ ਮੈਨੂੰ ਨਾਲ ਲੈ ਕੇ ਬਾਹਰ ਜਾਇਆ ਕਰਨ, ਪਰ ਅੱਖਾਂ ਦੀ ਅਣਹੋਂਦ ਰਸਤਾ ਰੋਕ ਲੈਂਦੀ ਹੈ। ਜੇ ਡਾਕਟਰ ਦੀ ਮਿਹਨਤ ਸਫਲ ਹੋ ਗਈ ਤਾਂ ਹੱਥਾਂ ਦੇ ਕੜੇ ਉਤਾਰ ਦਿਆਂਗੀ ਅਤੇ ਉਸ ਦੀ ਪਤਨੀ ਨੂੰ ਬੁਲਾਕੇ ਰੇਸ਼ਮੀ ਜੱੜਾ ਦੇਵਾਂਗੀ। ਸਾਰੀ ਉਮਰ ਅਹਿਸਾਨ ਨਾ ਭੁੱਲਾਂਗੀ।

ਮੈਂ ਡਾਕਟਰ ਦੇ ਆਉਣ ਦੀ ਉਡੀਕ ਕਰਨ ਲੱਗੀ। ਸਮਝਦੀ ਸਾਂ ਉਨ੍ਹਾਂ ਦੇ ਆਉਣ ਨਾਲ ਮੇਰੀਆਂ ਅੱਖਾਂ ਖੁਲ੍ਹ ਜਾਣਗੀਆਂ। ਆਸ ਨੇ ਦਿਮਾਗ ਨੂੰ ਉਲਝਣ ਵਿਚ ਪਾ ਦਿੱਤਾ। ਦੂਜੇ ਦਿਨ ਉਹ ਡਾਕਟਰ ਨੂੰ ਲੈਣ ਗਏ। ਮੈਂ ਮਿੰਟ ਗਿਣਨ ਲੱਗੀ, ਪਰ ਮਿੰਟ ਗੁਜ਼ਰਦੇ ਨਹੀਂ ਸਨ।

ਇਸਦੇ ਨਾਲ ਹੀ ਦਰਵਾਜ਼ੇ ਤੇ ਕਿਸੇ ਮੋਟਰ ਦੇ ਆ ਕੇ ਰੁਕਣ ਦੀ ਆਵਾਜ਼ ਸੁਣਾਈ ਦਿੱਤੀ। ਮੇਰਾ ਸਰੀਰ ਕੰਬਣ ਲੱਗ ਪਿਆ। ਨਿਰਾਸਤਾ ਨੇ ਆਸ ਦਾ ਗਲਾ ਫੜ ਲਿਆ। ਇਤਨੇ ਵਿਚ ਉਹ ਅੰਦਰ ਆ ਗਏ ਤੇ ਬੱਲੇ-ਡਾਕਟਰ ਸਾਹਿਬ ਆ ਗਏ ਹਨ।"

ਮੈਂ ਸਾੜੀ ਨੂੰ ਸਿਰ ਤੇ ਠੀਕ ਕੀਤਾ ਅਤੇ ਸੰਭਲ ਕੇ ਬਹਿ ਗਈ। ਪਰ ਦਿਲ ਜ਼ੋਰ ਜ਼ੋਰ ਨਾਲ ਧੜਕ ਰਿਹਾ ਸੀ। ਡਾਕਟਰ ਸਾਹਿਬ ਮੇਰੀਆਂ ਅੱਖਾਂ ਵੇਖਣ ਲੱਗੇ। ਕੁਝ ਦੇਰ ਚੁੱਪ ਰਹੀ, ਫਿਰ ਉਨ੍ਹਾਂ ਨੇ ਠਹਾਕਾ ਮਾਰ ਕੇ ਹਸਦਿਆਂ ਕਿਹਾ—ਤੁਹਾਨੂੰ ਵਧਾਈ ਹੋਵੇ, ਤੁਹਾਡੀਆਂ ਅੱਖਾਂ ਬਣ ਜਾਣਗੀਆਂ, ਮੈਨੂੰ ਪੂਰਾ ਵਿਸ਼ਵਾਸ਼ ਹੈ।"

ਜਿੰਨਾ ਸੁਖ ਕਿਸੇ ਮੰਗਤੇ ਨੂੰ ਇਹ ਸੁਣਕੇ ਹੁੰਦਾ ਹੈ ਕਿ ਤੈਨੂੰ ਰਾਜ ਮਿਲ ਜਾਵੇਗਾ, ਉਸ ਤੋਂ ਵਧ ਸੁਖ ਮੈਨੂੰ ਡਾਕਟਰ ਸਾਹਿਬ ਦੇ ਇਸ ਕਥਨ ਤੋਂ ਮਿਲਿਆ। ਮੈਂ ਆਪ ਮੁਹਾਰੇ ਆਪਣੀ ਥਾਂ ਤੋਂ ਉਠੀ, ਮੇਰੇ ਦੋਵੇਂ ਹੱਥ ਜੁੜ ਗਏ, ਅਤੇ ਮੈਂ ਉਮਡਦੀ ਹੋਏ ਦਿਲੀ ਭਾਵਾਂ ਨਾਲ ਕੰਬਦੀ ਹੋਈ ਆਵਾਜ਼ ਵਿਚ ਕਿਹਾ—"ਡਾਕਟਰ ਸਾਹਿਬ ! ਆਪ ਦਾ ਇਹ ਉਪਕਾਰ ਜੀਵਨ ਭਰ ਨਾ ਭੁੱਲਾਂਗੀ। ਆਪ ਨੂੰ ਅਸੀਸਾਂ ਦੇਂਦੀ ਰਹਾਂਗੀ।"

ਉਸ ਵੇਲੇ ਮੇਰੀ ਆਵਾਜ਼ ਵਿਚ ਪ੍ਰਾਰਥਨਾ ਤੇ ਖੁਸ਼ੀ ਦੇ ਉਹ ਅੰਸ਼ ਮਿਲੇ ਹੋਏ ਸਨ ਜੋ ਕੇਵਲ ਅਪਰਾਧੀਆਂ ਦੀ ਹੀ ਆਵਾਜ਼ ਵਿਚ ਪਾਏ ਜਾਂਦੇ ਹਨ। ਅੱਖਾਂ ਦੇ ਖੁਲ੍ਹ ਜਾਣ ਦੀ ਆਸ ਨੇ ਵਿਦਿਆਂ ਦੀ ਸ਼ਾਂਤੀ ਤੇ ਸੰਤੁਸ਼ਟਤਾ ਨੂੰ ਉਡਾ ਦਿੱਤਾ ਸੀ, ਜਿਵੇਂ ਕਿਸੇ ਸੇਠ ਦੇ ਆਉਣ ਤੋਂ ਪਹਿਲੇ ਪਹਿਲੇ ਮਾਲਕ-ਮਕਾਨ ਆਪਣੇ ਗ਼ਰੀਬ ਕਰਾਏਦਾਰ ਨੂੰ ਕਠੋਰਤਾ ਨਾਲ ਬਾਹਰ ਕੱਢ ਦਿੰਦਾ ਹੈ।

(6)

ਆਪਰੇਸ਼ ਹੋਇਆ ਤੇ ਬੜੀ ਸਫਲਤਾ ਨਾਲ ਹੋਇਆ। ਉਹ ਫੁੱਲੇ ਨਹੀਂ ਸਨ ਸਮਾਉਂਦੇ। ਕਹਿੰਦੇ ਸਨ- ਹੁਣ ਕੇਵਲ ਥੋੜੇ ਦਿਨਾਂ ਦੀ ਗੱਲ ਹੈ। ਤੂੰ ਸੰਸਾਰ ਦੀ ਹਰ ਚੀਜ਼ ਵੇਖ ਸਕੇਂਗੀ। ਮੇਰਾ ਸੁਖ ਪਹਿਲਾਂ ਅਧੂਰਾ ਸੀ। ਹੁਣ ਪੂਰਾ ਹੋਵੇਗਾ। ਉਹ ਕਹਿੰਦੇ-"ਤੈਨੂੰ ਇਸ ਵੇਲੇ ਤਕ ਪਤਾ ਨਹੀਂ, ਅਤੇ ਜੇ ਪਤਾ ਹੈ ਤਾਂ ਤੂੰ ਪੂਰੀ ਤਰ੍ਹਾਂ ਇਹ ਅਨੁਭਵ ਨਹੀਂ ਕਰ ਸਕਦੀ ਕਿ ਅੱਖਾਂ ਦੀ ਅਣਹੋਂਦ ਤੇਰੇ ਉਤੇ ਕੁਦਰਤ ਦਾ ਕਿੰਨਾ ਅਤਿਆਚਾਰ ਸੀ ! ਜ਼ਰਾ ਇਹ ਪੱਟੀ ਖੁਲ੍ਹ ਜਾਣ ਦੇ, ਫਿਰ ਤੈਨੂੰ ਪੁਛਾਂਗਾ। ਇਕ ਦਿਨ ਲਈ ਅੱਖਾਂ ਦੁੱਖਣ ਲੱਗਣ, ਅਤੇ ਹਨੇਰੀ ਵਿਚ ਬੈਠਣਾ ਪਵੇ, ਤਾਂ ਦਿਲ ਘਬਰਾਉਣ ਲੱਗਦਾ ਹੈ। ਜੀ ਚਾਹੁੰਦਾ ਹੈ, ਦਰਵਾਜ਼ੇ ਤੋੜ ਕੇ ਬਾਹਰ ਨਿਕਲ ਜਾਈਏ, ਪਰ ਤੂੰ ਲਗਾਤਾਰ ਕਈ ਸਾਲਾਂ ਤੋਂ ਐਸੀ ਅਵਸਥਾ ਵਿਚ ਹੈ ਅਤੇ ਫਿਰ ਵੀ ਚੁੱਪ ਹੈ, ਹਸਦੀ ਹੈ, ਮੁਸਕਰਾਂਦੀ ਹੈ ? ਤੇਰਾ ਕਿੰਨਾ ਜਿਗਰਾ ਹੈ ? ਤੇਰਾ ਕਿੰਨਾ ਧੀਰਜ ਹੈ ?"

ਮੈਂ ਆਪਣੀ ਵਿਆਕੁਲਤਾ ਨਾਲ ਭਰੀ ਹੋਈ ਖੁਸ਼ੀ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ--"ਤਾਂ ਕੀ ਮੈਂ ਵੇਖਣ ਲੱਗਾਂਗੀ ? ਇਹ ਤੁਹਾਨੂੰ ਵਿਸ਼ਵਾਸ਼ ਹੈ ?"

"ਨਿਰਸੰਦੇਹ ! ਤੇਰਾਂ ਦਿਨਾਂ ਦੇ ਬਾਅਦ।"

'ਬਹੁਤ ਖੁਸ਼ ਹੋ ਰਹੇ ਹੋਵੇਗੇ ?"

"ਕੁਝ ਨਾ ਪੁੱਛ ! ਮੇਰਾ ਇਕ ਇਕ ਪਲ ਸਾਲ-ਸਾਲ ਦੇ ਬਰਾਬਰ ਲੰਘ ਰਿਹਾ ਹੈ। ਮੈਂ ਬੇਸਬਰ ਹੋ ਉਠਦਾ ਹਾਂ ਕਿ ਇਹ ਸਮਾਂ ਜਲਦੀ ਕਿਉਂ ਨਹੀਂ ਬੀਤ ਜਾਂਦਾ। ਮੈਂ ਤੇਰ੍ਹਵੇਂ ਦਿਨ ਲਈ ਪਾਗਲ ਹੋ ਰਿਹਾ ਹਾਂ।"

"ਅਤੇ ਜੇ ਇਹ ਖੁਸ਼ੀ, ਇਹ ਆਸ ਨਿਰਮੂਲ ਸਾਬਤ ਹੋਈ, ਤਾਂ.......?

"ਇਹ ਨਹੀਂ ਹੋ ਸਕਦਾ। ਇਹ ਅਸੰਭਵ ਹੈ।"

"ਆਸ ਅਕਸਰ ਛਲਾਵਾ ਦਿਆ ਕਰਦੀ ਹੈ।"

"ਪਰ ਇਹ ਆਸ ਨਹੀਂ, ਇਹ ਵਿਸ਼ਵਾਸ਼ ਹੈ, ਸਗੋਂ ਵਿਸ਼ਵਾਸ਼ ਤੋਂ ਵੀ ਵੱਧ ਕੇ ਹੈ।"

ਸੱਚਮੁੱਚ ਇਹ ਆਸ ਨਹੀਂ ਸੀ। ਖੁਦ ਮੈਨੂੰ ਵੀ ਨਿਸ਼ਚਾ ਸੀ ਕਿ ਇਹ ਆਸ ਨਹੀਂ ਸੀ। ਫਿਰ ਵੀ ਮੈਂ ਉਨ੍ਹਾਂ ਦੇ ਦਿਲ ਦੀ ਥਾਂ ਲੈਣ ਅਤੇ ਆਪਣੇ ਵਿਸ਼ਵਾਸ ਨੂੰ ਹੋਰ ਪੱਕਾ ਕਰਨ ਲਈ ਪੁੱਛਿਆ-"ਕਿਉਂ ਵਿਸ਼ਵਾਸ ਹੈ, ਸਗੋਂ ਵਿਸ਼ਵਾਸ ਤੋਂ ਵੀ ਵੱਧ ਕੇ ?"

"ਡਾਕਟਰ ਨੇ ਕਿਹਾ ਹੈ।"

"ਪਰ ਡਾਕਟਰ ਆਦਮੀ ਹੈ, ਡਾਕਟਰ ਪਰਮਾਤਮਾ ਨਹੀਂ ਹੈ। ਆਦਮੀ ਧੋਖਾ ਵੀ ਖਾ ਸਕਦਾ ਹੈ।"

ਥੋੜੀ ਦੇਰ ਲਈ ਉਹ ਚੁੱਪ ਹੋ ਗਏ, ਜਿਵੇਂ ਖੁਸ਼ੀ ਦੀ ਸੋਚ ਵਿਚ ਕਿਸੇ ਦੁੱਖ ਦਾ ਵਿਚਾਰ ਆ ਜਾਵੇ ਫਿਰ ਮੇਰੇ ਦੋਹਾਂ ਹੱਥਾਂ ਨੂੰ ਆਪਣੇ ਹੱਥਾਂ ਵਿਚ ਦਬਾ ਕੇ ਬੋਲੇ- 'ਡਾਕਟਰ ਆਪਣੇ ਗਿਆਨ ਵਿਚ ਅਦੁੱਤੀ ਹੈ। ਉਸਦੀ ਗੱਲ ਝੂਠੀ ਨਹੀਂ ਹੋ ਸਕਦੀ। ਮੈਂ ਇਸ ਵੇਲੇ ਇਵੇਂ ਖੁਸ਼ ਹਾਂ ਜਿਵੇਂ ਕਿਸੇ ਰਾਜੇ ਨੇ ਸਰਕਾਰੀ ਬੈਂਕ ਦੇ ਨਾ ਚੈੱਕ ਦੇ ਦਿੱਤਾ ਹੋਵੇ। ਹੁਣ ਰੁਪਿਆ ਮਿਲ ਜਾਣ ਵਿਚ ਕੋਈ ਸੰਦੇਹ ਨਹੀਂ ਹੈ। ਕੇਵਲ ਤੇਰ੍ਹਵੇਂ ਦਿਨ ਦੀ ਉਡੀਕ ਹੈ। ਨਾ ਰਾਜਾ ਦੀਵਾਲੀਆ ਹੋ ਸਕਦਾ ਹੈ, ਨਾ ਡਾਕਟਰ ਦੀ ਗੱਲ ਝੂਠੀ ਹੋ ਸਕਦੀ ਹੈ। ਤੂੰ ਐਵੇਂ ਹੀ ਆਪਣੇ ਦਿੱਲ ਦੇ ਸ਼ੰਕਿਆਂ ਨਾਲ ਮੇਰੇ ਦਿਲ ਨੂੰ ਬੇਚੰਨ ਕਰ ਰਹੀ। ਇਹ ਤੇਰੀ ਜ਼ਬਰਦਸਤੀ ਹੈ।"

ਬਾਰਾਂ ਦਿਨ ਬੀਤ ਗਏ। ਹੁਣ ਕੇਵਲ ਇਕ ਦਿਨ ਬਾਕੀ ਸੀ। ਸੋਚਦੀ ਸਾਂ, ਕੱਲ੍ਹ ਕੀ ਹੋਵੇਗਾ? ਕਦੇ ਆਸ ਦਿਲ ਦੀ ਕਲੀ ਨੂੰ ਖਿੜਾ ਦਿੰਦੀ ਸੀ, ਕਦੇ ਨਿਰਾਸ਼ਾ ਹਿਰਦੇ ਵਿਚ ਹਲਚਲ ਮਚਾ ਦੇਂਦੀ। ਮੈਂ ਅੱਖਾਂ ਤੇ ਪੱਟੀ ਬੰਨ੍ਹ ਕੇ ਬਾਰਾ ਦਿਨ ਲੰਘਾ ਦਿਤੇ ਸਨ, ਹੁਣ ਇਕ ਦਿਨ ਗੁਜ਼ਾਰਨਾ ਔਖਾ ਹੋ ਗਿਆ ਸੀ। ਮੁਸਾਫਰ ਮੰਜਲ ਦੇ ਨੇੜੇ ਪਹੁੰਚ ਕੇ ਘਬਰਾ ਜਾਂਦਾ ਹੈ। ਉਸ ਵੇਲੇ ਉਸ ਦੇ ਦਿਲ ਵਿਚ ਕਿੰਨੀ ਬੇਸਬਰੀ ਹੁੰਦੀ ਹੈ ! ਕਿਹੋ ਜਿਹੀ ਕਾਹਲੀ ਹੁੰਦੀ ਹੈ। ਉਹ ਘੰਟਿਆਂ ਦਾ ਰਾਸਤਾ ਮਿੰਟਾਂ ਵਿਚ ਮੁਕਾ ਦੇਣਾ ਚਾਹੁੰਦਾ ਹੈ। ਮੁੜ ਮੁੜ ਖਿਝਦਾ ਹੈ। ਇਹੀ ਹਾਲਤ ਮੇਰੀ ਸੀ। ਮੈਂ ਚਾਹੁੰਦੀ ਸਾਂ, ਇਹ ਦਿਨ ਇਕ ਖਿਣ ਬਣ ਕੇ ਉਡ ਜਾਵੇ ਅਤੇ ਮੈਂ ਪੱਟੀ ਉਤਾਰ ਕੇ ਸੁੱਟ ਦੇਵਾਂ। ਪਰ ਕੁਦਰਤ ਦੇ ਅਟਲ ਨਿਯਮਾਂ ਨੂੰ ਕਿਸ ਨੇ ਬਦਲਿਆ ਹੈ? ਵਕਤ ਨੇ ਉਸੇ ਤਰਾ ਹੌਲੇ ਹੌਲੇ ਆਪਣੇ ਸਕਿੰਟਾਂ ਦੇ ਪੈਰਾਂ ਨਾਲ ਤੁਰਨਾ ਜਾਰੀ ਰਖਿਆ ਉਸ ਨੂੰ ਮੇਰੀ ਕੀ ਪਰਵਾਹ ਸੀ, ਉਸ ਨੂੰ ਕਿਸੇ ਦੀ ਵੀ ਕੀ ਪਰਵਾਹ ਹੈ ?

ਸ਼ਾਮ ਦਾ ਵੇਲਾ ਸੀ। ਉਹ ਕਚਹਿਰੀ ਤੋਂ ਵਾਪਸ ਆਏ, ਸੂਰਜ ਪਾਲ, ਮੇਰੇ ਬੇਟੇ, ਨੂੰ ਚੁੱਕੀ ਕਮਰੇ ਵਿਚ ਆਏ ਅਤੇ ਮੇਰੇ ਪਾਸ ਬੈਠ ਕੇ ਬੋਲੇ- ਕੱਲ੍ਹ ਇਸ ਵਕਤ ਕੀ ਹੋਵੇਗਾ,

ਜਾਣਦੀ ਹੈ।" ਜਾਣਦੀ ਹੈ ? ਤਾਂ ਦੱਸ, ਕਿੰਨੀ ਖੁਸ਼ੀ ਹੋਵੇਗੀ ਤੈਨੂੰ ? ਅਤੇ ਕਿਤਨੀ ਖੁਸ਼ੀ ਹੋਵੇਗੀ ਮੈਨੂੰ ?"

ਮੈਂ ਹੱਥ ਜੋੜ ਕੇ ਉਪਰ ਵੱਲ ਸਿਰ ਉੱਚਾ ਕੀਤਾ ਅਤੇ ਕਿਹਾ--''ਪਰਮਾਤਮਾ ਦਇਆ ਕਰੋ।"

"ਅਤੇ ਉਹ ਦਇਆ ਕਰੇਗਾ।"

ਢੋਲਕੀ ਤੇ ਹੱਥ ਮਾਰਨ ਨਾਲ ਗੂੰਜ ਪੈਦਾ ਹੁੰਦੀ ਹੈ, ਇਸ ਵਾਕ ਨਾਲ ਮੇਰੇ ਹਿਰਦੇ ਵਿਚ ਗੂੰਜ ਪੈਦਾ ਹੋਈ। ਇਹ ਗੂੰਜ ਕਿੰਨੀ ਪਿਆਰੀ ਸੀ ? ਕਿੰਨੀ ਸੁਖਦਾਇਕ ਸੀ ? ਇਸ ਵਿਚ ਦੂਰ ਦੇ ਢੋਲ ਦਾ ਸੁਹਾਵਣਾਪਨ ਸੀ। ਸੁਪਨ-ਸੰਗੀਤ ਦਾ ਜਾਦੂ ਸੀ, ਸੋਚਣ ਲੱਗੀ ਕਿ ਇਹ ਜਾਦੂ ਮਸਤੀ ਕੋਲ ਪਹੁੰਚ ਕੇ ਵੀ ਇਸੇ ਤਰ੍ਹਾਂ ਛਾਈ ਰਹੇਗੀ ? ਕੀ ਇਹ ਜਾਦੂ ਜਾਗ ਜਾਣ ਦੇ ਬਾਅਦ ਵੀ ਜ਼ਿੰਦਾ ਰਹੇਗਾ ? ਇਕਦਮ ਉਨ੍ਹਾਂ ਨੇ ਕਿਹਾ—ਕਿੰਨੀ ਗਰਮੀ ਹੈ। ਬੈਠਣਾ ਮੁਸ਼ਕਲ ਹੋ ਗਿਆ ਹੈ।"

ਮੈਂ ਪੱਖੇ ਦੀ ਰੱਸੀ ਫੜ ਲਈ ਅਤੇ ਕਿਹਾ—'ਪੱਖਾ ਕਰਾਂ ?"

ਕਮਰੇ ਵਿਚ ਗਰਮੀ ਕੋਈ ਬਹੁਤੀ ਨਹੀਂ ਸੀ। ਪਰ ਉਹ ਬਾਹਰੋਂ ਆਏ ਸਨ, ਇਸ ਲਈ ਉਨ੍ਹਾਂ ਦਾ ਸਾਹ ਘੁਟ ਰਿਹਾ ਸੀ। ਗੁੱਸੇ ਵਿਚ ਬੋਲੇ- ਪੱਖਾ ਕੁਲੀ ਕਿੱਥੇ ਗਿਆ ? ਮੈਂ ਮਾਰ ਮਾਰ ਕੇ ਉਸਦੀ ਜਾਨ ਕੱਢ ਦਿਆਂਗਾ ' ਹਰਾਮਜ਼ਾਦਾ ਕਿਥੋਂ ਦਾ ! ਪੈਸਾ ਲੈਂਦਾ ਹੈ, ਕੰਮ ਤੋਂ ਜੀ ਚੁਰਾਂਦਾ ਹੈ।"

"ਚਲੇ ਜਾਣ ਦਿਉ ! ਵਿਚਾਰਾ ਸਾਰਾ ਦਿਨ ਪੱਖਾ ਖਿਚਦਾ ਰਹਿੰਦਾ ਹੈ। ਥੱਕ ਕੇ ਜ਼ਰਾ ਬਾਹਰ ਚਲਾ ਗਿਆ ਹੋਵੇਗਾ। ਖਿੜਕੀ ਨਾ ਖੋਲ੍ਹ ਦੇਵਾਂ ? ਬੱਚਾ ਵੀ ਘਬਰਾ ਰਿਹਾ ਹੈ।"

ਇਹ ਸੁਣ ਕੇ ਉਹ ਉਛਲ ਪਏ ਜਿਵੇਂ ਜੇਬ-ਕੁਤਰੇ ਨੇ ਉਨ੍ਹਾਂ ਦੀ ਜੇਬ ਤੇ ਹੱਥ ਪਾ ਲਿਆ ਹੋਵੇ। ਬੋਲੇ—ਕੀ ਕਹਿਨੀ ਏਂ, ਖਿੜਕੀ ਖੋਲ੍ਹ ਦੇਵੇਂ ? ਤੈਨੂੰ ਪਤਾ ਨਹੀਂ ਕਿ ਡਾਕਟਰ ਨੇ ਕਿੰਨਾ ਖਿਆਲ ਰੱਖਣ ਲਈ ਕਿਹਾ ਹੈ ? ਵਾਰ ਵਾਰ ਤਾਕੀਦ ਕੀਤੀ ਹੈ ਕਿ ਰੋਸ਼ਨੀ ਤੋਂ ਬਚਾਉ। ਹਾਲੇ ਇਹ ਰੌਸ਼ਨੀ ਤੇਰੀਆਂ ਅੱਖਾਂ ਦੀ ਦੁਸ਼ਮਣ ਹੈ। ਅਤੇ ਤੂੰ ਕਹਿੰਦੀ ਹੈ ਖਿੜਕੀ ਖੋਲ੍ਹ ਦੇਵਾਂ।"

"ਪਰ ਹੁਣ ਤਾਂ ਸੰਝ ਹੋ ਚੁਕੀ ਹੈ। ਕਿੰਨੇ ਵਜੇ ਹੋਣਗੇ ਇਸ ਵੇਲੇ ?"

"ਸਾਢੇ ਛੇ ਵਜ ਚੁਕੇ ਹਨ।

"ਤਾਂ ਹੁਣ ਕੀ ਹਰਜ ਹੈ ? ਥੋੜੀ ਜਿਹੀ ਖਿੜਕੀ ਖੋਲ੍ਹ ਦਿਉ। ਮੇਰੀਆਂ ਅੱਖਾਂ ਤੇ ਪੱਟੀ ਬੰਨ੍ਹੀ ਹੈ।"

ਉਨ੍ਹਾਂ ਨੇ ਬਹੁਤ ਕਿਹਾ, ਪਰ ਮੈਂ ਇਕ ਨਾ ਸੁਣੀ ਤੇ ਉਠ ਕੇ ਖਿੜਕੀ ਖੋਲ੍ਹ ਦਿੱਤੀ। ਸੂਰਜ ਨੇ ਤਾੜੀ ਵਜਾਈ ਅਤੇ ਖਿੜਖਿੜਾ ਕੇ ਹੱਸ ਪਿਆ। ਉਸ ਦਾ ਹਾਸਾ ਵੇਖਣ ਲਈ ਮੈਂ ਬੇਕਰਾਰ ਹੋ ਉਠੀ। ਪਰ ਅੱਖਾਂ ਤੇ ਪੱਟੀ ਬੰਨ੍ਹੀ ਸੀ, ਅਤੇ ਡਾਕਟਰ ਨੇ ਮਨ੍ਹਾ ਕੀਤਾ ਹੋਇਆ ਸੀ।

ਏਨੇ ਵਿਚ ਸੂਰਜ ਖਿੜਕੀ ਤੇ ਚੜ੍ਹ ਗਿਆ ਤੇ ਖੇਡਣ ਲੱਗਾ। ਉਹ ਇਸ ਵੇਲੇ ਬਹੁਤ ਹੀ ਖੁਸ਼ ਸੀ। ਪੰਛੀਆਂ ਵਾਂਗ ਚਹਿਕ ਰਿਹਾ ਸੀ। ਉਸਨੂੰ ਕੋਈ ਵਿਚਾਰ ਕੋਈ ਡਰ, ਕੋਈ ਚਿੰਤਾ ਨਹੀਂ ਸੀ। ਬੱਚਾ ਜਦੋਂ ਖੁਸ਼ ਹੁੰਦਾ ਹੈ ਤਾਂ ਪੂਰਾ ਖੁਸ਼ ਹੁੰਦਾ ਹੈ।

"ਸੂਰਜ ! ਸ਼ੀਸ਼ਾ ਛੱਡ ਦੇ ਟੁਟ ਜਾਵੇਗਾ।"

ਪਰ ਸੂਰਜ ਨੇ ਸੁਣਿਆ ਅਣਸੁਣਿਆ ਕਰ ਦਿੱਤਾ ਤੇ ਸ਼ੀਸ਼ੇ ਦੇ ਸਾਹਮਣੇ ਖੜਾ ਹੋ ਕੇ ਆਪਣਾ ਮੂੰਹ ਵੇਖਣ ਲੱਗਾ। ਇਕਦਮ ਉਸਨੇ (ਮੈਂ ਪਿਛੋਂ ਸੁਣਿਆ) ਸ਼ੀਸ਼ੇ ਵਿਚ ਇਸ ਤਰ੍ਹਾਂ ਮੂੰਹ ਬਣਾ ਕੇ ਵੇਖਿਆ ਕਿ ਉਹ ਆਪ ਮੁਹਾਰੇ ਬੋਲ ਉਠੇ— ਜ਼ਰਾ ਵੇਖੀ।

ਮੈਨੂੰ ਆਪਣੀ ਹਾਲਤ ਦਾ ਖ਼ਿਆਲ ਨਾ ਰਿਹਾ। ਮੈਂ ਭੁੱਲ ਗਈ ਕਿ ਇਹ ਵਕਤ ਬੜਾ ਔਖਾ ਹੈ। ਮੈਂ ਭੁੱਲ ਗਈ ਕਿ ਮੈ ਅੰਨ੍ਹੀ ਹਾਂ। ਮੈਂ ਭੁੱਲ ਗਈ ਕਿ ਮੈਨੂੰ ਇਕ ਦਿਨ ਲਈ ਹੋਰ ਸਬਰ ਕਰਨਾ ਚਾਹੀਦਾ ਹੈ। ਇਸ ਵਕਤ ਦੀ ਥੋੜੀ ਜਿਹੀ ਬੇ ਪਰਵਾਹੀ ਮੇਰੇ ਸਾਰੇ ਜੀਵਨ ਨੂੰ ਬਰਬਾਦ ਕਰ ਦੇਵੇਗੀ। ਅਤੇ ਫਿਰ ਮੇਰੀਆਂ ਅੱਖਾਂ ਨੂੰ ਕੋਈ ਸ਼ਕਤੀ ਕਿਸੇ ਤਰੀਕੇ ਨਾਲ ਵੀ ਨਹੀਂ ਖੋਲ੍ਹ ਸਕੇਗੀ। ਮੰਨੂੰ ਇਹ ਵਿਚਾਰ ਨਾ ਰਿਹਾ। ਮੈਂ ਭੁੱਲ ਗਈ। ਮੈਂ ਪਾਗਲ ਹੋ ਗਈ। ਮੇਰੀ ਅਜੇਹੀ ਹਾਲਤ ਕਦੇ ਨਹੀਂ ਸੀ ਹੋਈ। ਮੇਰੇ ਹੱਥ ਮੇਰੇ ਵਸ ਵਿਚ ਨਾ ਰਹੇ। ਉਨ੍ਹਾਂ ਨੇ ਪੱਟੀ ਨੂੰ ਉਤਾਰ ਕੇ ਜ਼ਮੀਨ ਤੇ ਸੁਟ ਦਿੱਤਾ ਅਤੇ ਮੈਂ ਉਤਸਕਤਾ ਨਾਲ ਅੱਖਾਂ ਖੋਲੀਆਂ......

ਮੈਂ ਵੇਖ ਸਕਦੀ ਸਾਂ। ਮੈਂ ਇਕੋ ਤੱਕਨੀ ਵਿੱਚ ਉਨ੍ਹਾਂ ਨੂੰ, ਬੇਟੇ ਨੂੰ ਅਤੇ ਖਿੜਕੀ ਵਿਚੋਂ ਦਿਖਾਈ ਦੇਣ ਵਾਲੇ ਬਾਹਰ ਦੇ ਬਾਗ ਦੇ ਇਕ ਭਾਗ ਨੂੰ ਦੇਖਿਆ, ਅਤੇ ਖੁਸ਼ੀ ਨਾਲ ਪੁਕਾਰ ਉੱਠੀ - "ਮੈਂ ਤੁਹਾਨੂੰ ਵੇਖ ਲਿਆ, ਮੇਰੀਆਂ ਅੱਖਾਂ ਖੁਲ੍ਹ ਗਈਆਂ ਹਨ।"

ਉਨ੍ਹਾਂ ਨੇ ਹੈਰਾਨੀ, ਡਰ ਅਤੇ ਪ੍ਰਸੰਨਤਾ ਦੀ ਮਿਲੀ ਜੁਲੀ ਨਜ਼ਰ ਨਾਲ ਮੇਰੇ ਵੱਲ ਵੇਖਿਆ, ਪਰ ਅਜੇ ਮੇਰੀਆਂ ਅੱਖਾਂ ਉਨ੍ਹਾਂ ਦੀਆਂ ਅੱਖਾਂ ਨਾਲ ਮਿਲ ਨਹੀਂ ਸਨ ਸਕੀਆਂ ਕਿ ਚੌਂਪਾਸੀਂ ਫਿਰ ਹਨੇਰਾ ਛਾ ਗਿਆ ਅਤੇ ਮੇਰੀ ਹਨੇਰੀ ਦੁਨੀਆਂ ਨੇ ਉਨ੍ਹਾਂ ਦੀਆਂ ਪਿਆਰੀਆਂ ਪਿਆਰੀਆਂ ਸੂਰਤਾਂ ਨੂੰ ਫਿਰ ਆਪਣੇ ਅੰਦਰ ਲੁਕਾ ਲਿਆ। ਮੈਂ ਠੰਡੀ ਆਹ ਭਰੀ ਅਤੇ ਭੁਆਟਣੀ ਖਾ ਕੇ ਡਿਗ ਪਈ। ਬੈਂਕ ਤੋਂ ਰੁਪਿਆ ਮਿਲ ਗਿਆ ਸੀ, ਅਤੇ ਵਕਤ ਤੋਂ ਪਹਿਲਾਂ।

ਪਰ ਮੇਰੀ ਲਾ ਪਰਵਾਹੀ ਨੇ ਉਸਨੂੰ ਪਾਣੀ ਵਿਚ ਸੁਟ ਦਿੱਤਾ। ਅਤੇ ਪਾਣੀ ਡੂੰਘਾ ਸੀ, ਅਤੇ ਉਸ ਵਿੱਚ ਤਰਨਾ ਅਸੰਭਵ ਸੀ।

ਹੁਣ ਮੇਰੇ ਲਈ ਕੋਈ ਆਸ ਨਹੀਂ ਸੀ। ਮੈਂ ਉਸ ਦੇ ਦਰ ਆਪਣੇ ਹਥੀਂ ਹੀ ਬੰਦ ਕਰ ਦਿੱਤੇ ਸਨ। ਮੈਂ ਕਈ ਦਿਨਾਂ ਤਕ ਰੋਂਦੀ ਰਹੀ। ਉਹ ਮੈਨੂੰ ਧੀਰਜ ਦੇਂਦੇ ਰਹੇ। ਕਹਿੰਦੇ ਸਨ—ਨਾ ਸਹੀ, ਤੂੰ ਜੀਉਂਦੀ ਰਹੇ। ਇਸੇ ਤਰ੍ਹਾਂ ਨਿਭ ਜਾਵੇਗੀ। ਪਰ ਇੰਨਾ ਧੀਰਜ ਦੀਆਂ ਗੱਲਾਂ ਨਾਲ ਮੇਰੀ ਤਸੱਲੀ ਨਾ ਹੁੰਦੀ, ਉਲਟਾ ਮੇਰੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਜਾਂਦਾ। ਮੇਰਾ ਵਿਚਾਰ ਸੀ ਕਿ ਇਕ ਵਾਰ ਅੱਖਾਂ ਖੁਲ੍ਹ ਜਾਣ ਤੇ ਮੈਂ ਖੁਸ਼ ਹੋ ਜਾਵਾਂਗੀ ਪਰ ਇਹ ਝੂਠ ਸਿੱਧ ਹੋਇਆ। ਇਕ ਖਿਣ ਦੀ ਤੱਕਣੀ ਨਾਲ ਆਪਣੇ ਦੁਰਭਾਗ ਦਾ ਦੁਖਦਾਈ ਅਨੁਭਵ ਹੋ ਜਾਂਦਾ ਹੈ—ਇਸ ਦੀ ਪੁਸ਼ਟੀ ਹੋ ਗਈ।

(7)

ਕਹਿੰਦੇ ਹਨ ਹਰ ਕਾਲੀ ਘਟਾ ਦੇ ਦੁਆਲੇ ਸਫ਼ੈਦ ਧਾਰੀ ਹੁੰਦੀ ਹੈ। ਮੇਰੀ ਬਿਪਤਾ ਆਪਣੇ ਨਾਲ ਜਿੱਤ ਲਿਆਈ। ਇਹ ਆਸ ਦੀ ਜੋਤ ਨਹੀਂ ਸੀ। ਜੋ ਕਦੇ ਵੱਧ ਜਾਂਦੀ ਹੈ ਕਦੇ ਘਟ ਜਾਂਦੀ ਹੈ। ਇਹ ਨਿਰਾਸਤਾ ਦੇ ਵਿਸ਼ਵਾਸ ਦੀ ਜੋਤ ਸੀ, ਜੋ ਸਦਾ ਵਧਦੀ ਹੈ, ਕਦੇ ਘਟਦੀ ਨਹੀਂ।

ਮੈਂ ਪੁੱਤਰ ਤੇ ਪਤੀ ਦੋਨਾਂ ਨੂੰ ਵੇਖ ਚੁੱਕੀ ਸਾਂ। ਸੁਣਿਆ ਹੈ, ਫੁੱਲ ਸੁੰਦਰ ਹੁੰਦੇ ਹਨ। ਜੇ ਇਹ ਸੱਚ ਹੈ, ਤਾਂ ਮੈਂ ਕਹਿ ਸਕਦੀ ਹਾਂ ਕਿ ਮੈਂ ਖਿਣ ਦੀ ਵਿਚ ਨਜ਼ਰ ਸੁੰਦਰ ਫੁੱਲ ਵੇਖੇ ਸਨ ਅਤੇ ਉਨ੍ਹਾਂ ਤੋਂ ਚੰਗੀ ਚੀਜ਼ ਮੇਰੇ ਲਈ ਵੇਖਣੀ ਸੰਭਵ ਨਹੀਂ। ਉਹ ਅੱਜ ਵੀ ਮੇਰੀ ਅੰਨੀ ਦੁਨੀਆਂ ਵਿਚ ਉਸੇ ਤਰਾਂ ਹਰੇ ਭਰੇ ਅਤੇ ਪ੍ਰਫੁੱਲਤ ਹਨ। ਉਨ੍ਹਾਂ ਦੀਆਂ ਸੂਰਤਾਂ ਮੇਰੇ ਹਿਰਦੇ-ਤਖ਼ਤੀ ਤੇ ਅੰਕਿਤ ਹੋ ਚੁਕੀਆਂ ਹਨ। ਅਤੇ ਸੰਸਾਰ ਦੀ ਕੋਈ ਤਾਕਤ, ਕੋਈ ਵਸਤ੍ਰ ਕਈ ਸੱਤਾ ਉਨ੍ਹਾਂ ਨੂੰ ਨਾ ਮਿਟਾਉਂਦੀ ਹੈ ਨਾ ਮਿਟਾ ਸਕਦੀ ਹੈ। ਜੋ ਮੈਂ ਕੋਈ ਆਦਮੀ ਵੇਖ ਲੈਂਦੀ ਤਾਂ ਮੈਨੂੰ ਸ਼ਾਇਦ ਕਦੇ ਕਦੇ ਉਨ੍ਹਾਂ ਦਾ ਵੀ ਵਿਚਾਰ ਆ ਜਾਂਦਾ ਅਤੇ ਉਹ ਵੀ ਮੇਰੇ ਦਿਲ ਦੀ ਚਿੱਤਰਸ਼ਾਲਾ ਵਿਚ ਥੋੜੇ ਜਿਹੇ ਥਾਂ ਤੇ ਅੰਕਿਤ ਹੋ ਜਾਂਦੇ। ਜਾਂ ਉਨ੍ਹਾਂ ਦੇ ਚਿਹਰੀਆਂ ਤੇ ਮੇਰੇ ਪਤੀ ਅਤੇ ਪੁੱਤਰ ਦੇ ਚਿਹਰਿਆਂ ਦੀਆਂ ਰੂਪ-ਰੇਖਾਵਾਂ ਰਲ ਮਿਲ ਜਾਂਦੀਆਂ। ਪਰ ਹੁਣ ਇਹ ਡਰ ਨਹੀਂ ਰਿਹਾ। ਮੈਂ ਬਾਹਰ ਵਲੋਂ ਅੱਖਾਂ ਬੰਦ ਕਰਕੇ ਉਨ੍ਹਾਂ ਦੇ ਸੁੰਦਰ ਫੁੱਲਾਂ ਨੂੰ ਆਪਣੇ ਹਿਰਦੇ ਵਿੱਚ ਅਮਰ ਜੀਵਨ ਦੇ ਦਿੱਤਾ ਹੈ। ਹੁਣ ਉਹ ਅਜਰ ਹਨ, ਅਮਰ ਹਨ, ਅਟਲ ਹਨ, ਉਨ੍ਹਾਂ ਨੂੰ ਉਥੋਂ ਕੋਈ ਨਹੀਂ ਹਟਾ ਸਕਦਾ। ਇਥੋਂ ਤਕ ਕਿ ਸਮੇਂ ਦਾ ਖੂਨੀ ਹੱਥ ਵੀ ਕੁਝ ਨਹੀਂ ਕਰ ਸਕਦਾ।

ਕੁਝ ਸਮੇਂ ਪਿਛੋਂ ਸ਼ਹਿਰ ਵਿਚ ਚੇਚਕ ਫੈਲ ਗਈ। ਸੂਰਜ ਪਾਲ ਰੋਕਿਆ ਨਹੀਂ ਸੀ ਰੁਕਦਾ। ਦੌੜ ਦੌੜ ਕੇ ਬਾਹਰ ਚਲਾ ਜਾਂਦਾ ਸੀ। ਉਹ ਕਹਿੰਦੇ ਸਨ, ਇਸ ਨੂੰ ਬਾਹਰ ਨਾ ਨਿਕਲਣ ਦਿਉ, ਇਹ ਮੇਰੇ ਜੀਵਨ ਦਾ ਆਧਾਰ ਹੈ। ਜੇ ਇਸ ਨੂੰ ਕੁਝ ਹੋ ਗਿਆ ਤਾਂ ਮੇਰਾ ਜੀਵਨ ਬਰਬਾਦ ਹੋ ਜਾਵੇਗਾ। ਪਰ ਬੰਦਰ ਤੇ ਬੱਚੇ ਦੇ ਪੈਰਾਂ ਵਿਚ ਜੰਜੀਰ ਕੌਣ ਪਾ ਸਕਦਾ ਹੈ? ਉਹ ਨੌਕਰਾਂ ਦੀ ਅੱਖ ਬਚਾ ਕੇ ਨਿਕਲ ਜਾਂਦਾ, ਅਤੇ ਕਈ ਕਈ ਘੰਟੇ ਲੜਕਿਆਂ ਨਾਲ ਖੇਡਦਾ ਰਹਿੰਦਾ ਅੰਤ ਵਿਚ ਉਸਨੂੰ ਵੀ ਇਸ ਰੋਗ ਨੇ ਕਾਬੂ ਕਰ ਲਿਆ।

ਉਹ ਘਬਰਾ ਗਏ। ਉਨ੍ਹਾਂ ਤੇ ਸੰਕਟ ਦਾ ਪਹਾੜ ਟੁੱਟ ਪਿਆ। ਦਿਨ-ਰਾਤ ਕੋਲ ਬੈਠੇ ਰਹਿੰਦੇ ਸਨ। ਕਚਹਿਰੀ ਜਾਣਾ ਉਨ੍ਹਾਂ ਨੇ ਛੱਡ ਦਿਤਾ ਸੀ। ਕਹਿੰਦੇ ਸਨ, ਪਰਮਾਤਮਾ ਕਰੇ ਮੈਂ ਇਸ ਮੁੱਕਦਮੇ ਵਿਚ ਜਿੱਤ ਜਾਵਾਂ। ਮੈਂ ਹੋਰ ਕੁਝ ਨਹੀਂ ਚਾਹੁੰਦਾ, ਮੇਰਾ ਬੱਚਾ ਬਚ ਜਾਵੇ। ਜਿਵੇਂ ਹਿਰਨ ਆਪਣੇ ਬੱਚੇ ਨੂੰ ਬਚਾਉਣ ਲਈ ਖੁਦ ਆਪਣੇ ਆਪੇ ਨੂੰ ਮੌਤ ਦੇ ਮੂੰਹ ਵਿਚ ਸੁੱਟ ਦੇਂਦਾ ਹੈ, ਉਸੇ ਤਰ੍ਹਾਂ ਉਨ੍ਹਾਂ ਨੇ ਸੂਰਜਪਾਲ ਦੀ ਖਾਤਰ ਆਪਣਾ ਜੀਵਨ ਖ਼ਤਰੇ ਵਿਚ ਪਾ ਦਿਤਾ। ਹਰ ਵਕਤ ਉਸਦੇ ਨਾਲ ਲੇਟੇ ਰਹਿੰਦੇ। ਨਤੀਜਾ ਇਹ ਨਿਕਲਿਆ ਕਿ ਸੂਰਜਪਾਲ ਦੀ ਸੇਵਾ ਕਰਦੇ ਉਹ ਆਪ ਵੀ ਬੀਮਾਰੀ ਦਾ ਸ਼ਿਕਾਰ ਹੋ ਗਏ। ਹੁਣ ਮੇਰੇ ਦੁਖੀ ਮਨ ਵਿਚ ਤੂਫ਼ਾਨ ਉਠਣ ਲਗੇਂ। ਮੇਰੇ ਪਾਸ ਕੇਵਲ ਦੋ ਫੁੱਲ ਸਨ। ਅਤੇ ਇਨ੍ਹਾਂ ਦੋਹਾਂ ਨੂੰ ਕੁਦਰਤ ਦਾ ਜ਼ਾਲਮ ਹੱਥ ਤੋੜਨ ਲਈ ਪਿੱਛੇ ਪਿਆ ਹੋਇਆ ਸੀ। ਪਰ ਮੈਂ ਆਪਣੀ ਜਾਨ ਲੜਾ ਦਿੱਤੀ ਅਤੇ ਨਾ ਵੇਖੇ ਜਾਣ ਵਾਲੇ ਦਿਨ-ਰਾਤ ਨੂੰ ਉਹਨਾਂ ਦੀ ਸੇਵਾ ਵਿਚ ਇਕ ਕਰ ਦਿਤਾ। ਅਤੇ ਪਰਮਾਤਮਾ ਨੇ ਮੈਂ ਨਿਤਾਣੀ ਦੀ ਮਿਹਨਤ ਨੂੰ ਫਲ ਲਾਇਆ। ਦੋਵੇਂ ਰਾਜੀ ਵਾਜੀ ਹੋ ਗਏ।

ਮੇਰੀ ਖੁਸ਼ੀ ਦਾ ਟਿਕਾਣਾ ਨਹੀਂ ਸੀ। ਵਿਹੜੇ ਵਿਚ ਭੁੜਕਦੀ ਫਿਰਦੀ ਸਾਂ, ਜਿਵੇਂ ਕਿਸੇ ਦੀ ਡੁੱਬੀ ਰਕਮ ਮਿਲ ਜਾਵੇ। ਇਕ ਦਿਨ ਉਨ੍ਹਾਂ ਨੇ ਆ ਕੇ ਕ੍ਰਿਤਗਤਾ ਦੇ ਭਾਵ ਨਾਲ ਮੇਰਾ ਹੱਥ ਆਪਣੇ ਕਮਜ਼ੋਰ ਹੱਥਾਂ ਵਿਚ ਲੈ ਲਿਆ ਅਤੇ ਹੌਲੀ ਜਿਹੀ ਕਿਹਾ-ਸਾਨੂੰ ਮੌਤ ਦੇ ਮੂੰਹ 'ਚ ਖਿਚਿਆ ਹੈ ਨਹੀਂ ਤਾਂ....."

ਮੈਂ ਉਹਨਾਂ ਦੇ ਮੂੰਹ ਤੇ ਹੱਥ ਰਖਦੇ ਹੋਏ ਕਿਹਾ—ਬਸ ਬਸ ਬਸ ! ਹੋਰ ਇਕ ਸ਼ਬਦ ਵੀ ਨਾ ਕਹਿਣਾ, ਮੈਂ ਨਹੀਂ ਸੁਣ ਸਕਾਂਗੀ।

ਉਹ ਚੁੱਪ ਹੋ ਗਏ। ਪਰ ਥੋੜੀ ਦੇਰ ਪਿਛੋਂ ਪਤਾ ਲਗਿਆ ਕਿ ਰੋ ਰਹੇ ਹਨ। ਮੇਰੇ ਹੱਥ ਤੇ ਪਾਣੀ ਦੀਆਂ ਦੇ ਗਰਮ ਗਰਮ ਬੂੰਦਾਂ ਡਿਗੀਆਂ। ਮੈਂ ਹੈਰਾਨ ਹੋ ਕੇ ਬੋਲੀ-'ਰੋਂਦੇ ਕਿਉਂ ਹੋ ! ਹੁਣ ਤਾਂ ਕੋਈ ਖ਼ਤਰਾ ਨਹੀਂ !"

ਇਹ ਸੁਣ ਕੇ ਉਹ ਸਿਸਕੀਆਂ ਭਰ ਭਰ ਰੋਣ ਲੱਗੇ। ਮੈਂ ਉਹਨਾਂ ਦੇ ਗਲੇ ਨਾਲ ਲਿਪਟ ਗਈ। ਜਿਵੇਂ ਸੂਰਜਪਾਲ ਮੇਰੇ ਨਾਲ ਲਿਪਟ ਜਾਇਆ ਕਰਦਾ ਹੈ। ਮੈਂ ਪੁੱਛਿਆ- 'ਤੁਸੀਂ ਰੋ ਕਿਉਂ ਰਹੇ ਹੋ ! ਮੇਰਾ ਕਾਲਜਾ ਫਟ ਜਾਵੇਗਾ।"

ਉਹਨਾਂ ਨੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਪਰ, ਉਹਨਾਂ ਦੇ ਹਰ ਸ਼ਬਦ ਨੂੰ ਉਨ੍ਹਾ ਦੀਆਂ ਲਗਾਤਾਰ ਸਿਸਕੀਆਂ ਨੇ ਨਿਗਲ ਲਿਆ। ਉਹ ਰੋ ਰਹੇ ਸਨ। ਜਦੋਂ ਦੁਖ ਦਾ ਬੋਝ ਹਲਕਾ ਹੋਇਆ ਅਤੇ ਉਹਨਾਂ ਦੀ ਬੋਲਣ ਦੀ ਸ਼ਕਤੀ ਪਰਤੀ ਤਾਂ ਉਹਨਾਂ ਨੇ ਮੇਰਾ ਹੱਥ ਆਪਣੇ ਮੂੰਹ ਤੇ ਰੱਖ ਦਿਤਾ। ਅਤੇ ਰੁਕ ਰੁਕ ਕੇ ਕਿਹਾ- "ਜੇ ਤੂੰ ਵੇਖ ਸਕਦੀ, ਤਾਂ ਤੈਨੂੰ ਅਜਿਹਾ ਦ੍ਰਿਸ਼ ਦਿਸਦਾ, ਕਿ ਤੂੰ ਬੇਹੋਸ਼ ਹੋ ਜਾਂਦੀ।"

ਮੈਂ ਕੁਝ ਨਾ ਸਮਝ ਸਕੀ। ਦਿਮਾਗ ਤੇ ਬੋਝ ਪਾ ਕੇ ਬੋਲੀ- ਤੁਹਾਡਾ ਕੀ ਮਤਲਬ ਹੈ ! ਸਾਫ ਸਾਫ ਦੱਸੋ। ਮੈਂ ਕੁਝ ਨਹੀਂ ਸਮਝੀ।"

"ਮੇਰੀ ਤੇ ਤੇਰੇ ਸੂਰਜਪਾਲ ਦੀ ਸ਼ਕਲ ਇਤਨੀ ਬਦਲ ਗਈ ਹੈ ਕਿ ਵੇਖ ਕੇ ਡਰ ਲੱਗਦਾ ਹੈ।

ਇਹ ਕਹਿ ਕੇ ਉਹ ਚੁੱਪ ਹੋ ਗਏ।

ਮੈਂ ਬੈਠੀ ਸਾਂ, ਖੜੀ ਹੋ ਗਈ ਅਤੇ ਚੀਖ ਕੇ ਬੋਲੀ- ਪਰ ਮੇਰੀਆਂ ਅੱਖਾਂ ਵਿਚ ਜੋ ਤੁਹਾਡੀਆਂ ਸੂਰਤਾਂ ਸਮਾਂ ਚੁੱਕੀਆਂ ਹਨ, ਉਹਨਾਂ ਨੂੰ ਕੋਣ ਬਦਲ ਸਕਦਾ ਹੈ। ਸੰਸਾਰ ਦੀਆਂ ਅੱਖਾਂ ਵਿਚ ਤੁਸੀਂ ਬਦਲ ਜਾਉ, ਪਰ ਮੇਰੀਆਂ ਅੱਖਾਂ ਵਿਚ ਤੁਸੀਂ ਉਦਾ ਹੀ ਪਿਆਰੇ ਹੋ। ਮੈਂ ਸੋਚਦੀ ਸਾਂ, ਪ੍ਰਮਾਤਮਾ ਨੇ ਦੂਜੀ ਵਾਰ ਅੱਖਾਂ ਖੋਹ ਕੇ ਮੇਰੇ ਨਾਲ ਅਨਿਆਂ ਕੀਤਾ ਹੈ। ਪਰ ਅੱਜ ਮਾਲੂਮ ਹੋਇਆ ਹੈ, ਕਿ ਇਸ ਅਨਿਆਂ ਦੇ ਪਰਚੇ ਪਿਛੇ ਉਸਦੀ ਅਪਾਰ ਦਿਆਲਤਾ ਲੁਕੀ ਪਈ ਹੈ। ਤੁਹਾਡੇ ਦੋਹਾਂ ਦੀ ਸੁੰਦਰਤਾ ਮੇਰੇ ਦਿਲ ਵਿਚ ਸਦਾ ਜਿਉਂਦੀ ਰਹੇਗੀ। ਉਸ ਲਈ ਮੌਤ ਨਹੀਂ।

ਇਹ ਕਹਿ ਕੇ ਮੈਂ ਉਹਨਾਂ ਦੇ ਗਲ ਵਿਚ ਬਾਹਾਂ ਪਾ ਦਿਤੀਆਂ ਅਤੇ ਉਹਨਾਂ ਦੇ ਵਾਲਾ ਵਿਚ ਹੌਲੀ-ਹੌਲੀ ਉਂਗਲੀਆ ਫੇਰਨ ਲੱਗੀ।

ਇਸ ਵਕਤ ਮੇਰੀ ਹਨੇਰੀ ਦੁਨੀਆਂ ਵਿਚ ਅਜਿਹਾ ਚਾਨਣ ਸੀ, ਜੋ ਬਿਆਨ ਨਹੀਂ ਕੀਤਾ ਜਾ ਸਕਦਾ।

-0-

# ਪਿਆਰ ਦਾ ਦਰਖ਼ਤ

(1)

ਡੇਢ ਸੋ ਸਾਲ ਬੀਤ ਚੁਕੇ ਹਨ, ਪਰ ਦੇਵੀ ਸੁਲੱਖੀ ਦਾ ਨਾਂ ਅਜੇ ਤਕ ਉਸੇ ਤਰ੍ਹਾਂ ਜ਼ਿੰਦਾ ਹੈ। ਗੁਰਦਾਸਪੁਰ ਦੇ ਜ਼ਿਲੇ ਵਿਚ ਕੜਿਆਲਾ ਨਾਂ ਦਾ ਇਕ ਛੋਟਾ ਜਿਹਾ ਪਿੰਡ ਹੈ, ਜਿਥੇ ਜਿਆਦਾ ਆਬਾਦੀ ਹਿੰਦੂ ਜੱਟਾਂ ਦੀ ਹੈ। ਉਥੇ ਤੁਸੀਂ ਕਿਸੇ ਤੋਂ ਪੁੱਛੋ, ਉਹ ਤੁਹਾਨੂੰ ਦੇਵੀ ਸੁਲੱਖੀ ਦੀ ਸਮਾਧ ਦਾ ਪਤਾ ਦੱਸ ਦੇਣਗੇ। ਇਥੇ ਹਰ ਸਾਲ ਮੇਲਾ ਲੱਗਦਾ ਹੈ। ਇਸਤਰੀਆਂ ਰੰਗ ਬਰੰਗੇ ਕੱਪੜੇ ਪਾ ਕੇ ਆਉਂਦੀਆਂ ਹਨ, ਅਤੇ ਸਮਾਧ 'ਤੇ ਘਿਉ ਦੇ ਦੀਵੇ ਜਲਾਉਂਦੀਆਂ ਹਨ। ਜਦੋਂ ਬੇਰ ਪੱਕਦੇ ਹਨ ਤਾਂ ਸਭ ਤੋਂ ਪਹਿਲਾਂ ਦੇਵੀ ਸੁਲੱਖੀ ਦੀ ਸਮਾਧ ਤੇ ਚੜ੍ਹਾਏ ਜਾਂਦੇ ਹਨ, ਇਸ ਤੋਂ ਪਿਛੋਂ ਲੋਕ ਖਾਂਦੇ ਹਨ। ਕੀ ਮਜਾਲ ਕਿ ਇਸ ਸਮਾਧ ਤੇ ਬੇਰ ਚੜ੍ਹਾਏ ਬਿਨਾ ਕੋਈ ਬੇਰ ਨੂੰ ਮੂੰਹ ਵੀ ਲਗਾ ਜਾਵੇ। ਦੀਵਾਲੀ ਦੀ ਰਾਤ ਨੂੰ ਲੋਕ ਪਹਿਲਾਂ ਇਥੇ ਦੀਵੇ ਬਾਲਦੇ ਹਨ, ਇਸ ਤੋਂ ਪਿਛੋਂ ਆਪਣੇ ਘਰਾਂ ਵਿਚ ਬਾਲਦੇ ਹਨ। ਕਿਸੇ ਵਿਚ ਇਤਨੀ ਹਿੰਮਤ ਨਹੀਂ ਕਿ ਦੇਵੀ ਸੁਲੱਖੀ ਦੀ ਸਮਾਧ ਤੇ ਰੋਸ਼ਨੀ ਕੀਤੇ ਬਿਨਾਂ ਆਪਣੇ ਘਰ ਵਿਚ ਰੋਸ਼ਨੀ ਕਰ ਲਵੇ। ਵਿਆਹ ਤੋਂ ਬਾਅਦ ਵਹੁਟੀਆਂ ਪਹਿਲਾਂ ਇਥੇ ਆ ਮੱਥਾ ਟੇਕਦੀਆਂ ਹਨ, ਇਸ ਤੋਂ ਬਾਅਦ ਆਪਣੇ ਸਹੁਰੀ ਪੈਰ ਧਰਦੀਆਂ ਹਨ। ਕਿਸੇ ਵਿਚ ਹਿੰਮਤ ਨਹੀਂ ਕਿ ਪਿੰਡ ਦੀ ਇਸ ਰੀਤ ਨੂੰ ਤੋੜ ਸਕੇ। ਦੇਵੀ ਦੀ ਸਮਾਧ ਪਿੰਡ ਦੇ ਵਿਚਕਾਰ ਹੈ। ਉਸ ਦੇ ਉਤੇ ਸ਼ਰਧਾਲੂਆਂ ਨੇ ਸੰਗਮਰਮਰ ਦੀ ਇਕ ਪੱਕੀ ਤੇ ਸ਼ਾਨਦਾਰ ਛੱਤ ਖੜੀ ਕਰ ਦਿਤੀ ਹੈ। ਇਸ ਛੱਤ ਦੇ ਉਪਰ ਇਕ ਝੰਡਾ ਲਹਿਰਾਉਂਦਾ ਹੈ, ਜਿਹੜਾ ਆਸ ਪਾਸ ਦੇ ਪਿੰਡਾਂ ਤੋਂ ਵੀ ਨਜ਼ਰ ਆਉਂਦਾ ਹੈ। ਦੇਵੀ ਸੁਲੱਖੀ ਨੇ ਕੋਈ ਜੰਗ ਨਹੀਂ ਸੀ ਜਿੱਤੀ, ਨਾ ਕੋਈ ਰਾਜ ਕਾਇਮ ਕੀਤਾ ਸੀ, ਨਾ ਕੋਈ ਉਸ ਵਿਚ ਵਿਸ਼ੇਸ਼ ਆਤਮ- ਸ਼ਕਤੀ ਸੀ, ਜਿਹੜੀ ਲੋਕਾਂ ਦੇ ਦਿਲਾਂ ਨੂੰ ਪਕੜ ਲੈਂਦੀ, ਨਾ ਉਸ ਨੇ ਲੋਕਾਂ ਲਈ ਕੋਈ ਕੁਰਬਾਨੀ ਕੀਤੀ ਸੀ। ਉਹ ਇਕ ਗਰੀਬ, ਸਿੱਧੀ ਸਾਦੀ, ਅਨਪੜ੍ਹ ਪਰ, ਸਤਵੰਤੀ ਬ੍ਰਾਹਮਣ ਇਸਤਰੀ ਸੀ, ਜੋ ਇਕ ਮੂਰਖ ਤੇ ਹੱਠੀ ਜੱਟੀ ਦੇ ਕਰੋਧ ਦਾ ਸ਼ਿਕਾਰ ਹੋ ਗਈ। ਉਸ ਨੇ ਆਪਣੇ ਪਤੀ ਨਾਲ ਜੋ ਪ੍ਰਣ ਕੀਤਾ ਸੀ, ਉਸ ਤੇ ਉਹ ਧਰੂ ਵਾਂਗ ਅਟਲ ਰਹੀ ਸੀ। ਇਸ ਵਿਚ ਸ਼ੱਕ ਨਹੀਂ

ਕਿ ਉਹ ਆਮ ਬ੍ਰਾਹਮਣਾਂ ਨਾਲੋਂ ਵੀ ਗਰੀਬ ਸੀ, ਪਰ ਉਹ ਪਤੀਬ੍ਰਤਾ ਧਰਮ ਦੀ ਦੌਲਤ ਨਾਲ ਮਾਲਾ-ਮਾਲ ਸੀ। ਉਹ ਮਰਯਾਧਾ ਦੀ ਪੁਜਾਰਨ ਸੀ। ਉਸਨੇ ਜੋ ਕੁਝ ਕਿਹਾ ਸੀ ਉਹ ਕਰਕੇ ਦਿਖਾ ਦਿਤਾ। ਉਸ ਦੇ ਪਤੀ ਨੇ ਇਕ ਦਰਖਤ ਨੂੰ ਆਪਣੀ ਔਲਾਦ ਕਿਹਾ ਸੀ, ਸੁਲੱਖੀ ਨੇ ਮਰਦੇ ਦਮ ਤਕ ਪਤੀ ਦੇ ਇਸ ਬਚਨ ਨੂੰ ਨਿਭਾਇਆ। ਇਹੀ ਗੱਲ ਹੈ ਜਿਸਨੇ ਉਸਨੂੰ ਇਤਨੇ ਅਰਸੇ ਤੋਂ ਪਿਛੋਂ ਵੀ ਪਿੰਡ ਵਿਚ ਇਕ ਜੀਊਂਦੀ ਸ਼ਕਤੀ ਬਣਾਇਆ ਹੋਇਆ ਹੈ। ਹਿੰਦੂ' ਦੇਵੀ-ਦੇਵਤਿਆਂ ਦੀ ਪੂਜਾ ਕਰਦੇ ਹਨ, ਮੁਸਲਮਾਨ ਪੀਰਾ ਫਕੀਰਾਂ ਨੂੰ ਮੰਨਦੇ ਹਨ, ਪਰ ਦੇਵੀ ਸੁਲੱਖੀ ਦਾ ਰਾਜ ਦੋਹਾਂ ਦੇ ਦਿਲਾਂ ਤੇ ਹੈ।

(2)

ਦੇਵੀ ਸੁਲੱਖੀ ਇਸੇ ਪਿੰਡ ਦੇ ਇਕ ਗਰੀਬ ਬ੍ਰਾਹਮਣ ਜੈ ਚੰਦ ਦੀ ਪਤਨੀ ਸੀ। ਜੈ ਚੰਦ ਦੇ ਘਰ ਵਿਚ ਉਸ ਦੀ ਇਸਤਰੀ ਤੋਂ ਬਿਨਾਂ ਕੋਈ ਵੀ ਨਹੀਂ ਸੀ ਨਾ ਮਾਂ, ਨਾ ਭੈਣ, ਨਾ ਭਰਾ। ਬਸ, ਪਤੀ ਪਤਨੀ ਸਨ, ਕੋਈ ਬਾਲ ਬੱਚਾ ਵੀ ਨਹੀਂ ਸੀ। ਕੁਝ ਚਿਰ ਇਲਾਜ ਕਰਦੇ ਰਹੇ, ਪਰ ਜਦੋਂ ਸਾਰੇ ਹੀਲੇ ਨਿਕਾਮ ਹੋ ਗਏ ਤਾਂ ਆਪਣੇ ਲਿਖੇ ਲੇਖਾਂ ਤੇ ਸੰਤੁਸ਼ਟ ਹੋ ਕੇ ਬਹਿ ਗਏ। ਉਸ ਯੁਗ ਦੇ ਬ੍ਰਾਹਮਣ ਲੋਕ ਅਕਸਰ ਨੌਕਰੀ ਆਦਿ ਨਹੀਂ ਸਨ ਕਰਿਆ ਕਰਦੇ। ਨਾ ਧਨ ਦੌਲਤ ਵਿਚ ਉਸ ਵੇਲੇ ਇਤਨਾ ਜਾਦੂ ਸੀ, ਨਾ ਧਨ ਨੂੰ ਦੁਰਲਭ ਸਮਝ ਕੇ ਉਸ ਦੀ ਪ੍ਰਾਪਤੀ ਲਈ ਲੋਕ ਬੇਸਬਰੇ ਹੁੰਦੇ ਸਨ। ਥੋੜੇ ਵਿਚ ਹੀ ਗੁਜ਼ਾਰਾ ਹੋ ਜਾਂਦਾ ਸੀ। ਇਕ ਕਮਾਉਂਦਾ ਸੀ ਦਸ ਖਾ ਲੈਂਦੇ ਸਨ। ਅੱਜ ਉਹ ਜ਼ਮਾਨਾ ਕਿਥੇ ? ਦਸ ਕਮਾਉਣ ਵਾਲੇ ਹੋਣ ਇਕ ਬੇਕਾਰ ਨੂੰ ਨਹੀਂ ਖੁਆ ਸਕਦੇ। ਉਸ ਵਖਤ ਦੇ ਬ੍ਰਾਹਮਣ ਸਾਰਾ ਸਾਰਾ ਦਿਨ ਪਾਠ ਪੂਜਾ ਵਿਚ ਲੱਗੇ ਰਹਿੰਦੇ ਸਨ। ਖਾਣ ਪੀਣ ਲਈ ਚੀਜ਼ਾਂ ਜਜਮਾਨਾਂ ਵਲੋਂ ਆ ਜਾਂਦੀਆਂ ਸਨ। ਦੋਵਾਂ ਨੂੰ ਕਿਸੇ ਕਿਸਮ ਦੀ ਚਿੰਤਾ ਨਹੀਂ ਸੀ। ਹਾਂ, ਕਦੇ ਕਦੇ ਬੇ-ਔਲਾਦ ਹੋਣ ਤੇ ਕੁੜਿਆ ਕਰਦੇ ਸਨ। ਜੇ ਇਕ ਵੀ ਬੱਚਾ ਹੋ ਜਾਂਦਾ ਤਾਂ ਦੋਹਾਂ ਦਾ ਜੀਅ ਲੱਗ ਜਾਂਦਾ। ਉਹਨਾਂ ਦਾ ਜੀਵਨ ਮਿੱਠਾ, ਚਾਨਣ ਤੇ ਹੁਲਾਸ ਪੂਰਨ ਹੋ ਜਾਂਦਾ। ਉਹਨਾਂ ਨੂੰ ਕੋਈ ਸ਼ੁਗਲ ਮਿਲ ਜਾਂਦਾ। ਹੁਣ ਇਉਂ ਲੱਗਦਾ ਸੀ ਜਿਵੇਂ ਉਹਨਾਂ ਦਾ ਘਰ ਸੁੰਝਾ ਸੁੰਝਾ ਹੋਵੇ। ਉਹਨਾਂ ਦਾ ਜੀਵਨ ਲੰਮੀ, ਹਨੇਰੀ, ਕਦੇ ਨਾ ਮੁੱਕਣ ਵਾਲੀ ਰਾਤ ਹੋਵੇ, ਜਿਸ ਵਿਚ ਕੋਈ ਤਾਰਾ ਨਹੀਂ, ਕੋਈ ਚੰਨ ਨਹੀਂ, ਕੇਵਲ ਨਿਰਾਸਤਾ ਦੇ ਬੱਦਲ ਛਾਏ ਹੋਏ ਹਨ। ਉਹਨਾਂ ਬਦਲਾਂ ਵਿਚ ਤਾਂ ਕਦੇ ਕਦੇ, ਥੋੜੀ ਦੇਰ ਲਈ,

ਅਕਾਸ਼ ਦੀ ਬਿਜਲੀ ਵੀ ਚਮਕ ਜਾਂਦੀ ਹੈ; ਪਰ ਇਸ ਨਾਲ ਉਹਨਾਂ ਦਾ ਹਨੇਰਾ ਹੋਰ ਵਧਦਾ ਸੀ, ਘਟਦਾ ਨਹੀਂ ਸੀ। ਇਸੇ ਤਰ੍ਹਾਂ ਕਈ ਸਾਲ ਗੁਜ਼ਰ ਗਏ।

ਇਕ ਦਿਨ ਜੈ ਚੰਦ ਨੇ ਆਪਣੇ ਵਿਹੜੇ ਦੇ ਕੋਨੇ ਵਿਚ ਬੇਰੀ ਦਾ ਇਕ ਨਵਾਂ ਉਗਿਆ ਬੂਟਾ ਵੇਖਿਆ। ਜਿਹੜਾ ਆਪੇ ਉਗ ਪਿਆ ਸੀ। ਪੌਦਾ ਬਹੁਤ ਛੋਟਾ ਸੀ ਤੇ ਆਮ ਪੌਦਿਆਂ ਤੋਂ ਬਿਲਕੁਲ ਭਿੰਨ ਸੀ, ਪਰ ਜੈ ਚੰਦ ਨੂੰ ਇਉਂ ਮਹਿਸੂਸ ਹੋਇਆ, ਮਾਨੋ ਇਹ ਪੈਦਾ ਨਹੀਂ ਕੁਦਰਤ ਦਾ ਅਦਭੁਤ ਚਮਤਕਾਰ ਸੀ। ਉਹ ਉਸਦੇ ਨਿੱਕੇ ਨਿੱਕੇ ਰੰਗ-ਰੇਸ਼ੇ ਤੇ ਚਿਕਨੀਆਂ ਚਿਕਨੀਆਂ ਨੰਨੀਆਂ-ਨੰਨੀਆਂ ਕਰੂੰਬਲਾਂ ਵੇਖਕੇ ਬੇ ਸੁੱਧ ਹੋ ਗਿਆ। ਸ਼ਾਂਤੀ ਦੇ ਪੁਤਲੇ ਉਤੇ ਅਸ਼ਾਂਤੀ ਛਾ ਗਈ। ਦੌੜਦਾ ਹੋਇਆ ਸੁਲੱਖੀ ਪਾਸ ਗਿਆ ਤੇ ਬੋਲਿਆ-"ਆ, ਕੁਝ ਵਿਖਾਵਾਂ, ਭਗਵਾਨ ਨੇ ਸਾਡੇ ਘਰ ਬੂਟਾ ਲਾਇਆ ਹੈ, ਬਹੁਤ ਸੁੰਦਰ ਹੈ।"

ਸੁਲੱਖੀ ਨੇ ਜਾ ਕੇ ਵੇਖਿਆ ਤਾਂ ਇਕ ਨੰਨਾ ਜਿਹਾ ਪੌਦਾ ਸੀ। ਬੋਲੀ-'ਕੀ ਹੈ ਇਹ ! ਇੰਨੇ ਖੁਸ਼ ਕਿਉਂ ਹੋ !"

ਜੈ ਚੰਦ-ਬੇਰੀ ਦਾ ਪੌਦਾ ਹੈ। ਅਜੇ ਛੋਟਾ ਹੈ, ਕੁਝ ਦਿਨਾਂ ਵਿਚ ਵੱਡਾ ਹੋ ਜਾਵੇਗਾ। ਹਰੇ ਹਰੇ ਪੱਤੇ ਨਿਕਲਣਗੇ। ਮਿੱਠੇ ਮਿੱਠੇ ਫਲ ਲੱਗਣਗੇ। ਲੰਮੀਆਂ ਲੰਮੀਆਂ ਡਾਲਾਂ ਫੈਲਾ ਕੇ ਖੜ੍ਹਾ ਹੋਵੇਗਾ।

ਸੁਲੱਖੀ ਨੇ ਖੁਸ਼ ਹੋ ਕੇ ਕਿਹਾ, "ਸਾਰੇ ਵਿਹੜੇ ਵਿਚ ਛਾਂ ਹੋ ਜਾਵੇਗੀ।

ਜੈ ਚੰਦ—ਹਰ ਸਾਲ ਬੈਰ ਲੱਗਣਗੇ। ਖੂਬ ਮਿੱਠੇ ਹੋਣਗੇ।

ਸੁਲੱਖੀ- ਮੈਂ ਇਸ ਨੂੰ ਸਦਾ ਪਾਣੀ ਨਾਲ ਸਿੰਜਾਂਗੀ। ਥੋੜੇ ਹੀ ਦਿਨਾਂ ਵਿਚ ਵੱਡਾ ਹੋ ਜਾਵੇਗਾ। ਕਦੋਂ ਤਕ ਫਲੇਗਾ ?

ਜੈ ਚੰਦ (ਪੌਦੇ ਨੂੰ ਪਿਆਰ ਨਾਲ ਵੇਖ ਕੇ) ਚਾਰ ਸਾਲਾ ਮਗਰੋਂ। ਤੂੰ ਵੇਖਿਆ ਹੈ ਕਿੰਨਾ ਪਿਆਰਾ ਲੱਗਦਾ ਹੈ; ਵੱਡਾ ਹੋ ਕੇ ਹੋਰ ਵੀ ਪਿਆਰਾ ਲੱਗੇਗਾ। ਕਿੰਨਾ ਚਿਕਨਾ ਤੇ ਸੁੰਦਰ ਹੈ ? ਦੇਖ ਕੇ ਮਨ ਖਿੜ ਜਾਂਦਾ ਹੈ।

ਸੁਲੱਖੀ—(ਭੋਲੇਪਨ ਵਿਚ) ਗਰਮੀ ਦੇ ਦਿਨ ਹਨ, ਕੁਮਲਾ ਜਾਵੇਗਾ। ਮੈਨੂੰ ਤਾਂ ਹੁਣ ਵੀ ਘਬਰਾਇਆ ਹੋਇਆ ਭਾਸਦਾ ਹੈ। ਜ਼ਰਾ ਕਰੂੰਬਲਾਂ ਤਾਂ ਵੇਖੋ ਜਿਵੇਂ ਪਿਆਸ ਦੇ ਮਾਰੇ ਵੇਹਾਲ ਹੁੰਦੀਆਂ ਹਨ ਜੇ ਕਹੋ ਤਾਂ ਤਾਜ਼ਾ ਪਾਣੀ ਭਰ ਲਿਆਵਾਂ ? ਗਰਮੀ ਨਾਲ ਵਡਿਆਂ ਵਡਿਆ ਦਾ ਬੁਰਾ ਹਾਲ ਹੋ ਜਾਂਦਾ ਹੈ। ਇਹ ਤਾਂ ਵਿਚਾਰੀ ਮਸੂਮ ਜਿਹੀ ਜਿੰਦ ਹੈ?

(ਚੁਟਕੀ ਵਜਾ ਕੇ) ਹੁਣੇ ਲਿਆਉਂਦੀ ਹਾਂ, ਦੋ ਮਿੰਟਾਂ ਵਿਚ।

ਜੈ ਚੰਦ—ਇਸ ਵੇਲੇ ਤੂੰ ਕਿਥੇ ਜਾਵੇਂਗੀ, ਮੈਂ ਆਪ ਜਾਂਦਾ ਹਾਂ।

ਪਰ ਸੁਲੱਖੀ ਨੇ ਵਲਟੋਹੀ ਚੁੱਕ ਲਈ ਤੇ ਚਲੀ ਗਈ। ਥੋੜੀ ਦੇਰ ਬਾਅਦ ਦੋਵੇਂ ਪਤੀ ਪਤਨੀ ਉਸ ਛੋਟੇ ਜਿਹੇ ਪੌਦੇ ਨੂੰ ਸਿੰਜ ਰਹੇ ਸਨ। ਅਜਿਹੇ ਪਿਆਰ ਨਾਲ ਜਿਵੇਂ ਉਨ੍ਹਾਂ ਦਾ ਜੀਂਦਾ ਜਾਗਦਾ ਬੱਚਾ ਹੋਵੇ, ਅਜਿਹੀ ਭਗਤੀ ਨਾਲ ਜਿਵੇਂ ਉਹਨਾਂ ਦਾ ਦੇਵਤਾ ਹੋਵੇ, ਅਜਿਹੀ ਸ਼ਰਧਾ ਨਾਲ, ਜਿਵੇਂ ਕੋਈ ਅਮੋਲ ਵਸਤੂ ਹੋਵੇ। ਪੌਦਾ ਸਚਮੁੱਚ ਧੁੱਪ ਨਾਲ ਕੁਮਲਾਇਆ ਹੋਇਆ ਸੀ। ਠੰਡਾ ਪਾਣੀ ਪੀ ਕੇ ਉਸ ਨੇ ਅੱਖਾਂ ਖੋਲ ਦਿਤੀਆਂ। ਸੁਲੱਖੀ ਬੋਲ ਪਈ-- ਵੇਖੋ, ਹੁਣ ਇਸ ਵਿਚ ਤਾਜ਼ਗੀ ਆ ਗਈ ਹੈ ਜਾਂ ਨਹੀਂ. ?'

ਜੈ ਚੰਦ—ਮੈਨੂੰ ਤਾਂ ਇੰਝ ਲੱਗਦਾ ਹੈ ਜਿਵੇਂ ਇਹ ਮੁਸਕਰਾ ਰਿਹਾ ਹੈ।

ਸੁਲੱਖੀ-ਤੇ ਮੈਨੂੰ ਇੰਝ ਪ੍ਰਤੀਤ ਹੁੰਦੈ, ਜਿਵੇਂ ਸਾਡੇ ਨਾਲ ਗੱਲਾਂ ਕਰ ਰਿਹੈ।

ਕਹਿੰਦੇ-ਮੈਂ ਤੁਹਾਡਾ ਪੁੱਤਰ ਹਾਂ।

ਜੈ ਚੰਦ—ਭਾਈ, ਇਹ ਗੱਲ ਤਾਂ ਤੂੰ ਮੇਰੇ ਮੂੰਹੋਂ ਖੋਹ ਲਈ ਹੈ। ਮੈਂ ਵੀ ਇਹੀ ਆਖਣ ਲੱਗਾ ਸਾਂ। ਹਾਂ, ਪੁੱਤਰ ਤਾਂ ਹੈ ਹੀ। ਇਸ ਨੂੰ ਖੂਬ ਪਿਆਰ ਕਰੇਂਗੀ ਨਾ ?

ਸੁਲੱਖੀ ਤੁਹਾਡੇ ਪੁੱਛਣ ਕਹਿਣ ਦੀ ਕੀ ਲੋੜ ਹੈ ? ਆਪਣੇ ਬੇਟੇ ਨੂੰ ਕੌਣ ਪਿਆਰ ਨਹੀਂ ਕਰਦਾ ?

ਜੈ ਚੰਦ—ਮੈਂ ਡਰਦਾ ਹਾਂ, ਕਿਤੇ ਮੈਨੂੰ ਨਾ ਭੁੱਲ ਜਾਵੇ। ਵੱਡੀ ਉਮਰ ਵਿਚ ਬੱਚਾ ਪਾ ਕੇ ਤੀਵੀਆਂ ਆਪਣੇ ਘਰ ਵਾਲੇ ਨੂੰ ਅਣਗਹਿਲੀ ਦੀ ਨਜ਼ਰ ਨਾਲ ਵੇਖਣ ਲੱਗ ਜਾਂਦੀਆਂ ਹਨ, ਪਰ ਮੇਰੇ ਤੋਂ ਤੇਰੀ ਲਾਹ ਪ੍ਰਵਾਹੀ ਨਹੀਂ ਸਹਿ ਹੋਵੇਗੀ। ਇਹ ਮੈਂ ਹੁਣੇ ਹੀ ਕਹਿ ਦੇਂਦਾ ਹਾਂ।

ਸੁਲੱਖੀ—ਚਲੋ ਹਟੋ ! ਤੁਹਾਨੂੰ ਤਾਂ ਹੁਣ ਤੋਂ ਹੀ ਈਰਖਾ ਹੋ ਗਈ ਹੈ। ਧੁੱਪ ਵਿਚ ਖੜੀ ਬੇਰੀ ਵਲ ਤੱਕਦੀ ਰਹੀ ਅਤੇ ਖੁਸ਼ ਹੁੰਦੀ ਰਹੀ। ਅੱਜ ਭਗਵਾਨ ਨੇ ਉਸਦੇ ਘਰ ਰੌਣਕ ਭੇਜ ਦਿਤੀ ਸੀ। ਅੱਜ ਉਸਨੂੰ ਅਜਿਹਾ ਅਨੁਭਵ ਹੋਇਆ, ਜਿਵੇਂ ਉਹ ਬਾਂਝ ਨਹੀਂ ਰਹੀ— ਪੁੱਤਰ ਵੰਤੀ ਹੋ ਗਈ ਹੈ। ਭੋਲਾ ਬਾਲਕ ਲੱਸੀ ਨੂੰ ਦੁੱਧ ਸਮਝਕੇ ਖੁਸ਼ ਹੋ ਰਿਹਾ ਸੀ।

(3)

ਹੁਣ ਜੈ ਚੰਦ ਅਤੇ ਸੁਲੱਖੀ ਦੋਹਾਂ ਨੂੰ ਇਕ ਕੰਮ ਮਿਲ ਗਿਆ। ਕਦੇ ਬੇਰੀ ਨੂੰ ਪਾਣੀ ਦੇਂਦੇ ਕਿ ਕੁਮਲਾ ਨਾ ਜਾਵੇ, ਕਦੇ ਖੁਰਪੀ ਲੈ ਕੇ ਉਸ ਦੇ ਆਸ ਪਾਸ ਦੀ ਜਮੀਨ ਗੁਡਦੇ ਕਿ

ਉਸਨੂੰ ਆਪਣੀ ਖੁਰਾਕ ਪ੍ਰਾਪਤ ਕਰਨ ਵਿਚ ਔਖ ਨਾ ਹੋਵੇ, ਕਦੇ ਉਸਦੇ ਇਰਦ ਗਿਰਦ ਬਾੜ ਲਗਾਉਂਦੇ ਕਿ ਕੋਈ ਜੀਵ ਜੰਤੂ ਨੁਕਸਾਨ ਨਾ ਪਹੁੰਚਾਵੇ, ਕਦੇ ਦੋ ਮੰਜੀਆਂ ਖੜੀਆਂ ਕਰਕੇ ਉਸਦੇ ਉਪਰ ਚਾਦਰ ਵਿਛਾ ਦੇਂਦੇ ਕਿ ਗਰਮੀ ਨਾਲ ਸੁੱਕ ਨਾ ਜਾਵੇ। ਲੋਕ ਇਹ ਕੁਝ ਵੇਖਦੇ ਅਤੇ ਉਹਨਾਂ ਦੀ ਮੂਰਖਤਾ ਤੇ ਹਸਦੇ ਸਨ। ਕੋਈ ਕੋਈ ਕਹਿ ਵੀ ਦੇਂਦਾ ਸੀ ਕਿ ਇਹਨਾਂ ਦੀ ਅਕਲ ਮਾਰੀ ਗਈ ਹੈ, ਸਾਧਾਰਨ ਪੌਦੇ ਨੂੰ ਪੁੱਤਰ ਸਮਝ ਬੈਠੇ ਹਨ।

ਪਰ ਪ੍ਰੇਮ ਦੇ ਇਹਨਾਂ ਸੱਚੇ ਭਗਤਾਂ ਨੂੰ ਇਸ ਦੀ ਜ਼ਰਾ ਵੀ ਪ੍ਰਵਾਹ ਨਹੀਂ ਸੀ। ਉਹਨਾਂ ਨੂੰ ਉਸ ਬੇਰੀ ਦੀਆਂ ਕਰੂੰਬਲਾਂ ਵਧਦੀਆਂ ਵੇਖਕੇ ਉਹੋ ਜਿਹੀ ਖੁਸ਼ੀ ਹੁੰਦੀ ਸੀ ਜਿਵੇਂ ਮਾਤਾ ਪਿਤਾ ਨੂੰ ਬੱਚੇ ਦੇ ਹੱਥ-ਪੈਰ ਵਧਦੇ ਵੇਖਕੇ ਹੁੰਦੀ ਹੈ। ਜੈ ਚੰਦ ਬਾਹਰੋਂ ਆਉਂਦਾ ਤਾਂ ਸਭ ਤੋਂ ਪਹਿਲਾਂ ਪੈਂਦੇ ਦੀ ਸੁਖ-ਸਾਂਦ ਪੁੱਛਦਾ। ਸੁਲੱਖੀ ਰਾਤ ਨੂੰ ਕਈ ਵਾਰੀ ਚੌਂਕ ਕੇ ਉਠਦੀ ਤੇ ਬੇਰੀ ਨੂੰ ਵੇਖਣ ਜਾਂਦੀ। ਸ਼ਾਇਦ ਉਸਨੂੰ ਡਰ ਸੀ ਕਿ ਕੋਈ ਅਜਿਹੀ ਅਣਮੋਲ ਵਸਤੂ ਨੂੰ ਉਖਾੜ ਕੇ ਨਾ ਲੈ ਜਾਵੇ। ਅਜਿਹੀ ਚਾਹ, ਅਜਿਹੀ ਸਾਵਧਾਨੀ ਨਾਲ ਕਿਸੇ ਗਰੀਬ ਵਿਧਵਾ ਨੇ ਆਪਣੇ ਇਕਲੋਤੇ ਪੁੱਤਰ ਦੀ ਪਾਲਣਾ ਵੀ ਸ਼ਾਇਦ ਹੀ ਕੀਤੀ ਹੋਵੇ।

ਹੌਲੀ ਹੌਲੀ ਇਹ ਪਿਆਰਾ ਪੌਦਾ ਵਧਣ ਲੱਗਾ। ਹੁਣ ਉਹ ਜ਼ਮੀਨ ਤੋਂ ਬਹੁਤ ਉੱਚਾ ਉਠ ਆਇਆ ਸੀ। ਉਸ ਦਾ ਤਣਾ ਵੀ ਮੋਟਾ ਹੋ ਗਿਆ ਸੀ। ਡਾਲਾਂ ਵੀ ਵੱਡੀਆਂ ਵੱਡੀਆਂ ਹੋ ਗਈਆਂ ਸਨ। ਰਾਤ ਵੇਲੇ ਇਵੇਂ ਮਾਲੂਮ ਹੁੰਦਾ ਸੀ, ਜਿਵੇਂ ਉਹ ਬਾਹਾਂ ਫੈਲਾ ਕੇ ਕਿਸੇ ਦੇ ਗਲੇ ਮਿਲਣ ਲਈ ਬੇਕਰਾਰ ਹੋ ਗਿਆ ਹੋਵੇ। ਸੁਲੱਖੀ ਉਸ ਨੂੰ ਆਪਣੀ ਬੇਟੀ ਤੇ ਜੈ ਚੰਦ ਉਸ ਨੂੰ ਆਪਣਾ ਬੇਟਾ ਕਹਿੰਦਾ ਸੀ। ਉਸਨੂੰ ਵੇਖਕੇ ਉਹਨਾਂ ਦੀਆਂ ਅੱਖਾਂ ਚਮਕਣ ਲੱਗ ਪੈਂਦੀਆਂ ਸਨ। ਉਹਨਾਂ ਦੇ ਦਿਲ ਦਾ ਕੰਵਲ ਖਿੜ ਪੈਂਦਾ ਸੀ। ਇਸ ਦਰਖਤ ਕੋਈ ਸਾਧਾਰਣ ਦਰਖ਼ਤ ਨਹੀਂ ਸੀ। ਉਹਨਾਂ ਦੀ ਰਾਤ ਦਿਨ ਦੀ ਮਿਹਨਤ ਦਾ ਫਲ ਸੀ। ਇਸ ਦੀ ਖਾਤਰ ਉਹਨਾਂ ਆਪਣੀਆਂ ਰਾਤਾਂ ਦੀ ਨੀਂਦਰ ਕੁਰਬਾਨ ਕੀਤੀ ਸੀ, ਇਸ ਤੇ ਉਹਨਾਂ ਨੇ ਆਪਣੇ ਸਰੀਰ ਤੇ ਆਤਮਾ ਦੀਆਂ ਸਾਰੀਆਂ ਸ਼ਕਤੀਆਂ ਖਰਚ ਕਰ ਦਿਤੀਆਂ ਸਨ।

ਇਸੇ ਤਰ੍ਹਾਂ ਪਿਆਰ ਲਾਡਾਂ ਤੇ ਚਾਵਾਂ ਦੇ ਚਾਰ ਸਾਲ ਗੁਜ਼ਰ ਗਏ ਅਤੇ ਬੇਰੀ ਦੇ ਫੱਲਣ ਦੇ ਦਿਨ ਨੇੜੇ ਆ ਗਏ। ਜੈ ਚੰਦ ਤੇ ਸੁਲੱਖੀ ਦੋਹਾਂ ਦੇ ਮਨ ਦੀ ਹਾਲਤ ਅਥੱਕ ਸੀ।

ਜਦੋਂ ਬੂਰ ਆ ਗਿਆ ਤਾਂ ਦੋਵੇਂ ਸਾਰਾ ਸਾਰਾ ਦਿਨ ਵਿਹੜੇ ਵਿਚ ਬੈਠੇ ਉਸ ਦੀ ਰਖਿਆ ਕਰਿਆ ਕਰਦੇ ਸਨ ਕਿ ਕੋਈ ਕੋਲ ਨਾ ਫਟਕੇ। ਜੈ ਚੰਦ ਹੁਣ ਪਹਿਲਾਂ ਵਾਂਗ ਪੂਜਾ ਪਾਠ ਦਾ ਪਾਬੰਧ ਨਹੀਂ ਸੀ ਰਿਹਾ। ਸੁਲੱਖੀ ਨੂੰ ਹੁਣ ਚਰਖੇ ਦਾ ਖਿਆਲ ਨਹੀਂ ਸੀ। ਆਮ ਦਰਖ਼ਤ ਦੇ ਪਿਆਰ ਨੇ ਉਹਨਾਂ ਨੂੰ ਇਸ ਤਰ੍ਹਾਂ ਬੰਨ ਲਿਆ ਸੀ ਕਿ ਜ਼ਰਾ ਹਿਲਦੇ ਵੀ ਨਹੀਂ

ਸੀ। ਹਰ ਵਕਤ ਇਸੇ ਦੀ ਹੀ ਗੱਲ ਕਰਦੇ ਅਤੇ ਉਸ ਸਮੇਂ ਉਹ ਇਸ ਸੰਸਾਰ ਤੋਂ ਬਾਹਰ ਚਲੇ ਜਾਂਦੇ ਸਨ। ਸੁਲੱਖੀ ਕਹਿੰਦੀ— 'ਤੁਹਾਡੇ ਖਿਆਲ ਵਿਚ ਉਹ ਪੀਲੇ ਰੰਗ ਦਾ ਬੂਰ ਹੋਵੇਗਾ, ਪਰ ਮੈਨੂੰ ਤਾਂ ਇੰਝ ਲੱਗਦਾ ਹੈ ਕਿ ਮੇਰੀ ਬੇਟੀ ਨੇ ਸੋਨੇ ਦੇ ਗਹਿਣੇ ਪਾਏ ਹਨ। ਕਿਸ ਸ਼ਾਨ ਨਾਲ ਖੜੀ ਹੈ।"

ਜੈ ਚੰਦ ਕਹਿੰਦਾ 'ਇਹ ਮੇਰੇ ਬੇਟੇ ਦੀ ਪਹਿਲੀ ਕਮਾਈ ਹੈ। ਇਹਨੂੰ ਬੂਰ ਕੌਣ ਕਹਿੰਦਾ ਹੈ? ਇਹ ਤਾਂ ਮੋਹਰਾਂ ਹਨ, ਸਗੋਂ ਮੈਨੂੰ ਤਾਂ ਇਹਨਾਂ ਦੇ ਸਾਹਮਣੇ ਮੋਹਰਾਂ ਵੀ ਤੁੱਛ ਲੱਗਦੀਆਂ ਹਨ। ਉਹਨਾਂ ਨੂੰ ਮਨੁੱਖ ਬਣਾਉਂਦਾ ਹੈ, ਪਰ ਇਸਨੂੰ ਤਾਂ ਭਗਵਾਨ ਨੇ ਆਪਣੇ ਹੱਥਾਂ ਨਾਲ ਸਜਾਇਆ ਹੈ ਇਸ ਦੇ ਸਾਹਮਣੇ ਮੋਹਰਾਂ ਤੇ ਅਸ਼ਰਫ਼ੀਆਂ ਦੀ ਕੀ ਵੱਟੀਦੀ ਹੈ ? ਥੋੜੇ ਦਿਨਾਂ ਵਿਚ ਇਹ ਬੇਰ ਬਣ ਜਾਣਗੇ। ਉਹਨਾਂ ਵਿਚ ਜੋ ਸੁੰਦਰਤਾ, ਜੋ ਜਵਾਨੀ, ਜੋ ਮਿਠਾਸ ਹੋਵੇਗੀ, ਉਹ ਸੋਨੇ ਦੇ ਉਨ੍ਹਾਂ ਸਿੱਕਿਆਂ ਵਿਚ ਕਿਥੇ !

ਸੁਲੱਖੀ ਕਹਿੰਦੀ, "ਜਿਸ ਦਿਨ ਪਹਿਲੇ ਬੇਰ ਉਤਰਨਗੇ ਉਸ ਦਿਨ ਮਠਿਆਈ ਵੰਡਾਂਗੀ।"

ਜੈ ਚੰਦ ਕਹਿੰਦਾ, "ਮੈਂ ਜਗਰਾਤਾ ਕਰਵਾਵਾਂਗਾ। ਪਿੰਡ ਦੇ ਸਾਰੇ ਲੋਕਾਂ ਨੂੰ ਬੁਲਾਵਾਂਗਾ। ਸਾਰੀ ਰਾਤ ਰੌਣਕ ਰਹੇਗੀ।" ਸੁਲੱਖੀ ਕਹਿੰਦੀ, 'ਖੂਬ ਖਰਚ ਕਰਨਾ ਪਵੇਗਾ।"

ਜੈ ਚੰਦ ਕਹਿੰਦਾ, "ਲੋਕ ਪੁੱਤਰਾਂ ਦੇ ਵਿਆਹਾਂ ਤੇ ਆਪਣਾ ਧੰਨ ਲੁਟਾਉਂਦੇ ਹਨ। ਮੇਰੇ ਲਈ ਇਹ ਹੀ ਬੇਟੇ ਦਾ ਵਿਆਹ ਹੈ। ਸਭ ਕੁਝ ਖ਼ਰਚ ਹੋ ਜਾਵੇ ਤਾਂ ਵੀ ਪਰਵਾਹ ਨਹੀਂ, ਪਰ ਇਕ ਵਾਰੀ ਦਿਲ ਦੇ ਅਰਮਾਨ ਪੂਰੇ ਹੋਣ, ਕੋਈ ਇੱਛਾ ਬਾਕੀ ਨਾ ਰਹਿ ਜਾਵੇ।"

ਇਹ ਸੁਣਕੇ ਸੁਲੱਖੀ ਕਿਸੇ ਦੂਜੀ ਦੁਨੀਆਂ ਵਿਚ ਪਹੁੰਚ ਜਾਂਦੀ ਸੀ। ਉਸ ਦੇ ਦਿਲ ਰੂਪੀ ਸਮੁੰਦਰ ਵਿਚ ਖੁਸ਼ੀ ਦੀਆਂ ਲਹਿਰਾਂ ਉਠਣ ਲੱਗ ਪੈਂਦੀਆਂ, ਜਿਵੇਂ ਚਾਂਦਨੀ ਰਾਤ ਵਿਚ ਸਮੁੰਦਰ ਅੰਦਰ ਜਵਾਰ ਭਾਟਾ ਆ ਜਾਂਦਾ ਹੈ।

(4)

ਆਖ਼ਰ ਉਹ ਦਿਨ ਵੀ ਆ ਗਿਆ, ਜਿਸ ਨੂੰ ਪਤੀ ਪਤਨੀ ਦੋਵੇਂ ਉਡੀਕ ਰਹੇ ਸਨ। ਪਹਿਲੇ ਦਿਨ ਬੇਰੀ ਦੇ ਦੋ ਸੌ ਬੇਰ ਉਤਰੇ। ਇਹ ਬੇਰ ਇਤਨੇ ਮੋਟੇ, ਅਜਿਹੇ ਗੋਲ-ਮਟੋਲ, ਅਜਿਹੇ ਲਾਲ-ਸੂਹੇ ਸੁੰਦਰ ਤੇ ਚਿਕਨੇ ਸਨ ਕਿ ਵੇਖ ਕੇ ਜੀਅ-ਖੁਸ਼ ਹੋ ਜਾਂਦਾ ਸੀ।

ਦੁਪਿਹਰ ਦਾ ਸਮਾਂ ਸੀ। ਸੁਲੱਖੀ ਨੇ ਪੁਰਾਣੇ ਜ਼ਮਾਨੇ ਦੀਆਂ ਹਿੰਦੂ ਤੀਵੀਆਂ ਵਾਂਗ ਨਵੇਂ ਕੱਪੜੇ ਪਾਏ, ਲਾਲ ਰੰਗ ਦੀ ਫੁਲਕਾਰੀ ਉਪਰ ਲਈ। ਨੱਕ ਵਿਚ ਨੱਥ ਪਾਈ ਤੇ ਜਾ ਕੇ ਜੈ ਚੰਦ ਦੇ ਸਾਹਮਣੇ ਖੜੀ ਹੋ ਗਈ, ਜਿਵੇਂ ਉਸ ਦਿਨ ਉਸ ਦੇ ਘਰ ਕੋਈ ਵਿਆਹ ਸ਼ਾਦੀ ਹੋਵੇ। ਉਸ ਨੂੰ ਇਹਨਾਂ ਕੱਪੜਿਆਂ ਵਿਚ ਵੇਖ ਕੇ ਜੈ ਚੰਦ ਨਸ਼ੇ ਵਿਚ ਆ ਗਿਆ। ਥੋੜੀ ਦੇਰ ਤਕ ਦੋਹਾਂ ਦੇ ਮੂੰਹ ਤੋਂ ਕੋਈ ਗੱਲ ਨਾ ਨਿਕਲੀ। ਅੱਖਾਂ ਮੀਟ ਕੇ ਇਸ ਅਲੋਕਿਕ ਅਨੰਦ ਨੂੰ ਮਾਣਦੇ ਰਹੇ। ਫਿਰ ਜੈ ਚੰਦ ਨੇ ਬੇਰ ਟੋਕਰੀ ਵਿਚ ਰੱਖੇ ਅਤੇ ਸੁਲੱਖੀ ਨੂੰ ਕਿਹਾ, “ਜਾ ! ਜਾ ਕੇ ਜਜਮਾਨਾਂ ਦੇ ਘਰੀਂ ਵੀਹ-ਵੀਹ ਦੇ ਆ।"

ਸੁਲੱਖੀ ਨੇ ਹੌਂਸਲੇ ਭਰੀਆਂ ਅੱਖਾਂ ਨਾਲ ਪਤੀ ਵੱਲ ਵੇਖਿਆ ਤੇ ਪਿਆਰ ਭਰੀ ਆਵਾਜ਼ ਵਿਚ ਕਿਹਾ, "ਈਸ਼ਵਰ ਕਰੇ ਖੂਬ ਮਿੱਠੇ ਹੋਣ। ਲੋਕ ਆਪਣੇ ਆਪ ਵਾਹ-ਵਾਹ ਕਹਿਣ, ਆ ਕੇ ਵਧਾਈਆਂ ਦੇਣ। ਕਹਿਣ, ਅਜਿਹੇ ਬੇਰ ਸਾਰੇ ਪਿੰਡ ਵਿਚ ਨਹੀਂ।"

ਜੈ ਚੰਦ ਨੇ ਦਸ ਬੇਰ ਆਪਣੇ ਲਈ ਰਖ ਲਏ ਸਨ। ਉਨ੍ਹਾਂ ਵਲ ਤੱਕਦਿਆਂ ਹੋਇਆ ਕਹਿਣ ਲੱਗਾ, ‘‘ਤੂੰ ਤਾਂ ਐਵੇਂ ਹੀ ਮਰੀ ਜਾਂਦੀ ਹੈ। ਦੂਜਿਆਂ ਲਈ ਮਿੱਠੇ ਨਾ ਹੋਣਗੇ। ਨਾ ਸਹੀ; ਪਰ ਸਾਡੇ ਲਈ ਇਨ੍ਹਾਂ ਤੋਂ ਮਿੱਠੀ ਚੀਜ਼ ਸੰਸਾਰ ਵਿਚ ਹੋਰ ਕੋਈ ਨਹੀਂ ਹੈ। ਇਹ ਮੈਂ ਚੱਖੇ ਬਿਨਾਂ ਹੀ ਕਹਿ ਸਕਦਾ ਹਾਂ। ਜਾ, ਦੇਰ ਹੋਈ ਜਾਂਦੀ ਹੈ। ਤੂੰ ਵੰਡ ਕੇ ਆ ਜਾਵੇਂ ਤਾਂ ਇਕੱਠੇ ਖਾਈਏ।"

ਸੁਲੱਖੀ ਨੇ ਪਤੀ ਵੱਲ ਸ਼ਰਧਾ ਨਾਲ ਵੇਖਦਿਆਂ ਉੱਤਰ ਦਿੱਤਾ, "ਮੈਂ ਇਕ ਅੱਧ ਘਰ ਵਿਚ ਦੇ ਲਵਾਂ ਤਾਂ ਤੁਸੀਂ ਖਾ ਲੈਣਾ। ਮੈਨੂੰ ਉਡੀਕਣ ਦੀ ਕੀ ਲੋੜ ਹੈ ?”

ਜੈ ਚੰਦ—ਵਾਹ ! ਲੋੜ ਕਿਉਂ ਨਹੀਂ ? ਇਕੱਠੇ ਖਾਵਾਂਗੇ, ਇਕਲਿਆਂ ਕੀ ਮਜ਼ਾ ਆਵੇਗਾ ? ਜ਼ਰਾ ਛੇਤੀ ਆ ਜਾਵੀਂ, ਨਹੀਂ ਲੜਾਈ ਹੋਵੇਗੀ।

ਸੁਲੱਖੀ ਨੇ ਨਿੱਕਾ ਜਿਹਾ ਘੁੰਡ ਕੱਢਿਆ ਅਤੇ ਬੇਰਾਂ ਦੀ ਟੋਕਰੀ ਚੁੱਕ ਕੇ ਵੰਡਣ ਤੁਰ ਪਈ, ਜਿਵੇਂ ਕੋਈ ਵਿਆਹ-ਸ਼ਾਦੀ ਦੀ ਮਠਿਆਈ ਵੰਡਣ ਜਾ ਰਹੀ ਹੋਵੇ। ਥੋੜੀ ਦੇਰ ਵਿਚ ਇਕ ਜਜਮਾਨ ਦੌੜਦਾ ਹੋਇਆ ਆਇਆ ਅਤੇ ਬੋਲਿਆ, ‘ਪੰਡਤ ਜੀ ! ਵਧਾਈ ਹੋਵੇ ਬੇਰ ਖੂਬ ਮਿੱਠੇ ਹਨ।"

ਜੈ ਚੰਦ ਦਾ ਦਿਲ ਧੜਕਨ ਲੱਗਾ ਮੂੰਹ ਗੁਲਾਬ ਵਾਂਗ ਖਿੜ ਗਿਆ। ਬੋਲਿਆ, ‘‘ਅੱਛਾ ! ਤੁਸੀਂ ਖਾਧੇ ਹਨ ?"

ਜਜਮਾਨ ਬੋਲਿਆ ਖਾਧੇ ਕੀ ਹਨ ! ਇਕ ਬੇਰ ਚਖਿਆ ਹੈ। ਪਰ ਵਾਹ ਭਈ ਵਾਹ ! ਗੁੜ ਤੋਂ ਵੀ ਮਿੱਠਾ ਹੈ, ਅੰਬ ਤੋਂ ਵੀ ਮਿੱਠਾ ਹੈ। ਕੋਈ ਹੋਰ ਬੇਰ ਹੈ ਜਾਂ ਨਹੀਂ ?!

ਜੈ ਚੰਦ ਦੀਆਂ ਵਾਛਾਂ ਖਿੜਦੀਆਂ ਜਾ ਰਹੀਆਂ ਸਨ। ਉਸ ਨੇ ਦੋ ਬੇਰ ਚੁੱਕ ਕੇ ਜਜਮਾਨ ਦੇ ਹੱਥ ਤੇ ਧਰ ਦਿੱਤੇ। ਜਜਮਾਨ ਖਾਂਦਾ ਜਾਂਦਾ ਤੇ ਤਾਰੀਫ਼ ਕਰੀ ਜਾਂਦਾ। ਫਿਰ ਕਹਿਣ ਲੱਗਾ, "ਪੰਡਤ ਜੀ ! ਇਹ ਬੇਰ ਕੀ ਹਨ, ਖੰਡ ਦੇ ਖਿਡੌਣੇ ਹਨ। ਮੇਰੀ ਇਤਨੀ ਉਮਰ ਹੋ ਗਈ, ਪਰ ਅਜਿਹੇ ਬੇਰ ਮੈਂ ਅੱਜ ਤਕ ਨਹੀਂ ਖਾਧੇ। ਪ੍ਰਮਾਤਮਾ ਜਾਣੇ ਇਹਨਾਂ ਵਿਚ ਕੈਸ਼ਾ ਸੁਆਦ ਹੈ, ਮਾਲੂਮ ਹੁੰਦਾ ਹੈ ਜਿਵੇਂ ਇਨ੍ਹਾਂ ਵਿਚ ਖ਼ੁਸਬੋ ਭਰੀ ਹੋਵੇ।"

ਜੈ ਚੰਦ-ਪਰਮਾਤਮਾ ਨੇ ਸਾਡੀ ਮਿਹਨਤ ਸਫਲ ਕੀਤੀ ਹੈ।

ਜਜਮਾਨ-ਸਾਰੇ ਇਲਾਕੇ ਵਿਚ ਅਜਿਹੇ ਬੇਰ ਮਿਲ ਜਾਣ ਤਾਂ ਮੈਂ ਮੁੱਛਾਂ ਕਟਵਾ ਦਿਆਂਗਾ। ਦੂਰੋ-ਨੇੜਿਉਂ ਲੋਕ ਆਇਆ ਕਰਨਗੇ। ਜਾਪਦਾ ਹੈ, ਤੁਸਾਂ ਅਜੇ ਨਹੀਂ ਚੱਖੇ ਹਨ।

ਜੈ ਚੰਦ—ਜਜਮਾਨ ਦੀ ਭੇਟਾ ਕਰ ਲਵਾਂ, ਫਿਰ ਖਾਵਾਂਗਾ।

ਜਜਮਾਨ—ਹੈਰਾਨ ਰਹਿ ਜਾਉਗੇ। ਅਜਿਹੇ ਬੇਰ ਕਾਬਲ, ਕੰਧਾਰ ਵਿਚ ਵੀ ਨਹੀਂ ਸਾਡੇ ਘਰ ਵਿਚ ਦਸ-ਵੀਹ ਬੇਰਾਂ ਨਾਲ ਕੀ ਬਣਦਾ ਹੈ ? ਵੇਖਦੇ ਵੇਖਦੇ ਖਤਮ ਹੋ ਗਏ।

ਹੋਰ ਬੇਰ ਕਦੋ ਉਤਰਨਗੇ ? ਅਸੀਂ ਵੀਹ ਹੋਰ ਲਵਾਂਗੇ।

ਜੈਚੰਦ-ਤੁਹਾਡਾ ਆਪਣਾ ਦਰਖ਼ਤ ਹੈ। ਦੋ ਚਾਰ ਦਿਨ ਤਕ ਹੋਰ ਉਤਰਨਗੇ ਤਾਂ ਭਿਜਵਾ ਦੇਵਾਂਗਾ। ਮੈਨੂੰ ਦੂਜਿਆਂ ਨੂੰ ਖੁਆ ਕੇ ਜੋ ਖੁਸ਼ੀ ਹੁੰਦੀ ਹੈ, ਉਹ ਖਾ ਕੇ ਨਹੀਂ ਹੁੰਦੀ। ਲਉ, ਦੋ ਹੋਰ ਲੈ ਜਾਉ। ਛੇ ਬਾਕੀ ਹਨ। ਅਸੀਂ ਦੋਵੇਂ ਤਿੰਨ ਤਿੰਨ ਖਾ ਲਵਾਂਗੇ। ਸਾਨੂੰ ਇਹੀ ਕਾਫ਼ੀ ਹਨ।

ਥੋੜੀ ਦੇਰ ਬਾਅਦ ਇਕ ਹੋਰ ਜਜਮਾਨ ਆਇਆ। ਉਸਨੇ ਵੀ ਇਤਨੀ ਤਾਰੀਫ਼ ਕੀਤੀ ਕਿ ਜੈ ਚੰਦ ਦੀਆਂ ਅੱਖਾਂ ਵਿੱਚ ਚਮਕ ਆ ਗਈ। ਕਹਿਣ ਲੱਗਾ-ਇਹ ਪਿਆਰ ਦਾ ਦਰਖ਼ਤ ਹੈ, ਇਸ ਵਿੱਚ ਪਿਆਰ ਦੇ ਬੇਰ ਲੱਗੇ ਹਨ। ਇਸ ਤੋਂ ਮਿੱਠੇ ਦੁਨੀਆਂ ਭਰ ਵਿੱਚ ਨਾ ਹੋਣਗੇ। ਭਈ ! ਇਤਨੀ ਮਿਹਨਤ ਕੌਣ ਕਰਦਾ ਹੈ ? ਤੁਸਾਂ ਦੋਹਾਂ ਨੇ ਇਕ ਮਿਸਾਲ ਕਾਇਮ ਕਰ ਦਿਤੀ ਹੈ। ਦੋ ਬੇਰ ਖਾਧੇ ਹਨ, ਦੋ ਹੋਰ ਮਿਲ ਜਾਣ ਤਾਂ ਮਜ਼ਾ ਆ ਜਾਵੇ। ਫ਼ਾਲਤੂ ਹਨ, ਜਾ ਨਹੀਂ ?"

ਜੈ ਚੰਦ ਨੇ ਮੁਸਕਰਾ ਕੇ ਕਿਹਾ, 'ਛੇ ਬਚੇ ਹਨ,। ਦੋ ਤੁਸੀਂ ਲੈ ਜਾਵੋ। ਦੋ-ਦੋ ਅਸੀਂ ਖਾ ਲਵਾਂਗੇ।"

ਜਜਮਾਨ—ਇਹ ਤਾਂ ਅਨਿਆਂ ਹੋਵੇਗਾ। ਰਹਿਣ ਦਿਉ। ਫਿਰ ਸਹੀ। ਹੋਰ ਬੇਰ ਕਦ ਤਕ ਉਤਰਨਗੇ ?"

ਜੈ ਚੰਦ ਤੁਸੀਂ ਲੈ ਜਾਵੋ | ਅਸੀਂ ਸੁਆਦ ਵੇਖਣਾ ਹੈ, ਪੇਟ ਥੋੜਾ ਭਰਨਾ ਹੈ। (ਬੇਰ ਹੱਥ ਤੇ ਰਖਦੇ ਹੋਏ) ਰਾਤ ਨੂੰ ਜਗਰਾਤਾ ਹੈ। ਆਉਗੇ ਨਾ ? ਕੋਈ ਪੁੱਤਰ ਦਾ ਵਿਆਹ ਕਰਦਾ ਹੈ ਕੋਈ ਪੋਤੇ-ਪੋਤੀ ਦਾ ਮੁੰਡਨ ਕਰਦਾ ਹੈ। ਮੇਰੀ ਉਮਰ ਵਿੱਚ ਇਹੀ ਇਕ ਦਿਨ ਆਇਆ ਹੈ। ਇਹੀ ਖ਼ੁਸ਼ੀ ਦਾ ਪਹਿਲਾ ਦਿਨ ਹੈ, ਇਹੀ ਆਖ਼ਰੀ ਦਿਨ ਹੋਵੇਗਾ। ਹੋਰ ਕੀ?

ਜਜਮਾਨ —ਜ਼ਰੂਰ ਆਵਾਂਗਾ, ਪੰਡਤ ਜੀ ! ਪਰ ਬੇਰ ਖੂਬ ਮਿੱਠੇ ਹਨ, ਹਾਲੀ ਤਕ ਮੂੰਹ ਵਿਚੋਂ ਖ਼ੁਸ਼ਬੋ ਆ ਰਹੀ ਹੈ।

ਇਹ ਕਹਿ ਕੇ ਜਜਮਾਨ ਚਲਾ ਗਿਆ। ਇੰਨੇ ਵਿਚ ਦੋ ਹੋਰ ਆ ਗਏ। ਪੰਡਿਤ ਜੀ ਕੋਲ ਚਾਰ ਬੇਰ ਬਾਕੀ ਸਨ। ਉਹ ਉਨ੍ਹਾਂ ਦੀ ਭੇਟਾ ਹੋ ਗਏ। ਉਸ ਪਾਸ ਹੁਣ ਇਕ ਵੀ ਬੇਰ ਨਹੀਂ ਸੀ। ਉਹ ਦਿਲ ਵਿੱਚ ਡਰਿਆ ਕਿ ਸੁਲੱਖੀ ਨੂੰ ਕੀ ਕਹਾਂਗਾ? ਕਿਤੇ ਨਾਰਾਜ਼ ਨਾ ਹੋ ਜਾਵੇ। ਤੈਸ਼ ਵਿਚ ਨਾ ਆ ਜਾਵੇ। ਪਰ ਸੁਲੱਖੀ ਇਸ ਤਰ੍ਹਾਂ ਦੀ ਇਸਤਰੀ ਨਹੀਂ ਸੀ। ਸਾਰੀ ਵਾਰਤਾ ਸੁਣਕੇ ਬੋਲੀ, "ਤੁਸਾਂ ਬਹੁਤ ਚੰਗਾ ਕੀਤਾ ਹੈ। ਸਾਡਾ ਕੀ ਹੈ? ਫਿਰ ਖਾ ਲਵਾਂਗੇ। ਆਪਣਾ ਦਰਖ਼ਤ ਹੈ, ਜਦੋਂ ਜੀਅ ਕੀਤਾ ਦੋ ਬੇਰ ਤੋੜ ਲਏ। ਕਿਤੋਂ ਮੰਗਣ ਥੋੜਾ ਜਾਣਾ ਹੈ "

ਜੈ ਚੰਦ-ਪਿੰਡ ਵਿਚ ਧੁੰਮਾਂ ਪੈ ਗਈਆਂ ਹਨ। ਕਹਿੰਦੇ ਹਨ—ਇਹੋ ਜਿਹੇ ਬੇਰ ਦੂਰ-ਦੂਰ ਤਕ ਨਹੀਂ ਹਨ।

ਸੁਲੱਖੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਨੱਥ ਨੂੰ ਸੰਭਾਲਦਿਆਂ ਬੋਲੀ, "ਸਾਰੇ ਕਹਿੰਦੇ ਹਨ-ਹੋਰ ਦਿਉ। ਬੇਰ ਕੀ ਹਨ, ਖੋਏ ਦੇ ਪੇੜੇ ਹਨ। "

ਜੈ ਚੰਦ— ਕਹਿੰਦੇ ਹਨ, ਇਨ੍ਹਾਂ ਵਿੱਚ ਮਹਿਕ ਵੀ ਹੈ।

ਸੁਲੱਖੀ — ਜਿਹੜਾ ਖਾਂਦਾ ਹੈ, ਚਟਖਾਰੇ ਲੈਂਦਾ ਹੈ। ਕਹਿੰਦੇ ਹਨ ਐਸਾ ਮਜ਼ਾ ਨਾ ਅੰਬ ਵਿੱਚ ਹੈ ਨਾ ਸੰਤਰੇ ਵਿੱਚ।

ਜੈ ਚੰਦ—ਇਹ ਸਾਰਾ ਤੇਰੀ ਮਿਹਨਤ ਦਾ ਫਲ ਹੈ। ਰੋਜ਼ ਪਾਣੀ ਦਿਆ ਕਰਦੀ ਸੈਂ। ਤੇਰੇ ਹੱਥਾਂ ਦਾ ਪਾਣੀ ਅੰਮ੍ਰਿਤ ਹੋ ਗਿਆ।

ਸੁਲੱਖੀ-ਅਤੇ ਜਿਹੜੇ ਤੁਸੀਂ ਕੱਪੜਿਆਂ ਨਾਲ ਛਾਂ ਕਰਦੇ ਫਿਰਦੇ ਸਾਉ। ਉਸਦਾ ਕੋਈ ਅਸਰ ਨਹੀਂ? ਇਹ ਸਭ ਉਸੇ ਦਾ ਫਲ ਹੈ।

ਜੈ ਚੰਦ-ਤੂੰ ਜ਼ਰਾ ਦੇਰ ਨਾਲ ਮੁੜੀ ਹੈ। ਨਹੀਂ ਤਾਂ ਇੱਕ-ਇੱਕ ਖਾਂ ਲੈਂਦੇ। ਹੁਣ ਦੋ-ਚਾਰ ਦਿਨ ਤਕ ਪਕਣਗੇ।

(5)

ਪਰ ਜੈ ਚੰਦ ਦੇ ਭਾਗਾਂ ਵਿੱਚ ਬੈਰ ਪਕਾਉਣਾ ਸੀ, ਬੈਰ ਖਾਣਾ ਨਹੀਂ ਸੀ। ਜਗਰਾਤੇ ਤੋਂ ਮਗਰੋਂ ਉਸਨੂੰ ਇਕ ਦਮ ਬੁਖ਼ਾਰ ਹੋ ਗਿਆ। ਪਿੰਡ ਵਿਚ ਜਿਹੋ ਜਿਹਾ ਇਲਾਜ ਹੋ ਸਕਦਾ ਸੀ, ਹੋਇਆ। ਹਕੀਮ ਨੇ ਸਮਝਿਆ ਥਕਾਵਟ ਦਾ ਬੁਖ਼ਾਰ ਸੀ, ਜਿਸਦੀ ਦਵਾ ਦੁਨੀਆਂ ਦੇ ਵੱਡੇ ਤੋਂ ਵੱਡੇ ਹਕੀਮ ਪਾਸ ਵੀ ਨਹੀਂ। ਚੌਥੇ ਦਿਨ ਸਵੇਰੇ ਜੈ ਚੰਦ ਸੁਲੱਖੀ ਨਾਲ ਘੰਟਾ ਭਰ ਹੌਲੀ ਹੌਲੀ ਗੱਲਾਂ ਕਰਦਾ ਰਿਹਾ। ਗੱਲਾਂ ਕੀ ਕਰਦਾ ਰਿਹਾ ਰੋਂਦਾ ਤੇ ਰੁਆਉਂਦਾ ਰਿਹਾ। ਦੁਨੀਆਂਦਾਰੀ ਦੀਆਂ ਗੱਲਾਂ ਸਮਝਾਉਂਦਾ ਰਿਹਾ ! ਇਹ ਗੱਲਾਂ ਉਸਦੇ ਜੀਵਨ-ਤਜਰਬੇ ਦਾ ਨਿਚੋੜ ਸਨ। ਸੁਲੱਖੀ ਇਹ ਗੱਲਾਂ ਸੁਣਦੀ ਤੇ ਰੋਈ ਜਾਂਦੀ ਸੀ। ਇਸ ਵੇਲੇ ਉਸ ਦਾ ਮਨ ਵਸ ਵਿਚ ਨਹੀਂ ਸੀ। ਉਹ ਚਾਹੁੰਦੀ ਸੀ, ਜਿਸ ਤਰ੍ਹਾਂ ਵੀ ਹੋਵੇ, ਪਤੀ ਨੂੰ ਬਚਾ ਲਵੇ। ਜੇ ਉਸਦੇ ਵਸ ਵਿੱਚ ਹੁੰਦਾ, ਤਾਂ ਉਹ ਆਪਣੀ ਜਾਨ ਦੇ ਕੇ ਵੀ ਉਸਨੂੰ ਬਚਾ ਲੈਂਦੀ। ਇਸ ਵਿਚ ਉਸਨੂੰ ਜ਼ਰਾ ਵੀ ਸੰਕੋਚ ਨਹੀਂ ਸੀ। ਪਰ ਜੋ ਭਾਗ ਵਿੱਚ ਲਿਖਿਆ ਹੋਵੇ, ਉਸਨੂੰ ਕੌਣ ਟਾਲ ਸਕਦਾ ਹੈ। ਥੋੜੀ ਦੇਰ ਬਾਅਦ ਜਦੋਂ ਉਧਰ ਦੁਨੀਆਂ ਦਾ ਸੂਰਜ ਚੜ੍ਹ ਰਿਹਾ ਸੀ, ਐਧਰ ਜੈ ਚੰਦ ਦੇ ਜੀਵਨ ਤੇ ਸੁਲੱਖੀ ਦੀ ਦੁਨੀਆਂ ਦਾ ਸੂਰਜ ਸਦਾ ਲਈ ਡੁੱਬ ਰਿਹਾ ਸੀ।

ਹੁਣ ਸੁਲੱਖੀ ਦੁਨੀਆਂ ਵਿਚ ਬਿਲਕੁਲ ਇਕੱਲੀ ਸੀ। ਹੁਣ ਉਸਦਾ ਇਕ ਛੋਟੇ ਭਰਾ ਤੋਂ ਬਿਨਾ ਹੋਰ ਕੋਈ ਨਹੀਂ ਸੀ। ਥੋੜੇ ਦਿਨ ਰੋਂਦੀ ਰਹੀ। ਫਿਰ ਚੁੱਪ ਹੋ ਗਈ। ਇਸ ਲਈ ਨਹੀਂ ਕਿ ਮੌਤ ਦਾ ਸੋਗ ਭੁੱਲ ਗਈ, ਸਗੋਂ ਇਸ ਲਈ ਕਿ ਉਸਦੀਆਂ ਅੱਖਾਂ ਵਿਚ ਅਥਰੂ ਨਹੀਂ ਸਨ ਰਹੇ। ਰੋ ਰੋ ਕੇ ਅਥਰੂ ਵੀ ਖ਼ਤਮ ਹੋ ਜਾਂਦੇ ਹਨ। ਪਰ ਉਸਦੇ ਦਿਲ ਦੇ ਜ਼ਖ਼ਮ ਹਮੇਸ਼ਾ ਹਰੇ ਸਨ। ਉਸਨੂੰ ਕਿਸੇ ਤਰ੍ਹਾਂ ਚੈਨ ਨਹੀਂ ਸੀ ਪੈਂਦਾ। ਪਤੀ ਦੀ ਮੌਤ ਤੋਂ ਬਾਅਦ ਉਸਨੂੰ ਕਿਸੇ ਨੇ ਹਸਦਿਆਂ ਨਾ ਵੇਖਿਆ। ਨਾ ਚੰਗਾ ਖਾਂਦੀ ਨਾ ਚੰਗਾ ਪਾਉਂਦੀ। ਉਸਦਾ ਜਿਆਦਾ ਵਕਤ ਦੁਖੀਆਂ ਦੀ ਸੇਵਾ ਵਿੱਚ ਲੱਗਦਾ। ਪਿੰਡ ਵਿੱਚ ਕੋਈ ਬੀਮਾਰ ਹੁੰਦਾ। ਸੁਲੱਖੀ ਪਹੁੰਚ ਜਾਂਦੀ। ਫਿਰ ਉਸਨੂੰ ਸੌਣਾ ਹਰਾਮ ਸੀ। ਸਿਰਹਾਣਿਉਂ ਨਹੀਂ ਸੀ ਉਠਦੀ। ਹਰ ਵਕਤ ਸੇਵਾ ਵਿਚ ਲੱਗੀ ਰਹਿੰਦੀ ਜਿਵੇਂ ਕਿ ਮਾਂ ਬੱਚੇ ਦੀ ਤੀਮਾਰਦਾਰੀ ਕਰ ਰਹੀ ਹੋਵੇ। ਜਦੋਂ ਉਹ ਰਾਜ਼ੀ ਹੋ ਜਾਂਦਾ ਤਾਂ ਘਰ ਵਾਪਸ ਆਉਂਦੀ। ਉਸ ਦੀਆਂ ਇਨ੍ਹਾਂ ਸੇਵਾਵਾਂ ਨੇ ਪਿੰਡ ਵਾਲਿਆਂ ਦੇ ਮਨ ਮੋਹ ਲਏ।

ਕਹਿੰਦੇ ਸਨ -ਇਹ ਇਸਤਰੀ ਨਹੀਂ ਦੇਵੀ ਹੈ। ਹੁਣ ਉਨ੍ਹਾਂ ਨੂੰ ਮਹਿਸੂਸ ਹੁੰਦਾ ਕਿ ਜੇ ਉਹ ਨਾ ਹੋਵੇ ਤਾਂ ਪਿੰਡ ਵਾਲਿਆਂ ਨੂੰ ਕਿੰਨੀ ਮੁਸੀਬਤ ਹੋਵੇ। ਉਸਨੂੰ ਦੁਨੀਆਂ ਦੀ ਕਿਸੇ ਚੀਜ਼ ਨਾਲ ਪਿਆਰ ਨਹੀਂ ਸੀ। ਜਿਵੇਂ ਉਸਨੇ ਸਨਿਆਸ ਲੈ ਲਿਆ ਹੋਵੇ, ਜਿਵੇਂ ਉਸਨੇ ਦੁਨੀਆਂ ਦੀ ਹਰ ਚੀਜ਼ ਛੱਡ ਦਿੱਤੀ ਹੋਵੇ।

ਪਰ ਇਕ ਚੀਜ਼ ਨਾਲ ਉਸਨੂੰ ਅਜੇ ਵੀ ਪਿਆਰ ਸੀ, ਇਹ ਉਸਦੀ ਬੇਰੀ ਸੀ। ਉਹ ਹੁਣ ਵੀ ਉਸਦਾ ਉਸੇ ਤਰ੍ਹਾਂ ਖ਼ਿਆਲ ਰਖਦੀ ਸੀ। ਉਸਨੂੰ ਉਸੇ ਤਰ੍ਹਾਂ ਪਾਣੀ ਦੇਂਦੀ ਸੀ। ਗਰਮੀ ਵਿੱਚ ਉਸਦੇ ਪੱਤਿਆਂ ਨੂੰ ਕੁਮਲਾਇਆ ਵੇਖ ਕੇ ਹੁਣ ਵੀ ਉਸੇ ਤਰ੍ਹਾਂ ਤੜਪ ਉਠਦੀ ਸੀ। ਰਾਤ ਨੂੰ ਚੌਂਕ ਚੌਂਕ ਕੇ ਹੁਣ ਵੀ ਉਸਨੂੰ ਦੇਖਦੀ ਸੀ। ਬਾਹਰ ਜਾਂਦੀ ਤਾਂ ਭਰਾ ਲਛਮਣ ਨੂੰ ਕਹਿ ਜਾਂਦੀ— ਬੇਰੀ ਦਾ ਖਿਆਲ ਰਖੀਂ। ਜਦੋਂ ਬੇਰ ਲੱਗਦੇ ਤਾਂ ਦੋ ਤਿੰਨ ਮਹੀਨੇ ਉਸਦੇ ਕੋਲੋਂ ਨਾ ਉਠਦੀ। ਮਤਾਂ ਜਾਨਵਰ ਆ ਕੇ ਕੁਤਰ ਜਾਣ। ਜਦ ਬੇਰ ਉਤਰਦੇ ਤਾਂ ਸਾਰੇ ਪਿੰਡ ਵਿਚ ਵੰਡਦੀ, ਜਿਸ ਤਰ੍ਹਾਂ ਪਹਿਲੇ ਸਾਲ ਵੰਡੇ ਸਨ। ਪਰ ਆਪ ਬੇਰਾਂ ਨੂੰ ਮੂੰਹ ਨਹੀਂ ਸੀ ਲਾਉਂਦੀ। ਨਾ ਪਹਿਲੇ ਸਾਲ ਖਾਧੇ ਸਨ, ਨਾ ਹੁਣ ਖਾਂਦੀ ਸੀ। ਉਸਦਾ ਭਰਾ ਲਛਮਣ ਖੂਬ ਢਿੱਡ ਭਰ ਕੇ ਖਾਂਦਾ ਸੀ। ਉਹ ਕਹਿੰਦਾ ਸੀ-“ਇਹ ਬੇਰ ਇਸ ਦੁਨੀਆਂ ਦੇ ਨਹੀਂ ਸੁਰਗਪੁਰੀ ਦੇ ਹਨ।" ਕਦੇ ਕਹਿੰਦਾ- ਤੂੰ ਵੀ ਚਖ ਕੇ ਵੇਖ" ਉਹ ਕਹਿੰਦੀ—ਉਹ ਖਾਂਦੇ ਤਾਂ ਮੈਂ ਵੀ ਖਾਂਦੀ। ਉਨ੍ਹਾਂ ਨੇ ਨਹੀਂ ਖਾਧੇ, ਹੁਣ ਮੈਂ ਵੀ ਨਹੀਂ ਖਾਵਾਂਗੀ।"

ਲਛਮਣ ਕਹਿੰਦਾ, "ਤੂੰ ਅਭਾਗੀ ਹੈਂ।”

ਸੁਲੱਖੀ ਕਹਿੰਦੀ-'ਅਭਾਗੀ ਨਾ ਹੁੰਦੀ ਤਾਂ ਉਹ ਕਿਉਂ ਮਰਦੇ ? ਹੁਣ ਤਾਂ ਸਾਰੀ ਉਮਰ ਇੱਦਾਂ ਹੀ ਕਟੇਗੀ।"

ਗੁਰਦਾਸਪੁਰ ਦੇ ਕਈ ਦੁਕਾਨਦਾਰਾਂ ਨੇ ਬੇਰੀ ਮੁੱਲ ਲੈਣੀ ਚਾਹੀ, ਪਰ ਸੁਲੱਖੀ ਨੇ ਸਾਫ਼ ਇਨਕਾਰ ਕਰ ਦਿੱਤਾ। ਕਿਹਾ, "ਮਰਦੀ ਮਰ ਜਾਵਾਂਗੀ, ਪਰ ਬੇਰੀ ਨਹੀਂ ਦੇਵਾਂਗੀ।" ਇਕ ਦੁਕਾਨਦਾਰ ਨੇ ਕਿਹਾ, "ਦੋ ਸੌ ਰੁਪਿਆ ਲੈ ਲਏ, ਬੇਰੀ ਦੇ ਦੇ।"

ਸੁਲੱਖੀ ਨੇ ਉੱਤਰ ਦਿੱਤਾ- "ਤੂੰ ਦੋ ਹਜ਼ਾਰ ਦੇਵੇਂ ਤਦ ਵੀ ਨਾ ਵੇਚਾਂ। ਦੋ ਲੱਖ ਦੇ ਤਾਂ ਵੀ ਨਾ ਦੇਵਾਂ।"

ਦੁਕਾਨਦਾਰ --ਤੂੰ ਅਜੀਬ ਜ਼ਨਾਨੀ ਏ, ਨਾ ਖਾਂਦੀ ਏਂ ਨਾ ਵੇਚਦੀ ਏਂ।

ਸੁਲੱਖੀ-ਵੰਡਦੀ ਤਾਂ ਹਾਂ। ਮੇਰੇ ਲਈ ਇਹ ਖ਼ੁਸ਼ੀ ਦੀ ਗੱਲ ਹੈ। ਮੈਂ ਨਹੀਂ ਖਾਂਦੀ, ਕੀ ਹੋਇਆ ਸਾਰਾ ਪਿੰਡ ਖਾਂਦਾ ਹੈ।

ਦੁਕਾਨਦਾਰ-ਪਰ ਇਸ ਨਾਲ ਤੈਨੂੰ ਕੀ ਮਿਲ ਜਾਂਦਾ ਹੈ ? ਜਿਸਨੂੰ ਬੇਰ ਖਾਣ ਦੀ ਜਰੂਰਤ ਹੋਵੇਗੀ, ਖ਼ਰੀਦ ਕੇ ਖਾ ਲਵੇਗਾ।

ਸੁਲੱਖੀ ਨੇ ਦੁਕਾਨਦਾਰ ਵੱਲ ਬੜੀ ਤਰਸਮਈ ਨਜ਼ਰ ਨਾਲ ਤੱਕਿਆ, ਅਤੇ ਕਿਹਾ—"ਮੈਂ ਬ੍ਰਾਹਮਣੀ ਹਾਂ, ਕੁੰਜੜੀ ਨਹੀਂ ਜੋ ਆਪਣੇ ਬੇਰ ਵੇਚਾਂ। ਨਾ ਭਾਈ! ਇਹ ਨਹੀਂ ਹੋਵੇਗਾ। ਤੂੰ ਆਪਣੇ ਰੁਪਏ ਕੋਲ ਰੱਖ, ਮੈਨੂੰ ਇਹ ਸੌਦਾ ਮਨਜ਼ੂਰ ਨਹੀਂ।"

ਇਕ ਹੋਰ ਦੁਕਾਨਦਾਰ ਨੇ ਕਿਹਾ, 'ਜੇ ਤੂੰ ਬੇਰੀ ਵੇਚੇ ਤਾਂ ਮੈਂ ਤੈਨੂੰ ਪੰਜ ਸੌ ਰੁਪਏ ਦੇਵਾਂਗਾ। ਬੋਲ, ਹੈ ਮਰਜ਼ੀ ?"

ਸੁਲੱਖੀ—ਇਹ ਬੇਰੀ ਨਹੀਂ ਹੈ, ਸਾਡੀ ਸੰਤਾਨ ਹੈ। ਆਪਣੀ ਔਲਾਦ ਨੂੰ ਕੌਣ ਵੇਚਦਾ ?

ਦੁਕਾਨਦਾਰ—ਇਹ ਤੇਰਾ ਭਰਮ ਹੈ। ਆਦਮੀ ਦੀ ਔਲਾਦ ਆਦਮੀ ਹੁੰਦੀ ਹੈ, ਦਰਖ਼ਤ ਨਹੀਂ ਹੁੰਦਾ।

ਸੁਲੱਖੀ—ਇਹ ਆਪਣਾ ਆਪਣਾ ਵਿਚਾਰ ਹੈ। ਕਈ ਆਦਮੀ ਅਜਿਹੇ ਵੀ ਹਨ, ਜੋ ਠਾਕਰ ਜੀ ਨੂੰ ਪੱਥਰ ਕਹਿੰਦੇ ਹਨ।

ਦੁਕਾਨਦਾਰ —ਮੈਨੂੰ ਤਾਂ ਦਰਖਤ ਹੀ ਵਿਖਾਈ ਦੇਂਦਾ ਹੈ।

ਸੁਲੱਖੀ -ਤੇਰੀਆਂ ਅੱਖਾਂ ਵਿਚ ਉਹ ਜੋਤ ਕਿਥੇ ? ਜੋ ਇਸਦੀ ਅਸਲ ਸੂਰਤ ਵੇਖ ਸਕੇ ? ਦਰਖਤਾਂ ਦੇ ਬੇਰ ਇੰਨੇ ਮਿੱਠੇ ਕਿਥੇ ਹੁੰਦੇ ਹਨ ?

ਲਛਮਣ ਹੁਣ ਚੁੱਪ ਸੀ ਉਹ ਸੁਣ ਕੇ ਬੋਲਿਆ, "ਅਜਿਹੇ ਬੇਰ ਤੂੰ ਹੋਰ ਵੀ ਕਿਤੇ ਵੇਖੇ ਹਨ ? ਇਹ ਬੇਰ ਆਨੇ ਵਿਚ ਵੀ ਸਸਤਾ ਹੈ ?

ਦੁਕਾਨਦਾਰ—ਇਹ ਠੀਕ ਹੈ। ਪਰ ਆਖ਼ਰ ਇਹ ਹੈ ਤਾਂ ਬੇਰੀ।

ਸੁਲੱਖੀ—ਨਹੀਂ ਭਰਾ। ਇਹ ਬੇਰੀ ਨਹੀਂ ਹੈ, ਮੇਰੇ ਮਾਲਕ ਦੀ ਨਿਸ਼ਾਨੀ ਹੈ।

ਜਿਹੜਾ ਆਪਣੇ ਮਾਲਕ ਦੀ ਨਿਸ਼ਾਨੀ ਨੂੰ ਵੇਚੇ ਉਸਨੂੰ ਮਰ ਕੇ ਨਰਕ ਵਿਚ ਵੀ ਢੋਈ ਨਹੀਂ ਮਿਲਦੀ।

ਦੁਕਾਨਦਾਰ—ਹੁਣ ਇਸਦਾ ਕੀ ਜਵਾਬ ਦੇਵਾਂ ? ਪੰਜ ਸੋ ਰੁਪਏ ਥੋੜੇ ਨਹੀਂ ਹੁੰਦੇ।

ਤੇਰੀ ਉਮਰ ਆਰਾਮ ਨਾਲ ਕੱਟ ਜਾਵੇਗੀ।

ਸੁਲੱਖੀ-- ਵੀਰਾ ! ਜੋ ਸੁਖ ਮੈਨੂੰ ਇਸਨੂੰ ਪਾਣੀ ਦੇ ਕੇ ਹੁੰਦਾ ਹੈ, ਉਹ ਪੈਸੇ ਲੈ ਕੇ ਨਹੀਂ ਹੋਵੇਗਾ।

ਦੁਕਾਨਦਾਰ - ਪਰ ਪਾਣੀ ਦੇਣ ਤੋਂ ਤੈਨੂੰ ਕੌਣ ਰੋਕਦਾ ਹੈ ? ਜਿੰਨਾ ਜੀ ਕਰੇ ਪਾਣੀ ਦੇ। ਜੇ ਤੇਰਾ ਹੱਥ ਫੜਾਂ ਤਾਂ ਜੋ ਚੋਰ ਦੀ ਸਜ਼ਾ, ਉਹ ਮੇਰੀ ਸਜ਼ਾ !

ਸੁਲੱਖੀ-ਪਰ ਜੋ ਗੱਲ ਹੁਣ ਹੈ, ਉਹ ਫਿਰ ਕਿੱਥੇ? ਹੁਣ ਆਪਣਾ ਹੈ, ਫਿਰ ਪਰਾਇਆ ਹੋ ਜਾਵੇਗਾ। ਹੁਣ ਸਾਰੇ ਪਿੰਡ ਵਿੱਚ ਬੇਰ ਵੰਡਦੀ ਹਾਂ ਫਿਰ ਤੂੰ ਹੱਥ ਵੀ ਨਹੀਂ ਲਾਣ ਦੇਵੇਂਗਾ। ਪਿੰਡ ਦੇ ਜਿਨ੍ਹਾਂ ਲੋਕਾਂ ਪਾਸ ਪੈਸੇ ਨਹੀਂ, ਉਹ ਕੀ ਕਰਨਗੇ ? ਬੇਰਾਂ ਨੂੰ ਵੇਖਣਗੇ ਅਤੇ ਠੰਡਾ ਸਾਹ ਭਰਕੇ ਰਹਿ ਜਾਣਗੇ। ਮੈਨੂੰ ਕੋਸਣਗੇ, ਦਿਲ ਵਿੱਚ ਗਾਲਾਂ ਦੇਣਗੇ। ਹੁਣ ਸਾਹ ਸਭ ਨੂੰ ਮੁਫਤ ਮਿਲਦੇ ਹਨ, ਫਿਰ ਕਿਸੀ ਨੂੰ ਨਹੀਂ ਮਿਲਣਗੇ। ਪਿੰਡ ਦੇ ਛੋਟੇ ਛੋਟੇ ਬੱਚੇ ਕਹਿਣਗੇ, ਕੈਸੀ ਲੋਭਣ ਹੈ, ਚਾਰ ਪੈਸਿਆਂ ਦੀ ਖ਼ਾਤਰ ਬੇਰੀ ਵੇਚ ਦਿੱਤੀ ? ਨਾ ਭਾਈ ! ਇਹ ਕਲੰਕ ਦਾ ਟਿੱਕਾ ਨਹੀਂ ਖ਼ਰੀਦਾਂਗੀ। ਮੈਂ ਗ਼ਰੀਬ ਹੀ ਚੰਗੀ ਹਾਂ।

ਇਹ ਕਹਿ ਕੇ ਸੁਲੱਖੀ ਬੇਰੀ ਦੇ ਕੋਲ ਚਲੀ ਗਈ ਅਤੇ ਉਸ ਦੀਆਂ ਡਾਲਾਂ ਤੇ ਹੱਥ ਫੇਰਨ ਲੱਗੀ। ਅਤੇ ਇਹ ਉਸ ਇਸਤਰੀ ਦਾ ਹਾਲ ਸੀ, ਜਿਸਨੇ ਕਿਸੇ ਸਕੂਲ ਵਿਚ ਵਿਦਿਆ ਨਹੀਂ ਸੀ ਲਈ, ਜਿਸਨੇ ਕਰਮ ਧਰਮ ਸਬੰਧੀ ਕੋਈ ਉਪਦੇਸ਼ ਨਹੀਂ ਸੀ ਸੁਣਿਆ ਜਿਸਦੇ ਕੋਲ ਖਾਣ ਲਈ ਕੁੱਝ ਨਹੀਂ ਸੀ, ਜਿਹੜੀ ਆਪਣੇ ਜਜਮਾਨਾਂ ਦੇ ਦਾਨ ਤੇ ਨਿਰਬਾਹ ਕਰਦੀ ਸੀ, ਪਰ ਉਸਦਾ ਦਿਲ ਕਿੰਨਾ, ਵੱਡਾ ਸੀ, ਕਿੰਨਾ ਪਵਿੱਤਰ ਸੀ; ਉਸਨੇ ਗੁਆਂਢੀਆਂ ਦੇ ਫ਼ਰਜ ਨੂੰ ਕਿੰਨਾ ਠੀਕ ਸਮਝਿਆ ਸੀ। ਅਜਿਹੇ ਪਵਿੱਤਰ ਹਿਰਦੇ ਦੀਆਂ ਮਾਲਕ, ਸੁਸ਼ੀਲ ਤੇ ਸਭਿਅਤਾ ਦੀ ਮੂਰਤ ਦੇਵੀਆਂ ਸੰਸਾਰ ਵਿਚ ਘਟ ਹੀ ਜਨਮ ਲੈਂਦੀਆਂ ਹਨ।

(6)

ਕਈ ਸਾਲ ਬੀਤ ਗਏ। ਜੇਠ ਦਾ ਮਹੀਨਾ ਸੀ। ਸੁਲੱਖੀ ਬੇਰੀ ਦੇ ਸਾਰੇ ਬੇਰ ਵੰਡ ਚੁੱਕੀ ਸੀ। ਹੁਣ ਬੇਰੀ ਤੇ ਇਕ ਬੇਰ ਵੀ ਬਾਕੀ ਨਹੀਂ ਸੀ। ਸੁਲੱਖੀ ਬੇਰੀ ਦੇ ਕੋਲ ਖਲੋਤੀ ਉਸਦੀਆਂ ਸਖਣੀਆਂ ਡਾਲਾ ਨੂੰ ਵੇਖਦੀ ਸੀ ਅਤੇ ਖੁਸ਼ ਹੁੰਦੀ ਕਿ ਇਸ ਸਾਲ ਦਾ ਫਰਜ਼ ਪੂਰਾ ਹੋ ਗਿਆ ਹੈ।

ਇਨੇਂ ਵਿਚ ਇਕ ਜਜਮਾਨ ਹਾੜੀ ਰਾਮ ਨੇ ਆ ਕੇ ਸੁਲੱਖੀ ਨੂੰ ਮੱਥਾ ਟੇਕਿਆ ਅਤੇ ਬੋਲਿਆ--"ਪੰਡਤਾਣੀ ਜੀ ! ਸਾਡੇ ਬੇਰ ਕਿਥੇ ਹਨ ?"

ਸੁਲੱਖੀ ਦਾ ਮੂੰਹ ਉਤਰ ਗਿਆ। ਹੈਰਾਨ ਸੀ। ਕੀ ਕਹੇ, ਕੀ ਨਾ ਕਹੇ।

ਹਾੜੀ ਰਾਮ ਪਿੰਡ ਵਿਚ ਸਭ ਤੋਂ ਕੱਬਾ ਜੱਟ ਸੀ। ਜ਼ਰਾ ਜ਼ਰਾ ਜਿੰਨੀ ਗੱਲ ਤੇ ਮਰਨ-ਮਾਰਨ ਤੇ ਉਤਰ ਆਉਂਦਾ ਸੀ। ਉਸ ਦੀਆਂ ਲਾਲ ਅੱਖਾਂ ਵੇਖਕੇ ਸਾਰਾ ਪਿੰਡ ਸਹਿਮ ਜਾਂਦਾ ਸੀ। ਸੁਲੱਖੀ ਇਕ ਦੋ ਵਾਰ ਉਸਦੇ ਘਰ ਗਈ ਪਰ ਦਰਵਾਜ਼ਾ ਬੰਦ ਵੇਖ ਕੇ ਮੁੜ ਆਈ। ਉਸ ਦੇ ਬਾਅਦ ਉਹ ਉਸ ਨੂੰ ਭੁੱਲ ਗਈ ਅਤੇ ਬੇਰ ਖ਼ਤਮ ਹੋ ਗਏ। ਤੇ ਹੁਣ—

ਉਹ ਆਪਣੇ ਪਰਿਵਾਰ ਸਮੇਤ ਦੋ ਮਹੀਨਿਆਂ ਤੋਂ ਬਾਹਰ ਕਿਤੇ ਗਿਆ ਹੋਇਆ ਸੀ।

ਹਾੜੀ ਰਾਮ ਉਸਦੇ ਸਾਹਮਣੇ ਖੜਾ ਸੀ। ਸੁਲੱਖੀ ਨੇ ਉਸ ਵੱਲ ਸਹਿਮੀਆਂ ਨਜ਼ਰਾਂ ਨਾਲ ਤੱਕਿਆ ਅਤੇ ਕਿਹਾ— "ਜਜਮਾਨਾ ਬੇਰ ਤਾਂ ਮੁਕ ਗਏ ਹਨ।"

ਹਾੜੀ ਰਾਮ ਨੇ ਰਤਾ ਗਰਮ ਹੋ ਕੇ ਕਿਹਾ, "ਵਾਹ! ਖ਼ਤਮ ਕਿਵੇਂ ਹੋ ਗਏ ? ਸਾਨੂੰ ਤਾਂ ਮਿਲੇ ਹੀ ਨਹੀਂ?"

ਸੁਲੱਖੀ - " ਤੂੰ ਖਬਰੇ ਕਿੱਥੇ ਚੱਲਿਆ ਗਿਆ ਸੈਂ ? ਦੋ ਵਾਰ ਤੁਹਾਡੇ ਮਕਾਨ ਤੋਂ ਲੈ ਕੇ ਗਈ, ਦੋਵੇਂ ਵਾਰੀ ਦਰਵਾਜ਼ਾ ਬੰਦ ਸੀ। ਵਾਪਸ ਆ ਗਈ। ਇਸ ਤੋਂ ਪਿਛੋਂ ਮੈਨੂੰ ਖ਼ਿਆਲ ਹੀ ਨਹੀਂ ਰਿਹਾ।"

ਹਾੜੀ ਰਾਮ-(ਤਿਉੜੀ ਚੜਾ ਕੇ) ਖਿਆਲ ਕਿਉਂ ਨਹੀਂ ਰਿਹਾ। ਇਤਨੀ ਬਾਲੜੀ ਵੀ ਤਾਂ ਨਹੀਂ ਏ??

ਸੁਲੱਖੀ-ਹੁਣ ਜਜਮਾਨਾ ਤੇਰੇ ਨਾਲ ਬਹਿਸ ਕੌਣ ਕਰੇ। ਭੁੱਲ ਹੋ ਗਈ, ਅਗਲੇ ਸਾਲ ਦੂਣੇ ਲੈ ਲੈਣੇ।

ਹਾੜੀ ਰਾਮ-ਖਾਣਾ ਤਾਂ ਕਦੀ ਨਹੀਂ ਭੁੱਲਦੀ। ਨਾ ਫਸਲ ਤੇ ਅਨਾਜ ਮੰਗਣਾ ਭੁੱਲਦੀ ਏਂ ? ਸਾਡੇ ਬੇਰਾਂ ਦੀ ਵਾਰੀ ਆਈ ਤਾਂ ਭੁੱਲ ਗਈ।

ਸੁਲੱਖੀ- ਤੂੰ ਬਾਹਰ ਚਲਿਆ ਗਿਆ ਸੀ, ਕੀ ਕਰਦੀ ?

ਹਾੜੀ ਰਾਮ-ਦਰਖ਼ਤ ਤੇ ਲੱਗੇ ਰਹਿਣ ਦੇਂਦੀ। ਮੈਂ ਆਉਂਦਾ, ਉਤਾਰ ਲੈਂਦਾ।

ਸੁਲੱਖੀ-ਤੇ ਜੇ ਇਕ ਇਕ ਕਰਕੇ ਡਿਗ ਪੈਂਦੇ, ਤਾਂ ਫਿਰ ? ਹੁਣ ਕਿਸੇ ਦੇ ਮੂੰਹ ਵਿੱਚ ਤਾਂ ਪੈ ਗਏ ?ਉਸ ਹਾਲਤ ਵਿੱਚ ਤਾਂ ਕਿਸੇ ਦੇ ਕੰਮ ਨਾ ਆਉਂਦੇ। ਹਾੜੀ ਰਾਮ ਦੀਆਂ ਅੱਖਾਂ ਵਿੱਚ ਗੁੱਸੇ ਦੀ ਅੱਗ ਭੜਕ ਉਠੀ। ਗਰਜ ਕੇ ਬੋਲਿਆ, "ਮੇਰੇ ਬੇਰ ਜਦ ਮੇਰੇ ਕੰਮ ਨਾ ਆਏ

ਤਾਂ ਮੈਨੂੰ ਕੀ, ਚਾਹੇ ਰਹਿਣ ਚਾਹੇ ਮਿੱਟੀ ਵਿੱਚ ਮਿਲ ਜਾਣ। ਮੇਰੇ ਲਈ ਬਰਾਬਰ ਹੈ। ਤੂੰ ਦੂਜਿਆਂ ਨੂੰ ਦੇਣ ਵਾਲੀ ਕੌਣ ਸੀ ?"

ਹੁਣ ਸੁਲੱਖੀ ਨੂੰ ਵੀ ਗੁੱਸਾ ਚੜ੍ਹ ਗਿਆ। ਰਤਾ ਤੇਜ਼ ਹੋ ਕੇ ਬੋਲੀ "ਬੇਰੀ ਮੇਰੀ ਹੈ, ਤੇਰੀ ਨਹੀਂ। ਜਿਨੂੰ ਚਾਹਵਾਂ ਇਕ ਬੇਰ ਵੀ ਨਾ ਦੇਵਾਂ। ਜਿਨੂੰ ਚਾਹਵਾਂ ਸਾਰੇ ਦੇ ਸਾਰੇ ਦੇ ਦੇਵਾਂ। ਬੇਰੀ ਤੈਨੂੰ ਵੇਚੀ ਹੋਈ ਨਹੀਂ ਸੀ। ਤੂੰ ਬੋਲਣ ਵਾਲਾ ਹੈਂ ਕੌਣ ?

ਹਾੜੀ ਰਾਮ—ਚੰਗਾ, ਹੁਣ ਅਸੀਂ ਕੌਣ ਹੋ ਗਏ ?

ਸੁਲੱਖੀ—(ਉਸੇ ਤਰ੍ਹਾਂ ਗੁੱਸੇ ਵਿੱਚ) ਮਿਹਨਤ ਮੈਂ ਕਰਦੀ ਹਾਂ, ਰਾਤ-ਦਿਨ ਮੈਂ ਜਾਗਦੀ ਹਾਂ। ਫਿਰ ਸਾਰੇ ਬੇਰ ਵੰਡ ਦੇਂਦੀ ਹਾਂ। ਆਪ ਇਕ ਬੇਰ ਵੀ ਨਹੀਂ ਖਾਂਦੀ। ਇਸਤੇ ਵੀ ਇੰਨਾ ਗੁੱਸਾ। ਆਖਿਰ ਆਦਮੀ ਨੂੰ ਕੁਝ ਸੋਚਣਾ ਵੀ ਤਾਂ ਚਾਹੀਦਾ ਹੈ। ਜਾ, ਨਹੀਂ ਦਿੱਤੇ ਨਾ ਸਹੀ। ਜੋ ਕੁੱਝ ਕਰਨਾ ਹੈ ਕਰ ਲੈ।

ਹਾੜੀ ਰਾਮ ਦੰਦ ਪੀਂਹਦਾ ਹੋਇਆ ਚਲਿਆ ਗਿਆ। ਉਧਰ ਸੁਲੱਖੀ ਬੇਰੀ ਦੇ ਪਾਸ ਜਾ ਕੇ ਲਿਪਟ ਗਈ ਅਤੇ ਬੋਲੀ-ਬੇਟੀ, ਜੇ ਤੇਰਾ ਪਿਉ ਜ਼ਿੰਦਾ ਹੁੰਦਾ ਤਾਂ ਇਸਦੀ ਹਿੰਮਤ ਸੀ, ਜੋ ਇਸ ਤਰ੍ਹਾਂ ਮੇਰੀ ਬੇਇੱਜ਼ਤੀ ਕਰ ਜਾਂਦਾ।"

ਇਸ ਤੋਂ ਤੀਜੇ ਦਿਨ ਸੁਲੱਖੀ ਇਕ ਬੀਮਾਰ ਬੱਚੇ ਦੀ ਸੇਵਾ-ਟਹਿਲ ਕਰ ਰਹੀ ਸੀ ਕਿ ਇਕ ਲੜਕਾ ਦੌੜਦਾ ਹੋਇਆ ਆਇਆ ਤੇ ਹਸਦਾ ਹੋਇਆ ਬੋਲਿਆ, ਤੇਰੀ ਬੇਰੀ ਨੂੰ ਹਾੜੀ ਨੇ ਕੱਟ ਦਿੱਤਾ ਹੈ। ਕਈ ਲੋਕਾਂ ਨੇ ਮਨ੍ਹਾ ਵੀ ਕੀਤਾ, ਪਰ ਉਹ ਕਹਿੰਦਾ ਸੀ, ਮੈਨੂੰ ਸੁਲੱਖੀ ਨੇ ਗਾਲ੍ਹਾਂ ਕੱਢੀਆਂ ਹਨ। ਸਾਰਾ ਵਿਹੜਾ ਭਰ ਗਿਆ ਹੈ।"

(7)

ਸੁਲੱਖੀ ਨੂੰ ਇਉਂ ਜਾਪਿਆ ਜਿਵੇਂ ਕਿਸੇ ਨੇ ਗੋਲੀ ਮਾਰ ਦਿੱਤੀ ਹੋਵੇ। ਉਥੋਂ ਚਲੀ ਤਾਂ ਉਸਨੂੰ ਰਾਹ ਨਹੀਂ ਸੀ ਲੱਭਦਾ। ਉਸ ਦੇ ਪੈਰਾਂ ਥਲੋਂ ਜ਼ਮੀਨ ਨਿਕਲਦੀ ਜਾ ਰਹੀ ਸੀ। ਉਸ ਵੇਲੇ ਉਸਦੇ ਸਰੀਰ ਵਿਚ ਜ਼ਰਾ ਜਿੰਨੀ ਵੀ ਸਤਿਆ ਨਹੀਂ ਸੀ ਰਹੀ। ਪੈਰ ਇਸ ਤਰ੍ਹਾਂ ਲੜਖੜਾ ਰਹੇ ਸਨ ਕਿ ਹੁਣੇ ਡਿਗੀ ਕਿ ਡਿਗੀ। ਰਸਤੇ ਦੇ ਦੋਹੀਂ ਪਾਸੀਂ ਲੋਕ ਖਲੋਤੇ ਉਸਨੂੰ ਵੇਖਦੇ ਸਨ ਤੇ ਹਾੜੀ ਨੂੰ ਗਾਲ੍ਹਾਂ ਕੱਢਦੇ ਸਨ। ਉਸ ਵੇਲੇ ਉਨ੍ਹਾਂ ਨੂੰ ਸੁਲੱਖੀ ਦਾ ਖ਼ਿਆਲ ਸੀ, ਹਾੜੀ ਦਾ ਡਰ ਨਹੀਂ ਸੀ। ਉਹ ਸੁਲੱਖੀ ਨਾਲ ਹਮਦਰਦੀ ਵਿਖਾਣਾ ਚਾਹੁੰਦੇ ਸਨ ਅਤੇ ਉਨ੍ਹਾਂ ਨੂੰ ਸਿਵਾਏ ਹਾੜੀ ਨੂੰ ਗਾਲੀਆਂ ਦੇਣ ਦੇ ਹੋਰ ਕੋਈ ਢੰਗ ਨਹੀਂ ਸੀ ਦਿਸਦਾ। ਉਧਰ ਸੁਲੱਖੀ ਦਾ ਵਿਹੜਾ ਤੀਵੀਆਂ, ਪੁਰਸ਼ਾਂ ਨਾਲ ਭਰਿਆ ਹੋਇਆ ਸੀ। ਅਤੇ ਵਿਚਕਾਰ ਬੇਰੀ ਪਈ ਸੀ। ਲੋਕ ਕਹਿੰਦੇ

ਸਨ-"ਕਿਡਾ ਜ਼ਾਲਮ ਹੈ, ਜ਼ਰਾ ਜਿੰਨੀ ਗੱਲ ਤੇ ਬੇਰੀ ਕੱਟ ਦਿੱਤੀ। ਕੱਟਣ ਤੇ ਵੀ ਸਬਰ ਕੀਤਾ ਹੁੰਦਾ ਤਾਂ ਖੈਰ ਸੀ ਅਗਲੇ ਸਾਲ ਫਿਰ ਉਗ ਆਉਂਦੀ ਜੜ੍ਹੋਂ ਹੀ ਪੁਟ ਸੁਟੀ ਹੈ। ਆਦਮੀ ਨਹੀਂ ਇਹ ਚੰਡਾਲ ਹੈ।"

ਇਕਦਮ ਸੁਲੱਖੀ ਨਿੱਕਾ ਜਿਹਾ ਘੁੰਡ ਕੱਢੀ ਆਈ ਤੇ ਵਿਹੜੇ ਵਿੱਚ ਖੜੀ ਹੋ ਗਈ। ਉਸਨੇ ਬੇਰੀਆਂ ਦੀਆਂ ਡਾਲੀਆਂ ਜ਼ਮੀਨ ਤੇ ਪਈਆਂ ਵੇਖੀਆਂ ਤਾਂ ਉਸਦੇ ਦਿਲ ਤੇ ਛੁਰੀਆਂ ਚਲ ਗਈਆਂ। ਉਸਨੂੰ ਐਉਂ ਮਹਿਸੂਸ ਹੋਇਆ, ਇਹ ਦਰਖ਼ਤ ਦੀਆਂ ਡਾਲੀਆਂ ਨਹੀਂ ਸਗੋਂ ਉਸਦੀ ਔਲਾਦ ਦੇ ਹੱਥ-ਪੈਰ ਹਨ। ਉਸਨੇ ਅੱਗੇ ਵੱਧ ਕੇ ਇਕ ਇਕ ਡਾਲੀ ਨੂੰ ਗਲ ਨਾਲ ਲਾਇਆ ਅਤੇ ਰੋ ਰੋ ਕੇ ਵਿਰਲਾਪ ਕੀਤਾ। ਇਸ ਵਿਰਲਾਪ ਨੂੰ ਸੁਣਕੇ ਲੋਕੀ ਵੀ ਰੋਣ ਲੱਗੇ। ਸੁਲੱਖੀ ਕਹਿੰਦੀ ਸੀ, "ਅੜੀਏ : ਤੂੰ ਮੈਨੂੰ ਬੁਲਾ ਕਿਉਂ ਨਾ ਲਿਆ ? ਬਚੀਏ : ਪਤਾ ਨਹੀਂ, ਜਦੋਂ ਜ਼ਾਲਮ ਦੀ ਕੁਹਾੜੀ ਤੈਨੂੰ ਲੱਗਦੀ ਹੋਵੇਗੀ ਤਾਂ ਤੇਰੇ ਦਿਲ ਤੇ ਕੀ ਬੀਤਦੀ ਹੋਵੇਗੀ, ਤੜਪਦੀ ਹੋਵੇਗੀ, ਸੋਚਦੀ ਹੋਵੇਂਗੀ, ਮਾਂ ਕਾਸ ਦੀ ਏ, ਇਹ ਤਾਂ ਡੈਣ ਹੈ। ਇਹ ਕਸਾਈ ਮੇਰੇ ਹੱਥ-ਪੈਰ ਕੱਟ ਰਿਹਾ ਹੈ, ਉਹ ਬਾਹਰ ਘੁੰਮ ਰਹੀ ਹੈ। ਬਚੀਏ : ਮੈਨੂੰ ਕੀ ਪਤਾ ਸੀ ਤੇਰੇ ਸਿਰ ਤੇ ਮੌਤ ਖੇਡ ਰਹੀ ਹੈ। ਹੁਣੇ ਹੁਣੇ ਚੰਗੀ ਭਲੀ ਛੱਡ ਕੇ ਗਈ ਸਾਂ ਹੁਣੇ ਤੂੰ ਬਾਹਾਂ ਫੈਲਾ ਕੇ ਖੜੀ ਸੈਂ। ਤੈਨੂੰ ਵੇਖਕੇ ਜੀ ਖੁਸ਼ ਹੁੰਦਾ ਸੀ। ਇੰਨੀ ਛੇਤੀ ਤਿਆਰੀ ਕਰ ਲਈ। ਹੁਣ ਤੇਰੇ ਬੇਰਾਂ ਨੂੰ ਤਰਸਣਗੇ। ਐਨੇ ਮਿੱਠੇ ਬੇਰ ਕਿਥੇ ਹਨ ?

"ਤੇਰੇ ਪਿਉ ਨੇ ਮਰਦੇ ਵੇਲੇ ਕਿਹਾ ਸੀ, ਜਦੋਂ ਤਕ ਜੀਉਂਦੀ ਏਂ ਇਸਦੀ ਰਖਿਆ ਕਰੀਂ, ਅਤੇ ਇਸਦੇ ਬੇਰ ਲੋਕਾਂ ਨੂੰ ਵੰਡੀ। ਅੱਜ ਇਹ ਦੋਵੇਂ ਗੱਲਾਂ ਅਸੰਭਵ ਹੋ ਗਈਆਂ ਹਨ। ਹੁਣ ਮੇਰਾ ਜੀਣਾ ਵਿਅਰਥ ਹੈ, ਚਲ ਦੋਵੇਂ ਇਕੱਠੀਆਂ ਚਲੀਏ। ਉਥੇ ਤਿੰਨੇ ਮਿਲਕੇ ਰਹਾਂਗੇ।'

ਇਹ ਕਹਿ ਕੇ ਉਸਨੇ ਬੇਰੀ ਦੀਆਂ ਡਾਲੀਆਂ ਦੀ ਚਿਤਾ ਜਿਹੀ ਚਿਣੀ। ਥਲੇ ਉੱਤੇ ਸੁੱਕੀਆਂ ਲਕੜੀਆਂ ਰਖਕੇ ਉਸਤੋ ਘਿਉ ਪਾਇਆ ਅਤੇ ਅੱਗ ਲਾ ਦਿੱਤੀ। ਅੱਗ ਦੇ ਲਾਂਬੂ ਹਵਾ ਵਿੱਚ ਉਡਣ ਲੱਗੇ। ਲੋਕ ਪਿਛੇ ਹਟ ਗਏ, ਪਰ ਸੁਲੱਖੀ ਜਲਦੀ ਹੋਈ ਬੇਰੀ ਦੇ ਕੋਲ ਖਲੋਤੀ ਉਸ ਵੱਲ ਵੇਖਦੀ ਰਹੀ।

ਉਹ ਅਚਾਨਕ ਚਿਤਾ ਵਿੱਚ ਕੁਦ ਪਈ। ਲੋਕਾਂ ਵਿਚ ਹਲਚਲ ਮਚ ਗਈ। ਉਹ ਹਾ ਹਾ, ਕਰਦੇ ਹੋਏ ਅਗੇ ਵਧਣ ਲੱਗੇ। ਪਰ ਅੱਗ ਦੀਆਂ ਲਪਟਾਂ ਨੇ ਉਨ੍ਹਾਂ ਦਾ ਰਾਹ ਰੋਕ ਲਿਆ। ਸੁਲੱਖੀ ਅੱਗ ਵਿਚ ਬੈਠੀ ਜਲ ਰਹੀ, ਹੀ, ਪਰ ਉਸ ਦੇ ਚਿਹਰੇ ਤੇ ਕੋਈ ਪ੍ਰੇਸ਼ਾਨੀ, ਕੋਈ ਘਬਰਾਹਟ ਨਹੀਂ ਸੀ, ਸਗੋਂ ਰੂਹਾਨੀ ਪ੍ਰਕਾਸ਼ ਸੀ, ਜਿਵੇਂ ਉਸ ਲਈ ਅੱਗ ਨਹੀਂ ਸੀ, ਠੰਡਾ

ਪਾਣੀ ਸੀ। ਇੰਨੇ ਵਿੱਚ ਅੱਗ ਵਿਚੋਂ ਆਵਾਜ਼ ਆਈ, "ਮੈਂ ਮਰਦੇ ਵਕਤ ਵਸੀਅਤ ਕਰਦੀ ਹਾਂ ਕਿ ਮੇਰੇ ਕੁਲ ਦੇ ਲੋਕ ਭਵਿੱਖ ਵਿੱਚ ਦਾਨ ਨਾ ਲੈਣ।"

ਮਰਦਾਂ ਦੀਆਂ ਅੱਖਾਂ ਵਿਚੋਂ ਅਥਰੂ ਵਗ ਰਹੇ ਸਨ। ਇਸਤਰੀਆਂ ਫੁਟ ਫੁਟ ਕੇ ਰੋ ਰਹੀਆਂ ਸਨ, ਪਰ ਸੁਲੱਖੀ ਮੌਤ ਦੇ ਗਰਜਦੇ ਬੋਲਿਆਂ ਵਿੱਚ ਚੁੱਪ-ਚਾਪ ਬੈਠੀ ਸੀ। ਵੇਖਦਿਆਂ ਵੇਖਦਿਆਂ ਮਾਂ-ਧੀ ਦੋਵੇਂ ਸੜਕੇ ਸੁਆਹ ਹੋ ਗਈਆਂ। ਕੱਲ ਦੋਵੇਂ ਜੀਂਦੀਆਂ ਸਨ, ਅੱਜ ਕੋਈ ਵੀ ਨਹੀਂ।

ਥੋੜੀ ਦੇਰ ਮਗਰੋਂ ਸੁਲੱਖੀ ਦਾ ਭਰਾ ਲਛਮਣ ਤੇ ਪਿੰਡ ਦੇ ਜੱਟ ਡਾਂਗਾਂ ਲੈ ਕੇ ਹਾੜੀ ਰਾਮ ਨੂੰ ਢੁੱਡਦੇ ਫਿਰਦੇ ਸਨ। ਉਹ ਕਹਿੰਦੇ ਸਨ—"ਅੱਜ ਉਹਨੂੰ ਜੀਦਿਆਂ ਨਹੀਂ ਛਡਾਂਗੇ। ਪਹਿਲਾਂ ਮਾਰਾਂਗੇ, ਫਿਰ ਬੰਨ ਕੇ ਫੂਕਾਂਗੇ।"

ਕਿਸੇ ਨੇ ਉਸਨੂੰ ਨਹੀਂ ਵੇਖਿਆ, ਕਦੋਂ ਮਰਿਆ? ਕਿਥੇ ਮਰਿਆ ? ਕਿਵੇਂ ਮਰਿਆ ? --ਕਿਸੇ ਨੂੰ ਵੀ ਪਤਾ ਨਹੀਂ।

-0-

# ਕੁਰਬਾਨੀ

(1)

ਬੜਾ ਬਾਜ਼ਾਰ, ਵਜੀਰਾਬਾਦ 3
3 ਨਵੰਬਰ, 1915

ਪਿਆਰੇ ਅਮੀਰ ਚੰਦ,

ਤੇਰਾ ਖ਼ਤ ਮਿਲਿਆ, ਪੜ੍ਹ ਕੇ ਚਿੰਤਾ ਹੋਈ। ਭਾਈ ! ਜੇ ਮੇਰੀ ਗੱਲ ਮੰਨੇ, ਤਾਂ ਜਿੰਨੀ ਛੇਤੀ ਹੋ ਸਕੇ, ਫੈਸਲਾ ਕਰ ਸੁੱਟ। ਇਹ ਗੱਲ ਹੁਣ ਬਹੁਤੀ ਦੇਰ ਤਕ ਲੁਕੀ ਨਹੀਂ ਰਹੇਗੀ। 'ਇਸ਼ਕ ਤੇ ਮੁਸ਼ਕ ਲੁਕੇ ਨਹੀਂ ਰਹਿੰਦੇ' ਵਾਲੀ ਕਹਾਵਤ ਗਲਤ ਨਹੀਂ। ਅਤੇ ਮੈਨੂੰ ਤਾਂ ਡਰ ਹੈ ਕਿ ਜੇ ਇਹ ਗੱਲ ਬਾਹਰ ਨਿਕਲ ਗਈ, ਤਾਂ ਤੇਰੀ ਤੇ ਵਿਚਾਰੀ ਉਸ ਕੁੜੀ ਦੀ ਮਿੱਟੀ ਖ਼ਰਾਬ ਹੋ ਜਾਵੇਗੀ। ਪਹਿਲਾਂ ਤੁਸੀਂ ਦੋਵੇਂ ਛੋਟੇ ਸਾਉ। ਉਸ ਵੇਲੇ ਕਿਸੇ ਨੇ ਖ਼ਿਆਲ ਨਹੀਂ ਕੀਤਾ। ਪਰ ਹੁਣ ਉਹ ਵਕਤ ਗਿਆ। ਇਸ ਵਕਤ ਤੁਹਾਡੀਆਂ ਆਪਣੀਆਂ ਹੀ ਅੱਖਾਂ ਇਹ ਰਾਜ਼ ਖੋਲ੍ਹ ਦੇਣ ਲਈ ਕਾਫ਼ੀ ਹਨ। ਇਸ ਲਈ ਸਿੱਧਾ ਰਾਹ ਤਾਂ ਇਹੀ ਹੈ ਕਿ ਤੂੰ ਆਪ ਜਾ ਕੇ ਸੰਤ ਰਾਮ ਨੂੰ ਮਿਲ, ਅਤੇ ਉਸ ਨੂੰ ਸਾਰੀ ਗੱਲ ਠੀਕ ਠੀਕ ਦੱਸ ਦੇ। ਉਹ ਸਿਆਣਾ ਆਦਮੀ ਹੈ, ਗੱਲ ਸਮਝ ਜਾਵੇਗਾ।

ਪਰ ਇੰਨਾ ਯਾਦ ਰਖੀਂ ਕਿ ਉਸ ਤੋਂ ਕੋਈ ਗੱਲ ਛੁਪਾਉਣ ਦੀ ਲੋੜ ਨਹੀਂ। ਦੇਵਕੀ ਬਾਰੇ ਵੀ ਉਸ ਨੂੰ ਸਾਫ਼ ਸਾਫ਼ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਉਹ ਵੀ ਤੇਰੇ ਨਾਲ ਡੂੰਘਾ ਪ੍ਰੇਮ ਕਰਦੀ ਹੈ, ਅਤੇ ਉਸ ਨੇ ਵੀ ਦ੍ਰਿੜ ਇਰਾਦਾ ਕਰ ਲਿਆ ਹੈ ਕਿ ਜੇ ਵਿਆਹ ਤੇਰੇ ਨਾਲ ਨਾ ਹੋਇਆ ਤਾਂ ਆਤਮ-ਹੱਤਿਆ ਕਰ ਲਵੇਗੀ। ਮੇਰੇ ਖ਼ਿਆਲ ਵਿਚ ਉਸ ਨੂੰ ਇਸ ਵਿਆਹ ਤੇ ਕੋਈ ਇਤਰਾਜ਼ ਨਹੀਂ ਹੋਵੇਗਾ। ਕੇਵਲ ਇਕ ਗੱਲ ਹੈ, ਜਿਸ ਦੀ ਮੈਨੂੰ ਕੁਝ ਚਿੰਤਾ ਹੈ। ਉਹ ਇਹ ਹੈ ਕਿ ਸੰਤ ਰਾਮ ਹੁਣ ਕੁਝ ਪੈਸੇ ਵਾਲਾ ਹੋ ਗਿਆ ਹੈ। ਪਰ ਐਨਾ ਨਹੀਂ ਕਿ ਤੈਨੂੰ ਤੁਛ ਸਮਝੇ ਅਤੇ ਘਿਰਣਾ ਨਾਲ ਵੇਖੇ। ਇਸ ਤੋਂ ਇਲਾਵਾ ਤੇਰੇ ਪਿਤਾ ਦੇ ਅਹਿਸਾਨ ਇੰਨੇ ਹਨ ਕਿ

ਉਹ ਸਿਰ ਨਹੀਂ ਚੁਕ ਸਕੇਗਾ। ਭਾਵੇਂ ਕੁਝ ਵੀ ਹੋਵੇ, ਮੇਰੀ ਰਾਏ ਇਹੀ ਹੈ ਕਿ ਉਸ ਨੂੰ ਮਿਲੇ ਅਤੇ ਉਸ ਨਾਲ ਖੁਲ੍ਹ ਕੇ ਗੱਲ ਕਰ।

ਤੇਰੀ ਭਰਜਾਈ ਨੂੰ ਹੁਣ ਆਰਾਮ ਹੈ। ਤੇਰਾ ਵਿਆਹ ਵੇਖਣ ਦਾ ਉਸ ਨੂੰ ਬੜਾ ਚਾਅ ਹੈ। ਆਸ ਹੈ ਅਗਲੇ ਮਹੀਨੇ ਮੇਰੀ ਬਦਲੀ ਗੁਜਰਾਤ ਹੋ ਜਾਵੇਗੀ। ਜਵਾਬ ਛੇਤੀ ਦੇਵੀਂ।

ਤੇਰਾ ਸੁਭਚਿੰਤਕ,
ਵਜ਼ੀਰ ਚੰਦ
ਪਿਸ਼ਾਵਰ ਛਾਉਣੀ
20 ਨਵੰਬਰ, 1915

ਮੇਰੀ ਪਿਆਰੀ ਦੇਵਕੀ,

ਮੈਂ ਅੱਜ ਇਥੇ ਹਾਂ, ਅਤੇ ਦੋ ਚਾਰ ਦਿਨਾਂ ਵਿਚ ਇਥੋਂ ਚਲਿਆ ਜਾਵਾਂਗਾ। ਕਿਥੇ ਜਾਵਾਂਗਾ ? ਕੀ ਕਰਾਂਗਾ ? ਕਿਵੇਂ ਰਹਾਂਗਾ ? ਇਸ ਦਾ ਅਜੇ ਕੁਝ ਪਤਾ ਨਹੀਂ। ਪਰ ਇਤਨਾ ਕਹਿ ਦੇਣਾ ਜ਼ਰੂਰੀ ਹੈ ਕਿ ਜਿੱਥੇ ਰਹਾਂਗਾ ਅਤੇ ਜਿਸ ਹਾਲ ਵਿਚ ਰਹਾਂਗਾ ਤੇਰੀ ਪਿਆਰੀ ਸੂਰਤ ਮੇਰੇ ਦਿਲ ਵਿਚ ਬਰਾਬਰ ਉਕਰੀ ਰਹੇਗੀ, ਅਤੇ ਘੋਰ ਹਨੇਰੇ ਦੇ ਖਿਣਾ ਵਿਚ ਵੀ ਤੇਰਾ ਖਿਆਲ ਚਮਕਦੇ ਹੋਏ ਤਾਰੇ ਵਾਂਗ ਮੈਨੂੰ ਰਾਹ ਵਿਖਾਉਂਦਾ ਰਹੇਗਾ। ਸੋਚਦਾ ਹਾਂ, ਉਹ ਦਿਨ ਕਦੋਂ ਆਏਗਾ? ਜਦੋਂ ਮੈਂ ਤੈਨੂੰ ਆਪਣੀ ਦੇਵਕੀ ਕਹਿ ਸਕਾਂਗਾ, ਅਤੇ ਸੰਸਾਰ ਦੇ ਕਿਸੇ ਵਿਅਕਤੀ ਨੂੰ ਇਸ ਤੇ ਇਤਰਾਜ਼ ਨਹੀਂ ਹੋਵੇਗਾ।

ਤੇਰੇ ਪਿਤਾ ਜੀ ਤੋਂ ਮੈਨੂੰ ਇਸ ਉਤਰ ਦੀ ਕਦੇ ਵੀ ਆਸ ਨਹੀਂ ਸੀ। ਕਿੰਨੇ ਮਿਲਣਸਾਰ ਆਦਮੀ ਹਨ। ਕਿਸੇ ਨੇ ਉਨ੍ਹਾਂ ਦੇ ਮੱਥੇ ਤੇ ਕਦੇ ਗੁੱਸੇ ਦੀ ਤਿਉੜੀ ਨਹੀਂ ਵੇਖੀ, ਪਰ ਉਸ ਵੇਲੇ ਉਹ ਬਹੁਤ ਜੋਸ਼ ਵਿਚ ਸਨ। ਇਉਂ ਲੱਗਦਾ ਸੀ ਜਿਵੇਂ ਬਰਫ਼ ਨੂੰ ਗਰਮੀ ਆ ਗਈ ਹੋਵੇ। ਕਹਿਣ ਲੱਗੇ—ਤੂੰ ਕੀ ਆਪਣੇ ਆਪ ਨੂੰ ਦੇਵਕੀ ਦੇ ਯੋਗ ਸਮਝਦਾ ਹੈ ?

ਦੇਵਕੀ ! ਤੈਨੂੰ ਕੀ ਦੱਸਾਂ ? ਇਹ ਸ਼ਬਦ ਸੁਣ ਕੇ ਮੈਂ ਪਾਣੀ ਪਾਣੀ ਹੋ ਗਿਆ। ਮੈਨੂੰ ਇਸ ਬੇਇਜ਼ਤੀ ਦੀ ਬਿਲਕੁਲ ਹੀ ਉਮੀਦ ਨਹੀਂ ਸੀ। ਮੈਂ ਸਮਝਦਾ ਸਾਂ ਉਨ੍ਹਾਂ ਨੂੰ ਕਹਿ ਦੇਣਾ ਹੀ ਕਾਫੀ ਹੋਵੇਗਾ। ਪਰ ਉਨ੍ਹਾਂ ਦਾ ਮੂੰਹ ਗੁੱਸੇ ਨਾਲ ਲਾਲ ਹੋ ਗਿਆ ਸੀ। ਮੈਂ ਹੌਸਲਾ ਕਰਕੇ ਕਿਹਾ—ਮੈਂ ਪੂਰਾ ਯਤਨ ਕਰਾਂਗਾ, ਅਤੇ ਮੈਨੂੰ ਪੂਰੀ ਆਸ ਹੈ ਕਿ ਮੈਂ ਉਸ ਨੂੰ ਹਰ ਤਰ੍ਹਾਂ ਦਾ ਸੁਖ

ਪਹੁੰਚਾ ਸਕਾਂਗਾ। ਇਹ ਸੁਣ ਕੇ ਉਨ੍ਹਾਂ ਨੇ ਮੂੰਹ ਫੇਰ ਲਿਆ ਅਤੇ ਕਿਹਾ - ਮੈਂ ਝੂਠੀ ਆਸ ਦੇ ਭਰੋਸੇ ਆਪਣੀ ਧੀ ਦਾ ਜੀਵਨ ਬਰਬਾਦ ਨਹੀਂ ਕਰ ਸਕਦਾ।" ਮੇਰਾ ਮੂੰਹ ਬੰਦ ਹੋ ਗਿਆ। ਨਿਰੁਤਰ ਹੋ ਕੇ ਮੈਂ ਸਿਰ ਝੁਕਾ ਲਿਆ। ਉਸ ਵੇਲੇ ਚਾਰੇ ਪਾਸੇ ਮੈਨੂੰ ਨਿਰਾਸਤਾ ਦਿਸਦੀ ਸੀ। ਪਰ ਇਕਦਮ ਹਨੇਰੇ ਵਿਚ ਬਿਜਲੀ ਚਮਕ ਪਈ। ਮੈਂ ਫਿਰ ਸਿਰ ਉੱਚਾ ਚੁਕਿਆ ਤੇ ਕਿਹਾ- “ਪਰ ਆਪ ਉਸ ਦਾ ਵੀ ਕੁਝ ਖਿਆਲ ਕਰੋਗੇ ਕਿ ਨਹੀਂ ? ਜ਼ਰਾ ਇਹ ਸੋਚ ਲਵੋ।"

ਨਿਰਾਸਤਾ ਆਸ ਦਾ ਮੂੰਹ ਵੇਖ ਰਹੀ ਸੀ।

ਉਨ੍ਹਾਂ ਨੇ ਪੁੱਛਿਆ-"ਉਸ ਕਾ ਵਿਚਾਰ ? ਕਿਸ ਕਾ ?

ਮੈਂ ਬੜੀ ਮੁਸ਼ਕਲ ਨਾਲ ਉਤਿਰ ਦਿੱਤਾ- “ਦੇਵਕੀ ਦਾ।"

ਅੱਗ ਤੇ ਤੇਲ ਪੈ ਗਿਆ। ਉਨ੍ਹਾਂ ਨੇ ਇਵੇਂ ਸਿਰ ਚੁਕਿਆ ਜਿਵੇਂ ਉਨ੍ਹਾਂ ਦੀ ਕਿਸੇ ਨੇ ਕੋਈ ਸੁਤੀ ਕਲਾ ਜਗਾ ਦਿੱਤੀ ਹੋਵੇ। ਉਸ ਵੇਲੇ ਉਨ੍ਹਾਂ ਦਾ ਮੂੰਹ ਤਵਾ ਸੀ, ਅੱਖਾਂ ਲਾਲ ਅੰਗਿਆਰੇ ਸਨ। ਗਰਜ ਕੇ ਬੋਲੇ-“ਮੈਂ ਉਸ ਨਾਲ ਵੀ ਸਿਝ ਲਵਾਂਗਾ ! ਮੈਂ ਤੇਰੇ ਨਾਲ ਵੀ ਨਿਬੜ ਲਵਾਂਗਾ।`

ਦੇਵਕੀ ! ਇਹ ਮੇਰੇ ਕੋਲ ਤਾਸ਼ ਦਾ ਆਖਰੀ ਪੱਤਾ ਸੀ। ਇਸ ਉਤੇ ਮੈਨੂੰ ਬਹੁਤ ਆਸ ਸੀ। ਪਰ ਤੇਰੇ ਪਿਤਾ ਜੀ ਦੇ ਉੱਤਰ ਨੇ ਪੱਤਾ ਮਾਰ ਦਿੱਤਾ। ਆਸ ਕੁਚਲੇ ਹੋਏ ਸੱਪ ਵਾਂਗ ਮਿੱਧੀ ਗਈ। ਮੈਂ ਢੀਠ ਹੋ ਕੇ ਕਿਹਾ “ਤਾਂ, ਮੇਰੇ ਲਈ ਕੋਈ ਆਸ ਨਹੀਂ ?"

ਇਸ ਵੇਲੇ ਮੇਰੀ ਆਵਾਜ਼ ਵਿਚ ਪੂਰੀ ਨਿਰਾਸਤਾ ਭਰੀ ਹੋਈ ਸੀ। ਉਨ੍ਹਾਂ ਦਾ ਗੁੱਸਾ ਕੁਝ ਮੱਠਾ ਪਿਆ। ਕੁਝ ਸ਼ਾਂਤੀ ਨਾਲ ਮੁਸਕਰਾ ਕੇ ਕਹਿਣ ਲੱਗੇ ਜੇ ਤੂੰ ਕੁਝ ਕਰ ਕੇ ਵਿਖਾਵੇਂ, ਤਾਂ ਸਭ ਕੁਝ ਹੋ ਸਕਦਾ ਹੈ।"

ਆਸ ਫਿਰ ਸਾਹਮਣੇ ਖੜੀ ਸੀ। ਮੈਂ ਹਿੰਮਤ ਕਰਕੇ ਪੁੱਛਿਆ-' ਕੀ ਕਰਕੇ ਵਿਖਾਣਾ ਹੋਵੇਗਾ ਮੈਨੂੰ ?"

ਕੁਝ ਕਮਾ ਕੇ ਵਿਖਾਉ, ਕੁਝ ਕਰ ਕੇ ਵਿਖਾ। ਮੈਂ ਆਪਣੀ ਧੀ ਤੈਨੂੰ ਕਿਵੇਂ ਵਿਆਹ ਦੇਵਾਂ? ਜਦ ਤਕ ਮੈਨੂੰ ਵਿਸ਼ਵਾਸ ਨਾ ਹੋ ਜਾਵੇ ਕਿ ਤੂੰ ਆਪਣੀ ਹਿੰਮਤ ਨਾਲ ਉਸ ਦਾ ਨਿਰਵਾਹ ਨਹੀਂ ਕਰ ਸਕੇਂਗਾ। ਤੂੰ ਐਫ. ਏ. ਤਕ ਪੜਿਆ ਹੈ। ਇਸ ਨਾਲ ਕੀ ਬਣਦਾ ਹੈ ? ਅੱਜ ਕੱਲ ਤੇ ਬੀ. ਏ. ਤੇ ਐਮ. ਏ. ਠੋਕਰਾਂ ਖਾਂਦੇ ਫਿਰਦੇ ਹਨ। ਤੈਨੂੰ ਕੌਣ ਪੁਛੇਗਾ ? ਤੂੰ ਕੀ ਕਮਾਵੇਂਗਾ ? ਆਪ ਕੀ ਖਾਵੇਂਗਾ ਤੇ ਦੇਵਕੀ ਨੂੰ ਕੀ ਖੁਆਵੇਂਗਾ ? ਜ਼ਰਾ ਸੋਚ ਕੇ ਦੱਸ।"

ਡੁਬਦੇ ਨੂੰ ਤੀਲ੍ਹੇ ਦਾ ਸਹਾਰਾ ਮਿਲ ਗਿਆ। ਮੈਂ ਪੁੱਛਿਆ ਮੈਨੂੰ ਕਿੰਨੇ ਦਿਨਾਂ ਦੀ ਮੁਹਲਤ ਤੁਸੀਂ ਦੇਂਦੇ ਹੋ ?

"ਦੋ ਸਾਲ ਦੀ।"

ਮੈਂ ਜੋਸ਼ ਨਾਲ ਤਣ ਗਿਆ। ਅਤੇ ਇਹ ਕਹਿੰਦਾ ਬਾਹਰ ਆ ਗਿਆ ਕਿ-'ਦੋ ਸਾਲ ਮਗਰੋਂ ਤੁਸੀਂ ਮੈਨੂੰ ਇਸ ਹਾਲਤ ਵਿਚ ਨਹੀਂ ਵੇਖੋਗੇ।"

ਦੇਵਕੀ ! ਹੁਣ ਇਹ ਦੋ ਸਾਲ ਮੈਂ ਮਿਹਨਤ ਕਰਕੇ ਬਤੀਤ ਕਰਾਂਗਾ ਅਤੇ ਇਕ ਇਕ ਖਿਣ ਨੂੰ ਪੈਸੇ ਵਿਚ ਬਦਲਣ ਦੀ ਕੋਸ਼ਿਸ਼ ਕਰਾਂਗਾ। ਮੈਨੂੰ ਸਫਲਤਾ ਹੁੰਦੀ ਹੈ ਜਾਂ ਨਹੀਂ ? ਇਹ ਭਗਵਾਨ ਜਾਣਦਾ ਏ। ਪਰ ਤੈਨੂੰ ਇੰਨਾ ਜ਼ਰੂਰ ਦੱਸ ਦੇਵਾਂ ਕਿ ਜਦ ਕਦੇ ਨਿਸ਼ਚਿੰਤ ਹੋ ਕੇ ਆਪਣੇ ਕਮਰੇ ਵਿਚ ਬੈਠੋ ਤਾਂ ਉਸ ਵੇਲੇ ਉਸ ਅਭਾਗੇ ਦਾ ਵੀ ਖਿਆਲ ਕਰ ਲਿਆ ਕਰੀਂ, ਜਿਹੜਾ ਤੇਰੇ ਪ੍ਰੇਮ ਦੀ ਪ੍ਰਾਪਤੀ ਲਈ ਦੇਸ ਤੋਂ ਪ੍ਰਦੇਸ ਜਾ ਕੇ ਮਜ਼ਦੂਰਾਂ ਦੀ ਤਰ੍ਹਾਂ ਮਿਹਨਤ ਕਰ ਰਿਹਾ ਹੈ ਅਤੇ ਜਿਸ ਦੇ ਸਾਹਵੇਂ ਸਦਾ ਤੇਰਾ ਚਿਹਰਾ ਰਹਿੰਦਾ ਹੈ।

ਦੇਵਕੀ ! ਮੇਰੀ ਚਿੰਤਾ ਕਰਨ ਦੀ ਲੋੜ ਨਹੀਂ। ਪਰਮਾਤਮਾ ਅਗੇ ਅਰਦਾਸ ਕਰ ਕਿ ਮੈਨੂੰ ਆਪਣੇ ਉਦੇਸ਼ ਵਿੱਚ ਸਫਲਤਾ ਮਿਲੇ ਅਤੇ ਮੈਂ ਤੈਨੂੰ "ਆਪਣੀ ਦੇਵਕੀ", ਅਤੇ ਤੂੰ ਮੈਨੂੰ "ਆਪਣਾ ਅਮੀਰ" ਸਮਝ ਸਕੇ।

ਮੈਨੂੰ ਚਿੱਠੀ ਲਿਖਣ ਦੀ ਲੋੜ ਨਹੀਂ ਕਿ ਮੈਂ ਕਦੋਂ ਕਿੱਥੇ ਹੋਵਾਂਗਾ ? ਇਸ ਸਬੰਧ ਵਿੱਚ ਵੀ ਮੈਂ ਤੈਨੂੰ ਕੀ ਦੱਸਾਂ ? ਮੈਂ ਆਪ ਵੀ ਇਸ ਬਾਰੇ ਨਹੀਂ ਜਾਣਦਾ, ਜਦੋਂ ਫ਼ੈਸਲਾ ਹੋਵੇਗਾ, ਵੇਖਿਆ ਜਾਵੇਗਾ।

ਤੇਰਾ ਪਿਆਰਾ,
ਅਮੀਰ ਚੰਦ

(3)

ਮੁਹੱਲਾ ਪੁਰੀਆਂ,
ਬਟਾਲਾ
13 ਜਨਵਰੀ, 1916

ਚਿਰੰਜੀਵ ਸੰਤ ਰਾਮ,

ਇੱਥੇ ਰਾਜ਼ੀ-ਖੁਸ਼ੀ ਹੈ। ਆਪ ਦੀ ਰਾਜ਼ੀ-ਖੁਸ਼ੀ ਸ੍ਰੀ ਨਾਰਾਇਣ ਜੀ ਤੋਂ ਚਾਹੁੰਦਾ ਹਾਂ। ਆਪਦਾ ਪੱਤਰ ਮਿਲਿਆ, ਹਾਲ ਮਾਲਮ ਹੋਇਆ। ਰਾਏ ਸਾਹਿਬ ਸਾਂਝੀ ਰਾਮ ਬਹੁਤ ਜ਼ੋਰ ਦੇ ਰਹੇ ਹਨ ਕਿ ਵਿਆਹ ਛੇਤੀ ਤੋਂ ਛੇਤੀ ਹੋ ਜਾਣਾ ਚਾਹੀਦਾ ਹੈ। ਉਹ ਕਹਿੰਦੇ ਹਨ ਕਿ ਜੇ ਇਸ ਅਪ੍ਰੈਲ ਵਿੱਚ ਵਿਆਹ ਨਾ ਹੋ ਗਿਆ ਤਾਂ ਉਨ੍ਹਾਂ ਨੂੰ ਬਹੁਤ ਤਕਲੀਫ਼ ਹੋਵੇਗੀ।

ਤੁਹਾਨੂੰ ਵੀ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਛੋਟੇ-ਛੋਟੇ ਲੜਕੇ ਹਨ। ਇਸਤਰੀ ਤੋਂ ਬਿਨਾਂ ਇੱਕ-ਇੱਕ ਦਿਨ ਕੱਟਣਾ ਮੁਸ਼ਕਿਲ ਹੈ। ਅਤੇ ਤੁਹਾਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਵਿਆਹ-ਸ਼ਾਦੀਆਂ ਵਿਚ ਲੋਕ ਬਹੁਤ ਤਰ੍ਹਾਂ ਦੀਆਂ ਝੂਠੀਆਂ ਗੱਲਾਂ ਵੀ ਉਡਾਇਆ ਕਰਦੇ ਹਨ। ਇਸ ਲਈ ਕੰਮ ਜਿੰਨੀ ਜਲਦੀ ਹੋ ਜਾਵੇ, ਉਤਨਾ ਹੀ ਚੰਗਾ ਹੈ।

ਰਾਏ ਸਾਹਿਬ ਦੀ ਭੈਣ ਨੇ ਦੇਵਕੀ ਦੀ ਬਹੁਤ ਪ੍ਰਸੰਸ਼ਾ ਕੀਤੀ ਹੈ, ਅਤੇ ਇਹ ਘਰ ਵੀ ਬਹੁਤ ਉੱਚਾ ਹੈ। ਲੜਕੀ ਸਾਰੀ ਉਮਰ ਰਾਜ ਕਰਦੀ ਰਹੇਗੀ। ਕੁੜਮਾਈ ਹੋ ਜਾਣ ਵਿੱਚ ਕੀ ਹਰਜ ਹੈ ? ਵਿਆਹ ਬਾਅਦ ਵਿੱਚ ਹੋ ਜਾਵੇਗਾ।

ਉੱਤਰ ਵਾਪਸੀ ਡਾਕ ਦੇਣਾ। ਚਿੱਠੀ ਨੂੰ ਤਾਰ ਸਮਝਣਾ। ਬਸ।

ਆਪ ਦਾ,

ਪਰਮੇਸ਼ਵਰੀ ਦਾਸ

(4)

ਮੁਹੱਲਾ ਕਿੱਲਾ, ਗੁਜਰਾਤ

20 ਜਨਵਰੀ, 1916

ਪਿਆਰੇ ਅਮੀਰ ਚੰਦ,

ਕਈ ਦਿਨ ਬੀਤ ਗਏ ਹਨ, ਤੇਰਾ ਕੋਈ ਪੱਤਰ ਨਹੀਂ ਮਿਲਿਆ ਹੈ। ਚਿੰਤਾ ਹੋ ਰਹੀ ਹੈ। ਭਈ ! ਜ਼ਰਾ ਛੇਤੀ ਛੇਤੀ ਖ਼ਤ ਲਿਖਿਆ ਕਰ। ਇੰਨੀ ਦੂਰ ਬੈਠਾ ਹੈ, ਚਾਰ ਦਿਨ ਖ਼ਤ ਨਾ ਆਵੇ, ਤਾਂ ਪ੍ਰਾਣ ਨਿਕਲ ਜਾਂਦੇ ਹਨ। ਤੇਰੇ ਜਿਹੇ ਆਦਮੀ ਨੂੰ ਜੋ ਇੰਨੀ ਮਿਹਨਤ ਕਰ ਸਕਦਾ ਹੈ, ਆਲਸ ਕਰਨਾ ਠੀਕ ਨਹੀਂ ਤੂੰ ਪੰਦਰਾਂ ਪੰਦਰਾਂ ਦਿਨ ਤਕ ਚੁੱਪ ਸਾਧੀ ਰਖਦਾ ਹੈਂ ਸਾਨੂੰ ਚਿੰਤਾ ਲੱਗ ਜਾਂਦੀ ਹੈ। ਤੇਰੀ ਭਰਜਾਈ ਵੀ ਤੇਰੇ ਲਈ ਬਹੁਤ ਫਿਕਰਮੰਦ ਹੋ ਜਾਂਦੀ ਹੈ। ਉਹ ਆਖਦੀ ਹੈ ਕਿ ਮੇਰੀ ਤਰਫ਼ ਤਾਕੀਦ ਕਰੋ ਕਿ ਖ਼ਤ ਲਿਖਣ ਵਿੱਚ ਸੁਸਤੀ ਨਾ ਕਰਿਆ ਕਰੋ।

ਦੇਵਕੀ ਹਰ ਵਕਤ ਤੇਰੇ ਹੀ ਧਿਆਨ ਵਿੱਚ ਮਸਤ ਰਹਿੰਦੀ ਹੈ। ਸਾਡੇ ਘਰ ਅਕਸਰ ਆਉਂਦੀ ਜਾਂਦੀ ਹੈ। ਉਸ ਦਾ ਸਰੀਰ ਸੁਕ ਕੇ ਕੰਡਾ ਬਣ ਗਿਆ ਹੈ। ਅੱਖਾ ਵਿੱਚ ਉਹ ਲਿਸ਼ਕ ਨਹੀਂ ਰਹੀ। ਅਕਸਰ ਰੋਂਦੀ ਰਹਿੰਦੀ ਹੈ। ਐਉਂ ਲੱਗਦਾ ਹੈ ਜਿਵੇਂ ਸਾਲਾਂ ਤੋਂ ਬੀਮਾਰ ਹੋਵੇ। ਪਰ ਤੇਰੀ ਭਾਬੀ ਕਹਿੰਦੀ ਹੈ ਕਿ ਤੇਰਾ ਨਾਂ ਸੁਣਕੇ ਉਸਦਾ ਮੂੰਹ ਗੁਲਾਬ ਵਾਂਗ ਖਿੜ ਉਠਦਾ ਹੈ।

ਯਾਰ ! ਤੂੰ ਬੜਾ ਖ਼ੁਸ਼ ਨਸੀਬ ਏਂ। ਅੱਜ ਕੱਲ ਦੇ ਸਮੇਂ ਵਿੱਚ ਅਜਿਹੀ ਇਸਤਰੀ ਮਿਲਣੀ ਸੌਖੀ ਨਹੀਂ। ਉਹ ਤੇਰੀ ਪੂਜਾ ਕਰਦੀ ਹੈ। ਗੱਲਾਂ-ਗੱਲਾਂ ਵਿੱਚ ਜਦ ਤੇਰਾ ਨਾਂ ਆ ਜਾਂਦਾ ਹੈ ਤਾਂ ਉਸਦੇ ਮਾੜਏ ਸਰੀਰ ਵਿੱਚ ਜਾਨ ਪੈ ਜਾਂਦੀ ਹੈ। ਉਹ ਦਿਨ-ਰਾਤ ਤੇਰੀ ਸਫਲਤਾ ਤੇ ਅਰੋਗਤਾ ਲਈ ਅਰਦਾਸਾਂ ਕਰਦੀ ਰਹਿੰਦੀ ਹੈ। ਪਰਮਾਤਮਾ ਉਹ ਦਿਨ ਛੇਤੀ ਲਿਆਵੇ, ਜਦੋਂ ਤੁਹਾਡੇ ਦੋਹਾਂ ਦੀ ਮਨੋਕਾਮਨਾ ਪੂਰੀ ਹੋਵੇ, ਅਤੇ ਇਸ ਵਿਛੋੜੇ ਦੀ ਦੀਵਾਰ ਦੂਰ ਹੋਵੇ।

ਤੇਰੇ ਕੰਮ ਦਾ ਕੀ ਹਾਲ ਹੈ ? ਲਾਲਾ ਹਰਨਾਮ ਦਾਸ ਦਾ ਨਾਂ ਮੈਂ ਸੁਣਿਆ ਹੈ। ਕਹਿੰਦੇ ਹਨ, ਬਹੁਤ ਹੀ ਭਲਾ ਆਦਮੀ ਹੈ। ਉਸ ਨੇ ਲਕੜੀ ਦੇ ਕੰਮ ਵਿੱਚ ਲੱਖਾਂ ਰੁਪਏ ਕਮਾਏ ਹਨ। ਦੋਸਤ ! ਜਿਵੇਂ ਵੀ ਹੋਵੇ, ਕੋਸ਼ਿਸ਼ ਕਰਕੇ ਉਸਨੂੰ ਆਪਣੀ ਮੁੱਠੀ ਵਿੱਚ ਕਰ ਲੈ। ਫਿਰ ਕਾਮਯਾਬੀ ਯਕੀਨੀ ਹੈ।

ਪਰ ਮੈਨੂੰ ਡਰ ਹੈ ਕਿ ਕਿਤੇ ਤੂੰ ਜੋਸ਼ ਵਿੱਚ ਨਾ ਆ ਜਾਵੇਂ, ਨਾ ਲਵੇਂ। ਤੇਰਾ ਸੁਭਾ ਬਹੁਤ ਅਤੇ ਉਸ ਨਾਲ ਵਿਗਾੜ ਗਰਮ ਹੈ। ਤੇਰੀ ਭਾਬੀ ਵਲੋਂ ਅਸ਼ੀਰਵਾਦ, ਅਤੇ ਦੇਵਕੀ ਵਲੋਂ ....ਦਸ, ਮੈਂ ਕੀ ਲਿਖਣਾ ਚਾਹੁੰਦਾ ਸਾਂ, ਜੋ ਨਹੀਂ ਲਿਖ ਸਕਿਆ?

ਤੇਰਾ ਸ਼ੁਭਚਿੰਤਕ, ਵਜ਼ੀਰ ਚੰਦ

(5)

ਮੁਹੱਲਾ ਕਿੱਲਾ, ਗੁਜਰਾਤ

24 ਜਨਵਰੀ, 1916.

ਪੂਜਨੀਕ ਲਾਲਾ ਪਰਮੇਸ਼ਵਰੀ ਦਾਸ ਜੀ,

ਮੱਥਾ ਟੇਕਣਾ। ਆਪ ਦਾ ਕਿਰਪਾ ਪੱਤਰ ਪਹੁੰਚਿਆ। ਧੰਨਵਾਦ। ਮੈਂ ਆਪ ਇਹੀ ਚਾਹੁੰਦਾ ਹਾਂ ਕਿ ਇਹ ਕੰਮ ਛੇਤੀ ਤੋਂ ਛੇਤੀ ਹੋ ਜਾਵੇ। ਪਰ ਕਈ ਵਾਰੀ ਅਜਿਹੀਆਂ ਰੁਕਾਵਟਾਂ ਸਾਹਮਣੇ ਆ ਜਾਂਦੀਆਂ ਹਨ, ਜਿਨ੍ਹਾਂ ਨੂੰ ਰਾਹ ਤੋਂ ਹਟਾਉਣਾ ਅਸੰਭਵ ਹੋ ਜਾਂਦਾ ਹੈ। ਮੇਰੀ ਭੂਆ ਦੀ ਲੜਕੀ ਸਵਿਤਰੀ ਦੀ ਕੱਲ ਮਿਰਤੂ ਹੋ ਗਈ ਹੈ। ਜਲੰਧਰ ਦੇ ਕੰਨਿਆ ਮਹਾਂ ਵਿਦਿਆਲਾ ਵਿੱਚ ਪੜ੍ਹਦੀ ਸੀ ਅਤੇ ਬਹੁਤ ਹੀ ਸੁਸ਼ੀਲ ਸੀ। ਹੁਣ ਅਜਿਹੀ ਹਾਲਤ ਵਿੱਚ ਵਿਆਹ ਦਾ ਛੇਤੀ ਹੋ ਸਕਣਾ ਬਹੁਤ ਮੁਸ਼ਕਿਲ ਹੈ। ਫਿਰ ਵੀ ਮੈਂ ਕਰ ਦਿਆਂਗਾ। ਆਪ ਆਪਣੇ ਦੱਸੇ ਹੋਏ ਉਪਾ ਤੇ ਅਮਲ ਕਰਦੇ ਜਾਉ ਤਾਂ ਜੋ ਦੇਵਕੀ ਉਸ ਵਕਤ ਕੋਈ ਗੜਬੜ ਨਾ ਕਰੇ। ਵਰਨਾ ਬੜੀ ਬਦਨਾਮੀ ਹੋਵੇਗੀ। ਕਿਤੇ ਵੀ ਮੂੰਹ ਵਿਖਾਉਣ ਜੋਗੇ ਨਹੀਂ ਰਹਾਂਗੇ। ਛੋਟੇ-ਛੋਟੇ ਲੋਕ ਵੀ ਉਂਗਲਾ ਕਰਨਗੇ।

ਬਾਕੀ ਰਹੀ ਕੁੜਮਾਈ ਦੀ ਗੱਲ। ਮੇਰੇ ਖ਼ਿਆਲ ਵਿੱਚ ਇਸ ਦੀ ਲੋੜ ਨਹੀਂ। ਕੁੜਮਾਈ ਤੇ ਵਿਆਹ ਇਕੱਠੇ ਹੀ ਹੋ ਜਾਣਗੇ। ਅੱਜ ਕੱਲ ਇਹੀ ਰਿਵਾਜ਼ ਹੈ, ਅਤੇ ਇਹ ਹੈ ਵੀ ਠੀਕ। ਹੋਰ ਹਰ ਤਰ੍ਹਾਂ ਨਾਲ ਖੈਰੀਅਤ ਹੈ।

ਜੇ ਮੇਰੇ ਲਾਇਕ ਕੋਈ ਸੇਵਾ ਹੋਵੇ ਤਾਂ ਲਿਖ ਭੇਜਣਾ। ਮੈਂ ਦਾਸ ਹਾਂ।

ਆਪ ਦਾ ਦਾਸ,
ਸੰਤ ਰਾਮ

ਪੰਜਾਬ ਹਾਊਸ, ਬੰਨੂੰ,
17 ਅਪ੍ਰੈਲ, 1916

(6)

ਮਾਈ ਡੀਅਰ ਵਜ਼ੀਰ ਚੰਦ,

ਸਫ਼ਲਤਾ ਸਾਹਮਣੇ ਦਿਸ ਰਹੀ ਹੈ। ਦੇਵਕੀ ਦੀਆਂ ਅਰਦਾਸਾਂ ਫਲਦੀਆਂ ਨਜ਼ਰ ਆਉਂਦੀਆਂ ਹਨ। ਲਾਲਾ ਹਰਨਾਮ ਦਾਸ ਹੁਣ ਪੂਰੀ ਤਰ੍ਹਾਂ ਮੇਰੀ ਮੁੱਠੀ ਵਿੱਚ ਹਨ। ਉਨ੍ਹਾਂ ਨੂੰ ਮੇਰੇ ਤੇ ਪੂਰਾ-ਪੂਰਾ ਵਿਸ਼ਵਾਸ਼ ਹੋ ਗਿਆ ਹੈ। ਹੁਣ ਉਹ ਹਰ ਕੰਮ ਵਿਚ ਮੇਰ ਸਲਾਹ ਲੈਂਦੇ ਹਨ।

ਤੂੰ ਇਹ ਸੁਣਕੇ ਖ਼ੁਸ਼ ਹੋਵੇਗਾ ਕਿ ਹੁਣ ਉਨ੍ਹਾਂ ਨੇ ਮੇਰੀ ਮਾਹਵਾਰ ਤਨਖਾਹ 200 ਰੁਪਏ ਕਰ ਦਿੱਤੀ ਹੈ, ਅਤੇ ਇਕ ਆਨਾ ਪੱਤੀ ਮੁਨਾਫ਼ਾ ਦੇਣ ਦਾ ਵਚਨ ਕੀਤਾ ਹੈ। ਇਸ ਇਕ ਆਨਾ ਪੱਤੀ ਦਾ ਅਰਥ ਲੱਗਭਗ 600 ਰੁਪਏ ਸਾਲਾਨਾ ਹੈ

ਪਰ ਇਸ ਅਸਚਰਜ ਜਨਕ ਸਫ਼ਲਤਾ ਦਾ ਕਾਰਣ ਕੀ ਹੈ ?

ਪਿਛਲੇ ਦਿਨੀਂ ਲਾਲਾ ਜੀ ਦੇ ਇਕ ਦੋਸਤ ਰਾਏ ਸਾਹਿਬ ਸਾਂਝੀ ਰਾਮ ਇਥੇ ਆਏ ਹੋਏ ਸਨ। ਇਹ ਸਾਹਿਬ ਬਟਾਲਾ, ਜ਼ਿਲਾ ਗੁਰਦਾਰਪੁਰ ਦੇ ਰਹਿਣ ਵਾਲੇ ਹਨ। ਅਤੇ ਬਹੁਤ ਅਮੀਰ ਆਦਮੀ ਹਨ। ਉਨ੍ਹਾਂ ਦੇ ਨਾਲ ਉਨ੍ਹਾਂ ਦਾ ਭਰਾ ਵੀ ਸੀ। ਇਸ ਭਰਾ ਨਾਲ ਉਨ੍ਹਾਂ ਨੂੰ ਬਹੁਤ ਪਿਆਰ ਹੈ।

ਸ਼ਾਮ ਦਾ ਵਕਤ ਸੀ। ਰਾਏ ਸਾਹਿਬ ਤੇ ਉਨ੍ਹਾਂ ਦਾ ਛੋਟਾ ਭਰਾ ਦੋਵੇਂ ਸੈਰ ਲਈ ਤਿਆਰ ਹੋਏ। ਲਾਲਾ ਜੀ ਨੇ ਬਹੁਤ ਮਨ੍ਹਾਂ ਕੀਤਾ ਪਰ ਰਾਏ ਸਾਹਿਬ ਨੇ ਪਰਵਾਹ ਨਾ ਕੀਤੀ ਤੇ ਚਲੇ ਗਏ। ਉਨ੍ਹਾਂ ਦਾ ਵਿਚਾਰ ਸੀ ਕਿ ਬਹੁਤੀ ਦੂਰ ਨਹੀਂ ਜਾਣਗੇ ਅਤੇ ਜਲਦੀ ਪਰਤ ਆਉਣਗੇ। ਪਰ ਜੋ ਭਾਗ ਵਿੱਚ ਲਿਖਿਆ ਹੋਵੇ, ਉਸਨੂੰ ਕੌਣ ਟਾਲ ਸਕਦਾ ਹੈ ?

ਰਾਏ ਸਾਹਿਬ ਸ਼ਹਿਰ ਦੀ ਫਸੀਲ ਤੋਂ ਥੋੜੀ ਹੀ ਦੂਰ ਗਏ ਸਨ ਕਿ ਬੰਦੂਕ ਚਲਣ ਦੀ ਆਵਾਜ਼ ਆਈ। ਰਾਏ ਸਾਹਿਬ ਤੇ ਉਨ੍ਹਾਂ ਦੇ ਭਰਾ ਦਾ ਲਹੂ ਸੁਕ ਗਿਆ। ਇੰਨੇ ਵਿੱਚ ਸਰਹੱਦੀ ਸਾਹਮਣੇ ਆ ਖੜੇ ਹੋਏ। ਰਾਏ ਸਾਹਿਬ ਦਾ ਕਲੇਜਾ ਦਹਿਲ ਗਿਆ। ਸ਼ੇਰ ਨੂੰ ਵੇਖਕੇ ਜੋ ਹਾਲਤ ਹਿਰਨ ਦੀ ਹੋ ਜਾਂਦੀ ਹੈ, ਉਹੀ ਹਾਲਤ ਰਾਏ ਸਾਹਿਬ ਦੀ ਹੋਈ। ਮੱਥੇ ਤੋਂ ਤਰੇਲੀਆਂ ਛੁੱਟ ਪਈਆਂ। ਮੌਤ ਦੀ ਭਿਆਨਕ ਤਸਵੀਰ ਅੱਖਾਂ ਅਗੋਂ ਲੰਘ ਗਈ। ਉਨ੍ਹਾਂ ਦਾ ਸਿਰ ਝੁਕ ਗਿਆ। ਉਹ ਮਿੰਨਤਾਂ ਕਰਨ ਲੱਗੇ।

ਪਰ ਸਰਹੱਦੀਆਂ ਦਾ ਦਿਲ ਨਾ ਪਸੀਜਿਆ। ਇਕ ਨੇ ਅਗੇ ਵੱਧ ਕੇ ਰਾਏ ਸਾਹਿਬ ਦੇ ਸਿਰ ਤੇ ਜ਼ੋਰ ਨਾਲ ਬੰਦੂਕ ਦਾ ਕੁੰਦਾ ਮਾਰਿਆ। ਰਾਏ ਸਾਹਿਬ ਬੇਹੋਸ਼ ਹੋ ਗਏ। ਜਦੋਂ ਉਨ੍ਹਾਂ ਨੂੰ ਹੋਸ਼ ਆਈ ਤਾਂ ਉਹ ਇਕ ਕੰਧ ਕੋਲ ਖੜ੍ਹੇ ਸਨ। ਰਾਤ ਲੱਗਭਗ ਅੱਧੀ ਬੀਤ ਚੁਕੀ ਸੀ, ਉਨ੍ਹਾਂ ਦੇ ਭਰਾ ਦਾ ਕੋਈ ਪਤਾ ਨਹੀਂ ਸੀ।

ਦੂਜੇ ਦਿਨ ਬੰਨੂੰ ਵਿੱਚ ਹਾ ਹਾ ਕਾਰ ਮਚ ਗਈ। ਲੋਕ ਰਾਏ ਸਾਹਿਬ ਨੂੰ ਵੇਖਣ ਲਈ ਆਉਂਦੇ ਸਨ ਅਤੇ ਹਮਦਰਦੀ ਪ੍ਰਗਟ ਕਰਦੇ ਸਨ। ਸਾਡੇ ਮਕਾਨ ਤੇ ਮੇਲਾ ਜਿਹਾ ਲੱਗ ਗਿਆ। ਪਰ ਰਾਏ ਸਾਹਿਬ ਪਾਗਲ ਹੋ ਰਹੇ ਸਨ। ਉਨ੍ਹਾਂ ਦੀਆਂ ਅੱਖਾਂ ਵਿੱਚ ਅਥਰੂ ਸਨ, ਮੂੰਹ ਉੱਤੇ ਦੁੱਖ ਤੇ ਸ਼ੱਕ ਦੇ ਬੱਦਲ। ਉਹ ਰਹਿ ਰਹਿ ਕੇ ਕਹਿੰਦੇ 'ਪੱਤਾ ਨਹੀਂ, ਭਰਾ ਦਾ ਕੀ ਹਾਲ

ਹੈ? ਮੈਂ ਇਹ ਵੇਖਦਾ ਸਾਂ ਅਤੇ ਮਨ ਹੀ ਮਨ ਕੁੜਦਾ ਸਾਂ। ਸ਼ਾਮ ਹੋਈ ਤਾਂ ਸੁਨੇਹਾ ਪਹੁੰਚਿਆ ਕਿ ਤਿੰਨ ਦਿਨਾਂ ਦੇ ਅੰਦਰ-ਅੰਦਰ ਪੰਜਾਹ ਹਜ਼ਾਰ ਰੁਪਿਆ ਪਹੁੰਚਾ ਦੇਉ, ਨਹੀਂ ਤਾਂ ਤੁਹਾਡੇ ਆਦਮੀ ਦਾ ਸਿਰ ਕਟਕੇ ਭੇਜ ਦਿੱਤਾ ਜਾਵੇਗਾ। ਰੁਪਿਆ ਆ ਜਾਵੇਗਾ ਤਾਂ ਤੁਹਾਡੇ ਆਦਮੀ ਦੀ ਜਾਨ ਬਚ ਜਾਵੇਗੀ, ਰੁਪਿਆ ਨਹੀਂ ਆਵੇਗਾ ਤਾਂ ਤੁਹਾਡੇ ਆਦਮੀ ਦੀ ਮੌਤ ਹੋ ਜਾਵੇਗੀ। ਅਤੇ ਇਸ ਨੂੰ ਕੋਈ ਨਹੀਂ ਰੋਕ ਸਕੇਗਾ।

ਰਾਏ ਸਾਹਿਬ ਅਮੀਰ ਆਦਮੀ ਹਨ। ਉਨ੍ਹਾਂ ਨੇ ਫੈਸਲਾ ਕੀਤਾ ਕਿ ਰੁਪਿਆ ਭੇਜ ਦਿੱਤਾ ਜਾਵੇ। ਪਰ ਮੈਂ ਰੋਕ ਦਿੱਤਾ ਅਤੇ ਬੰਦੂਕ ਲੈ ਕੇ ਨਿਕਲ ਪਿਆ ਸਾਰਾ ਸ਼ਹਿਰ ਕਹਿੰਦਾ ਸੀ—ਇਸਦੀ ਮੱਤ ਮਾਰੀ ਗਈ ਹੈ। ਖ਼ੁਦ ਲਾਲਾ ਜੀ ਨੇ ਵੀ ਕਿਹਾ ਤੇਰੀ ਮੌਤ ਆ ਗਈ ਹੈ। ਪਰ ਮੈਂ ਅਣਸੁਣੀ ਕਰਕੇ ਜੋਸ ਵਿਚ ਸ਼ਹਿਰ ਤੋਂ ਬਾਹਰ ਨਿਕਲ ਗਿਆ। ਇਸ ਵੇਲੇ ਮੇਰੇ ਲਈ ਮੌਤ ਕੋਈ ਚੀਜ਼ ਨਹੀਂ ਸੀ। ਕੁੱਝ ਲੋਕ ਮੇਰੇ ਨਾਲ ਆਏ। ਉਨ੍ਹਾਂ ਦਾ ਦਿਲ ਮੇਰੇ ਲਈ ਹਮਦਰਦੀ ਨਾਲ ਭਰਿਆ ਹੋਇਆ ਸੀ। ਪਰ ਬਾਹਰ ਆ ਕੇ ਉਨ੍ਹਾਂ ਦੇ ਪੈਰਾਂ ਨੂੰ ਥੋੜੀਆਂ ਪੈ ਗਈਆਂ। ਮੌਤ ਦੇ ਡਰ ਨੇ ਹਮਦਰਦੀ ਦੇ ਜੱਸ ਨੂੰ ਦਬਾ ਦਿੱਤਾ। ਚੰਨ ਦੀ ਚਾਨਣੀ ਬੱਦਲਾਂ ਵਿੱਚ ਆ ਕੇ ਕਮਜ਼ੋਰ ਪੈ ਗਈ। ਪਰ ਮੈਂ ਜੋਸ਼ ਨਾਲ ਭਰਿਆ ਅੰਧਾ ਧੁੰਦ ਉਸ ਸੜਕ ਤੇ ਚਲ ਰਿਹਾ ਸਾਂ, ਜਿਸ ਤੇ ਘਟਨਾ ਹੋਈ ਸੀ। ਮੈਨੂੰ ਮੌਤ ਦੀ ਰਤਾ ਵੀ ਪਰਵਾਹ ਨਹੀਂ ਸੀ। -

ਰਾਤ ਅਧੀਓਂ ਵੱਧ ਬੀਤ ਗਈ। ਚਾਰੇ ਪਾਸੇ ਸਨਾਟਾ ਛਾਇਆ ਹੋਇਆ ਸੀ। ਕੋਈ ਹੋਰ ਵਕਤ ਹੁੰਦਾ ਤਾਂ ਮੇਰੇ ਲਈ ਇਕ ਕਦਮ ਚਲਣਾ ਵੀ ਮੁਸ਼ਕਿਲ ਹੋ ਜਾਂਦਾ, ਪਰ ਇਸ ਵੇਲੇ ਮੇਰੇ ਦਿਲ ਵਿਚ ਜੋਸ਼, ਸੀਨੇ ਵਿੱਚ ਗਰਮੀ ਤੇ ਚਾਲ ਵਿੱਚ ਬਿਜਲੀ ਦੀ ਤੇਜ਼ੀ ਸੀ। ਵਜ਼ੀਰ ਚੰਦ ! ਮੇਰੇ ਇਸ ਜੋਸ਼ ਤੇ ਬਹਾਦਰੀ ਦੇ ਪਿਛੇ ਦੇਵਕੀ ਦਾ ਪਿਆਰ ਲਹਿਰਾਂ ਮਾਰ ਰਿਹਾ ਸੀ। ਮੈਂ ਵਾਰ ਵਾਰ ਸੋਚਦਾ ਸਾਂ ਕਿ ਜੇ ਕਾਮਯਾਬੀ ਹੋਈ ਤਾਂ ਲਾਲਾ ਹਰਨਾਮ ਦਾਸ ਮੇਰੀ ਬਹਾਦਰੀ ਤੇ ਮੁਗਧ ਹੋ ਜਾਣਗੇ ਅਤੇ ਮੇਰੇ ਪਿਆਰ ਦਾ ਰਸਤਾ ਬਹੁਤ ਸਾਫ਼ ਹੋ ਜਾਵੇਗਾ। ਮੈਂ ਆਦਮੀ ਹਾਂ, ਦੇਵਤਾ ਨਹੀਂ। ਮੈਂ ਦੂਜੇ ਦੀ ਖਾਤਰ ਜਾਨ ਜ਼ੋਖਮ ਵਿੱਚ ਪਾਈ ਹੋਵੇ, ਇਹ ਝੂਠ ਹੈ। ਮੇਰਾ ਪ੍ਰੇਮ ਪੱਥ ਪ੍ਰਦਰਸ਼ਕ ਬਣ ਗਿਆ। ਵਜ਼ੀਰ ਚੰਦ ! ਸੰਸਾਰ ਦੇ ਵੱਡੇ ਵੱਡੇ ਕੰਮਾਂ ਵਿੱਚ ਸੁੰਦਰਤਾ ਤੇ ਪ੍ਰੇਮ ਦਾ ਹੱਥ ਹੈ, ਇਹ ਕੌਣ ਕਹਿ ਸਕਦਾ ਹੈ ? ਇਤਿਹਾਸ ਦੇ ਪੰਨੇ ਇਸ ਨਾਲ ਭਰੇ ਪਏ ਹਨ।

ਮੈਂ ਸਰਹੱਦੀਆਂ ਦੇ ਇਲਾਕੇ ਵਿੱਚ ਪਹੁੰਚ ਗਿਆ। ਹੁਣ ਮੈਂ ਸੋਚਦਾ ਸਾਂ ਜੋ ਮੈਂ ਫੜਿਆ ਗਿਆ ਤਾਂ ਮੈਨੂੰ ਬਚਾਉਣ ਵਾਲਾ ਕੌਣ ਹੋਵੇਗਾ ? ਰਾਏ ਸਾਹਿਬ ਤਾਂ ਅਮੀਰ ਆਦਮੀ ਹਨ, ਨਾਲੇ ਲਾਲਾ ਹਰਨਾਮ ਦਾਸ ਦੇ ਮਿੱਤਰ ਹਨ। ਉਨ੍ਹਾਂ ਦੇ ਭਰਾ ਲਈ ਤਾਂ ਥੈਲੀਆਂ ਪਹੁੰਚ

ਜਾਣਗੀਆਂ, ਪਰ ਮੇਰੇ ਲਈ ਤਾਂ ਕੋਈ ਸੌ ਰੁਪਏ ਦੇਣ ਲਈ ਵੀ ਤਿਆਰ ਨਹੀਂ ਹੋਵੇਗਾ। ਮੇਰੇ ਪੈਰ ਲੜਖੜਾ ਗਏ। ਉਸ ਦੂਰੀ ਦਾ ਧਿਆਨ ਕਰਕੇ, ਜੋ ਮੇਰੇ ਅਤੇ ਬਨੂੰ ਵਿਚਕਾਰ ਸੀ, ਮੇਰੇ ਦਿੱਲ ਤੇ ਖੌਫ ਛਾ ਗਿਆ, ਜਿਵੇਂ ਛੋਟਾ ਬਾਲ ਉਚਾਈ ਤੋਂ ਧਰਤੀ ਵੱਲ ਵੇਖਕੇ ਕੰਬ ਜਾਂਦਾ ਹੈ। ਪਰ ਹੁਣ ਡਰਨਾ ਵਿਅਰਥ ਸੀ। ਆਪਣੇ ਬਚਾ ਲਈ ਮੈਂ ਦਲੇਰੀ ਨਾਲ ਅੱਗੇ ਵਧਿਆ। ਪਿਛੇ ਦੇਖਣ ਦੀ ਹਿੰਮਤ ਨਾ ਹੋਈ। ਇਕਦਮ ਵਜ਼ੀਰ ਸਾਹਮਣੇ ਆ ਗਿਆ। ਮੇਰਾ ਸਰੀਰ ਕੰਬਣ ਲੱਗਾ। ਉਸ ਨੇ ਮੈਨੂੰ ਸਿਰ ਤੋਂ ਪੈਰਾਂ ਤਕ ਵੇਖਕੇ ਪੁਛਿਆ-"ਤੂੰ ਕੌਣ ਹੈਂ ?"

ਮੈਂ ਡਿਗਦੇ ਹੋਏ ਹੌਸਲੇ ਨੂੰ ਮਜ਼ਬੂਤ ਕਰਕੇ ਬੋਲਿਆ, — "ਜੋ ਆਦਮੀ ਕੱਲ ਪਕੜਿਆ ਆਇਆ ਹੈ, ਮੈਂ ਉਸ ਸਬੰਧੀ ਗੱਲਬਾਤ ਕਰਨ ਆਇਆ ਹਾਂ !"

'ਤਾਂ ਉਹ ਸਾਹਮਣੇ ਦਾ ਮਕਾਨ ਹੈ, ਚਲਿਆ ਜਾ"

ਵਜ਼ੀਰ ਚਲਿਆ ਗਿਆ। ਉਸਦੇ ਚਲੇ ਜਾਣ ਮਗਰੋਂ ਮੇਰੀ ਜਾਨ ਵਿਚ ਜਾਨ ਆਈ। ਪਿਛਲਾ ਪਹਿਰ ਸੀ। ਸਾਰੇ ਪਾਸੇ ਸ਼ਾਂਤੀ ਸੀ। ਪਰ ਮੇਰੇ ਹਿਰਦੇ ਵਿਚ ਹਲਚਲ ਮਚੀ ਹੋਈ ਸੀ। ਮੈਂ ਕੁਝ ਦੇਰ ਠਹਿਰ ਗਿਆ। ਫਿਰ ਹੌਲੀ ਹੌਲੀ ਉਸ ਮਕਾਨ ਵਲ ਵਧਿਆ। ਉਸ ਵੇਲੇ ਆਸ ਨਿਰਾਸਤਾ ਵਿਚ ਡੁੱਬ ਰਹੀ ਸੀ। ਇਕਦਮ ਮੇਰਾ ਦਿਲ ਖੁਸ਼ੀ ਨਾਲ ਉਛਲ ਪਿਆ। ਡੁਬਦੀ ਹੋਈ ਆਸ ਨੂੰ ਕਿਨਾਰਾ ਮਿਲ ਗਿਆ। ਦਰਵਾਜ਼ਾ ਚੋਪਟ ਖੁਲ੍ਹਿਆ ਸੀ ਅਤੇ ਘਰ ਦੇ ਲੋਕ ਮਿੱਠੀ ਨੀਂਦਰ ਸੁੱਤੇ ਪਏ ਸਨ। ਮੈਂ ਬੜੀ ਸਾਵਧਾਨੀ ਨਾਲ ਅੱਗੇ ਵਧਿਆ। ਇਕ ਕੋਨੇ ਵਿਚ ਰਾਏ ਸਾਹਿਬ ਦਾ ਭਰਾ ਇਕ ਚਾਰਪਾਈ ਨਾਲ ਬੰਨਿਆ ਪਿਆ ਸੀ।

ਵਜ਼ੀਰ ਚੰਦ ! ਮੇਰੀ ਉਸ ਵੇਲੇ ਦੀ ਹਾਲਤ ਦਾ ਜਰਾ ਵਿਚਾਰ ਕਰ। ਮੈਂ ਹੋਠਾਂ ਉੱਤੇ ਉਂਗਲ ਰਖਕੇ ਰਾਏ ਸਾਹਿਬ ਦੇ ਭਰਾ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ, ਅਤੇ ਉਸਦੇ ਬੰਦ ਖੋਲ੍ਹਣ ਲੱਗਾ। ਪਰ ਅੱਖਾਂ ਉਨ੍ਹਾਂ ਸੁੱਤਿਆਂ ਹੋਇਆਂ ਵੱਲ ਲੱਗੀਆਂ ਸਨ। ਉਨ੍ਹਾਂ ਦਾ ਜਾਗਣਾ ਮੌਤ ਦਾ ਜਾਗਣਾ ਸੀ। ਉਸ ਵੇਲੇ ਸਮਾਂ ਰੁਕ ਗਿਆ ਸੀ। ਅਤੇ ਮੇਰੇ ਹੱਥਾਂ ਵਿੱਚ ਤਾਕਤ ਨਹੀਂ ਸੀ ਰਹੀ। ਜਿਉਂ ਤਿਉਂ ਕਰਕੇ ਰਾਏ ਸਾਹਿਬ ਦਾ ਭਰਾ ਛੁਟਿਆ ਅਤੇ ਅਸੀਂ ਦੱਬੇ ਪੈਰੀਂ ਬਾਹਰ ਨਿਕਲੇ ਅਤੇ ਲੰਮੀਆਂ ਲੰਮੀਆਂ ਉਲਾਂਘਾਂ ਭਰਦੇ ਨੱਸੇ। ਅੱਗੇ ਜ਼ਿੰਦਗੀ ਸੀ, ਪਿੱਛੇ ਮੌਤ ਸੀ, ਵਿਚਕਾਰ ਅਸੀਂ ਦੋਵੇਂ ਸਾਂ।

ਇਸ ਤੋਂ ਪਿਛੋਂ ਦਿਨ ਵੇਲੇ ਅਸੀਂ ਜਿਵੇਂ ਖੇਤਾਂ, ਖੰਡਰਾਂ ਤੇ ਗੁਫਾਵਾਂ ਵਿੱਚ ਲੁਕੇ ਰਹਿੰਦੇ ਸਾਂ? ਕਿਸੇ ਤਰ੍ਹਾਂ ਰਾਤ ਨੂੰ ਥੋੜਾ ਚਲਦੇ ਸਾਂ ? ਅੰਤ ਨੂੰ ਕਿਵੇਂ ਬੰਨੂੰ ਪਹੁੰਚੇ ? ਅਤੇ ਕਿਸ ਤਰ੍ਹਾਂ ਲੋਕਾਂ ਨੂੰ ਮੇਰੀ ਸਫਲਤਾ ਉੱਤੇ ਹੈਰਾਨੀ ਹੋਈ ? ਇਹ ਸਾਰੀਆਂ ਗੱਲਾਂ ਅਜਿਹੀਆਂ ਹਨ ਜਿਨ੍ਹਾਂ

ਦੇ ਲਿਖਣ ਦੀ ਲੋੜ ਨਹੀਂ। ਜਦੋਂ ਕਦੇ ਮਿਲਾਂਗਾ ਤਦੋਂ ਸੁਣਾਵਾਂਗਾ। ਜਦੋਂ ਅਸੀਂ ਬੰਨੂੰ ਪਹੁੰਚੇ ਤਾਂ ਸ਼ਹਿਰ ਵਿੱਚ ਸ਼ੋਰ ਮਚ ਗਿਆ। ਲੋਕ ਮੇਰੇ ਵੱਲ ਉਂਗਲਾਂ ਕਰ ਕਰ ਕੇ ਵੇਖਦੇ ਸਨ। ਇਸ ਵਕਤ ਮੈਂ ਉਨ੍ਹਾਂ ਲਈ ਦੇਵਤਾ ਸਾਂ। ਮੈਂ ਇਹ ਵੇਖਦਾ ਸਾਂ ਅਤੇ ਦਿਲ ਹੀ ਦਿਲ ਖੁਸ਼ ਹੁੰਦਾ ਸਾਂ। ਮੇਰੀ ਖੁਸ਼ੀ ਮਨ ਵਿੱਚ ਮਿਟਦੀ ਨਹੀਂ ਸੀ ਤੇ ਮੇਰਾ ਚਿਹਰਾ ਚਮਕ ਉਠਦਾ ਸੀ।

ਦੂਜੇ ਦਿਨ ਲਾਲਾ ਹਰਨਾਮ ਦਾਸ ਨੇ ਮੈਨੂੰ ਆਪਣੇ ਕੋਲ ਬੁਲਾਇਆ ਅਤੇ ਕਿਹਾ— "ਤੇਰੀ ਬਹਾਦਰੀ ਤੇ ਮੈਂ ਬਹੁਤ ਖੁਸ਼ ਹਾਂ। ਇਸ ਮਹੀਨੇ ਤੋਂ ਤੇਰੀ ਤਨਖ਼ਾਹ 200 ਰੁਪਏ ਕਰ ਦਿੱਤੀ ਗਈ ਹੈ। ਅਤੇ ਇਥੋਂ ਦੀ ਦੁਕਾਨ ਦੇ ਨਫ਼ੇ ਵਿੱਚ ਤੇਰੀ ਇਕ ਆਨਾ ਪੱਤੀ ਹੋਵੇਗੀ।"

ਵਜ਼ੀਰ ਚੰਦ ! ਮੇਰਾ ਮੂੰਹ ਖੁਸ਼ੀ ਨਾਲ ਭਖ ਉਠਿਆ। ਹੁਣ ਮੈਨੂੰ ਪ੍ਰਤੀਤ ਹੁੰਦਾ ਹੈ ਕਿ ਦੇਵਕੀ ਮੇਰੇ ਬਹੁਤ ਨੇੜੇ ਹੈ। ਅਤੇ ਮੈਂ ਉਸਨੂੰ ਥੋੜ੍ਹਾ ਜਿਹਾ ਹੱਥ ਵਧਾਕੇ ਫੜ ਸਕਦਾ ਹਾਂ। ਇਸ ਤੋਂ ਤੂੰ ਅਨੁਮਾਨ ਲਾ ਸਕਦਾ ਹੈ ਕਿ ਅੱਜ ਕੱਲ ਮੈਂ ਕਿੰਨਾ ਖੁਸ਼ੋ-ਖੁਰਮ ਹਾਂ। ਅਤੇ ਮੇਰੇ ਮਨ ਦੀ ਕੀ ਹਾਲਤ ਹੈ ?

ਇਹ ਚਿੱਠੀ ਦੇਵਕੀ ਨੂੰ ਵਿਖਾ ਦੇਣਾ ? ਦੇਖਕੇ ਖੁਸ਼ ਹੋ ਜਾਵੇਗੀ। ਅਤੇ ਉਸ ਦੀ ਖੁਸੀ ਮੇਰੀ ਖੁਸ਼ੀ ਹੈ।

ਤੇਰਾ ਪਰਦੇਸੀ ਦੋਸਤ,
ਅਮੀਰ ਚੰਦ

ਪੰਜਾਬ ਹਾਊਸ, ਬੰਨੂੰ
4, 1916

ਮਾਈ ਡੀਅਰ ਵਜ਼ੀਰ ਚੰਦ,

ਤੇਰੀ ਚਿੱਠੀ ਮਿਲੀ। ਪੜ੍ਹ ਕੇ ਦਿਲ ਬੈਠ ਗਿਆ। ਮੈਨੂੰ ਇਹ ਖ਼ਿਆਲ ਵੀ ਨਹੀਂ ਸੀ ਕਿ ਇਹ ਵੀ ਹੋ ਸਕੇਗਾ। ਮੈਨੂੰ ਦੇਵਕੀ ਤੋਂ ਇਹ ਆਸ ਨਹੀਂ ਸੀ। ਉਹ ਮੈਨੂੰ ਚਾਹੁੰਦੀ ਸੀ। ਉਸ ਨੂੰ ਮੇਰੇ ਨਾਲ ਪਿਆਰ ਸੀ। ਵਿਛੜਨ ਵੇਲੇ ਮੈਂ ਉਸ ਦੀਆਂ ਗੱਲ੍ਹਾ ਉੱਤੇ ਲੱਗਾਤਾਰ ਹੰਝੂ ਵਹਿੰਦੇ ਵੇਖੇ ਸਨ। ਉਸ ਦੀਆਂ ਗੱਲਾਂ ਤੇ ਮੈਨੂੰ ਕਦੇ ਸ਼ੱਕ ਨਹੀਂ ਹੋਇਆ। ਆਖਰੀ ਮੁਲਾਕਾਤ ਵਕਤ ਉਸਨੇ ਆਪਣੇ ਪਿਆਰ ਨੂੰ ਇੰਨੇ ਜ਼ੋਰਦਾਰ ਸ਼ਬਦਾਂ ਵਿਚ ਪ੍ਰਗਟ ਕੀਤਾ ਸੀ ਕਿ ਮੈਂ

ਅਚੰਭੇ ਵਿੱਚ ਪੈ ਗਿਆ ਸਾਂ। ਉਸਨੇ ਕਿਹਾ ਸੀ। ਮੈਂ ਤੁਹਾਡੀ ਹਾਂ, ਤੁਸੀਂ ਮੇਰੇ ਹੋ, ਅਤੇ ਅਸੀਂ ਦੋਵੇਂ ਇਕ ਦੂਜੇ ਤੋਂ ਬਿਨਾਂ ਰਹਿ ਨਹੀਂ ਸਕਦੇ। ਪਰਮਾਤਮਾ ਨੇ ਸਾਨੂੰ ਇਕ ਦੂਜੇ ਲਈ ਪੈਦਾ ਕੀਤਾ ਹੈ। ਜਿਹੜਾ ਵੀ ਸਾਡੇ ਰਾਹ ਵਿਚ ਖੜਾ ਹੋਵੇਗਾ ਉਹ ਪਿਸ ਜਾਵੇਗਾ।" ਮੈਂ ਪੁੱਛਿਆ- "ਕਿਉਂ ਦੇਵਕੀ ! ਜੇ ਤੇਰੇ ਪਿਤਾ ਜੀ ਤੇਰਾ ਵਿਆਹ ਕਿਸੇ ਹੋਰ ਨਾਲ ਕਰ ਦੇਣ, ਤਾਂ ਕੀ ਕਰੇਂਗੀ ?" "ਵਜ਼ੀਰ ਚੰਦ ' ਇਹ ਸੁਣਕੇ ਦੇਵਕੀ ਦਾ ਮੂੰਹ ਲਾਲ ਹੋ ਗਿਆ। ਉਸ ਦੀਆਂ ਅੱਖਾਂ ਤਮਤਮਾਉਣ ਲੱਗੀਆਂ। ਉਸਨੇ ਇਕ ਪਲ ਲਈ ਸੋਚਿਆ ਤੇ ਫਿਰ ਗੁੱਸੇ ਵਿੱਚ ਬੋਲੀ-'ਜੇ ਅਜਿਹੀ ਗੱਲ ਹੋਈ ਤਾਂ ਮੈਂ ਵਿਆਹ ਤੋਂ ਪਹਿਲਾਂ ਸੜ ਕੇ ਮਰ ਜਾਵਾਂਗੀ। ਉਸਦੇ ਇਹ ਸ਼ਬਦ ਅਜੇ ਤਕ ਮੇਰੇ ਕੰਨਾਂ ਵਿੱਚ ਗੂੰਜ ਰਹੇ ਹਨ। ਕਿਸ ਨੂੰ ਪਤਾ ਸੀ ਕਿ ਉਹੀ ਦੇਵਕੀ ਇਕ ਅਮੀਰ ਆਦਮੀ ਨਾਲ ਚੁੱਪਚਾਪ ਵਿਆਹ ਕਰਵਾ ਲਵੇਗੀ। ਅਤੇ ਉਸ ਬਦਨਸੀਬ ਦਾ ਕੁੱਝ ਖਿਆਲ ਨਹੀਂ ਰਖੇਗੀ, ਜਿਹੜਾ ਕੇਵਲ ਉਸ ਨੂੰ ਅਤੇ ਉਸ ਦੇ ਪਿਆਰ ਨੂੰ ਜਿੱਤਣ ਲਈ ਆਪਣੇ ਆਪ ਨੂੰ ਮੌਤ ਦੇ ਮੂੰਹ ਵਿੱਚ ਧੱਕਣ ਲਈ ਵੀ ਤਿਆਰ ਹੋ ਗਿਆ ਸੀ।

ਲਾਲਾ ਸੰਤ ਰਾਮ ਤੇ ਵੀ ਮੈਨੂੰ ਸਖਤ ਅਫਸੋਸ ਹੈ। ਉਨ੍ਹਾਂ ਨੇ ਮਰਦ ਹੋ ਕੇ ਆਪਣਾ ਬਚਨ ਨਹੀਂ ਨਿਭਾਇਆ। ਪਰ ਇਸ ਉਤੇ ਮੈਨੂੰ ਹੈਰਾਨੀ ਨਹੀਂ। ਮੈਨੂੰ ਹੈਰਾਨੀ ਦੇਵਕੀ ਤੇ ਹੈ। ਜਿਸਨੇ ਇਤਨਾ ਦਾਵਾ ਕਰਕੇ ਮੈਨੂੰ ਅਜਿਹਾ ਧੋਖਾ ਦਿੱਤਾ ਅਤੇ ਸਾਬਤ ਕਰ ਦਿੱਤਾ ਕਿ ਤੀਵੀਂ ਤੇ ਵਿਸ਼ਵਾਸ਼ ਕਰਨਾ ਦੁਨੀਆਂ ਦੀ ਸਭ ਤੋਂ ਵੱਡੀ ਭੁੱਲ ਹੈ, ਪਰ ਵਜ਼ੀਰ ਚੰਦ ! ਮੈਨੂੰ ਅਜੇ ਤਕ ਸ਼ੱਕ ਹੈ, ਕਿ ਇਹ ਗੱਲ ਝੂਠੀ ਹੈ। ਚਿੱਠੀ ਤੇਰੇ ਵਲੋਂ ਹੈ, ਤੇਰੇ ਹੱਥ ਦੀ ਲਿਖੀ ਹੋਈ ਹੈ। ਉਹੀ ਅੱਖਰ, ਉਹੀ ਕਾਗਜ਼ ਉਹੀ ਸਿਆਹੀ ਅੱਖਾਂ ਪਛਾਣਦੀਆਂ ਹਨ, ਪਰ ਦਿਲ ਕਹਿੰਦਾ ਹੈ ਕਿ ਨਹੀਂ, ਦੇਵਕੀ ਇਹ ਨਹੀਂ ਕਰ ਸਕਦੀ। ਨਿਰਸੰਦੇਹ ਉਹ ਮੇਰੇ ਨਾਲ ਪਿਆਰ ਕਰਦੀ ਹੈ। ਪਰ ਹੁਣ ਇਹ ਕੀ ਹੋ ਗਿਆ ? ਜਦੋਂ ਤੋਂ ਚਿੱਠੀ ਪੜ੍ਹੀ ਹੈ, ਅੱਖਾਂ ਤੋਂ ਲਗਾਤਾਰ ਅਥਰੂ ਕਿਰ ਰਹੇ ਹਨ। ਦਿਮਾਗ ਵਿੱਚ ਅੱਗ ਜਿਹੀ ਲੱਗ ਗਈ ਹੈ। ਮੈਨੂੰ ਇਉਂ ਲੱਗਦਾ ਹੈ ਜਿਵੇਂ ਮੈਂ ਪਾਗਲ ਹੋ ਜਾਵਾਂਗਾ, ਮਾਨੋ ਕਿਆਮਤ ਦਾ ਦਿਨ ਨੇੜੇ ਆ ਗਿਆ ਹੋਵੇ।

ਤੇਰਾ ਬਦਨਸੀਬ ਦੋਸਤ,

ਅਮੀਰ ਚੰਦ

(8)

ਮੁਹੱਲਾ ਕਿੱਲਾ, ਗੁਜਰਾਤ
7 ਜੂਨ, 1916

ਪੂਜਨੀਕ ਲਾਲਾ ਪਰਮੇਸ਼ਵਰੀ ਦਾਸ ਜੀ,

ਮੱਥਾ ਟੇਕਣਾ। ਬਹੁਤ ਦਿਨ ਹੋਏ ਆਪ ਦਾ ਕੋਈ ਖ਼ਤ ਨਹੀਂ ਮਿਲਿਆ। ਕੀ ਕਾਰਣ ਹੈ ? ਚਿਰੰਜੀਵ। ਸਾਂਝੀ ਰਾਮ ਬਾਰੇ ਵੀ ਕੋਈ ਸਮਾਚਾਰ ਪ੍ਰਾਪਤ ਨਹੀਂ ਹੋਇਆ। ਕਈ ਪੱਤਰ ਲਿਖ ਚੁਕਾ ਹਾਂ। ਕਿਰਪਾ ਕਰਕੇ ਆਪ ਜਲਦੀ ਉੱਤਰ ਦੇਣਾ ਕਿ ਉਨ੍ਹਾਂ ਦਾ ਕੀ ਹਾਲ ਹੈ ? ਅਤੇ ਉਨ੍ਹਾਂ ਨੂੰ ਮਿਲਕੇ ਕਹਿਣਾ ਕਿ ਖ਼ਤ ਲਿਖਣ ਵਿਚ ਇਤਨੀ ਸੁਸਤੀ ਨਾ ਕਰਿਆ ਕਰਨ। ਮੇਰਾ ਦਿਲ ਘਬਰਾ ਜਾਂਦਾ ਹੈ, ਅਤੇ ਮੇਰੀ ਨੀਂਦ ਹਰਾਮ ਹੋ ਜਾਂਦੀ ਹੈ।

ਦੇਵਕੀ ਦਾ ਕੀ ਹਾਲ ਹੈ? ਆਸ ਹੈ ਹੁਣ ਉਸਦਾ ਸੁਭਾ ਪਹਿਲੇ ਵਰਗਾ ਨਹੀਂ ਰਿਹਾ ਹੋਵੇਗਾ। ਆਪ ਮੰਨੋ ਭਾਵੇਂ ਨਾ ਮੰਨ, ਇਹ ਗੱਲ ਵੱਖਰੀ ਹੈ, ਪਰ ਮੈਨੂੰ ਇਹ ਵਿਚਾਰ ਸਦਾ ਦੁੱਖ ਦੇਂਦਾ ਰਹੇਗਾ ਕਿ ਮੈਂ ਅਮੀਰ ਚੰਦ ਨਾਲ ਧੋਖਾ ਕੀਤਾ ਹੈ। ਉਹ ਮੇਰੇ ਹੀ ਕਹਿਣ ਤੇ ਇੰਨੀ ਦੂਰ ਘਰੋਂ ਬਾਹਰ ਚਲਾ ਗਿਆ। ਦੇਵਕੀ ਉਸਨੂੰ ਚਾਹੁੰਦੀ ਸੀ ਅਤੇ ਮੇਰਾ ਮਨ ਕਹਿੰਦਾ ਹੈ ਕਿ ਜੇ ਉਸਦਾ ਵਿਆਹ ਅਮੀਰ ਚੰਦ ਨਾਲ ਹੋ ਜਾਂਦਾ, ਤਾਂ ਉਸ ਦਾ ਜੀਵਨ ਵਧੇਰੇ ਸੁਖੀ ਹੁੰਦਾ। ਉਹ ਇਸ ਵਿਆਹ ਤੇ ਜ਼ਰਾ ਵੀ ਰਜ਼ਾਮੰਦ ਨਹੀਂ ਸੀ। ਇਹ ਤਾਂ ਸਾਡੀ ਚਾਲ ਚਲ ਗਈ। ਨਹੀਂ ਤਾਂ ਦੇਵਕੀ ਵਿਆਹ ਵੇਲੇ ਹੀ ਕੁੱਝ ਕਰ ਗੁਜ਼ਰਨ ਲਈ ਤਿਆਰ ਸੀ। ਜਦੋਂ ਉਸਨੇ ਬਨਾਵਟੀ ਪੱਤਰ ਵੇਖਿਆ ਤਾਂ ਉਸਦਾ ਪਿਆਰ ਉਸ ਤੋਂ ਬਗਾਵਤ ਕਰ ਗਿਆ। ਉਸਨੂੰ ਇਹ ਉਮੀਦ ਨਹੀਂ ਸੀ ਕਿ ਅਮੀਰ ਚੰਦ ਉਸ ਨਾਲ ਦਗਾ ਕਰੇਗਾ। ਉਹ ਇਕਦਮ ਜੋਸ਼ ਵਿਚ ਆ ਗਈ ਅਤੇ ਉਸੇ ਵੇਲੇ ਮੈਂ ਆਪਣੀ ਪਗ ਉਸਦੇ ਪੈਰਾਂ ਤੇ ਰੱਖ ਦਿੱਤੀ। ਗਰਮ ਲੋਹੇ ਤੇ ਹਥੌੜਾ ਕੰਮ ਕਰ ਗਿਆ। ਦੇਵਕੀ ਰਾਏ ਸਾਹਿਬ ਨਾਲ ਵਿਆਹ ਕਰਨ ਤੇ ਤਿਆਰ ਹੋ ਗਈ।

ਪਰ ਫ਼ਿਰ ਵੀ ਮੈਨੂੰ ਵਿਸ਼ਵਾਸ਼ ਹੈ ਕਿ ਜੋ ਵਿਆਹ ਉਸੇ ਰਾਤ ਨਾ ਹੋ ਜਾਂਦਾ, ਤਾਂ ਦੇਵਕੀ ਫਿਰ ਨਾ ਮਨਜ਼ੂਰ ਕਰ ਦੇਂਦੀ। ਉਸਦੇ ਬਦਲੇ ਦੀ ਭਾਵਨਾ ਨੇ ਸਾਡੀ ਔਕੜ ਦੂਰ ਕਰ ਦਿੱਤੀ, ਵਰਨਾ ਅਸੀਂ ਕਿਥੋਂ ਦੇ ਨਾ ਰਹਿੰਦੇ। ਪਰਮਾਤਮਾ ਦਾ ਸ਼ੁਕਰ ਹੈ ਕਿ ਦੇਵਕੀ ਨੂੰ ਸ਼ੱਕ ਨਹੀਂ ਹੋਇਆ। ਨਹੀਂ ਤਾਂ......

ਭਾਵੇਂ ਮੈਨੂੰ ਇਸ ਤਰ੍ਹਾਂ ਦੀਆਂ ਗੱਲਾਂ ਸੋਚਣੀਆਂ ਵੀ ਨਹੀਂ ਚਾਹੀਦੀਆਂ, ਫਿਰ ਵੀ ਮੇਰੇ ਮਨ ਵਿਚ ਅਕਸਰ ਵਿਚਾਰ ਉਡਦਾ ਰਹਿੰਦਾ ਹੈ, ਕਿ ਮੈਂ ਪਾਪ ਕੀਤਾ ਹੈ ਅਤੇ ਪਿਤਾ ਹੋ

ਕੇ ਪਿਤਾ ਦਾ ਫਰਜ਼ ਪੂਰਾ ਨਹੀਂ ਕੀਤਾ। ਸੁਣਿਆ ਹੈ, ਅਮੀਰ ਚੰਦ ਧਨ ਦੌਲਤ ਕਮਾਉਣ ਲਈ ਸਿਰ ਤੋੜ ਮਿਹਨਤ ਕਰ ਰਿਹਾ ਹੈ, ਅਤੇ ਉਸਨੇ ਪਰਦੇਸ ਵਿਚ ਬਹੁਤ ਰੁਪਿਆ ਕਮਾਇਆ ਹੈ। ਜਦੋਂ ਇਹ ਖਬਰ ਸੁਣਦਾ ਹਾਂ, ਤਾਂ ਇਉਂ ਪ੍ਰਤੀਤ ਹੁੰਦਾ ਹੈ, ਕਿ ਕਿਸੇ ਨੇ ਮੂੰਹ ਤੇ ਚਪੇੜ ਮਾਰੀ ਹੋਵੇ। ਸੋਚਦਾ ਹਾਂ, ਜਦੋਂ ਵਾਪਸ ਆਵੇਗਾ, ਤਾਂ ਕੀ ਆਖੇਗਾ ?......ਅਤੇ ਮੈਂ ਉਸਦੇ ਸਾਹਮਣੇ ਕਿਵੇਂ ਸਿਰ ਉਠਾਵਾਂਗਾ ?

ਆਪ ਦਾ ਦਾਸ,
ਸੰਤ ਰਾਮ

(9)

ਬਟਾਲਾ,
20 ਜੁਲਾਈ, 1916

ਮਾਈ ਡੀਅਰ ਲਾਲਾ ਹਰਨਾਮ ਦਾਸ ਜੀ,

ਇਹ ਵਿਆਹ ਕਰਕੇ ਮੈਂ ਬਹੁਤ ਦੁਖੀ ਹੋ ਗਿਆ ਹਾਂ। ਦਿਨ ਰਾਤ ਸੋਚਦਾ ਰਹਿੰਦਾ ਹਾਂ ਕਿ ਕੈਸੀ ਮੂਰਖਤਾ ਕਰ ਬੈਠਾ ਹਾਂ ? ਰੂਪ ਵੇਖ ਕੇ ਰੀਝ ਗਿਆ ਸਾਂ, ਹੁਣ ਪਛਤਾ ਰਿਹਾ ਹਾਂ। ਉਹ ਰੂਪਵਤੀ ਹੈ, ਇਹ ਮੈਂ ਮੰਨਦਾ ਹਾਂ। ਉਹ ਨਿਮਰਤਾ ਵਾਲੀ ਹੈ, ਇਹ ਵੀ ਮੈਂ ਮੰਨਦਾ ਹਾਂ। ਬਹੁਤ ਸੁਸ਼ੀਲ ਵੀ ਹੈ। ਘਰ ਦਾ ਪ੍ਰਬੰਧ ਉਸ ਪਹਿਲਾਂ ਨਾਲੋਂ ਬਹੁਤ ਚੰਗਾ ਕਰ ਲਿਆ ਹੈ। ਹੁਣ ਘਰ ਵਿਚ ਨੌਕਰ ਚਾਕਰ ਲੁਟ ਨਹੀਂ ਕਰ ਸਕਦੇ। ਉਹ ਪੈਸੇ ਪੈਸੇ ਦਾ ਹਿਸਾਬ ਰਖਦੀ ਏ। ਮੇਰੇ ਨਾਲ ਉਸ ਦਾ ਵਰਤਾਉ ਬਹੁਤ ਚੰਗਾ ਹੈ। ਮੈਨੂੰ ਵੇਖਦੀ ਤਾਂ ਆਦਰ ਨਾਲ ਖਲੋ ਜਾਂਦੀ ਹੈ। ਮੇਰੀ ਹਰ ਇੱਛਾ ਨੂੰ ਆਪਣੇ ਲਈ ਆਦੇਸ਼ ਮੰਨਦੀ ਹੈ, ਅਤੇ ਉਸ ਨੂੰ ਪੂਰਾ ਕਰਨਾ ਆਪਣਾ ਉੱਦੇਸ਼ ਸਮਝਦੀ ਹੈ। ਰਾਤ ਨੂੰ ਜੇ ਦੇਰ ਨਾਲ ਘਰ ਆਵਾਂ, ਤਾਂ ਜਾਗਦੀ ਰਹਿੰਦੀ ਹੈ, ਅਤੇ ਜਦ ਤਕ ਮੈਂ ਨਾ ਆਵਾਂ, ਚਾਹੇ ਸਾਰੀ ਰਾਤ ਕਿਉਂ ਨਾ ਬੀਤ ਜਾਵੇ, ਸੌਣ ਦਾ ਖਿਆਲ ਤਕ ਨਹੀਂ ਕਰਦੀ।

ਇਹ ਸਭ ਕੁਝ ਹੈ ਪਰ ਉਸ ਨੂੰ ਮੇਰੇ ਨਾਲ ਪ੍ਰੇਮ ਨਹੀਂ, ਉਸਦੀਆਂ ਅੱਖਾਂ ਉਸ ਦਾ ਚਿਹਰਾ, ਉਸ ਦੀ ਸੂਰਤ ਸਭ ਸਾਫ਼ ਸਾਫ਼ ਕਹਿੰਦੇ ਹਨ ਕਿ ਦੇਵਕੀ ਦੇ ਸਰੀਰ ਉੱਤੇ ਤਾਂ ਮੇਰਾ ਅਧਿਕਾਰ ਹੈ, ਪਰ ਦਿਲ ਤੇ ਕੋਈ ਹੋਰ ਰਾਜ ਕਰਦਾ ਹੈ। ਉਸਦੇ ਕੋਲ ਜਾਂਦਿਆ ਮੇਰਾ ਮਨ ਕੰਬ ਜਾਂਦਾ ਹੈ। ਮੈਂ ਉਸ ਤੋਂ ਦੂਰ ਰਹਿਣਾ ਚਾਹੁੰਦਾ ਹਾਂ, ਮਾਨੋ ਉਹ ਸੁੰਦਰ ਨਾਗਣੀ ਹੈ। ਉਸਦੇ ਕੋਲ ਬੈਠਕੇ ਮੇਰੇ ਮਨ ਤੇ ਬੋਝ ਜਿਹਾ ਪੈ ਜਾਂਦਾ ਹੈ, ਅਤੇ ਚਿਤ ਉਦਾਸ ਹੋ ਜਾਂਦਾ ਹੈ। ਮੈਂ ਵਿਆਹ ਕਰਕੇ ਵੀ ਕੁਆਰਪਨ ਦਾ ਜੀਵਨ ਬਤੀਤ ਕਰ ਰਿਹਾ ਹਾਂ। ਉਹ ਮੇਰਾ ਆਦਰ ਕਰਦੀ ਹੈ ਤੇ ਮੇਰੇ ਸੁਖ ਦਾ ਪੂਰਾ ਪੂਰਾ ਖਿਆਲ ਰਖਦੀ ਹੈ। ਪਰ ਵਿਆਹੇ ਹੋਏ ਮਨੁੱਖ ਲਈ ਜੋ ਚੀਜ਼ ਅੰਮ੍ਰਿਤ ਦੇ ਬਰਾਬਰ ਹੈ ਉਸ ਚੀਜ਼ ਤੋਂ ਅਸੀਂ ਦੋਵੇਂ ਵਾਂਝੇ ਹਾਂ। ਉਸਨੂੰ ਮੇਰੇ ਨਾਲ ਰਤਾ ਵੀ ਪ੍ਰੇਮ ਨਹੀਂ। ਉਸ ਨੇ ਮੇਰੇ ਤੋਂ ਕਦੇ ਕੋਈ ਚੀਜ਼ ਨਹੀਂ ਮੰਗੀ। ਜੋ ਕੁਝ ਦਿੰਦਾ ਹਾਂ, ਲੈ ਲੈਂਦੀ ਹੈ। ਜੋ ਕੁੱਝ ਖਰੀਦ ਲਿਆਉਂਦਾ ਹਾਂ, ਉਸ ਤੇ ਖੁਸ਼ ਹੋ ਜਾਂਦੀ ਹੈ। ਮੈਂ ਚਾਹੁੰਦਾ ਹਾਂ, ਹਾਂ ਮੇਰੇ ਪਿਆਰੇ ਦੋਸਤ ! ਮੈਂ ਤੈਨੂੰ ਕੀ ਦੱਸਾਂ ਕਿੰਨਾ ਚਾਹੁੰਦਾ ਹਾਂ, ਕਿ ਉਹ ਮੇਰੇ ਤੋਂ ਕੁਝ ਮੰਗੇ, ਮੇਰੇ ਨਾਲ ਲੜੇ, ਝਗੜੇ ਮੈਨੂੰ ਤੰਗ ਕਰੇ —ਉਹ ਨਹੀਂ ਕਰਦੀ। ਮੈਂ ਇਨ੍ਹਾਂ ਗੱਲਾਂ ਲਈ ਤਰਸਦਾ ਹਾਂ। ਪ੍ਰਭੂ ਨੇ ਮੈਨੂੰ ਸਭ ਕੁੱਝ ਦਿੱਤਾ ਹੈ। ਪਰ ਮੈਂ ਫਿਰ ਵੀ ਬਦਕਿਸਮਤ ਹਾਂ—ਪਰਮੇਸ਼ਰ ਨੇ ਮੈਨੂੰ ਕੁੱਝ ਵੀ ਨਹੀਂ ਦਿੱਤਾ। ਮੈਂ ਉਹ ਮੱਛੀ ਹਾਂ, ਜਿਸਦੇ ਉੱਤੇ-ਥੱਲੇ, ਅਗੇ ਪਿੱਛੇ ਪਾਣੀ ਹੋਵੇ, ਪਰ ਉਸ ਨੂੰ ਇਕ ਬੂੰਦ ਪੀਣ ਦੀ ਆਗਿਆ ਨਾ ਹੋਵੇ ! ਕਿੰਨੇ ਭਿਆਨਕ ਦੁਰਭਾਗ ਹਨ ! ਇਕ ਦਿਨ ਮੈਂ ਉਸਨੂੰ ਪਿਆਰ ਨਾਲ ਫੜ ਲਿਆ ਤੇ ਕਿਹਾ-"ਦੇਵਕੀ ! ਤੈਨੂੰ ਕੀ ਦੁੱਖ ਹੈ ? ਮੈਨੂੰ ਦਸ ਮੈਂ ਉਸਨੂੰ ਜਿਸ ਤਰ੍ਹਾਂ ਵੀ ਹੋਵੇਗਾ, ਦੂਰ ਕਰਨ ਦਾ ਯਤਨ ਕਰਾਂਗਾ। ਸਿਰਫ਼ ਇਕ ਵਾਰ ਕਹਿ ਦੇ।"

ਦੇਵਕੀ ਨੇ ਆਪਣੀਆਂ ਸੁੰਦਰ ਅੱਖਾਂ ਨਾਲ ਮੇਰੇ ਵਲ ਵੇਖਿਆ ਅਤੇ ਕੁੱਝ ਦੇਰ ਤਕ ਵੇਖਦੀ ਰਹੀ। ਇਸ ਤੋਂ ਪਿਛੋਂ ਸਹਿਮ ਜਿਹੀ ਗਈ, ਜਿਵੇਂ ਕਬੂਤਰੀ ਬਿੱਲੀ ਦੇ ਮੂੰਹ ਵਿੱਚ ਫਸ ਗਈ ਹੋਵੇ। ਉਸ ਦੀਆਂ ਅੱਖਾਂ ਵਿੱਚ ਅਥਰੂ ਆ ਗਏ। ਉਸ ਨੇ ਉਸੇ ਵੇਲੇ ਆਪਣੇ ਆਪ ਨੂੰ ਮੇਰੇ ਤੋਂ ਛੁਡਾ ਲਿਆ। ਮੈਂ ਪਾਣੀ ਪਾਣੀ ਹੋ ਗਿਆ। ਦੇਵਕੀ ਨੇ ਹੌਲੀ ਜਿਹੀ ਜਵਾਬ ਦਿੱਤਾ— "ਮੈਨੂੰ ਕੋਈ ਦੁੱਖ ਨਹੀਂ।" ਪਰ ਉਸਦਾ ਇਸ ਤਰ੍ਹਾਂ ਬੋਲਣਾ ਕਹਿ ਰਿਹਾ ਸੀ ਕਿ ਇਹ ਝੂਠ ਹੈ। ਮੈਨੂੰ ਖਿਆਲ ਆਇਆ ਕਿ ਕੀ ਮੇਰੇ ਨਾਲੋਂ ਬਦਨਸੀਬ ਆਦਮੀ ਦੁਨੀਆ ਵਿੱਚ ਹੋਵੇਗਾ,

ਜਿਸਦੀ ਇਸਤਰੀ ਵੀ ਉਸਨੂੰ ਆਪਣਾ ਨਹੀਂ ਸਮਝਦੀ, ਅਤੇ ਜਿਸ ਦੀ ਇਸਤਰੀ ਵੀ ਉਸਦੇ ਸਾਹਮਣੇ ਆਪਣਾ ਦਿਲ ਨਹੀਂ ਖੋਲ੍ਹਦੀ ?

ਪਿਆਰੇ ਦੋਸਤ ! ਇਹ ਕਿਹੋ ਜਿਹਾ ਦੁੱਖ ਹੈ ? ਇਹ ਕੈਸੀ ਮੁਸੀਬਤ ਹੈ ? ਇਹ ਕੈਸਾ ਨਰਕ-ਕੁੰਡ ਹੈ ? ਚੰਗਾ ਹੁੰਦਾ, ਜੇ ਮੈਂ ਇਹ ਵਿਆਹ ਨਾ ਕਰਦਾ। ਪਰ ਹੁਣ ਕੀ ਹੋ ਸਕਦਾ ਹੈ ? ਜੋ ਹੋਣਾ ਸੀ, ਉਹ ਹੋ ਚੁੱਕਾ।

ਮੇਰੇ ਲਈ ਪਰਮਾਤਮਾ ਅਗੇ ਅਰਦਾਸ ਕਰੋ ਕਿ ਮੇਰੇ ਜੀਵਨ ਦੀ ਹਨੇਰੀ ਰਾਤ ਵਿਚ ਵੀ ਚੰਨ ਚਮਕੇ।

ਤੇਰਾ ਬਦਨਸੀਬ ਦੋਸਤ
ਸਾਂਝੀ ਰਾਮ

(10)

ਮਾਧੋਬਾਗ਼, ਬੰਬਈ
4 ਦਸੰਬਰ, 1916

ਮਾਈ ਡੀਅਰ ਵਜ਼ੀਰ ਚੰਦ,

ਲਗਾਤਾਰ ਚਾਰ ਸਾਲਾਂ ਤੋਂ ਸਾਧੂ ਬਣ ਕੇ ਫਿਰ ਰਿਹਾ ਹਾਂ। ਹਰਦੁਆਰ, ਰਿਸ਼ੀਕੇਸ਼, ਮਥਰਾ, ਬਨਾਰਸ, ਜਗਨਨਾਥ-ਸਭ ਸਥਾਨਾਂ ਤੇ ਹੋ ਆਇਆ ਹਾਂ। ਪਰ ਮਨ ਨੂੰ ਸ਼ਾਂਤੀ ਨਹੀਂ ਮਿਲੀ। ਚਿਤ ਉਸੇ ਤਰ੍ਹਾਂ ਹੀ ਵਿਆਕੁਲ ਹੈ। ਅੱਖਾਂ ਹਰ ਵਕਤ ਸਜਲ ਰਹਿੰਦੀਆਂ ਹਨ। ਮੇਰੇ ਭਾਸ਼ਣਾਂ ਦੀਆਂ ਭਾਰਤ ਵਰਸ਼ ਵਿੱਚ ਧੁੰਮਾਂ ਮੱਚ ਗਈਆਂ ਹਨ। ਜਿਥੇ ਜਾਂਦਾ ਹਾਂ, ਜਨਤਾ ਅੱਖਾਂ ਰਾਹ ਵਿੱਚ ਵਿਛਾ ਦੇਂਦੀ ਹੈ। ਅਖਬਾਰ ਮੇਰੇ ਭਾਸ਼ਣਾਂ ਨਾਲ ਭਰੇ ਰਹਿੰਦੇ ਹਨ। ਹੁਣੇ ਇਕ ਹਫ਼ਤਾ ਹੋਇਆ, ਲਾਹੌਰ ਦੇ ਇਕ ਰੋਜ਼ਾਨਾ ਟ੍ਰਿਬਿਊਨ ਨੇ ਮੇਰੇ ਸਬੰਧੀ ਇਕ ਲੀਡਿੰਗ ਆਰਟੀਕਲ ਲਿਖਿਆ ਹੈ। ਉਸਨੂੰ ਪੜ੍ਹ ਕੇ ਤੂੰ ਖ਼ੁਸ਼ੀ ਨਾਲ ਉਛਲ ਪਵੇਂਗਾ। ਪਰ ਮੈਨੂੰ ਇਹ

ਗੱਲਾਂ ਵੀ ਪ੍ਰਸੰਨ ਨਹੀਂ ਕਰ ਸਕਦੀਆਂ ਕਿਉਂਕਿ ਬੁਝੇ ਹੋਏ ਦੀਪਕ ਨੂੰ ਅੱਗ ਵੀ ਗਰਮ ਨਹੀਂ ਕਰ ਸਕਦੀ।

27 ਨਵੰਬਰ ਨੂੰ ਮੈ ਬਟਾਲੇ ਗਿਆ ਸਾਂ। ਦਿਲ ਵਿੱਚ ਇਕ ਇੱਛਾ ਚੁਟਕੀਆਂ ਭਰ ਰਹੀ ਸੀ—ਸ਼ਾਇਦ ਕਿਤੇ ਉਸਨੂੰ ਵੇਖ ਲਵਾਂ। ਵਜ਼ੀਰ ਚੰਦ ! ਮੈਨੂੰ ਦੋਸ਼ ਨਾ ਦੇ। ਇਹ ਮੇਰਾ ਦੋਸ਼ ਨਹੀਂ। ਮੈਨੂੰ ਅਜੇ ਤਕ ਉਸਦਾ ਧਿਆਨ ਹੈ। ਉਸਦਾ ਵਿਆਹ ਹੋ ਚੁਕਾ ਹੈ, ਉਹ ਪਰਾਈ ਬਣ ਚੁਕੀ ਹੈ। ਸਮਾਜ ਤੇ ਸਮਾਜ ਦੇ ਨਿਯਮਾਂ ਦੀ ਨਜ਼ਰ ਵਿੱਚ ਉਸ ਨਾਲ ਮੇਰਾ ਕੋਈ ਰਿਸ਼ਤਾ ਨਹੀਂ। ਪਰ ਪ੍ਰੇਮ ਦੇ ਨਾਤੇ ਉਹ ਹੁਣ ਵੀ ਮੇਰੀ ਹੈ। ਮੈਂ ਸੋਚਿਆ- ਜੇ ਉਸਨੂੰ ਦੂਰ ਤੋਂ ਹੀ ਦੇਖ ਲਵਾਂ ਤਾਂ ਕੀ ਹਰਜ ਹੈ ?

ਮੈਂ ਬਟਾਲੇ ਪਹੁੰਚਿਆ। ਸਟੇਸ਼ਨ ਤੇ ਲੋਕਾਂ ਦੀ ਭੀੜ ਸੀ। ਲੋਕ ਮੇਰਾ ਨਾਂ ਸੁਣਕੇ ਬੁਰੀ ਤਰ੍ਹਾਂ ਟੁੱਟ ਪੈਂਦੇ ਸਨ। ਮੈਂ ਪ੍ਰੋ: ਰਾਮ ਮੂਰਤੀ ਦੇ ਜਲੂਸ ਵੇਖੇ ਹਨ। ਮੈਂ ਪੰਡਿਤ ਮਾਲਵੀਆ ਜੀ ਦਾ ਪ੍ਰੋਸੈਸ਼ਨ ਵੀ ਵੇਖਿਆ ਹੈ, ਪਰ ਜੋ ਧੂਮਧਾਮ ਮੇਰੇ ਸੁਆਗਤ ਵਿੱਚ ਸੀ, ਉਹੋ ਜਿਹੀ ਮੈਂ ਕਦੀ ਨਹੀਂ ਵੇਖੀ। ਪਲੇਟਫਾਰਮ ਤੇ ਸਿਰ ਹੀ ਸਿਰ ਨਜ਼ਰ ਆਂਦੇ ਸਨ। ਗੱਡੀ ਦੇ ਸਟੇਸ਼ਨ ਤੇ ਪਹੁੰਚਦਿਆਂ ਹੀ ਲੋਕਾਂ ਨੇ ਜੋਰ-ਜ਼ੋਰ ਨਾਲ ਜੈ-ਜੈ ਕਾਰ ਕੀਤੀ, "ਸੁਆਮੀ ਸੰਤਸ਼ਾਨੰਦ ਕੀ ਜੈ।" ਮੇਰਾ ਦਿਲ ਇਕ ਖਿਣ ਲਈ ਪ੍ਰਸੰਨ ਹੋ ਗਿਆ। ਪਰ ਇਕਦਮ ਦੇਵਕੀ ਦੇ ਵਿਚਾਰ ਨਾਲ ਫਿਰ ਸ਼ੋਕ ਵਿੱਚ ਡੁੱਬ ਗਿਆ। ਇਕ ਖਿਣ ਪਹਿਲਾਂ ਦੀ ਖੁਸ਼ੀ ਕਿਧਰ ਗਈ ? ਇਹ ਪਤਾ ਨਾ ਲਗਿਆ। ਚੰਦਰਮਾ ਦੇ ਉਪਰ ਘਟਾ ਆ ਜਾਣ ਨਾਲ ਉਸਦੀਆਂ ਕਿਰਣਾਂ ਦਿਸਣੇ ਹਟ ਜਾਂਦੀਆਂ ਹਨ।

ਗੱਡੀ ਰੁਕ ਗਈ। ਮੈਂ ਕ੍ਰਮੰਡਲ ਤੇ ਕੰਬਲ ਸੰਭਾਲਿਆ ਅਤੇ ਹੇਠਾਂ ਉਤਰਿਆ। ਹਿੰਦੂ-ਸਭਾ ਦੇ ਪਤਵੰਤੇ ਸੱਜਣਾਂ ਨੇ ਮੇਰੇ ਪੈਰਾਂ ਤੇ ਸਿਰ ਰਖ ਦਿੱਤੇ। ਮੈਂ ਸਭ ਨੂੰ ਆਸ਼ੀਰਵਾਦ ਦਿੱਤੀ ਤੇ ਬਾਹਰ ਨਿਕਲਿਆ। ਜੋ ਲੋਕ ਪਲੇਟਫਾਰਮ ਤੇ ਨਹੀਂ ਆ ਸਕਦੇ ਸਨ। ਉਹ ਬਾਹਰ ਖੜੇ ਸਨ। ਮੇਰੇ ਵੇਖਦਿਆਂ ਹੀ ਉਨ੍ਹਾਂ ਨੇ ਜੈ-ਜੈ ਕਾਰ ਕੀਤੀ – "ਸੁਆਮੀ ਸੰਤਸ਼ਾਨੰਦ ਕੀ ਜੇ।"

ਇਕਦਮ ਮੇਰੀ ਨਜ਼ਰ ਰਾਏ ਸਾਹਿਬ ਸਾਂਝੀ ਰਾਮ ਤੇ ਪਈ। ਮੈਂ ਸੰਨਾਟੇ ਵਿੱਚ ਆ ਗਿਆ। ਉਹ ਬੜੀ ਸ਼ਰਧਾ ਨਾਲ ਅਗੇ ਵਧੇ ਤੇ ਮੇਰੇ ਪੈਰਾਂ ਨਾਲ ਲਿਪਟ ਗਏ। ਕ੍ਰਿਤਗਤਾ ਦੇ ਭਾਵ ਨੇ ਸ਼ਰਧਾ ਦਾ ਰੂਪ ਧਾਰਨ ਕਰ ਲਿਆ ਸੀ। ਵਜ਼ੀਰ ਚੰਦ ! ਮੈਂ ਸਾਧੂ ਹਾਂ। ਮੇਰੇ ਮਨ ਤੇ ਬਚਨ ਵਿੱਚ ਫ਼ਰਕ ਨਹੀਂ ਹੋਣਾ ਚਾਹੀਦਾ। ਉਸ ਵੇਲੇ ਮੇਰਾ ਖੂਨ ਗਰਮ ਤੇਲ ਦੀ ਤਰ੍ਹਾਂ ਖੋਲ ਰਿਹਾ ਸੀ। ਮੇਰਾ ਦਿਲ ਉਸ ਤੋਂ ਘ੍ਰਿਣਾ ਕਰਦਾ ਸੀ। ਕਦੇ ਮੈਂ ਉਸ ਦੇ ਭਰਾ ਨੂੰ ਮੌਤ ਦੇ ਮੂੰਹੋਂ ਕੱਢ ਕੇ ਲਿਆਂਦਾ ਸੀ। ਪਰ, ਹੁਣ ਜੋ ਮੌਕਾ ਮਿਲਦਾ ਤਾਂ ਖੁਦ ਸਝੀ ਰਾਮ ਨੂੰ ਗੋਲੀ ਮਾਰ

ਦੇਂਦਾ। ਫਿਰ ਵੀ ਮੈਂ ਮੁਸਕਰਾ ਕੇ ਕਿਹਾ—"ਆਹ ! ਰਾਏ ਸਾਹਿਬ ਹਨ ! ਸੁਣਾਉ ਕੁਸ਼ਲ ਤਾਂ ਹੋ? ਆਨੰਦ ਵਿੱਚ ਤਾਂ ਹੋ ਤੁਸੀਂ ?"

ਰਾਏ ਸਾਹਿਬ ਨੇ ਸਿਰ ਝੁਕਾ ਕੇ ਉਤਰ ਦਿੱਤਾ— "ਆਪਦੀ ਕਿਰਪਾ ਦ੍ਰਿਸ਼ਟੀ ਨਾਲ। ਪਰ ਮੇਰੀ ਇਕ ਬੇਨਤੀ ਹੈ, ਇਸ ਨੂੰ ਪ੍ਰਵਾਨ ਜ਼ਰੂਰ ਕਰ ਲੈਣਾ।"

ਮੈਂ ਹੈਰਾਨ ਜਿਹੇ ਹੋ ਕੇ ਪੁਛਿਆ- ''ਦਸੋ ਕੀ ਆਗਿਆ ਹੈ, ਰਾਏ ਸਾਹਿਬ ?' ਉਸ ਸਮੇਂ ਮੇਰੇ ਦਿਲ ਵਿੱਚ ਕਈ ਵਿਚਾਰ ਉਠ ਰਹੇ ਸਨ। ਸੋਚਦਾ ਸਾਂ, ਕਿ ਰਾਏ ਸਾਹਿਬ ਮੈਨੂੰ ਅਪਣੇ ਕੋਲ ਠਹਿਰਨ ਲਈ ਨਹੀਂ ਕਹਿਣਗੇ ? ਪਰ ਨਾਲ ਹੀ ਇਹ ਵਿਚਾਰ ਵੀ ਆਉਂਦਾ ਸੀ ਕਿ ਮੈਂ ਹਿੰਦੂ ਸਭਾ ਦਾ ਮਹਿਮਾਨ ਹਾਂ। ਪਤਾ ਨਹੀਂ ਉਨ੍ਹਾਂ ਨੇ ਕੀ ਪ੍ਰਬੰਧ ਕੀਤਾ ਹੋਵੇਗਾ ? ਰਾਏ ਸਾਹਿਬ ਨੇ ਬੜੀ ਨਿਮਰਤਾ ਨਾਲ ਕਿਹਾ—'ਮੇਰੀ ਬੇਨਤੀ ਹੈ ਕਿ ਆਪ ਮੇਰੇ ਪਾਸ ਠਹਿਰੋ।"

ਮੇਰਾ ਹਿਰਦਾ ਆਨੰਦ ਨਾਲ ਹਿਲੋਰੇ ਲੈਣ ਲੱਗਾ। ਮੈਂ ਮੁਸਕਰਾ ਕੇ ਉੱਤਰ ਦਿੱਤਾ - 'ਸਾਧੂ ਜਿਥੇ ਠਹਿਰੇਗਾ, ਕੁੱਝ ਤਕਲੀਫ਼ ਹੀ ਦੇਵੇਗਾ।"

"ਮੈਨੂੰ ਇਸ ਤਕਲੀਫ਼ ਦੀ ਹੀ ਅਭਿਲਾਸ਼ਾ ਹੈ...ਤਾਂ ਆਪ ਜੀ ਨੇ ਪ੍ਰਵਾਨ ਕਰ ਲਿਆ?"

"ਬਹੁਤ ਅੱਛਾ।"

ਮੈਂ ਮੋਟਰ ਵਿੱਚ ਬੈਠ ਗਿਆ। ਲੜਕੇ ਭਜਨ ਗਾ ਰਹੇ ਸਨ। ਅੱਗੇ ਬੈਂਡ ਵਜ ਰਿਹਾ ਸੀ। ਲੋਕ ਮੇਰੇ ਉੱਤੇ ਫੁੱਲਾਂ ਦੀ ਵਰਖਾ ਕਰ ਰਹੇ ਸਨ। ਮੇਰਾ ਜਲੂਸ ਨਿਕਲਿਆ ਬਾਜ਼ਾਰ ਵਿੱਚ ਪੁਰਸ਼ ਸਨ, ਛੱਤਾਂ ਤੇ ਇਸਤਰੀਆਂ। ਜਿਵੇਂ ਮੈਂ ਕੋਈ ਮਹਾਰਾਜਾ ਸਾਂ ਤੇ ਲੋਕ ਮੇਰੀ ਪਰਜਾ। ਕੋਈ ਹੋਰ ਸਮਾਂ ਹੁੰਦਾ ਤਾਂ ਮੈਂ ਖੁਸ਼ੀ ਨਾਲ ਫੁਲਿਆ ਨਾ ਸਮਾਉਂਦਾ। ਪਰ ਇਸ ਸਮੇਂ ਮੈਨੂੰ ਰਤਾ ਜਿੰਨੀ ਵੀ ਖੁਸ਼ੀ ਨਹੀਂ ਸੀ। ਪ੍ਰੇਮ ਦੀ ਅਸਫਲਤਾ ਦਾ ਖਿਆਲ ਮੈਨੂੰ ਉਦਾਸ ਕਰ ਰਿਹਾ ਸੀ। ਮੋਟਰ ਦੇ ਨਾਲ ਇਹ ਜਲੂਸ ਮੇਰੇ ਲਈ ਮੁਰਦੇ ਦੀ ਅਰਥੀ ਸੀ। ਜਲੂਸ ਖ਼ਤਮ ਹੋਇਆ ਅਤੇ ਮੋਟਰ ਰਾਏ ਸਾਹਿਬ ਦੀ ਕੋਠੀ ਤੇ ਰੁਕੀ। ਮੇਰੇ ਪ੍ਰਾਣ ਹੋਠਾਂ ਤਕ ਆ ਗਏ। ਵੇਖਾਂ ਹੁਣ ਕੀ ਹੁੰਦਾ ਹੈ ? ਕੀ ਵਾਪਰਦਾ ਹੈ ? ਮੇਰੀਆਂ ਅੱਖਾਂ ਕਿਸੇ ਦੀ ਖੋਜ ਕਰਨ ਲੱਗੀਆਂ। ਪਰ ਉਹ ਵਿਖਾਈ ਨਾ ਦਿੱਤੀ। ਮੈਨੂੰ ਇਕ ਸਜੇ ਕਮਰੇ ਵਿੱਚ ਠਹਿਰਾਇਆ ਗਿਆ।

ਇਹ ਉਹੀ ਸੀ। ਉਸਨੇ ਮੈਨੂੰ ਤਕਿਆ, ਤਾਂ ਠਿਠਕ ਗਈ। ਜਿਵੇਂ ਰਾਤੀਂ ਚੋਰ ਵੇਖ ਲਿਆ ਹੋਵੇ। ਉਸਦੇ ਮੂੰਹ ਤੇ ਹੈਰਾਨੀ ਦੌੜ ਗਈ, ਕੰਨ ਤਕ ਲਾਲ ਹੋ ਗਏ। ਉਹ ਸਾਧੂ ਦੇ

ਖਿਆਲ ਨਾਲ ਆਈ ਸੀ, ਪਰ ਉਸਨੂੰ ਨਜ਼ਰ ਆਇਆ ਮੈਂ। ਉਹ ਬਿਜਲੀ ਵਾਂਗ ਵਾਪਸ ਮੁੜੀ। ਇਕਦਮ ਮੈਂ ਕਿਹਾ- "ਦੇਵਕੀ ! ਹੁਣ ਆ ਹੀ ਗਈ ਹੈਂ, ਤਾਂ ਜ਼ਰਾ ਠਹਿਰ ਜਾ।"

ਮੇਰੀ ਆਵਾਜ਼ ਵਿੱਚ ਪ੍ਰੇਮ ਤੇ ਬੇਨਤੀ ਦੇ ਅੰਸ਼ ਮਿਲੇ ਹੋਏ ਸਨ। ਉਹ ਦੇਵਕੀ ਦੇ ਪੈਰਾਂ ਦੀ ਬੇੜੀ ਬਣ ਗਏ। ਉਹ ਜਾਂਦੇ-ਜਾਂਦੇ ਰੁਕ ਗਈ ਅਤੇ ਸਿਰ ਝੁਕਾ ਕੇ ਖੜੀ ਹੋ ਗਈ। ਉਸਦੀ ਜ਼ਬਾਨ ਬੰਦ ਸੀ; ਪਰ ਸਰੀਰ ਕੰਬ ਰਿਹਾ ਸੀ। ਮੈਂ ਉਸਨੂੰ ਵੇਖ ਰਿਹਾ ਸਾਂ ਅਤੇ ਆਪਣੇ ਬੀਤੇ ਹੋਏ ਕਾਲ ਨੂੰ ਯਾਦ ਕਰ ਰਿਹਾ ਸਾਂ। ਅੱਜ ਮੇਰੀ ਦੇਵਕੀ ਮੇਰੀ ਨਹੀਂ ਸੀ-ਪਰਾਈ ਹੋ ਗਈ ਸੀ।

ਕੁੱਝ ਚਿਰ ਦੇਵਕੀ ਉਸੇ ਤਰ੍ਹਾਂ ਖੜੀ ਰਹੀ ਪਰ ਇਕਦਮ ਚੌਂਕੀ। ਮੈਂ ਕਿਹਾ— "ਦੇਵਕੀ ਮੈਂ ਸਾਧੂ ਦਾ ਭੇਸ ਧਾਰਨ ਕਰ ਲਿਆ ਹੈ, ਪਰ ਮੇਰਾ ਮਨ ਅਜੇ ਤਕ ਉਸੇ ਤਰ੍ਹਾਂ ਦਾ ਹੈ। ਮੈਂ ਤੈਨੂੰ ਸ਼ਿਕਾਇਤ ਕਰਨਾ ਚਾਹੁੰਦਾ ਹਾਂ। ਕੀ ਤੇਰੇ ਕੋਲ ਸੁਣਨ ਲਈ ਕੰਨ ਅਤੇ ਜਵਾਬ ਦੇਣ ਲਈ ਜ਼ੁਬਾਨ ਹੈ"

ਦੇਵਕੀ ਦੇ ਮੁਖ ਮੰਡਲ 'ਤੇ ਡੁੱਬਦੇ ਸੂਰਜ ਦੀ ਲਾਲੀ ਛਾ ਗਈ। ਉਸਨੇ ਹੌਲੀ ਜਿਹੀ ਕਿਹਾ-''ਦਸੋ, ਕੀ ਕਹਿੰਦੇ ਹੋ ? ਮੇਰੇ ਪਾਸ ਕੰਨ ਤੇ ਜ਼ਬਾਨ ਦੋਨੋਂ ਹਨ। ਮੈਂ ਸੁਣਾਂਗੀ ਅਤੇ ਜਵਾਬ ਦੇਵਾਂਗੀ।"

"ਮੇਰੀ ਖ਼ਾਮੋਸ਼ੀ ਮੇਰੀ ਸ਼ਿਕਾਇਤ ਹੈ। ਤੂੰ ਜਵਾਬ ਦੇ।”

ਦੇਵਕੀ ਹੁਣ ਹੋਰ ਸਹਿਨ ਨਾ ਕਰ ਸਕੀ। ਉਸਨੇ ਕੜਕ ਕੇ ਜਵਾਬ ਦਿੱਤਾ—'“ਕਹੋ, ਕਿਸ ਦਾ ਜਵਾਬ ਦੇਵਾਂ ?”

"ਆਪਣੇ ਇਸ ਪਾਪ ਦਾ।"

ਇਸ਼ਾਰਾ ਉਸਦੇ ਵਿਆਹ ਵੱਲ ਸੀ।

ਉਹ ਬੋਲੀ—‘ਕੀ ਤੁਸੀਂ ਆਪਣੇ ਆਪ ਨੂੰ ਇਸ ਸੁਆਲ ਪੁੱਛਣ ਦਾ ਅਧਿਕਾਰੀ ਸਮਝਦੇ ਹੋ ?”

"ਹਾਂ, ਪੂਰੇ ਤੌਰ ਤੇ ਸਮਝਦਾ ਹਾਂ।"

ਦੇਵਕੀ ਨੇ ਆਪਣੀ ਜੇਬ ਵਿਚੋਂ ਇਕ ਪੁਰਾਣੀ ਚਿੱਠੀ ਕਢਕੇ ਮੇਰੇ ਸਾਹਮਣੇ ਰੱਖ ਦਿੱਤੀ।

ਅਤੇ ਕਿਹਾ—"ਇਸਨੂੰ ਵੇਖ ਕੇ ਵੀ ?"

ਮੈਂ ਹੈਰਾਨੀ ਨਾਲ ਚਿੱਠੀ ਪੜ੍ਹੀ। ਮੇਰੇ ਅਚੰਭੇ ਦੀ ਕੋਈ ਹੱਦ ਨਹੀਂ ਸੀ। ਵਜ਼ੀਰ ਚੰਦ ! ਇਹ ਚਿੱਠੀ ਬੰਨੂੰ ਦੇ ਕਿਸੇ ਟੇਕ ਚੰਦ ਵਲੋਂ ਗੁਜਰਾਤ ਦੇ ਕਿਸੇ ਜਮਨਾ ਦਾਸ ਦੇ ਨਾਂ ਸੀ। ਮੈਂ ਇਨ੍ਹਾਂ ਦੋਨਾਂ ਨੂੰ ਨਹੀਂ ਜਾਣਦਾ। ਪਰ ਚਿੱਠੀ ਮੇਰੇ ਹੀ ਬਾਰੇ ਸੀ। ਇਸ ਵਿੱਚ ਲਿਖਿਆ ਸੀ- "ਗੁਜਰਾਤ ਦਾ ਇਕ ਨੌਜੁਆਨ ਅਮੀਰ ਚੰਦ ਇਥੇ ਆਇਆ ਹੋਇਆ ਹੈ। ਉਸਨੂੰ ਅਸਾਂ (ਟੇਕ ਚੰਦ ਨੇ) ਆਪਣੀ ਲੜਕੀ ਦੇ ਵਿਆਹ ਲਈ ਪਸੰਦ ਕੀਤਾ ਹੈ। ਅਮੀਰ ਚੰਦ ਪਹਿਲਾ ਤਾਂ ਨਹੀਂ ਮੰਨਿਆ, ਪਰ ਹੁਣ ਰੁਪਏ ਦੇ ਲਾਲਚ ਵਿੱਚ ਮੰਨ ਗਿਆ ਹੈ।" ਇਹ ਚਿੱਠੀ ਪੜ੍ਹ ਕੇ ਮੇਰੇ ਪ੍ਰਾਣ ਨਿਕਲ ਗਏ। ਮੂੰਹ ਤੇ ਪਿਲਤੱਣ ਛਾ ਗਈ। ਦੇਵਕੀ ਨੇ ਮੇਰੇ ਵੱਲ ਵੇਖਦੇ ਹੋਏ ਪੁੱਛਿਆ—"ਹਾਲੇ ਵੀ ਕੀ ਤੁਸੀਂ ਆਪਣਾ ਪਹਿਲਾ ਸੁਆਲ ਦੁਹਰਾਉਂਦੇ ਹੋ ?"

ਮੈਂ ਆਪਣੇ ਢਹਿੰਦੇ ਹੋਏ ਹੌਂਸਲੇ ਨੂੰ ਸੰਭਾਲ ਕੇ ਕਿਹਾ—" ਹਾਂ, ਮੈਂ ਅਜੇ ਵੀ ਆਪਣੇ ਆਪ ਨੂੰ ਉਹ ਸੁਆਲ ਪੁੱਛਣ ਦਾ ਅਧਿਕਾਰੀ ਸਮਝਦਾ ਹਾਂ।"

ਦੇਵਕੀ ਨੇ ਅਸਚਰਜਤਾ ਨਾਲ ਪੁੱਛਿਆ- ਅਤੇ ਇਹ ਚਿੱਠੀ ?"

ਮੈਂ ਕੁੱਝ ਦੇਰ ਚੁੱਪ ਰਿਹਾ ਅਤੇ ਉਸ ਦੇ ਮੂੰਹ ਵੱਲ ਵੇਖਦਾ ਰਿਹਾ। ਫਿਰ ਇਕ-ਇਕ ਸ਼ਬਦ ਤੇ ਜ਼ੋਰ ਦਿੰਦਿਆਂ ਬੋਲਿਆ—

"ਮਾਲੂਮ ਹੁੰਦਾ ਹੈ ਤੇਰੇ ਪਿਤਾ ਜੀ ਦਾ ਧੋਖਾ ਹੈ।"

ਦੇਵਕੀ ਖੜੀ ਹੋ ਗਈ। ਇਸ ਵੇਲੇ ਉਸਦਾ ਅੰਗ ਅੰਗ ਕੰਬ ਰਿਹਾ ਸੀ। ਉਸਨੇ ਪੁੱਛਿਆ-"ਤਾਂ ਤੁਹਾਡਾ ਵਿਆਹ ਨਹੀਂ ਹੋਇਆ, ਅਜੇ ਤਕ ??"

"ਨਹੀਂ।"

"ਅਤੇ ਹੁਣ ਸਾਧੂ ਕਿਉਂ ਹੋਏ ਹੋ ?"

"ਹੋਰ ਕੀ ਕਰਦਾ ?"

ਦੇਵਕੀ ਖੜੀ ਸੀ, ਇਹ ਸੁਣ ਕੇ ਬੈਠ ਗਈ। ਅਤੇ ਦੋਨਾਂ ਹੱਥਾਂ ਵਿੱਚ ਉਹ ਮੂੰਹ ਛੁਪਾ ਕੇ ਰੋਣ ਲੱਗੀ। ਹੁਣ ਮੈਨੂੰ ਤੇ ਉਸਨੂੰ ਅਸਲੀ ਰਾਜ਼ ਦਾ ਪਤਾ ਲਗਿਆ। ਦੋਹਾਂ ਦੇ ਦੁਖ ਤੇ ਸੋਕ ਦੀ ਥਾਹ ਨਹੀਂ ਸੀ। ਦੋਹਾਂ ਨੂੰ ਧੋਖਾ ਦਿੱਤਾ ਗਿਆ ਸੀ।

ਅਸੀਂ ਦੋਵੇਂ ਕਿਸੇ ਦੇ ਅਤਿਆਚਾਰ ਦੇ ਸ਼ਿਕਾਰ ਸਾਂ।

ਰਾਤ ਨੂੰ ਮੇਰਾ ਲੈਕਚਰ ਹੋਇਆ। ਮੈਂ ਕਲੇਜਾ ਕਢਕੇ ਲੋਕਾਂ ਦੇ ਸਾਹਮਣੇ ਰੱਖ ਦਿੱਤਾ ਅਤੇ ਅੱਜ ਕੱਲ ਦੇ ਵਿਆਹ ਦੀਆਂ ਬੁਰਾਈਆਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਮੈਂ ਸੱਤਾਂ ਮਹੀਨਿਆਂ ਤੋਂ ਲੈਕਚਰ ਦੇ ਰਿਹਾ ਹਾਂ। ਪਰ ਉਸ ਰਾਤ ਦੇ ਲੈਕਚਰ ਵਿੱਚ ਜਾਦੂ ਸੀ। ਜਨਤਾ

ਦੀਆਂ ਅੱਖਾਂ ਵਿੱਚ ਹੰਝੂ ਭਰੇ ਹੋਏ ਸਨ, ਅਤੇ ਇਸਤਰੀਆਂ ਤਾਂ ਫੁਟ-ਫੁਟ ਕੇ ਰੋ ਰਹੀਆਂ ਸਨ। ਪਰ ਲੈਕਚਰ ਦਾ ਸਭ ਤੋਂ ਵੱਧ ਪ੍ਰਭਾਵ ਰਾਏ ਸਾਹਿਬ ਤੇ ਦੇਵਕੀ ਉੱਤੇ ਹੋਇਆ। ਦੋਹਾਂ ਦੇ ਮੂੰਹਾਂ ਦਾ ਰੰਗ ਉਡਿਆ ਹੋਇਆ ਸੀ।

ਦੂਜੇ ਦਿਨ ਪਤਾ ਲਗਿਆ ਕਿ ਦੇਵਕੀ ਨੇ ਤੇਲ ਛਿੜਕ ਕੇ ਅੱਗ ਲਾ ਦਿੱਤੀ ਹੈ। ਮੇਰੇ ਉੱਤੇ ਪਹਾੜ ਟੁੱਟ ਪਿਆ। ਜੀ ਚਾਹੁੰਦਾ ਸੀ, ਉਸ ਦੇ ਨਾਲ ਹੀ ਸੜ ਮਰਾਂ। ਪਰ ਇਹ ਵਿਚਾਰ ਰੋਕਦਾ ਸੀ ਕਿ ਇਸ ਨਾਲ ਦੇਵਕੀ ਬਦਨਾਮ ਹੋ ਜਾਵੇਗੀ। ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਬਣਾਉਣਗੇ। ਉਸਨੇ ਵਿਆਹ ਕਰਕੇ ਵੀ ਪ੍ਰੇਮ ਦੀ ਆਨ ਨੂੰ ਨਿਭਾਇਆ: ਕੀ ਮੈਂ ਉਸਦੀ ਮੌਤ ਤੋਂ ਬਾਅਦ ਉਸਦੀ ਮਿੱਟੀ ਉਡਾਵਾਂਗਾ। ਇਹ ਪ੍ਰੇਮ ਦਾ ਮਾਰਗ ਨਹੀਂ, ਪਾਪ ਦਾ ਪੱਥ ਹੈ।

ਵਜ਼ੀਰ ਚੰਦ ! ਹੁਣ ਮੇਰਾ ਸੰਸਾਰ ਉਜੜ ਗਿਆ ਹੈ। ਪਹਿਲਾਂ ਸੋਚਦਾ ਸਾਂ ਕਿ ਦੇਵਕੀ ਮੇਰੀ ਨਹੀਂ ਠੀਕ ਹੈ ! ਪਰ ਜੀਦੀ ਤਾਂ ਹੈ। ਕਦੇ ਨਜ਼ਰ ਆ ਜਾਵੇਗੀ, ਕਦੇ ਪਿਆਸੇ ਦੀ ਥੋੜੀ ਜਿਹੀ ਪਿਆਸ ਬੁਝ ਜਾਵੇਗੀ। ਹੁਣ ਉਹ ਗੱਲ ਵੀ ਨਹੀਂ ਰਹੀ। ਹੁਣ ਜੀ ਕੇ ਕੀ ਕਰਾਂਗਾ ? ਇਹ ਮੇਰਾ ਆਖ਼ਰੀ ਪੱਤਰ ਹੈ। ਕੱਲ ਦੀਆਂ ਅਖ਼ਬਾਰਾਂ ਵਿੱਚ ਮੇਰੀ ਮੌਤ ਦੀ ਖਬਰ ਪੜ੍ਹ ਕੇ ਹੈਰਾਨ ਨਾ ਹੋਵੀਂ। ਦੇਵਕੀ ਮੇਰੀ ਰਾਹ ਵੇਖ ਰਹੀ ਹੈ। ਮੈਂ ਉਸਨੂੰ ਜ਼ਿਆਦਾ ਦੇਰ ਵਿਆਕੁਲ ਨਹੀਂ ਰੱਖਣਾ ਚਾਹੁੰਦਾ। ਆਖਰੀ ਨਮਸਤੇ।

ਤੇਰਾ ਕੁੱਝ ਘੜੀਆਂ ਦਾ ਮਹਿਮਾਨ,
ਅਮੀਰ ਚੰਦ

(11)

ਤਾਜ ਮਹਲ ਹੋਟਲ, ਬੰਬਈ
5 ਦਸੰਬਰ, 1916

ਮਾਈ ਡੀਅਰ ਲਾਲਾ ਹਰਨਾਮ ਦਾਸ,

ਮੈਂ ਅੱਜ ਹੀ ਇੱਥੇ ਪਹੁੰਚਿਆ ਹਾਂ, ਅਤੇ ਆਉਂਦਿਆਂ ਹੀ ਇਹ ਖ਼ਬਰ ਸੁਣੀ ਹੈ ਕਿ ਸੁਆਮੀ ਸੰਤਸ਼ਾ ਨੰਦ ਵੀ ਚਲ ਬਸੇ ਹਨ। ਉਨ੍ਹਾਂ ਨੇ ਜ਼ਹਿਰ ਖਾ ਲਈ ਹੈ। ਜਦੋਂ ਤੋਂ ਮੈਂ ਉਨ੍ਹਾਂ ਦੀ

ਤੇ ਦੇਵਕੀ ਦੀ ਛੁਪ ਕੇ ਗੱਲਬਾਤ ਸੁਣੀ ਸੀ, ਉਦੋਂ ਤੋਂ ਹੀ ਮੈਨੂੰ ਹੈਰਾਨੀ ਹੋ ਰਹੀ ਸੀ ਕਿ ਅਗਲਾ ਕਦਮ ਕੀ ਹੋਵੇਗਾ ? ਇਹ ਮੌਤ ਇਸ ਨਾਟਕ ਦਾ ਡਰਾਪਸੀਨ ਹੈ।

ਦੇਵਕੀ ਦੀ ਹੈਰਾਨ ਕਰਨ ਵਾਲੀ ਉਦਾਸੀ ਤੇ ਖਾਮੋਸ਼ੀ ਦਾ ਰਾਜ਼ ਹੁਣ ਪਤਾ ਲਗਿਆ ਹੈ। ਅਤੇ ਮੇਰੀ ਨਜ਼ਰ ਵਿੱਚ ਉਸਦਾ ਸਤਿਕਾਰ ਕਈ ਗੁਣਾਂ ਵੱਧ ਗਿਆ ਹੈ। ਉਹ ਅਮੀਰ ਚੰਦ ਨਾਲ ਪ੍ਰੇਮ ਕਰਦੀ ਸੀ। ਉਸਦਾ ਦਿਲ ਉਸਨੂੰ ਚਾਹੁੰਦਾ ਸੀ। ਫਿਰ ਵੀ ਉਸ ਨੇ ਮੇਰਾ ਦਿਲ ਰੱਖਣ ਲਈ ਪੂਰਾ ਯਤਨ ਕੀਤਾ ਅਤੇ ਆਪਣੇ ਪਿਆਰ ਨੂੰ ਅੰਦਰ ਹੀ ਅੰਦਰ ਬਦਲਾਈ ਰੱਖਿਆ। ਪਰ ਜਦੋਂ ਉਸਨੂੰ ਆਪਣੇ ਪਿਤਾ ਦੀ ਧੋਖੇਬਾਜ਼ੀ ਦਾ ਪਤਾ ਲਗਿਆ ਤਾਂ ਉਸਨੇ ਆਤਮ ਹੱਤਿਆ ਕਰ ਲਈ।

ਇਸ ਤੋਂ ਬਿਨਾਂ ਹੋਰ ਚਾਰਾ ਵੀ ਕੀ ਸੀ ? ਉਹ ਵਿਚਾਰੀ ਹੋਰ ਕਰ ਵੀ ਕੀ ਸਕਦੀ ਸੀ। ਸੰਤ ਰਾਮ ਨੇ ਬੜੀ ਭੁੱਲ ਕੀਤੀ ਸੀ। ਉਸਨੂੰ ਸੋਚਣਾ ਚਾਹੀਦਾ ਸੀ ਕਿ ਉਹ ਕੀ ਕਰ ਰਿਹਾ ਹੈ ? ਉਸਨੂੰ ਖ਼ਿਆਲ ਕਰਨਾ ਚਾਹੀਦਾ ਸੀ ਕਿ ਪੈਸਾ ਹੀ ਦੁਨੀਆਂ ਵਿਚ ਸਭ ਕੁੱਝ ਨਹੀਂ। ਉਸਦਾ ਲਾਲਚ ਦੋ ਕਤਲਾਂ ਦਾ ਕਾਰਨ ਬਣਿਆ, ਅਤੇ ਸਾਡਾ ਸਮਾਜ ਇਨ੍ਹਾਂ ਦੋ ਵਡਮੁੱਲੇ ਰਤਨਾਂ ਤੋਂ ਵਾਂਝਾ ਹੋ ਗਿਆ।

ਪਰਮਾਤਮਾ ਸਾਨੂੰ ਸਾਰੀ ਅਤੇ ਸੁਮਤ ਬਖਸ਼ੇ।

ਤੇਰਾ ਬਦਨਸੀਬ ਦੋਸਤ,
ਸਾਂਝੀ ਰਾਮ

-0-

# ਐਲਬਮ

(1)

ਪੰਡਤ ਸ਼ਾਦੀ ਰਾਮ ਨੇ ਠੰਡਾ ਸਾਹ ਭਰਿਆ ਅਤੇ ਸੋਚਣ ਲੱਗਾ-"ਕੀ ਇਹ ਕਰਜਾ ਹੁਣ ਕਦੇ ਸਿਰੇ ਨਹੀਂ ਲੱਥੇਗਾ ?"

ਉਹ ਗਰੀਬ ਸੀ, ਪਰ ਦਿਲ ਦਾ ਬੁਰਾ ਨਹੀਂ ਸੀ। ਉਹ ਚਾਹੁੰਦਾ ਸੀ ਕਿ ਜਿਸ ਤਰ੍ਹਾਂ ਵੀ ਹੋਵੇ ਆਪਣੇ ਸ਼ਾਹ-ਲਾਲਾ ਸਦਾ ਨੰਦ ਦਾ ਰੁਪਿਆ ਚੁਕਦਾ ਕਰ ਦੇਵੇ। ਉਸ ਲਈ ਇਕ ਇਕ ਪੈਸਾ ਮੋਹਰ ਦੇ ਬਰਾਬਰ ਸੀ। ਆਪਣਾ ਪੇਟ ਕੱਟ ਕੇ ਬਚਾਉਂਦਾ ਸੀ, ਪਰ ਜਦੋਂ ਚਾਰ ਪੈਸੇ ਜਮ੍ਹਾ ਹੋ ਜਾਂਦੇ ਸਨ ਤਾਂ ਕੋਈ ਅਜਿਹਾ ਖ਼ਰਚ ਨਿਕਲ ਆਉਂਦਾ ਕਿ ਸਾਰਾ ਰੁਪਿਆ ਉਡ ਜਾਂਦਾ ਸੀ। ਇਉਂ ਸ਼ਾਦੀ ਰਾਮ ਦੇ ਦਿਲ ਤੇ ਬਰਛੀਆਂ ਚਲ ਜਾਂਦੀਆਂ ਸਨ। ਉਸ ਦਾ ਹਾਲ ਅਜਿਹੇ ਡੁੱਬਦੇ ਹੋਏ ਆਦਮੀ ਵਰਗਾ ਹੁੰਦਾ ਜਿਹੜਾ ਹੱਥ-ਪੈਰ ਮਾਰ ਕੇ ਕਿਨਾਰੇ ਪਹੁੰਚ ਜਾਏ ਪਰ ਕਿਨਾਰਾ ਟੁਟ ਜਾਵੇ ਅਤੇ ਉਹ ਫਿਰ ਪਾਣੀ ਵਿਚ ਗੋਤੇ ਖਾਣ ਲੱਗ ਪਵੇ। ਉਸ ਵੇਲੇ ਉਸ ਆਦਮੀ ਦੀ ਹਾਲਤ ਕਿੰਨੀ ਦਰਦਨਾਕ ਤੇ ਦਿਲ ਚੀਰਵੀਂ ਹੁੰਦੀ ਹੈ? ਉਹ ਆਪਣੀ ਕਿਸਮਤ ਨੂੰ ਬੁਰਾ ਭਲਾ ਕਹਿੰਦਾ, ਆਪਣੇ ਆਪ ਨੂੰ ਕੋਸਣ ਲੱਗ ਜਾਂਦਾ ਹੈ। ਉਹ ਆਪਣੇ ਆਪ ਤੇ ਖਿਝ ਉਠਦਾ ਹੈ। ਇਹੀ ਹਾਲ ਸ਼ਾਦੀ ਰਾਮ ਦਾ ਸੀ।

ਕਈ ਸਾਲ ਬੀਤ ਗਏ। ਸ਼ਾਦੀ ਰਾਮ ਨੇ ਪੈਸਾ ਪੈਸਾ ਬਚਾ ਕੇ ਅੱਸੀ ਰੁਪਏ ਬਚਾਏ। ਉਸਨੇ ਲਾਲਾ ਸਦਾ ਨੰਦ ਦੇ ਪੰਜ ਸੌ ਰੁਪਏ ਦੇਣੇ ਸਨ। ਇਸ ਅੱਸੀ ਰੁਪਏ ਦੀ ਰਕਮ ਨਾਲ ਕਰਜ਼ੇ ਦੀ ਅਦਾਇਗੀ ਦਾ ਸਮਾਂ ਕੁਝ ਨੇੜੇ ਆਉਂਦਾ ਪ੍ਰਤੀਤ ਹੁੰਦਾ ਸੀ। ਇਕਦਮ ਉਸਦਾ ਛੋਟਾ ਲੜਕਾ ਬੀਮਾਰ ਹੋ ਗਿਆ, ਅਤੇ ਲਗਾਤਾਰ ਚਾਰ ਮਹੀਨੇ ਬੀਮਾਰ ਰਹਿ ਕੇ ਮਰਦੇ ਮਰਦੇ ਬਚਿਆ। ਪੈਸਾ ਪੈਸਾ ਕਰਕੇ ਬਚਾਏ ਹੋਏ ਰੁਪਏ ਦਵਾ ਦਾਰੂ ਵਿਚ ਲੱਗ ਗਏ। ਪੰਡਤ ਸ਼ਾਦੀ ਰਾਮ ਸਿਰ ਪਿਟ ਕੇ ਰਹਿ ਗਿਆ। ਹੁਣ ਫਿਰ ਚਾਰੇ ਪਾਸੇ ਹਨੇਰਾ ਸੀ। ਉਸ ਵਿਚ ਚਾਨਣ ਦੀ ਮੱਧਮ ਜਿਹੀ ਕਿਰਣ ਵੀ ਨਹੀਂ ਸੀ। ਉਸਨੇ ਠੰਡਾ ਸਾਹ ਭਰਿਆ ਤੇ ਸੋਚਣ ਲੱਗਾ -"ਕੀ ਇਹ ਕਰਜ਼ਾ ਕਦੇ ਵੀ ਨਹੀਂ ਉਤਰੇਗਾ ?"

ਲਾਲਾ ਸਦਾ ਨੰਦ ਆਪਣੇ ਪਰੋਹਿਤ ਦੀ ਬੇਬਸੀ ਨੂੰ ਜਾਣਦਾ ਸੀ, ਅਤੇ ਨਹੀਂ ਸੀ ਚਾਹੁੰਦਾ ਕਿ ਉਹ ਕਰਜਾ ਉਤਾਰਨ ਦਾ ਯਤਨ ਵੀ ਕਰੇ। ਉਸਨੂੰ ਇਸ ਰਕਮ ਦੀ ਰੱਤਾ ਵੀ ਪਰਵਾਹ ਨਹੀਂ ਸੀ। ਉਸਨੇ ਕਦੇ ਵੀ ਇਸ ਦੀ ਮੰਗ ਨਹੀਂ ਸੀ ਕੀਤੀ, ਨਾ ਕਦੇ ਸ਼ਾਦੀ ਰਾਮ ਨਾਲ ਇਸ ਬਾਰੇ ਕਦੇ ਗੱਲ ਛੇੜੀ ਸੀ। ਇਸ ਗੱਲ ਤੋਂ ਉਹ ਇਵੇਂ ਡਰਦਾ ਸੀ ਜਿਥੇ ਇਹ ਰੁਪਏ ਉਸਦੇ ਜਿਮੇ ਹੋਣ। ਪਰ ਸ਼ਾਦੀ ਰਾਮ ਦੇ ਮਨ ਵਿਚ ਸ਼ਾਂਤੀ ਨਹੀਂ ਸੀ। ਅਕਸਰ ਸੋਚਿਆ ਕਰਦਾ ਸੀ ਕਿ ਇਹ ਕਿਹੋ ਜਿਹਾ ਭਲਾਮਾਣਸ ਹੈ। ਜਿਹੜਾ ਆਪਣੀ ਰਕਮ ਦੇ ਬਾਰੇ ਮੇਰੇ ਨਾਲ ਗਲ ਤਕ ਨਹੀਂ ਕਰਦਾ। ਖੈਰ ਇਹ ਕੁੱਝ ਨਹੀਂ ਕਰਦਾ ਤਾਂ ਨਾ ਕਰੇ, ਪਰ ਇਸ ਦਾ ਇਹ ਮਤਲਬ ਥੋੜਾ ਹੈ ਕਿ ਮੈਂ ਵੀ ਨਿਸਚਿੰਤ ਹੋ ਜਾਵਾਂ ! ਮੇਰੇ ਵਲ ਰੁਪਿਆ ਨਿਕਲਦਾ ਹੈ। ਮੈਨੂੰ ਚੁਕਾਉਣਾ ਚਾਹੀਦਾ ਹੈ। ਇਹ ਇਕ ਮੋਟੀ ਜਿਹੀ ਗੱਲ ਹੈ। ਇਸਨੂੰ ਹਰ ਕੋਈ ਜਾਣਦਾ ਹੈ।

ਉਸਨੂੰ ਲਾਲਾ ਸਦਾ ਨੰਦ ਦੇ ਸਾਹਮਣੇ ਸਿਰ ਉਠਾਣ ਦੀ ਹਿੰਮਤ ਨਹੀਂ ਸੀ ਪੈਂਦੀ। ਉਸਨੂੰ ਕਰਜ਼ੇ ਦੇ ਭਾਰ ਨੇ ਥੱਲੇ ਝੁਕਾ ਦਿੱਤਾ ਸੀ। ਜੇ ਲਾਲਾ ਸਦਾ ਨੰਦ ਏਨੀ ਸਰਾਵਤ ਨਾ ਵਿਖਾਉਂਦਾ ਅਤੇ ਸ਼ਾਦੀ ਰਾਮ ਨੂੰ ਬਾਰ ਬਾਰ ਦੇ ਡਰਾਵਿਆਂ ਨਾਲ ਤੰਗ ਕਰਦਾ ਤਾਂ ਉਸਨੂੰ ਅਜਿਹੀ ਮਾਨਸਿਕ ਤਕਲੀਫ ਕਦੇ ਨਾ ਹੁੰਦੀ ਅਸੀਂ ਅਤਿਆਚਾਰ ਦਾ ਸਾਹਮਣਾ ਸਿਰ ਉਠਾ ਕੇ ਕਰ ਸਕਦੇ ਹਾਂ, ਪਰ ਭਲਮਾਣਸੀ ਦੇ ਸਾਹਮਣੇ ਅੱਖਾਂ ਨਹੀਂ ਉਠਦੀਆਂ। ਕੈਦੀ ਬਲਵਾਨ ਹੁੰਦਾ ਹੋਇਆ ਵੀ ਬਲਵਾਨ ਨਹੀਂ ਅਖਵਾਉਂਦਾ।

ਇਕ ਦਿਨ ਲਾਲਾ ਸਦਾ ਨੰਦ ਕਿਸੇ ਕੰਮ ਪੰਡਤ ਸ਼ਾਦੀ ਰਾਮ ਦੇ ਘਰ ਆਏ। ਅਤੇ ਉਨ੍ਹਾਂ ਦੀ ਅਲਮਾਰੀ ਵਿਚ ਕਈ ਸੌ ਗੁਜਰਾਤੀ, ਹਿੰਦੀ, ਅੰਗਰੇਜ਼ੀ ਆਦਿ ਭਾਸ਼ਾਵਾਂ ਦੇ ਮਾਸਕ ਰਜਾਲੇ ਵੇਖਕੇ ਬੋਲਿਆ— ਇਹ ਕੀ ਹੈ ਪੰਡਿਤ ਜੀ ?"

ਪੰਡਤ ਸ਼ਾਦੀ ਰਾਮ ਨੇ ਪੈਰ ਦੇ ਅੰਗੂਠੇ ਨਾਲ ਜ਼ਮੀਨ ਖੁਰਚਦੇ ਹੋਏ ਜਵਾਬ ਦਿੱਤਾ - ਪੁਰਾਣੇ ਰਸਾਲੇ ਹਨ। ਵੱਡੇ ਭਰਾ ਨੂੰ ਪੜ੍ਹਣ ਦਾ ਬੜਾ ਸੌਕ ਸੀ। ਉਹ ਅਕਸਰ ਮੰਗਵਾਉਂਦੇ ਰਹਿੰਦੇ ਸਨ। ਜਦੋਂ ਜੀਉਂਦੇ ਸਨ ਤਾਂ ਕਿਸੇ ਨੂੰ ਹੱਥ ਨਹੀਂ ਸੀ ਲਾਉਣ ਦੇਂਦੇ। ਹੁਣ ਇਨ੍ਹਾਂ ਨੂੰ ਕੀੜੇ ਖਾ ਰਹੇ ਹਨ। ਕੋਈ ਪੁੱਛਦਾ ਵੀ ਨਹੀਂ।"

'ਰੱਦੀ ਵਿੱਚ ਕਿਉਂ ਨਹੀਂ ਵੇਚ ਦੇਂਦੇ ?"

"ਇਨ੍ਹਾਂ ਵਿੱਚ ਚਿੱਤਰ ਹਨ। ਜਦ ਕਦੀ ਬੱਚੇ ਰੁਸਦੇ ਹਨ, ਤਾਂ ਇਕ ਅੱਧ ਕੱਢਕੇ ਦੇ ਦੇਂਦਾ ਹਾਂ। ਇਸ ਨਾਲ ਉਨ੍ਹਾਂ ਦਾ ਦਿਲ ਬਹਿਲ ਜਾਂਦਾ ਹੈ। ਇਸ ਲਈ ਰੱਦੀ ਵਿੱਚ ਨਹੀਂ ਵੇਚਦਾ।"

ਲਾਲਾ ਸਦਾ ਨੰਦ ਨੇ ਅਗੇ ਵਧਕੇ ਕਿਹਾ, "ਦੋ-ਚਾਰ ਰਸਾਲੇ ਵਿਖਾਉ ਖਾਂ. ਵੇਖੀਏ ਤਾਂ ਸਹੀ ਕਿਹੋ ਜਿਹੇ ਚਿੱਤਰ ਹਨ।"

ਪੰਡਤ ਸ਼ਾਦੀ ਰਾਮ ਨੇ ਕੁੱਝ ਪਰਚੇ ਵਿਖਾਏ। ਹਰ ਪਰਚੇ ਵਿਚ ਕਈ ਕਈ ਸੁੰਦਰ ਤੇ ਰੰਗੀਨ ਚਿੱਤਰ ਸਨ। ਲਾਲਾ ਸਦਾ ਨੰਦ ਕੁੱਝ ਚਿਰ ਉਲਟ ਪੁਲਟ ਕੇ ਵੇਖਦਾ ਰਿਹਾ। ਇਕ ਦਮ ਉਸਦੇ ਮਨ ਵਿੱਚ ਇਕ ਅਜੀਬ ਜਿਹਾ ਵਿਚਾਰ ਉਠਿਆ। ਚੌਂਕ ਕੇ ਬੋਲਿਆ-"ਪੰਡਤ! "

ਪੰਡਤ ਜੀ ਨੇ ਉਸ ਵੱਲ ਵੇਖਿਆ, ਅਤੇ ਹੱਸ ਕੇ ਬੋਲਿਆ-"ਫਰਮਾਉ! ਕੀ ਗੱਲ ਹੈ?"

'ਇਹ ਚਿੱਤਰ ਕਲਾ ਦੇ ਸੁੰਦਰ ਤੇ ਵਧੀਆ ਨਮੂਨੇ ਹਨ। ਜੇਕਰ ਕਿਸੇ ਸੌਕੀਨ ਨੂੰ ਪਸੰਦ ਆ ਜਾਣ ਤਾਂ ਹਜ਼ਾਰ ਦੇ ਹਜਾਰ ਰੁਪਏ ਆਸਾਨੀ ਨਾਲ ਕਮਾ ਸਕਦੇ ਹੋ।

ਪੰਡਤ ਜਾਂਦੀ ਰਾਮ ਨੇ ਠੰਡਾ ਸਾਹ ਭਰ ਕੇ ਕਿਹਾ-"ਐਸੀ ਕਿਸਮਤ ਹੁੰਦੀ ਤਾਂ ਇਸ ਤਰ੍ਹਾਂ ਧੱਕੇ ਕਿਉਂ ਖਾਂਦਾ ਫਿਰਦਾ ਹੈ"

ਲਾਲਾ ਸਦਾ ਨੰਦ ਬੋਲਿਆ-"ਇਕ ਕੰਮ ਕਰੋ ! ਕਰੋਗੇ ਨਾ ?"

"ਅੱਜ ਬੈਠਕੇ ਇਨ੍ਹਾਂ ਰਸਾਲਿਆਂ ਵਿਚੋਂ ਜਿੰਨੀਆਂ ਚੰਗੀਆਂ ਚੰਗੀਆਂ ਤਸਵੀਰਾਂ ਹਨ, " ਛਾਣ ਕੇ ਵੱਖ ਕਰ ਲਵੋ।"

"ਜਦੋਂ ਇਹ ਕਰ ਲਵੇ ਤਾਂ ਮੈਨੂੰ ਪਤਾ ਦੇਣਾ।

ਬਹੁਤ ਅੱਛਾ !"

"ਮੈਂ ਇਨ੍ਹਾਂ ਦੀ ਐਲਬਮ ਬਣਾਵਾਂਗਾ ਅਤੇ ਤੁਹਾਡੇ ਵਲੋਂ ਇਸ਼ਤਿਹਾਰ ਦੇਵਾਂਗਾ। ਹੋ ਸਕਦਾ ਹੈ ਕਿ ਇਹ ਇਸ਼ਤਿਹਾਰ ਕਿਸੇ ਸ਼ੌਕੀਨ ਨੇ ਹੱਥ ਲੱਗ ਜਾਵੇ, ਅਤੇ ਤੁਸੀਂ ਚਾਰ ਪੈਸੇ ਕਮਾ ਲਵੋ। ਤਸਵੀਰਾਂ ਬਹੁਤ ਵਧੀਆਂ ਹਨ।"

(2)

ਪੰਡਤ ਸ਼ਾਦੀ ਰਾਮ ਨੂੰ ਇਹ ਆਸ ਨਹੀਂ ਸੀ ਕਿ ਕੋਲਿਆਂ ਵਿਚੋਂ ਹੀਰਾ ਮਿਲ ਜਾਵੇਗਾ। ਘੋਰ ਨਿਰਾਸਤਾ ਨੇ ਆਸ ਦਾ ਦਰਵਾਜ਼ਾ ਚਾਰੇ ਪਾਸਿਓਂ ਬੰਦ ਕਰ ਰੱਖਿਆ ਸੀ। ਉਹ ਉਨ੍ਹਾਂ ਬਦਕਿਸਮਤ ਇਨਸਾਨਾਂ ਵਿਚੋਂ ਸਨ, ਜਿਹੜੇ ਸੰਸਾਰ ਵਿੱਚ ਅਸਫਲ ਕੇਵਲ ਅਸਫਲ ਹੋਣ ਲਈ ਜੰਮਦੇ ਹਨ। ਸੋਨੇ ਨੂੰ ਹੱਥ ਲਾਦੇ ਤਾਂ ਉਹ ਵੀ ਮਿੱਟੀ ਹੋ ਜਾਂਦਾ। ਸਿੱਧੀ ਗੱਲ ਵੀ ਕਰਦੇ ਤਾਂ ਉਹ ਵੀ ਉਲਟੀ ਪੈਂਦੀ। ਉਨ੍ਹਾਂ ਦਾ ਕੇਵਲ ਖ਼ਿਆਲ ਹੀ ਨਹੀਂ ਪੱਕਾ ਵਿਸ਼ਵਾਸ਼ ਸੀ ਕਿ ਇਹ ਯਤਨ ਵੀ ਅਸਫਲ ਰਹੇਗਾ। ਪਰ ਲਾਲਾ ਸਦਾ ਨੰਦ ਦੇ ਜ਼ੋਰ ਦੇਣ ਤੇ ਸਾਰਾ ਦਿਨ ਬੈਠ ਕੇ ਤਸਵੀਰਾਂ ਛਾਂਟਦਾ ਰਿਹਾ। ਨਾ ਮਨ ਵਿੱਚ ਲਗਨ, ਨਾ ਹਿਰਦੇ ਵਿਚ ਦਾਅ ਅਤੇ ਨਾ ਹੀ ਸੀਨੇ ਵਿੱਚ ਉਮੰਗ ਸੀ। ਪਰ ਲਾਲਾ ਸਦਾ ਨੰਦ ਜੀ ਦੀ ਗੱਲ ਨੂੰ ਟਾਲਣਾ ਮੁਸ਼ਕਲ ਸੀ। ਸ਼ਾਮ ਨੂੰ ਦੇਖਿਆ, ਤਾਂ ਦੋ ਸੌਂਦੇ ਲੱਗਭਗ ਇਕ ਤੋਂ ਇਕ ਵਧੀਆ ਚਿੱਤਰ ਜਮ੍ਹਾਂ ਹੋ ਗਏ ਸਨ।

ਉਸ ਵੇਲੇ ਉਹ ਉਨ੍ਹਾਂ ਨੂੰ ਵੇਖਕੇ ਖੁਦ ਉਛਲ ਪਿਆ। ਉਸ ਦੇ ਚੇਹਰੇ ਤੇ ਖੁਸ਼ੀ ਨੱਚਣ ਲੱਗੀ। ਜਿਵੇਂ ਫੇਲ ਹੋ ਜਾਣ ਤੋਂ ਵਿਸ਼ਵਾਸ਼ ਕਰਕੇ ਆਪਣੀ ਕਿਸਮਤ ਤੇ ਹੋ ਚੁੱਕੇ ਵਿਦਿਆਰਥੀ ਨੂੰ ਪਾਸ ਹੋਣ ਦੀ ਤਾਰ ਮਿਲ ਗਈ ਹੋਵੇ। ਉਦੋਂ ਉਹ ਕਿੰਨਾਂ ਖੁਸ਼ ਹੁੰਦਾ ਹੈ। ਚਾਰੇ ਪਾਸੇ ਕਿੰਨੀ ਖੁਸ਼ੀ ਤੇ ਹੈਰਾਨੀ ਨਾਲ ਵੇਖਦਾ ਹੈ। ਇਹੀ ਹਾਲ ਪੰਡਤ ਸ਼ਾਦੀ ਰਾਮ ਦਾ ਸੀ। ਉਹ ਇਨ੍ਹਾਂ ਚਿੱਤਰਾਂ ਵੱਲ ਮਾਣ ਨਾਲ ਵੇਖਦਾ ਸੀ। ਮਾਨੋ ਹਰ ਚਿੱਤਰ ਦਸ ਦਸ ਰੁਪਏ ਦਾ ਨੋਟ ਹੋਵੇ। ਬੱਚਿਆਂ ਨੂੰ ਉਧਰ ਵੇਖਣ ਨਾ ਦਿੰਦਾ। ਉਹ ਸਫਲਤਾ ਦੇ ਵਿਚਾਰ ਨਾਲ ਹੀ ਖੁਸ਼ ਹੋ ਰਿਹਾ ਸੀ। ਭਾਵੇਂ ਖੁਸ਼ੀ ਅਜੇ ਕੋਹਾਂ ਦੂਰ ਸੀ। ਲਾਲਾ ਸਦਾ ਨੰਦ ਦੀ ਆਸ ਉਸਦੇ ਦਿਮਾਗ ਵਿੱਚ ਨਿਸ਼ਚੇ ਦਾ ਰੂਪ ਧਾਰਨ ਕਰ ਚੁਕੀ ਸੀ। ਉਹ ਖੁਸ਼ੀ ਨਾਲ ਝੂਮਣ ਲੱਗ ਪਿਆ ਭਾਵੇਂ ਝੂਮਣ ਦਾ ਕੋਈ ਕਾਰਨ ਨਹੀਂ ਸੀ।

ਲਾਲਾ ਸਦਾ ਨੰਦ ਨੇ ਚਿੱਤਰਾਂ ਨੂੰ ਐਲਬਮ ਵਿਚ ਲਗਵਾਇਆ ਅਤੇ ਕੁੱਝ ਉੱਚ ਕੋਟੀ ਦੇ ਅਖ਼ਬਾਰਾਂ ਵਿਚ ਇਸ਼ਤਿਹਾਰ ਦਿਤੇ। ਹੁਣ ਪੰ: ਸ਼ਾਦੀ ਰਾਮ ਹਰ ਵਕਤ ਡਾਕੀਏ ਦੀ ਇੰਤਜ਼ਾਰ ਕਰਦਾ ਰਹਿੰਦਾ। ਰੋਜ ਸੋਚਦਾ ਸੀ ਕਿ ਅੱਜ ਕੋਈ ਚਿੱਠੀ ਆਏਗੀ। ਦਿਨ ਬੀਤ ਜਾਂਦਾ, ਪਰ ਚਿੱਠੀ ਕੋਈ ਨਾ ਆਉਂਦੀ। ਰਾਤ ਨੂੰ ਆਸ ਸੜਕ ਦੇ ਘੱਟੇ ਵਿੱਚ ਬਹਿ ਜਾਂਦੀ ਪਰ ਦੂਜੇ ਦਿਨ ਲਾਲਾ ਸਦਾ ਨੰਦ ਦੀਆਂ ਗੱਲਾਂ ਨਾਲ ਆਸ ਦੀ ਡੋਰ ਫਿਰ ਬਝ ਜਾਂਦੀ ਸੀ। ਜਿਸ ਤਰ੍ਹਾਂ ਜਿਵੇਂ ਗੱਡੀਆਂ ਚਲਣ ਪਿੱਛੋਂ ਸੜਕ ਦਾ ਬੈਠਿਆ ਹੋਇਆ ਘਟਾ ਫਿਰ ਉਡ ਪੈਂਦਾ ਹੈ। ਆਸ ਫਿਰ ਆਪਣਾ ਚਮਕਦਾ ਹੋਇਆ ਮੂੰਹ ਵਿਖਾਕੇ ਦਰਵਾਜ਼ੇ ਤੇ ਲਿਆ ਖੜਾ ਕਰਦੀ। ਡਾਕ ਦਾ ਵਕਤ ਹੁੰਦਾ, ਤਾਂ ਬਜ਼ਾਰ ਵਿਚ ਲੈ ਜਾਂਦੀ ਅਤੇ ਉਥੇ ਡਾਕਖਾਨੇ ਪਹੁੰਚਾ ਦਿੰਦੀ।

ਇਸੇ ਤਰ੍ਹਾਂ ਇਕ ਮਹੀਨਾ ਲੰਘ ਗਿਆ, ਪਰ ਕੋਈ ਪੱਤਰ ਨਾ ਆਇਆ। ਪੰ: ਸ਼ਾਦੀ ਰਾਮ ਬਿਲਕੁਲ ਨਿਰਾਸ ਹੋ ਗਿਆ। ਪਰ ਫਿਰ ਵੀ ਕਦੇ ਕਦੇ ਸਫਲਤਾ ਦਾ ਵਿਚਾਰ ਆ ਜਾਂਦਾ ਸੀ। ਹਨੇਰੇ ਵਿਚ ਜੁਗਨੂੰ ਦੀ ਚਮਕ ਨਿਰਾਸ ਦਿਲਾਂ ਲਈ ਕਿੰਨੀ ਉਤਸਾਹ ਜਨਕ ਤੇ ਜਿੰਦਾ ਕਰਨ ਵਾਲੀ ਹੁੰਦੀ ਹੈ। ਇਸ ਦੇ ਸਹਾਰੇ ਭੁਲੇ ਹੋਏ ਮੁਸਾਫਰ ਮੰਜਿਲ ਤੇ ਪਹੁੰਚਣ ਦਾ ਯਤਨ ਕਰਦੇ ਹਨ, ਅਤੇ ਕੁਝ ਦੇਰ ਲਈ ਆਪਣਾ ਦੁੱਖ ਭੁੱਲ ਜਾਂਦੇ ਹਨ। ਇਸ ਖੂਨੀ ਆਸ ਵਿੱਚ ਸੱਚਾ ਪ੍ਰਕਾਸ਼ ਨਹੀਂ ਹੁੰਦਾ, ਪਰ ਇਹ ਦੂਰ ਦੇ ਢੋਲ ਵਾਂਗ ਸੁਹਾਵਣੀ ਹੁੰਦੀ ਹੈ। ਇਸ ਵਿਚ ਵਰਖਾ ਦੀ ਨਮੀ ਹੋਵੇ ਜਾਂ ਨਾ ਹੋਵੇ। ਪਰ ਇਸ ਵਿਚ ਕਾਲੀ ਘਟਾ ਦਾ ਜਾਦੂ ਕੌਣ ਖੋਹ ਸਕਦਾ ਹੈ ?

ਪੰਡਤ ਸ਼ਾਦੀ ਰਾਮ ਨੇ ਆਸ ਨਾ ਛੱਡੀ। ਜਾਂ ਇਉਂ ਕਹੋ ਕਿ ਆਸ ਨੇ ਪੰ: ਸ਼ਾਦੀ ਰਾਮ ਦਾ ਖਹਿੜਾ ਨਾ ਛੱਡਿਆ। ਦਿਨ ਬੀਤਦੇ ਗਏ। ਆਸ ਮਰਦੀ ਗਈ। ਨਿਰਾਸਤਾ ਉਭਰਦੀ ਆਈ ਅਤੇ

ਆਖਰ ਇਕ ਦਿਨ ਸ਼ਾਦੀ ਰਾਮ ਦੀ ਕਿਸਮਤ ਜਾਗ ਪਈ। ਕੱਲਕਤੇ ਦੇ ਇਕ ਮਾਰਵਾੜੀ ਸੇਠ ਨੇ ਪੱਤਰ ਲਿਖਿਆ ਕਿ ਐਲਬਮ ਭੇਜ ਦਿਉ। ਜੇ ਪਸੰਦ ਆਈ ਤਾਂ ਖਰੀਦ ਲਈ ਜਾਵੇਗੀ। ਮੁੱਲ ਦੀ ਕੋਈ ਚਿੰਤਾ ਨਹੀਂ ਚੀਜ਼ ਵਧੀਆ ਹੋਣੀ ਚਾਹੀਦੀ ਹੈ। ਇਹ ਚਿੱਠੀ ਉਸ ਕਰਵਟ ਵਾਂਗ ਸੀ ਜਿਹੜਾ ਸੁੱਤਾ ਹੋਇਆ ਆਦਮੀ ਜਾਗਣ ਤੋਂ ਪਹਿਲਾਂ ਲੈਂਦਾ ਹੈ ਅਤੇ ਉਸ ਤੋਂ ਬਾਅਦ ਉਠਕੇ ਬੈਠ ਜਾਂਦਾ ਹੈ। ਇਹ ਕਿਸੇ ਆਦਮੀ ਦੀ ਕਰਵਟ ਨਹੀਂ ਸੀ, ਕਿਸੇ ਇਸਤਰੀ ਦੀ ਕਰਵਟ ਨਹੀਂ ਸੀ, ਇਹ ਕਿਸਮਤ ਦੀ ਕਰਵਟ ਸੀ। ਪੰਡਤ ਸ਼ਾਦੀ ਰਾਮ ਦੌੜਿਆ ਦੌੜਿਆ ਲਾਲਾ ਸਦਾ ਨੰਦ ਕੋਲ ਗਿਆ, ਅਤੇ ਉਸਨੂੰ ਸੇਠ ਦਾ ਪੱਤਰ ਵਿਖਾ ਕੇ ਕਹਿਣ ਲੱਗਾ- ਆਖ਼ਰ ਅੱਜ ਇਕ ਪੱਤਰ ਆ ਗਿਆ ਹੈ, ਭੇਜ ਦੇਵਾਂ ਐਲਬਮ ?"

"ਅਤੇ ਮੁੱਲ ?"

ਲਾਲਾ ਸਦਾ ਨੰਦ ਨੇ ਪੱਤਰ ਨੂੰ ਚੰਗੀ ਤਰ੍ਹਾਂ ਵੇਖਿਆ ਅਤੇ ਜਵਾਬ ਦਿੱਤਾ -"ਰਜਿਸਟਰੀ ਕਰਾਕੇ ਭੇਜ ਦਿਉ। ਸ਼ੌਕੀਨ ਆਦਮੀ ਮਾਲੂਮ ਹੁੰਦਾ ਹੈ। ਖਰੀਦ ਲਏਗਾ।"

"ਲਿਖ ਦਿਉ ਪੰਜ ਸੌ ਤੋਂ ਘਟ ਤੇ ਸੌਦਾ ਨਹੀਂ ਹੋਵੇਗਾ।"

ਕੁੱਝ ਦਿਨਾ ਬਾਅਦ ਉਸਨੂੰ ਜਵਾਬ ਵਿਚ ਇਕ ਬੀਮਾ ਮਿਲਿਆ। ਪੰਡਤ ਸ਼ਾਦੀ ਰਾਮ ਦੇ ਹੱਥ-ਪੈਰ ਕੰਬਣ ਲੱਗੇ। ਪਰ ਹੱਥਾਂ ਪੈਰਾਂ ਨਾਲੋਂ ਜ਼ਿਆਦਾ ਉਸ ਦਾ ਦਿਲ ਕੰਬ ਰਿਹਾ ਸੀ। ਉਸਨੇ

ਛੇਤੀ ਛੇਤੀ ਲਿਫਾਫਾ ਖੋਲਿਆ ਅਤੇ ਉਛਲ ਪਿਆ। ਉਸ ਵਿਚ ਸੌ ਸੌ ਦੇ ਪੰਜ ਨੋਟ ਸਨ। ਪਹਿਲਾਂ ਉਸਦੀ ਕਿਸਮਤ ਨੇ ਕਰਵਟ ਲਈ ਸੀ, ਹੁਣ ਉਹ ਕਿਸਮਤ ਉਠ ਕੇ ਬਹਿ ਗਈ।

ਪੰ: ਸ਼ਾਦੀ ਰਾਮ ਖੜਾ ਹੋ ਗਿਆ। ਅਤੇ ਸੋਚਣ ਲੱਗਾ -ਜੇ ਇਕ ਹਜ਼ਾਰ ਰੁਪਏ ਲਿਖ ਦੇਂਦਾ, ਤਾਂ ਸ਼ਾਇਦ ਉਤਨੇ ਹੀ ਮਿਲ ਜਾਂਦੇ। ਇਸ ਖਿਆਲ ਨੇ ਉਸਦੀ ਸਾਰੀ ਖੁਸ਼ੀ ਕਿਰਕਿਰੀ ਕਰ ਦਿੱਤੀ। ਕੜਾਹ ਵੀ ਮਿੱਠਾ ਸੀ, ਸੁਆਦੀ ਵੀ ਸੀ, ਪਰ ਉਸ ਵਿਚ ਇਕ ਕੰਕਰ ਨਿਕਲ ਆਇਆ. ਮਜ਼ਾ ਅੱਧਾ ਰਹਿ ਗਿਆ।

(3)

ਸ਼ਾਮ ਨੂੰ ਉਹ ਲਾਲਾ ਸਦਾ ਨੰਦ ਪਾਸ ਗਿਆ ਅਤੇ ਪੰਜ ਸੌ ਰੁਪਏ ਦੇ ਨੋਟ ਸਾਹਮਣੇ ਰਖ ਕੇ ਬੋਲਿਆ— 'ਪਰਮਾਤਮਾ ਦਾ ਧੰਨਵਾਦ ਹੈ ਕਿ ਮੈਨੂੰ ਇਸ ਭਾਰ ਤੋਂ ਮੁਕਤੀ ਮਿਲੀ ਹੈ। ਆਪਣੇ ਰੁਪਏ ਸੰਭਾਲ ਲਵੋ। ਆਪ ਨੇ ਜੋ ਦਇਆ ਤੇ ਨੇਕੀ ਕੀਤੀ ਹੈ, ਉਸਨੂੰ ਮੈਂ ਮਰਦੇ ਦਮ ਤਕ ਨਹੀਂ ਭੁਲਾਂਗਾ।"

ਲਾਲਾ ਸਦਾ ਨੰਦ ਨੇ ਹੈਰਾਨ ਹੋ ਕੇ ਪੁਛਿਆ ਪੰਡਤ ਜੀ ! ਕੀ ਸੇਠ ਨੇ ਐਲਬਮ ਖਰੀਦ ਲਈ ਹੈ ?"

"ਜੀ ਹਾਂ, ਖਰੀਦ ਲਈ ਹੈ।"

"ਅਤੇ ਰੁਪਏ ਵੀ ਆ ਗਏ?"

"ਜੀ ਹਾਂ, ਰੁਪਏ ਵੀ ਆ ਗਏ।"

"ਪੰਜ ਸੌ! "

“ਜੀ ਹਾਂ, ਨਹੀਂ ਤਾਂ ਮੇਰੇ ਗਰੀਬ ਬ੍ਰਾਹਮਣ ਕੋਲ ਕੀ ਸੀ ਜੋ ਆਪਦਾ ਕਰਜ਼ਾ ਹੁੰਦਾ। ਪਰਮਾਤਮਾ ਨੇ ਮੇਰੀ ਸੁਣ ਲਈ।"

"ਮੈਂ ਪਹਿਲਾਂ ਵੀ ਕਹਿਣਾ ਚਾਹੁੰਦਾ ਸੀ। ਪਰ ਕਹਿੰਦੇ ਹੋਏ ਝਿਜਕਦਾ ਸਾਂ ਕਿ ਕਿਤੇ ਤੁਹਾਡੇ ਦਿਲ ਨੂੰ ਠੇਸ ਨਾ ਲੱਗੇ। ਪਰ ਹੁਣ ਮੈਨੂੰ ਇਹ ਡਰ ਨਹੀਂ ਕਿਉਂਕਿ ਰੁਪਏ ਤੁਹਾਡੇ ਹੱਥ ਵਿੱਚ ਹਨ। ਮੇਰੀ ਇਹ ਬੇਨਤੀ ਹੈ ਕਿ ਇਹ ਰੁਪਏ ਤੁਸੀਂ ਆਪਣੇ ਕੋਲ ਰੱਖੋ। ਮੈਂ ਜਜਮਾਨ ਹਾਂ। ਮੇਰਾ ਫਰਜ਼ ਹੈ ਕਿ ਤੁਹਾਡੀ ਸੇਵਾ ਕਰਾਂ। ਜੇ ਮੈਂ ਚਾਰ ਪੈਸੇ ਦੇ ਦਿਤੇ, ਤਾਂ ਕਿਹੜਾ ਹਨੇਰ ਆ ਗਿਆ। ਆਪ ਮੈਨੂੰ ਇਤਨਾ ਗਿਆ ਗੁਜਰਿਆ ਹੋਇਆ ਕਿਉਂ ਸਮਝਦੇ ਹੋ"

ਪੰਡਤ ਜੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ ਅੰਗੋਛੇ ਨਾਲ ਪੂੰਝਦੇ ਹੋਏ ਬੋਲਿਆ- "ਆਪ ਜਿਹੇ ਸੱਜਣ ਸੰਸਾਰ ਵਿੱਚ ਬਹੁਤ ਘਟ ਹਨ। ਪਰਮਾਤਮਾ ਆਪ ਨੂੰ ਚਿਰੰਜੀਵ ਰੱਖੋ। ਪਰ ਮੈਂ ਹੁਣ ਤਾਂ ਇਹ ਰੁਪਏ ਨਹੀਂ ਲਵਾਂਗਾ। ਇੰਨੇ ਸਾਲ ਤੁਸੀਂ ਮੰਗੇ ਤਕ ਨਹੀਂ। ਇਹ ਉਪਕਾਰ ਕੋਈ ਬੜਾ ਹੈ ? ਮੈਨੂੰ ਹੁਣ ਰਿਣ-ਮੁਕਤ ਹੋਣ ਦੇਵੋ। ਇਹ ਪੰਜ ਸੋ ਰੁਪਏ ਦੇ ਕੇ ਮਨ ਦੀ ਸ਼ਾਂਤੀ ਖਰੀਦ ਲਵਾਂਗਾ !

ਗਰੀਬ ਬ੍ਰਾਹਮਣ ਦੀ ਇਹ ਅਮੀਰੀ ਅਤੇ ਭਲਮਾਨਸੀ ਵੇਖਕੇ ਸਦਾ ਨੰਦ ਦਾ ਦਿਲ ਨੱਚਣ ਲੱਗਾ। ਉਨ੍ਹਾਂ ਨੇ ਨੋਟ ਲੈ ਲਏ। ਆਦਮੀ ਰੁਪਏ ਦੇ ਕੇ ਵੀ ਇੰਨਾਂ ਖੁਸ਼ ਹੋ ਸਕਦਾ ਹੈ। ਇਸਦਾ ਅਨੁਭਵ ਉਸ ਨੂੰ ਪਹਿਲੀ ਵਾਰ ਹੋਇਆ। ਪੰਡਤ ਜੀ ਦੇ ਚਲੇ ਜਾਣ ਮਗਰੋਂ ਉਸਨੇ ਅੱਖਾਂ ਮੀਟ ਲਈਆਂ, ਅਤੇ ਕਿਸੇ ਡੂੰਘੀ ਵਿਚਾਰ ਵਿਚ ਖੁਭ ਗਿਆ।

ਇਸ ਵਕਤ ਉਸ ਦੇ ਚੇਹਰੇ ਤੇ ਇਕ ਖਾਸ ਤੇਜ ਸੀ, ਜਿਹੜਾ ਇਸ ਦੁਨੀਆਂ ਵਿਚ ਕਦੇ ਕਦੇ ਵਿਖਾਈ ਦੇਂਦਾ ਹੈ।

ਲਾਲਾ ਸਦਾ ਨੰਦ ਬੀਮਾਰ ਸੀ। ਇਤਨਾ ਬੀਮਾਰ ਉਹ ਅੱਜ ਤਕ ਕਦੇ ਨਹੀਂ ਹੋਇਆ ਸੀ। ਪੰਡਤ ਸ਼ਾਦੀ ਰਾਮ ਦਿਨ ਰਾਤ ਉਨ੍ਹਾਂ ਲਈ ਮਾਲਾ ਫੇਰਦਾ ਰਹਿੰਦਾ ਸੀ। ਉਹ ਵੈਦ ਨਹੀਂ ਸੀ। ਡਾਕਟਰ ਨਹੀਂ ਸੀ। ਉਹ ਬ੍ਰਾਹਮਣ ਸੀ। ਉਸਦੀ ਦਵਾਈ ਮਾਲਾ ਫੇਰਨੀ ਹੀ ਸੀ। ਉਸਨੂੰ ਦਵਾਈ ਦੀ ਥਾਂ ਅਸੀਸਾਂ ਤੇ ਅਰਦਾਸਾਂ ਤੋਂ ਵਧੇਰੇ ਵਿਸਵਾਸ਼ ਸੀ। ਸੋਚਦਾ ਸੀ ਦਵਾ ਨਾਲ ਦੁਆ ਚੰਗੀ ਸੀ।

ਇਕ ਦਿਨ ਲਾਲਾ ਸਦਾ ਨੰਦ ਚਾਰਪਾਈ ਤੇ ਲੇਟਿਆ ਸੀ। ਉਸਦੇ ਪਾਸ ਉਸਦੀ ਉਸ ਦੇ ਪਾਸ ਉਸ ਦੀ ਬੁੱਢੀ ਮਾਂ ਉਸਦੇ ਕਮਜ਼ੋਰ ਤੇ ਪੀਲੇ ਮੂੰਹ ਨੂੰ ਵੇਖ-ਵੇਖ ਕੇ ਆਪਣਥੀਆਂ ਅੱਖਾਂ ਦੇ ਅਥਰੂ ਅੰਦਰ ਹੀ ਅੰਦਰ ਪੀ ਰਹੀ ਸੀ। ਥੋੜੀ ਦੂਰ ਉਨ੍ਹਾਂ ਦੀ ਪਤਨੀ ਘੁੰਡ ਕੱਢੀ ਖਲੋਤੀ ਸੀ, ਅਤੇ ਵੇਖ ਰਹੀ ਸੀ ਕਿ ਕੋਈ ਕੰਮ ਅਜਿਹਾ ਤਾਂ ਨਹੀਂ ਜਿਹੜਾ ਰਹਿ ਗਿਆ ਹੋਵੇ। ਨਾਲ ਪਈ ਹੋਈ ਇਕ ਚੌਂਕੀ ਤੇ ਪੰਡਤ ਸ਼ਾਦੀ ਰਾਮ ਬੈਠਿਆ ਰੋਗੀ ਨੂੰ ਭਗਵਤ ਗੀਤਾ ਸੁਣਾ ਰਿਹਾ ਸੀ।

ਇਕ ਦਮ ਲਾਲਾ ਸਦਾ ਨੰਦ ਬੇਹੋਸ਼ ਹੋ ਗਿਆ।

ਪੰਡਤ ਜੀ ਨੇ ਗੀਤਾ ਛੱਡ ਦਿੱਤੀ ਅਤੇ ਉਠ ਕੇ ਉਨ੍ਹਾਂ ਦੇ ਸਿਰਹਾਣੇ ਬੈਠ ਗਿਆ। ਪਤਨੀ ਗਰਮ ਦੁੱਧ ਲੈਣ ਬਾਹਰ ਨਿਕਲੀ, ਅਤੇ ਉਹ ਘਬਰਾ ਕੇ ਆਪਣੇ ਪੁੱਤਰ ਨੂੰ ਵਾਜਾਂ

ਮਾਰਨ ਲੱਗੀ। ਇਸ ਕੋਲੇ ਪੰਡਤ ਜੀ ਨੂੰ ਲਾਲਾ ਜੀ ਦੇ ਸਿਰਹਾਣੇ ਦੇ ਥਲਿਉਂ ਕੋਈ ਸਖਤ ਜਿਹੀ ਚੀਜ਼ ਚੁਬਦੀ ਦਿੱਸੀ। ਉਸਨੇ ਬਲੇ ਹੱਥ ਲਾ ਕੇ ਵੇਖਿਆ ਤਾਂ ਉਸਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਇਹ ਸਖ਼ਤ ਚੀਜ਼ ਉਹੀ ਐਲਬਮ ਸੀ ਜਿਸ ਨੂੰ ਕਿਸੇ ਸੇਠ ਨੇ ਨਹੀਂ, ਖੁਦ ਲਾਲਾ ਸਦਾ ਨੰਦ ਨੇ ਖਰੀਦ ਲਿਆ ਸੀ। ਪਰ ਸ਼ਾਦੀ ਰਾਮ ਨੂੰ ਇਹ ਦੱਸਿਆ ਨਹੀਂ ਸੀ। ਨਾ ਉਸਨੂੰ ਇਹ ਸ਼ੱਕ ਹੀ ਹੋਣ ਦਿੱਤਾ ਸੀ।

ਪੰ. ਸਾਦੀ ਰਾਮ ਇਸ ਗੱਲ ਕੇ ਬੜਾ ਖੁਸ਼ ਸੀ ਕਿ ਉਸਨੇ ਲਾਲਾ ਸਦਾ ਨੰਦ ਦਾ ਰਿਣ ਚੁਕਾ ਦਿੱਤਾ ਹੈ। ਪਰ ਇਹ ਜਾਣਕੇ ਉਸਦੇ ਦਿਲ ਤੇ ਚੋਟ ਜਿਹੀ ਲੱਗੀ ਰਿਣ ਉਤਰਿਆ ਨਹੀਂ ਸਗੋਂ ਪਹਿਲਾਂ ਨਾਲੋਂ ਦੂਣਾ ਹੋ ਗਿਆ ਹੈ। ਪਹਿਲਾਂ ਪੰਜ ਸੋ ਸੀ ਹੁਣ ਇਕ ਹਜ਼ਾਰ ਤੋਂ ਵੀ ਚੜ੍ਹ ਗਿਆ ਹੋਵੇਗਾ।

ਉਸਨੇ ਆਪਣੇ ਬੇਹੋਸ਼ ਜਜਮਾਨ ਦੇ ਕੋਲ ਬੈਠੇ-ਬੈਠੇ ਠੰਡੀ ਆਹ ਭਰੀ ਤੇ ਸੋਚਣ ਲੱਗਾ-"ਕੀ ਇਹ ਰਿਣ ਕਦੇ ਨਹੀਂ ਉਤਰੇਗਾ ?"

ਕੁੱਝ ਦੇਰ ਬਆਦ ਲਾਲਾ ਸਦਾ ਨੰਦ ਨੂੰ ਹੋਸ਼ ਆਈ। ਉਸਨੇ ਪੰਡਤ ਜੀ ਤੋਂ ਐਲਬਮ ਖੋਹ ਲਈ ਅਤੇ ਹੌਲੀ ਜਿਹੀ ਕਿਹਾ—"ਇਹ ਐਲਬਮ ਹੁਣ ਸੇਠ ਤੋਂ ਮੈਂ ਖਰੀਦ ਲਈ ਹੈ।"

ਪੰਡਤ ਜੀ ਜਾਣਦੇ ਸਨ ਕਿ ਜਜਮਾਨ ਝੂਠ ਬੋਲ ਰਿਹਾ ਹੈ। ਪਰ ਉਹ ਉਸਨੂੰ ਪਹਿਲਾ ਨਾਲੋਂ ਵੱਧ ਸੱਜਣ, ਵੱਧ ਉਪਕਾਰੀ ਅਤੇ ਹੋਰ ਉੱਚਾ ਸਮਝਣ ਲੱਗ ਪਿਆ ਸੀ। ਉਹ ਇਹ ਨਾ ਕਹਿ ਸਕਿਆ ਕਿ ਤੁਸੀਂ ਝੂਠ ਬੋਲ ਰਹੇ ਹੋ। ਉਸ ਵਿੱਚ ਇਹ ਹਿੰਮਤ ਨਹੀਂ ਸੀ। ਉਹ ਚੁੱਪਚਾਪ ਮਾਲਾ ਫੇਰਨ ਲੱਗਾ।

-0-

## ਕਵੀ ਦੀ ਪਤਨੀ

(1)

ਸਤਿਆਵਾਨ-

ਬਚਪਨ ਵਿਚ ਮੈਂ ਤੇ ਮਣੀ ਰਾਮ ਇਕੱਠੇ ਪੜ੍ਹੇ ਸਾਂ। ਉਸ ਵੇਲੇ ਅਸੀਂ ਇਕ ਦੂਜੇ ਤੇ ਜਾਨ ਦੇਂਦੇ ਸਾਂ। ਬਚਪਨ ਦੇ ਦਿਨ ਸਨ। ਜਦ ਤਕ ਇਕ ਦੂਜੇ ਨੂੰ ਦੇਖ ਨਾ ਲੈਂਦੇ, ਚੈਨ ਨਾ ਪੈਂਦਾ। ਉਸ ਵੇਲੇ ਸਾਨੂੰ ਅਕਲ ਘਟ ਸੀ। ਬਾਅਦ ਵਿਚ ਪਿਆਰ ਦੀ ਥਾਂ ਵੈਰ ਨੇ ਲੈ ਲਈ। ਦੋਵੇਂ ਇਕ ਦੂਜੇ ਦੇ ਲਹੂ ਦੇ ਪਿਆਸੇ ਹੋ ਗਏ। ਜਦੋਂ ਅਸੀਂ ਪੜ੍ਹ ਲਿਖ ਚੁਕੇ ਸਾਂ। ਐਫ. ਏ. ਦੀ ਪ੍ਰੀਖਿਆ ਪਾਸ ਕਰਨ ਮਗਰੋਂ ਸਾਡੇ ਰਾਹ ਵੱਖ ਵੱਖ ਹੋ ਗਏ ਸਨ। ਮਣੀ ਰਾਮ ਮੈਡੀਕਲ ਕਾਲਜ ਵਿਚ ਦਾਖਲ ਹੋ ਗਿਆ। ਮੈਂ ਸਾਹਿਤ-ਸੰਸਾਰ ਵਿਚ ਕਦਮ ਰਖਿਆ। ਮੈਨੂੰ ਰੁਪਏ ਪੈਸੇ ਦੀ ਪ੍ਰਵਾਹ ਨਹੀਂ ਸੀ। ਵਡੇਰਿਆ ਦੀ ਜਾਇਦਾਦ ਨੇ ਇਸ ਪਾਸੇ ਨਿਸ਼ਚਿਤ ਕਰ ਦਿਤਾ ਸੀ। ਦਿਨ ਰਾਤ ਕਵਿਤਾ ਦੇ ਰਸ ਵਿਚ ਲੀਨ ਰਹਿੰਦਾ ਅਤੇ ਕਈ ਕਈ ਦਿਨ ਘਰੋਂ ਬਾਹਰ ਨਾ ਨਿਕਲਦਾ।

"ਇਹਨਾਂ ਦਿਨਾਂ ਵਿਚ ਮੇਰੇ ਸਿਰ ਤੇ ਕਵਿਤਾ ਦੀ ਧੁਨ ਸਵਾਰ ਰਹਿੰਦੀ ਸੀ। ਇਕ ਇਕ ਪਦ ਤੇ ਘੰਟੇ ਹੀ ਲੱਗ ਜਾਂਦੇ ਸਨ। ਆਪਣੀ ਰਚਨਾ ਨੂੰ ਵੇਖ ਕੇ ਮੈਂ ਮਾਣ ਨਾਲ ਝੂਮਣ ਲੱਗ ਜਾਂਦਾ ਸਾਂ। ਕਦੇ ਕਦੇ ਮੈਨੂੰ ਆਪਣੀ ਕਵਿਤਾ ਵਿਚੋਂ ਤੁਲਸੀ ਦਾਸ ਦੀ ਉਪਮਾ ਤੇ ਸੂਰਦਾਸ ਦੇ ਰੂਪਕਾਂ ਦਾ ਮਜਾ ਆਉਂਦਾ ਸੀ। ਪਰ ਜਦੋਂ ਮੇਰੀਆਂ ਕਵਿਤਾਵਾਂ ਰਸਾਲਿਆਂ ਵਿਚ ਛਪਣ ਲੱਗੀਆਂ, ਤਾਂ ਹੌਲੀ ਹੌਲੀ ਮੇਰਾ ਕਾਵਿ ਨਸ਼ਾ ਉਤਰਨ ਲੱਗਾ। ਨਸ਼ਾ ਉਤਰ ਗਿਆ ਪਰ ਉਸਦਾ ਪ੍ਰਭਾਵ ਨਾ ਗਿਆ। ਇਹ ਪ੍ਰਭਾਵ ਪ੍ਰਸਿੱਧੀ ਜਿਸ ਤੇ ਕੀਰਤੀ ਦਾ ਪ੍ਰਭਾਵ ਸੀ। ਥੋੜੇ ਹੀ ਦਿਨ ਵਿਚ ਮੇਰਾ ਨਾਂ ਹਿੰਦੀ ਸੰਸਾਰ ਵਿਚ ਪ੍ਰਸਿੱਧ ਹੋ ਗਿਆ। ਅਖ਼ਬਾਰਾਂ-ਰਸਾਲਿਆ ਵਿਚ ਮੇਰੀਆਂ ਕਵਿਤਾਵਾਂ ਨੂੰ ਸਨਮਾਨ ਵਾਲਾ ਥਾਂ ਮਿਲਣ ਲਗ ਪਿਆ।

ਕੁਝ ਦਿਨ ਬਾਅਦ...

ਮੈਂ ਹੁਣ ਕੁਝ ਕੰਮ ਨਹੀਂ ਕਰਦਾ ਸਾਂ। ਕੇਵਲ ਵੱਡੇ-ਵੱਡੇ ਲੋਕਾਂ ਨੂੰ ਪਾਰਟੀਆਂ ਦਿਆ ਕਰਦਾ ਸੀ। ਹੁਣ ਇਸ ਤੋਂ ਬਿਨਾਂ ਮੈਨੂੰ ਚੈਨ ਨਹੀਂ ਸੀ ਪੈਂਦਾ। ਹੁਣ ਕਵਿਤਾ ਵਿਚ ਉਤਨਾ ਮਨ

ਨਹੀਂ ਲੱਗਦਾ ਸੀ। ਪਹਿਲਾ ਮੇਰਾ ਸਾਰਾ ਵਕਤ ਇਸੇ ਦੀ ਭੇਟ ਹੁੰਦਾ ਸੀ, ਹੁਣ ਉਹ ਦਿਲ ਬਹਿਲਾਣ ਦੀ ਚੀਜ਼ ਹੋ ਗਈ। ਪਰ ਜਦ ਕਦੇ ਕੁਝ ਲਿਖਦਾ ਤਾਂ ਰੰਗ ਬੰਨ ਦੇਂਦਾ ਸੀ। ਸਧਾਰਣ ਵਿਸ਼ੇ ਨੂੰ ਵੀ ਲੈਂਦਾ, ਤਾਂ ਉਸ ਵਿਚ ਜਾਨ ਪਾ ਦੇਂਦਾ ਸਾਂ। ਲੋਕ ਪੜ੍ਹਦੇ ਤਾਂ ਉਛਲ ਉਛਲ ਪੈ ਦੇ ਸਨ।

ਉਧਰ ਮਣੀ ਰਾਮ ਡਾਕਟਰੀ ਦੇ ਗ੍ਰੰਥਾ ਨਾਲ ਮੱਥਾ ਮਾਰਦਾ ਰਿਹਾ। ਪੰਜ ਸਾਲਾ ਬਾਅਦ ਅਸਿਸਟੈਂਟ ਸਰਜਰੀ ਦੀ ਪ੍ਰੀਖਿਆ ਪਾਸ ਕਰਕੇ ਉਸਨੇ ਆਪਣੀ ਦੁਕਾਨ ਖੋਲ ਲਈ ਪਰੀਖਿਆ ਦਾ ਨਤੀਜਾ ਨਿਕਲਣ ਵੇਲੇ ਉਸਦਾ ਨਾਂ ਇਕ ਵਾਰ ਅਖਬਾਰ ਵਿਚ ਛਪਿਆ। ਇਸ ਤੋਂ ਪਿਛੋਂ ਉਸਦਾ ਨਾਂ ਅਖ਼ਬਾਰ ਵਿਚ ਕਦੇ ਨਹੀਂ ਛਪਿਆ। ਇਧਰ ਮੇਰੀ ਪ੍ਰਸੰਸਾ ਵਿਚ ਆਏ ਦਿਨ ਅਖਬਾਰ ਦੇ ਪੰਨੇ ਭਰੇ ਰਹਿੰਦੇ ਸਨ। ਉਹ ਦੁਕਾਨ ਤੇ ਬੈਠਾ ਸਾਰਾ ਦਿਨ ਬੀਮਾਰਾਂ ਦਾ ਰਾਹ ਵੇਖਦਾ ਰਹਿੰਦਾ। ਪਰ ਉਸਦਾ ਨਾਂ ਅੱਜ ਕੌਣ ਜਾਣਦਾ ਸੀ। ਲੋਕ ਉਧਰ ਜਾਂਦੇ ਹੋਏ ਵੀ ਝਿਜਕਦੇ ਸਨ। ਮੈਂ ਉਸ ਵੱਲ ਵੇਖਦਾ ਤਾਂ ਘਿਰਣਾ ਨਾਲ ਮੂੰਹ ਫੇਰ ਲੈਂਦਾ। ਕਦੇ ਅਸੀਂ ਇਕੱਠੇ ਪੜ੍ਹਦੇ ਸੀ ਇਕਠੇ ਲਿਖਦੇ ਸਾਂ। ਅੱਜ ਸਾਡੇ ਸੰਸਾਰ ਹੀ ਬਦਲ ਗਏ ਸਨ। ਅੱਜ ਸਾਡੇ ਰਾਹ ਹੀ ਵੱਖ ਹੋ ਗਏ ਸਨ। ਮੈਂ ਮਸ਼ਹੂਰ ਸੀ। ਉਸਨੂੰ ਕੋਈ ਪੁੱਛਦਾ ਵੀ ਨਹੀਂ ਸੀ।

(2)

ਇਕ ਦਿਨ ਇਕ ਖਤ ਆਇਆ। ਉਸ ਵਿਚ ਮੇਰੀ ਕਵਿਤਾ ਤੇ ਕਲਾ ਦੀ ਬਹੁਤ ਪ੍ਰਸੰਸਾ ਕੀਤੀ ਗਈ ਸੀ ਅਤੇ ਮੈਨੂੰ ਦੇਸ਼ ਤੇ ਕੌਮ ਲਈ ਸਨਮਾਨ ਤੇ ਗੌਰਵ ਦੀ ਚੀਜ਼ ਦੱਸਿਆ ਗਿਆ ਸੀ।

ਮੇਰੇ ਪਾਸ ਅਜਿਹੇ ਖ਼ਤ ਅਕਸਰ ਆਉਂਦੇ ਰਹਿੰਦੇ ਸਨ। ਇਹ ਕੋਈ ਨਵੀਂ ਗੱਲ ਨਹੀਂ ਸੀ। ਮੈਂ ਕਦੇ ਕਦੇ ਤਾਂ ਖਤਾ ਨੂੰ ਵੇਖ ਕੇ ਖਿਝ ਜਾਂਦਾ ਸੀ। ਪਰ ਇਹ ਪੱਤਰ ਇੱਕ ਇਸਤਰੀ ਵਲੋਂ ਸੀ। ਅਸੀਂ ਮਰਦ ਮਰਦਾਂ ਨੂੰ ਨਜ਼ਰ ਅੰਦਾਜ਼ ਕਰ ਸਕਦੇ ਹਾਂ, ਪਰ ਕਿਸੇ ਇਸਤਰੀ ਨਾਲ ਅਜਿਹਾ ਵਿਵਹਾਰ ਕਰਨ ਲਈ ਮਨ ਨਹੀਂ ਸੀ ਮੰਨਦਾ, ਨਾਲੇ ਇਹ ਪੱਤਰ ਕਿਸੇ ਸਾਧਾਰਣ ਇਸਤਰੀ ਵਲੋਂ ਨਹੀਂ ਸੀ। ਡੇਹਰਾਦਨ ਦੇ ਪ੍ਰਸਿਧ ਰਾਈਸ ਹਿਰਦੇ ਨਰਾਇਣ ਦੀ ਪੜ੍ਹੀ ਲਿਖੀ ਲੜਕੀ ਸਵਿਤਰੀ ਵਲੋਂ ਸੀ, ਜਿਸ ਨੇ ਇਸੇ ਸਾਲ ਬੀ. ਏ. ਦਾ ਇਮਤਿਹਾਨ ਪਾਸ ਕੀਤਾ ਸੀ। ਉਸ ਦੇ ਸੰਬੰਧ ਵਿਚ ਅਖਬਾਰਾਂ ਵਿਚ ਲੇਖ ਛਪੇ ਸਨ। ਪਰ ਮੈਂ ਉਨ੍ਹਾਂ ਨੂੰ ਪੜ੍ਹਨ ਦੀ ਜ਼ਰੂਰਤ ਨਹੀਂ ਸੀ ਮਹਿਸੂਸ ਕੀਤੀ। ਇਸ ਖ਼ਤ ਨੇ ਸਭ ਕੁਝ ਯਾਦ ਕਰਾ ਦਿਤਾ।

ਮੈਂ ਉਸ ਵੇਲੇ ਪੈਨ ਫੜਿਆ ਤੇ ਜਵਾਬ ਲਿਖਣ ਬੈਠ ਗਿਆ। ਪਰ ਹੱਥ ਜਵਾਬ ਦੇ ਰਹੇ ਸਨ। ਅਜਿਹੀ ਲਗਨ ਨਾਲ ਕੋਈ ਵਿਦਿਆਰਥੀ ਆਪਣੀ ਪਰੀਖਿਆ ਦਾ ਪਰਚਾ ਵੀ ਨਹੀਂ ਲਿਖਦਾ ਹੋਵੇਗਾ। ਇਕ-ਇਕ ਸ਼ਬਦ ਤੇ ਰੁਕਦਾ ਸਾਂ, ਅਤੇ ਨਵੇਂ ਨਵੇਂ ਸ਼ਬਦ ਲਭ ਕੇ ਨਵੇਂ ਨਵੇਂ ਵਿਚਾਰ ਕਲਮ ਦੇ ਅਰਪਨ ਕਰਦਾ ਜਾਂਦਾ ਸਾਂ। ਮੈਂ ਸਵਿਤਰੀ ਤੇ ਉਸ ਦੀ ਵਿਦਵਤਾ ਦੀ ਪ੍ਰਦੇਸ਼ਾਂ ਵਿਚ ਕੋਸ਼ ਦੇ ਸਾਰੇ ਸੁੰਦਰ ਸ਼ਬਦ ਖਤਮ ਕਰ ਦਿਤੇ। ਆਪਣੀ ਯੋਗਤਾ ਨੂੰ ਵੀ ਸਵੀਕਾਰ ਕੀਤਾ "ਆਪ ਮੇਰੀ ਪ੍ਰਸੰਸਾ ਕਰਦੇ ਹੋ। ਇਹ ਆਪਦੀ ਵਡਿਆਈ ਹੈ। ਨਹੀਂ ਤਾਂ ਮੇਰੀ ਕਵਿਤਾ ਵਿਚ ਹੈ ਹੀ ਕੀ। ਨਾ ਕਲਪਨਾ ਵਿਚ ਕਲਾ ਹੈ, ਨਾ ਮਜ਼ਮੂਨ ਵਿਚ ਮਿਠਾਸ, ਨਾ ਭਾਵਾਂ ਵਿਚ ਭਾਵੁਕਤਾ ਹੈ। ਰਸ ਕਵਿਤਾ ਦਾ ਪ੍ਰਧਾਨ ਅੰਗ ਹੁੰਦਾ ਹੈ, ਉਹ ਮੇਰੀ ਕਵਿਤਾ ਤੋਂ ਕੋਹਾਂ ਦੂਰ ਹੈ। ਅਸੀਂ ਕਵੀ ਬਣ ਬੈਠਦੇ ਹਾਂ ਪਰ ਕਵੀ ਬਣਨਾ ਆਸਾਨ ਨਹੀਂ। ਇਸ ਦੀ ਵੇਖਣ ਵਾਲੀ ਅੱਖ ਤੇ ਸੁਣਨ ਵਾਲੇ ਕੰਨਾਂ ਦੀ ਜ਼ਰੂਰਤ ਹੈ, ਆਦਿ।" ਕਹਿਣ ਦੀ ਲੋੜ ਨਹੀਂ ਕਿ ਆਪਣੀ ਪ੍ਰਸ਼ੰਸਾ ਕਰਨ ਦਾ ਇਹ ਵੀ ਢੰਗ ਹੁੰਦਾ ਹੈ। ਆਦਮੀ ਛੋਟਾ ਬਣਦਾ ਹੈ, ਤਾਂ ਜੋ ਦੁਨੀਆ ਉਸਨੂੰ ਵੱਡਾ ਸਮਝੇ।

ਕੁੱਝ ਦਿਨਾਂ ਬਾਅਦ ਇਸ ਖਤ ਦਾ ਜਵਾਬ ਅਇਆ ਇਹ ਜੋ ਕੁੱਝ ਆਪ ਨੇ ਲਿਖਿਆ ਹੈ, ਆਪ ਜਿਹੇ ਮਹਾਪੁਰਸ਼ਾਂ ਦੇ ਰੰਗ ਹੀ ਹੈ। ਪਰ ਮੈਂ ਤਾਂ ਆਪਨੂੰ ਟੈਨੀਸਨ ਤੇ ਵਰਡਜ਼ਵਰਥ ਤੋਂ ਵੀ ਵਧ ਸਮਝਦੀ ਹਾਂ। ਆਪ ਕਹਿੰਦੇ ਹੋ ਕਿ ਆਪਦੀ ਕਵਿਤਾ ਰਸਹੀਨ ਹੈ, ਹੋਵੇਗੀ। ਪਰ ਮੇਰੇ ਉਤੇ ਤਾਂ ਉਹ ਜਾਦੂ ਕਰ ਦਿੰਦੀ ਹੈ। ਘੰਟਿਆਂ ਬੱਧੀ ਇਸ ਸਾਗਰ ਵਿਚ ਡੁਬਕੀਆਂ ਲਾਉਂਦੀ ਰਹਿੰਦੀ ਹਾਂ। ਖਾਣਾ ਪੀਣਾ ਭੁੱਲ ਜਾਂਦਾ ਹੈ। ਸੋਣਾ ਹਰਾਮ ਹੋ ਜਾਂਦਾ ਹੈ, ਜੀ ਚਾਹੁੰਦਾ ਹੈ, ਆਪ ਦੇ ਪਾਸ ਆ ਕੇ ਆਪ ਦੀ ਕਲਮ ਚੁੰਮ ਲਵਾਂ।'

ਇਹ ਪੱਤਰ ਸ਼ਰਾਬ ਦੀ ਦੂਜੀ ਬੋਤਲ ਸੀ। ਅਤੇ ਅੰਤਮ ਵਾਕ ਨੇ ਤਾਂ ਦਿਲ ਵਿਚ ਅੱਗ ਲੱਗਾ ਦਿਤੀ। ਮੈਂ ਫਿਰ ਉਤਰ ਦਿੱਤਾ। ਅਤੇ ਖ਼ਤ ਵਿਚ ਦਿਲ ਖੋਲ ਕੇ ਰੱਖ ਦਿਤਾ। ਕਵੀ ਆਪਣੇ ਚਾਹੁਣ ਵਾਲਿਆਂ ਨੂੰ ਅਸਮਾਨ ਤੇ ਚੜ੍ਹਾ ਦਿੰਦਾ ਹੈ। ਮੈਂ' ਵੀ ਸਥਿਤੀ ਦੀ ਪ੍ਰਸ਼ੰਸਾ ਵਿਚ ਜ਼ਮੀਨ ਆਸਮਾਨ ਇਕ ਕਰ ਦਿਤੇ। ਲਿਖਿਆ- "ਕਾਰਲਾਈਲ ਦਾ ਕਥਨ ਹੈ ਕਿ ਕਵੀ ਕੇਵਲ ਉਹੀ ਨਹੀਂ, ਜੋ ਕਵਿਤਾ ਕਰ ਸਕਦਾ ਹੈ, ਸਗੋਂ ਹਰ ਆਦਮੀ ਜੋ ਕਵਿਤਾ ਸਮਝ

ਸਕਦਾ ਹੈ, ਅਤੇ ਉਸ ਨੂੰ ਮਾਣ ਸਕਦਾ ਹੈ, ਅਤੇ ਉਸਦੇ ਮਰਮ ਤਕ ਪਹੁੰਚ ਸਕਦਾ ਹੈ, ਕਵੀ ਹੈ। ਇਸ ਖ਼ਿਆਲ ਅਨੁਸਾਰ ਤੁਸੀਂ ਵੀ ਕਵੀ ਹੋ। ਮੈਂ ਚੰਗਿਆ ਚੰਗਿਆ ਨੂੰ ਵੇਖਿਆ ਹੈ। ਕਵਿਤਾ ਦੀ ਡੂੰਘਾਈ ਨੂੰ ਨਹੀਂ ਸਮਝ ਸਕਦੇ। ਪਰ ਤੁਸੀਂ ਵਾਲ ਦੀ ਖਲ ਲਾਹੁੰਦੇ ਹੋ। ਤੁਹਾਡੀ ਯੋਗਤਾ ਤੇ ਮੈਨੂੰ ਹੈਰਾਨੀ ਹੁੰਦੀ ਹੈ। ਧਨ ਹੈ ਮੇਰੀ ਮਾਤਭੂਮੀ, ਜਿਸ ਵਿਚ ਤੁਹਾਡੇ ਵਰਗੀਆ ਦੇਵੀਆਂ ਖੇਡਦੀਆਂ ਹਨ। ਤੁਹਾਡੇ ਵਰਗੀਆਂ ਦੇਵੀਆਂ ਨਾ ਹੋਣ ਤਾਂ ਸਾਡੀ ਹਿੰਮਤ ਕੌਣ ਵਧਾਵੇ ? ਤੁਹਾਡੇ ਵਰਗੇ ਜੌਹਰੀ ਨਾ ਹੋਣ, ਤਾਂ ਸਾਨੂੰ ਮਿੱਟੀ ਚੋਂ ਕੌਣ ਉਠਾਵੇ ?

ਮੈਂ ਸੈਂਕੜੇ ਨਾਵਲ ਪੜ੍ਹੇ ਸਨ, ਚੰਗੀਆ ਚੰਗੀਆ ਕਵਿਤਾਵਾਂ ਪੜ੍ਹੀਆਂ ਸਨ, ਪਰ ਜੋ ਰਸ, ਜੋ ਆਨੰਦ ਸਾਵਿਤ੍ਰੀ ਦੇ ਖਤਾਂ ਵਿਚ ਸੀ, ਉਹ ਕਿਸੇ ਵਿਚ ਨਹੀਂ ਸੀ। ਇਹੀ ਦਿਲ ਕਰਦਾ ਸੀ ਕਿ ਉਹਨਾਂ ਨੂੰ ਪੜ੍ਹਦਾ ਰਹਾਂ ਅਤੇ ਉਹਨਾਂ ਦਾ ਜਵਾਬ ਦਿੰਦਾ ਰਹਾ। ਹੁਣ ਮੇਰੇ ਲਈ ਇਹੀ ਕਵਿਤਾ ਸੀ।

(3)

ਸਵਿਤਰੀ

ਨਿਰਸੰਦੇਹ ਉਹ ਮੈਨੂੰ ਚਾਹੁੰਦੇ ਹਨ, ਵਰਨਾ ਇਸ ਤਰ੍ਹਾਂ ਤਰੁੰਤ ਉੱਤਰ ਨਾ ਦਿੰਦੇ। ਅੱਜ ਖ਼ਤ ਲਿਖਦੀ ਹਾਂ, ਤੀਜੇ ਦਿਨ ਉਤਰ ਆ ਜਾਂਦਾ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਮੇਰੇ ਖ਼ਤ ਦਾ ਰਾਹ ਵੇਖ ਰਹੇ ਹੋਣ। ਉਨ੍ਹਾਂ ਦੇ ਖਤ ਉਹਨਾਂ ਦੀ ਕਵਿਤਾ ਨਾਲੋਂ ਵਧ ਸਰਸ ਹਨ। ਪੜ੍ਹ ਕੇ ਚਿਤ ਪ੍ਰਸੰਨ ਹੋ ਜਾਂਦਾ ਹੈ। ਅਤੇ ਕਦੇ ਕਦੇ ਤਾਂ ਅਜਿਹੀ ਚੁਟਕੀ ਭਰ ਲੈਂਦੇ ਹਨ ਕਿ ਮਨ ਕਾਬੂ ਵਿਚ ਨਹੀਂ ਰਹਿੰਦਾ। ਮੈਂ ਤਸਵੀਰ ਮੰਗ ਭੇਜੀ ਸੀ। ਉੱਤਰ ਦੇਂਦੇ ਹਨ--ਤੂੰ ਲਿਖਿਆ ਹੈ ਕਿ ਚਿੱਤਰ ਭੇਜ ਰਹੀ ਹਾਂ, ਪਰ ਮੈਨੂੰ ਅੱਜ ਤਕ ਨਹੀਂ ਮਿਲਿਆ। ਰਜਿਸਟਰੀ ਦੀ ਰਾਸੀਦ ਹੋਵੇ ਤਾਂ ਭੇਜ ਦੇ, ਡਾਕਖਾਨੇ ਤੇ ਮੁਕੱਦਮਾ ਕਰਾਂ। ਮਜਬੂਰਨ ਮੈਨੂੰ ਆਪਣਾ ਚਿੱਤਰ ਭੇਜਣਾ ਪਿਆ। ਉੱਤਰ ਵਿਚ ਉਹਨਾਂ ਦਾ ਚਿੱਤਰ ਆਇਆ ਮੇਰਾ ਵਿਚਾਰ ਠੀਕ ਨਿਕਲਿਆ। ਉਹਨਾਂ ਦੇ ਚਿਹਰੇ ਤੇ ਸੁੰਦਰ ਰਾਜ ਕੁਮਾਰਾ ਵਰਗਾ ਜਲੌ ਝਲਕਦਾ ਹੈ। ਮੇਰੇ ਦਿਲ ਨੂੰ ਪਹਿਲਾਂ ਹੀ ਚੈਨ ਨਹੀਂ ਸੀ, ਚਿਤਰ ਨੇ ਰਿਹਾ ਸਿਹਾ ਚੈਨ ਵੀ ਖੋਹ ਲਿਆ। ਹੁਣ ਦਿਨ ਨੂੰ ਚੈਨ ਨਹੀਂ ਆਉਂਦਾ, ਰਾਤ ਨੂੰ ਨੀਂਦ ਨਹੀਂ ਆਉਂਦੀ। ਖਾਣ-ਪੀਣ ਦੀ ਸੁਰਤ ਨਹੀਂ। ਹਰ ਵਕਤ ਉਹਨਾਂ ਦੇ ਧਿਆਨ ਵਿਚ ਹੀ ਖੋਈ ਖੋਈ ਫਿਰਦੀ ਹਾਂ।

ਉਹਨਾਂ ਦੀ ਆਖਰੀ ਕਵਿਤਾ ਨੇ ਤਾਂ ਉਹਨਾਂ ਦਾ ਦਿਲ ਪੂਰੀ ਤਰ੍ਹਾਂ ਮੇਰੇ ਅੱਗੇ ਖੋਲ ਦਿਤਾ ਹੈ—'ਪ੍ਰੀਤਮ ਨੂੰ, ਕਿੰਨਾ ਪਿਆਰਾ ਸਿਰਲੇਖ ਹੈ। ਇਕ ਇਕ ਅੱਖਰ ਤੋਂ ਪ੍ਰੇਮ ਟਪਕਦਾ ਹੈ। ਇਸ ਤੋਂ ਪਹਿਲੀ ਕਵਿਤਾ 'ਪੱਤਰ ਪੜ੍ਹਕੇ' ਵੀ ਮੇਰੇ ਤੇ ਹੀ ਲਿਖੀ ਗਈ ਸੀ। ਲਿਖਦੀ ਹਾਂ ਤੁਸੀਂ ਮੈਨੂੰ ਬਦਨਾਮ ਕਰਕੇ ਛੱਡੋਗੇ। ਇਹ ਤਾਂ ਲਿਖੋ ਤੁਸੀਂ ਮੇਰੇ ਪਿਛੇ ਹੱਥ ਧੋ ਕੇ ਕਿਉਂ ਪਏ ਹੋ? ਇਕ ਹੋਰ ਕਵਿਤਾ 'ਇਕਾਂਤ, ਵਿਚ ਪ੍ਰਕਾਸ਼ਿਤ ਹੋਈ ਹੈ। ਇਸ ਤੋਂ ਪਤਾ ਲੱਗਦਾ ਹੈ, ਅਜੇ ਤਕ ਕੁਆਰੇ ਹਨ, ਤਾਂ ਮੇਰੀ......

ਪਰ ਉਹ ਇਤਨੀ ਮਿਹਨਤ ਕਿਉਂ ਕਰਦੇ ਹਨ। ਇਤਨਾ ਪੜ੍ਹਨਾ ਲਿਖਣਾ ਆਦਮੀ ਨੂੰ ਬਾਂਸ ਦੀ ਤਰ੍ਹਾਂ ਖੋਖਲਾ ਕਰ ਦੇਂਦਾ ਹੈ। ਲਿਖਦੀ ਹਾਂ ਭਾਸ਼ਾ ਦੀ ਕਵਿਤਾ ਲਿਖਣਾ ਬੰਦ ਕਰ ਦਿਉ, ਅਤੇ ਸਰੀਰ ਦੀ ਕਵਿਤਾ ਵਲ ਧਿਆਨ ਦਿਉ। ਮੈਨੂੰ ਬਹੁਤ ਫਿਕਰ ਹੋ ਰਿਹਾ ਹੈ।

ਇਸ ਤੋਂ ਪਿਛੋਂ ਮੈਂ ਉਹਨਾਂ ਬਾਰੇ ਸਭ ਕੁਝ ਪਤਾ ਕਰ ਲਿਆ। ਉਹ ਸਾਡੀ ਹੀ ਬਰਾਦਰੀ ਦੇ ਹਨ ਅਤੇ ਕੁਆਰੇ ਹਨ, ਅਤੇ ਉਹਨਾਂ ਦੀ ਸ਼ਰਾਫਤ ਦੀ ਲੋਕ ਸਹੁੰ ਖਾਂਦੇ ਹਨ।

ਮੈਂ ਪੱਤਰ ਲਿਖਿਆ, ਪਹਿਲੇ ਪੱਤਰ ਤੇ ਇਸ ਪੱਤਰ ਵਿਚ ਬਹੁਤ ਫਰਕ ਸੀ। ਇਸ ਵਿਚ ਕੋਈ ਸੰਕੋਚ ਕੋਈ ਬਨਾਵਟ ਨਹੀਂ ਸੀ-ਤੁਹਾਡੇ ਪੱਤਰਾਂ ਨਾਲ ਸੰਤੋਖ ਨਹੀਂ ਹੁੰਦਾ, ਜੀ ਕਰਦਾ ਹੈ ਤੁਹਾਡੇ ਦਰਸ਼ਨ ਹੋਣ, ਤਾਂ ਡਿਗਕੇ ਤੁਹਾਡੇ ਪੈਰ ਚੁੰਮ ਲਵਾਂ। ਹੁਣ ਹੋਰ ਨਾ ਤਰਾਸਉ ਹਰ ਵਕਤ ਸਾਹਮਣੇ ਵੇਖਣਾ ਚਾਹੁੰਦੀ ਹਾਂ, ਅਕਸਰ ਸੁਤੀ ਸੁਤੀ ਚੌਂਕ ਉਠਦੀ ਹਾਂ, ਸੋਚਦੀ ਹਾਂ, ਤੁਹਾਡੇ ਖਾਣ-ਪੀਣ ਦਾ ਕੀ ਪ੍ਰਬੰਧ ਹੋਵੇਗਾ ? ਰਾਤ ਨੂੰ ਦੇਰ ਤਕ ਤਾਂ ਨਹੀਂ ਪੜ੍ਹਦੇ ਰਹਿੰਦੇ। ਇਸ ਨਾਲ ਸਿਹਤ ਵਿਗੜ ਜਾਂਦੀ ਹੈ। ਇਸ ਦਾ ਪੂਰਾ ਪੂਰਾ ਧਿਆਨ ਰੱਖੋ। ਮੈਨੂੰ ਖਤ ਲਿਖਣਾ ਨਾ ਭੁੱਲਣਾ। ਮੇਰਾ ਜੀ ਡਰ ਜਾਂਦਾ ਹੈ। ਮੈਨੂੰ ਆਪਣੇ ਚਰਨਾਂ ਦੀ ਦਾਸੀ ਸਮਝੀ।"

ਚੌਥੇ ਦਿਨ ਉਤਰ ਆਇਆ ਤਾਂ ਮੈਂ ਜਮੀਨ ਤੋਂ ਉਛਲ ਪਈ। ਉਹ ਮੇਰੇ ਨਾਲ ਵਿਆਹ ਕਰਨ ਨੂੰ ਸਹਿਮਤ ਹੀ ਨਹੀਂ ਉਤਾਵਲੇ ਹੋ ਰਹੇ ਸਨ। ਮੈਂ ਅੱਖਾਂ ਬੰਦ ਕਰ ਲਈਆਂ ਅਤੇ ਆਉਣ ਵਾਲੇ ਕਾਲਪਨਿਕ ਸਹਿਵਾਸ ਬਾਰੇ ਸੋਚਕੇ ਆਨੰਦ ਦੇ ਝੂਟੇ ਝੂਟਣ ਲੱਗੀ। ਇੰਨੇ ਵਿਚ ਕਿਸੇ ਦੇ ਪੈਰਾਂ ਦੀ ਆਹਣ ਸੁਣਾਈ ਦਿਤੀ। ਮੇਰੀਆਂ ਅੱਖਾਂ ਖੁਲ੍ਹ ਗਈਆਂ। ਵੇਖਿਆ ਭਾਈ ਪ੍ਰਭਾ ਸੁੰਦਰ ਤਸਵੀਰਾਂ ਦਾ ਬੰਡਲ ਲਈ ਖੜਾ ਹੈ। ਮੈਂ ਹੈਰਾਨੀ ਨਾਲ ਪੁੱਛਿਆ। "ਪ੍ਰਭਾ ! ਇਹ ਕੀ ?

"ਬਾਬੂ ਜੀ ਕਹਿੰਦੇ ਹਨ, ਇਹ ਚਿਤਰ ਵੇਖ ਕੇ ਇਹਨਾਂ ਵਿਚੋਂ ਇਕ ਛਾਂਟ ਲੈ। ਹਰ ਚਿੱਤਰ ਦੇ ਨਾਲ ਇਕ ਪੱਤਰ ਹੈ। ਉਸ ਨੂੰ ਵੀ ਪੜ੍ਹ ਲੈ, ਅਤੇ ਆਪਣਾ ਫੈਸਲਾ ਜਲਦੀ ਦੇ।"

ਇਹ ਕਹਿੰਦੇ ਕਹਿੰਦੇ ਪ੍ਰਭਾ ਨੇ ਉਹ ਬੰਡਲ ਮੇਰੇ ਹੱਥ ਦੇ ਵਿਚ ਦਿਤਾ। ਅਤੇ ਆਪ ਬਾਹਰ ਚਲਾ ਗਿਆ। ਮੇਰੀ ਮਾਂ ਨਹੀਂ ਸੀ, ਇਹ ਕੰਮ ਮੇਰੇ ਪਿਤਾ ਜੀ ਨੂੰ ਕਰਨਾ ਪਿਆ।

ਮੈਂ ਬੰਡਲ ਖੋਲਿਆ, ਇਸ ਵਿਚ ਉਹਨਾਂ ਨੌਜਵਾਨਾਂ ਦੇ ਫੋਟੋ ਸਨ ਜੋ ਮੇਰੇ ਨਾਲ ਵਿਆਹ ਕਰਨਾ ਚਾਹੁੰਦੇ ਸਨ। ਮੁਸਕਰਾਂਦਿਆ ਮੁਸਕਰਾਂਦਿਆਂ ਸਭ ਤੇ ਇਕ ਸਰਸਰੀ ਜਿਹੀ ਝਾਤੀ ਮਾਰੀ। ਕੋਈ ਬੈਰਿਸਟਰ ਸੀ, ਕੋਈ ਡਾਕਟਰ ਸੀ, ਕੋਈ ਇੰਜੀਨੀਅਰ ਸੀ, ਕੋਈ ਠੇਕੇਦਾਰ ਸੀ ਪਰ ਮੈਨੂੰ ਕੋਈ ਵੀ ਪਸੰਦ ਨਹੀਂ ਸੀ। ਮੇਰੇ ਅੰਤਰੀਵ ਦਿਲ ਵਿਚ ਇਕ ਦੀ ਹੀ ਮੂਰਤੀ ਲਈ ਥਾਂ ਸੀ ਅਤੇ ਉਥੇ ਪਹਿਲਾਂ ਤੋਂ ਹੀ ਇਕ ਮੂਰਤੀ ਬੈਠ ਚੁਕੀ ਸੀ। ਮੈਂ ਫੁਰਤੀ ਨਾਲ ਉਠ ਕੇ ਆਪਣਾ ਟਰੰਕ ਖੋਲ੍ਹਿਆ, ਅਤੇ ਉਸ ਵਿਚੋਂ ਉਹਨਾਂ ਦਾ ਫੋਟੋ ਕੱਢ ਕੇ ਉਸ ਉਤੇ My Selection" ਸ਼ਬਦ ਲਿਖ ਕੇ ਉਸਨੂੰ ਬਾਪੂ ਜੀ ਕੋਲ ਭੇਜ ਦਿਤਾ। ਮੈਂ ਬਾਕੀ ਚਿੱਤਰ ਉਸੇ ਤਰ੍ਹਾਂ ਹੀ ਵਾਪਸ ਕਰ ਦਿਤੇ।

ਉਹ ਦੰਗ ਰਹਿ ਗਏ। ਉਹਨਾਂ ਨੂੰ ਇਹ ਆਸ ਨਹੀਂ ਸੀ। ਉਹ ਸਮਝਦੇ ਸੀ ਮੈਂ ਕਿਸੇ ਲਖਪਤੀ ਦਾ ਬੇਟਾ ਪਸੰਦ ਕਰਾਂਗੀ, ਪਰ ਮੈਂ ਇਕ ਕਵੀ ਚੁਣਿਆ ਸੀ। ਉਹ ਗਰੀਬ ਨਹੀਂ ਸਨ, ਪਰ ਇਤਨੇ ਅਮੀਰ ਵੀ ਨਹੀਂ ਸਨ। ਮੇਰੇ ਚਾਹੁਣ ਵਾਲਿਆਂ ਵਿਚੋਂ ਕਈ ਅਜਿਹੇ ਵੀ ਸਨ, ਜਿਹੜੇ ਉਹਨਾਂ ਨੂੰ ਖਰੀਦ ਸਕਣ ਦੀ ਤਾਕਤ ਰੱਖਦੇ ਸਨ, ਪਰ ਪਿਆਰ ਨੂੰ ਅੰਨ੍ਹਾਂ ਕਿਹਾ ਗਿਆ ਹੈ। ਉਸ ਨੂੰ ਵੇਖਣਾ ਕਿਸ ਨੇ ਸਿਖਾਇਆ ਹੈ ? ਬਾਬੂ ਜੀ ਮੇਰੀ ਇੱਛਾ ਨਾਲ ਸਹਿਮਤ ਹੋ ਗਏ। ਉਹਨਾਂ ਨੇ ਮੈਨੂੰ ਬੜੇ ਲਾਡ ਪਿਆਰ ਨਾਲ ਪਾਲਿਆ ਸੀ। ਮੇਰੀ ਪੜ੍ਹਾਈ ਉਤੇ ਹਜ਼ਾਰਾਂ ਰੁਪਏ ਖਰਚ ਕੀਤੇ ਸਨ। ਇਸ ਵਿਸ਼ੇ ਵਿਚ ਵੀ ਉਹਨਾਂ ਨੇ ਮੈਨੂੰ ਪੂਰੀ ਆਜ਼ਾਦੀ ਦਿਤੀ ਹੋਈ ਸੀ। ਉਹ ਮੇਰੀ ਮਰਜ਼ੀ ਦੇ ਵਿਰੁੱਧ ਨਾ ਜਾ ਸਕੇ।

ਉਹਨਾਂ ਨੇ ਮੇਰੀ ਗੱਲ ਮੰਨ ਲਈ।

(4)

ਮੈਨੂੰ ਜਿਸ ਗਲ ਦਾ ਡਰ ਸੀ ਆਖਿਰ ਉਹੀ ਹੋਈ। ਉਨਾਂ ਨੂੰ ਬੁਖਾਰ ਹੋਣ ਲੱਗ ਪਿਆ ਹੈ। ਕੁਝ ਦਿਨ ਹੋਏ। ਉਹਨਾਂ ਦੇ ਇਕ ਮਿੱਤਰ ਮੈਨੂੰ ਮਿਲਣ ਆਏ। ਉਹ ਕਹਿੰਦੇ ਡਾਕਟਰਾਂ ਨੂੰ ਤਪਦਿਕ ਦਾ ਸ਼ੱਕ ਹੈ। ਇਹ ਗੱਲ ਸੁਣ ਕੇ ਬਾਬੂ ਜੀ ਬੜੇ ਵਿਆਕੁਲ ਹੋਏ। ਸਦਾ

ਉਦਾਸ ਰਹਿੰਦੇ ਸਨ। ਉਹਨਾਂ ਦੀ ਇੱਛਾ ਹੈ ਕਿ ਮੈਂ ਵਿਆਹ ਦਾ ਵਿਚਾਰ ਛੱਡ ਦੇਵਾਂ ਬਲਦੀ ਅੱਗ ਵਿਚ ਛਾਲ ਮਾਰਨੀ ਅਕਲ ਦੀ ਗੱਲ ਨਹੀਂ। ਪਰ ਮੈਂ ਇਸ ਦੀ ਪ੍ਰਵਾਹ ਨਹੀਂ ਕਰਦੀ। ਸੰਸਾਰ ਦੀਆਂ ਅੱਖਾਂ ਵਿਚ ਅਸੀਂ ਕੁਆਰੇ ਹਾਂ। ਪਰ ਜਦੋਂ ਮਨ ਮਿਲ ਗਏ, ਪਿਆਰ ਦੀ ਡੋਰ ਬੱਝ ਗਈ ਤਾਂ ਬਾਕੀ ਕੀ ਰਹਿ ਗਿਆ। ਹੁਣ ਮੈਂ ਉਹਨਾਂ ਦੀ ਹਾਂ, ਉਹ ਮੇਰੇ ਹਨ ਅਤੇ ਕੋਈ ਰੋਗ, ਕੋਈ ਡਰ ਕੋਈ ਵਿਚਾਰ ਮੈਨੂੰ ਉਹਨਾਂ ਤੋਂ ਵੱਖ ਨਹੀਂ ਰੱਖ ਸਕਦਾ। ਇਥੋਂ ਤਕ ਕਿ ਮੌਤ ਵਿਚ ਵੀ ਹਿੰਮਤ ਨਹੀਂ। ਸਵਿਤ੍ਰੀ ਨੇ ਸੱਤਿਆਵਾਨ ਨੂੰ ਜਮ ਦੂਤ ਦੇ ਪੰਜੇ ਤੋਂ ਛੁਡਾ ਲਿਆ ਸੀ। ਕੀ ਮੈਂ ਉਹਨਾਂ ਨੂੰ ਬਿਮਾਰੀ ਦੇ ਮੂੰਹ ਤੋਂ ਨਹੀਂ ਬਚਾ ਸਕਾਂਗੀ ! ਮੈਂ ਵੀ ਸਵਿਤ੍ਰੀ ਹਾਂ। ਉਸੇ ਭਾਰਤ ਦੀ ਮਿੱਟੀ ਵਿਚੋਂ ਮੇਰਾ ਵੀ ਜਨਮ ਹੋਇਆ ਹੈ, ਮੈਂ ਉਸ ਦੇ ਕਾਰਨਾਮੇ ਨੂੰ ਅੱਜ ਫਿਰ ਜ਼ਿੰਦਾ ਕਰ ਵਿਖਾਵਾਂਗੀ। ਲੋਕ ਸੁਨਣਗੇ ਹੈਰਾਨ ਹੋਣਗੇ, ਵਾਹ ਵਾਹ ਕਰਨਗੇ। ਇਤਿਹਾਸ ਨੂੰ ਇਕ ਨਵੀਂ ਕਹਾਣੀ ਮਿਲ ਜਾਵੇਗੀ।

ਸੰਝ ਵੇਲਾ ਹੋ ਗਿਆ। ਬਾਬੂ ਜੀ ਆਪਣੇ ਕਮਰੇ ਵਿਚ ਬੈਠੇ ਸਨ। ਮੈਨੂੰ ਚਿੰਤਾ ਹੋਈ। ਇਹ ਵਕਤ ਉਹਨਾਂ ਦੇ ਕਲੱਬ ਜਾਣ ਦਾ ਸੀ। ਸਰਦੀ ਗਰਮੀ ਵਿਚ ਬਰਾਬਰ ਜਾਂਦੇ ਸਨ। ਇਹ ਉਹਨਾਂ ਦਾ ਨਿਯਮ ਸੀ, ਜਿਸ ਵਿਚ ਕਦੇ ਨਾਗਾ ਨਹੀਂ ਸੀ ਪੈਂਦਾ। ਮੈਂ ਉਹਨਾਂ ਦੇ ਕੋਲ ਜਾ ਕੇ ਬੈਠ ਗਈ, ਅਤੇ ਹੌਲੀ ਜਿਹੀ ਬੋਲੀ - ਕਿਉਂ? ਅਜ ਤੁਸੀਂ ਕਲੱਬ ਨਹੀਂ ਗਏ ? ਜੀ ਤਾਂ ਠੀਕ ਹੈ ਤੁਹਾਡਾ ?

ਬਾਬੂ ਜੀ ਨੇ ਕੋਈ ਜਵਾਬ ਨਾ ਦਿਤਾ।

"ਆਪ ਉਦਾਸ ਨਜ਼ਰ ਆਉਂਦੇ ਹੋ, ਕੀ ਗੱਲ ਹੈ ?"

ਬਾਬੂ ਜੀ ਨੇ ਕਿਹਾ-"ਤੈਨੂੰ ਇਸ ਨਾਲ ਕੀ ?"

"ਤੁਹਾਡੀ ਸਿਹਤ ਖਰਾਬ ਹੋ ਜਾਵੇਗੀ।"

"ਕੋਈ ਪ੍ਰਵਾਹ ਨਹੀਂ।"

"ਆਪਦਾ ਖਾਣਾ ਪਹਿਲਾ ਨਾਲੋਂ ਅੱਧਾ ਵੀ ਨਹੀਂ ਰਿਹਾ।"

"ਮੈਂ ਇਹ ਸਭ ਕੁਝ ਜਾਣਦਾ ਹਾਂ।"

"ਕਿਸੇ ਡਾਕਟਰ ਨੂੰ ਵਿਖਾਉ। ਰੋਗ ਦਾ ਵਧਣਾ ਚੰਗਾ ਨਹੀਂ। ਇਸ ਨੂੰ ਸ਼ੁਰੂ ਵਿਚ ਹੀ ਕਾਬੂ ਕਰ ਲੈਣਾ ਚਾਹੀਦਾ ਹੈ।"

"ਹੁਣ ਮੇਰਾ ਡਾਕਟਰ ਜਮਰਾਜ ਹੀ ਹੋਵੇਗਾ।"

ਮੈਂ ਚੌਂਕ ਪਈ- "ਗੱਲ ਕੀ ਹੈ ਆਖਰ ?"

"ਗੱਲ ਇਹ ਹੈ ਕਿ ਹੁਣ ਮੇਰਾ ਦਿਲ ਜੀਣ ਲਈ ਨਹੀਂ ਕਰਦਾ। ਜੀ ਕੇ ਕੀ ਕਰਾਂਗਾ?"

ਮੇਰੀਆਂ ਅੱਖਾਂ ਵਿਚ ਹੰਝੂ ਆ ਗਏ। ਸਿਰ ਨੀਵਾਂ ਝੁਕ ਗਿਆ। ਬਾਬੂ ਜੀ ਦੂਜੇ ਪਾਸੇ ਵੇਖ ਰਹੇ ਸਨ। ਮੇਰੇ ਅੱਥਰੂ ਉਹਨਾਂ ਨੇ ਵੇਖ ਲਏ। ਗੱਲਬਾਤ ਦਾ ਰੰਗ ਬਦਲ ਗਿਆ। ਬੋਲੇ -- ''ਸਾਵਿਤ੍ਰੀ ! ਮੈਂ ਤਾਂ ਆਪਣੀ ਕਿਸਮਤ ਨੂੰ ਰੋ ਰਿਹਾ ਹਾਂ। ਪਰ ਤੈਨੂੰ ਕੀ ਹੋਇਆ ਹੈ ! ਤੂੰ ਕਿਉਂ ਰੋਂਦੀ ਹੈ ?"

ਮੈਂ ਉਹਨਾਂ ਵਲ ਇਸ ਤਰ੍ਹਾਂ ਵੇਖਿਆ ਜਿਵੇਂ ਉਹਨਾਂ ਨੇ ਮੇਰੇ ਉੱਤੇ ਬਹੁਤ ਵੱਡਾ ਜ਼ੁਲਮ ਕਰ ਦਿਤਾ ਹੋਵੇ, ਅਤੇ ਕਿਹਾ, "ਤੁਸੀਂ ਮੇਰੇ ਪਿਤਾ ਹੋ, ਕੀ ਤੁਸੀਂ ਇਹਨਾਂ ਅਥਰੂਆਂ ਦੀ ਗੱਲ ਨਹੀਂ ਸਮਝ ਸਕਦੇ। ਤੁਹਾਡੀ ਹਰ ਗੱਲ ਛੁਪੀ ਹੋਈ ਕਟਾਰ ਹੈ, ਹਰ ਬਚਨ ਜ਼ਹਿਰ ਵਿਚ ਬੁਝਿਆ ਹੋਇਆ ਤੀਰ ਹੈ। ਤੁਹਾਡੇ ਯਾਰ-ਦੋਸਤ ਸਨ, ਕੰਮ ਕਾਜ ਹੈ, ਕਲੱਬ ਹੈ। ਤੁਸੀਂ ਬਾਹਰ ਚਲੇ ਜਾਂਦੇ ਹੋ, ਮੈਂ ਬੈਠੀ ਕਿਸਮਤ ਨੂੰ ਰੋਂਦੀ ਰਹਿੰਦੀ ਹਾਂ। ਮੈਂ ਲੜਕੀ ਹਾਂ, ਲੜਕੀਆਂ ਦੇ ਮੂੰਹੋਂ ਅਜਿਹੀ ਗੱਲ ਨਿਕਲਦੀ ਚੰਗੀ ਨਹੀਂ ਲੱਗਦੀ। ਪਰ ਕੀ ਕਰਾਂ ? ਦੇਖਦੀ ਹਾਂ। ਮੇਰੇ ਜੀਵਨ ਦਾ ਸਭ ਕੁਝ ਲੁਟ ਰਿਹਾ ਹੈ। ਚੁੱਪ ਕਿਵੇਂ ਰਹਾਂ। ਆਪ ਦੇਰ ਕਰਕੇ ਮੇਰੇ ਭਵਿੱਖ ਨੂੰ ਹਨੇਰਾ ਬਣਾ ਰਹੇ ਹੋ। ਵਕਤ ਗੁਜ਼ਰਦਾ ਜਾ ਰਿਹਾ ਹੈ, ਭਵਿੱਖ ਵਿਗੜਦਾ ਜਾ ਰਿਹਾ ਹੈ ਅਤੇ ਆਸ ਘਟ ਹੁੰਦੀ ਜਾ ਰਹੀ ਹੈ।"

ਬਾਬੂ ਜੀ ਨੇ ਭਰੇ ਹੋਏ ਦਿਲ ਨਾਲ ਕਿਹਾ-"ਪਰ ਸਵਿਤ੍ਰੀ! ਵੇਖ ਕੇ ਮੱਖੀ ਨਿਗਲਣੀ ਸੌਖੀ ਨਹੀਂ, ਕੀ ਤੈਨੂੰ ਵਿਸ਼ਵਾਸ ਹੈ ਕਿ ਉਹ ਤੇਰੀ ਸੇਵਾ-ਸੰਭਾਲ ਨਾਲ ਰਾਜ਼ੀ ਹੋ ਜਾਵੇਗਾ ?"

"ਹਾਂ, ਮੈਨੂੰ ਵਿਸ਼ਵਾਸ਼ ਹੈ ਕਿ ਮੈਂ ਉਨ੍ਹਾਂ ਨੂੰ ਬਚਾ ਲਵਾਂਗੀ। ਕਵੀ ਬੇ-ਪਰਵਾਹ ਹੁੰਦੇ ਹਨ। ਅਕਸਰ ਪੜ੍ਹਨ ਲਿਖਣ ਵਿੱਚ ਲੱਗੇ ਰਹਿੰਦੇ ਹਨ। ਮੈਂ ਉਨ੍ਹਾਂ ਨੂੰ ਜੀਵਨ ਦੇ ਸਾਰੇ ਝੰਜਟਾਂ ਤੋਂ ਨਿਸ਼ਚਿੰਤ ਕਰ ਦੇਵਾਂਗੀ, ਅਤੇ ਘਰ ਦਾ ਸਾਰਾ ਕੰਮ ਆਪ ਸੰਭਾਲ ਲਵਾਂਗੀ। ਦਿਨ-ਰਾਤ ਕਵਿਤਾ ਦੇ ਕਾਰਨ ਹੀ ਉਨ੍ਹਾਂ ਦੀ ਇਹ ਹਾਲਤ ਹੋਈ ਹੈ। ਜਿਸ ਰਸਾਲੇ ਵਿੱਚ ਦੇਖੋ ਉਸ ਵਿੱਚ ਉਨ੍ਹਾਂ ਦੀ ਕਵਿਤਾ ਵਿਖਾਈ ਦੇਂਦੀ। ਮੈਂ ਉਨ੍ਹਾਂ ਨੂੰ ਇਸ ਤੋਂ ਰੋਕ ਦਿਆਂਗੀ। ਕਹਾਂਗੀ— "ਪਹਿਲਾਂ ਆਪਣੀ ਸਿਹਤ ਵੱਲ ਤਾਂ ਵੇਖੋ ਪਿਛੋਂ ਕਵਿਤਾ ਵੀ ਹੋ ਲਵੇਗੀ। ਨੌਕਰਾਂ ਦੇ ਹੱਥਾਂ

ਦੀਆਂ ਰੋਟੀਆਂ ਖਾਂਦੇ ਹਨ, ਖਾਧਾ ਪੀਤਾ ਕੀ ਖ਼ਾਕ ਲੱਗੇਗਾ ? ਤਾਰੀਫ਼ ਕਰਨ ਨੂੰ ਸਾਰੇ ਹਨ, ਹਮਦਰਦੀ ਕਿਸੇ ਵਿੱਚ ਨਾਂ ਨੂੰ ਨਹੀਂ।"

ਬਾਬੂ ਜੀ ਤੇ ਮੇਰੀਆਂ ਇਨ੍ਹਾਂ ਗੱਲਾਂ ਦਾ ਬਹੁਤ ਹੀ ਪ੍ਰਭਾਵ ਪਿਆ। ਕੁਝ ਵਕਤ ਲਈ ਉਨ੍ਹਾਂ ਦਾ ਮੂੰਹ ਬੰਦ ਹੋ ਗਿਆ। ਫਿਰ ਬੋਲੇ-"ਇਹ ਸਭ ਠੀਕ ਹੈ, ਪਰ ਕਹਿਣ ਅਤੇ ਕਰਨ ਵਿੱਚ ਬੜਾ ਫਰਕ ਹੁੰਦਾ ਹੈ। ਮੈਨੂੰ ਸ਼ੱਕ ਹੈ ਕਿ ਜੋ ਕੁਝ ਤੂੰ ਕਹਿ ਰਹੀ ਹੈਂ ਕਰ ਵੀ ਸਕੇਂਗੀ। ਉਹ ਪੂਰਾ ਬੇਪਰਵਾਹ ਹੈ। ਤੇਰੀ ਗੱਲ ਉਹ ਕਦੇ ਨਹੀਂ ਸੁਣੇਗਾ। ਤੂੰ ਇਕ ਦਿਨ ਸਮਝਾਵੇਂਗੀ। ਦੋ ਦਿਨ ਸਮਝਾਵੇਂਗੀ, ਤੀਜੇ ਦਿਨ ਰੋ ਧੋ ਕੇ ਚੁੱਪ ਹੋ ਜਾਵੇਂਗੀ।"

ਮੇਰਾ ਮੂੰਹ ਲਾਲ ਹੋ ਗਿਆ, ਫਿਰ ਵੀ ਸੰਭਲ ਕੇ ਬੋਲੀ-ਮੈਂ ਆਪਣੇ ਵਚਨਾਂ ਦੀ ਜ਼ਿੰਮੇਦਾਰੀ ਤੋਂ ਅਣਜਾਣ ਨਹੀਂ। ਜੋ ਕੁਝ ਕਿਹਾ ਹੈ, ਕਰਕੇ ਵਿਖਾ ਦਿਆਂਗੀ।"

"ਇਹ ਸਭ ਭਾਵਨਾ ਦੀਆਂ ਗੱਲਾਂ ਹਨ। ਜਦੋਂ ਵਕਤ ਆਉਂਦਾ ਹੈ ਤਾਂ ਧੂਏਂ ਵਾਂਗ ਉਡ ਜਾਂਦੀਆਂ ਹਨ।"

"ਮੇਰੇ ਖਿਆਲ ਵਿੱਚ ਸੰਸਾਰ ਭਾਵਨਾਵਾਂ ਤੇ ਹੀ ਜੀਉਂਦਾ ਹੈ। ਭਾਵਨਾ ਨਾ ਹੋਵੇ ਤਾਂ ਦੁਨੀਆਂ ਚਾਰ ਹੀ ਦਿਨਾਂ ਵਿੱਚ ਖਤਮ ਹੋ ਜਾਵੇ।"

ਬਾਬੂ ਜੀ ਚੁੱਪ ਹੋ ਗਏ, ਕੋਈ ਉੱਤਰ ਨਾ ਸੁਝਿਆ। ਥੋੜੀ ਦੇਰ ਤਕ ਸਿਰ ਝੁਕਾ ਕੇ ਸੋਚਦੇ ਰਹੇ। ਫਿਰ ਇਕਦਮ ਉਠੇ ਅਤੇ ਕੁਝ ਕਹੇ ਸੁਣੇ ਬਿਨਾਂ ਬਾਹਰ ਚਲੇ ਗਏ।

(5)

ਵਿਆਹ ਹੋ ਗਿਆ। ਉਨ੍ਹਾਂ ਨੂੰ ਕੋਈ ਰੋਗ ਨਹੀਂ ਸੀ। ਇਹ ਸਭ ਕਿਸੇ ਦੀ ਸ਼ਰਾਰਤ ਸੀ। ਉਨ੍ਹਾਂ ਦੀ ਸਿਹਤ ਵੇਖਕੇ ਮਨ ਪ੍ਰਫੁਲਿਤ ਹੋ ਜਾਂਦਾ ਸੀ। ਮੂੰਹ ਤੇ ਲਾਲੀ ਹੈ, ਅੱਖਾਂ ਵਿੱਚ ਲਿਸ਼ਕ ਹੈ, ਹੋਠਾਂ ਤੇ ਮੁਸਕਣੀ ਹੈ। ਮੈਨੂੰ ਵੇਖਦੇ ਹਨ, ਤਾਂ ਕਲੀ ਵਾਂਗ ਖਿੜ ਜਾਂਦੇ ਹਨ। ਮੈਂ ਕਈ ਕਵੀਆਂ ਦੇ ਚਰਿਤਰ ਪੜ੍ਹੇ ਹਨ ਅਤੇ ਇਕ ਦੋਸ਼ ਸਭ ਵਿੱਚ ਵੇਖਿਆ ਹੈ। ਉਹ ਇਹ ਕਿ ਉਨ੍ਹਾਂ ਦਾ ਆਚਰਣ ਕੋਈ ਬਹੁਤਾ ਪਵਿੱਤਰ ਨਹੀਂ ਹੁੰਦਾ। ਪਰ ਉਨ੍ਹਾਂ ਸਬੰਧੀ ਅਜਿਹੀ ਕਲਪਣਾ ਵੀ ਪਾਪ ਹੈ। ਉਹ ਬਹੁਤ ਹੀ ਸ਼ਰਮੀਲੇ ਹਨ। ਕਿਸੇ ਪਰਾਈ ਇਸਤਰੀ ਦੇ ਸਾਮ੍ਹਣੇ ਅੱਖ ਉਚੀ ਨਹੀਂ ਕਰਦੇ। ਉਹ ਇਸ ਨੂੰ ਵੀ ਇਖ਼ਲਾਕ ਤੋਂ ਗਿਰੀ ਹੋਈ ਗੱਲ ਸਮਝਦੇ ਹਨ।

ਮੇਰੀ ਕੋਈ ਸਹੇਲੀ ਆ ਜਾਂਦੀ ਹੈ, ਤਾਂ ਉਠਕੇ ਬਾਹਰ ਚਲੇ ਜਾਂਦੇ ਹਨ। ਮੈਂ ਬਥੇਰਾ ਸਮਝਾਉਂਦੀ ਹਾਂ। ਕਹਿੰਦੀ ਹਾਂ— "ਤੁਸੀਂ ਮਰਦ ਹੋ, ਜੇ ਇਸਤਰੀ ਪਰਦਾ ਨਹੀਂ ਕਰਦੀ ਤਾਂ

ਤੁਸੀਂ ਕਿਉਂ ਕਰੋ ? ਪਰ ਉਹ ਹਸਕੇ ਟਾਲ ਦੇਂਦੇ ਹਨ। ਮੈਨੂੰ ਉਨ੍ਹਾਂ ਤੋਂ ਪੂਰਾ ਪੂਰਾ ਵਿਸ਼ਵਾਸ਼ ਹੈ। ਸਮਝਦੀ ਹਾਂ, ਸਭ ਕੁੱਝ ਹੋ ਸਕਦਾ ਹੈ ਪਰ ਉਨ੍ਹਾਂ ਦੇ ਮਨ ਵਿੱਚ ਮੈਲ ਨਹੀਂ ਆ ਸਕਦੀ। ਅਜਿਹਾ ਮਰਦ ਮਿਲ ਜਾਣਾ ਮੇਰੀ ਖੁਸ਼ਕਿਸਮਤੀ ਹੈ।"

ਉਨ੍ਹਾਂ ਨੇ ਆਪਣੇ ਆਪ ਨੂੰ ਮੇਰੇ ਤੇ ਛੱਡ ਰਖਿਆ ਹੈ। ਘਰ-ਬਾਰ ਦੀ ਸਿਆਹੀ-ਸਫੈਦੀ ਸਭ ਮੇਰੇ ਹੱਥ ਹੀ ਹੈ। ਕੱਪੜੇ ਵੀ ਆਪ ਨਹੀਂ ਬਦਲਦੇ। ਜੇ ਮੈਂ ਨਾ ਕਹਾਂ ਤਾਂ ਪੂਰਾ ਹਫ਼ਤਾ ਨਿਕਲ ਜਾਂਦਾ ਹੈ, ਅਤੇ ਉਨ੍ਹਾਂ ਨੂੰ ਧਿਆਨ ਵੀ ਨਹੀਂ ਆਉਂਦਾ ਕਿ ਕੱਪੜੇ ਮੈਲੇ ਹੋ ਗਏ ਹਨ। ਉਨ੍ਹਾਂ ਦੇ ਦੁੱਧ ਦਾ, ਫਲਾਂ ਦਾ, ਕਮਰੇ ਦੀ ਸਫ਼ਾਈ ਦਾ, ਮੈਨੂੰ ਹੀ ਪ੍ਰਬੰਧ ਕਰਨਾ ਪੈਂਦਾ ਹੈ। ਸੋਚਦੀ ਹਾਂ, ਜੇ ਮੇਰੀ ਥਾਂ ਕੋਈ ਦੂਜੀ ਲਾਪਰਵਾਹ ਮਨਮਾਨੀ ਕਰਨ ਵਾਲੀ ਇਸਤਰੀ ਆ ਜਾਂਦੀ, ਤਾਂ ਕੀ ਹੁੰਦਾ ? ਘਰ ਵਿੱਚ ਧੂੜ ਉਡਣ ਲੱਗਦੀ। ਫਰਸ਼ ਤੇ ਕੀੜੇ ਤੁਰਨ ਲੱਗਦੇ। ਥੋੜੇ ਦਿਨਾਂ ਵਿੱਚ ਹੀ ਬੀਮਾਰ ਹੋ ਜਾਂਦੇ। ਉਹ ਇਤਨੇ ਲਾਪਰਵਾਹ ਹਨ ਕਿ ਉਨ੍ਹਾਂ ਨੂੰ ਆਪਣੇ ਦਫ਼ਤਰ ਦੀ ਸਫ਼ਾਈ ਦਾ ਵੀ ਧਿਆਨ ਨਹੀਂ ਰਹਿੰਦਾ। ਇਸ ਦਾ ਵੀ ਮੈਨੂੰ ਵੀ ਧਿਆਨ ਰੱਖਣਾ ਪੈਂਦਾ ਹੈ। ਨੌਕਰ ਸਿਰ ਚੜ੍ਹਾ ਕੇ ਰਖੇ ਹੋਏ ਸਨ, ਹੁਣ ਸੰਭਲ ਗਏ ਹਨ। ਇਹ ਭੈੜੇ ਆਪਣੇ ਆਪ ਤਾਂ ਕੋਈ ਕੰਮ ਨਹੀਂ ਕਰਦੇ। ਜਦ ਤਕ ਸਿਰ ਤੇ ਨਾ ਖਲੋਵੋ ਤਦ ਤਕ ਹੱਥ ਤੇ ਹੱਥ ਰਖਕੇ ਬੈਠੇ ਰਹਿਣਗੇ। ਕਦੇ ਕਦੇ ਮੈਨੂੰ ਇਨ੍ਹਾਂ ਤੇ ਗੁੱਸਾ ਵੀ ਆ ਜਾਂਦਾ ਹੈ। ਉਹ ਰੋਅਬ ਨਾਲ ਕਿਉਂ ਕੰਮ ਨਹੀਂ ਲੈਂਦੇ ? ਮੈਂ ਚਾਰ ਦਿਨ ਲਈ ਬਾਹਰ ਚਲੀ ਜਾਵਾਂ, ਤਾਂ ਘਰ ਨਰਕ ਦਾ ਨਮੂਨਾ ਬਣ ਜਾਵੇ। ਪਤਾ ਨਹੀਂ ਪਹਿਲਾਂ ਕਿਵੇਂ ਦੇਖ ਭਾਲ ਕਰਦੇ ਸਨ।

ਉਨ੍ਹਾਂ ਨੇ ਹੱਸ ਕੇ ਜਵਾਬ ਦਿੱਤਾ- "ਤੂੰ ਇਕ ਲੇਖ ਲਿਖ ਦੇ ਨਾਂ, ਇਸ ਬਾਰੇ। ਸਾਰੀ ਦੁਨੀਆਂ ਜਾਣ ਜਾਏਗੀ।'

"ਬਦਨਾਮ ਹੋ ਜਾਉਗੇ।"

"ਉਸ ਵਿੱਚ ਕੁੱਝ ਹਿੱਸਾ ਤੈਨੂੰ ਵੀ ਤਾਂ ਮਿਲੇਗਾ। ਪਤੀ ਬਾਅਦ ਵਿੱਚ ਬਦਨਾਮ ਹੋਵੇਗਾ,, ਪਤਨੀ ਪਹਿਲੇ ਹੋ ਜਾਵੇਗੀ।"

ਮੈਂ ਗੰਭੀਰਤਾ ਨਾਲ ਕਿਹਾ— "ਤੁਸੀਂ ਹੱਸਕੇ ਕੇ ਟਾਲ ਦੇਂਦੇ ਹੋ, ਜ਼ਰਾ ਸੋਚੋ ਤਾਂ ਸਹੀ ਐਸੀ ਲਾਪਰਵਾਹੀ ਦਾ ਲਾਭ ਕੀ ਹੈ ?"

"ਮੈਂ ਤੈਨੂੰ ਘਰ ਦੀ ਰਾਣੀ ਜੋ ਬਣਾ ਦਿੱਤਾ ਹੈ।"

(ਆਪਣੇ ਆਪ) ਮੈਂ ਹੌਲੀ ਜਿਹੀ ਕਿਹਾ—"ਮੈਂ ਘਰ ਦੀ ਰਾਣੀ ਤਾਂ ਬਣ ਗਈ, ਪਰ ਤੁਸੀਂ ਦਫ਼ਤਰ ਵੱਲ ਤਾਂ ਧਿਆਨ ਦਿਆਂ ਕਰੋ।"

ਉਹ ਹੱਸ ਕੇ ਬੋਲੇ -"ਮੈਂ ਤੈਨੂੰ ਆਪਣੇ ਦਫ਼ਤਰ ਦਾ ਵੀ ਸੁਪਰਿੰਟੈਂਡੈਂਟ ਸਮਝਦਾ ਹਾਂ।"

ਮੈਂ ਉਠ ਕੇ ਚਲੀ ਗਈ। ਪਰ ਦਿਲ ਅਨੰਦ ਦੀਆਂ ਪੀਘਾਂ ਝੂਟ ਰਿਹਾ ਸੀ। ਮਾਨੋ ਚੰਨ ਦਾ ਪਰਛਾਵਾਂ ਪਾਣੀ ਦੀਆਂ ਲਹਿਰਾਂ ਤੇ ਨਚ ਰਿਹਾ ਹੋਵੇ। ਦੂਜੇ ਦਿਨ ਸਵੇਰੇ ਮੈਂ ਉਨ੍ਹਾਂ ਦੇ ਦਫ਼ਤਰ ਵੱਲ ਗਈ, ਤਾਂ ਦਰਵਾਜ਼ੇ ਦੇ ਨਾਲ ਇਕ ਛੋਟਾ ਜਿਹਾ ਬੋਰਡ ਲਟਕਦਾ ਵੇਖਿਆ ਉਸ ਤੇ ਲਿਖਿਆ ਸੀ—

ਸਵਿਤ੍ਰੀ ਦੇਵੀ. ਬੀ. ਏ. ਸੁਪਰਿੰਟ ਡੈਂਟ

ਮੈਂ ਉਸਨੂੰ ਛੇਤੀ ਨਾਲ ਉਤਾਰ ਕੇ ਸਾਮ੍ਹਣੇ ਜਾ ਸੁਟਿਆ, ਅਤੇ ਕਿਹਾ—ਇਹ ਸ਼ਰਾਰਤਾਂ ਵੇਖਕੇ ਲੋਕ ਕੀ ਕਹਿਣਗੇ ?"

ਉਨ੍ਹਾਂ ਨੇ ਮੇਰੇ ਵੱਲ ਵੇਖਿਆ ਅਤੇ ਮੁਸਕਰਾ ਕੇ ਬਾਹਵਾਂ ਫੈਲਾ ਦਿੱਤੀਆਂ। ਮੈਂ ਸੂਰਗ ਵਿੱਚ ਪਹੁੰਚ ਗਈ।

ਇਸ ਤਰ੍ਹਾਂ ਬਹੁਤ ਸਮਾਂ ਹਸਦੇ-ਖੇਡਦੇ ਅਤੇ ਖਿੜਦੇ-ਖਿੜਾਂਦੇ ਗੁਜ਼ਰ ਗਿਆ।

(6)

ਸ਼ਾਮ ਦਾ ਵੇਲਾ ਸੀ। ਮੈਂ ਆਪਣੇ ਸਭ ਤੋਂ ਵਧੀਆ ਕੱਪੜੇ ਪਾਏ ਤੇ ਉਨ੍ਹਾਂ ਦੇ ਕੋਲ ਜਾ ਕੇ ਕਿਹਾ-"ਬਾਹਰ ਚਲੋਗੇ ? ਥੋੜਾ ਘੁੰਮ ਆਈਏ। ਅੱਜ ਘਰ ਵਿੱਚ ਜੀ ਨਹੀਂ ਲੱਗਦਾ।"

ਉਹ ਉਸ ਵਕਤ ਕਿਸੇ ਕਵਿਤਾ ਵਿੱਚ ਮਗਨ ਸਨ। ਹੌਲੀ ਜਿਹੀ ਬੋਲੇ- "ਇਸ ਵੇਲੇ ਗੱਲ ਨਾ ਕਰ, ਬੜਾ ਅਜੀਬ ਖਿਆਲ ਸੁਝਿਆ ਹੈ ਉਸਨੂੰ ਪ੍ਰਗਟ ਕਰਨ ਲਈ ਢੁਕਵੇਂ ਸ਼ਬਦ ਢੂੰਡ ਰਿਹਾ ਹਾਂ। ਪਰ ਸ਼ਬਦ ਮਿਲ ਨਹੀਂ ਰਹੇ।"

ਮੈਨੂੰ ਜ਼ਹਿਰ ਚੜ੍ਹ ਗਈ। ਕਿਹੋ ਜਿਹੇ ਆਦਮੀ ਹਨ ? ਸਦਾ ਆਪਣੀ ਹੀ ਧੁਨ ਵਿੱਚ ਲੱਗੇ ਰਹਿੰਦੇ ਹਨ। ਏਨਾ ਵੀ ਨਹੀਂ ਕਿ ਮੇਰੀ ਕਦੇ ਤਾਂ ਮੰਨ ਲੈਣ। ਪਹਿਲਾਂ ਮੈਨੂੰ ਵੇਖ ਕੇ ਖੁਸ਼ ਹੋ ਜਾਂਦੇ ਸਨ। ਪਰ ਹੁਣ ਤਾਂ ਇਨ੍ਹਾਂ ਦਾ ਦਿਲ ਪ੍ਰੇਮ ਤੋਂ ਖ਼ਾਲੀ ਹੋ ਗਿਆ ਹੈ। ਹਾਂ ਕਵਿਤਾ ਵਿੱਚ ਦਿਲ ਕੱਢਕੇ ਰਖ ਦੇਂਦੇ ਹਨ। ਮੇਰੀਆਂ ਅੱਖਾਂ ਵਿਚੋਂ ਅੱਗ ਵਰਨ ਲੱਗੀ। ਮੂੰਹ ਤੋਂ ਬੋਲੀ-'ਹਮੇਸ਼ਾ ਕਵਿਤਾ ਹੀ ਸੁਝਦੀ ਰਹਿੰਦੀ ਹੈ— ਜਾਂ ਕਦੇ ਸੰਸਾਰ ਦਾ ਵੀ ਧਿਆਨ ਆਉਂਦਾ ਹੈ ? ਹਰ ਸਮੇਂ ਕਵਿਤਾ-ਹਰ ਵਕਤ ਕਵਿਤਾ।"

"ਇਸ ਕਵਿਤਾ ਨਾਲ ਸਾਹਿਤ ਦੀ ਦੁਨੀਆਂ ਵਿੱਚ ਥਲਕਾ ਮਚ ਜਾਵੇਗਾ।"

"ਤੁਹਾਨੂੰ ਕਦੇ ਮੇਰਾ ਵੀ ਖਿਆਲ ਆਉਂਦਾ ਹੈ ਜਾਂ ਨਹੀਂ ?"

"ਇਹ ਤੂੰ ਆਪਣੇ ਦਿਲ ਤੋਂ ਪੁੱਛ।"

"ਮੈਂ ਆਪਣੇ ਦਿਲ ਤੋਂ ਨਹੀਂ ਖ਼ੁਦ ਤੁਹਾਡੇ ਕੋਲੋਂ ਪੁੱਛਦੀ ਹਾਂ। ਜ਼ਰਾ ਅੱਖਾਂ ਉੱਚੀਆਂ ਕਰ ਕੇ ਜਵਾਬ ਦਿਓ।

"ਇਹ ਕਵਿਤਾ ਦੇਖਕੇ ਫੜਕ ਉਠੇਗੀ, ਅਜਿਹੀ ਕਵਿਤਾ ਮੈਂ ਅੱਜ ਤਕ ਨਹੀਂ ਲਿਖੀ, ਅਜੀਬ ਚੀਜ਼ ਹੈ। ਲੋਕ ਕਹਿਣਗੇ-ਸਵਿਤ੍ਰੀ ਦਾ ਪਤੀ ਤਾਂ ਹੁਣ ਆਕਾਸ਼ ਦੇ ਤਾਰੇ ਤੋੜਨ ਲੱਗਾ ਹੈ।"

ਮੈਂ ਹੈਰਾਨ ਜਿਹੇ ਹੋਕੇ ਪੁੱਛਿਆ- "ਮੇਰੀ ਬਹੁਤ ਖ਼ਾਹਸ਼ ਸੀ ਕਿ ਅੱਜ ਥੋੜਾ ਘੁੰਮ ਆਉਂਦੀ। ਇਸ ਕਵਿਤਾ ਨੇ ਕੰਮ ਵਿਗਾੜ ਦਿੱਤਾ ਹੈ। ਦਿਲ ਕਰਦਾ ਹੈ, ਕਾਗ਼ਜ਼ ਖੋਹ ਲਵਾਂ ਤੇ ਦਵਾਤ ਭੰਨ ਸੁਟਾਂ।"

"ਕਾਗਜ਼ ਦੁਆਤ ਦਾ ਨੁਕਸਾਨ ਮਾਮੂਲੀ ਗੱਲ ਹੈ। ਪਰ ਇਹ ਵਿਚਾਰ ਫਿਰ ਨਹੀਂ ਮਿਲਣਗੇ। ਅੱਜ ਇਕੱਲੀ ਹੀ ਚਲੀ ਜਾ।"

"ਮੇਰਾ ਮਨ ਨਹੀਂ ਮੰਨਦਾ।"

ਉਨ੍ਹਾਂ ਨੇ ਹੱਥ ਨਾਲ ਇਸ਼ਾਰਾ ਕੀਤਾ ਕਿ ਹੁਣ ਜਾ। ਅਤੇ ਫਿਰ ਕਾਗ਼ਜ਼ ਉੱਤੇ ਝੁਕ ਗਏ। ਮੇਰਾ ਦਿਲ ਬੇਹਾਲ ਹੋ ਗਿਆ। ਉਨ੍ਹਾਂ ਨੂੰ ਕਵਿਤਾ ਦਾ ਧਿਆਨ ਹੈ ਮੇਰਾ ਧਿਆਨ ਨਹੀਂ। ਦੁਨੀਆਂ ਵਿੱਚ ਨਾਂ ਚਾਹੁੰਦੇ ਹਨ, ਪਰ ਘਰ ਵਿੱਚ ਪ੍ਰੇਮ ਨਹੀਂ ਚਾਹੁੰਦੇ। ਮੈਂ ਘਰੋਂ ਇਕੱਲੀ ਹੀ ਚਲ ਪਈ। ਪਰ ਚਿਤ ਉਦਾਸ ਸੀ। ਸੈਰ ਵਿੱਚ ਜੀ ਨਾ ਲੱਗਿਆ। ਹਾਰ ਕੇ ਇਕ ਪੁੱਲ 'ਤੇ ਬੈਠ ਗਈ, ਅਤੇ ਆਪਣੀ ਹਾਲਤ ਤੇ ਰੋਣ ਲੱਗੀ।

ਇਨ੍ਹਾਂ ਅਬਰੂਆਂ ਨੂੰ ਵੇਖਕੇ ਪਹਿਲਾਂ ਬਾਬੂ ਜੀ ਵਿਆਕੁਲ ਹੋ ਜਾਂਦੇ ਸਨ। ਵਿਆਹ ਹੋਇਆ, ਤਾਂ ਮੇਰੇ ਸੁਖ ਦੁੱਖ ਦਾ ਭਾਰ ਇਕ ਕਵੀ ਨੂੰ ਸੌਂਪਿਆ ਗਿਆ। ਮੇਰੇ ਅਥਰੂਆਂ ਨੂੰ ਵੇਖ ਕੇ ਉਹ ਬੱਚੈਨ ਹੋਣ ਲੱਗੇ। ਪਰ ਹੁਣ ਇਨ੍ਹਾਂ ਅਥਰੂਆਂ ਨੂੰ ਵੇਖਣ ਵਾਲਾ, ਇਨ੍ਹਾਂ ਉੱਤੇ ਅਫ਼ਸੋਸ ਕਰਨ ਵਾਲਾ ਕੋਈ ਵੀ ਨਹੀਂ ਸੀ। ਹੁਣ ਮੇਰੀ ਕਿਸ਼ਤੀ ਦਰਿਆ ਦੇ ਵਹਿਣ ਵਿੱਚ ਰੁੜਦੀ ਜਾ ਰਹੀ ਸੀ ਅਤੇ ਇਸ ਤੇ ਕੋਈ ਮੱਲਾਹ ਨਹੀਂ ਸੀ। ਮੈਂ ਆਪਣੀ ਬੇਬਸੀ ਤੇ ਕੁੜਦੀ ਸਾਂ। ਕਦੇ ਕਦੇ ਅੱਖ ਚੁਕਕੇ ਵੇਖ ਲੈਂਦੀ ਸਾਂ ਮਤਾਂ ਕਿਤੇ ਆ ਰਹੇ ਹੋਣ। ਪ੍ਰੇਮ ਛੇਤੀ ਮਰਨਾ ਨਹੀਂ ਜਾਣਦਾ ਪਰ ਮੇਰੀ ਆਸ ਮੁਰਝਾਈ ਹੀ ਰਹੀ, ਉਹ ਨਾ ਆਏ।

ਮੇਰੀਆਂ ਅੱਖਾਂ ਪਾਣੀ ਵੱਲ ਸਨ। ਸੋਚਦੀ ਸਾਂ ਕਿ ਜੋ ਕੋਈ ਸ਼ਕਤੀ ਮੰਤਰ ਮਾਰਕੇ ਮੈਨੂੰ ਪਾਣੀ ਦੀ ਲਹਿਰ ਬਣਾ ਦੇਵੇ, ਤਾਂ ਗੰਗਾ ਦੀਆਂ ਲਹਿਰਾਂ ਨਾਲ ਖੇਡਦੀ ਫਿਰਾਂ। ਇਕਦਮ

ਅੱਖ ਝਪਕ ਗਈ। ਨੀਂਦ-ਦੇਵੀ ਨੇ ਇੱਛਾ ਪੂਰੀ ਕਰ ਦਿੱਤੀ। ਇੰਨੇ ਵਿੱਚ ਹੀ ਮੈਂ ਗੰਗਾ ਵਿਚ ਡਿਗ ਪਈ। ਬਥੇਰੇ ਹੱਥ ਪੈਰ ਮਾਰੇ, ਪਰ ਨਿਕਲ ਨਾ ਸਕੀ। ਪ੍ਰਵਾਹ ਵਿੱਚ ਵਹਿਣ ਲੱਗੀ। ਮੌਤ ਸਾਮ੍ਹਣੇ ਆ ਕੇ ਖੜੀ ਹੋ ਗਈ। ਥੋੜੀ ਦੇਰ ਹੱਥ-ਪੈਰ ਮਾਰਦੀ ਰਹੀ। ਇਸ ਤੋਂ ਬਾਅਦ ਬੇਹੋਸ਼ ਹੋ ਗਈ।

ਉਨ੍ਹਾਂ ਨੇ ਮੈਨੂੰ ਹੋਸ਼ ਵਿੱਚ ਦੇਖਕੇ ਕਿਹਾ-"ਚੰਗੀ ਬਚੀ ਹੈਂ। ਹੁਣ ਇਨ੍ਹਾਂ ਦਾ ਧੰਨਵਾਦ ਕਰ। ਇਹ ਮੇਰੇ ਦੋਸਤ ਡਾਕਟਰ ਮਣੀ ਰਾਮ ਹਨ। ਅੱਜ ਕੱਲ ਕਾਸ਼ੀ ਵਿੱਚ ਇਨ੍ਹਾਂ ਦੇ ਨਾਂ ਦੀ ਪੂਜਾ ਹੁੰਦੀ ਹੈ। ਇਹ ਨਦੀ ਵਿੱਚ ਕੁਦ ਨਾ ਪੈਂਦੇ ਤਾਂ ਤੇਰਾ ਬਚਣਾ ਅਸੰਭਵ ਸੀ। ਇਨ੍ਹਾਂ ਨੇ ਤੈਨੂੰ ਵੀ ਬਚਾ ਲਿਆ ਹੈ, ਮੈਨੂੰ ਵੀ ਬਚਾ ਲਿਆ ਹੈ, ਕਾਸ਼ੀ ਦੇ ਇਕ ਕਵੀ ਨੂੰ ਵੀ ਬਚਾ ਲਿਆ ਹੈ। ਇਹ ਇਨ੍ਹਾਂ ਦਾ ਇਕ ਬਹੁਤ ਵੱਡਾ ਕੰਮ ਹੈ।"

ਮੈਂ ਹੌਲੀ ਜਿਹੀ ਉਠ ਕੇ ਬਹਿ ਗਈ। ਸਾੜ੍ਹੀ ਨੂੰ ਸਿਰ ਤੇ ਖਿਚਿਆ ਅਤੇ ਡਾਕਟਰ ਸਾਹਿਬ ਵੱਲ ਵੇਖਿਆ। ਪਰ ਅੱਖਾਂ ਨਾ ਮਿਲ ਸਕੀਆਂ। ਮੈਂ-ਪਰਮਾਤਮਾ ਆਪ ਦਾ ਭਲਾ ਕਰੇ, ਕਿਹਾ ਤੇ ਅੱਖਾਂ ਝੁਕਾ ਲਈਆਂ। ਪਰ ਮੇਰੇ ਦਿਲ ਵਿੱਚ ਹਲਚਲ ਮਚੀ ਹੋਈ ਸੀ। ਮੈਂ ਚਾਹੁੰਦੀ ਸਾਂ, ਇਹ ਉਠਕੇ ਚਲੇ ਜਾਣ। ਵਿਚਾਰ ਸੀ, ਇਸ ਨਾਲ ਮੇਰਾ ਸਬਰ ਵਾਪਸ ਆ ਜਾਵੇਗਾ।

ਪਰ ਜਦੋਂ ਉਹ ਚਲੇ ਗਏ ਤਾਂ ਪਤਾ ਲਗਿਆ, ਮੈਂ ਗਲਤੀ ਤੇ ਸਾਂ। ਬੇਚੈਨੀ ਵੱਧ ਗਈ। ਪਾਣੀ ਦੀ ਸੈਰ ਨੂੰ ਗਈ ਸਾਂ, ਅੱਗ ਖ਼ਰੀਦ ਲਿਆਈ। ਭਗਵਾਨ ਜਾਣੇ ? ਕੀ ਨਾ ਬਣੇ? ਜੀ ਘਬਰਾਉਣ ਲੱਗਾ। ਆਪਣੇ ਦਿਲ ਤੇ ਗੁੱਸਾ ਆਣ ਲੱਗਾ। ਪਰ ਦਿਲ ਕਿਥੇ ਸੁਣਦਾ ਸੀ !

## (7)
## ਮਣੀ ਰਾਮ

ਰਾਤ ਹੋਈ ਪਰ ਮੇਰੀਆਂ ਅੱਖਾਂ ਵਿਚ ਨੀਂਦਰ ਨਹੀਂ ਸੀ। ਉਸਨੂੰ ਸਵਿਤ੍ਰੀ ਦੀਆਂ ਅੱਖਾਂ ਨੇ ਚੁਰਾ ਲਿਆ ਸੀ। ਉਨ੍ਹਾਂ ਵਿਚ ਕਿਹੋ ਜਿਹੀ ਖਿੱਚ ਸੀ। ਕਿਹੋ ਜਿਹੀ ਬੇਬਸੀ ਜਿਵੇਂ ਕੋਈ ਕੈਦੀ ਲੋਹੇ ਦੇ ਜੰਗਲੇ ਦੇ ਅੰਦਰ ਤੋਂ ਦੁਨੀਆਂ ਨੂੰ ਵੇਖੇ ਅਤੇ ਆਹ ਭਰਕੇ ਜ਼ਮੀਨ' ਤੇ ਬੈਠ ਜਾਵੇ। ਉਸਦੀਆਂ ਅੱਖਾਂ ਵਾਰ ਵਾਰ ਮੇਰੇ ਵੱਲ ਉਠਦੀਆਂ ਸਨ, ਪਰ ਉਨ੍ਹਾਂ ਨੂੰ ਉਠਣ ਨਹੀਂ ਸੀ ਦੇਂਦੀ। ਜਿਵੇਂ ਮਾਂ ਆਪਣੇ ਅੰਞਾਣੇ ਬੱਚੇ ਨੂੰ ਪਰਾਏ ਖਿਡੌਣੇ ਫੜਦੇ ਵੇਖਕੇ ਗੋਦ ਵਿੱਚ ਉਠਾ ਲੈਂਦੀ ਹੈ। ਉਸ ਵੇਲੇ ਬਾਲ ਕਿਵੇਂ ਮਚਲਦਾ ਹੈ ? ਕਿੰਨਾ ਅਧੀਰ ਹੁੰਦਾ ਹੈ ? ਚਾਹੁੰਦਾ ਹੈ ਕਿ

ਮਾਂ ਛੱਡ ਦੇਵੇ, ਤਾਂ ਖਿਡੌਣਾ ਲੈ ਕੇ ਭੱਜ ਜਾਵਾਂ। ਇਹੀ ਹਾਲ ਸਵਿਤ੍ਰੀ ਦਾ ਸੀ। ਸਤਿਆਵਾਨ ਉਥੇ ਹੀ ਡਟਿਆ ਰਿਹਾ। ਜੇ ਦੋ ਮਿੰਟ ਲਈ ਵੀ ਚਲਿਆ ਜਾਂਦਾ ਤਾਂ ਮੈਂ ਉਸਨੂੰ ਜੀ ਭਰ ਕੇ ਵੇਖ ਲੈਂਦਾ। ਕਿੰਨੀ ਸੁੰਦਰ ਹੈ ? ਬਿਲਕੁਲ ਚੰਬੇਲੀ ਦਾ ਫੁੱਲ ! ਦੇਖ ਕੇ ਦਿਲ ਨਹੀਂ ਭਰਦਾ ਸੀ, ਪਰ ਵੇਖਣ ਦੀ ਹਿੰਮਤ ਵੀ ਨਹੀਂ ਸੀ।

ਦੂਜੇ ਦਿਨ ਦੁਕਾਨ ਨੂੰ ਜਾ ਰਿਹਾ ਸਾਂ, ਤਾਂ ਉਸਨੂੰ ਦਰਵਾਜ਼ੇ ਤੇ ਵੇਖਿਆ, ਉਸਨੇ ਮੇਰੇ ਵੱਲ ਪਿਆਸੀਆਂ ਅੱਖਾਂ ਨਾਲ ਵੇਖਿਆ ਅਤੇ ਮੁਸਕਰਾ ਦਿੱਤੀ। ਇਸ ਮੁਸਕਰਾਹਟ ਵਿੱਚ ਬਿਜਲੀ ਸੀ। ਮੇਰਾ ਧੀਰਜ ਸੜ ਕੇ ਸੁਆਹ ਹੋ ਗਿਆ। ਦੁਕਾਨ ਤੇ ਜੀ ਨਾ ਲਗਿਆ। ਸਾਰਾ ਦਿਨ ਸ਼ਾਮ ਦੀ ਉਡੀਕ ਕਰਦਾ ਰਿਹਾ। ਪਲ-ਪਲ ਗਿਣ ਕੇ ਦਿਨ ਲੰਘਾਇਆ, ਤਾਂ ਮੈਂ ਘਰ ਵੱਲ ਤੁਰਿਆ।

ਇਸ ਵੇਲੇ ਮੈਂ ਬਹੁਤ ਖੁਸ਼ ਸਾਂ। ਸਤਿਆਵਾਨ ਦੇ ਮਕਾਨ ਪਾਸ ਪਹੁੰਚਿਆ, ਤਾਂ ਪੈਰ ਆਪਣੇ ਆਪ ਰੁਕ ਗਏ। ਅੱਖਾਂ ਦਰਵਾਜ਼ੇ ਤੇ ਜੰਮ ਗਈਆਂ। ਉਹ ਇਕ ਦਮ ਅੰਦਰੋਂ ਨਿਕਲੀ ਤੇ ਦਰਵਾਜ਼ੇ ਦੇ ਨਾਲ ਲੱਗਕੇ ਖਲੋ ਗਈ। ਉਸਨੇ ਮੂੰਹੋਂ ਕੁੱਝ ਨਾ ਕਿਹਾ, ਪਰ ਅੱਖਾਂ ਨੇ ਦਿਲ ਦੇ ਦਰਵਾਜ਼ੇ ਖੋਲ੍ਹ ਦਿੱਤੇ। ਇਨ੍ਹਾਂ ਅੱਖਾਂ ਵਿੱਚ ਕਿਹੋ ਜਿਹਾ ਪ੍ਰੇਮ ਸੀ ! ਕਿੰਨਾ ਵਿਅੰਗ ! ਅਤੇ ਇਸ ਦੇ ਨਾਲ ਹੀ ਇਸਤਰੀਆਂ ਦੀ ਸੁਭਾਵਕ ਲਜਿਆ ! ਚਟਨੀ ਵਿੱਚ ਖਟਾਈ ਦੇ ਨਾਲ ਖੰਡ ਮਿਲੀ ਹੋਈ ਸੀ।

ਮੈਂ ਮਤਵਾਲਾ ਜਿਹਾ ਹੋ ਗਿਆ ਅਤੇ ਝੂਮਦਾ ਘਰ ਪਹੁੰਚਿਆ। ਅੱਜ ਮੈਂ ਦੁਸ਼ਮਨ ਦਾ ਕਿਲ੍ਹਾ ਜਿਤ ਲਿਆ ਸੀ। ਅੱਜ ਮੇਰੇ ਭਾਗ ਜਾਗ ਪਏ ਸਨ। ਅੱਜ ਮੇਰੀ ਦੁਨੀਆਂ 'ਚ ਪ੍ਰੇਮ ਨੇ ਅੱਖ ਖੋਲ੍ਹੀ ਸੀ। ਅਜ ਮੇਰਾ ਜੀਵਨ ਲਹਿਲਹਾ ਰਿਹਾ ਸੀ।

ਕਈ ਦਿਨ ਬੀਤ ਗਏ। ਮੇਰਾ ਪ੍ਰੇਮ ਵਧਦਾ ਗਿਆ। ਪਰ ਹੁਣ ਉਹਨੂੰ ਵੇਖਕੇ ਹੀ ਦਿਲ ਨਹੀਂ ਸੀ ਭਰਦਾ ਸੀ। ਤ੍ਰੇਲ ਦੀਆਂ ਬੂੰਦਾਂ ਨਾਲ ਕਿਸੇ ਦੀ ਪਿਆਸ ਕਦ ਬੁਝੀ ਹੈ ? ਤ੍ਰਿਸ਼ਨਾਂ ਆਪਣੇ ਪੈਰ ਅਗੇ ਵਧਾ ਰਹੀ ਸੀ। ਅੰਤਰ-ਆਤਮਾ ਸਾਵਧਾਨ ਕਰਦਾ ਸੀ ਅਤੇ ਖ਼ਤਰੇ ਦੀ ਲਾਲ ਝੰਡੀ ਵਿਖਾਉਂਦਾ ਸੀ। ਪਰ ਵਾਸ਼ਨਾ ਉਸ ਡਰਾਈਵਰ ਵਾਂਗ ਪਰਵਾਹ ਨਹੀਂ ਸੀ ਕਰਦੀ, ਜਿਸਨੇ ਸ਼ਰਾਬ ਪੀਤੀ ਹੋਵੇ। ਇਹ ਸ਼ਰਾਬ ਆਮ ਸ਼ਰਾਬ ਨਹੀਂ ਸੀ। ਇਹ ਸ਼ਰਾਬ ਉਹ ਸੀ, ਜਿਹੜੀ ਧਰਮ-ਕਰਮ ਸਭ ਨੂੰ ਫੂਕ ਸੁਟਦੀ ਹੈ, ਅਤੇ ਆਦਮੀ ਨੂੰ ਮਲੋਮਲੀ ਖ਼ਤਰੇ ਦੇ ਮੂੰਹ ਵਿੱਚ ਧੱਕ ਦਿੰਦੀ ਹੈ। ਇਹ ਕਾਮ ਦੀ ਸ਼ਰਾਬ ਸੀ। ਇਹ ਲਾਲਸਾ ਦੀ ਸ਼ਰਾਬ ਸੀ। ਇਹੀ ਤਬਾਹੀ ਤੇ ਬਰਬਾਦੀ ਦੀ ਸ਼ਰਾਬ ਸੀ। ਪਰ ਮੈਂ ਇਸਨੂੰ ਸਮਝਦਾ ਨਹੀਂ ਸਾਂ, ਜਾਂ ਸਮਝਣਾ ਨਹੀਂ ਸਾਂ ਚਾਹੁੰਦਾ।

ਇਕ ਦਿਨ ਬਹੁਤ ਰਾਤ ਗਈ ਘਰ ਪਰਤਿਆ। ਚਿਤ ਬਹੁਤ ਦੁਖੀ ਹੋ ਗਿਆ ਸੀ, ਪਰ ਸਵਿਤ੍ਰੀ ਅਜੇ ਤਕ ਦਰਵਾਜ਼ੇ ਤੇ ਖੜੀ ਸੀ। ਮੈਂ ਖੁਸ਼ ਹੋ ਗਿਆ। ਸਾਰਾ ਗੁੱਸਾਂ ਤੇ ਦੁੱਖ ਦੂਰ ਹੋ ਗਿਆ। ਸਵਿਤ੍ਰੀ ਨੇ ਕਿਹਾ—"ਅੱਜ ਆਪ ਨੂੰ ਬੜੀ ਦੇਰ ਹੋ ਗਈ ?"

ਪਰ ਉਸਦੀ ਆਵਾਜ਼ ਥਰਥਰਾ ਰਹੀ ਸੀ। ਮੇਰਾ ਕਲੇਜਾ ਵੀ ਧੜਕਣ ਲੱਗਾ। ਸਰੀਰ ਪਸੀਨੋ-ਪਸੀਨਾ ਹੋ ਗਿਆ। ਵਿਦਿਆਰਥੀ ਜੀਵਨ ਵਿੱਚ ਅਸਾਂ ਸੈਂਕੜੇ ਮੁਰਦੇ ਚੀਰ-ਫਾੜ ਕੀਤੇ ਸਨ। ਉਸ ਵੇਲੇ ਵੀ ਅਜਿਹੀ ਹਾਲਤ ਕਦੇ ਨਹੀਂ ਸੀ ਹੋਈ। ਇਸ ਵੇਲੇ ਇਕ ਇਕ ਅੰਗ ਕੰਬਣ ਲੱਗਾ।

ਮੈਂ ਬੜੀ ਮੁਸ਼ਕਲ ਨਾਲ ਸੰਭਲ ਕੇ ਜਵਾਬ ਦਿੱਤਾ, "ਜੀ ਹਾਂ ! ਕੁੱਝ ਮਰੀਜ਼ ਵੇਖਣ ਚਲਾ ਗਿਆ ਸਾ। ਤੁਸੀਂ ਇਸ ਵੇਲੇ ਦਰਵਾਜ਼ੇ ਤੇ ਖੜੇ ਹੋ। ਕੀ ਕਿਸੇ ਦੀ ਉਡੀਕ ਹੈ ?"

"ਹਾਂ ! ਉਨ੍ਹਾਂ ਦਾ ਰਾਹ ਵੇਖ ਰਹੀ ਹਾਂ।"

"ਕੀ ਅੱਜ ਕਿਤੇ ਕੋਈ ਕਵੀ ਸੰਮੇਲਨ ਹੈ ?"

"ਕਵੀ ਸੰਮੇਲਨ ਤਾਂ ਨਹੀਂ, ਇਕ ਜਲਸੇ ਵਿੱਚ ਗਏ ਸਨ। ਉਥੇ ਉਨ੍ਹਾਂ ਨੇ ਸਿਰਫ਼ ਇਕ ਕਵਿਤਾ ਪੜ੍ਹਨੀ ਹੈ।"

"ਤਾਂ ਬਾਰਾਂ ਵਜੇ ਤੋਂ ਪਹਿਲਾਂ ਨਹੀਂ ਆਉਣਗੇ।"

ਸਵਿਤ੍ਰੀ ਨੇ ਪਿਆਸੀ ਨਜ਼ਰ ਨਾਲ ਮੇਰੇ ਵੱਲ ਵੇਖਿਆ ਅਤੇ ਇਕ ਮਿੱਠੇ ਜਿਹੇ ਕਟਾਖ ਨਾਲ ਠੰਡਾ ਸਾਹ ਭਰਿਆ ਤੇ ਕਿਹਾ'ਘਰ ਵਿੱਚ ਜੀ ਨਹੀਂ ਲਗਿਆ ਤਾਂ ਬਾਹਰ ਆ ਕੇ ਖਲੋ ਗਈ ਹਾਂ।"

"ਹਾਲੇ ਤਾਂ ਅੱਠ ਹੀ ਵਜੇ ਹਨ।"

"ਜੀ ਚਾਹੁੰਦਾ ਹੈ, ਘੜੀ ਦੀਆਂ ਸੂਹੀਆਂ ਘੁੰਮਾ ਦੇਵਾਂ, ਤਾਂ ਜੋ ਹੁਣੇ ਬਾਰਾਂ ਵਜ ਜਾਣ। ਆਪ ਕਿੰਨੇ ਚੰਗੇ ਹੋ ਕਿ ਵਕਤ ਸਿਰ ਘਰ ਆ ਜਾਂਦੇ ਹੋ ! ਆਪਦੀ ਪਤਨੀ ਆਪ ਨਾਲ ਸਦਾ ਖੁਸ਼ ਰਹੇਗੀ।"

ਮੇਰੇ ਪੈਰ ਨਹੀਂ ਸਨ ਉਠਦੇ, ਪਰ ਕੋਈ ਵੇਖ ਨਾ ਲਵੇ, ਇਸ ਕਰਕੇ ਪੈਰ ਉਠਾਣੇ ਪਏ। ਸਾਨੂੰ ਧਰਮ ਦਾ ਡਰ ਹੋਵੇ ਜਾਂ ਨਾ ਪਰ ਨਿੰਦਿਆ ਦਾ ਡਰ ਜ਼ਰੂਰ ਹੁੰਦਾ ਹੈ ਸਵਿਤ੍ਰੀ ਨੇ ਮੇਰੇ ਵੱਲ ਇਵੇਂ ਵੇਖਿਆ, ਜਿਵੇਂ ਕਹਿ ਰਹੀ ਸੀ -'ਕੀ ਤੁਸੀਂ ਅਜੇ ਤਕ ਵੀ ਨਹੀਂ ਸਮਝੇ, ਮੇਰਾ ਕੀ ਮਤਲਬ ਹੈ ? ਜ਼ਰਾ ਸੋਚੋ ਤਾਂ।"

ਮੈਂ ਅੱਗੇ ਵਧਿਆ, ਪਰ ਦਿਲ ਪਿਛੇ ਛੱਡੀ ਜਾ ਰਿਹਾ ਸਾਂ। ਉਹ ਮੇਰੇ ਵਸ ਵਿੱਚ ਨਹੀਂ ਸੀ। ਘਰ ਜਾ ਕੇ ਚਿਤ ਉਦਾਸ ਹੋ ਗਿਆ। ਸਵਿਤ੍ਰੀ ਦੀ ਮੂਰਤ ਅੱਖਾਂ ਅਗੇ ਫਿਰਨ ਲੱਗੀ, ਉਸਦੀ ਮਿੱਠੀ ਆਵਾਜ਼ ਕੰਨਾਂ ਵਿੱਚ ਗੂੰਜਣ ਲੱਗੀ। ਮੈਂ ਉਸਨੂੰ ਭੁੱਲ ਜਾਣਾ ਚਾਹੁੰਦਾ ਸਾਂ। ਮੈਨੂੰ ਡਰ ਸੀ ਕਿ ਪ੍ਰੇਮ ਪੁਰੀ ਵਿੱਚ ਪੈਰ ਰਖਕੇ ਮੈਂ ਬਦਨਾਮ ਹੋ ਜਾਵਾਂਗਾ ਮੇਰੇ ਉਤੇ ਉਂਗਲਾਂ ਉੱਠਣ ਲੱਗ ਪੈਣਗੀਆਂ। ਲੋਕ ਮੈਨੂੰ ਨੇਕ ਸਮਝਦੇ ਹਨ, ਇਹ ਕਰਤੂਤ ਮੇਰਾ ਸਤਿਆਨਾਸ ਕਰ ਦੇਵੇਗੀ। ਲੋਕ ਚੌਂਕ ਉਠਣਗੇ। ਕਹਿਣਗੇ— ਕਿੰਨਾਂ ਸ਼ਰੀਫ਼ ਬਣਿਆ ਫਿਰਦਾ ਸੀ। ਪਰ ਪੂਰਾ ਗੁਰੂ ਘੰਟਾਲ ਨਿਕਲਿਆ। ਪ੍ਰੈਕਟਿਸ ਵੀ ਘਟ ਜਾਵੇਗੀ ਸਵਿਤ੍ਰੀ ਵਿਆਹੀ ਹੋਈ ਇਸਤਰੀ ਹੈ। ਉਸ ਵਲ ਮੇਰਾ ਹੱਥ ਵਧਾਉਣਾ ਉਚਿਤ ਨਹੀਂ ਪਰ ਇਹ ਸਾਰੀਆਂ ਦਲੀਲਾਂ, ਇਹ ਸਾਰੇ ਵਿਚਾਰ ਪਾਣੀ ਦੇ ਬੁਲਬਲੇ ਹਨ। ਇਹ ਬੁਲਬਲੇ ਜਿੰਨੀ ਛੇਤੀ ਬਣਦੇ ਹਨ ਉਨੀ ਛੇਤੀ ਟੁੱਟ ਵੀ ਜਾਂਦੇ ਹਨ। ਹਵਾ ਦਾ ਧੱਫਾ ਉਨ੍ਹਾਂ ਦਾ ਨਿਸ਼ਾਨ ਮਿਟਾ ਦੇਂਦਾ ਹੈ। ਆਦਮੀ ਕਿੰਨਾਂ ਕਮਜ਼ੋਰ, ਕਿੰਨਾ ਬੇਬਸ, ਕਿੰਨਾ ਨਿਤਾਣਾ ਹੈ!

ਦੂਜੇ ਦਿਨ ਮੈਂ ਸਤਿਆਵਾਨ ਦੇ ਘਰ ਜਾ ਪਹੁੰਚਿਆ। ਪਰ ਪੈਰ ਲੜਖੜਾ ਰਹੇ ਸਨ। ਅੱਜ ਚੋਰ ਪਹਿਲੀ ਵਾਰ ਚੋਰੀ ਕਰਨ ਜਾ ਰਿਹਾ ਸੀ। ਉਸ ਵੇਲੇ ਮੇਰਾ ਦਿਲ ਜ਼ੋਰ ਜ਼ੋਰ ਨਾਲ ਧੜਕ ਰਿਹਾ ਸੀ। ਮਤਾ ਕੋਈ ਭਾਂਪ ਲਵੇ, ਮਤਾਂ ਚਿਹਰੇ ਦਾ ਰੰਗ, ਰਾਜ ਖੋਲ੍ਹ ਦੇਵੇ। ਕਦੇ ਕਦੇ ਭਲਮਾਣਸੀ ਦਾ ਵੀ ਖਿਆਲ ਆ ਜਾਂਦਾ ਸੀ, ਪੈਰ ਅਗੇ ਰਖਦਾ ਸਾਂ, ਦਿਲ ਪਿਛੇ ਹਟ ਜਾਂਦਾ ਸੀ। ਇਕ ਵਾਰ ਹੀ ਮੈਂ ਛਾਲ ਮਾਰੀ ਤੇ ਅੰਦਰ ਚਲਾ ਗਿਆ। ਇਸ ਵੇਲੇ ਮੇਰੇ ਹੋਠ ਫਰਕ ਕਰ ਰਹੇ ਸਨ, ਅਤੇ ਦਿਲ ਧਕ ਧਕ ਕਰ ਰਿਹਾ ਸੀ।

ਸਤਿਆਵਾਨ ਘਰ ਹੀ ਸੀ। ਉਸਨੇ ਮੈਨੂੰ ਵੇਖਿਆ ਤਾਂ ਬੜੇ ਪ੍ਰੇਮ ਨਾਲ ਮਿਲਿਆ। ਦੇਰ ਤਕ ਗੱਲਾਂ ਹੁੰਦੀਆਂ ਰਹੀਆਂ। ਸਵਿਤ੍ਰੀ ਵੀ ਕੋਲ ਬੈਠੀ ਸੀ। ਮੇਰੀਆਂ ਅੱਖਾਂ ਬਰਾਬਰ ਉਸਦੇ ਮੂੰਹ ਵੱਲ ਲੱਗੀਆਂ ਰਹੀਆਂ। ਪਹਿਲਾਂ ਚੋਰ ਸਾਂ, ਹੁਣ ਡਾਕੂ ਬਣ ਗਿਆ। ਸਵਿਤ੍ਰੀ ਦੀ ਝਿਜਕ ਵੀ ਦੂਰ ਹੋ ਗਈ। ਅੱਜ ਉਹ ਗੱਲ ਗੱਲ ਤੇ ਹਸਦੀ ਸੀ।

ਹੁਣ ਉਸਨੂੰ ਮੇਰੇ ਵੱਲ ਵੇਖਣ ਵਿੱਚ ਸੰਗ ਨਹੀਂ ਸੀ। ਲੱਜਿਆ ਦੀ ਥਾਂ ਚੰਚਲਤਾ - ਆ ਗਈ ਸੀ। ਇਥੋਂ ਚਲਿਆ ਤਾਂ ਦਿਲ ਵਿੱਚ ਅਜੀਬ ਤਰ੍ਹਾਂ ਦੀ ਖੁਸ਼ੀ ਮਚਲ ਰਹੀ ਸੀ। ਅੱਜ ਮੈਂ ਜ਼ਮੀਨ ਤੇ ਨਹੀਂ ਸਾਂ। ਅੱਜ ਮੈਂ ਆਕਾਸ਼ ਤੇ ਸਾਂ। ਅੱਜ ਮੈਂ ਸੁਰਗ ਵਿਚ ਸਾਂ, ਅੱਜ ਮੈਂ ਕਿਸੇ ਹੋਰ ਦੁਨੀਆਂ ਵਿੱਚ ਸਾਂ।

ਇਸ ਤੋਂ ਪਿਛੋਂ ਰਾਹ ਖੁਲ੍ਹ ਗਿਆ। ਦਿਨ ਵਿੱਚ ਕਈ ਕਈ ਵਾਰ ਸਵਿਤ੍ਰੀ ਦੇ ਦਰਸ਼ਨ ਹੋਣ ਲੱਗੇ। ਰਾਤ ਨੂੰ ਦੋ ਦੋ ਘੰਟੇ ਉਸਦੇ ਪਾਸ ਬੈਠਿਆ ਰਹਿੰਦਾ। ਮੇਰਾ ਤੇ ਸਵਿਤ੍ਰੀ ਦਾ ਮਨ ਅੱਖਾਂ ਅੱਖਾਂ ਵਿੱਚ ਹੀ ਮਿਲ ਗਿਆ। ਪਰ ਸਤਿਆਵਾਨ ਨੂੰ ਕੁੱਝ ਪਤਾ ਨਹੀਂ ਸੀ।

ਕਲਪਨਾ ਸਾਗਰ ਵਿਚੋਂ ਵਿਚਾਰਾਂ ਦੇ ਮੋਤੀ ਕੱਢਣ ਵਾਲਾ ਕਵੀ, ਬਹੁਤ ਦੂਰ ਤਕ ਦ੍ਰਿਸ਼ਟੀ ਦੌੜਾਉਣ ਵਾਲਾ ਵਿਦਵਾਨ ਆਪਣੇ ਸਾਹਮਣੇ ਦੀ ਗੱਲ ਨੂੰ ਨਹੀਂ ਸੀ ਸਮਝਦਾ। ਉਸ ਦੀ ਕਵਿਤਾ ਦੂਜੇ ਨੂੰ ਜਗਾਂਦੀ ਸੀ। ਪਰ ਉਹ ਆਪ ਸੁੱਤਾ ਹੋਇਆ ਸੀ, ਅਣਜਾਣ ਮੁਸਾਫ਼ਰ ਵਾਂਗ ਜੋ ਕਿਸ਼ਤੀ ਵਿੱਚ ਬੈਠਾ ਦੂਰ ਦੇ ਹਰੇ-ਭਰੇ ਖੇਤਾਂ ਅਤੇ ਉੱਚੀਆਂ ਉੱਚੀਆਂ ਪਹਾੜੀਆਂ ਨੂੰ ਵੇਖਕੇ ਝੂਮਦਾ ਹੈ, ਪਰ ਨਹੀਂ ਜਾਣਦਾ ਕਿ ਉਸਦੀ ਆਪਣੀ ਕਿਸ਼ਤੀ ਖ਼ਤਰਨਾਕ ਚਟਾਨ ਦੇ ਕੋਲ ਪਹੁੰਚ ਰਹੀ ਹੈ। ਸਤਿਆਵਾਨ ਦੀ ਕਿਸ਼ਤੀ ਵੀ ਹੌਲੀ ਹੌਲੀ ਤਬਾਹੀ ਵੱਲ ਵੱਧ ਰਹੀ ਸੀ।

ਪਰ ਉਸਨੂੰ ਇਸਦਾ ਪਤਾ ਨਹੀਂ ਸੀ। ਉਹ ਸਮਝਦਾ ਸੀ ਪਾਣੀ ਦੀ ਸੈਰ ਕਰ ਰਿਹਾ ਹਾਂ। ਪਰ ਇਹ ਪਾਣੀ ਦੀ ਸੈਰ ਨਹੀਂ ਸੀ, ਅੱਗ ਦੀ ਸੈਰ ਸੀ।

## (8)
## ਸਵਿਤ੍ਰੀ

ਕਿੰਨਾ ਫਰਕ ਸੀ। ਮਣੀਰਾਮ ਦੀਆਂ ਅੱਖਾਂ ਦਿਲ ਵਿੱਚ ਅੱਗ ਲਾ ਦੇਂਦੀਆ ਸਨ। ਕੋਲ ਆਉਂਦਾ ਸੀ, ਤਾਂ ਮੈਂ ਉਸ ਵੱਲ ਖਿੱਚੀ ਜਾਂਦੀ ਸਾਂ। ਕਿੰਨਾ ਭੋਲਾ ਭਾਲਾ ਲੱਗਦਾ ਸੀ। ਦੁਨੀਆਂ ਸਮਝਦੀ ਹੈ ਇਸ ਮੂੰਹ ਵਿੱਚ ਜੀਭ ਵੀ ਨਹੀਂ ਹੋਵੇਗੀ। ਪਰ ਮੇਰੇ ਕੋਲ ਆ ਕੇ ਦਿਲ ਖੋਲ੍ਹ ਕੇ ਚਹਿਕਦਾ ਹੈ। ਉਸਤੋਂ ਬਿਨਾਂ ਹੁਣ ਜੀ ਨਹੀਂ ਲੱਗਦਾ ਸੀ। ਮਕਾਨ ਖਾਣ ਨੂੰ ਪੈਂਦਾ ਸੀ। ਦਿਲ ਚਾਹੁੰਦਾ ਸੀ, ਉਹ ਸਾਰਾ ਸਾਰਾ ਦਿਨ ਮੇਰੇ ਕੋਲ ਬੈਠਿਆ ਰਹੇ। ਅਤੇ ਚਾਹੁੰਦੀ ਸਾਂ, ਸਾਰਾ ਸਾਰਾ ਦਿਨ ਮੈਂ ਉਸ ਵੱਲ ਵੇਖਦੀ ਰਹਾਂ। ਉਸਨੇ ਮੇਰੇ ਤੇ ਜਾਦੂ ਕਰ ਦਿੱਤਾ ਸੀ। ਆਪਣਾ ਪਰਾਇਆ ਹੋ ਗਿਆ, ਪਰਾਇਆ ਆਪਣਾ ਹੋ ਗਿਆ।

ਕਿਸੇ ਨੇ ਮੂੰਹ ਤੇ ਨਾ ਕਿਹਾ, ਪਰ ਅੱਖਾਂ ਤੋਂ ਪਤਾ ਲੱਗ ਗਿਆ ਕਿ ਮੁਹੱਲੇ ਦੀਆਂ ਜਨਾਨੀਆਂ ਸਭ ਸਮਝ ਗਈਆਂ ਹਨ। ਮੇਰੇ ਵੱਲ ਵੇਖਦੀਆਂ ਤਾਂ ਹੱਸਣ ਲੱਗ ਪੈਂਦੀਆਂ। ਇੰਨਾਂ ਹੀ ਨਹੀਂ; ਹੁਣ ਉਹ ਵੀ ਆਪਣੇ ਵਿਚਾਰਾਂ ਤੋਂ ਜਾਗ ਪਏ ਸਨ। ਕਵੀ ਸਨ, ਕੋਈ ਮੂਰਖ ਤਾਂ ਨਹੀਂ ਉਹ ਬੇਪਰਵਾਹ ਸਨ ਪਰ ਬੇ-ਸਮਝ ਤਾਂ ਨਹੀਂ ਸਨ। ਹੁਣ ਹੱਥ ਮਲ ਮਲ ਕੇ ਪਛਤਾਉਣ ਲੱਗੇ ਦੁਨੀਆਂ ਜਿਤਦੇ ਸਨ, ਘਰ ਗੁਆ ਬੈਠੇ। ਹੁਣ ਸਦਾ ਉਦਾਸ ਰਹਿੰਦੇ ਸਨ। ਰਾਤ ਨੂੰ ਸੌਂ ਨਹੀਂ ਸਨ ਸਕਦੇ। ਮੈਂ ਗੱਲ ਕਰਦੀ ਤਾਂ ਖਾਣ ਨੂੰ ਪੈਂਦੇ। ਅੱਖਾਂ ਵਿੱਚ ਲਹੂ ਉਤਰ ਆਉਂਦਾ। ਨਾ

ਖਾਣ ਵੱਲ ਧਿਆਨ ਸੀ, ਨਾ ਪੀਣ ਵੱਲ। ਕਈ ਕਈ ਦਿਨ ਨਹਾਂਦੇ ਨਹੀਂ ਸਨ। ਹੁਣ ਮੈਨੂੰ ਵੀ ਉਨ੍ਹਾਂ ਦੇ ਕੱਪੜੇ ਬਦਲਾਉਣ ਦਾ ਸ਼ੌਂਕ ਨਹੀਂ ਸੀ। ਕਦੇ ਇੰਨ੍ਹਾ ਗੱਲਾਂ ਵਿੱਚ ਆਨੰਦ ਆਉਂਦਾ ਸੀ ਹੁਣ ਇੰਨ੍ਹਾਂ ਤੋਂ ਜੀ ਘਬਰਾਉਂਦਾ ਸੀ। ਮੈਂ ਇਸ ਘਰ ਵਿਚ ਸਾਂ, ਪਰ ਮੇਰਾ ਮਨ ਇਸ ਘਰ ਵਿੱਚ ਨਹੀਂ ਸੀ ਉਹ ਜਾਣੇ ਕਿਥੇ ਕਿਥੇ ਉਡਦਾ ਫਿਰਦਾ ਸੀ।

ਕੁਝ ਦਿਨਾਂ ਪਿਛੋਂ ਪਰਿਆਗ ਦੇ ਪ੍ਰਸਿੱਧ ਮਾਸਕ ਪੱਤਰ ਸਰਸਵਤੀ ਵਿੱਚ ਉਨ੍ਹਾਂ ਦੀ ਇਕ ਕਵਿਤਾ ਛਪੀ। ਜਿਸਦਾ ਸਿਰਲੇਖ ਸੀ—
ਭਾਇਓ ਕਿਉਂ ਅਨਚਾਹਤ ਸੌਂ ਸੰਗ !

ਕਵਿਤਾ ਕੀ ਸੀ, ਉਨ੍ਹਾਂ ਦੇ ਆਪਣੇ ਦਿਲ ਦੀ ਤਸਵੀਰ ਸੀ। ਮੇਰੀਆਂ ਅੱਖਾਂ ਵਿਚੋਂ ਅੱਗ ਵਰੁਨ ਲੱਗੀ। ਸ਼ੇਰਨੀ ਵਾਂਗ ਬਿਫ਼ਰੀ ਹੋਈ ਉਨ੍ਹਾਂ ਦੇ ਸਾਮ੍ਹਣੇ ਗਈ ਅਤੇ ਗੁੱਸੇ ਵਿੱਚ ਬੋਲੀ-'ਇਹ ਕੀ ਕਵਿਤਾ ਲਿਖਣ ਲੱਗੇ ਹੋ ਹੁਣ !"

ਉਨ੍ਹਾਂ ਨੇ ਮੇਰੇ ਵੱਲ ਅਜਿਹੀਆਂ ਅੱਖਾਂ ਨਾਲ ਵੇਖਿਆ ਜੋ ਪੱਥਰ ਨੂੰ ਵੀ ਮੋਮ ਕਰ ਦੇਣ ਉਹ ਸ਼ੌਕ ਤੇ ਨਿਰਾਸਾ ਦਾ ਪੂਰਾ ਨਮੂਨਾ ਸਨ। ਹੌਲੀ ਜਿਹੀ ਬੋਲੇ- ਕੀ ਗੱਲ ਹੈ ?"

"ਇਹ ਕਵਿਤਾ ਪੜ੍ਹਕੇ ਲੋਕ ਕੀ ਕਹਿਣਗੇ!"

"ਕਵੀ ਜੋ ਕੁੱਝ ਵੇਖਦਾ ਹੈ, ਲਿਖ ਦੇਂਦਾ ਹੈ। ਇਸ ਵਿੱਚ ਕੀ ਦੋਸ਼ ਹੈ ! ਮੈਂ ਜੋ ਕੁੱਝ ਵੇਖਿਆ ਹੈ, ਉਹ ਲਿਖਿਆ ਹੈ।"

ਮੈਂ ਜ਼ਰਾ ਪਿਛੇ ਹਟਕੇ ਬੋਲੀ- "ਤੁਸਾਂ ਕੀ ਵੇਖਿਆ ਹੈ!"

ਉਨ੍ਹਾਂ ਨੇ ਮੇਰ ਵੱਲ ਵੇਖਿਆ, ਕੁੱਝ ਸੋਚਿਆ, ਅਤੇ ਦਿਲ ਦੀ ਆਸ ਦਿਲ ਵਿੱਚ ਦਬਾ ਕੇ ਬੋਲੇ—ਸਵਿਤ੍ਰੀ ਮੇਰਾ ਮੂੰਹ ਨਾ ਖੁਲ੍ਹਵਾ। ਆਪਣੇ ਅੰਦਰ ਆਪ ਹੀ ਝਾਤੀ ਮਾਰ ਕੇ ਵੇਖ। ਮੈਥੋਂ ਕੁਝ ਵੀ ਲੁਕਿਆ ਨਹੀਂ।"

ਮੈਂ ਗੁੱਸੇ ਨਾਲ ਕਿਹਾ- "ਗਾਲਾਂ ਕਿਉਂ ਕੱਢਦੇ ਹੋ ?"

"ਗਾਲਾਂ ਇਸ ਤੋਂ ਲੱਖ ਗੁਣਾਂ ਚੰਗੀਆਂ ਹੁੰਦੀਆਂ।"

"ਤਾਂ ਤੁਹਾਨੂੰ ਮੇਰੇ ਤੇ ਸ਼ੱਕ ਹੈ!"

"ਸ਼ੱਕ ਹੁੰਦਾ, ਤਾਂ ਰੋਣਾ ਕਾਹਦਾ ਸੀ ! ਹੁਣ ਤਾਂ ਵਿਸ਼ਵਾਸ ਹੋ ਚੁੱਕਾ ਹੈ ਕੰਨ ਧੋਖਾ ਖਾ ਸਕਦੇ ਹਨ, ਪਰ ਅੱਖਾਂ ਧੋਖਾ ਨਹੀਂ ਖਾ ਸਕਦੀਆਂ। ਮੈਂ ਸਭ ਕੁੱਝ ਅੱਖਾਂ ਨਾਲ ਵੇਖ ਲਿਆ ਹੈ। ਮੈਨੂੰ ਪਤਾ ਨਹੀਂ ਸੀ ਕਿ ਮੇਰਾ ਘਰ ਇਸ ਤਰ੍ਹਾਂ ਬਰਬਾਦ ਹੋ ਜਾਵੇਗਾ, ਅਤੇ ਮੈਂ ਵੇਖਦਾ ਰਹਿ

ਜਾਵਾਂਗਾ। ਮੈਂ ਵੇਖਿਆ, ਪਰ ਉਸ ਵਕਤ ਜਦੋਂ ਵੇਖਣ ਨੂੰ ਬਾਕੀ ਕੁਝ ਨਹੀਂ ਸੀ ਰਿਹਾ। ਚੋਰਾਂ ਨੇ ਸਭ ਕੁਝ ਚੁਰਾ ਲਿਆ। ਸ਼ਾਹੂਕਾਰ ਦਾ ਸਭ ਕੁਝ ਲੁਟਿਆ ਗਿਆ ਸੀ।

ਮੇਰੇ ਤੋਂ ਘੜਿਆਂ ਮੂਹੀ ਪਾਣੀ ਪੈ ਗਿਆ ਸੀ। ਪਰ ਜਿਥੇ ਦੁਰਾਚਾਰ ਨੇ ਜਾਣਾ ਹੁੰਦਾ ਹੈ ਉਥੇ ਕੁਦਰਤ, ਬੇਸ਼ਰਮੀ ਨੂੰ ਪਹਿਲਾਂ ਭੇਜ ਦਿੰਦੀ ਹੈ। ਢੀਠਤਾ ਨਾਲ ਬੋਲੀ-"ਤੁਸੀਂ ਕਵਿਤਾ ਲਿਖੋ। ਤੁਹਾਨੂੰ ਕਿਸੇ ਨਾਲ ਕੀ ?"

"ਮੇਰੇ ਵਲ ਤਾਂ ਵੇਖਦੇ ਨਹੀਂ ਸਾਉ। ਉਸ ਵੇਲੇ ਅਕਲ ਕਿਥੇ ਗਈ ਸੀ ! ਹੁਣ ਅੱਖਾਂ ਖੁਲ੍ਹੀਆਂ ਹਨ।"

"ਮੈਂ ਤੈਨੂੰ ਪਛਾਣਿਆ ਨਹੀਂ ਸੀ। ਨਹੀਂ ਤਾਂ ਅੱਜ ਹੱਥ ਨਾ ਮਲਦਾ। ਨਾ ਇਸ ਤਰ੍ਹਾਂ ਰੋਣਾ ਪੈਂਦਾ।"

"ਪਰ ਲੋਕ ਤਾਂ ਤੁਹਾਡੀ ਵਾਹ ਵਾਹ ਕਰ ਰਹੇ ਹਨ। ਜਿਸ ਰਸਾਲੇ ਵਿਚ ਦੇਖੋ ਤੁਹਾਡੀ ਚਰਚਾ ਹੈ, ਪੜ੍ਹ ਕੇ ਖੁਸ਼ ਹੋ ਜਾਂਦੇ ਹੋਵੋਗੇ। ਦਿਲ ਦਾ ਕੰਵਲ ਖਿੜ ਉਠਦਾ ਹੋਵੇਗਾ।"

ਇਹ ਸੁਣ ਕੇ ਉਹ ਖੜ੍ਹੇ ਹੋ ਗਏ। ਉਸ ਵੇਲੇ ਉਹਨਾਂ ਦੀਆਂ ਅੱਖਾਂ ਵਿਚ ਪਾਗ਼ਲਾਂ ਵਰਗੀ ਲਾਲੀ ਚਮਕ ਰਹੀ ਸੀ। ਚਿੱਲਾ ਕੇ ਬੋਲੇ"ਆਪਣੀ ਮੌਤ ਨੂੰ ਨਾ ਬੁਲਾ। ਮੈਂ ਇਸ ਵੇਲੇ ਪਾਗਲ ਹੋ ਰਿਹਾ ਹਾਂ।"

"ਤਾਂ ਕੀ ਮਾਰ ਸੁਟੋਗੇ ? ਬਹੁਤ ਅੱਛਾ ! ਇਹ ਵੀ ਕਰ ਵੇਖੋ ਆਪਣੇ ਜੀ ਦੀ ਇੱਛਾ ਪੂਰੀ ਕਰ ਲਵੋ।"

ਉਨ੍ਹਾਂ ਨੇ ਇਕ ਵਾਰ ਮੇਰੇ ਵਲ ਵੇਖਿਆ, ਜਿਵੇਂ ਸ਼ੇਰ ਆਪਣੇ ਸ਼ਿਕਾਰ ਨੂੰ ਮਾਰਨ ਤੋਂ ਪਹਿਲਾਂ ਵੇਖਦਾ ਹੈ। ਅਤੇ ਫਿਰ ਝਪਟ ਕੇ ਅਲਮਾਰੀ ਵਲ ਵਧੇ।

ਮੇਰਾ ਕਲੇਜਾ ਧੜਕਣ ਲੱਗਾ, ਦੌੜ ਕੇ ਬਾਹਰ ਨਿਕਲ ਗਈ। ਮੇਰਾ ਵਿਚਾਰ ਸੀ, ਉਹ ਮੇਰੇ ਪਿਛੇ ਦੌੜਨਗੇ। ਇਸ ਲਈ ਬਾਹਰ ਗਲੀ ਵਿਚ ਜਾ ਖਲੋਤੀ। ਮੇਰਾ ਸਾਹ ਫੁਲਿਆ ਹੋਇਆ ਸੀ। ਮੈਂ ਮੌਤ ਨੂੰ ਸਾਹਮਣੇ ਵੇਖ ਚੁਕੀ ਸਾਂ। ਪਰ ਉਹ ਬਾਹਰ ਨਾ ਆਏ। ਥੋੜ੍ਹੀ ਦੇਰ ਬਾਅਦ ਗੋਲੀ ਚੱਲਣ ਦੀ ਆਵਾਜ਼ ਆਈ। ਮੈਂ ਡਰ ਗਈ। ਮੈਂ ਸਹਿਮ ਗਈ, ਮੈਂ ਸਮਝ ਗਈ। ਉਨ੍ਹਾਂ ਨੇ......

ਮੈਂ ਦੌੜਦੀ ਹੋਈ ਅੰਦਰ ਗਈ। ਵੇਖਿਆ ਉਹ ਫਰਸ਼ ਤੇ ਪਏ ਤੜਪ ਰਹੇ ਸਨ। ਮੌਤ ਦਾ ਦ੍ਰਿਸ਼ ਵੇਖਕੇ ਮੈਂ ਵੀ ਤੜਪ ਉਠੀ। ਪਰ ਮੈਨੂੰ ਬਹੁਤ ਦੁਖ ਨਾ ਹੋਇਆ। ਮੁਕੱਦਮੇ ਦੀ ਲਪੇਟ ਵਿਚ ਨਾ ਆ ਜਾਵਾਂ, ਇਹ ਚਿੰਤਾ ਜ਼ਰੂਰ ਹੋਈ। ਕੀ ਗਿਰਾਵਟ ਦੀ ਵੀ ਕੋਈ ਹੱਦ ਹੁੰਦੀ ਹੈ

(9)

ਦੋ ਮਹੀਨੇ ਬੀਤ ਗਏ। ਮੈਂ ਆਪਣੇ ਵਿਹੜੇ ਵਿਚ ਬੈਠੀ ਮਣੀ ਰਾਮ ਲਈ ਨਿਕਟਾਈ ਬੁਣ ਰਹੀ ਸਾਂ। ਮੈਂ ਲੋਕਾਚਾਰੀ ਪ੍ਰਵਾਹ ਨਾ ਕਰਦੇ ਹੋਏ ਉਸ ਨਾਲ ਵਿਆਹ ਕਰਾਉਣ ਦਾ ਫੈਸਲਾ ਕਰ ਲਿਆ ਸੀ। ਮੇਰੇ ਪਿਤਾ ਜੀ ਇਸ ਖਬਰ ਤੇ ਚੌਂਕ ਪਏ ਸਨ। ਪਰ ਮੈਂ ਉਨ੍ਹਾਂ ਦੇ ਮਰਨ ਤੇ ਜ਼ਿੰਦਾ ਹੋ ਰਹੀ ਸਾਂ। ਸਮਝਦੀ ਸਾਂ, ਜੀਵਨ ਦਾ ਆਨੰਦ ਹੁਣ ਆਵੇਗਾ।

ਅਚਾਨਕ ਨੌਕਰ ਨੇ ਆ ਕੇ ਮੇਰੇ ਸਾਹਮਣੇ ਡਾਕ ਰੱਖ ਦਿਤੀ। ਇਸ ਵਿਚ ਪੈਕਟ ਵੀ ਸੀ। ਮੈਂ ਪਹਿਲਾ ਉਸ ਨੂੰ ਖੋਲ੍ਹਿਆ। ਇਹ ਮੇਰੇ ਸੁਰਗਵਾਸੀ ਪਤੀ ਦੀਆਂ ਕਵਿਤਾਵਾਂ ਦਾ ਸੰਗ੍ਰਹਿ ਸੀ। ਮੈਂ ਇਕ ਦੋ ਕਵਿਤਾਵਾਂ ਪੜ੍ਹੀਆਂ। ਹਿਰਦੇ ਅੰਦਰ ਹਲ ਚਲ ਮਚ ਗਈ। ਕਿੰਨੇ ਉਚੇ ਵਿਚਾਰ ਸਨ ? ਕਿੰਨੇ ਪਵਿਤਰ ਭਾਗ ਸਨ ? ਸੰਸਾਰ ਦੀ ਗੰਦਗੀ ਤੋਂ ਰਹਿਤ। ਇਹਨਾਂ ਵਿਚ ਛਲ ਨਹੀਂ ਸੀ ਕਪਟ ਨਹੀਂ ਸੀ, ਝੂਠ ਅਤੇ ਝਾਲ ਨਹੀਂ ਸੀ। ਦਿਲਾਂ ਵਿਚ ਅਧਿਆਤਮਕ ਸੁਖ ਸੀ ਸ਼ਾਂਤੀ ਸੀ, ਮਾਧੁਰੀ ਸੀ। ਮੇਰੀਆਂ ਅੱਖਾਂ ਤੋਂ ਹੰਝੂ ਵਗ ਤੁਰੇ।

ਇਕਦਮ ਤੀਜੇ ਪੰਨੇ ਤੇ ਨਜ਼ਰ ਪਈ। ਇਹ ਸਮਰਪਨ ਦਾ ਪੰਨਾ ਸੀ। ਮੇਰਾ ਲਹੂ ਜਮ ਗਿਆ। ਪੁਸਤਕ ਮੇਰੇ ਨਾਂ ਸਮਰਪਿਤ ਸੀ। ਇਕ ਇਕ ਸ਼ਬਦ ਤੋਂ ਪਿਆਰ ਦੀਆਂ ਲਪਟਾਂ ਆ ਰਹੀਆਂ ਸਨ।

ਪਰ ਇਸ ਪ੍ਰੇਮ ਤੇ ਮਣੀ ਰਾਮ ਦੇ ਪ੍ਰੇਮ ਵਿਚ ਕਿੰਨਾ ਫਰਕ ਸੀ। ਇਕ ਚੰਨ ਦੀ ਚਾਨਣੀ ਵਾਂਗ ਸੀਤਲ ਸੀ, ਦੂਜਾ ਅੱਗ ਵਾਂਗ ਸੜਨ ਵਾਲਾ। ਇਕ ਸਮੁੰਦਰ ਦੀ ਤਰ੍ਹਾਂ ਗਹਿਰ ਗੰਭੀਰ ਸੀ, ਦੂਜਾ ਪਹਾੜੀ ਨਾਲੇ ਵਾਂਗ ਵੇਗਵਾਨ ਅਤੇ ਹੋਛਾ ਸੀ। ਇਕ ਸਚਾਈ ਸੀ, ਪਰ ਚੁੱਪ, ਦੂਜਾ ਝੂਠਾ ਸੀ, ਪਰ ਬੜ-ਬੋਲਾ। ਮੇਰੀਆਂ ਅੱਖਾਂ ਅੱਗੋਂ ਪਰਦਾ ਹਟ ਗਿਆ। ਸਤੀਤਵ ਦੀ ਉੱਚੀ ਸਿਖਰ ਤੋਂ ਕਿਥੇ ਡਿਗਨ ਵਾਲੀ ਸਾਂ, ਇਹ ਮੈਂ ਅੱਜ ਅਨੁਭਵ ਕੀਤਾ।

ਉਠਦੇ ਹੋਏ ਪੈਰ ਰੁਕ ਗਏ। ਡਿਗਦਾ ਹੋਇਆ ਧਰਮ ਬਚ ਗਿਆ। ਮੈਂ ਪੁਸਤਕ ਨੂੰ ਅੱਖਾਂ ਨਾਲ ਲਾ ਲਿਆ ਤੇ ਰੋਣ ਲੱਗੀ।

ਰੋਂਦੀ ਸਾਂ ਤੇ ਪੁਸਤਕ ਨੂੰ ਵੇਖਦੀ ਸਾਂ।

ਪੁਸਤਕ ਨੂੰ ਵੇਖਦੀ ਸਾਂ ਤੇ ਰੋਂਦੀ ਸਾਂ।

ਇੰਨੇ ਵਿੱਚ ਮਣੀ ਰਾਮ ਅੰਦਰ ਆ ਗਿਆ। ਉਸਦਾ ਮੂੰਹ ਆਉਣ ਵਾਲੇ ਜੀਵਨ ਦੀ ਕਲਪਨਾ ਨਾਲ ਲਹਿਲਹਾ ਰਿਹਾ ਸੀ। ਉਸਦੇ ਹੱਥ ਵਿੱਚ ਇਕ ਕੀਮਤੀ ਹਾਰ ਸੀ, ਜਿਹੜਾ ਉਸਨੇ ਮੇਰੇ ਲਈ ਬੰਬਈ ਤੋਂ ਮੰਗਵਾਇਆ ਸੀ। ਉਹ ਵਿਖਾਉਣ ਆਇਆ ਸੀ। ਮੈਨੂੰ ਰੋਂਦਿਆਂ ਵੇਖਕੇ ਠਿਠਕ ਗਿਆ ਤੇ ਬੋਲਿਆ-"ਕਿਉਂ ਰੋ ਰਹੀ ਹੈਂ ਤੂੰ ; ਗੱਲ ਕੀ ਹੈ?"

ਮੈਂ ਉਸ ਵੱਲ ਵੇਖੇ ਬਿਨਾਂ ਹੀ ਬੋਲੀ-"ਮੇਰੀਆ ਅੱਖਾਂ ਖੁਲ ਗਈਆਂ ਹਨ।" ਉਸਨੇ ਮੇਰੇ ਵੱਲ ਵੇਖਿਆ, ਮੇਰੇ ਸ਼ਬਦਾਂ ਦੇ ਅਰਥ ਸਮਝਣ ਦੀ ਕੋਸ਼ਿਸ਼ ਕੀਤੀ, ਪਰ ਕੁੱਝ ਨਾ ਸਮਝ ਸਕਿਆ। ਥੋੜੀ ਦੇਰ ਬਾਅਦ ਮੇਰੇ ਵਲ ਹਾਰ ਅਗੇ ਕਰ ਕੇ ਬੋਲਿਆ-"ਇਹ ਆਪਣਾ ਹਾਰ ਵੇਖ ਲੈ। ਕੱਲ ਵਿਆਹ ਹੈ ਨਾ ?"

"ਹੁਣ ਵਿਆਹ ਕਦੇ ਨਹੀਂ ਹੋਵੇਗਾ।"

ਉਹ ਹੈਰਾਨ ਹੋ ਕੇ ਬੋਲਿਆ-"ਸਵਿਤ੍ਰੀ ! ਪਾਗ਼ਲ ਹੋ ਗਈ ਹੈਂ ਕਿ ?

"ਪਰਮਾਤਮਾ ਮੈਨੂੰ ਪਾਗਲ ਹੀ ਬਨਾਈ ਰਖੇ। ਇਸਤਰੀ ਦਾ ਵਿਆਹ ਇਕ ਵਾਰ ਹੀ ਹੁੰਦਾ ਹੈ।"

ਮਣੀ ਰਾਮ ਅਗੇ ਵਧਿਆ। ਪਰ ਮੈਂ ਉਠ ਕੇ ਪਿਛੇ ਹਟ ਗਈ ਅਤੇ ਦਰਵਾਜ਼ੇ ਵੱਲ ਇਸ਼ਾਰਾ ਕਰਕੇ ਬੋਲੀ- "ਦਰਵਾਜ਼ਾ ਉਧਰ ਹੈ ?"

ਉਸ ਰਾਤ ਮੈਨੂੰ ਅਜਿਹੀ ਨੀਂਦ ਆਈ, ਜਿਹੜੀ ਇਸ ਤੋਂ ਪਹਿਲਾਂ ਘਟ ਹੀ ਆਈ ਸੀ। ਮੈਂ ਪਤੀ ਨੂੰ ਠੁਕਰਾ ਦਿੱਤਾ ਸੀ, ਪਰ ਉਸਦੇ ਪ੍ਰੇਮ ਨੂੰ ਨਾ ਠੁਕਰਾ ਸਕੀ। ਆਦਮੀ ਮਰ ਜਾਂਦਾ ਹੈ, ਉਸਦਾ ਪਿਆਰ ਜੀਉਂਦਾ ਰਹਿੰਦਾ ਹੈ।

ਪਿਆਰ ਕਦੇ ਨਹੀਂ ਮਰਦਾ। ਇਸਨੂੰ ਕੋਈ ਨਹੀਂ ਮਾਰ ਸਕਦਾ।

-0-

# ਕਾਲ ਚੱਕਰ

(1)

ਬਹਾਦੁਰ ਸ਼ਾਹ ਮੁਗਲ ਵੰਸ਼ ਦੇ ਬੁਝਦੇ ਹੋਏ ਦੀਪਕ ਸਨ। ਕੁੱਝ ਲੋਕਾਂ ਦਾ ਖ਼ਿਆਲ ਹੈ ਕਿ ਉਹ ਨਾਂ-ਮਾਤਰ ਦੇ ਬਾਦਸ਼ਾਹ ਸਨ, ਅਸਲ ਵਿੱਚ ਉਹ ਸੂਫੀ ਅਤੇ ਸ਼ਾਇਰ ਸਨ। ਉਨ੍ਹਾਂ ਦਾ ਅੱਧਾ ਵਕਤ ਨਮਾਜ਼ਾਂ ਵਿੱਚ ਕਟਦਾ ਸੀ, ਅੱਧਾ ਗ਼ਜ਼ਲਾਂ ਕਹਿਣ ਵਿਚ। ਕੌਮੀ ਉਲਝਣਾਂ ਨਾਲ ਉਨ੍ਹਾਂ ਨੂੰ ਰਤਾ ਜਿੰਨਾ ਵੀ ਲਗਾ ਨਹੀਂ ਸੀ। ਉਹ ਇਸ ਨੂੰ ਕੇਵਲ ਇਕ ਸ਼ੁਗਲ ਸਮਝਦੇ ਸਨ। ਉਨ੍ਹਾਂ ਦਾ ਦਰਬਾਰ ਰਾਜ-ਦਰਬਾਰ ਨਹੀਂ ਸੀ—ਕਵੀ ਦਰਬਾਰ ਸੀ। ਜਿਸ ਵਿੱਚ ਉਨ੍ਹਾਂ ਦੀਆਂ ਗ਼ਜ਼ਲਾਂ ਦੇ ਇਕ ਇਕ ਸ਼ਿਅਰ ਤੇ "ਸੁਬਹਾਨ ਅੱਲਾਹ" ਅਤੇ "ਚਜਾਕ ਅਲਾਹ" ਦੀਆਂ ਅਵਾਜ਼ਾਂ ਉਠਦੀਆਂ ਸਨ। ਇਨ੍ਹਾਂ ਦਿਲ ਬਹਿਲਾਵਿਆਂ ਤੋਂ ਜੋ ਵਕਤ ਬਚਦਾ ਸੀ, ਉਸ ਨੂੰ ਉਹ ਬਾਲਾਂ ਅਤੇ ਖ਼ਾਸ ਕਰਕੇ ਆਪਣੀ ਪੋਤੀ ਨਰਗਸ ਨਜ਼ਰ ਨਾਲ ਬਿਤਾਉਂਦੇ ਸਨ। ਇਸ ਖੇਡ ਵਿੱਚ ਉਨ੍ਹਾਂ ਨੂੰ ਸੱਚਾ ਸੁਖ ਪ੍ਰਾਪਤ ਹੁੰਦਾ ਸੀ।

ਉਹ ਅਕਸਰ ਕਿਹਾ ਕਰਦੇ ਸਨ ਕਿ ਬੱਚਿਆਂ ਦੀ ਦੁਨੀਆਂ ਵਿੱਚ ਜਾ ਕੇ ਮੇਰਾ ਮਨ ਲੋਟ-ਪੋਟ ਹੋ ਜਾਂਦਾ ਹੈ। ਉਨ੍ਹਾਂ ਦਾ ਭੋਲਾਪਨ, ਉਨ੍ਹਾਂ ਦੀ ਚੰਚਲਤਾ, ਉਨ੍ਹਾਂ ਦੀ ਸਰਲਤਾ ਵੇਖਕੇ ਉਹ ਖੁਸ਼ੀ ਨਾਲ ਪਾਗਲ ਹੋ ਉਠਦੇ ਸਨ। ਨਰਗਸ ਨਜ਼ਰ ਨੂੰ ਉਹ ਸ਼ਾਹੀ ਮਹਿਲਾਂ ਦੀ ਮੈਨਾ ਕਿਹਾ ਕਰਦੇ ਸਨ। ਉਹ ਉਨ੍ਹਾਂ ਦੇ ਪੁੱਤਰ ਦੀ ਪੁੱਤਰੀ ਇਕ ਦਾਸੀ ਦੇ ਢਿੱਡੋਂ ਸੀ, ਤਾਂ ਵੀ ਜਦ ਤਕ ਉਹ ਉਸ ਨੂੰ ਵੇਖ ਨਾ ਲੈਂਦੇ, ਉਨ੍ਹਾਂ ਨੂੰ ਚੈਨ ਨਾ ਆਉਂਦਾ। ਇਥੋਂ ਤਕ ਉਨ੍ਹਾਂ ਨੇ ਹੁਕਮ ਦਿੱਤਾ ਹੋਇਆ ਸੀ, ਕਿ ਜਦ ਤਕ ਨਰਗਸ ਨਜ਼ਰ ਨਾ ਆ ਜਾਵੇ ਤਦ ਤਕ ਖਾਣਾ ਨਾ ਪਰੋਸਿਆ ਜਾਵੇ। ਇਸ ਹੁਕਮ ਦੀ ਪਾਲਣਾ ਪੂਰੀ ਹੁੰਦੀ ਸੀ। ਇਕ ਵਾਰ ਨਰਗਸ ਨਜ਼ਰ ਦੇ ਬੀਮਾਰ ਹੋਣ ਤੇ ਬਾਦਸ਼ਾਹ ਦੋ ਰਾਤਾਂ ਤਕ ਉਸ ਦੇ ਸਿਰਹਾਣੇ ਬੈਠੇ ਰਹੇ ਸਨ। ਉਨ੍ਹਾਂ ਦਿਨਾਂ ਵਿੱਚ ਸ਼ਾਹੀ ਮਹਿਲ ਵਿੱਚ ਇਸ ਤਰ੍ਹਾਂ ਸਹਿਮ ਛਾਇਆ ਹੋਇਆ ਸੀ ਮਾਨੋ ਦੁਸ਼ਮਣ ਨੇ ਦਿੱਲੀ ਤੇ ਧਾਵਾ ਬੋਲ ਦਿੱਤਾ ਹੋਵੇ।

(2)

ਜਦੋਂ ਸੰਨ 1857 ਦਾ ਗ਼ਦਰ ਹੋਇਆ ਤਾਂ ਕੁੱਝ ਸਿਪਾਹੀਆਂ ਨੇ ਨਰਗਸ ਨਜ਼ਰ ਦੇ ਪਿਤਾ ਮਿਰਜ਼ਾ ਮੁਗ਼ਲ ਨੂੰ ਆਪਣਾ ਸੈਨਾਪਤੀ ਬਣਾ ਲਿਆ ਅਤੇ ਉਸ ਦੇ ਨਾਂ ਤੇ ਮਨਮਾਨੀ ਕਰਨ ਲੱਗੇ। ਮਿਰਜ਼ਾ ਮੁਗਲ ਇਹ ਵੇਖਦੇ ਸਨ ਅਤੇ ਕੁੜਦੇ ਸਨ। ਉਨ੍ਹਾਂ ਦੀ ਮਰਜ਼ੀ ਨਹੀਂ ਸੀ ਕਿ ਇੰਨੀ ਮਾਰ ਕੁਟਾਈ ਹੋਵੇ। ਉਹ ਇਸ ਦੇ ਖਿਲਾਫ਼ ਸਨ। ਪਰ ਸੈਨਾਪਤੀ ਹੋਣ ਤੇ ਵੀ ਕੋਈ ਉਨ੍ਹਾਂ ਦੀ ਪਰਵਾਹ ਨਹੀਂ ਸੀ ਕਰਦਾ। ਕੁੱਝ ਫੌਜ ਇਵੇਂ ਭੱਜੀ ਫਿਰਦੀ ਸੀ, ਜਿਵੇਂ ਭੁੱਖੇ ਭੇੜੀਏ ਸ਼ਿਕਾਰ ਲੱਭਦੇ ਫਿਰਦੇ ਹੋਣ। ਮਿਰਜਾ ਮੁਗਲ ਨੇ ਉਨ੍ਹਾਂ ਨੂੰ ਕਈ ਵਾਰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਸਫ਼ਲ ਨਾ ਹੋਏ। ਉਹੋ ਸੋਚਦੇ-ਇਹ ਹੋ ਕੀ ਰਿਹਾ ਹੈ ? ਇਕ ਪਾਸੇ ਤਾਂ ਮੈਨੂੰ ਸੈਨਾਪਤੀ ਕਹਿ ਰਹੇ ਹਨ, ਮੇਰੇ ਨਾਂ ਤੇ ਅੰਗਰੇਜ਼ਾਂ ਨਾਲ ਲੜ ਰਹੇ ਹਨ, ਦੂਜੇ ਪਾਸੇ ਮੇਰੇ ਕਹਿਣ ਤੋਂ ਕੰਨ ਵੀ ਨਹੀਂ ਧਰਦੇ। ਕਾਨੂੰਨ ਦੀ ਨਜ਼ਰ ਵਿੱਚ ਇਨ੍ਹਾਂ ਦੀ ਜ਼ੁੰਮੇਵਾਰੀ ਮੇਰੇ ਉੱਤੇ ਹੈ। ਭਾਵੇਂ ਸੱਚੀ ਗੱਲ ਇਹ ਹੈ ਕਿ ਮੇਰਾ ਇਸ ਵਿੱਚ ਕੋਈ ਸਬੰਧ ਨਹੀਂ। ਉਹ ਨਾ ਮੈਥੋਂ ਪੁੱਛਦੇ ਹਨ, ਨਾ ਮੇਰੀ ਰਾਏ ਲੈਂਦੇ ਹਨ। ਜੋ ਚਾਹੁੰਦੇ ਹਨ ਕਰ ਲੈਂਦੇ ਹਨ।

ਇਸ ਦਾ ਇਹ ਭਾਵ ਨਹੀਂ, ਕਿ ਵਿਦਰੋਹ ਦਾ ਇਹ ਅੰਦੋਲਨ ਖ਼ਰਾਬ ਸੀ। ਅੰਦੋਲਨ ਠੀਕ ਸੀ। ਦੇਸ਼ ਆਜ਼ਾਦ ਹੋਣ ਲਈ ਤੜਪਦਾ ਸੀ। ਪਰ ਮਿਰਜ਼ਾ ਮੁਗ਼ਲ ਨੂੰ ਦੇਸ਼ ਭਗਤੀ ਨਾਲ ਇੰਨਾ ਵਾਸਤਾ ਨਹੀਂ ਸੀ। ਉਹ ਵੀ ਪਿਉ ਦੀ ਤਰ੍ਹਾਂ ਸ਼ਾਇਰ ਮਿਜ਼ਾਜ਼ ਸਨ। ਉਹ ਲੜਨ ਮਰਨ ਦੇ ਵਿਰੁੱਧ ਸਨ। ਉਹ ਵੀ ਆਰਾਮ ਦੇ ਗੁਲਾਮ ਸਨ।

ਇਕ ਦਿਨ ਮਿਰਜ਼ਾ ਮੁਗਲ ਲਾਲ ਕਿਲ੍ਹੇ ਵਿੱਚ ਆਪਣੇ ਮਹਿਲ ਦੀ ਛੱਤ ਤੇ ਖੜੇ ਸਨ ਕਿ ਦੀਵਾਨ ਖ਼ਾਸ ਦੇ ਸਾਮ੍ਹਣੇ ਬਾਗੀ ਫੌਜੀਆਂ ਨੇ ਕਈ ਅੰਗਰੇਜ਼ ਬੱਚਿਆਂ ਤੀਵੀਆਂ ਤੇ ਆਦਮੀਆਂ ਨੂੰ ਕਤਲ ਕੀਤਾ। ਇਸ ਵਕਤ ਨਰਗਸ ਨਜ਼ਰ ਦੀ ਉਮਰ ਅੱਠਾਂ ਸਾਲਾਂ ਦੀ ਸੀ। ਇਸ ਖੂਨ ਖਰਾਬੇ ਨੂੰ ਵੇਖਕੇ ਉਹ ਰੋਂਦੀ ਹੋਈ ਪਿਉ ਦੀਆਂ ਲੱਤਾਂ ਨਾਲ ਲਿਪਟ ਗਈ ਤੇ ਕਹਿਣ ਲੱਗੀ-"ਉਨ੍ਹਾਂ ਨੂੰ ਬਚਾ ਲਵੋ !'

ਮਿਰਜ਼ਾ ਮੁਗਲ ਪਹਿਲਾਂ ਹੀ ਬੇਚੈਨ ਹੋ ਰਹੇ ਸਨ। ਬੇਟੀ ਦੀ ਬੇਨਤੀ ਸੁਣਕੇ ਹੋਰ ਵੀ ਪਿਘਲ ਗਏ। ਉਨ੍ਹਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਭੱਰਾਈ ਹੋਈ ਆਵਾਜ਼ ਵਿੱਚ ਬੋਲੇ— "ਬੇਟੀ। ਮੈਂ ਕੀ ਕਰਾਂ, ਉਹ ਮੇਰਾ ਕਿਹਾ ਨਹੀਂ ਮੰਨਦੇ।"

ਨਰਗਸ ਨਜ਼ਰ ਦੇ ਸੁਭਾ ਨੂੰ ਦਾਦੇ ਦੇ ਲਾਡ ਪਿਆਰ ਨੇ ਵਿਗਾੜ ਦਿੱਤਾ ਸੀ। ਉਹ ਸਮਝਦੀ ਸੀ ਜਿਵੇਂ ਮਹਿਲ ਦਾ ਹਰ ਆਦਮੀ ਮੇਰਾ ਹੁਕਮ ਮੰਨਦਾ ਹੈ, ਉਸੇ ਤਰ੍ਹਾਂ ਇਹ ਬਾਗ਼ੀ ਵੀ ਮੇਰੇ ਹੁਕਮ ਨਾਲ ਤਲਵਾਰਾਂ ਝੁਕਾ ਲੈਣਗੇ। ਉਸ ਨੇ ਅਧੀਰ ਹੋ ਕੇ ਕਿਹਾ— "ਉਨ੍ਹਾਂ ਨੂੰ ਮੇਰੇ ਵਲੋਂ ਕਹਿ ਦਿਉ।—ਹੁਣ ਕਿਸੇ ਨੂੰ ਨਾ ਮਾਰਨ। ਨਹੀਂ ਮੈਂ ਖਫ਼ਾ ਹੋ ਜਾਵਾਂਗੀ।"

ਇਸ ਭੋਲੇਪਨ ਤੋਂ ਮੌਲਵੀ ਅਮੀਨ ਉੱਲਾ, ਜੋ ਨਰਗਸ ਨਜ਼ਰ ਦੇ ਉਸਤਾਦ ਸਨ, ਨੂੰ ਹਿੰਮਤ ਹੋਈ। ਉਹ ਹਿੰਮਤ ਕਰਕੇ ਅੱਗੇ ਹੋਏ ਤੇ ਬੋਲੇ—"ਜਨਾਬ ! ਉਹ ਆਪ ਨੂੰ ਆਪਣਾ ਕਮਾਨਦਾਰ ਕਹਿੰਦੇ ਹਨ ?"

ਮਿਰਜ਼ਾ ਨੇ ਉੱਤਰ ਦਿੱਤਾ—"ਉਹ ਤਾਂ ਠੀਕ ਹੈ।"

"ਤਾਂ ਤੁਸੀਂ ਉਨ੍ਹਾਂ ਨੂੰ ਰੋਕਦੇ ਕਿਉਂ ਨਹੀਂ ? ਜ਼ਰਾ ਸੋਚੋ, ਔਰਤਾਂ ਦੇ ਸਾਮ੍ਹਣੇ ਉਨ੍ਹਾਂ ਦੇ ਬੱਚਿਆਂ ਨੂੰ, ਅਤੇ ਬੱਚਿਆਂ ਦੇ ਸਾਮ੍ਹਣੇ ਉਨ੍ਹਾਂ ਦੀਆਂ ਮਾਵਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਕੀ ਉਨ੍ਹਾਂ ਦੀ ਫਰਿਆਦ ਵੀ ਆਪ ਦੇ ਕੰਨਾਂ ਤਕ ਨਹੀਂ ਪਹੁੰਚਦੀ ?"

ਮਿਰਜ਼ਾ ਮੁਗ਼ਲ ਦਾ ਦਿਲ ਬੈਠ ਗਿਆ। ਉਹ ਲੜਨ ਦੇ ਵਿਰੁੱਧ ਨਹੀਂ ਸਨ। ਉਹ ਜਾਣਦੇ ਸਨ ਕਿ ਅੰਗਰੇਜ਼ਾਂ ਨੇ ਸਾਡੇ ਤੇ ਹਕੂਮਤ ਕਰਨਾ ਸਾਡੇ ਤੇ ਅਤਿਆਚਾਰ ਕਰਨਾ ਹੈ। ਉਹ ਉਨ੍ਹਾਂ ਦੇ ਅਤਿਆਚਾਰਾਂ ਦੇ ਪੰਜੇ ਵਿਚੋਂ ਨਿਕਲਣਾ ਵੀ ਚਾਹੁੰਦੇ ਸਨ। ਪਰ ਉਹ ਇਹ ਪਸੰਦ ਨਹੀਂ ਸਨ ਕਰਦੇ ਕਿ ਇਸਤਰੀਆਂ ਤੇ ਬੱਚਿਆਂ ਨੂੰ ਕਤਲ ਕੀਤਾ ਜਾਵੇ, ਅਤੇ ਉਨ੍ਹਾਂ ਦੇ ਖ਼ੂਨ ਨਾਲ ਆਪਣੀ ਹੈਵਾਨੀ ਪਿਆਸ ਬੁਝਾਈ ਜਾਵੇ।

ਅਮੀਨ ਉੱਲਾ ਨੇ ਆਪਣੀ ਗੱਲ ਜਾਰੀ ਰਖਦਿਆਂ ਕਿਹਾ—ਆਪਦਾ ਖ਼ਿਆਲ ਠੀਕ ਨਹੀਂ ਕਿ ਉਹ ਤੁਹਾਡਾ ਕਿਹਾ ਨਹੀਂ ਮੰਨਣਗੇ। ਆਪ ਜ਼ਰਾ ਹੁਕਮ ਤਾਂ ਦਿਉ। ਫਿਰ ਦੇਖਣਾ ਮੰਨਦੇ ਹਨ ਜਾਂ ਨਹੀਂ।"

ਮਿਰਜ਼ੇ ਨੇ ਟੁੱਟੇ ਹੋਏ ਦਿਲ ਨਾਲ ਉੱਤਰ ਦਿੱਤਾ'ਉਹ ਨਹੀ ਮੰਨਣਗੇ।"

"ਤਾਂ ਫਿਰ ਮੈਂ ਜਾਵਾਂ ?"

"ਕਿੱਥੇ?"

"ਇਨ੍ਹਾਂ ਲੋਕਾਂ ਨੂੰ ਸਮਝਾ ਕੇ ਵੇਖਾਂ। ਸ਼ਾਇਦ ਮੰਨ ਜਾਣ। ਸ਼ਾਇਦ ਖ਼ੁਦਾ ਉਨ੍ਹਾਂ ਦੇ ਦਿਲ ਵਿੱਚ ਰਹਿਮ ਪਾ ਦੇਵੇ।"

ਮਿਰਜ਼ਾ ਮੁਗ਼ਲ ਨੇ ਘਬਰਾ ਕੇ ਕਿਹਾ—"ਨਹੀਂ ਇਹ ਨਹੀਂ ਹੋ ਸਕਦਾ। ਆਪ ਉਥੇ ਨਹੀਂ ਜਾ ਸਕਦੇ।"

"ਕਿਉਂ ਨਹੀਂ ਜਾ ਸਕਦਾ ?"

"ਉਥੇ ਖ਼ਤਰਾ ਹੈ।"

"ਮੈਂ ਇਸ ਲਈ ਤਿਆਰ ਹਾਂ।"

"ਉਹ ਆਪ ਨੂੰ ਮਾਰ ਸੁਟਣਗੇ।"

ਮੋਲਵੀ ਸਾਹਿਬ ਨੇ ਛਾਤੀ ਤਾਣ ਕੇ ਉੱਤਰ ਦਿੱਤਾ- ਮੈਨੂੰ ਇਸ ਦੀ ਵੀ ਪਰਵਾਹ ਨਹੀਂ। ਮੈਂ ਮਰਨ ਲਈ ਤਿਆਰ ਹਾਂ। ਪਰ ਮੈਂ ਇਕ ਵਾਰ ਕੋਸ਼ਿਸ਼ ਜ਼ਰੂਰ ਕਰਾਂਗਾ।"

ਇਹ ਕਹਿ ਕੇ ਉਨ੍ਹਾਂ ਨੇ ਨਰਗਸ ਨਜ਼ਰ ਨੂੰ ਪਿਆਰ ਕੀਤਾ, ਮਿਰਜ਼ਾ ਮੁਗ਼ਲ ਨਾਲ ਬਗ਼ਲੱਗੀਰ ਹੋਏ, ਅਤੇ ਦੀਵਾਨ ਖ਼ਾਸ ਦੇ ਮੈਦਾਨ ਵੱਲ ਤੁਰ ਪਏ। ਪਰ ਅਜੇ ਪੌੜੀਆਂ ਨਹੀਂ ਸੀ ਉਤਰੇ ਕਿ ਇਕਦਮ ਰੌਲਾ ਪੈ ਗਿਆ। ਪਿਛੋਂ ਪਤਾ ਲਗਿਆ ਕਿ ਮੌਲਵੀ ਸਾਹਿਬ ਸ਼ਹੀਦ ਹੋ ਗਏ।

ਨਰਗਸ ਨਜ਼ਰ ਰੋਣ ਲੱਗੀ। ਪਰ ਮਿਰਜ਼ਾ ਮੁਗਲ ਕੋਲ ਉਸਨੂੰ ਚੁੱਪ ਕਰਾਉਣ ਲਈ ਸ਼ਬਦ ਤਕ ਨਹੀਂ ਸਨ।

(3)

ਰਾਤ ਦਾ ਵਕਤ ਸੀ। ਲਾਲ ਕਿਲ੍ਹੇ ਵਿੱਚ ਉਦਾਸੀ ਛਾਈ ਹੋਈ ਸੀ। ਇਹ ਥਾਂ ਸੀ ਜਿਥੇ ਇਸ ਵੇਲੇ ਕਾਫੂਰ ਦੇ ਦੀਪਕ ਬਲਿਆ ਕਰਦੇ ਸਨ ਅਤੇ ਜਿਥੇ ਦਾਸ ਦਾਸੀਆਂ ਦੇ ਰੌਲੇ ਗੋਲੇ ਵਿੱਚ ਕੰਨ ਪਈ ਆਵਾਜ਼ ਸੁਣਾਈ ਨਹੀਂ ਸੀ ਦੇਂਦੀ। ਅੱਜ ਉਥੇ ਸੁਨਸਾਨ ਹਨੇਰੇ ਦਾ ਰਾਜ ਸੀ। ਨਾ ਰੋਸ਼ਨੀ ਸੀ, ਨਾ ਰੌਣਕ ਸੀ।

ਇੰਨੇ ਵਿੱਚ ਦਰਵਾਜ਼ੇ ਥਾਣੀ ਇਕ ਬੈਲਗੱਡੀ ਨਿਕਲੀ। ਉਸ ਵਿੱਚ ਨਰਗਸ ਨਜ਼ਰ, ਉਸ ਦੀ ਮਾਂ ਅਤੇ ਇਕ ਵਿਸ਼ਵਾਸ਼ ਪਾਤਰ ਨੌਕਰ ਕੁਦਰਤ ਖਾਂ ਸਵਾਰ ਸਨ। ਦਿੱਲੀ ਨੂੰ ਉਸੇ ਦਿਨ ਅੰਗਰੇਜ਼ਾਂ ਨੇ ਜਿੱਤ ਲਿਆ ਸੀ। ਬਾਦਸ਼ਾਹ, ਹਮਾਯੂੰ ਦੇ ਮਕਬਰੇ ਵਿੱਚ ਗ੍ਰਿਫ਼ਤਾਰ ਹੋ ਗਏ ਸਨ, ਅਤੇ ਮਿਰਜ਼ਾ ਮੁਗਲ ਆਪਣੀ ਜਾਨ ਲੁਕਾਉਂਦੇ ਫਿਰਦੇ ਸਨ। ਨਰਗਸ ਨਜ਼ਰ ਦੀ ਮਾਂ ਨੇ ਆਖ਼ਰੀ ਵਾਰ ਕਿਲ੍ਹੇ ਵੱਲ ਵੇਖਿਆ ਅਤੇ ਠੰਡੀ ਆਹ ਭਰ ਕੇ ਗੱਡੇ ਵਾਲੇ ਨੂੰ ਕਿਹਾ— "ਚਲ ਭਾਈ, ਲੈ ਚਲ, ਖੁਦਾ ਜਾਣੇ ਹੁਣ ਕਿਸਮਤ ਵਿੱਚ ਕੀ ਲਿਖਿਆ ਹੈ।" ਨੇ ਪਾਸਾ ਪਲਟ ਦਿੱਤਾ ਸੀ। ਅੱਜ ਦੁਰਭਾਗ ਵੀ ਉਨ੍ਹਾਂ ਦੀ ਹਾਲਤ ਉੱਤੇ ਰੋ ਰਿਹਾ ਸੀ।

ਪਰ ਇਸ ਦੁਰਭਾਗ ਦੀ ਵੀ ਕਿਸ ਨੂੰ ਪਰਵਾਹ ਸੀ ? ਕੋਸ਼ਿਸ਼ ਇਹ ਸੀ ਕਿ ਜਿਵੇਂ ਵੀ ਹੋਵੇ, ਬਲਦੀ ਵਿਚੋਂ ਨਿਕਲ ਚਲੀਏ। ਨਹੀਂ ਤਾਂ ਖੈਰ ਨਹੀਂ। ਗੱਡਾ ਕਿਸੇ ਅਭਾਗੇ ਦੇ ਭਾਗ ਵਾਂਗ ਠੋਕਰਾਂ ਖਾਂਦਾ ਹੋਇਆ ਰਵਾਨਾ ਹੋਇਆ ਰੌਸ਼ਨੀ ਹੁੰਦੀ ਤਾਂ ਭੱਜਣਾ ਔਖਾ ਹੋ ਜਾਂਦਾ। ਪਰ ਕਦੇ ਕਦੇ ਕੁਦਰਤ ਅਭਾਗਿਆਂ ਦੀ ਸਹਾਇਤਾ ਕਰ ਦੇਂਦੀ ਹੈ। ਇਸ ਵੇਲੇ ਵੀ ਇਵੇਂ ਹੀ ਹੋਇਆ। ਪਰ ਅਜੇ ਛਤਰ ਪੁਰ ਦੇ ਕੋਲ ਹੀ ਪਹੁੰਚੇ ਸਨ ਕਿ ਅਸਮਾਨ ਵਿੱਚ ਚੰਨ ਨੇ ਸਿਰ ਉੱਚਾ ਕੀਤਾ। ਅਭਾਗੇ ਮੁਸਾਫਰ ਹਨੇਰਾ ਢੂੰਡਣ ਲੱਗੇ। ਪਰ ਸਾਰੀ ਦੁਨੀਆਂ ਦਾ ਹਨੇਰਾ ਤਾਂ ਉਨ੍ਹਾਂ ਦੇ ਦਿਲ ਵਿੱਚ ਇਕੱਠਾ ਹੋ ਚੁੱਕਾ ਸੀ। ਉਸ ਦਾ ਬਾਹਰ ਕਿਥੋਂ ਪਤਾ ਲੱਗਦਾ ? ਨਰਗਸ

ਨਜ਼ਰ ਦੀ ਮਾਂ ਘਬਰਾ ਗਈ। ਉਸ ਨੇ ਮਨ ਹੀ ਮਨ ਵਿੱਚ ਸੈਂਕੜੇ ਮਨੌਤਾਂ ਮੰਨੀਆਂ ! ਰੱਬ ਅਗੇ ਜੋਦੜੀਆਂ ਕੀਤੀਆਂ, ਪੀਰਾਂ ਨੂੰ ਸ਼ੀਰਨੀ ਦੇਣੀ ਮੰਨੀ। ਪ੍ਰੰਤੂ ਹੋਣੀ ਨੂੰ ਕੌਣ ਟਾਲ ਸਕਦਾ ਹੈ ? ਅਤੇ ਤਕਦੀਰ ਦੇ ਲਿਖੇ ਨੂੰ ਕੌਣ ਮੇਟ ਸਕਦਾ ਹੈ ?

ਅਚਾਨਕ ਧੂੜ ਉਡਦੀ ਵਿਖਾਈ ਦਿੱਤੀ। ਗੱਡੇ ਵਾਲੇ ਦਾ ਕਾਲਜਾ ਧੜਕਣ ਲੱਗਾ। ਦਿਲ ਨੇ ਕਿਹਾ ਕਿ ਮੁਸੀਬਤ ਸਿਰ ਤੇ ਮੰਡਰਾ ਰਹੀ ਹੈ, ਤਿਆਰੀ ਕਰ ਲੈ। ਨਾਲ ਹੀ ਇਹ ਖ਼ਿਆਲ ਆਇਆ ਕਿ ਸੰਭਵ ਹੈ, ਆਪਣੇ ਹੀ ਆਦਮੀ ਹੋਣ। ਕੁੱਝ ਦੇਰ ਇਹੀ ਹਾਲਤ ਰਹੀ, ਇਥੋਂ ਤਕ ਕਿ ਉਹ ਟੁਕੜੀ ਨੇੜੇ ਆ ਗਈ। ਕੁਦਰਤ ਖ਼ਾਂ ਦਾ ਕਲੇਜਾ ਹਿਲ ਗਿਆ। ਇਹ ਲੋਕ ਬਾਗ਼ੀ ਫ਼ੌਜ ਦੇ ਸਿਪਾਹੀ ਨਹੀਂ ਸਨ, ਲੁਟੇਰੇ ਸਨ ਜਿਹੜੇ ਇਸ ਵੇਲੇ ਚੀਤੇ ਨਾਲੋਂ ਵਧੇਰੇ ਧੁੰਦ ਅਤੇ ਕਾਲੇ ਨਾਗ ਨਾਲੋਂ ਵੱਧ ਭਿਅੰਕਰ ਹੋ ਗਏ ਸਨ। ਹੁਣ ਕੀ ਹੋਵੇਗਾ ?

ਕੁਦਰਤ ਖ਼ਾਂ ਨੇ ਗੱਡੇ ਵਾਲੇ ਨੂੰ ਕਿਹਾ—ਗੱਡਾ ਰੋਕ ਲੈ" ਅਤੇ ਆਪ ਤਲਵਾਰ ਲੈ ਕੇ ਖੜਾ ਹੋ ਗਿਆ। ਪਰ ਹੱਥ-ਪੈਰ ਕੰਬ ਰਹੇ ਸਨ। ਬੇਗਮ ਰੋਣ ਲੱਗੀ। ਗੱਡ ਵਾਲੇ ਦਾ ਲਹੂ ਸੁਕ ਗਿਆ। ਲੁਟੇਰੇ ਨੇੜੇ ਪਹੁੰਚ ਗਏ। ਉਨ੍ਹਾਂ ਦੇ ਹੱਥਾਂ ਵਿੱਚ ਨੇਜੇ ਸਨ, ਅੱਖਾਂ ਵਿੱਚ ਅੱਗ ਸੀ, ਦਿਲਾਂ ਵਿੱਚ ਬੇਰਹਿਮੀ ਸੀ। ਆਉਂਦਿਆਂ ਹੀ ਬੋਲੇ-'ਜੋ ਕੁੱਝ ਕੋਲ ਹੈ, ਕਢ ਕੇ ਰਖ ਦਿਉ, ਨਹੀਂ ਤਾਂ ਸਭ ਨੂੰ ਮਾਰ ਦੇਵਾਂਗੇ।'

ਕੁਦਰਤ ਖ਼ਾਂ ਨੇ ਕਿਹਾ- "ਭਾਈਓ ! ਤੁਸੀਂ ਹਿੰਦੁਸਤਾਨੀ ਹੋ ! ਤੁਹਾਨੂੰ ਸੋਚਣਾ ਚਾਹੀਦਾ ਹੈ ਕਦੇ ਤੁਸੀਂ ਸਾਡੀ ਅੱਖ ਦੇ ਇਸ਼ਾਰੇ ਵੇਖਿਆ ਕਰਦੇ ਸਾਉ। ਅੱਜ ਕਿਸਮਤ ਨੇ ਮੂੰਹ ਫੇਰ ਲਿਆ ਤਾਂ ਤੁਸੀਂ ਵੀ ਧਮਕੀਆਂ ਦਿੰਦੇ ਹੋ। ਇਹ ਗੱਲ ਕਿਸੇ ਮਜਹਬ ਵਿੱਚ ਮੁਨਾਸਬ ਨਹੀਂ, ਨਾ ਹਿੰਦੂਆਂ ਵਿੱਚ ਨਾ ਮੁਸਲਮਾਨਾਂ ਵਿੱਚ।"

ਇਕ ਲੁਟੇਰੇ ਨੇ ਉੱਤਰ ਦਿੱਤਾ- ਤੁਸਾਂ ਨੇ ਹੀ ਤਾਂ ਚੁਗਲੀਆਂ ਕਰ ਕਰ ਕੇ ਦੇਸ਼ ਨੂੰ ਹਰਾਇਆ ਹੈ। ਨਹੀਂ ਤਾਂ ਅਸੀਂ ਇਸ ਸਮੇਂ ਜੰਗਲਾਂ ਵਿੱਚ ਨਾ ਸਿਰ ਲੁਕਾਉਂਦੇ ਫਿਰਦੇ ਹੁਣ ਗੱਲਾਂ ਬਣਾਉਂਦੇ ਫਿਰਦੇ ਹੋ।

"ਤਾਂ ਖ਼ੁਦਾ ਤੋਂ ਡਰੋ। ਇਸ ਗੱਡੇ ਵਿੱਚ ਸ਼ਾਹੀ ਮਹਿਲ ਦੀ ਇਕ ਬੇਗਮ ਹੈ, ਉਨ੍ਹਾਂ ਦੀ ਇੱਜ਼ਤ ਕਰਨਾ ਜਿਵੇਂ ਮੇਰਾ ਫ਼ਰਜ਼ ਹੈ, ਤੁਹਾਡਾ ਵੀ ਫ਼ਰਜ਼ ਹੈ। ਬਾਦਸ਼ਾਹ ਬਾਪ ਦੇ ਬਰਾਬਰ ਹੁੰਦਾ ਹੈ।"

ਇਕ ਹੋਰ ਸਿਪਾਹੀ ਨੇ ਵਿਗੜ ਕੇ ਕਿਹਾ—"ਮਾਰੋ ਸਾਲੇ ਨੂੰ, ਗੱਲਾਂ ਬਣਾਉਂਦਾ ਹੈ।"

ਵਕਫਾ ਡਰ ਨੂੰ ਦੂਰ ਕਰਨ ਲਈ ਸਭ ਤੋਂ ਚੰਗੀ ਦਵਾਈ ਹੈ। ਕੁਦਰਤ ਖ਼ਾਂ ਲਈ ਇਹ ਥੋੜਾ ਜਿਹਾ ਵਕਫ਼ਾ ਅੰਮ੍ਰਿਤ ਹੋ ਗਿਆ। ਉਸ ਦਾ ਡਰ ਜਾਂਦਾ ਰਿਹਾ। ਰਾਜ ਭਗਤੀ ਦਾ ਭਾਵ ਨਸ ਨਸ ਵਿੱਚ ਜਾਗ ਉਠਿਆ। ਉਸ ਦੀਆਂ ਅੱਖਾਂ ਚਮਕਣ ਲੱਗੀਆਂ। ਉਹ ਤਲਵਾਰ ਕਢਕੇ ਨਿਮ੍ਰਤਾ ਨਾਲ ਬੋਲਿਆ- ਸੰਭਲ ਕੇ ਗੱਲ ਕਰੋ ! ਮੈਂ ਇਨ੍ਹਾਂ ਲਈ ਸਿਰ ਦੇ ਦਿਆਂਗਾ। ਪਹਿਲੇ ਮੈਂ ਮਰਾਂਗਾ, ਫਿਰ ਕੋਈ ਇਨ੍ਹਾਂ ਵੱਲ ਅੱਖ ਉਠਾ ਕੇ ਵੇਖ ਸਕੇਗਾ।"

ਲੁਟੇਰੇ, ਇਕ ਤਾਂ ਲੁਟੇਰੇ, ਦੂਜੇ ਗਿਣਤੀ ਵਿੱਚ ਵੱਧ ਸਨ। ਉਹ ਇਹ ਗੱਲ ਨਾ ਸਹਿ ਸਕੇ। ਵਿਗੜ ਕੇ ਕੁਦਰਤ ਖਾਂ ਤੇ ਟੁਟ ਪਏ। ਕੁਦਰਤ ਖ਼ਾਂ ਨੇ ਸਮੱਰਥਾ ਅਨੁਸਾਰ ਟਾਕਰਾ ਕੀਤਾ, ਪਰ ਛੇਤੀ ਹੀ ਮਾਰਿਆ ਗਿਆ। ਉਸ ਦੀ ਇਹ ਹਾਲਤ ਵੇਖ ਕੇ ਗੱਡੇ ਵਾਲਾ ਵੀ ਗੱਡਾ ਛੱਡ ਕੇ ਨੱਸ ਗਿਆ।

ਘਣਾ ਜੰਗਲ ਸੀ, ਰਾਤ ਦਾ ਵੇਲਾ ਸੀ। ਇਨ੍ਹਾਂ ਆਦਮ-ਖੋਰਾਂ ਨੇ ਨਰਗਸ ਨਜ਼ਰ ਤੇ ਉਸ ਦੀ ਮਾਂ ਦੋਨਾਂ ਦੇ ਪਾਸ ਜੋ ਕੁੱਝ ਸੀ, ਰਖਵਾ ਲਿਆ। ਇੰਨਾ ਹੀ ਨਹੀਂ, ਉਨ੍ਹਾਂ ਦੇ ਕੀਮਤੀ ਕੱਪੜੇ ਵੀ ਉਤਰਵਾ ਲਏ ਅਤੇ ਚਲ ਪੈਣ ਲਈ ਮੁੜੇ। ਮਾਂ ਬੇਟੀ ਦੀਆਂ ਚੀਕਾਂ ਨਿਕਲ ਗਈਆਂ। ਉਨ੍ਹਾਂ ਨੂੰ ਰੋਂਦਿਆਂ ਵੇਖ ਕੇ ਇਨ੍ਹਾਂ ਦਰਿੰਦਿਆਂ ਦਾ ਦਿਲ ਵੀ ਬਦਲ ਗਿਆ। ਇਕ ਨੇ ਨਰਗਸ ਨਜ਼ਰ ਨੂੰ ਆਪਣੇ ਘੋੜੇ ਉੱਤੇ ਬਿਠਾ ਲਿਆ। ਉਸ ਦਾ ਦਿਲ ਇਸ ਵੇਲੇ ਪ੍ਰੇਮ ਦਾ ਸਰੋਤ ਬਣਿਆ ਹੋਇਆ ਸੀ। ਦੂਜੇ ਨੇ ਨਰਗਸ ਦੀ ਮਾਂ ਦਾ ਹੱਥ ਪਕੜ ਲਿਆ। ਉਸ ਦੇ ਦਿਲ ਤੇ ਸੁੰਦਰਤਾ ਨੇ ਜਾਦੂ ਕਰ ਦਿੱਤਾ ਸੀ। ਨਰਗਸ ਨਜ਼ਰ ਤੇ ਉਸ ਦੀ ਮਾਂ ਦੇ ਰਾਹ ਅੱਡ ਅੱਡ ਹੋ ਗਏ। ਕਿਸਮਤ ਵਿੱਚ ਇਹ ਵੀ ਲਿਖਿਆ ਸੀ।

ਦੂਜੇ ਦਿਨ ਨਰਗਸ ਨਜ਼ਰ ਸੋਹਾਨੇ ਪਹੁੰਚੀ। ਜ਼ਿਲ੍ਹਾ ਗੁੜਗਾਵਾਂ ਵਿੱਚ ਇਹ ਇਕ ਛੋਟਾ ਜਿਹਾ ਪਿੰਡ ਹੈ। ਉਹ ਲੁਟੇਰਾ ਉਥੋਂ ਦਾ ਹੀ ਰਹਿਣ ਵਾਲਾ ਸੀ, ਜਿਸ ਦੀ ਪ੍ਰੇਮ ਭਰੀ ਗੋਦ ਵਿੱਚ ਕਿਸਮਤ ਨੇ ਨਰਗਸ ਨਜ਼ਰ ਨੂੰ ਲਿਆ ਸੁਟਿਆ ਸੀ। ਉਹ ਜ਼ਾਤ ਦਾ ਘਸਿਆਰਾ ਸੀ। ਉਸ ਦੇ ਕੋਈ ਔਲਾਦ ਨਹੀਂ ਸੀ। ਇਸ ਅਣਮੋਲ ਰਤਨ ਲਈ ਉਸ ਨੇ ਸੈਂਕੜੇ ਯਤਨ ਕੀਤੇ ਸਨ, ਪਰ ਕੋਈ ਲਾਭ ਨਹੀਂ ਸੀ ਹੋਇਆ ਦਵਾਈਆ ਖਾਧੀਆਂ, ਝਾੜੇ ਤਵੀਜ਼ ਕਰਵਾਏ, ਧੂਣੀਆਂ ਹਮਾਈਆਂ, ਸਾਧਾਂ ਦੀ ਸੇਵਾ ਕੀਤੀ। ਆਪਣੀ ਉਮਰ ਦੇ ਕਾਫੀ ਵਰ ਇਸੇ ਚੱਕਰ ਵਿੱਚ ਲੰਘਾ ਦਿੱਤੇ, ਪਰ ਆਸ ਪੂਰੀ ਨਾ ਹੋਈ। ਉਸ ਦਾ ਖ਼ਾਲੀ ਘਰ ਉਸੇ ਤਰ੍ਹਾਂ ਖ਼ਾਲੀ ਰਿਹਾ। ਇਥੋਂ ਤਕ ਕਿ 1857 ਦਾ ਸਾਲ ਆ ਗਿਆ। ਜਿਸ ਦੇ ਔਲਾਦ ਨਹੀਂ ਹੁੰਦੀ ਉਸ ਦਾ ਦਿਲ ਪੱਥਰ ਹੋ ਜਾਂਦਾ ਹੈ। ਉਸ ਦੇ ਦਿਲ ਵਿੱਚ ਸਨੇਹ ਨਹੀਂ ਰਹਿੰਦਾ। ਉਹ ਲੁਟੇਰਿਆਂ ਨਾਲ ਮਿਲ

ਕੇ ਮਾਰ ਧਾੜ ਕਰਨ ਲੱਗਾ। ਬਾਅਦ ਵਿੱਚ ਉਹ ਲੋਕਾਂ ਦਾ ਖ਼ੂਨ ਵੀ ਕਰਨ ਲੱਗਾ। ਮੌਲਵੀ ਅਮਰ ਉੱਲਾ ਨੂੰ ਦਿਨ-ਦਿਹਾੜੇ ਮਾਰਨ ਵਾਲਾ ਇਹੀ ਘਸਿਆਰਾ ਸੀ।

ਦੁਪਹਿਰ ਦਾ ਵੇਲਾ ਸੀ। ਘਮਿਆਰਾ ਆਪਣੇ ਘਰ ਪਹੁੰਚਿਆ ਅਤੇ ਨਰਗਸ ਨੂੰ ਬਾਹਰ ਖੜਾ ਕਰ ਕੇ ਆਪ ਅੰਦਰ ਗਿਆ। ਉਸ ਦੀ ਇਸਤਰੀ ਨੇ ਅਧੀਰਤਾ ਨਾਲ ਪੁਛਿਆ--""ਕੀ ਮਿਲਿਆ ?"

"ਤੂੰ ਹੀ ਦਸ"

"ਰੁਪਿਆ ਪੈਸਾ ਮਿਲਿਆ ਹੋਵੇਗਾ।"

"ਇਸ ਤੋਂ ਵੱਧ ਕੇ !"

"ਸੋਨੇ ਦੇ ਜੇਵਰ ? ਹੀਰੇ ਮੋਤੀ ਦੇ ਗਹਿਣੇ ?"

'ਇਸ ਤੋਂ ਵੀ ਚੰਗੀ ਚੀਜ਼।"

"ਉਹ ਕੀ ?"

ਘਮਿਆਰੇ ਨੇ ਕਿਹਾ— ਇਕ ਫੁਲ ਜਿਹੀ ਖ਼ੂਬਸੂਰਤ ਲੜਕੀ "

ਘਮਿਆਰਨ ਦਾ ਚਿਹਰਾ ਖਿੜ ਗਿਆ। ਉਸ ਦੀਆਂ ਅੱਖਾਂ ਵਿੱਚ ਖ਼ੁਸ਼ੀ ਨੱਚਣ ਲੱਗੀ। ਉਹ ਅਧੀਰ ਹੋ ਕੇ ਬਾਹਰ ਭੱਜੀ ਅਤੇ ਨਰਗਸ ਨਜ਼ਰ ਨੂੰ ਗਲੇ ਨਾਲ ਲਾ ਕੇ ਰੋਣ ਲੱਗੀ। ਇਸ ਵਕਤ ਉਸ ਨੂੰ ਇਉਂ ਜਾਪਿਆ ਜਿਵੇਂ ਨਰਗਸ ਨਜ਼ਰ ਉਸ ਦੀ ਆਪਣੀ ਵਿਛੜੀ ਬੇਟੀ ਹੈ, ਜੋ ਮੁਦਤਾਂ ਮਗਰੋਂ ਉਸ ਕੋਲ ਵਾਪਸ ਆਈ ਹੈ। ਉਸ ਦੀ ਮਮਤਾ ਜਾਗ ਉਠੀ, ਉਸਦਾ ਦਿਲ ਭਰ ਆਇਆ।

ਇਸ ਰਾਤ ਉਨ੍ਹਾਂ ਦੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ, ਉਨ੍ਹਾਂ ਨੂੰ ਉਹ ਚੀਜ਼ ਮਿਲੀ ਸੀ ਜਿਸ ਲਈ ਉਹ ਦਿਨ ਰਾਤ ਰੋਂਦੇ ਰਹਿੰਦੇ ਸਨ। ਇਸ ਮਹਾਨ ਘਟਨਾ ਨੇ ਉਨ੍ਹਾਂ ਦੀਆਂ ਅਥਰੂ-ਭਰੀਆਂ ਅੱਖਾਂ ਪੂੰਝ ਦਿੱਤੀਆਂ। ਪਰ ਸ਼ੱਕ ਉਨ੍ਹਾਂ ਦੀ ਇਹ ਖ਼ੁਸ਼ੀ ਕੇਵਲ ਇਕ ਰਾਤ ਭਰ ਲਈ ਸੀ, ਜਿਹੜੀ ਸਵੇਰੇ ਚੰਨ ਦੀ ਚਾਨਣੀ ਦੇ ਨਾਲ ਹੀ ਖ਼ਤਮ ਹੋ ਗਈ।

ਦਿਨ ਚੜ੍ਹਿਆ, ਤਾਂ ਅੰਗਰੇਜ਼ੀ ਫ਼ੌਜ ਦੇ ਸਿਪਾਹੀਆਂ ਨੇ ਘਮਿਆਰੇ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਦਿੱਲੀ ਲੈ ਚਲੇ। ਉਥੇ ਪੰਜਾਹਾਂ ਆਦਮੀਆਂ ਨੇ ਗਵਾਹੀ ਦਿੱਤੀ ਕਿ ਇਹ ਆਦਮੀ ਬਲਵੇ ਵਿੱਚ ਸ਼ਾਮਲ ਸੀ। ਅਧਿਕਾਰੀਆਂ ਨੇ ਉਸ ਨੂੰ ਫਾਂਸੀ ਦੀ ਸਜ਼ਾ ਦਿੱਤੀ। ਇਹ ਖ਼ਬਰ ਘਮਿਆਰਨ ਨੇ ਸੁਣੀ ਤਾਂ ਪਛਾੜ ਖਾ ਕੇ ਡਿਗ ਪਈ। ਅਤੇ ਕਈ ਦਿਨ ਤਕ ਬੀਮਾਰ ਰਹੀ।

ਨਰਗਸ ਨਜ਼ਰ ਨੇ ਉਸ ਦੀ ਸੇਵਾ-ਸੰਭਾਲ ਵਿੱਚ ਦਿਨ-ਰਾਤ ਇਕ ਕਰ ਦਿੱਤਾ। ਮਾਂ ਨੂੰ ਖੋਹ ਕੇ ਉਸ ਨੇ ਮਾਂ ਦੀ ਕਦਰ ਜਾਣੀ ਸੀ। ਪਰ ਉਸ ਦਾ ਸਾਰਾ ਯਤਨ ਵਿਅਰਥ ਗਿਆ। ਘਮਿਆਰਨ ਬਚ ਨਾ ਸਕੀ। ਨਰਗਸ ਨਜ਼ਰ ਸਿਰ ਪਿਟ ਕੇ ਰਹਿ ਗਈ।

ਉਹ ਹੁਣ ਸੰਸਾਰ ਵਿੱਚ ਇਕੱਲੀ।। ਬੇਸਹਾਰਾ ਤੇ ਦੀਨ। ਨਾ ਮਾਂ ਸੀ, ਨਾ ਬਾਪ ਸੀ, ਨਾ ਕੋਈ ਹੋਰ ਸਕਾ ਸਬੰਧੀ ਸੀ। ਜਦ ਕਦੇ ਪਿਛਲੇ ਐਸ਼ ਆਰਾਮ ਦੇ ਦਿਨ ਯਾਦ ਕਰਦੀ ਤਾਂ ਅੱਖਾਂ ਵਿੱਚ ਹੰਝੂ ਛਲਕ ਪੈਂਦੇ ਅਤੇ ਘੰਟਿਆਂ ਬੱਧੀ ਹਿਚਕੀ ਬੰਦ ਨਾ ਹੁੰਦੀ। ਪਰ ਬੇਬੱਸ ਸੀ। ਢੇਰ ਡੰਗਰ ਚਰਾਉਂਦੀ ਸੀ, ਗੋਹਾ ਥਪਦੀ ਸੀ ਅਤੇ ਰੁੱਖਾ ਸੁਕਾ ਖਾ ਕੇ ਜਿੱਥੇ ਥਾਂ ਮਿਲਦੀ, ਪਈ ਰਹਿੰਦੀ ਸੀ।

ਇਹ ਉਹ ਲੜਕੀ ਸੀ, ਜਿਹੜੀ ਕਦੀ ਮਹਿਲਾਂ ਵਿੱਚ ਰਹਿੰਦੀ ਸੀ, ਜਿਸ ਦੇ ਇਸ਼ਾਰੇ ਤੇ ਨੌਕਰ ਦੌੜਦੇ ਸਨ। ਅੱਜ ਉਹ ਗ਼ਰੀਬ ਸੀ, ਇਕੱਲੀ ਸੀ, ਉਸ ਦਾ ਕੋਈ ਨਹੀਂ ਸੀ।

ਦੁੱਖ ਦੇ ਕਈ ਵਰ੍ਹੇ ਬੀਤ ਗਏ। ਨਰਗਸ ਨਜ਼ਰ ਜਵਾਨ ਹੋ ਗਈ। ਉਸ ਦੇ ਮਦ-ਮਤੇ ਜੋਬਨ ਦੀਆਂ ਕਿਰਨਾਂ ਨਾਲ ਸਾਰਾ ਪਿੰਡ ਜਗਮਗਾਉਣ ਲੱਗਾ ਕੁਦਰਤ ਨੇ ਉਸ ਪਾਸੋਂ ਸੁਖ ਸੰਪਤੀ ਖੋਹ ਲਈ ਸੀ, ਮਾਂ ਪਿਉ ਖੋਹ ਲਏ ਸਨ ਪਰ ਉਸ ਦਾ ਰੂਪ ਉਹ ਵੀ ਨਾ ਖੋਹ ਸਕੀ। ਉਹ ਪਿੰਡ ਵਿੱਚ ਰਹਿੰਦੀ ਸੀ, ਪਿੰਡ ਵਾਲਿਆਂ ਨੂੰ ਚਿੰਤਾ ਹੋਈ ਕਿ ਜਵਾਨ ਲੜਕੀ ਦਾ ਕੰਵਾਰਾ ਰਹਿਣਾ ਠੀਕ ਨਹੀਂ। ਕਿਸੇ ਨੇ ਕੱਪੜਾ ਦਿੱਤਾ, ਕਿਸੇ ਨੇ ਰੁਪਿਆ ਪੈਸਾ, ਅਤੇ ਨਰਗਸ ਨਜ਼ਰ ਦਾ ਵਿਆਹ ਇਕ ਘਮਿਆਰੇ ਨਾਲ ਕਰ ਦਿੱਤਾ ਗਿਆ।

ਉਸ ਵੇਲੇ ਉਸ ਨੂੰ ਬਹਾਦਰ ਸ਼ਾਹ ਦਾ ਵਕਤ ਯਾਦ ਆ ਗਿਆ, ਜਦੋਂ ਉਸ ਦੇ ਪੈਰਾਂ ਥਲੇ ਹੀਰੇ ਮੋਤੀ ਵਿਛਿਆ ਕਰਦੇ ਸਨ।

ਵਿਆਹ ਤੋਂ ਮਗਰੋਂ ਜਦ ਇਕਾਂਤ ਹੋਇਆ, ਤਾਂ ਘਮਿਆਰੇ ਪਤੀ ਨੇ ਕਿਹਾ—"ਦੇਖ।

ਤੂੰ ਸ਼ਾਹੀ ਘਰਾਣੇ ਦੀਆਂ ਰੋਟੀਆਂ ਖਾਧੀਆਂ ਹਨ। ਇਥੇ ਉਹ ਆਨਬਾਨ ਨਹੀਂ ਚਲੇਗੀ। ਹੁਣ ਆਪਣੇ ਐਸ਼ ਦੇ ਦਿਨਾਂ ਨੂੰ ਭੁੱਲ ਜਾ ਅਤੇ ਘਮਿਆਰਨ ਵਾਂਗ ਰਹਿ। ਨਹੀਂ ਤਾਂ ਮਾਰ ਮਾਰ ਕੇ ਹੱਡੀਆਂ ਤੋੜ ਦਿਆਂਗਾ। ਮੈਨੂੰ ਨਾਜ਼-ਨਖ਼ਰੇ ਪਸੰਦ ਨਹੀਂ, ਤੂੰ ਨੌਕਰਾਣੀ ਬਣ ਕੇ ਰਹਿ।"

ਨਰਗਸ ਨਜ਼ਰ ਕਈ ਸਾਲਾਂ ਤੋਂ ਦੁੱਖ ਝਲ ਰਹੀ ਸੀ। ਮੁਸੀਬਤਾਂ ਦੇ ਭਖੜ ਵਿੱਚ ਉਸਨੇ ਆਪਣੀਆਂ ਗਿਲੀਆਂ ਅੱਖਾਂ ਕਿਸੇ ਦੇ ਸਾਮ੍ਹਣੇ ਨਹੀਂ ਸਨ ਕੀਤੀਆਂ। ਸ਼ਾਹੀ ਗੌਰਵਤਾ ਉਸ ਦੀ ਦੀਨਤਾ ਪ੍ਰਗਟ ਹੋਣ ਨੂੰ ਰੋਕ ਦੇਂਦੀ ਸੀ। ਪਰ ਉਸ ਨੂੰ ਇਹ ਆਸ ਨਹੀਂ ਸੀ ਕਿ ਵਿਆਹ ਦੇ ਪਹਿਲੇ ਹੀ ਦਿਨ ਪਤੀ ਉਸ ਨੂੰ ਇਤਨੀਆਂ ਸਖ਼ਤ ਗੱਲਾਂ ਕਹੇਗਾ। ਪਿਆਰ ਦੀਆਂ ਦੋ ਗੱਲਾਂ ਦੀ ਥਾਂ ਤੇ ਅਜਿਹੇ ਤੀਰਾਂ ਵਰਗੇ ਚੁਭਵੇਂ ਸ਼ਬਦ ਸੁਣ ਕੇ ਨਰਗਸ ਨਜ਼ਰ ਨੂੰ ਇਉਂ ਪ੍ਰਤੀਤ ਹੋਇਆ, ਜਿਵੇਂ ਕਿਸੇ ਨੇ ਗੋਲੀ ਮਾਰ ਦਿੱਤੀ ਹੋਵੇ।

ਉਹ ਕੰਮ ਕਰਨ ਤੋਂ ਨਹੀਂ ਸੀ ਘਬਰਾਉਦੀ, ਨਾ ਹੀ ਗ਼ਰੀਬੀ ਦੀ ਜਿੰਦਗੀ ਉਸ ਨੂੰ ਕਟਣੀ ਔਖੀ ਸੀ, ਪਰ ਕੀ ਉਸ ਦੀ ਕਿਸਮਤ ਵਿਚ ਚਾਰ ਮਿੱਠੇ ਸ਼ਬਦ ਵੀ ਨਹੀਂ ਸਨ ? ਉਸ ਦੀਆਂ ਅੱਖਾਂ ਤੋਂ ਹੰਝੂ ਵਹਿਣ ਲੱਗੇ। ਇਕ ਦਿਨ ਉਹ ਸੀ, ਜਦੋਂ ਇਨ੍ਹਾਂ ਹੰਝੂਆਂ ਤੋਂ ਮੋਤੀ ਨਿਛਾਵਰ ਹੁੰਦੇ ਸਨ। ਅੱਜ ਇਹ ਨਿਰਮਲ ਜਲ ਕਿੰਨਾ ਘਟੀਆ ਹੋ ਗਿਆ ਸੀ ! ਕਾਲ ਦੇ ਚੱਕਰ ਨੇ ਉਸ ਦੀ ਕੀਮਤ ਘੱਟੇ ਵਿੱਚ ਮਿਲਾ ਦਿੱਤੀ ਸੀ।

-0-

# ਟੁੱਟਾ ਦਿਲ

(1)

ਸ਼ਾਮ ਦਾ ਵੇਲਾ ਸੀ। ਜਗਤ ਸਿੰਘ ਨਦੀ ਦੇ ਕਿਨਾਰੇ ਤੇ ਆਇਆ, ਅਤੇ ਸੁੰਦਰੀ ਪ੍ਰਮਦਾ ਕੇ ਕੋਲ ਬੈਠ ਗਿਆ। ਪ੍ਰਮਦਾ ਉਸੇ ਤਰ੍ਹਾਂ ਉਦਾਸ ਬੈਠੀ ਰਹੀ, ਉਸਨੇ ਨਾ ਖੁਸ਼ੀ ਜ਼ਾਹਰ ਕੀਤੀ ਨਾ ਆਪਣੀ ਥਾਂ ਤੋਂ ਹਿਲੀ।

ਉਸਨੂੰ ਜਗਤ ਸਿੰਘ ਨਾਲ ਪਿਆਰ ਸੀ। ਉਹ ਉਸਨੂੰ ਵੇਖਕੇ ਖੁਸ਼ੀ ਨਾਲ ਬਿਹਬਲ ਹੋ ਉਠਦੀ ਸੀ। ਉਸਨੇ ਉਸਦੀਆਂ ਅੱਖਾਂ ਵਿੱਚ ਪ੍ਰੇਮ ਦੀਆਂ ਤਰੰਗਾਂ ਉਠਦੀਆ ਵੇਖੀਆਂ ਸਨ। ਉਸਨੇ ਉਸਦੀਆਂ ਮਿੱਠੀਆਂ ਗੱਲਾਂ ਤੋਂ ਪਿਆਰ ਦਾ ਪਾਠ ਪੜ੍ਹਿਆ ਸੀ। ਉਸਨੇ ਉਸ ਦੇ ਜੋਸ਼ੀਲੇ ਬਚਨਾਂ ਤੋਂ ਪ੍ਰੇਮ ਦਾ ਸੰਗੀਤ ਸੁਣਿਆ ਸੀ, ਅਤੇ ਇਨ੍ਹਾਂ ਸਾਰਿਆਂ ਪ੍ਰਭਾਵਾਂ ਨੂੰ ਆਪਣੇ ਮਨ ਦੇ ਧੁਰ ਅੰਦਰ ਲੁਕਾ ਰਖਿਆ ਸੀ। ਉਹ ਉਸਨੂੰ ਵੇਖਦੇ ਹੀ ਖੁਸ਼ੀ ਨਾਲ ਝੂਮਣ ਲੱਗ ਪੈਂਦੀ ਸੀ। ਉਸ ਦੀ ਇਹ ਖੁਸ਼ੀ ਜਗਤ ਸਿੰਘ ਨੂੰ ਵੀ ਮਤਵਾਲਾ ਕਰ ਦਿੰਦੀ ਸੀ। ਜਿਵੇਂ ਖ਼ਰਬੂਜੇ ਨੂੰ ਵੇਖਕੇ ਖ਼ਰਬੂਜਾ ਰੰਗ ਫੜਦਾ ਹੈ, ਜਾਂ ਜਿਸ ਤਰ੍ਹਾਂ ਇਕ ਦੀਵੇ ਤੋਂ ਦੂਜਾ ਦੀਵਾ ਬਲ ਉਠਦਾ ਹੈ।

ਪਰ ਅੱਜ ਜਗਤ ਸਿੰਘ ਦੇ ਆਉਣ ਤੇ ਉਸਨੇ ਕੋਈ ਖੁਸ਼ੀ, ਕੋਈ ਹੁਲਾਸ, ਕੋਈ ਉਤਸ਼ਾਹ ਪ੍ਰਗਟ ਨਾ ਕੀਤਾ, ਅਤੇ ਜਿਵੇਂ ਬੈਠੀ ਸੀ, ਉਵੇਂ ਦੀ ਉਵੇਂ ਹੀ ਬੈਠੀ ਰਹੀ। ਜਿਵੇਂ ਉਹ ਜੀਉਂਦੀ ਜਾਗਦੀ ਨਾਰੀ ਨਹੀਂ, ਮਿੱਟੀ ਦੀ ਮੂਰਤ ਸੀ, ਜਿਸ ਵਿੱਚ ਕੋਈ ਇੱਛਿਆ, ਕੋਈ ਭਾਵਨਾ ਨਹੀਂ ਸੀ।

ਜਗਤ ਸਿੰਘ ਨੇ ਹੌਲੀ ਜਿਹੀ ਆਪਣਾ ਸਖ਼ਤ ਹੱਥ ਉਸਦੇ ਕੋਮਲ ਮੋਢੇ ਉਤੇ ਰਖਿਆ ਅਤੇ ਇਕ ਪਿਆਰ-ਭਰੀ ਥਪਕੀ ਦੇ ਕੇ ਕਿਹਾ- "ਪ੍ਰਮਦਾ ! ਹੁਣ ਜ਼ਰਾ ਚਹਿਕ ਪੈ।"

ਪ੍ਰਮਦਾ ਨੇ ਆਪਣਾ ਮੂੰਹ ਜਗਤ ਸਿੰਘ ਵਲ ਮੋੜਿਆ ਅਤੇ ਆਪਣੀਆਂ ਅੱਖਾਂ ਉਸ ਵਲ ਉਠਾਈਆਂ, ਪਰ ਉਨਾਂ ਵਿੱਚ ਉਹ ਚੰਚਲਤਾ ਨਹੀਂ ਸੀ, ਜਿਸਨੇ ਜਗਤ ਸਿੰਘ ਦਾ ਦਿਲ ਜਿਤ ਲਿਆ ਸੀ। ਉਨ੍ਹਾਂ ਵਿੱਚ ਅਥਰੂ ਸਨ, ਅਤੇ ਅਥਰੂਆਂ ਵਿੱਚ ਕਰੁਣਾ ਸੀ ਜਗਤ ਸਿੰਘ ਦੇ ਦਿਲ ਨੂੰ ਧੱਕਾ ਜਿਹਾ ਵਜਿਆ। ਉਹ ਥੋੜੀ ਦੇਰ ਚੁਪ ਰਹਿ ਕੇ ਬੋਲਿਆ- "ਪ੍ਰਮਦਾ ਮੈਂ ਕੀ ਕਰ ਸਕਦਾ ਹਾਂ ?"

ਪ੍ਰਮਦਾ ਨੇ ਜਗਤ ਸਿੰਘ ਦਾ ਮਰਦਾਵਾਂ ਹੱਥ ਆਪਣੇ ਨਾਜ਼ੁਕ ਹੱਥ ਵਿੱਚ ਲੈ ਕੇ ਘੁਟਿਆ ਅਤੇ ਕਿਹਾ— ‘‘ਤਾਂ ਤੁਸੀਂ ਜ਼ਰੂਰ ਜਾਉਗੇ ? ਤੁਸੀਂ ਇਹੀ ਫੈਸਲਾ ਕੀਤਾ ਹੈ ? ਤੁਸੀਂ ਕੁੱਝ ਹੋਰ ਨਹੀਂ ਸੋਚੋਗੇ ?"

"ਇਹ ਮੇਰਾ ਫਰਜ਼ ਹੈ, ਜਿਸਨੂੰ ਮੈਂ ਜਰੂਰ ਪੂਰਾ ਕਰਾਂਗਾ ਅਤੇ ਮੈਨੂੰ ਕਰਨਾ ਚਾਹੀਦਾ

"ਕਿਹੋ ਜਿਹੇ ਮਰਦ ਹੋ ? ਮੇਰਾ ਜ਼ਰਾ ਵੀ ਖਿਆਲ ਨਹੀਂ ਕਰੋਗੇ ?"

ਜਗਤ ਸਿੰਘ ਦਾ ਭਾਵ ਬਦਲ ਗਿਆ। ਉਸਨੇ ਪ੍ਰਮਦਾ ਵੱਲ ਘੂਰ ਕੇ ਵੇਖਿਆ ਅਤੇ ਕਿਹਾ— "ਤੂੰ ਰਾਜ ਪੁਤਣੀ ਹੈ ?"

(2)

"ਤੂੰ ਰਾਜਪੂਤਣੀ ਦਾ ਦੁੱਧ ਪੀਤਾ ਹੈ ?'

“ਹਾਂ”

"ਤਾਂ ਫਿਰ ਇਹ ਸ਼ਬਦ ਤੇਰੇ ਮੂੰਹੋਂ ਕਿਵੇਂ ਨਿਕਲੇ ? ਰਾਜਪੂਤ ਸ਼ੇਰਨੀ ਮਰ ਜਾਣਾ ਪਸੰਦ ਕਰਦੀ ਹੈ, ਪਰ ਇਹ ਸ਼ਬਦ ਮੂੰਹ ਨਹੀਂ ਕਢਦੀ। ਸਾਡੇ ਇਤਿਹਾਸ ਵਿੱਚ ਇਸਤਰੀਆਂ ਨੇ ਮਰਦਾ ਨੂੰ ਜੰਗ ਵਿੱਚ ਜਾਣ ਤੋਂ ਕਦੇ ਨਹੀਂ ਰੋਕਿਆ। ਉਹ ਇਹ ਸੋਚ ਵੀ ਨਹੀਂ ਸਕਦੀਆਂ।"

ਪ੍ਰਮਦਾ ਦੀਆਂ ਅੱਖਾਂ ਵਿਚੋਂ ਹੰਝੂ ਵਗਣ ਲੱਗੇ। ਉਹ ਰੋਂਦੇ ਰੋਂਦੇ ਬੋਲੀ-"ਮੈਂ ਤੁਹਾਨੂੰ ਜੰਗ ਦੇ ਮੈਦਾਨ ਵਿੱਚ ਜਾਣੋ ਨਹੀਂ ਰੋਕਦੀ, ਇਹ ਤੁਹਾਡੇ ਉੱਤੇ ਦੇਸ਼ ਦਾ ਰਿਣ ਹੈ। ਪਰਮਾਤਮਾ ਕਰੇ ਤੁਹਾਡਾ ਜਸ ਦੂਰ ਦੂਰ ਤਕ ਫੈਲੇ। ਪਰ ਮੇਰੇ ਇਹ ਵਿਛੋੜੇ ਦੇ ਦਿਨ ਕਿਵੇਂ ਕੱਟਣਗੇ ! ਮੇਰੀਆਂ ਅੱਖਾਂ ਤੁਹਾਨੂੰ ਢੂੰਡਦੀਆਂ ਰਹਿਣਗੀਆਂ, ਮੈਂ ਕੀ ਕਰਾਂਗੀ !"

ਜਗਤ ਸਿੰਘ ਦਾ ਗੁੱਸਾ ਇਨ੍ਹਾਂ ਹੰਝੂਆ ਵਿੱਚ ਵਹਿ ਗਿਆ-ਜਿਵੇਂ ਦਰਿਆ ਦੀ ਜ਼ੋਰਦਾਰ ਲਹਿਰ ਵਿੱਚ ਤੀਲਾ ਰੁੜ ਜਾਂਦਾ ਹੈ। ਕਠੋਰਤਾ ਦੀ ਥਾਂ ਕੋਮਲਤਾ ਨੇ ਲੈ ਲਈ ਹੋਲੀ ਜਿਹੀ ਬੋਲਿਆ- ਥੋੜੇ ਦਿਨਾਂ ਦੀ ਗੱਲ ਹੈ। ਮੈਂ ਛੇਤੀ ਹੀ ਵਾਪਸ ਆ ਜਾਵਾਂਗਾ।"

"ਪਰ ਮੇਰੀ ਜੋ ਹਾਲਤ ਹੋਵੇਗੀ, ਉਹ ਮੈਂ ਹੀ ਜਾਣਦੀ ਹਾਂ।"

"ਭਵਿਖ ਦਾ ਵਿਚਾਰ ਕਰ। ਮੈਂ ਜੰਗ ਦੇ ਮੈਦਾਨ ਵਿੱਚ ਆਪਣੇ ਨਾਂ ਦੇ ਡੰਕੇ ਵਜਾ ਦੇਵਾਂਗਾ।"

"ਇਸ ਵੇਲੇ ਤਾਂ ਕੋਈ ਮੇਰਾ ਕਲੇਜਾ ਮਸਲ ਰਿਹਾ ਹੈ।"

"ਥੋੜੇ ਦਿਨਾਂ ਬਾਅਦ ਤੇਰੀਆਂ ਸਹੇਲੀਆਂ ਤੈਨੂੰ ਵਧਾਈਆਂ ਦੇ ਰਹੀਆਂ ਹੋਣਗੀਆਂ।"

"ਪਰਮਾਤਮਾ ਕਰੋ ਉਹ ਦਿਨ ਛੇਤੀ ਆਵੇ -ਮੈਂ ਉਸਦੀ ਉਡੀਕ ਵਿੱਚ ਤੁਹਾਡੇ ਲਈ ਜੀਉਂਦੀ ਰਹਾਂਗੀ।"

ਇਹ ਕਹਿੰਦੇ ਕਹਿੰਦੇ ਪ੍ਰਮਦਾ ਨੇ ਅੱਖਾਂ ਮੀਟ ਲਈਆਂ, ਅਤੇ ਉਸ ਦੀ ਕਲਪਨਾ ਵਿੱਚ ਗੁਆਚ ਗਈ। ਇਹ ਕਲਪਨਾ ਕਿੰਨੀ ਮਨੋਹਰ ਸੀ ? ਕਿੰਨੀ ਆਨੰਦ ਭਰੀ ਪ੍ਰਮਦਾ ਦੀਆਂ ਅੱਖਾਂ ਸਾਮ੍ਹਣੇ ਉਹ ਦ੍ਰਿਸ਼ ਫਿਰ ਗਿਆ, ਜਦੋਂ ਜਗਤ ਸਿੰਘ ਜਿਤ ਦਾ ਝੰਡਾ ਲਹਿਰਾਉਂਦਾ ਹੋਇਆ ਵਾਪਸ ਆਵੇਗਾ। ਅਤੇ ਲੋਕ ਉਸਦੇ ਰਾਹ ਵਿੱਚ ਅੱਖਾਂ ਵਿਛਾ ਦੇਣਗੇ।

ਸੋਚਣ ਲੱਗੀ, ਉਸ ਵੇਲੇ ਮੈਂ ਕਿੰਨੀ ਖੁਸ਼ ਹੋਵਾਂਗੀ ! ਧਰਤੀ ਤੇ ਪੈਰ ਨਹੀਂ ਲੱਗਣਗੇ। ਮਨ ਦੀ ਖੁਸ਼ੀ ਮਨ ਵਿੱਚ ਨਾ ਸਮਾ ਸਕੇਗੀ, ਅਤੇ ਹੋਠਾਂ ਤੇ ਮੁਸਕਰਾਹਟ ਬਣ ਕੇ ਪ੍ਰਗਟ ਹੋ ਜਾਵੇਗੀ। ਅਤੇ ਉਸਦਾ ਸਵਰਗ ਉਸ ਲਈ ਧਰਤੀ ਤੇ ਉਤਰ ਆਵੇਗਾ

ਇਕਦਮ ਉਸਨੇ ਜਗਤ ਸਿੰਘ ਨਾਲ ਆਪਣੀਆਂ ਅੱਖਾਂ ਮਿਲਾਈਆਂ ਅਤੇ ਦੁੱਖ ਤੇ ਚਿੰਤਾ ਦੇ ਹੰਝੂਆਂ ਨੂੰ ਲੁਕਾ ਕੇ ਪੁੱਛਿਆ- "ਇਹ ਮਹਿਬੂਬ ਖਾਂ ਕੌਣ ਹੈ ?"

"ਮੁਗਲ ਸਿਪਾਹਸਲਾਰ।"

"ਅੱਛਾ ! ਅਤੇ ਚੜ੍ਹਾਈ ਦਾ ਕਾਰਣ ਕੀ ਹੈ ? ਸਾਡੇ ਰਾਣਾ ਨੇ ਤਾਂ ਮੁਗਲਾਂ ਤੇ ਕਦੇ ਹਮਲਾ ਨਹੀਂ ਕੀਤਾ।"

"ਉਹ ਸਾਨੂੰ ਜਿਤਣਾ ਚਾਹੁੰਦੇ ਹਨ।"

ਪ੍ਰਮਦਾ ਨੇ ਇਸਤਰੀਆਂ ਦੀ ਸੁਭਾਵਕ ਅਦਾ ਨਾਲ ਆਪਣੀ ਲੰਮੀ ਤੇ ਨਾਜ਼ਕ ਉਂਗਲ ਆਪਣੀ ਗਲ੍ਹ ਤੇ ਰੱਖੀ ਤੇ ਹੈਰਾਨ ਹੋ ਕੇ ਬੋਲੀ-"ਜੇ ਅਸੀਂ ਹਾਰ ਗਏ ਤਾਂ ਫਿਰ ਕੀ ਹੋਵੇਗਾ ?"

ਇਹ ਕਹਿ ਕੇ ਉਸਨੇ ਠੰਡਾ ਸਾਹ ਭਰਿਆ।

ਜਗਤ ਸਿੰਘ ਨੇ ਇਕ ਹੱਥ ਨਾਲ ਉਸ ਦਾ ਮੋਢਾ ਫੜ ਕੇ ਉਸਨੂੰ ਪਿਆਰ ਨਾਲ ਹਿਲਾਇਆ, ਦੂਜਾ ਹੱਥ ਆਪਣੀ ਤਲਵਾਰ ਦੀ ਮੁੱਠ ਤੇ ਰਖਿਆ, ਅਤੇ ਕਿਹਾ— "ਪ੍ਰਮਦਾ !

ਇਹ ਕਦੇ ਨਹੀਂ ਹੋ ਸਕਦਾ। ਅਸੀਂ ਵੀ ਰਾਜਪੂਤ ਹਾਂ। ਅਸੀਂ ਵੀ ਸਿਰਾਂ ਦੀ ਬਾਜ਼ੀ ਲਾ ਦਿਆਂਗੇ। ਸਾਨੂੰ ਮਾਰਨਾ ਆਸਾਨ ਨਹੀਂ, ਸਾਨੂੰ ਜਿਤਣਾ ਸੌਖਾ ਨਹੀਂ।"

ਇੰਨੇ ਵਿੱਚ ਡੰਕੇ ਦੀ ਚੋਟ ਸੁਣਾਈ ਦਿਤੀ। ਜਗਤ ਸਿੰਘ ਤੇ ਪ੍ਰਮਦਾ ਦੋਵੇ ਉਡਦੇ ਹੋਏ ਸੜਕ ਦੇ ਕਿਨਾਰੇ ਪਹੁੰਚ ਗਏ। ਉਥੇ ਸਿਪਾਹੀਆਂ ਦਾ ਸਮੁੰਦਰ ਲਹਿਰਾ ਰਿਹਾ ਸੀ। ਉਸ ਵੇਲੇ ਉਨ੍ਹਾਂ ਦੇ ਚਿਹਰਿਆਂ ਤੇ ਕੈਸਾ ਤੇਜ ਸੀ, ਅੱਖਾਂ ਵਿੱਚ ਕੈਸੀ ਚਮਕ ! ਪ੍ਰਮਦਾ ਦੀ ਸੁੱਤੀ ਹੋਈ ਬਹਾਦਰੀ ਵੀ ਜਾਗ ਉਠੀ। ਸ਼ੇਰਨੀ ਮਾਂ ਦਾ ਦੁੱਧ ਵਿਅੱਰਥ ਨਾ ਗਿਆ।

ਉਹ ਟਿਕਟਕੀ ਲੱਗਾ ਕੇ ਉਨ੍ਹਾਂ ਬਹਾਦਰ ਸਿਪਾਹੀਆਂ ਵੱਲ ਵੇਖਣ ਲੱਗੀ, ਜਿਹੜੇ ਆਪਣੀ ਜਨਮ-ਭੂਮੀ ਦੀ ਲਾਜ ਰੱਖਣ ਲਈ ਪ੍ਰਾਣ ਭੇਟਾ ਕਰਨ ਲਈ ਪਹਿਲੀ ਟੁਕੜੀ ਵਿੱਚ ਜਾ ਰਹੇ ਸਨ। ਇਕਦਮ ਉਸ ਦੇ ਮਨ ਵਿੱਚ ਸ਼ੰਕਾ ਪੈਦਾ ਹੋਈ-ਮਤੇ ਜਗਤ ਸਿੰਘ ਜ਼ਖ਼ਮੀ ਨਾ ਹੋ ਜਾਵੇ, ਮਾਰਿਆ ਨਾ ਜਾਵੇ। ਇਸ ਸ਼ੰਕਾ ਦਾ ਪੈਦਾ ਹੋਣਾ ਸੀ, ਕਿ ,ਉਸਦੀਆਂ ਅੱਖਾਂ ਅੱਗੇ ਫਿਰ ਹਨੇਰਾ ਛਾ ਗਿਆ। ਉਸਨੇ ਸਹਾਰੇ ਲਈ ਜਗਤ ਸਿੰਘ ਵੱਲ ਹੱਥ ਵਧਾਇਆ,

ਪਰ ਉਹ ਉਥੇ ਨਹੀਂ ਸਨ। ਭੀੜ ਵਿੱਚ ਕਿਸ ਵੇਲੇ ਵਿਛੜ ਗਿਆ, ਇਹ ਉਸ ਨੂੰ ਪਤਾ ਵੀ ਨਾ ਲਗਿਆ। ਪ੍ਰਮਦਾ ਬੇਹੋਸ਼ ਹੋ ਕੇ ਜ਼ਮੀਨ ਤੇ ਡਿਗ ਪਈ।

ਘੋੜੇ ਦੌੜ ਰਹੇ ਸਨ ਅਤੇ ਹਰ ਦਰਸ਼ਕ ਜੋ ਪੂਰੀ ਸਾਵਧਾਨੀ ਨਾਲ ਆਪਣਾ ਬਚਾਅ ਨਹੀਂ ਸੀ ਕਰ ਰਿਹਾ, ਉਹ ਸੰਕਟ ਵਿਚ ਸੀ। ਪ੍ਰਮਦਾ ਦੇ ਬੇਹੋਸ਼ ਸਰੀਰ ਤੇ ਘੋੜਾ ਪੰਚ ਰਖਣ ਹੀ ਵਾਲਾ ਸੀ ਕਿ ਇਕ ਸਵਾਰ ਨੇ ਬਿਜਲੀ ਦੀ ਤੇਜ਼ੀ ਨਾਲ ਅਗੇ ਵੱਧ ਕੇ ਉਹ ਨੂੰ ਇਸ ਤਰ੍ਹਾਂ ਚੁੱਕ ਲਿਆ ਜਿਸ ਤਰ੍ਹਾਂ ਕੋਈ ਸਿਪਾਹੀ ਧਰਤੀ ਵਿਚ ਖੁੱਭੇ ਹੋਏ ਨੇਜ਼ੇ ਨੂੰ ਕੱਢ ਲੈਂਦਾ ਹੈ। ਪ੍ਰਮਦਾ ਬਚ ਗਈ।

ਜਦੋਂ ਉਹਨੂੰ ਹੋਸ਼ ਆਈ ਉਹ ਆਪਣੇ ਘਰ ਸੀ। ਉਸ ਦੇ ਸਾਹਮਣੇ ਇਕ ਸੋਹਣਾ ਨੌਜਵਾਨ ਬੈਠਾ ਸੀ। ਪ੍ਰਮਦਾ ਨੇ ਉਸ ਨੂੰ ਵੇਖਿਆ। ਉਸ ਨੇ ਪ੍ਰਮਦਾ ਨੂੰ ਵੇਖਿਆ ਅਤੇ ਇਕ ਹੀ ਨਜ਼ਰ ਵਿਚ ਉਸ ਦੇ ਕਈ ਸੰਸਾਰ ਬਦਲ ਗਏ। ਪ੍ਰਮਦਾ ਦੀ ਜਾਨ ਤਾਂ ਬਚ ਗਈ ਸੀ ਪਰ ਦਿਲ ਨਾ ਬਚ ਸਕਿਆ। ਉਹਨੂੰ ਕਾਮਦੇਵ ਦੇ ਤੀਰਾਂ ਨੇ ਵਿੰਨ ਦਿੱਤਾ ਸੀ। ਉਸ ਨੂੰ ਨਵੇਂ ਆਦਮੀ ਦੇ ਪਿਆਰ ਨੇ ਜਿੱਤ ਲਿਆ ਸੀ।

ਇਹ ਸਿਪਾਹੀ ਰਾਣਾ ਦਾ ਸਿਪਾਹਸਾਲਾਰ ਜੈ ਸਿੰਘ ਸੀ। ਉਸ ਦੀ ਤੇ ਪ੍ਰਮਦਾ ਦੀ ਪ੍ਰੀਤ ਨੇ ਜਗਤ ਸਿੰਘ ਦਾ ਜੀਣਾ ਔਖਾ ਕਰ ਦਿੱਤਾ। ਪਰ ਉਹ ਕਰ ਕੀ ਸਕਦਾ ਸੀ। ਉਸ ਨੂੰ ਪ੍ਰਮਦਾ ਤੋਂ ਇਹ ਆਸ ਨਹੀਂ ਸੀ। ਉਹ ਸੋਚਦਾ ਸੀ ਕਿ ਸਭ ਕੁਝ ਹੋ ਸਕਦਾ ਹੈ ਪਰ ਪ੍ਰਮਦਾ ਉਸ ਨੂੰ ਧੋਖਾ ਨਹੀਂ ਦੇ ਸਕਦੀ। ਉਨ੍ਹਾਂ ਨੂੰ ਇਸ ਦਾ ਪੂਰਾ ਭਰੋਸਾ ਸੀ। ਪਰ ਜੋ ਸੋਚਿਆ ਨਹੀਂ

ਸੀ ਉਹੀ ਹੋਇਆ। ਪ੍ਰਮਦਾ ਅੱਖਾਂ ਚੁਰਾਉਣ ਲੱਗੀ। ਜੋ ਪ੍ਰੇਮ ਦੀ ਭੁੱਖੀ ਸੀ, ਉਹ ਧਨ ਦੌਲਤ ਤੇ ਮਾਣ ਨੂੰ ਆਪਣਾ ਦਿਲ ਦੇ ਬੈਠੀ ਅਤੇ ਇਕ ਹਫ਼ਤੇ ਦੇ ਅੰਦਰ ਅੰਦਰ ਹੀ ਉਸ ਦੀ ਮੰਗਣੀ ਜੈ ਸਿੰਘ ਨਾਲ ਹੋਣੀ ਪੱਕੀ ਹੋ ਗਈ। ਮੰਗਣੀ ਹਾਲੇ ਹੋਈ ਨਹੀਂ ਸੀ। ਪਰ ਜੈ ਸਿੰਘ ਖੁਸ਼ੀ ਨਾਲ ਪਾਗਲ ਹੋ ਉਠਿਆ। ਹੋਵੇ ਵੀ ਕਿਉਂ ਨਾ ? ਉਸ ਨੂੰ ਤਾਂ ਜਿਵੇਂ ਆਸਮਾਨ ਦਾ ਚੰਨ ਮਿਲ ਗਿਆ ਸੀ। ਜਗਤ ਸਿੰਘ ਨੇ ਇਹ ਸੁਣਿਆ ਤਾਂ ਸਿਰ ਧੁਨ ਕੇ ਰਹਿ ਗਿਆ। ਉਸ ਦੀ ਖੁਸ਼ੀ ਮਿੱਧੇ ਹੋਏ ਸੱਪ ਵਾਂਗ ਮਿੱਟੀ ਵਿਚ ਰੁਲਣ ਲੱਗੀ। ਪਰ ਉਨ੍ਹਾਂ ਨੇ ਆਪਣੇ ਹਾਵ-ਭਾਵ ਵਿਚ ਕੋਈ ਫਰਕ ਨਾ ਆਉਣ ਦਿੱਤਾ ਅਤੇ ਸੰਝ ਸਮੇਂ ਉਹ ਪਹਿਲਾਂ ਵਾਂਗ ਹੀ ਨਦੀ ਕਿਨਾਰੇ ਬੈਠਦੇ ਰਹੇ ਤੇ ਪ੍ਰਮਦਾ ਦੀ ਰਾਹ ਵੇਖਦੇ ਰਹੇ। ਉਨ੍ਹਾਂ ਦਾ ਵਿਚਾਰ ਸੀ ਕਿ ਸ਼ਾਇਦ ਕਦੀ ਪ੍ਰਮਦਾ ਇਧਰ ਆ ਜਾਵੇ ਤਾਂ ਉਸ ਨਾਲ ਦੋ ਗਲਾਂ ਹੀ ਹੋ ਜਾਣ। ਪਰ ਪ੍ਰਮਦਾ ਨੇ ਕਦੇ ਉਧਰ ਮੂੰਹ ਨਾ ਕੀਤਾ। ਉਧਾਰ ਲੈ ਕੇ ਲੋਕ ਬਾਣੀਆਂ ਦੀ ਦੁਕਾਨ ਸਾਹਮਣਿਓਂ ਲੰਘਣਾ ਬੰਦ ਕਰ ਦਿੰਦੇ ਹਨ।

ਪੰਦਰਾਂ ਦਿਨ ਬੀਤ ਗਏ। ਫੌਜ਼ ਦੀ ਦੂਜੀ ਟੁਕੜੀ ਸਰਹੱਦ ਨੂੰ ਰਵਾਨਾ ਹੋ ਗਈ। ਪ੍ਰਮਦਾ ਦਾ ਦਿਲ ਦੁੱਖ ਦੇ ਭਾਰ ਨਾਲ ਦਬ ਗਿਆ। ਪਰ ਹੁਣ ਚਿੰਤਾ ਜਗਤ ਸਿੰਘ ਲਈ ਨਹੀਂ ਸੀ, ਜੈ ਸਿੰਘ ਲਈ ਸੀ ਜਿਸ ਨੂੰ ਹੁਣ ਉਹ ਦਿਲ ਦੇ ਚੁੱਕੀ ਸੀ, ਜਿਸ ਨਾਲ ਉਸ ਨੇ ਪਿਆਰ ਦੇ ਵਾਅਦੇ ਕੀਤੇ ਸਨ, ਜਿਸ ਨਾਲ ਉਸ ਦੇ ਵਿਆਹ ਦੀ ਗੱਲ ਪੱਕੀ ਹੋ ਰਹੀ ਸੀ।

ਔਰਤ ਆਪਣੇ ਪਿਆਰ ਵਿਚ ਇੰਨਾ ਬਦਲ ਜਾਂਦੀ ਹੈ, ਇਹ ਜਗਤ ਸਿੰਘ ਲਈ ਨਵਾਂ ਅਨੁਭਵ ਸੀ। ਪਰ ਉਹ ਪ੍ਰਮਦਾ ਦੇ ਪਿਆਰ ਵਿਚ ਹੁਣ ਵੀ ਦ੍ਰਿੜ ਸਨ ਅਤੇ ਜਿਸ ਦਿਨ ਉਨ੍ਹਾਂ ਨੇ ਰਣਭੂਮੀ ਵਿਚ ਜਾਣਾ ਸੀ, ਉਸ ਦਿਨ ਵੀ ਉਹ ਨਦੀ ਕਿਨਾਰੇ ਪਹੁੰਚੇ, ਉਸ ਸਥਾਨ ਤੇ ਜਿਥੇ ਉਹ ਤੇ ਪ੍ਰਮਦਾ ਇਕੱਠੇ ਬੈਠ ਕੇ ਪ੍ਰੇਮ ਦੀਆਂ ਗੱਲਾਂ ਕਰਿਆ ਕਰਦੇ ਸਨ, ਰੋ ਰੋ ਕੇ ਵਿਦਾ ਹੋਏ ਸਨ।

ਜੈ ਸਿੰਘ ਫੌਜ ਦੇ ਨਾਲ ਮੈਦਾਨੇ ਜੰਗ ਵਿੱਚ ਪਹੁੰਚਿਆ। ਉਥੇ ਬੜੀ ਸਖ਼ਤ ਮਾਰਕਾਣ ਮਚੀ ਹੋਈ ਸੀ। ਜੈ ਸਿੰਘ ਨੇ ਆਪਣੇ ਵਲੋਂ ਸਾਰਾ ਜ਼ੋਰ ਲਾ ਦਿੱਤਾ, ਪਰ ਕਿਸਮਤ ਦੇ ਸਾਮ੍ਹਣੇ ਇਕ ਨਾ ਚਲੀ। ਰਾਜਪੂਤਾਂ ਦੇ ਪੈਰ ਉਖੜ ਗਏ, ਮਹਿਬੂਬ ਖ਼ਾਂ ਦੀ ਫ਼ੌਜ ਵਿੱਚ ਜਿਤ ਦੇ ਨਾਅਰੇ ਬੁਲੰਦ ਹੋਏ। ਜੈ ਸਿੰਘ ਭੱਜ ਨਸਿਆ। ਉਸਨੂੰ ਨਾਂ ਅਤੇ ਜਸ ਦੀ ਲਾਲਸਾ ਤਾਂ ਸੀ, ਪਰ ਉਸ ਜਸ ਲਈ ਜਿਸ ਲਈ ਬਲ ਤੇ ਬਲੀਦਾਨ ਦੀ ਲੋੜ ਸੀ ਉਹ ਉਸਦੇ ਪਾਸ ਨਹੀਂ ਸੀ। ਫ਼ੌਜ ਨੇ ਜਦੋਂ ਆਪਣੇ ਸੈਨਾਪਤੀ ਨੂੰ ਨਾ ਵੇਖਿਆ ਤਾਂ ਉਸ ਦੀ ਰਹੀ ਸਹੀ ਹਿੰਮਤ ਵੀ ਟੁਟ ਗਈ। ਚਾਰੇ

ਪਾਸੇ ਆਪਾ ਧਾਪੀ ਮੱਚ ਗਈ ਅਪਮਾਨ ਸਾਮ੍ਹਣੇ ਖਲੋਤਾ ਘੂਰ ਰਿਹਾ ਸੀ। ਹਾਰ ਦਬੇ ਪੈਰੀ ਉਨ੍ਹਾਂ ਵੱਲ ਵੱਧ ਰਹੀ ਸੀ।

ਜਗਤ ਸਿੰਘ ਨੇ ਇਹ ਵੇਖਿਆ ਤਾਂ ਉਸਦੀਆਂ ਅੱਖਾਂ ਵਿਚੋਂ ਅੱਗ ਦੇ ਅੰਗਾਰੇ ਨਿਕਲਣ ਲੱਗੇ। ਉਹ ਸ਼ੇਰ ਵਾਂਗ ਗੱਜਣ ਲੱਗਾ। ਉਸ ਵੇਲੇ ਉਸਦੀ ਜਬਾਨ ਉੱਤੇ ਸਰਸਵਤੀ ਸੀ। ਇਕ ਇਕ ਸ਼ਬਦ ਦਿਲ ਵਿੱਚ ਪੁੜਦਾ ਜਾਂਦਾ ਸੀ। ਉਸਦੀ ਤਕਰੀਰ ਨੇ ਨਸਦੀ ਹੋਈ ਫ਼ੌਜ ਦੇ ਪੈਰਾ ਵਿੱਚ ਜੰਜੀਰ ਪਾ ਦਿੱਤੀ। ਜਿੱਤ ਤੇ ਹਾਰ ਵਿਚਕਾਰ ਫਿਰ ਘਮਸਾਨ ਮਚ ਗਿਆ। ਜਗਤ ਸਿੰਘ ਜਿਸ ਪਾਸੇ ਪੈਂਦਾ ਸੀ, ਕਤਾਰਾਂ ਦੀਆਂ ਕਤਾਰਾਂ ਸਾਫ਼ ਕਰ ਸੁਟਦਾ ਸੀ। ਉਸਦੇ ਸਾਮ੍ਹਣੇ ਕੋਈ ਅੜ ਨਹੀਂ ਸੀ ਸਕਦਾ। ਜਿਵੇਂ ਤੂਫਾਨ ਦੇ ਸਾਮ੍ਹਣੇ ਤੀਲਾ ਨਹੀਂ ਖਲੋਂਦਾ ਇਥੋਂ ਤਕ ਕਿ ਸ਼ਾਮ ਹੁੰਦੇ ਹੋਏ ਜੰਗ ਦਾ ਪਾਸਾ ਪਲਟ ਗਿਆ। ਜੋ ਜੇਤੂ ਸਨ, ਉਨ੍ਹਾਂ ਨੂੰ ਹਾਰਨ ਦੀ ਸੰਭਾਵਨਾ ਦਿਸਣ ਲੱਗੀ, ਅਤੇ ਜੋ ਹਾਰ ਰਹੇ ਸਨ, ਉਨ੍ਹਾਂ ਲਈ ਫ਼ਤਹਿ ਯਕੀਨੀ ਬਣ ਗਈ। ਜਿਤ ਤੇ ਹਾਰ ਵਿਚਕਾਰ ਦੋ ਕਦਮਾਂ ਦਾ ਹੀ ਫ਼ਾਸਲਾ ਹੁੰਦਾ ਹੈ। ਪਰ ਸਿਪਾਹੀਆਂ ਨੂੰ ਇਹ ਪਤਾ ਨਾ ਲਗਿਆ ਕਿ ਜੈ ਸਿੰਘ ਭੱਜ ਜਾਣ ਵਾਲਾ ਸੀ।

ਦੂਜੇ ਦਿਨ ਜੰਗ ਫਿਰ ਸ਼ੁਰੂ ਹੋਈ। ਅੱਜ ਦੋਹਾਂ ਪਾਸੇ ਬੜਾ ਜੋਸ਼ ਸੀ। ਇਕ ਪਾਸੇ ਦਾ ਹੌਸਲਾ ਵਧਿਆ ਹੋਇਆ ਸੀ, ਦੂਜਾ ਜੀਵਨ ਤੋਂ ਹੱਥ ਧੋ ਕੇ ਸ਼ੱਪ ਵਾਂਗ ਫੁੰਕਾਰੇ ਮਾਰ ਰਿਹਾ ਸੀ। ਪਰ ਜਗਤ ਸਿੰਘ ਵਰਗੀ ਨਿਡਰਤਾ ਕਿਸੇ ਵਿੱਚ ਵਿਖਾਈ ਨਹੀਂ ਸੀ ਦਿੰਦੀ। ਉਹ ਮੋਹ ਛੱਡ ਚੁਕਾ ਸੀ। ਉਸਨੂੰ ਜੀਵਨ ਦੀ ਕੋਈ ਲਾਲਸਾ ਨਹੀਂ ਸੀ। ਸੋਚਦਾ ਸੀ, ਜੇ ਬਚ ਵੀ ਗਿਆ ਤਾਂ ਕੀ ਕਰਾਂਗਾ ? ਮੇਰੇ ਜੀਵਨ ਦੀ ਬਸੰਤ ਸਮਾਪਤ ਹੋ ਚੁਕੀ ਹੈ, ਹੁਣ ਪਤਝੜ ਵਿੱਚ ਰਹੇ ਵੀ ਤਾਂ ਕੀ ਰਹੇ ! ਇਸ ਤੋਂ ਤਾਂ ਇਹੀ ਚੰਗਾ ਹੈ ਕਿ ਜਨਮ-ਭੂਮੀ ਤੋਂ ਨਿਛਾਵਰ ਹੋ ਜਾਵਾਂ। ਕੋਈ ਯਾਦ ਤਾਂ ਕਰੇਗਾ ! ਇਸ ਵਿਚਾਰ ਨੇ ਉਸਨੂੰ ਮੌਤ ਵਲੋਂ ਬੇਪਰਵਾਹ ਕਰ ਦਿੱਤਾ। ਉਹ ਮਰਨ ਲਈ ਤਿਆਰ ਸੀ। ਪਰ ਮੌਤ ਉਸਦੇ ਨੇੜੇ ਨਹੀਂ ਸੀ ਢੁਕਦੀ। ਮਾਨੋ ਉਸਨੂੰ ਵੀ ਉਸ ਤੋਂ ਡਰ ਆਉਂਦਾ ਸੀ।

ਇਕਦਮ ਉਸਨੂੰ ਪਤਾ ਲੱਗਾ ਕਿ ਜੈ ਸਿੰਘ ਦੁਸ਼ਮਨ ਦੇ ਘੇਰੇ ਵਿੱਚ ਹੈ। ਜਗਤ ਸਿੰਘ ਦੇ ਹੋਠਾਂ ਉਤੇ ਬਦਲੇ ਦੀ ਮੁਸਕਰਾਹਟ ਖੇਡਣ ਲੱਗੀ। ਪਰ ਦੂਜੇ ਹੀ ਪਲ ਉਸਨੂੰ ਇੰਝ ਮਹਿਸੂਸ ਹੋਇਆ ਕਿ ਪ੍ਰਮਦਾ ਉਸ ਵੱਲ ਨਫ਼ਰਤ ਨਾਲ ਵੇਖ ਰਹੀ ਹੈ, ਅਤੇ ਕਹਿ ਰਹੀ ਹੈ— ਮੈਨੂੰ ਇਹ ਖ਼ਿਆਲ ਨਹੀਂ ਸੀ ਕਿ ਤੁਸੀਂ ਇੰਨੇ ਨੀਚ ਵੀ ਹੋ ਸਕਦੇ ਹੋ। ਇਸ ਵੇਲੇ ਉਹ ਤੇਰਾ

ਦੁਸ਼ਮਣ ਨਹੀਂ, ਸਾਥੀ ਹੈ, ਜੋ ਤੇਰੇ ਨਾਲ ਮਿਲ ਕੇ ਤੇਰੇ ਦੇਸ਼ ਦੇ ਦੁਸ਼ਮਣਾਂ ਨਾਲ ਲੜ ਰਿਹਾ ਹੈ। ਅਤੇ ਤੂੰ ਉਸ ਦੀ ਹਾਰ ਤੇ ਖੁਸ਼ ਹੋ ਰਿਹਾ ਹੈ ਅਤੇ ਉਸ ਦੀ ਮੌਤ ਦੀ ਇੱਛਾ ਕਰ ਰਿਹਾ ਹੈ।

ਨਦੀ ਦਾ ਵਹਾਉ ਬਦਲ ਗਿਆ। ਜਗਤ ਸਿੰਘ ਨੇ ਘੋੜੇ ਨੂੰ ਅੱਡੀ ਲਾਈ ਅਤੇ ਉਡਦਾ ਹੋਇਆ ਉਥੇ ਪਹੁੰਚ ਗਿਆ, ਜਿਥੇ ਜੈ ਸਿੰਘ ਜ਼ਮੀਨ ਤੇ ਬੇਹੋਸ਼ ਪਿਆ ਸੀ, ਅਤੇ ਇਕ ਮੁਗਲ ਸਪਾਹੀ ਉਸ ਉੱਤੇ ਝੁਕਿਆ ਉਸਨੂੰ ਕਤਲ ਕਰਨ ਲੱਗਾ ਸੀ। ਜੇ ਇਕ ਛਿਣ ਦੀ ਵੀ ਦੇਰ ਹੋ ਜਾਂਦੀ ਤਾਂ ਜੈ ਸਿੰਘ ਮਾਰਿਆ ਜਾਂਦਾ। ਇੰਨੇ ਵਿੱਚ ਜਗਤ ਸਿੰਘ ਘੋੜੇ ਨੂੰ ਉਡਾਦਾ ਹੋਇਆ ਉਥੇ ਪਹੁੰਚਿਆ ਅਤੇ ਜੈ ਸਿੰਘ ਦੇ ਬੇਹੋਸ਼ ਸਰੀਰ ਨੂੰ ਉਠਾ ਕੇ ਲੈ ਗਿਆ। ਦੁਸ਼ਮਣ ਹੈਰਾਨ ਰਹਿ ਗਏ। ਇਸ ਚਮਤਕਾਰ ਦੀ ਕਿਸੇ ਨੂੰ ਵੀ ਆਸ ਨਹੀਂ ਸੀ।

ਜਗਤ ਸਿੰਘ ਤੇ ਚਾਰੇ ਪਾਸਿਉਂ ਤੀਰਾਂ ਦੀ ਵਰਖਾ ਹੋਣ ਲੱਗੀ, ਪਰ ਉਹ ਇਨ੍ਹਾਂ ਦੀ ਜ਼ਰਾ ਵੀ ਪਰਵਾਹ ਨਹੀਂ ਸੀ ਕਰਦਾ ਅਤੇ ਘੋੜੇ ਨੂੰ ਉਡਾਈ ਲਈ ਜਾਂਦਾ ਸੀ। ਇਸ ਵੇਲੇ ਉਸਨੂੰ ਆਪਣੇ ਤਨਬਦਨ ਦੀ ਹੋਸ਼ ਨਹੀਂ ਸੀ, ਨਾ ਮਰਨ ਦਾ ਡਰ ਸੀ। ਉਸਨੂੰ ਕੇਵਲ ਇਕੋ ਵਿਚਾਰ ਸੀ, ਕਿ ਕਿਸੇ ਤਰ੍ਹਾਂ ਜੈ ਸਿੰਘ ਦੀ ਜਾਨ ਬਚ ਜਾਵੇ ਅਤੇ ਉਸਦਾ ਇਹ ਮਨੋਰਥ ਪੂਰਾ ਹੋ ਗਿਆ। ਪਰ ਉਸਦਾ ਆਪਣਾ ਸਰੀਰ ਤੀਰਾਂ ਨਾਲ ਛਾਣਨੀ ਹੋ ਗਿਆ। ਇਸ ਘਟਨਾ ਨੂੰ ਉਨ੍ਹਾਂ ਦੀ ਆਪਣੀ ਫ਼ੌਜ ਦੇ ਕਿਸੇ ਆਦਮੀ ਨੇ ਨਾ ਵੇਖਿਆ। ਸਿਵਾਇ ਇਕ ਦੇ ਉਹ ਕੌਣ ਸੀ?

(3)

ਜੇਤੂ ਫੌਜ ਮੇਵਾੜ ਵਿੱਚ ਪਹੁੰਚੀ, ਤਾਂ ਲੋਕਾਂ ਨੇ ਫ਼ੌਜ ਦੇ ਪੈਰਾਂ ਹੇਠਾਂ ਅੱਖਾਂ ਵਿਛਾ ਦਿੱਤੀਆਂ। ਜੈ ਸਿੰਘ ਦੀ ਖੁਸ਼ੀ ਦਾ ਠਿਕਾਣਾ ਨਹੀਂ ਸੀ। ਬਾਜ਼ਾਰਾਂ ਵਿੱਚ ਮਰਦ ਸਨ, ਉਨ੍ਹਾਂ ਨੇ ਜੈ ਜੈਕਾਰ ਕੀਤੀ। ਛੱਤਾਂ ਤੇ ਇਸਤਰੀਆਂ ਸਨ, ਉਨ੍ਹਾਂ ਨੇ ਫੁੱਲਾਂ ਦੀ ਵਰਖਾ ਕੀਤੀ। ਜੈ ਸਿੰਘ ਇੰਨਾ ਪ੍ਰਸੰਨ ਸੀ, ਜਿਵੇਂ ਇਹ ਜਿਤ ਉਸ ਨੇ ਪ੍ਰਾਪਤ ਕੀਤੀ ਹੋਵੇ। ਆਕੜ ਆਕੜ ਕੇ ਚਲਦਾ ਸੀ, ਅਤੇ ਵਾਰ ਵਾਰ ਛੱਤਾਂ ਵੱਲ ਵੇਖਦਾ ਸੀ, ਅਤੇ ਕਿਸੇ ਦੀ ਖੋਜ ਕਰ ਰਿਹਾ ਸੀ। ਇਕਦਮ ਉਸ ਦਾ ਕਲੇਜਾ ਧੜਕਣ ਲੱਗਾ। ਪ੍ਰਮਦਾ-ਇਸਤਰੀਆਂ ਵਿੱਚ ਖੜੀ ਸੀ ਅਤੇ ਉਸ ਵੱਲ ਪ੍ਰੇਮ ਭਰੀਆਂ ਅੱਖਾਂ ਨਾਲ ਵੇਖ ਰਹੀ ਸੀ।

ਜੈ ਸਿੰਘ ਨੇ ਆਪਣੇ ਲੰਮੇ ਕਦ ਨੂੰ ਹੋਰ ਵੀ ਲੰਮਾ ਕੀਤਾ ਅਤੇ ਮਾਣ ਨਾਲ ਚਲਣ ਲੱਗਾ। ਮਰਦ ਕਹਿੰਦੇ ਸਨ, ਕਿੱਡਾ ਸੂਰਮਾ ਹੈ, ਇਸ ਨੇ ਆਪਣੇ ਨਾਂ ਦੀ ਲਾਜ ਰਖ ਲਈ ਹੈ, ਇਸਤਰੀਆਂ ਇਕ ਦੂਜੇ ਨੂੰ ਕਹਿੰਦੀਆਂ ਸਨ—ਇਸ ਨੇ ਮਾਂ ਦਾ ਦੁੱਧ ਸਫ਼ਲ ਕਰ ਦਿੱਤਾ ਹੈ। ਕੈਸਾ ਬਾਂਕਾ ਬਹਾਦਰ ਹੈ। ਪਰ ਜਗਤ ਸਿੰਘ ਜਿਸ ਨੇ ਆਪਣੇ ਆਪ ਨੂੰ ਮੌਤ ਦੇ ਮੂੰਹ ਵਿੱਚ ਪਾ

ਕੇ ਇਹ ਵਿਜੈ ਪ੍ਰਾਪਤ ਕੀਤੀ ਸੀ, ਪਾਲਕੀ ਵਿੱਚ ਸਭ ਤੋਂ ਪਿਛੇ ਸੀ। ਉਸ ਤੇ ਨਾ ਕਿਸੇ ਇਸਤਰੀ ਨੇ ਫੁੱਲ ਸੁਟਿਆ, ਨਾ ਕਿਸੇ ਮਰਦ ਨੇ ਉਸ ਦੇ ਨਾਂ ਦੀ ਜੈ ਜੈ ਕਾਰ ਕੀਤੀ। ਜੈ ਸਿੰਘ ਦੇ ਮਨ ਵਿੱਚ ਜਦੋਂ ਇਹ ਵਿਚਾਰ ਆ ਜਾਂਦਾ ਤਾਂ ਉਸ ਦਾ ਚਿਹਰਾ ਫਿੱਕਾ ਪੈ ਜਾਂਦਾ। ਪਰ ਦੂਜੇ ਪਲ ਉਹ ਫਿਰ ਚਮਕਣ ਲੱਗ ਪੈਂਦਾ ਸੀ।

ਦੂਜੇ ਦਿਨ ਦਰਬਾਰ ਲਗਿਆ। ਲੋਕ ਇਸ ਤਰ੍ਹਾਂ ਟੁੱਟ ਕੇ ਆਏ ਜਿਵੇਂ ਪਤੰਗੇ ਦੀਪਕ ਤੇ ਆਉ ਦੇ ਹਨ। ਤਿਲ ਰੱਖਣ ਦੀ ਥਾਂ ਨਹੀਂ ਸੀ। ਚਾਰੇ ਪਾਸੇ ਆਦਮੀਆਂ ਦੇ ਸਿਰਾਂ ਦਾ ਸਾਗਰ ਲਹਿਰਾ ਰਿਹਾ ਸੀ। ਸਭ ਦੀਆਂ ਅਖਾਂ ਕੇਵਲ ਜੈ ਸਿੰਘ ਦੇ ਮੂੰਹ ਉਤੇ ਲੱਗੀਆਂ ਹੋਈਆਂ ਸਨ। ਲੋਕ ਉਸ ਵੱਲ ਵੇਖਦੇ ਸਨ ਅਤੇ ਉਸ ਦੀ ਖੁਸ਼ਕਿਸਮਤੀ ਦੀ ਚਰਚਾ ਕਰਦੇ ਸਨ। ਈਸ਼ਵਰ ਦੀ ਮਹਿਮਾ ਵੇਖੋ। ਜੋ ਦਾਸੀ ਸੀ ਉਹ ਰਾਣੀ ਬਣ ਬੈਠੀ। ਜੋ ਰਾਣੀ ਸੀ, ਉਸ ਨੂੰ ਕੋਈ ਪੁਛਦਾ ਹੀ ਨਹੀਂ ਸੀ। ਜਗਤ ਸਿੰਘ ਆਪਣੇ ਮਕਾਨ ਦੀ ਹਨੇਰੀ ਕੋਠੜੀ ਵਿੱਚ ਪਿਆ ਸੀ, ਅਤੇ ਆਪਣੇ ਜ਼ਖ਼ਮਾਂ ਨਾਲ ਕਰਾਹ ਰਿਹਾ ਸੀ। ਪਰ ਉਸ ਦੇ ਦਿਲ ਤੇ ਕੀ ਬੀਤ ਰਹੀ ਹੈ? ਇਹ ਉਸ ਤੋਂ ਬਿਨਾ ਹੋਰ ਕੌਣ ਜਾਣਦਾ ਸੀ ?

ਉਧਰ ਦਰਬਾਰ ਵਿੱਚ-ਰਾਣਾ ਨੇ ਖੜੇ ਹੋ ਕੇ ਕਿਹਾ-"ਜੈ ਸਿੰਘ ! ਮੈਂ ਤੇਰੇ ਤੇ ਬਹੁਤ ਪ੍ਰਸੰਨ ਹਾਂ। ਮੈਨੂੰ ਤੇਰੇ ਤੇ ਜੋ ਜੋ ਆਸਾਂ ਸਨ, ਉਹ ਤੂੰ ਸਾਰੀਆਂ ਪੂਰੀਆਂ ਕਰ ਦਿੱਤੀਆਂ ਹਨ। ਜੈਸਲ ਮੇਰ ਦਾ ਬੱਚਾ ਬੱਚਾ ਤੇਰਾ ਅਹਿਸਾਨ-ਮੰਦ ਹੈ। ਤੂੰ ਸੂਰਬੀਰ ਹੈ। ਤੂੰ ਜੰਗ ਵਿਚ ਪਿਠ ਨਹੀਂ ਵਿਖਾਈ, ਤੋਂ ਜਾਨ ਦੀ ਬਾਜ਼ੀ ਲੱਗਾ ਦਿੱਤੀ। ਇਸ ਲਈ -"

ਚਾਰੇ ਪਾਸੇ ਸੰਨਾਟਾ ਸੀ, ਕੋਈ ਆਵਾਜ਼ ਤਕ ਨਹੀਂ ਸੀ। ਲੋਕ ਆਪਣੇ ਬਹਾਦਰ ਦੀ ਪ੍ਰਸ਼ੰਸਾ ਮਹਾਰਾਣਾ ਦੇ ਮੂੰਹੋਂ ਸੁਣਨ ਲਈ ਉਤਾਵਲੇ ਸਨ। ਇਕ ਦਮ ਇਕ ਬੁੱਢਾ ਆਦਮੀ ਹੱਥ ਜੋੜ ਕੇ ਖੜਾ ਹੋ ਗਿਆ ਅਤੇ ਉੱਚੀ ਆਵਾਜ਼ ਵਿਚ ਬੋਲਿਆ- "ਮਹਾਰਾਜ ! ਇਹ ਝੂਠ ਹੈ, ਫ਼ਤਹਿ ਜੈ ਸਿੰਘ ਨੇ ਪ੍ਰਾਪਤ ਨਹੀਂ ਕੀਤੀ। ਇਹ ਅਸੰਭਵ ਸੀ। ਇਸ ਵਿੱਚ ਮਰਨ ਦੀ ਹਿੰਮਤ ਨਹੀਂ, ਲੜਨ ਦਾ ਉਤਸ਼ਾਹ ਨਹੀਂ ਇਸ ਨੇ ਰਾਜਪੂਤਾਂ ਦਾ ਨਾਂ ਡੋਬ ਦਿੱਤਾ ਸੀ।"

ਦਰਬਾਰ ਵਿੱਚ ਰੌਲਾ ਮਚ ਗਿਆ। ਪਰ ਮਹਾਰਾਜੇ ਦੇ ਇਸ਼ਾਰੇ ਨਾਲ ਫਿਰ ਚਾਰੇ ਪਾਸੇ ਸ਼ਾਂਤੀ ਛਾ ਗਈ। ਉਨ੍ਹਾਂ ਨੇ ਪੁਛਿਆ-"ਤਾਂ ਇਹ ਫ਼ਤਹਿ ਕਿਸ ਨੇ ਪ੍ਰਾਪਤ ਕੀਤੀ ?"

ਬੁੱਢੇ ਨੇ ਕਿਹਾ-ਜਗਤ ਸਿੰਘ ਨੇ।”

ਜੈ ਸਿੰਘ ਦਾ ਮੂੰਹ ਕੰਨਾਂ ਤਕ ਲਾਲ ਹੋ ਗਿਆ। ਪਰ ਉਸ ਨੇ ਹੌਂਸਲੇ ਨਾਲ ਕਿਹਾ-- "ਇਹ ਕੌਣ ਹੈ ?" "

ਉਸ ਵਕਤ ਉਸ ਦੀ ਆਵਾਜ਼ ਕੰਬ ਰਹੀ ਸੀ।

ਰਾਣਾ ਨੇ ਜੈ ਸਿੰਘ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ, ਅਤੇ ਬੁਢੇ ਰਾਮ ਸਿੰਘ ਤੋਂ ਪੁਛਿਆ-"ਤੇਰੇ ਕੋਲ ਇਸ ਦਾ ਕੀ ਸਬੂਤ ਹੈ ਕਿ ਫ਼ਤਹਿ ਜੈ ਸਿੰਘ ਨੇ ਪ੍ਰਾਪਤ ਨਹੀਂ ਕੀਤੀ ?'

"ਮੈਂ ਰਾਜਪੂਤ ਹਾਂ, ਮੈਂ ਝੂਠ ਨਹੀਂ ਬੋਲਦਾ।"

"ਪਰ ਜੈ ਸਿੰਘ ਵੀ ਤਾਂ ਰਾਜਪੂਤ ਹੈ, ਤੁਸੀਂ ਦੋਵੇਂ ਸੱਚੇ ਨਹੀਂ ਹੋ ਸਕਦੇ। ਇਕ ਝੂਠਾ ਹੋਵੇਗਾ।"

"ਖੁਦ ਜਗਤ ਸਿੰਘ ਤੋਂ ਪੁਛ ਲਿਆ ਜਾਵੇ।"

"ਇਹ ਕਿਵੇਂ ਹੋ ਸਕਦਾ ਹੈ ? ਜੈ ਸਿੰਘ ਨੇ ਬੁੜਬੁੜਾਉਂਦੇ ਹੋਏ ਕਿਹਾ, ਉਹ ਬੀਮਾਰ ਹੈ। ਉਸ ਨੂੰ ਇਥੇ ਲਿਆਉਣਾ, ਉਸ ਨੂੰ ਮੌਤ ਦੇ ਮੂੰਹ ਵਿੱਚ ਪਾਉਣਾ ਹੈ।"

ਮਹਾਰਾਣਾ ਨੇ ਕਿਹਾ- "ਸਾਨੂੰ ਉਸ ਦਾ ਜੀਵਨ ਪਿਆਰਾ ਹੈ, ਪਰ ਸਾਨੂੰ ਸਚਾਈ ਉਸ ਤੋਂ ਵੀ ਪਿਆਰੀ ਹੈ। ਜਾਓ ! ਉਸ ਦੀ ਪਾਲਕੀ ਇਥੇ ਉਠਵਾ ਲਿਆਉ। ਇਸ ਗੱਲ ਦਾ ਫ਼ੈਸਲਾ ਹੋਣਾ ਚਾਹੀਦਾ ਹੈ। ਅਸੀਂ ਨਹੀਂ ਚਾਹੁੰਦੇ ਕਿਸੇ ਨਾਲ ਬੇਇਨਸਾਫੀ ਹੋਵੇ। ਨਾ ਅਸੀਂ ਇਹ ਚਾਹੁੰਦੇ ਹਾਂ, ਕਿ ਕਿਸੇ ਨੂੰ ਐਵੇਂ ਹੀ ਜਸ ਮਿਲੇ।”

(4)

ਰਾਮ ਸਿੰਘ ਦੀ ਗੱਲ ਸੁਣਕੇ ਜਗਤ ਸਿੰਘ ਟੁਨ ਫੁੰਕਾਰੇ ਮਾਰਨ ਲੱਗਾ। ਉਸ ਨੂੰ ਜੈ ਸਿੰਘ ਤੋਂ ਇਸ ਨੀਚਤਾ ਦੀ ਆਸ ਨਹੀਂ ਸੀ। ਉਹ ਲੇਟਿਆ ਹੋਇਆ ਸੀ, ਉਠ ਕੇ ਬੈਠ ਗਿਆ ਅਤੇ ਆਪਣਾ ਤਕੀਆ ਸੁੱਟ ਕੇ ਬੋਲਿਆ-"ਰਾਮ ਸਿੰਘ। ਇਹ ਸਹਿਣਾ ਔਖਾ ਹੈ। ਮੈਂ ਚਲ ਕੇ ਜੈ ਸਿੰਘ ਦਾ ਮੂੰਹ ਬੰਦ ਕਰ ਦਿਆਂਗਾ। ਮੈਨੂੰ ਦਰਬਾਰ ਵਿੱਚ ਲੈ ਚਲੋ। ਮੇਰਾ ਉਥੇ ਜਾਣਾ ਜ਼ਰੂਰੀ ਹੈ।”

ਪਾਲਕੀ ਦਰਬਾਰ ਵੱਲ ਰਵਾਨਾ ਹੋਈ।

ਜਗਤ ਸਿੰਘ ਸੋਚਦਾ ਸੀ, ਜੈ ਸਿੰਘ ਨੇ ਰਾਜਪੂਤਾਂ ਦੇ ਨਾਂ ਨੂੰ ਕਲੰਕ ਲਾ ਦਿਤਾ। ਉਹ ਕਾਇਰ ਹੈ, ਇਹ ਮੈਂ ਜਾਣਦਾ ਸਾਂ। ਪਰ ਉਹ ਝੂਠਾ ਵੀ ਹੈ, ਇਹ ਦਾ ਮੈਨੂੰ ਪਤਾ ਨਹੀਂ ਸੀ। ਉਸ ਨੇ ਪਹਿਲਾਂ ਮੇਰੇ ਪਿਆਰ ਦੀ ਨਗਰੀ ਉਜਾੜੀ, ਹੁਣ ਜਸ ਦੀ ਦੌਲਤ ਲੁਟਣਾ ਚਾਹੁੰਦਾ

ਹੈ। ਮੈਂ ਇਕ ਵਾਰੀ ਸਹਿ ਗਿਆ, ਪਰ ਹੁਣ ਨਹੀਂ ਸਹਾਂਗਾ। ਇਨਾਮ ਲੈਣ ਗਿਆ ਹੈ, ਨਮੋਸ਼ੀ ਲੈਕੇ ਆਏਗਾ। ਮੈਂ ਉਸ ਦਾ ਇਕ ਮਾਮੂਲੀ ਫੌਜੀ ਹਾਂ। ਉਹ ਇਹੀ ਸਮਝਦਾ ਹੋਵੇਗਾ ਕਿ ਮੇਰੇ ਵਿੱਚ ਇੰਨਾ ਹੌਸਲਾ ਨਹੀਂ ਹੋਵੇਗਾ। ਪਰ ਮੈਂ ਉਸ ਨੂੰ ਵਿਖਾ ਦਿਆਂਗਾ ਕਿ ਸਚਾਈ ਵਿੱਚ ਕਿੰਨ੍ਹਾ ਹੌਸਲਾ ਹੈ। ਇਸ ਦੇ ਸਾਮ੍ਹਣੇ ਪਦਵੀ ਤੇ ਮਾਣ ਦੋਵੇਂ ਸਿਰ ਉੱਚਾ ਨਹੀਂ ਕਰ ਸਕਦੀਆਂ।

ਇਨੇ ਵਿੱਚ ਪਾਲਕੀ ਪ੍ਰਮਦਾ ਦੇ ਮਕਾਨ ਕੋਲੋਂ ਦੀ ਲੰਘੀ। ਜਗਤ ਸਿੰਘ ਦਾ ਦਿਲ ਧੜਕਣ ਲੱਗਾ। ਪੁਰਾਣੇ ਦਿਨਾਂ ਦੀ ਯਾਦ ਦਿਮਾਗ਼ ਵਿੱਚ ਕਰਵਟਾਂ ਬਦਲਣ ਲੱਗੀ। ਅੱਖਾਂ ਵਿੱਚ ਪਾਣੀ ਭਰ ਆਇਆ।

ਉਸੇ ਵੱਲੋਂ ਉਹ ਛੱਤ ਤੇ ਵਿਖਾਈ ਦਿੱਤੀ। ਜਗਤ ਸਿੰਘ ਦੀਆਂ ਅੱਖਾਂ ਉਸ ਦੀਆਂ ਅੱਖਾਂ ਨਾਲ ਮਿਲੀਆਂ। ਪ੍ਰਮਦਾ ਦੀਆਂ ਅੱਖਾਂ ਵਿੱਚ ਦਿਲ ਧਰਿਆ ਪਿਆ ਸੀ। ਜਗਤ ਸਿੰਘ ਦੀਆਂ ਅੱਖਾਂ ਨੇ ਉਨ੍ਹਾਂ ਵਿਚੋਂ ਇਕ ਸੰਦੇਸ਼ ਪੜ੍ਹਿਆ। ਉਸ ਸੰਦੇਸ਼ ਵਿੱਚ ਕੈਸਾ ਦੁੱਖ, ਕੈਸੀ ਖੁਸ਼ਾਮਦ ਸੀ ? ਜਿਵੇਂ ਕਟੋਰੇ ਵਿੱਚ ਹੋਰ ਪਾਣੀ ਪਾਇਆ ਜਾਵੇ, ਤਾਂ ਛਲਕ ਪੈਂਦਾ ਹੈ, ਉਦਾ ਹੀ ਪ੍ਰਮਦਾ ਦਾ ਦੁੱਖ ਅਤੇ ਖੁਸ਼ਾਮਦ ਅੱਖਾਂ ਤੋਂ ਬਾਹਰ ਛਲਕ ਰਹੇ ਸਨ। ਜਗਤ ਸਿੰਘ ਦਾ ਦਿਲ ਕੰਬ ਗਿਆ। ਉਸ ਨੂੰ ਇੰਝ ਲਗਿਆ ਜਿਵੇਂ ਉਹ ਕਹਿ ਰਹੀ ਹੈ—'ਮੇਰੀ ਲਾਜ ਤੇਰੇ ਹੀ ਹੱਥ ਵਿੱਚ ਹੈ।"

ਉਹ ਦਰਬਾਰ ਦੀ ਘਟਨਾ ਸੁਣ ਚੁੱਕੀ ਸੀ। ਉਸ ਨੂੰ ਵਿਸ਼ਵਾਸ ਸੀ ਕਿ ਜੋ ਕੁੱਝ ਜਗਤ ਸਿੰਘ ਕਹਿ ਦੇਵੇਗਾ, ਉਹ ਸੱਚ ਮੰਨਿਆ ਜਾਵੇਗਾ। ਮਹਾਰਾਣਾ ਨੂੰ ਉਸ ਤੇ ਅਟਲ ਵਿਸ਼ਵਾਸ ਸੀ, ਉਨ੍ਹਾਂ ਨੂੰ ਇਹ ਖ਼ਿਆਲ ਵੀ ਨਹੀਂ ਸੀ ਕਿ ਜਗਤ ਸਿੰਘ ਕਦੇ ਝੂਠ ਬੋਲ ਸਕਦਾ ਹੈ। ਉਹ ਇਸ ਮਾਮਲੇ ਵਿੱਚ ਉਸ ਨੂੰ ਦੇਵਤਾ ਸਮਝਦੇ ਸਨ। ਪਰ ਪ੍ਰਮਦਾ ਨੂੰ ਸ਼ੱਕ ਸੀ ਕਿ ਕਿਤੇ ਈਰਖਾ ਵਿੱਚ ਜਗਤ ਸਿੰਘ ਜੈ ਸਿੰਘ ਦੀ ਇੱਜ਼ਤ ਮਿੱਟੀ ਵਿੱਚ ਨਾ ਰੋਲ ਦੇਵੇ। ਜਗਤ ਸਿੰਘ ਨੇ ਆਪਣੇ ਜ਼ਖ਼ਮੀ ਸਰੀਰ ਨੂੰ ਹੋਲੀ ਜਿਹੀ ਹਿਲਾਇਆ ਅਤੇ ਚੁੱਪ ਦੀ ਭਾਸ਼ਾ ਵਿੱਚ ਪੁੱਛਿਆ- "ਕੀ ਕਹਿੰਦੀ ਹੈ ?"

ਪ੍ਰਮਦਾ ਨੇ ਚਾਰੇ ਪਾਸੇ ਵੇਖਿਆ। ਸਾਰਾ ਸ਼ਹਿਰ ਦਰਬਾਰ ਵਿੱਚ ਸੀ। ਆਸ ਪਾਸ ਕੋਈ ਵੇਖਣ ਵਾਲਾ ਨਹੀਂ ਸੀ। ਤਦ ਉਸ ਨੇ ਹੱਥ ਬੰਨ੍ਹੇ ਅਤੇ ਰੋ ਕੇ ਕਿਹਾ—ਰੱਬ ਦੇ ਵਾਸਤੇ ਜੋ ਕੁੱਝ ਕਹਿਣਾ ਸੱਚ ਕਹਿਣਾ, ਝੂਠ ਨਾ ਕਹਿਣਾ।"

ਉਹ ਵੀ ਜੈ ਸਿੰਘ ਨੂੰ ਇੰਨਾ ਕਾਇਰ ਨਹੀਂ ਸਮਝਦੀ ਸੀ, ਕਿ ਉਹ ਜੰਗ ਦੇ ਮੈਦਾਨ ਵਿਚੋਂ ਜਾਨ ਬਚਾ ਕੇ ਭੱਜ ਨਿਕਲਿਆ ਹੋਵੇਗਾ ਅਤੇ ਹੁਣ ਝੂਠ ਬੋਲਦਾ ਹੋਵੇਗਾ।

ਜਗਤ ਸਿੰਘ ਸਭ ਕੁੱਝ ਸਮਝ ਗਿਆ। ਉਸ ਦੇ ਹੋਠਾਂ ਤੇ ਮੁਸਕਰਾਹਟ ਦੀ ਇਕ ਲਕੀਰ ਜਿਹੀ ਬਣ ਗਈ। ਉਸ ਨੇ ਆਪਣਾ ਕਮਜ਼ੋਰ ਹੱਥ ਉਠਾਇਆ ਅਤੇ ਉਸ ਦੇ ਇਸ਼ਾਰੇ ਨਾਲ ਪ੍ਰਮਦਾ ਨੂੰ ਧੀਰਜ ਦੇਂਦਿਆ ਕਿਹਾ- "ਘਬਰਾ ਨਾ ! ਮੈਂ ਕੋਈ ਅਜਿਹੀ ਗੱਲ ਨਹੀਂ ਕਰਾਂਗਾ।"

ਦਿਲ ਦੀ ਥਾਹ ਕਿਸ ਨੇ ਪਾਈ ਹੈ ? ਜਗਤ ਸਿੰਘ ਨੇ ਆਪਣਾ ਵਿਚਾਰ ਬਦਲ ਲਿਆ। ਪ੍ਰਮਦਾ ਲਈ ਉਸ ਨੇ ਆਪਣੇ ਪਿਆਰ ਦਾ ਗਲਾ ਘੁਟਿਆ ਸੀ, ਹੁਣ ਉਸ ਲਈ ਆਪਣੀ ਕਿਰਤ ਵੀ ਲੁਟਾਉਣ ਲਈ ਤਿਆਰ ਹੋ ਗਿਆ। ਜਿਹੜਾ ਮੇਵਾੜ ਦੇ ਸਾਰੇ ਸਿਪਾਹੀ ਨਹੀਂ ਕਰ ਸਕਦੇ ਸਨ, ਉਹ ਇਕ ਇਸਤਰੀ ਦੀ ਨਜ਼ਰ ਨੇ ਕਰ ਦਿੱਤਾ। ਸੋਚਣ ਲੱਗਾ-ਮੈਂ ਮਰ ਰਿਹਾ ਹਾਂ। ਮੈਨੂੰ ਜਸ ਮਿਲੇ ਜਾਂ ਨਾ ਮਿਲੇ, ਬਰਾਬਰ ਹੈ। ਪਰ ਮੈਂ ਪ੍ਰਮਦਾ ਦਾ ਜੀਵਨ ਕਿਉ ਖ਼ਰਾਬ ਕਰਾਂ ? ਜੈ ਸਿੰਘ ਦੀ ਨੀਚਤਾ ਤੇ ਕਾਇਰਤਾ ਨਾਲ ਉਸਦਾ ਦਿਲ ਟੁੱਟ ਜਾਵੇਗਾ, ਉਸ ਦਾ ਸੰਸਾਰ ਉਜੜ ਜਾਵੇਗਾ। ਮੈਂ ਉਸ ਨਾਲ ਪਿਆਰ ਕੀਤਾ ਹੈ। ਕੀ ਉਸ ਲਈ ਹੁਣ ਥੋੜਾ ਜਿਹਾ ਤਿਆਗ ਨਹੀਂ ਕਰਾਂਗਾ ? ਤਿਆਗ ਪਿਆਰ ਦੀ ਪਰੀਖਿਆ ਹੈ। ਕੁਰਬਾਨੀ ਪਿਆਰ ਦੀ ਕਸੌਟੀ ਹੈ। ਮੈਂ ਪਹਿਲਾਂ ਵੀ ਕੁਰਬਾਨੀ ਕੀਤੀ ਹੈ, ਮੈਂ ਹੁਣ ਵੀ ਕੁਰਬਾਨੀ ਕਰਾਂਗਾ।

ਬੁੱਢੇ ਰਾਮ ਸਿੰਘ ਨੇ ਜਗਤ ਸਿੰਘ ਦੀ ਇਹ ਗੱਲ ਸੁਣੀ। ਪਰ ਉਸ ਨੇ ਸਮਝਿਆ ਕਿ ਪ੍ਰਮਦਾ ਨੂੰ ਡਰ ਹੈ ਕਿ ਕਿਤੇ ਜਗਤ ਸਿੰਘ ਝੂਠ ਨਾ ਬੋਲ ਦੇਵੇ।

ਪਾਲਕੀ ਦਰਬਾਰ ਵਿੱਚ ਪਹੁੰਚੀ। ਚਾਰੇ ਪਾਸੇ ਸ਼ੋਰ ਮਚ ਗਿਆ। ਲੋਕ ਕਹਿੰਦੇ ਸਨ, ਵੇਖੋ ਊਠ ਕਿਸੇ ਪਾਸੇ ਬੈਠਦਾ ਹੈ। ਜੈ ਸਿੰਘ ਦਾ ਚਿਹਰਾ ਲੱਥ ਚੁਕੇ ਸੂਰਜ ਵਾਂਗ ਲਾਲ ਸੀ। ਸੋਚਦਾ ਸੀ, ਮੇਰੀ ਕੀਰਤੀ ਦੀ ਸੰਧਿਆ ਆ ਪਹੁੰਚੀ ਹੈ। ਉਹ ਚਾਹੁੰਦਾ ਸੀ, ਜੇ ਮੌਕਾ ਮਿਲੇ, ਤਾਂ ਦਰਬਾਰ ਵਿਚੋਂ ਚਲਾ ਜਾਵੇ। ਅਤੇ ਫਿਰ ਕਦੇ ਕਿਸੇ ਨੂੰ ਆਪਣਾ ਮੂੰਹ ਨਾ ਵਿਖਾਵੇ। ਦਿਲ ਵਿੱਚ ਕਹਿੰਦਾ ਸੀ, ਜੇ ਜਗਤ ਸਿੰਘ ਨੇ ਸੱਚ ਕਹਿ ਦਿੱਤਾ ਤਾਂ ਅੱਖਾਂ ਨਹੀਂ ਉਠਣਗੀਆਂ, ਸਾਰੇ ਮੇਵਾੜ ਵਿੱਚ ਬਦਨਾਮ ਹੋ ਜਾਵਾਂਗਾ। ਮਹਾਰਾਣਾ ਸਾਹਿਬ ਦਰਬਾਰ ਵਿੱਚੋਂ ਕੱਢ ਦੇਣਗੇ। ਅਤੇ ਇਸ ਤੋਂ ਵੀ ਵੱਧ ਸਜ਼ਾ ਦੇਣਗੇ।

ਉਸ ਦੇ ਦਿਲ ਵਿੱਚ ਖਲਬਲੀ ਮਚੀ ਹੋਈ ਸੀ।

(5)

ਮਹਾਰਾਣਾ ਸਾਹਿਬ ਸਿੰਘਾਸਨ ਤੋਂ ਉਤਰੇ ਤੇ ਜਗਤ ਸਿੰਘ ਦੀ ਪਾਲਕੀ ਦੇ ਕੋਲ ਆਏ। ਦੁਪਹਿਰ ਦੇ ਵੇਲੇ ਅੱਧੀ ਰਾਤ ਵਰਗੀ ਚੁੱਪ ਛਾ ਗਈ। ਲੋਕਾਂ ਦੇ ਸਾਹ ਵੀ ਰੁਕੇ ਹੋਏ ਸਨ। ਕੋਈ ਖੰਘਦਾ ਨਹੀਂ ਸੀ, ਨਾ ਕੋਈ ਜ਼ੋਰ ਨਾਲ ਸਾਹ ਲੈਂਦਾ ਸੀ। ਸਚਾਈ ਤੋਂ ਪਰਦਾ ਉਠਣ ਵਾਲਾ ਸੀ, ਪਰ ਸਭ ਤੋਂ ਵੱਧ ਚਿੰਤਾ ਦੋ ਆਦਮੀਆਂ ਨੂੰ ਸੀ। ਦਰਬਾਰ ਵਿੱਚ ਜੈ ਸਿੰਘ ਨੂੰ ਸ਼ਹਿਰ ਵਿੱਚ ਪ੍ਰਮਦਾ ਨੂੰ। ਮਹਾਰਾਣਾ ਸਾਹਿਬ ਅਗੇ ਵਧੇ, ਅਤੇ ਜਾਤੀ ਦੇ ਸਚੇ ਭਗਤ ਤੇ ਝੁਕ ਗਏ। ਜਗਤ ਸਿੰਘ ਨੇ ਹੱਥ ਜੋੜ ਕੇ ਮੱਖਾ ਟੇਕਿਆ ਅਤੇ ਕਿਹਾ— ਮਹਾਰਾਜ ਦੀ ਜੈ ਹੋਵੇ।"

ਮਹਾਰਾਣਾ ਨੇ ਆਪਣਾ ਹੱਥ ਜਗਤ ਸਿੰਘ ਦੇ ਸਿਰ ਤੇ ਫੇਰਿਆ ਅਤੇ ਪ੍ਰੇਮ ਨਾਲ ਕਿਹਾ-"ਤੈਨੂੰ ਜ਼ਖ਼ਮੀ ਵੇਖ ਕੇ ਸਾਨੂੰ ਦੁਖ ਹੋਇਆ ਹੈ।"

ਜਗਤ ਸਿੰਘ ਨੇ ਹੌਲੀ ਜਿਹੀ ਉੱਤਰ ਦਿੱਤਾ-"ਇਹ ਜ਼ਖਮ ਮੇਰੇ ਗਹਿਣੇ ਹਨ। ਮੈਂ ਇਨ੍ਹਾਂ ਨੂੰ ਭਾਰਤ ਮਾਤਾ ਦੀ ਸੇਵਾ ਕਰਦਿਆਂ ਪਾਇਆ ਹੈ। ਪਰ ਮੇਰੇ ਸਰੀਰ ਤੋਂ ਵੀ ਵਧ ਘਾਇਲ ਮੇਰਾ ਦਿਲ ਹੈ, ਅਤੇ ਉਹ ਘਾਵ ਮੈਨੂੰ ਇਨ੍ਹਾਂ ਘਾਵਾਂ ਤੋਂ ਵੀ ਪਿਆਰਾ ਹੈ ਮੈਨੂੰ ਉਸ ਤੇ ਮਾਣ ਹੈ। ਮੈਨੂੰ ਉਸ ਤੇ ਫ਼ਕਰ ਹੈ।"

ਮਹਾਰਾਣਾ ਸਾਹਿਬ ਚੌਂਕ ਪਏ। ਜਗਤ ਸਿੰਘ ਦੇ ਦਿਲ ਤੇ ਕਿਹੜਾ ਘਾਵ ਲਗਿਆ ਹੈ। ਇਹ ਉਹ ਨਹੀਂ ਸਨ ਜਾਣਦੇ। ਉਹ ਜਗਤ ਸਿੰਘ ਤੇ ਪ੍ਰਮਦਾ ਦੇ ਪਿਆਰ ਬਾਰੇ ਅਨਜਾਣ ਸਨ। ਉਨ੍ਹਾਂ ਨੂੰ ਸ਼ੱਕ ਹੋਣ ਲੱਗਾ ਕਿ ਜੈ ਸਿੰਘ ਨੇ ਝੂਠ ਬੋਲਿਆ ਹੈ, ਅਤੇ ਜਗਤ ਸਿੰਘ ਇਸੇ ਘਟਨਾ ਵੱਲ ਇਸ਼ਾਰਾ ਕਰ ਰਿਹਾ ਹੈ। ਇਸ ਵਕਤ ਰਾਮ ਸਿੰਘ ਦਾ ਚਿਹਰਾ ਚਮਕ ਰਿਹਾ ਸੀ। ਉਹ ਸੋਚਦਾ ਸੀ, ਸਚਾਈ ਜ਼ਾਹਰ ਹੋਣ ਵਾਲੀ ਹੈ।

ਮਹਾਰਾਣਾ ਨੇ ਪੁਛਿਆ-'ਤਾਂ ਕੀ ਜੈ ਸਿੰਘ ਸੱਚ ਮੁੱਚ ਜੰਗ ਵਿਚੋਂ ਭਜ ਨਿਕਲਿਆ ਦਰਬਾਰ ਦਾ ਸੰਨਾਟਾ ਹੋਰ ਵੀ ਗਹਿਰਾ ਹੋ ਗਿਆ। ਲੋਕਾਂ ਦੇ ਕੰਨ ਇਸ ਪਾਸੇ ਹੀ ਲੱਗੇ ਹੋਏ ਸਨ।

ਜਗਤ ਸਿੰਘ ਨੇ ਕੁੱਝ ਦੇਰ ਸੋਚਿਆ ਅਤੇ ਫਿਰ ਫੈਸਲਾ ਕਰਕੇ ਉੱਤਰ ਦਿੱਤਾ— "ਇਹ ਉਨ੍ਹਾਂ ਤੇ ਕਲੰਕ ਲਾਇਆ ਗਿਆ ਹੈ। ਉਹ ਜੰਗ ਵਿਚੋਂ ਕਦੇ ਨਹੀਂ ਸਨ ਭੇਜੇ।"

ਸਾਰੇ ਦਰਬਾਰ ਵਿਚ ਸ਼ੋਰ ਮਚ ਗਿਆ ! "ਜੈ ਸਿੰਘ ਕੀ ਜੈ।" ਸਿਪਾਹ ਸਾਲਾਰ ਕੀ ਜੈ ਦੇ ਨਾਅਰਿਆਂ ਨੇ ਆਸਮਾਨ ਹਿਲਾ ਦਿੱਤਾ। ਇਹ ਜੈਕਾਰੇ ਸੁਣਕੇ ਜਗਤ ਸਿੰਘ ਨੂੰ ਇੰਝ ਪ੍ਰਤੀਤ ਹੋਣ ਲੱਗਾ ਜਿਵੇਂ ਉਸਨੂੰ ਕਿਸੇ ਨੇ ਚੁੱਕ ਕੇ ਅੱਗ ਵਿੱਚ ਸੁਟ ਦਿੱਤਾ ਹੋਵੇ। ਉਹ ਪ੍ਰਮਦਾ

ਲਈ ਝੂਠ ਬੋਲਣ ਲਈ ਤਿਆਰ ਹੋ ਗਿਆ ਸੀ, ਪਰ ਜੈ ਸਿੰਘ ਦੀ ਪ੍ਰਸੰਸਾ ਦੇ ਜੈਕਾਰੇ ਉਸ ਲਈ ਜ਼ਹਿਰ ਦਾ ਘੁੱਟ ਸਨ। ਉਸ ਵੇਲੇ ਉਸਨੇ ਸੱਚੀ ਗੱਲ ਕਹਿਣ ਦਾ ਯਤਨ ਕੀਤਾ, ਪਰ ਸ਼ਬਦ ਉਸਦੇ ਗਲੇ ਵਿੱਚ ਫਸ ਗਏ; ਜਿਵੇਂ ਰਾਮ ਸਿੰਘ ਦੇ ਦਿਲ ਵਿਚੋਂ ਨਿਕਲੀ ਹੋਈ ' ਖੁਸ਼ੀ ਦਿਲ ਵਿੱਚ ਹੀ ਅਟਕ ਗਈ ਸੀ। ਉਸਨੂੰ ਲੋਕਾਂ ਦੇ ਨਾਅਰਿਆਂ ਨੇ ਰੋਕ ਲਿਆ ਸੀ। ਰਾਮ ਸਿੰਘ ਜਗਤ ਸਿੰਘ ਦੇ ਝੂਠੇ ਬਿਆਨ ਉੱਤੇ ਤੜਪ ਕੇ ਰਹਿ ਗਿਆ ਸੀ। ਪਰ ਉਸ ਦੇ ਦਿਲ ਵਿੱਚ ਜਗਤ ਸਿੰਘ ਦੀ ਇੱਜ਼ਤ ਕਈ ਗੁਣਾਂ ਵੱਧ ਗਈ ਸੀ।

ਮਹਾਰਾਣਾ ਸਾਹਿਬ ਸਿੰਘਾਸਨ ਤੇ ਚੜ੍ਹ ਗਏ ਅਤੇ ਉਂਗਲ ਨਾਲ ਜੈ ਸਿੰਘ ਵਲ ਇਸ਼ਾਰਾ ਕਰਕੇ, ਜਿਵੇਂ ਕੋਈ ਜਾਦੂਗਰ ਲੋਕਾਂ ਤੇ ਪ੍ਰਭਾਵ ਪਾਉਂਦਾ ਹੈ, ਇਕ ਇਕ ਸ਼ਬਦ ਜ਼ੋਰ ਦੇ ਕੇ ਬੋਲੇ-'ਜੈ ਸਿੰਘ ਵਿਜਈ ਹੈ, ਉਸਨੇ ਦੇਸ਼ ਦੀ ਜੋ ਸੇਵਾ ਕੀਤੀ ਹੈ, ਉਸ ਦਾ ਬਦਲਾ ਤਾਂ ਨਹੀਂ ਦਿੱਤਾ ਜਾ ਸਕਦਾ, ਪਰ ਅਹਿਸਾਨ ਮੰਦ ਹੋਣ ਵਜੋਂ ਉਸ ਨਾਲ ਰਾਜ ਕੁਮਾਰੀ ਵਿਆਹ ਦੇਵਾਂਗਾ।”

"ਜੈ ਸਿੰਘ ਕੀ ਜੈ” ਦੇ ਜੈਕਾਰੇ ਫਿਰ ਹਵਾ ਵਿੱਚ ਗੂੰਜਣ ਲੱਗੇ। ਰਾਮ ਸਿੰਘ ਦੀਆਂ ਸਿਸਕੀਆਂ ਇਨ੍ਹਾਂ ਨਾਅਰਿਆਂ ਵਿੱਚ ਡੁਬ ਗਈਆਂ। ਉਸ ਦੀਆਂ ਅੱਖਾਂ ਵਿੱਚ ਅਥਰੂ ਸਨ, ਪਰ ਉਸ ਵੱਲ ਕਿਸੇ ਦਾ ਧਿਆਨ ਨਹੀਂ ਸੀ। ਉਹ ਇਸ ਵਕਤ ਬੇਹੋਸ਼ ਜਿਹਾ ਹੋ ਗਿਆ। ਉਸਨੇ ਮਹਾਰਾਣਾ ਦੀ ਆਵਾਜ਼ ਵੀ ਨਾ ਸੁਣੀ।

ਕੁੱਝ ਦਿਨ ਬਾਅਦ ਜੈ ਸਿੰਘ ਦਾ ਰਾਜਕੁਮਾਰੀ ਨਾਲ ਵਿਆਹ ਹੋ ਗਿਆ।

## (6)

ਪ੍ਰਮਦਾ ਨੇ ਇਹ ਸੁਣਿਆ ਤਾਂ ਸੁੰਨ ਹੋ ਗਈ। ਉਸਨੂੰ ਇਹ ਆਸ ਨਹੀਂ ਸੀ। ਜੈ ਸਿੰਘ ਦੇ ਥੋੜੇ ਹੀ ਦਿਨਾਂ ਦੇ ਪਿਆਰ ਨੇ ਉਸਨੂੰ ਵਿਸ਼ਵਾਸ ਕਰਾ ਦਿੱਤਾ ਸੀ ਕਿ ਉਹ ਉਸਨੂੰ ਦਿਲ ਦੀ ਤਹਿ ਤੋਂ ਪਿਆਰ ਕਰਦਾ ਹੈ। ਉਡੀਕ ਦੇ ਦਿਨ ਉਸਨੇ ਜਿਵੇਂ ਕਿਵੇ ਕੱਟੇ ਸਨ, ਇਹ ਉਹੀ ਜਾਣਦੀ ਸੀ। ਜੈ ਸਿੰਘ ਦੀ ਵਾਪਸੀ ਤੇ ਉਹ ਬਹੁਤ ਖੁਸ਼ ਸੀ। ਪਰ ਉਸਨੂੰ ਕੀ ਪਤਾ ਸੀ ਕਿ ਆਸ਼ਾ ਨਿਰਾਸ਼ਾ ਵਿੱਚ ਅਤੇ ਸੁਖ ਦੁੱਖ ਵਿੱਚ ਬਦਲ ਜਾਵੇਗਾ ਅਤੇ ਉਸ ਦਾ ਜੀਵਨ ਅਸਫਲਤਾਵਾਂ ਦੀ ਕੜੀ ਬਣ ਜਾਵੇਗਾ। ਇਹ ਖਬਰ ਸੁਣ ਕੇ ਉਹ ਸੁੰਨ ਹੋ ਗਈ ਜਿਵੇਂ ਫੁੱਲ

ਦੀ ਡਾਲ' ਤੇ ਬਿਜਲੀ ਆ ਪਈ ਹੋਵੇ। ਇਸ ਸਦਮੇ ਨਾਲ ਉਸਦਾ ਦਿਲ ਕਈ ਦਿਨਾਂ ਤਕ ਨਾ ਸੰਭਲ ਸਕਿਆ। ਉਹ ਦਿਨ ਰਾਤ ਰੋਂਦੀ ਰਹੀ।

ਤਦ ਉਸਨੂੰ ਜਗਤ ਸਿੰਘ ਯਾਦ ਆ ਗਿਆ। ਸੋਚਣ ਲੱਗੀ-ਮੈਂ ਜੋ ਸਲੂਕ ਜਗਤ ਸਿੰਘ ਨਾਲ ਕੀਤਾ ਸੀ, ਉਹੀ ਜੈ ਸਿੰਘ ਨੇ ਮੇਰੇ ਨਾਲ ਕੀਤਾ ਹੈ। ਇਹ ਕੁਦਰਤ ਦਾ ਨਿਯਮ ਹੈ। ਰੂਪ, ਰੰਗ ਤੇ ਪਦਵੀ ਵੇਖਕੇ ਡੁਲ ਗਈ ਸਾਂ, ਪਰ ਉਸ ਵਿੱਚ ਇਹ ਗੁਣ ਭਰੇ ਹੋਣਗੇ, ਇਹ ਪਤਾ ਨਹੀਂ ਸੀ। ਹੌਲੀ ਹੌਲੀ ਜਗਤ ਸਿੰਘ ਦਾ ਸੁੱਤਾ ਪਿਆਰ ਉਸਦੇ ਦਿਲ ਵਿੱਚ ਜਾਗਣ ਲੱਗਾ। ਮਨੁੱਖ ਦਾ ਦੁੱਖ ਦੂਰ ਹੋ ਜਾਣ ਤੇ ਮਨੁੱਖ ਨੂੰ ਸਚਾਈ ਦਿਸਣ ਲੱਗ ਪੈਂਦੀ ਹੈ। ਉਸ ਵਕਤ ਉਹ ਕਿੰਨਾ ਦੁਖੀ ਹੁੰਦਾ ਹੈ ? ਕਿੰਨਾ ਵਿਆਕੁਲ ਹੋ ਕੇ ਆਪਣੇ ਆਪ ਤੇ ਖਿਝ ਉਠਦਾ ਹੈ ? ਇਹੀ ਹਾਲਤ ਪ੍ਰਮਦਾ ਦੀ ਸੀ। ਇਕ ਦਿਨ ਜਗਤ ਸਿੰਘ ਦੇ ਪੁਰਾਣੇ ਪੱਤਰ ਲੈ ਬੈਠੀ। ਗੁਜ਼ਰਿਆ ਹੋਇਆ ਜ਼ਮਾਨਾ ਇਕ ਵਾਰੀ ਫਿਰ ਅੱਖਾਂ ਅਗੇ ਆ ਗਿਆ। ਕਿਹੋ ਜਿਹੇ ਦਿਨ ਸਨ ? ਜਿਨ੍ਹਾਂ ਵਿੱਚ ਵਰਤਮਾਨ ਦਾ ਵਿਸ਼ਵਾਸ਼ ਵੀ ਸੀ ਅਤੇ ਉਜਲੇ ਭਵਿਖ ਦੀ ਕਲਪਨਾ ਸੀ। ਮਨੁੱਖ ਵਰਤਮਾਨ ਕਾਲ ਦੀਆਂ ਅਸਫਲਤਾਵਾਂ ਤੇ ਤਕਲੀਫਾਂ ਨੂੰ ਸਹਿ ਸਕਦਾ ਹੈ, ਪਰ ਆਉਣ ਵਾਲੇ ਦਿਨਾਂ ਨੂੰ ਆਸ ਤੋਂ ਖ਼ਾਲੀ ਨਹੀਂ ਵੇਖ ਸਕਦਾ। ਪ੍ਰਮਦਾ ਦਾ ਵਰਤਮਾਨ ਤੇ ਭਵਿਖ ਦੋਵੇਂ ਹੀ ਹਨੇਰੇ ਸਨ। ਉਹ ਬੀਤੇ ਹੋਏ ਦਿਨਾਂ ਵੱਲ ਦੌੜਦੀ, ਪਰ ਉਨ੍ਹਾਂ ਨੂੰ ਪਾਉਣਾ ਉਸਦੀ ਸ਼ਕਤੀ ਤੋਂ ਬਾਹਰ ਸੀ। ਹਾਰ ਕੇ ਜਗਤ ਸਿੰਘ ਦੇ ਖ਼ਤ ਪੜ੍ਹਨ ਵਿੱਚ ਮਗਨ ਹੋ ਜਾਂਦੀ, ਅਤੇ ਉਨ੍ਹਾਂ ਵਿੱਚ ਆਪਣੇ ਦੁੱਖ ਡਬੋਣ ਦਾ ਯਤਨ ਕਰਦੀ, ਪਰ ਦੁੱਖ ਨਹੀਂ ਡੁਬਦੇ ਸਨ, ਦਿਲ ਸੰਭਲਦਾ ਨਹੀਂ ਸੀ, ਭਵਿਖ ਜਾਗਦਾ ਨਹੀਂ ਸੀ।

ਪਰ ਉਹ ਨਾ ਇਹ ਜਾਣਦੀ ਸੀ, ਨਾ ਜਾਣਨਾ ਚਾਹੁੰਦੀ ਸੀ, ਕਿ ਭਵਿਖ ਭੂਤਕਾਲ ਦਾ ਬੇਟਾ ਹੈ। ਜਿਥੇ ਭੂਤ ਹੈ, ਉਥੇ ਭਵਿਖ ਦਾ ਹੋਣਾ ਯਕੀਨੀ ਹੈ, ਅਤੇ ਇਹ ਕੁਦਰਤੀ ਨੇਮ ਅਜਿਹਾ ਹੈ, ਜਿਸ ਨੂੰ ਸੰਸਾਰ ਭਰ ਦੀਆਂ ਸ਼ਕਤੀਆਂ ਮਿਲ ਕੇ ਵੀ ਨਹੀਂ ਬਦਲ ਸਕਦੀਆਂ। ਹੁੰਦੇ ਹੁੰਦੇ ਭੂਤਕਾਲ ਦੇ ਬਰੀਕ ਪਰਦੇ ਵਿਚੋਂ ਉਜਲਾ ਭਵਿਖ ਦਿਸਣ ਲੱਗਾ। ਪ੍ਰਮਦਾ ਦੀ ਤਬੀਅਤ ਸੰਭਲ ਗਈ। ਉਸਨੇ ਸੋਚਿਆ—ਮੈਂ ਉਸ ਤੋਂ ਮਾਫ਼ੀ ਮੰਗ ਲਵਾਂਗੀ। ਪਿਆਰ ਨੇ ਕੁਰਬਾਨੀ ਕੀਤੀ ਸੀ, ਕੀ ਹੁਣ ਉਹ ਮਾਫ਼ੀ ਨਹੀਂ ਦੇਵੇਗਾ ?

ਸ਼ਾਮ ਦਾ ਵੇਲਾ ਸੀ। ਪ੍ਰਮਦਾ ਘਰ ਵਾਲਿਆਂ ਤੋਂ ਅੱਖ ਬਚਾ ਕੇ ਸ਼ਹਿਰ ਤੋਂ ਬਾਹਰ ਨਦੀ ਕਿਨਾਰੇ ਜਾ ਪਹੁੰਚੀ। ਇਹ ਉਹੀ ਥਾਂ ਸੀ, ਜਿਥੇ ਉਹ ਜਗਤ ਸਿੰਘ ਨਾਲ ਘੰਟਿਆਂ ਬੱਧੀ

ਪਿਆਰ ਦੀਆਂ ਗੱਲਾਂ ਕਰਦੀ ਰਹਿੰਦੀ ਸੀ। ਜਿਥੇ ਲਾਜ ਮੁਸਕਰਾਉਂਦੀ ਸੀ, ਆਸ ਓਟ ਵਿੱਚ ਖੜੀ ਵੇਖਦੀ ਸੀ ਤੇ ਹਸਦੀ ਸੀ। ਜਿਥੇ ਜਗਤ ਸਿੰਘ ਦੇ ਮਰਦਾਵੇਂ ਹਾਸੇ ਗੂੰਜਦੇ ਸਨ। ਜਿਥੇ ਉਨ੍ਹਾਂ ਨੇ ਪਿਆਰ ਦੇ ਬੀਜ ਬੀਜੇ ਸਨ, ਪਿਆਰ ਦੇ ਕੌਲ ਕਰਾਰ ਕੀਤੇ ਸਨ, ਸਨੇਹ ਦੀ ਸਹੁੰ ਖਾਧੀ ਸੀ।

ਅੱਜ ਉਹ ਸਮਾਂ ਕਿਧਰ ਚਲਾ ਗਿਆ ? ਪ੍ਰਮਦਾ ਨੇ ਇਹ ਸੋਚਿਆ ਅਤੇ ਉਸਦੀਆਂ ਅੱਖਾਂ ਵਿੱਚ ਹੰਝੂ ਆ ਗਏ।

ਉਸ ਵੇਲੇ ਦੂਰ ਤੋਂ ਕੁੱਝ ਲੋਕ ਆਉਂਦੇ ਵਿਖਾਈ ਦਿੱਤੇ। ਪ੍ਰਮਦਾ ਦਾ ਕਲੇਜਾ ਧੜਕਣ ਲੱਗਾ ਅਤੇ ਦਿਲ ਵਿਚ ਸ਼ੰਕੇ ਉਠਣ ਲੱਗੇ। ਉਹ ਆਦਮੀ ਨੇੜੇ ਆਏ, ਤਾਂ ਪ੍ਰਮਦਾ ਦੀਆਂ ਅੱਖਾਂ, ਹੈਰਾਨੀ, ਦੁੱਖ, ਤੇ ਸਵੈ-ਨਫ਼ਰਤ ਨਾਲ ਅੱਡੀਆਂ ਰਹਿ ਗਈਆਂ-ਇਹ ਜਗਤ ਸਿੰਘ ਦੀ ਅਰਥੀ ਸੀ। ਉਸ ਨੂੰ ਪਿਆਰ ਦਾ ਜੀਵਨ ਨਹੀਂ ਸੀ ਮਿਲਿਆ, ਪਰ ਉਸਨੇ ਪਿਆਰ ਦੀ ਮੌਤ ਮਰ ਕੇ ਆਪਣੀ ਕਸਰ ਪੂਰੀ ਕਰ ਲਈ। ਪ੍ਰਮਦਾ ਘੋਰਨੀ ਖਾ ਕੇ ਡਿਗ ਪਈ। ਅਰਥੀ ਆਈ, ਅਰਥੀ ਚਲੀ ਗਈ। ਪ੍ਰਮਦਾ ਉਥੇ ਹੀ ਪਈ ਰਹੀ— ਬੇਹੋਸ਼, ਬੇਸੁੱਧ।

ਜਦ ਉਸਨੂੰ ਹੋਸ਼ ਆਈ, ਉਸ ਵੇਲੇ ਉਸਦੇ ਮਾਤਾ ਪਿਤਾ ਉਸਦੇ ਸਾਮਣੇ ਬੈਠੇ ਸਨ ਅਤੇ ਉਹ ਆਪਣੇ ਘਰ ਵਿਚ ਸੀ। ਉਸਨੂੰ ਹੋਸ਼ ਵਿਚ ਵੇਖਕੇ ਉਹ ਖੁਸ਼ ਹੋਏ। ਮਾਂ ਨੇ ਪੁੱਛਿਆ।
"ਕਿਉ ਬੇਟੀ ! ਹੁਣ ਕੀ ਹਾਲ ਹੈ ?'

ਪ੍ਰਮਦਾ ਨੇ ਪਾਸਾ ਪਰਤ ਕੇ ਉੱਤਰ ਦਿੱਤਾ— "ਹੁਣ ਤਾਂ ਠੀਕ ਹੈ।"

"ਅਤੇ ਇਹ ਤੈਨੂੰ ਹੋਇਆ ਕੀ ਸੀ ? ਤੂੰ ਉਥੇ ਕੀ ਕਰਨ ਗਈ ਸੈ ? ਕੀ ਤੈਨੂੰ ਕੋਈ ਰੋਗ ਹੈ ?"

ਪ੍ਰਮਦਾ ਨੇ ਸਿਰਾਹਣਾ ਖਿਚ ਕੇ ਆਪਣੀ ਗੋਦ ਵਿੱਚ ਰਖ ਲਿਆ ਅਤੇ ਮੰਜੀ ਤੇ ਬੈਠ ਗਈ। ਉਸ ਤੋਂ ਪਿਛੋਂ ਉਸਨੇ ਅਜੀਬ ਜਿਹੀ ਤੱਕਣੀ ਨਾਲ, ਜਿਸ ਵਿੱਚ ਸ਼ਰਮ ਪਛਤਾਵੇ, ਨਿਰਾਸਤਾ ਤੇ ਪਾਗ਼ਲਪਨ ਦੀਆਂ ਨਿਸ਼ਾਨੀਆਂ ਦਿਸਦੀਆਂ ਸਨ, ਮਾਤਾ ਤੇ ਪਿਤਾ ਦੋਨਾਂ ਵੱਲ ਵਾਰੀ ਵਾਰੀ ਤੱਕਿਆ ਅਤੇ ਫਿਰ ਇਕ ਵਾਰਗੀ ਛੇਤੀ ਨਾਲ ਇਹ ਸ਼ਬਦ ਕਹਿ ਗਈ:-

"ਉਹ ਮਰ ਗਏ ਹਨ, ਅਤੇ ਉਨ੍ਹਾਂ ਨਾਲ ਮੇਰੀ ਖੁਸ਼ੀ ਵੀ ਮਰ ਗਈ ਹੈ। ਹੁਣ ਇਸ ਦੁਨੀਆਂ ਵਿੱਚ ਮੇਰੇ ਲਈ ਕੀ ਧਰਿਆ ਹੈ ? ਮੈਂ ਇਥੇ ਨਹੀਂ ਰਹਾਂਗੀ ! ਤੁਸੀਂ ਮੈਨੂੰ ਕੁੱਝ ਨਾ ਕਹਿਣਾ।"

ਅੱਧੀ ਰਾਤ ਨੂੰ ਜਦੋਂ ਦੁਨੀਆਂ ਨੀਂਦ ਦੇ ਸਾਗਰ ਵਿਚ ਡੁੱਬੀ ਸੀ, ਪ੍ਰਮਦਾ ਨੇ ਆਪਣੇ ਘਰ ਦਾ ਦਰਵਾਜ਼ਾ ਖੋਲ੍ਹਿਆ ਅਤੇ ਹੌਲੀ ਜਿਹੀ ਬਾਹਰ ਨਿਕਲ ਗਈ।

ਇਸ ਤੋਂ ਬਾਅਦ ਉਸਨੂੰ ਕਿਸੇ ਨੇ ਨਹੀਂ ਵੇਖਿਆ।

-0-

# ਗੁਰ-ਮੰਤਰ

ਅੱਧੀ ਰਾਤ ਵੇਲੇ ਨੌਜਵਾਨ ਏਕਨਾਥ ਨੇ ਆਪਣੇ ਮਕਾਨ ਦਾ ਦਰਵਾਜ਼ਾ ਬਹੁਤ ਪੋਲੇ ਜਿਹੇ ਖੋਲ੍ਹਿਆ ਅਤੇ ਬਾਹਰ ਨਿਕਲ ਆਇਆ। ਗਲੀ, ਬਾਜ਼ਾਰ, ਪਿੰਡ ਸਭ ਸੁਨਸਾਨ ਸੀ, ਹਨੇਰਾ ਛਾਇਆ ਹੋਇਆ ਸੀ। ਏਕਨਾਥ ਨੇ ਇਕ ਪਲ ਲਈ ਰੁਕ ਕੇ ਆਪਣੇ ਘਰ ਵੱਲ ਵੇਖਿਆ, ਆਪਣੇ ਬੁੱਢੇ ਬਾਬੇ ਤੇ ਕਮਜ਼ੋਰ ਦਾਦੀ ਦਾ ਖਿਆਲ ਕੀਤਾ, ਆਪਣੇ ਸੱਜਣਾਂ ਸਬੰਧੀਆਂ ਬਾਰੇ ਸੋਚਿਆ, ਅਤੇ ਉਸ ਦੀਆਂ ਅੱਖਾਂ ਵਿੱਚ ਪਾਣੀ ਭਰ ਆਇਆ। ਪਰ ਇਹ ਕਮਜ਼ੋਰੀ ਕੁੱਝ ਛਿਣਾਂ ਲਈ ਹੀ ਸੀ, ਜਿਵੇਂ ਪੰਛੀ ਖੰਭ ਖੋਲ੍ਹਦੇ ਖੋਲ੍ਹਦੇ ਕਦੀ ਰੁਕ ਜਾਂਦਾ ਹੈ।

ਇਕਦਮ ਉਸਨੇ ਅਥਰੂ ਪੂੰਝੇ ਅਤੇ ਛੇਤੀ ਛੇਤੀ ਕਦਮ ਚੁੱਕਦਾ ਉਹ ਪਿੰਡੋਂ ਬਾਹਰ ਚਲਾ ਗਿਆ। ਪਿੰਜਰੇ ਵਿੱਚ ਦਾਣਾ-ਪਾਣੀ ਸਭ ਕੁੱਝ ਸੀ, ਪਰ ਪੰਛੀ ਨੇ ਕਿਸੇ ਦੀ ਪਰਵਾਹ ਨਾ ਕੀਤੀ ਤੇ ਉਡ ਗਿਆ। ਚਾਰੇ ਪਾਸੇ ਹਨੇਰਾ ਸੀ। ਦੂਰ ਕਾਲੇ ਦਰਖ਼ਤਾਂ ਦੀ ਕਾਲੀ ਛਾਇਆ ਹੇਠ ਕੁੱਤਿਆਂ ਤੇ ਗਿਦੜਾਂ ਦੇ ਰੋਣ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ। ਘਰ ਵਿਚ ਬੁੱਢੇ ਬਾਬੇ ਤੇ ਦਾਦੀ ਦਾ ਪੁੱਤਰ-ਪਿਆਰ ਬੇਸੁੱਧ ਪਿਆ ਸੀ, ਪਰ ਏਕਨਾਥ ਪੂਰੀ ਦ੍ਰਿੜਤਾ ਨਾਲ ਝਾੜੀਆਂ ਵਿਚੋਂ ਛਾਲਾਂ ਮਾਰਦਾ, ਟੋਇਆਂ ਵਿਚ ਢਹਿੰਦਾ, ਪੱਥਰਾਂ ਨਾਲ ਠੋਕਰਾਂ ਖਾਂਦਾ ਅਗੇ ਚਲਿਆ ਜਾ ਰਿਹਾ ਸੀ, ਅਤੇ ਉਸਨੂੰ ਇਹ ਰਤਾ ਜਿੰਨੀ ਵੀ ਚਿੰਤਾ ਨਹੀਂ ਸੀ ਕਿ ਰਸਤਾ ਖਤਰਨਾਕ ਹੈ ਅਤੇ ਰਾਤ ਦੇ ਹਨੇਰੇ ਵਿਚ ਕਈ ਬਲਾਵਾਂ ਲੁਕੀਆਂ ਹੋਈਆਂ ਹੋ ਸਕਦੀਆਂ ਹਨ।

ਮੂੰਹ-ਝਾਖਰੇ ਵੇਲੇ ਜਦੋਂ ਦੋ-ਬੁੱਢਿਆਂ ਦੇ ਦਿਲ-ਹਿਲਾਉ ਵਿਰਲਾਪ ਨਾਲ ਪੈਠਨ ਪਿੰਡ ਵਿਚ ਹਾਲ-ਦੁਹਾਈ ਮਚੀ ਹੋਈ ਸੀ, ਉਦੋਂ ਉਹ ਕਈ ਕੋਹਾਂ ਦਾ ਸਫ਼ਰ ਤਹਿ ਕਰ ਚੁੱਕਾ ਸੀ। ਉਹ ਇਕ ਨਦੀ ਕਿਨਾਰੇ ਬੈਠਾ ਆਪਣੇ ਪੈਰ ਧੋ ਰਿਹਾ ਸੀ, ਜਿਨ੍ਹਾਂ ਨੂੰ ਜੰਗਲ ਦੇ ਕੰਡਿਆਂ ਨੇ ਲਹੂ-ਲੁਹਾਨ ਕਰ ਦਿੱਤਾ ਸੀ। ਉਸਦਾ ਸਰੀਰ ਸਾਰੀ ਰਾਤ ਦੇ ਸਫ਼ਰ ਨਾਲ ਚੂਰ ਚੂਰ ਹੋ ਰਿਹਾ ਸੀ। ਪਰ ਉਸਦੇ ਵਿਚਾਰ ਆਸ ਦੇ ਆਸਮਾਨ ਵਿਚ ਉਡ ਰਹੇ ਸਨ, ਅਤੇ ਉਨ੍ਹਾਂ ਨੂੰ ਰੋਕਣ ਦੀ ਤਾਕਤ ਪ੍ਰਿਥਵੀ ਦੀ ਕਿਸੇ ਵੀ ਚੀਜ਼ ਵਿਚ ਨਹੀਂ ਸੀ। ਥੋੜੀ ਦੇਰ ਪਿਛੋਂ ਉਹ ਉਠਿਆ ਅਤੇ ਆਪਣੇ ਪਿੰਡ ਵੱਲ ਮੂੰਹ ਕਰਕੇ ਖੜਾ ਹੋ ਗਿਆ। ਇਸ ਵੇਲੇ ਉਹ ਆਪਣੇ ਘਰ ਦੀ ਹਾਲਤ

ਬਾਰੇ ਸੋਚ ਰਿਹਾ ਸੀ, ਅਤੇ ਆਪਣੀਆਂ ਅੰਤਰੀਵ ਅੱਖਾਂ ਨਾਲ ਉਥੋਂ ਦਾ ਦ੍ਰਿਸ਼ ਵੇਖ ਰਿਹਾ ਸੀ। ਅਸੀਂ ਆਪਣਾ ਘਰ ਛੱਡ ਸਕਦੇ ਹਾਂ, ਪਰ ਉਸਦੀ ਯਾਦ ਨੂੰ ਭੁੱਲਣਾ ਆਸਾਨ ਨਹੀਂ।

ਇਤਨੇ ਵਿਚ ਇਕ ਮੁਸਾਫਰ ਘੋੜੇ ਤੇ ਸਵਾਰ ਉਧਰੋਂ ਦੀ ਲੰਘਿਆ, ਅਤੇ ਏਕਨਾਥ ਦੇ ਕੋਲ ਪਹੁੰਚ ਕੇ ਰੁਕ ਗਿਆ। ਏਕਨਾਥ ਨੇ ਦੋਵੇਂ ਹੱਥ ਜੋੜ ਕੇ ਉਸਦਾ ਸੁਆਗਤ ਕੀਤਾ। ਮੁਸਾਫਰ ਨੇ ਆਸ਼ੀਰਵਾਦ ਦਿੱਤੀ ਅਤੇ ਪੁੱਛਿਆ- ਭਰਾ, ਕਿਥੇ ਜਾਵੇਂਗਾ ?"

ਏਕਨਾਥ ਨੇ ਆਪਣੇ ਪਿੰਡ ਵੱਲ ਪਿਠ ਮੋੜ ਲਈ ਅਤੇ ਆਪਣੇ ਸਾਹਮਣੇ ਫੈਲੇ ਹੋਏ, ਵਿਸ਼ਾਲ ਜੰਗਲ ਵਲ ਉਂਗਲ ਉਠਾ ਕੇ ਜਵਾਬ ਦਿੱਤਾ, 'ਬੜੀ ਦੂਰ !"

ਮੁਸਾਫਰ-ਪਰ ਫਿਰ ਵੀ ਕਿਥੇ ?

ਏਕਨਾਥ-ਸ੍ਰੀ ਗੁਰੂ ਜੀ ਦੇ ਚਰਨਾਂ ਵਿੱਚ।

ਮੁਸਾਫਰ ਘੋੜੇ ਤੋਂ ਉਤਰ ਆਇਆ ਅਤੇ ਏਕਨਾਥ ਦੇ ਮੋਢੇ ਤੇ ਪਿਆਰ ਨਾਲ ਹੱਥ ਰਖਕੇ ਬੋਲਿਆ, "ਤੇਰਾ ਗੁਰੂ ਕੌਣ ਹੈ ?"

ਏਕਨਾਥ-ਪੰਡਤ ਜਨਾਰਦਨ ਪੰਤ

ਇਹ ਕਹਿ ਕੇ ਏਕਨਾਥ ਨੇ ਦੋਵੇਂ ਹੱਥ ਜੋੜਕੇ ਨਿਮਰਤਾ ਨਾਲ ਸਿਰ ਝੁਕਾ ਦਿੱਤਾ, ਜਿਵੇਂ ਉਹ ਇਸ ਵੇਲੇ ਵੀ ਗੁਰੂ ਦੇ ਸਾਹਮਣੇ ਹੀ ਖੜਾ ਹੋਵੇ। ਮੁਸਾਫਰ ਨੂੰ ਨੌਜਵਾਨ ਦੀ ਸ਼ਰਧਾ ਤੇ ਹੈਰਾਨੀ ਹੋਈ, “ਕਿਹੜਾ ਜਨਾਰਦਨ ਪੰਤ ? ਕੀ ਉਹੀ ਤਾਂ ਨਹੀਂ, ਜਿਹੜਾ ਦੇਵਗੜ੍ਹ ਦਾ ਦੀਵਾਨ ਹੈ ?"

ਏਕਨਾਬ-ਜੀ ਹਾਂ, ਉਹੀ ਮਹਾਤਮਾ, ਜਿਨ੍ਹਾਂ ਦੇ ਬਰਾਬਰ ਦਾ ਆਤਮ-ਸੰਜਮੀ ਅੱਜ ਸਾਰੇ ਭਾਰਤ ਵਰਸ਼ ਵਿੱਚ ਨਹੀਂ ਹੈ। ਕੀ ਆਪ ਨੇ ਉਨ੍ਹਾਂ ਦੇ ਦਰਸ਼ਨ ਕੀਤੇ ਹਨ ?

ਇਹ ਕਹਿ ਕੇ ਉਸਨੇ ਮੁਸਾਫ਼ਰ ਵੱਲ ਬੜੀ ਉਤਸੁਕਤਾ ਨਾਲ ਵੇਖਿਆ।

ਮੁਸਾਫ਼ਰ -ਹਾਂ, ਕਈ ਵਾਰ ਦਰਸ਼ਨ ਕੀਤੇ ਹਨ, ਪਰ ਉਹ ਤਾਂ ਕਿਸੇ ਨੂੰ ਗੁਰ-ਮੰਤਰ ਨਹੀਂ ਦੇਂਦੇ, ਨਾ ਮੈਂ ਉਨ੍ਹਾਂ ਕੋਲ ਕੋਈ ਚੇਲਾ ਵੇਖਿਆ ਹੈ। ਮੈਨੂੰ ਹੈਰਾਨੀ ਹੈ ਕਿ ਉਨ੍ਹਾਂ ਨੇ ਤੈਨੂੰ ਕਿਵੇਂ ਚੇਲਾ ਬਣਾ ਲਿਆ।

ਏਕਨਾਥ—(ਉਦਾਸ ਹੋ ਕੇ) ਉਨ੍ਹਾਂ ਨੇ ਮੈਨੂੰ ਚੇਲਾ ਨਹੀਂ ਬਣਾਇਆ।

ਮੁਸਾਫ਼ਰ-ਅੱਛਾ ?

ਏਕਨਾਥ-ਪਰ ਮੈਂ ਉਨ੍ਹਾਂ ਨੂੰ ਗੁਰੂ ਧਾਰ ਲਿਆ ਹੈ। ਹੁਣ ਜਾ ਕੇ ਉਨ੍ਹਾਂ ਦੇ ਚਰਨਾਂ ਵਿਚ ਲੇਟ ਜਾਵਾਂਗਾ। ਵੇਖਾਂਗਾ ਕਿਵੇਂ ਕਿਰਪਾ ਨਹੀਂ ਕਰਦੇ।

ਮੁਸਾਫ਼ਰ—ਹਾਲੇ ਤੇਰੀ ਉਮਰ ਵੀ ਤਾਂ ਥੋੜੀ ਹੈ।

ਏਕਨਾਥ -ਸਮਝਦਾਰ ਲਈ ਥੋੜੀ ਵੀ ਕਾਫ਼ੀ ਹੁੰਦੀ ਹੈ।

ਮੁਸਾਫਰ -ਕੀ ਤੈਨੂੰ ਦੁਨੀਆਂ ਦਾ ਅਨੁਭਵ ਹੈ ?

ਏਕਨਾਥ—ਗੁਰੂ ਜੀ ਦੀ ਕਿਰਪਾ ਨਾਲ ਅਨੁਭਵ ਵੀ ਹੋ ਜਾਵੇਗਾ।

ਮੁਸਾਫਰ--ਇਹ ਰਾਹ ਬਹੁਤ ਬਿਖੜਾ ਹੈ।

ਏਕਨਾਥ—ਹਿੰਮਤ ਹੋਵੇ ਤਾਂ ਸਾਰੇ ਕੰਮ ਬਣ ਜਾਂਦੇ ਹਨ।

ਮੁਸਾਫਰ ਨੇ ਹੱਸ ਕੇ ਕਿਹਾ, "ਪਰ ਬੇਟਾ ! ਦੇਵਗੜ ਤਕ ਕਿਵੇਂ ਪਹੁੰਚੇਗਾ ? ਬਹੁਤ ਦੂਰ ਹੈ ਇਥੋਂ।"

ਏਕਨਾਥ--ਜਿਨ੍ਹਾਂ ਦੇ ਦਿਲ ਨੂੰ ਲੱਗੀ ਹੋਵੇ, ਉਨ੍ਹਾਂ ਲਈ ਦੂਰੀ ਕੋਈ ਚੀਜ਼ ਨਹੀਂ।

ਮੁਸਾਫਰ-ਕੋਈ ਘੋੜਾ ਕਿਉਂ ਨਹੀਂ ਲੈ ਲੈਂਦਾ ?

ਏਕਨਾਥ –ਗੁਰੂ ਜੀ ਕੋਲ ਨੰਗੇ ਪੈਰੀਂ ਜਾਣਾ ਹੀ ਠੀਕ ਹੈ।

ਮੁਸਾਫਰ ਨੇ ਇਹ ਗੱਲਾਂ ਸੁਣੀਆਂ ਤਾਂ ਬਹੁਤ ਖੁਸ਼ ਹੋਇਆ। ਉਸਨੇ ਦੁਨੀਆਂ ਵੇਖੀ ਸੀ, ਪਰ ਅਜਿਹਾ ਨੌਜਵਾਨ ਉਸ ਦੀਆਂ ਅੱਖਾਂ ਨੇ ਨਹੀਂ ਸੀ ਵੇਖਿਆ। ਇਹ ਨੌਜਵਾਨ ਨਹੀਂ ਸੀ, ਸ਼ਰਧਾ ਤੇ ਹਿੰਮਤ ਦੀ ਜੀਉਂਦੀ ਜਾਗਦੀ ਮੂਰਤ ਸੀ। ਉਸਨੇ ਏਕਨਾਥ ਨੂੰ ਪਿਆਰ ਨਾਲ ਵੇਖਿਆ ਅਤੇ ਘੋੜੇ ਤੇ ਸਵਾਰ ਹੋ ਕੇ ਚਲਾ ਗਿਆ।

(2)

ਕਿੰਨੇ ਕਸ਼ਟ ਸਹਿ ਕੇ, ਕਿੰਨੀਆਂ ਮੁਸੀਬਤਾਂ ਸਹਿਕੇ ਏਕਨਾਥ ਦੇਵਗੜ੍ਹ ਪਹੁੰਚਿਆ. ਜਿਸਦਾ ਅਨੁਮਾਨ ਕਰਨਾ ਔਖਾ ਹੈ। ਪਰ ਦੇਵਗੜ ਪਹੁੰਚ ਕੇ ਉਸਨੂੰ ਸਾਰੀਆਂ ਤਕਲੀਫ਼ਾਂ ਭੁੱਲ ਗਈਆਂ। ਪਿਆਸਾ ਹਿਰਨ ਪਾਣੀ ਦੀ ਤਲਾਸ਼ ਵਿਚ ਕਿੰਨਾ ਭੱਜਦਾ ਹੈ, ਕਿੰਨਾ ਘਬਰਾਂਦਾ ਹੈ, ਉਸਦਾ ਸਰੀਰ ਥੱਕ ਕੇ ਪਸੀਨਾ-ਪਸੀਨਾ ਹੋ ਜਾਂਦਾ ਹੈ। ਪਰ ਪਾਣੀ ਕੋਲ ਪਹੁੰਚ ਕੇ ਉਸਦੀ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ। ਉਥੇ ਪੁੱਜ ਕੇ ਉਸਦਾ ਕੁਮਲਾਇਆ ਹੋਇਆ ਚਿਹਰਾ ਵੇਖਦਿਆਂ ਵੇਖਦਿਆਂ ਖਿੜ ਉਠਦਾ ਹੈ। ਏਕਨਾਥ ਦੀ ਵੀ ਇਹੀ ਹਾਲਤ ਸੀ। ਉਹ ਹੁਣ ਗੁਰੂ ਜੀ ਦੀ ਨਗਰੀ ਵਿਚ ਪਹੁੰਚ ਗਿਆ ਸੀ। ਉਹ ਸੁਰਗੀ ਸੁਪਨਿਆਂ ਦੀ ਪੁਸ਼ਪ-ਭੂਮੀ ਵਿੱਚ ਪਹੁੰਚ ਗਿਆ ਸੀ, ਜਿਸ ਲਈ ਉਸ ਦੀਆਂ ਅੱਖਾਂ ਤਰਸਦੀਆਂ ਸਨ।

ਤੀਜੇ ਪਹਿਰ ਦਾ ਵੇਲਾ ਸੀ। ਏਕਨਾਥ ਪੰਡਤ ਜਨਾਰਦਨ ਪੰਤ ਦੀ ਸੇਵਾ ਵਿਚ ਹਾਜ਼ਰ ਹੋਇਆ। ਉਸ ਵਕਤ ਪੰਡਤ ਜੀ ਸਰਕਾਰੀ ਕਾਗਜ਼ ਵੇਖਣ ਵਿੱਚ ਮਗਨ ਸਨ। ਏਕਨਾਥ ਚੁੱਪ ਚਾਪ ਇਕ ਕੋਨੇ ਵਿੱਚ ਖੜਾ ਹੋ ਗਿਆ ਅਤੇ ਭਗਤੀ ਭਾਵ ਨਾਲ ਉਨ੍ਹਾਂ ਵੱਲ ਵੇਖਣ ਲੱਗ ਪਿਆ। ਇਹੀ ਵਿਅਕਤੀ ਹੈ, ਜਿਹੜਾ ਸੰਸਾਰ ਅਤੇ ਸੰਸਾਰ ਦੇ ਵਿਹਾਰ ਵਿਚ ਰਹਿੰਦਾ ਹੋਇਆ ਵੀ ਸੰਸਾਰ ਤੋਂ ਅਤੀਤ ਹੈ, ਜਿਹੜਾ ਗ੍ਰਹਿਸਥੀ ਹੁੰਦਾ ਹੋਇਆ ਵੀ ਆਪਣੇ ਯੁੱਗ ਦਾ ਸਭ ਤੋਂ ਵੱਡਾ ਭਗਤ ਹੈ, ਜਿਹੜਾ ਦੇਵਗੜ੍ਹ ਦਾ ਦੀਵਾਨ ਵੀ ਹੈ, ਸੂਰਮਾ ਸਿਪਾਹੀ ਵੀ ਹੈ, ਸੈਨਾਪਤੀ ਅਤੇ ਪੰਡਤ ਵੀ। ਇਹ ਉਹ ਰਾਜ ਭਗਤ ਹੈ, ਜਿਸਦਾ ਦੋਵੇਂ ਹਿੰਦੂ-ਮੁਸਲਮਾਨ ਸਤਿਕਾਰ ਕਰਦੇ ਹਨ, ਜਿਸਦੇ ਸਾਹਮਣੇ ਸਿਰ ਚੁਕਣ ਦਾ ਬਾਦਸ਼ਾਹ ਨੂੰ ਵੀ ਹੀਆ ਨਹੀਂ। ਏਕਨਾਥ ਗਦ ਗਦ ਹੋ ਗਿਆ। ਉਸ ਦੀਆਂ ਅੱਖਾਂ ਵਿੱਚ ਪਾਣੀ ਭਰ ਆਇਆ। ਉਸੇ ਵੇਲੇ ਪੰਡਤ ਜੀ ਨੇ ਸਿਰ ਚੁਕਿਆ ਅਤੇ ਏਕਨਾਥ ਵੱਲ ਵੇਖਿਆ। ਏਕਨਾਥ ਦੇ ਸਰੀਰ ਵਿਚ ਬਿਜਲੀ ਦੀ ਰੌ ਜਿਹੀ ਦੌੜ ਗਈ। ਇਹ ਤਾਂ ਉਹੀ ਮੁਸਾਫਰ ਸਨ, ਜਿਹੜੇ ਉਸਨੂੰ ਆਪਣੇ ਪਿੰਡ ਦੇ ਕੋਲ ਮਿਲੇ ਸਨ, ਹੱਸ ਹੱਸ ਕੇ ਗੱਲਾਂ ਕਰ ਰਹੇ ਸਨ, ਜਿਨ੍ਹਾਂ ਦੀਆਂ ਅੱਖਾਂ ਵਿਚ ਮਨ-ਮੋਹਣ ਵਾਲੀ ਸ਼ਕਤੀ ਸੀ। ਏਕਨਾਥ ਦੌੜ ਕੇ ਅੱਗੇ ਵਧਿਆ ਅਤੇ ਪੰਡਤ ਜੀ ਦੇ ਚਰਨਾਂ ਨਾਲ ਲਿਪਟ ਗਿਆ। ਇਸ ਵੇਲੇ ਉਸਦੇ ਅਥਰੂ ਪੰਡਤ ਜੀ ਦੇ ਪੈਰਾਂ ਤੇ ਡਿਗ ਰਹੇ ਸਨ। ਪਰ ਇਹ ਹੰਝੂ ਸਾਧਾਰਣ ਅਥਰੂ ਨਹੀਂ ਸਨ। ਏਕਨਾਥ ਦਾ ਪ੍ਰੇਮ ਸੀ ਜਿਹੜਾ ਆਪਣੇ ਗੁਰੂ ਦੇ ਚਰਨਾਂ ਤੇ ਨਿਛਾਵਰ ਹੋ ਰਿਹਾ ਸੀ। ਇਹ ਉਜ ਦੀ ਸ਼ਰਧਾ ਸੀ, ਜਿਹੜੀ ਆਪਣੇ ਦੇਵਤਾ ਨੂੰ ਰਿਝਾਉਣ ਲਈ ਦਿਲ ਵਿਚੋਂ ਫੁਟ ਰਹੀ ਸੀ।

ਪੰਡਤ ਜੀ ਨੇ ਉਸਨੂੰ ਪੈਰਾਂ ਤੋਂ ਉਠਾਇਆ ਅਤੇ ਕਬੇ ਤੋਂ ਕਬੇ ਮਨੁੱਖ ਨੂੰ ਵੀ ਆਪਣਾ ਬਣਾ ਲੈਣ ਵਾਲੇ ਢੰਗ ਨਾਲ ਮੁਸਕਰਾ ਕੇ ਕਿਹਾ-"ਆਖਰ ਤੂੰ ਇਥੇ ਆ ਹੀ ਗਿਆ ਹੈ ? ਪਰ ਤੈਨੂੰ ਤਕਲੀਫ ਬਹੁਤ ਹੋਈ ਹੋਵੇਗੀ ?"

ਏਕਨਾਥ ਨੇ ਉਨ੍ਹਾਂ ਦੇ ਪੈਰਾਂ ਵੱਲ ਵੇਖਦੇ ਹੋਏ ਉੱਤਰ ਦਿੱਤਾ - "ਆਪਦੇ ਚਰਨਾਂ ਦੇ ਦਰਸ਼ਨ ਕਰਕੇ ਸਾਰੀ ਤਕਲੀਫ ਭੁੱਲ ਗਈ ਹੈ।"

ਪੰਡਤ ਜੀ—ਤਾਂ ਹੁਣ ਕੀ ਮਰਜ਼ੀ ਹੈ ?

ਏਕਨਾਥ-ਭਗਵਾਨ ਸਭ ਕੁੱਝ ਜਾਣਦੇ ਹਨ, ਆਪਣੇ ਮੂੰਹ ਤੋਂ ਕੀ ਕਹਾਂ ?

ਪੰਡਤ ਜੀ-ਗੁਰ-ਮੰਤਰ ਚਾਹੁੰਦਾ ਹੈ ?

ਏਕਨਾਥ - ਇਹ ਮੇਰੇ ਜੀਵਨ ਦਾ ਸਭ ਤੋਂ ਵੱਡਾ ਸੁਪਨਾ ਹੈ।

ਪੰਡਤ ਜੀ-ਮੈਂ ਸਾਧਾਰਣ ਗ੍ਰਹਿਸਥੀ ਹਾਂ, ਮੈਥੋਂ ਤੇਰਾ ਕਲਿਆਣ ਕੀ ਹੋਵੇਗਾ ? ਕਿਸੇ ਪਰਮ ਹੰਸ ਦੇ ਪੈਰ ਕਿਉਂ ਨਹੀਂ ਫੜਦਾ ? ਬੇੜਾ ਪਾਰ ਹੋ ਜਾਵੇ ਤੇਰਾ।

ਏਕਨਾਥ —ਮੈਂ ਇਸ ਯੁਗ ਦੇ ਸਭ ਤੋਂ ਵੱਡੇ ਪਰਮ ਹੰਸ ਨੂੰ ਪਾ ਲਿਆ ਹੈ।

ਹੁਣ ਹੋਰ ਕਿਥੇ ਜਾਵਾਂ ? ਆਪ ਗ੍ਰਹਿਸਥੀ ਹੋ, ਪਰ ਆਪ ਦੀ ਪਦਵੀ ਸਾਧੂ-ਸੰਨਿਆਸੀਆਂ ਤੋਂ ਵੀ ਉੱਚੀ ਹੈ।

ਪੰਡਤ ਜੀ-ਇਹ ਤੇਰੀ ਸ਼ਰਧਾ ਹੈ। ਮੈਂ ਤਾਂ ਰਾਜੇ ਦਾ ਇਕ ਮਾਮੂਲੀ ਨੌਕਰ ਹਾਂ।

ਏਕਨਾਥ - ਪਰ ਮੇਰੇ ਲਈ ਤਾਂ ਆਪ ਰਾਜਿਆਂ ਦੇ ਵੀ ਰਾਜੇ ਹੋ।

ਇਹ ਕਹਿ ਕੇ ਏਕਨਾਥ ਫਿਰ ਝੁਕਿਆ ਅਤੇ ਪੰਡਤ ਜੀ ਦੇ ਪੈਰਾਂ ਤੇ ਡਿਗ ਪਿਆ।

ਪੰਡਤ ਜੀ ਲਾ-ਜਵਾਬ ਹੋ ਗਏ। ਬੇਨਤੀ ਅਤੇ ਸ਼ਰਧਾ ਦੇ ਸਾਹਮਣੇ ਦਲੀਲ ਦੀ ਕੋਈ ਪੇਸ਼ ਨਹੀਂ ਜਾਂਦੀ। ਦੇਵਗੜ੍ਹ ਦੇ ਦੀਵਾਨ ਸਾਹਿਬ ਇਕ ਸਾਧਾਰਣ ਪੇਂਡੂ ਨੌਜਵਾਨ ਦੇ ਸਾਹਮਣੇ ਚੁੱਪ ਸਨ, ਅਤੇ ਨਹੀਂ ਸਨ ਜਾਣਦੇ ਕਿ ਉਸਨੂੰ ਕਿਵੇਂ ਸਮਝਾਈਏ।ਕੁਝ ਸੋਚ ਕੇ ਉਨ੍ਹਾਂ ਨੇ ਉਸਨੂੰ ਉਠਾਇਆ ਅਤੇ ਗੰਭੀਰਤਾ ਨਾਲ ਕਿਹਾ, "ਮੈਨੂੰ ਗੁਰ-ਮੰਤਰ ਦੇਣ ਵਿੱਚ ਇਤਰਾਜ਼ ਨਹੀਂ, ਪਰ ਪਹਿਲਾਂ ਤੈਨੂੰ ਸਿੱਧ ਕਰਨਾ ਪਵੇਗਾ ਕਿ ਤੂੰ ਇਸਦਾ ਅਧਿਕਾਰੀ ਹੈਂ। ਪਰੀਖਿਆ ਲਈ ਤਿਆਰ ਹੈਂ ?

ਏਕਨਾਥ ਨੇ ਸਿਰ ਝੁਕਾ ਕੇ ਉੱਤਰ ਦਿੱਤਾ-"ਜੀ ਹਾਂ ! ਬਹੁਤ ਖੁਸ਼ੀ ਨਾਲ।"

ਇਹ ਕਹਿ ਕੇ ਉਸਨੇ ਗੁਰੂ ਜੀ ਦੇ ਪੈਰਾਂ ਹੇਠੋਂ ਮਿੱਟੀ ਚੁਕੀ ਅਤੇ ਮੱਥੇ ਤੇ ਮਲ ਲਈ ਮਾਨੋ ਇਹ ਮਿੱਟੀ ਨਹੀਂ ਸੀ ਚੰਦਨ ਦਾ ਬੁਰਾਦਾ ਸੀ।

(3)

ਤਿੰਨ ਸਾਲ ਲੰਘ ਗਏ। ਏਕਨਾਥ ਨੇ ਗੁਰੂ ਜੀ ਦੀ ਸੇਵਾ ਵਿਚ ਦਿਨ-ਰਾਤ ਇਕ ਕਰ ਦਿੱਤਾ। ਅਜਿਹੀ ਲਗਨ ਨਾਲ ਤਾਂ ਕਿਸੇ ਵਿਕੇ ਹੋਏ ਗੁਲਾਮ ਨੇ ਵੀ ਆਪਣੇ ਮਾਲਕ ਦੀ ਸੇਵਾ ਨਹੀਂ ਕੀਤੀ ਹੋਵੇਗੀ। ਉਹ ਉਨ੍ਹਾਂ ਦੇ ਕੱਪੜੇ ਧੋਂਦਾ, ਉਨ੍ਹਾਂ ਲਈ ਧਾਨ ਕੁਟਦਾ, ਪਾਣੀ ਭਰਦਾ, ਬਾਲ-ਬੱਚਿਆਂ ਨੂੰ ਖਿਡਾਉਂਦਾ ਸੀ: ਤੇ ਇੰਨਾ ਹੀ ਨਹੀਂ, ਉਨ੍ਹਾਂ ਦੇ ਦਫਤਰ ਦਾ ਸਾਰਾ ਕੰਮ ਵੀ ਆਪਣੇ ਹੱਥ ਨਾਲ ਕਰਦਾ ਸੀ। ਦੀਵਾਨ ਸਾਹਿਬ ਹੁਣ ਹਿਸਾਬ ਆਦਿ ਘਟ ਹੀ ਵੇਖਦੇ ਸਨ, ਸਾਰੀ ਸਿਆਹੀ-ਸਫੇਦੀ ਏਕਨਾਥ ਦੇ ਹੱਥ ਵਿੱਚ ਸੀ। ਰਿਆਸਤ ਦੇ ਲੋਕ ਇਸ ਰੱਬੀ ਦਾਤ ਵਾਲੀ ਯੋਗਤਾ ਅਤੇ ਕੰਮ ਦੀ ਮੁਹਾਰਤ ਨੂੰ ਵੇਖਕੇ ਵਾਹ ਵਾਹ ਕਰਦੇ ਸਨ, ਇਥੋਂ ਤਕ ਕਿ ਰਾਜਾ ਵੀ ਉਸਦੀ ਪ੍ਰਸ਼ੰਸ਼ਾ ਕਰਦਾ ਸੀ। ਪਰ ਏਕਨਾਥ ਨੂੰ ਇਸ ਤੇ ਉੱਕਾ ਹੀ

ਅਭਿਮਾਨ ਨਹੀਂ ਸੀ। ਉਹ ਸਮਝਦਾ ਸੀ ਗੁਰੂ ਜੀ ਪਰੀਖਿਆ ਲੈ ਰਹੇ ਹਨ। ਪਾਸ ਹੋ ਗਿਆ ਤਾਂ ਜਨਮ ਮਰਨ ਦੇ ਫੰਦੇ ਤੋਂ ਮੁਕਤ ਹੋ ਜਾਵਾਂਗਾ।

ਸਵੇਰ ਦਾ ਵੇਲਾ ਸੀ। ਪੰਡਤ ਜੀ ਆਪਣੇ ਮੰਦਰ ਵਿਚ ਬੈਠੇ ਪ੍ਰਭੂ-ਭਗਤੀ ਕਰ ਰਹੇ ਸਨ ਅਤੇ ਏਕਨਾਥ ਬਾਹਰ ਖੜਾ ਸੀ ਕਿ ਕੋਈ ਵਿਘਨ ਨਾ ਪਾਵੇ। ਇੰਨੇ ਵਿਚ ਘੋੜਿਆਂ ਦੀਆਂ ਟਾਪਾਂ ਦੀ ਵਾਜ ਆਈ। ਏਕਨਾਥ ਡਰ ਗਿਆ। ਉਸਨੂੰ ਡਰ ਹੋਇਆ ਕਿ ਮਤਾਂ ਗੁਰੂ ਜੀ ਦੀ ਸਮਾਧੀ ਖੁਲ੍ਹ ਜਾਵੇ। ਉਨ੍ਹਾਂ ਦਾ ਧਿਆਨ ਟੁਟ ਗਿਆ ਤਾਂ ਕੀ ਜਵਾਬ ਦੇਵਾਂਗਾ ? ਉਹ ਛੇਤੀ ਨਾਲ ਬਾਹਰ ਨਿਕਲਿਆ ਕਿ ਸਵਾਰ ਨੂੰ ਰੋਕ ਦੇਵੇ। ਪਰ ਇਹ ਸਵਾਰ ਕੋਈ ਆਮ ਸਵਾਰ ਨਹੀਂ ਸੀ। ਉਹ ਸ਼ਾਹੀ ਸਵਾਰ ਸੀ, ਜਿਹੜਾ ਰਾਜੇ ਦਾ ਖ਼ਾਸ ਪਰਵਾਨਾ ਲੈ ਕੇ ਆਇਆ ਸੀ। ਏਕਨਾਥ ਨੇ ਅਗੇ ਵੱਧ ਕੇ ਕਿਹਾ—

"ਗੁਰੂ ਜੀ ਈਸ਼ਵਰ ਦਾ ਭਜਨ ਕਰ ਰਹੇ ਹਨ, ਥਲੇ ਉਤਰ ਆਉ।"

ਸਵਾਰ ਘੋੜੇ ਤੋਂ ਥੱਲੇ ਉਤਰ ਆਇਆ ਅਤੇ ਜੇਬ ਵਿਚੋਂ ਇਕ ਮੁਹਰਵਾਲਾ ਲਿਫ਼ਾਫ਼ਾ ਕੱਢਕੇ ਬੋਲਿਆ-"ਇਹ ਸ਼ਾਹੀ ਪਰਵਾਨਾ ਹੈ। ਹੁਣੇ ਦੀਵਾਨ ਸਾਹਿਬ ਕੋਲ ਪਹੁੰਚਾ ਦਿਉ।"

ਏਕਨਾਥ ਨੇ ਲਿਫ਼ਾਫ਼ਾ ਲੈ ਲਿਆ ਤੇ ਉੱਤਰ ਦਿੱਤਾ— "ਉਹ ਤਾਂ ਸਮਾਧੀ ਵਿਚ ਹਨ।"

ਸਵਾਰ—ਕੋਈ ਗੱਲ ਨਹੀਂ, ਜਾ ਕੇ ਸਮਾਧੀ ਤੋਂ ਉਠਾ ਦਿਉ।

ਏਕਨਾਥ-ਇਹ ਅਸੰਭਵ ਹੈ। (ਥੋੜੀ ਦੇਰ ਬਾਅਦ) ਕੀ ਬਹੁਤ ਜ਼ਰੂਰੀ ਕੰਮ ਹੈ ?

ਸਵਾਰ—ਹੁਣ ਤੈਨੂੰ ਮੈਂ ਕੀ ਦੱਸਾਂ? ਜ਼ਰੂਰੀ ਹੈ ਜਾਂ ਨਹੀਂ। ਰਾਜਾ ਸਾਹਿਬ ਦਾ ਹੁਕਮ ਹੈ। ਇਸੇ ਵੇਲੇ ਪਹੁੰਚਾਉ। ਮੈਂ ਪਾਗਲ ਤਾਂ ਨਹੀਂ ਕਿ ਇਨੇ ਜ਼ੋਰ ਨਾਲ ਤੈਨੂੰ ਕਹਿ ਰਿਹਾ ਹਾਂ।"

ਏਕਨਾਥ ਨੇ ਲਿਫਾਫੇ ਨੂੰ ਉਲਟ ਪੁਲਟ ਕੇ ਵੇਖਿਆ ਅਤੇ ਕਿਹਾ- "ਪਰ ਅਜਿਹੀ ਕਿਹੜੀ ਗਲ ਹੈ ਕਿ ਜ਼ਰਾ ਵੀ ਉਡੀਕ ਨਹੀਂ ਕਰ ਸਕਦੇ ?"

ਸਵਾਰ-'ਭਾਈ ! ਮੇਰਾ ਫਰਜ਼ ਹੁਕਮ ਦੀ ਪਾਲਣਾ ਕਰਨਾ ਹੈ, ਤੂੰ ਜਾ ਕੇ ਸੂਚਨਾ ਦੇਂਦਾ ਹੈ ਜਾਂ ਮੈਂ ਖੁਦ ਜਾਵਾਂ ? ਹਰ ਹਾਲਤ ਵਿਚ ਇਹ ਪਰਵਨਾ ਉਨ੍ਹਾਂ ਪਾਸ ਹੁਣੇ ਪਹੁੰਚ ਜਾਣਾ ਚਾਹੀਦਾ ਹੈ। ਜ਼ਰਾ ਜਿੰਨੀ ਦੇਰ ਵੀ ਰਿਆਸਤ ਨੂੰ ਬਰਬਾਦ ਕਰ ਦੇਵੇਗੀ।

ਏਕਨਾਥ-ਪਰ ਇਸ ਸਮੇਂ ਤਾਂ ਉਨ੍ਹਾਂ ਪਾਸ ਕੋਈ ਵੀ ਨਹੀਂ ਜਾ ਸਕਦਾ, ਇਥੋਂ ਤਕ ਕਿ ਖੁਦ ਰਾਜਾ ਸਾਹਿਬ ਆ ਜਾਣ ਤਾਂ ਉਨ੍ਹਾਂ ਨੂੰ ਵੀ ਅਗੇ ਨਾ ਜਾਣ ਦੇਵਾਂ। ਈਸ਼ਵਰ ਦੇ ਧਿਆਨ ਵਿੱਚ ਹਨ।

ਸਵਾਰ ਨੇ ਕੁੱਝ ਸੋਚ ਕੇ ਹੌਲੀ ਜਿਹੀ ਕਿਹਾ, "ਤਾਂ ਤੈਨੂੰ ਸਾਫ ਹੀ ਦੱਸਣਾ ਪਵੇਗਾ। ਸ਼ਹਿਰ ਤੇ ਕਿਸੇ ਦੁਸ਼ਮਣ ਨੇ ਹਮਲਾ ਕੀਤਾ ਹੈ। ਰਾਜਾ ਸਾਹਿਬ ਇਹ ਪਰਵਾਨਾ ਭੇਜ ਕੇ ਆਪਣੇ ਫਰਜ਼ ਤੋਂ ਨਵਿਰਤ ਹੋ ਗਏ ਹਨ। ਸ਼ਹਿਰ ਬਚੇ ਜਾਂ ਬਰਬਾਦ ਹੋਵੇ, ਉਨ੍ਹਾਂ ਦੀ ਬਲਾ ਤੋਂ, ਹੋਰ ਕਿਸੇ ਨੂੰ ਇਸ ਦਾ ਫਿਕਰ ਹੀ ਨਹੀਂ। ਲੈ ਦੇ ਕੇ ਇਕ ਦੀਵਾਨ ਸਾਹਿਬ ਹਨ, ਜਿਨ੍ਹਾਂ ਨੂੰ ਸ਼ਹਿਰ ਦੀ ਰਖਿਆ ਦਾ ਖ਼ਿਆਲ ਹੈ ਅਤੇ ਜਿਨ੍ਹਾਂ ਦੇ ਇਸ਼ਾਰੇ ਤੇ ਸਿਪਾਹੀ ਮਰ-ਮਿੱਟਣ ਲਈ ਤਿਆਰ ਹਨ। ਹੁਣ ਇਹ ਤੂੰ ਆਪ ਹੀ ਸੋਚ ਲੈ ਕਿ ਉਨ੍ਹਾਂ ਨੂੰ ਇਸ ਵਕਤ ਖਬਰ-ਦੇਣੀ ਮੁਨਾਸਬ ਹੈ ਜਾਂ ਨਹੀਂ। ਪਰ ਮੈਂ ਇੰਨਾ ਕਹਿ ਦੇਂਦਾ ਹਾਂ ਕਿ ਜੇ ਉਨ੍ਹਾਂ ਨੂੰ ਖਬਰ ਨਾ ਹੋਈ, ਤਾਂ ਦੁਸ਼ਮਣ ਕਿਲੇ ਦੀ ਇੱਟ ਨਾਲ ਇੱਟ ਵਜਾ ਦੇਵੇਗਾ।"

ਇਹ ਕਹਿ ਕੇ ਸਵਾਰ ਚਲਾ ਗਿਆ। ਪਰ ਉਸਦੇ ਸ਼ਬਦ ਏਕਨਾਥ ਦੇ ਕੰਨਾਂ ਵਿਚ ਉਸੇ ਤਰ੍ਹਾਂ ਗੂੰਜ ਰਹੇ ਸਨ। ਉਸਨੇ ਪਰਵਾਨਾ ਗੁਰੂ ਜੀ ਦੇ ਕਾਗਜ਼ਾਂ ਵਿੱਚ ਰਖ ਦਿੱਤਾ ਅਤੇ ਗੋਡਿਆਂ ਤੇ ਸਿਰ ਰਖਕੇ ਸੋਚਣ ਲੱਗਾ ਕਿ ਕੀ ਕਰਨਾ ਚਾਹੀਦਾ ਹੈ। ਉਠਾਵਾਂ ਜਾਂ ਨਾ ਉਠਾਵਾਂ? ਧਿਆਨ ਵਿਚ ਹਨ। ਜੋ ਰਾਜਿਆਂ ਦਾ ਵੀ ਰਾਜਾ ਹੈ, ਉਸਦੇ ਦਰਬਾਰ ਵਿਚ ਹਨ। ਕਿਤੇ ਗੁੱਸੇ ਨਾ ਹੋ ਜਾਣ, ਨਰਾਜ਼ ਨਾ ਹੋ ਜਾਣ। ਸਾਰੇ ਕੀਤੇ ਕਰਾਏ ਤੇ ਪਾਣੀ ਫਿਰ ਜਾਵੇ। ਇਕ ਦਿਨ ਕਹਿੰਦੇ ਸਨ ਕਿ ਭਗਵਾਨ ਆਪਣੇ ਭਗਤਾਂ ਦੇ ਕੰਮ ਆਪ ਕਰ ਦੇਂਦੇ ਹਨ। ਕਹਿਣਗੇ ਇਹ ਗੱਲ ਤੈਨੂੰ ਕਿਵੇਂ ਭੁੱਲ ਗਈ ? ਸ਼ਰਮਿੰਦਾ ਹੋਵਾਂਗਾ, ਜਵਾਬ ਨਾ ਦੇ ਸਕਾਂਗਾ, ਉਨ੍ਹਾਂ ਦੇ ਸਾਹਮਣੇ ਸਿਰ ਉਠਾਉਣ ਜੋਗਾ ਨਹੀਂ ਰਹਾਂਗਾ। ਤਾਂ ਠੀਕ ਹੈ, ਮੈਨੂੰ ਚੁੱਪ ਰਹਿਣਾ ਚਾਹੀਦਾ ਹੈ। ਵੇਖਾਂ, ਪਰਮਾਤਮਾ ਕੀ ਕਰਦਾ ਹੈ ?

ਏਕਨਾਥ ਨਿਸ਼ਚਿੰਤ ਹੋ ਗਿਆ, ਅਤੇ ਇਧਰ ਉਧਰ ਟਹਿਲਣ ਲੱਗਾ। ਪਰ ਚਿੰਤਾ ਤਾਂ ਸ਼ਹਿਦ ਦੀ ਮੱਖੀ ਵਾਂਗ ਹੈ। ਉਸਨੂੰ ਜਿੰਨਾ ਹਟਾਉ ਹੋਰ ਚੰਬੜਦੀ ਹੈ। ਏਕਨਾਥ ਨੂੰ ਫਿਰ ਉਸੇ ਚਿੰਤਾ ਨੇ ਆ ਘੇਰਿਆ। ਕਿਤੇ ਦੁਸ਼ਮਣ ਨੇੜੇ ਨਾ ਆ ਪਹੁੰਚਿਆ ਹੋਵੇ। ਮੈਂ ਇਥੇ ਮੰਦਰ ਦੇ ਦਰਵਾਜ਼ੇ ਤੇ ਬੈਠਾ ਰਹਾਂ ਤੇ ਕਿਲ੍ਹੇ ਤੇ ਵੈਰੀ ਦਾ ਅਧਿਕਾਰ ਹੋ ਜਾਵੇ। ਉਸ ਵੇਲੇ ਗੁਰੂ ਜੀ ਦੇ ਮਨ ਦੀ ਕੀ ਹਾਲਤ ਹੋਵੇਗੀ ? ਬਹੁਤ ਨਾਰਾਜ਼ ਹੋਣਗੇ। ਕਹਿਣਗੇ, ਤੈਨੂੰ ਇੰਨੀ ਵੀ ਅਕਲ ਨਹੀਂ ਕਿ ਵੇਲੇ-ਕੁਵੇਲੇ ਦੀ ਪਛਾਣ ਕਰ ਸਕੇਂ ? ਅਸੀਂ ਸਮਾਧੀ ਵਿਚ ਬੈਠੇ ਰਹੇ ਤੇ ਉਧਰ ਸ਼ਹਿਰ ਦੀ ਸਫਾਈ ਹੋ ਗਈ, ਇਸ ਦਾ ਜਵਾਬਦੇਹ ਕੇਵਲ ਤੂੰ ਹੀ ਹੈ, ਜਿਸਨੇ ਇਹ ਮੂਰਖਤਾ ਕੀਤੀ। ਏਕਨਾਥ ਦੋ-ਚਿਤੀ ਵਿਚ ਪੈ ਗਿਆ। ਕਦੇ ਸੋਚਦਾ, ਉਠਾ ਦੇਣਾ ਚਾਹੀਦਾ ਹੈ, ਇਸ ਵੇਲੇ ਇਹੀ ਧਰਮ ਹੈ। ਕਦੇ ਸੋਚਦਾ, ਨਹੀਂ ਉਠਾਣਾ ਚਾਹੀਦਾ, ਸਮਾਧੀ ਵਿਚ ਹਨ। ਉਹ ਦੋਵੇਂ

ਪਾਸੇ ਵੇਖਦਾ ਸੀ ਪਰ ਦੋਵੇਂ ਪਾਸੇ ਹਨੇਰਾ ਸੀ, ਰੋਸ਼ਨੀ ਕਿਧਰੇ ਵੀ ਨਹੀਂ ਸੀ। ਉਹ ਘਾਬਰਿਆ ਹੋਇਆ ਇਧਰ ਉਧਰ ਫਿਰ ਰਿਹਾ ਸੀ।

ਅਜਿਹੀ ਹਾਲਤ ਉਸਦੀ ਅੱਜ ਤਕ ਕਦੇ ਨਹੀਂ ਸੀ ਹੋਈ। ਆਪਣੇ ਚਾਰੇ ਪਾਸੇ ਕਾਲੇ ਨਾਗਾਂ ਨੂੰ ਫੁੰਕਾਰੇ ਮਾਰਦੇ ਵੇਖਕੇ ਵੀ ਉਸਦੀ ਅਕਲ ਸਥਿਰ ਰਹਿੰਦੀ, ਪਰ ਇਸ ਵੇਲੇ...ਉਹ ਬਹੁਤ ਵਿਆਕੁਲ ਸੀ। ਉਸਦੇ ਮੱਥੇ ਤੋਂ ਪਸੀਨੇ ਦੀਆਂ ਬੂੰਦਾਂ ਟਪਕ ਰਹੀਆਂ ਸਨ। ਉਸ ਦੇ ਮੂੰਹ ਦਾ ਰੰਗ ਇਕ ਇਕ ਪਲ 'ਚ ਬਦਲਦਾ ਸੀ, ਜਿਵੇਂ ਇਹ ਉਸ ਦੇ ਜੀਣ-ਮਰਨ ਦਾ ਸਵਾਲ ਹੋਵੇ। ਇਸ ਵੇਲੇ ਉਸਨੂੰ ਕੌਣ ਬਚਾ ਸਕਦਾ ਹੈ ? ਇਸ ਨਿਰਾਸਤਾ ਦੇ ਭਾਰ ਤੋਂ ਉਸਨੂੰ ਕੌਣ ਕੱਢ ਸਕਦਾ ਹੈ ? ਸਿਵਾਇ ਗੁਰੂ ਜੀ ਤੋਂ ਹੋਰ ਕੋਈ ਨਹੀਂ। ਅਤੇ ਗੁਰੂ ਜੀ...ਉਸਨੇ ਉਨ੍ਹਾਂ ਵੱਲ ਵੇਖਿਆ। ਉਹ ਅਜੇ ਤਕ ਅੱਖਾਂ ਬੰਦ ਕੀਤੀ ਧਿਆਨ ਵਿਚ ਬੈਠੇ ਸਨ। ਏਕਨਾਥ ਜ਼ਮੀਨ ਤੇ ਡਿਗ ਪਿਆ, ਅਤੇ ਫੁਟ ਫੁਟ ਕੇ ਰੋਣ ਲੱਗ ਪਿਆ। ਪਰ ਇਸ ਨਾਲ ਕੀ ਹੁੰਦਾ ਸੀ ? ਵਕਤ ਬੜੀ ਤੇਜ਼ੀ ਨਾਲ ਤੁਰ ਰਿਹਾ ਸੀ।

ਇੰਨੇ ਵਿਚ ਕਿਲ੍ਹੇ ਤੋਂ ਬਾਹਰ ਵੈਰੀ ਦੀਆਂ ਤੋਪਾਂ ਗੜਕਣ ਲੱਗੀਆਂ। ਏਕਨਾਥ ਦਾ ਪੀਲਾ ਮੂੰਹ ਹੋਰ ਵੀ ਪੀਲਾ ਹੋ ਗਿਆ। ਹੁਣ ਸੋਚਣ ਦਾ ਵੇਲਾ ਨਹੀਂ ਸੀ। ਇਕ ਪਲ ਵਿਚ ਇਧਰ ਜਾਂ ਉਧਰ। ਏਕਨਾਥ ਨੇ ਆਪਣੇ ਧੜਕਦੇ ਹੋਏ ਦਿਲ ਤੇ ਹੱਥ ਰਖਿਆ, ਆਪਣੀ ਤਰਕ-ਸ਼ਕਤੀ ਨੂੰ ਸੰਜੋਇਆ, ਇਕ ਮਿੰਟ ਲਈ ਸਿਰ ਝੁਕਾਇਆ ਤੇ ਫੈਸਲਾ ਕਰ ਲਿਆ।

ਥੋੜੀ ਦੇਰ ਪਿਛੋਂ ਉਹ ਗੁਰੂ ਜੀ ਦੀ ਜੰਗੀ ਪੌਸ਼ਾਕ ਪਾ ਕੇ ਉਨ੍ਹਾਂ ਦੇ ਜੰਗੀ ਘੋੜੇ ਤੇ ਸਵਾਰ ਸੀ ਅਤੇ ਦੇਵਗੜ੍ਹ ਦੀ ਬਹਾਦਰ ਫ਼ੌਜ ਉਸਦੇ ਪਿਛੇ 'ਹਰ ਹਰ ਮਹਾਦੇਵ' ਕਰਦੀ ਹੋਈ ਕਿਲ੍ਹੇ ਤੋਂ ਬਾਹਰ ਨਿਕਲ ਰਹੀ ਸੀ। ਏਕਨਾਥ ਲੜਿਆ ਅਤੇ ਵਿਜੈਈ ਹੋਇਆ, ਅਤੇ ਵੈਰੀ ਨੂੰ ਭਜਾ ਕੇ ਵਾਪਸ ਆ ਗਿਆ। ਪਰ ਉਸ ਵੇਲੇ ਇਹ ਕਿਸੇ ਨੂੰ ਪਤਾ ਨਹੀਂ ਸੀ ਕਿ ਇਹ ਏਕਨਾਥ ਹੈ, ਪੰਤ ਜੀ ਨਹੀਂ ਹਨ। ਏਕਨਾਥ ਨੇ ਘੋੜਾ ਅਸਤਬਲ ਵਿਚ ਬੰਨ੍ਹਿਆ, ਕਵਚ ਉਤਾਰ ਕੇ ਦੀਵਾਰ ਨਾਲ ਲਟਕਾਇਆ ਅਤੇ ਆਪਣੇ ਬਸੰਤੀ ਰੰਗ ਦੇ ਕੱਪੜੇ ਪਾ ਕੇ ਚੁੱਪ ਚਾਪ ਆਪਣੀ ਥਾਂ ਤੇ ਆ ਕੇ ਬੈਠ ਗਿਆ, ਜਿਵੇਂ ਕੁਝ ਹੋਇਆ ਹੀ ਨਹੀਂ।

(4)

ਥੋੜੀ ਦੇਰ ਬਾਅਦ ਗੁਰੂ ਜੀ ਦੀ ਸਮਾਧੀ ਖੁਲ੍ਹੀ, ਅਤੇ ਉਹ ਬਾਹਰ ਨਿਕਲੇ। ਉਥੇ ਹਰ ਇਕ ਦੇ ਮੂੰਹ ਤੇ ਇਸ ਘਟਨਾ ਦੀ ਚਰਚਾ ਸੀ। ਲੋਕ ਕਹਿੰਦੇ ਸਨ, ਅੱਜ ਦੀਵਾਨ ਸਾਹਿਬ

ਨੇ ਕਮਾਲ ਕਰ ਦਿੱਤੀ, ਉਨ੍ਹਾਂ ਦੀ ਤਲਵਾਰ ਇਉਂ ਚਲਦੀ ਸੀ ਜਿਵੇਂ ਕੈਂਚੀ ਕੱਪੜੇ ਕੱਟਦੀ ਹੈ। ਦੁਸ਼ਮਣ ਕਿਵੇਂ ਹੈਂਕੜ ਵਿਚ ਆਇਆ ਸੀ, ਜਿਵੇਂ ਦੇਵਗੜ੍ਹ ਵਿਚ ਸਿਪਾਹੀ ਨਾ ਰਹਿੰਦੇ ਹੋਣ, ਪਸ਼ੂ ਪੰਛੀ ਰਹਿੰਦੇ ਹਨ। ਪਰ ਦੀਵਾਨ ਸਾਹਿਬ ਨੇ ਉਨ੍ਹਾਂ ਦੇ ਦੰਦ ਖੱਟੇ ਕਰ ਦਿੱਤੇ। ਦੀਵਾਨ ਸਾਹਿਬ ਨੂੰ ਹੈਰਾਨੀ ਹੋ ਰਹੀ ਸੀ ਕਿ ਇਹ ਕੀ ਕਹਿੰਦੇ ਹਨ ? ਕੌਣ ਆਇਆ ? ਕਿਸ ਨੇ ਹਮਲਾ ਕੀਤਾ ? ਕਿਸ ਨੇ ਦੰਦ ਖੱਟੇ ਕੀਤੇ ? ਇਨ੍ਹਾਂ ਨੂੰ ਕਿਸੇ ਵੀ ਗੱਲ ਦਾ ਪਤਾ ਨਹੀਂ ਸੀ। ਹੈਰਾਨ-ਪਰੇਸ਼ਾਨ ਅਗੇ ਵਧੀ ਜਾਂਦੇ ਸਨ ਕਿ ਇਕ ਥਾਂ ਤੇ ਕੁੱਝ ਆਦਮੀ ਗੱਲਾਂ ਕਰਦੇ ਵਿਖਾਈ ਦਿੱਤੇ। ਦੀਵਾਨ ਸਾਹਿਬ ਉਨ੍ਹਾਂ ਦੇ ਪਿਛੇ ਖੜੇ ਹੋ ਗਏ ਅਤੇ ਸੁਣਨ ਲੱਗੇ।

ਇਕ ਆਦਮੀ ਕਹਿ ਰਿਹਾ ਸੀ, "ਅੱਜ ਤਾਂ ਦੀਵਾਨ ਸਾਹਿਬ ਦੀ ਚੁਸਤੀ ਤੇ ਫੁਰਤੀ ਵੇਖਣ ਵਾਲੀ ਸੀ।”

ਦੂਜਾ-ਅਸੀਂ ਉਨ੍ਹਾਂ ਤੋਂ ਛੋਟੇ ਹਾਂ, ਪਰ ਸਾਡੇ ਵਿਚ ਉਹ ਜੋਸ਼ ਨਾਂ ਨੂੰ ਵੀ ਨਹੀਂ।

ਅਜੀਬ ਆਦਮੀ ਹਨ।

ਤੀਜਾ--ਆਦਮੀ ! ਵਾਹ ! ਭਈ ਵਾਹ !! ਉਨ੍ਹਾਂ ਨੂੰ ਆਦਮੀ ਕੌਣ ਕਹਿੰਦਾ ਹੈ !! ਉਹ ਤਾਂ ਕੋਈ ਰਿਸ਼ੀ ਹਨ। ਪਾਪੀ ਪ੍ਰਾਣੀਆਂ ਵਿਚ ਉਹ ਸ਼ਕਤੀ ਕਿਥੇ ? ਜਵਾਨੀ, ਬੁਢਾਪਾ ਸਭ ਉਨ੍ਹਾਂ ਦੇ ਵਸ ਵਿਚ ਹਨ। ਚਾਹੇ ਬੁੱਢੇ ਬਣ ਜਾਣ, ਚਾਹੇ ਜਵਾਨ ਬਣ ਜਾਣ।

ਚੌਥਾ ਮੁਸਲਮਾਨ ਸੀ, ਉਹ ਗੰਭੀਰ ਹੋ ਕੇ ਬੋਲਿਆ, "ਜ਼ਰੂਰ, ਜ਼ਰੂਰ, ਬਹੁਤ ਬਹਾਦਰ ਹਨ। ਅੱਜ ਤਾਂ ਬਿਲਕੁਲ ਨੌਜਵਾਨ ਲੱਗਦੇ ਸਨ, ਉਹ ਬੁਢਾਪਾ ਕਿਤੇ ਨਜ਼ਰ ਨਹੀਂ ਸੀ ਆਉਂਦਾ।"

ਤੀਜਾ- ਅਤੇ ਭਰਾ ! ਅਸੀਂ ਤਾਂ ਵੇਖ ਰਹੇ ਸਾਂ ਕਿ ਦੁਸ਼ਮਣ ਉਨ੍ਹਾਂ ਨੂੰ ਵੇਖ ਕੇ ਕਿਵੇਂ ਤਰਾਸ ਗਿਆ ਸੀ, ਜਿਵੇਂ ਕਿਸੇ ਨੇ ਮੰਤਰ ਪੜ੍ਹਕੇ ਉਨ੍ਹਾਂ ਦੀ ਸਤਿਆ ਖਿਚ ਲਈ ਹੋਵੇ।

ਚੌਥਾ- ਅੱਖਾਂ ਵਿਚੋਂ ਅੱਗ ਵਰ੍ਹ ਰਹੀ ਸੀ। ਸਿੱਧ ਪੁਰਖਾਂ ਦੇ ਇਹੀ ਲੱਛਣ ਹੁੰਦੇ ਹਨ। ਜਿਸ ਵੱਲ ਵੇਖ ਲੈਣ ਉਹੀ ਵਸ ਵਿਚ ਹੋ ਜਾਂਦਾ ਹੈ। ਕੁਝ ਕਰਨਾ ਚਾਹੇ ਤਾਂ ਵੀ ਨਹੀਂ ਕਰ ਸਕਦਾ।

ਦੂਜਾ—ਅਤੇ ਉਨ੍ਹਾਂ ਦਾ ਘੋੜਾ ਕਿਵੇਂ ਉਡਦਾ ਜਾਂਦਾ ਸੀ, ਇਹ ਸ਼ਾਇਦ ਤੁਸਾਂ ਨਹੀਂ ਵੇਖਿਆ।

ਤੀਜਾ-ਖੂਬ ਦੇਖਿਆ ਹੈ, ਦੋ ਘੰਟਿਆਂ ਵਿਚ ਦੁਸ਼ਮਣ ਮੈਦਾਨ ਛੱਡ ਕੇ ਨੱਸ ਗਿਆ। ਕਿਸ ਘੁਮੰਡ ਨਾਲ ਆਇਆ ਸੀ, ਮਾਨੋ ਫਤਹਿ ਯਕੀਨੀ ਹੋਵੇ।

ਚੌਥਾ -ਹੁਣ ਕਦੇ ਐਧਰ ਵੇਖਣ ਦੀ ਵੀ ਹਿੰਮਤ ਨਹੀਂ ਕਰੇਗਾ।

ਪਹਿਲਾ-ਸਮਝਦਾ ਹੋਵੇਗਾ, ਬਾਦਸ਼ਾਹ ਐਸ਼ਪ੍ਰਸਤ ਹੈ, ਜਾਂਦਿਆਂ ਹੀ ਜਿੱਤ ਹੋ ਜਾਵੇਗੀ, ਇਹ ਪਤਾ ਨਹੀਂ ਸੀ ਕਿ ਪੰਤ ਜੀ ਦਾ ਮੁਕਾਬਲਾ ਕਰਨਾ ਪੈਣਾ ਹੈ, ਕਿਵੇਂ ਭੱਜਿਆ ?

ਪੰਜਵਾਂ-ਪਰ ਇਕ ਹੋਰ ਗੱਲ ਵੀ ਸੁਣੀ ਹੈ, ਸੁਣ ਕੇ ਅਕਲ ਚਕਰਾ ਜਾਂਦੀ ਹੈ, ਬੜੀ ਅਜੀਬ ਗੱਲ ਹੈ।

ਪਹਿਲਾ—ਉਹ ਕੀ ?

ਪੰਜਵਾਂ-ਕੁਝ ਲੋਕਾਂ ਦਾ ਕਹਿਣਾ ਹੈ ਕਿ, ਜਦੋਂ ਉਹ ਦੁਸ਼ਮਣ ਨਾਲ ਲੜ ਰਹੇ ਸਨ, ਉਸ ਵੇਲੇ ਉਹ ਆਪਣੇ ਮੰਦਰ ਵਿਚ ਵੀ ਬੈਠੇ ਸਨ।

ਦੂਜਾ—ਹਾਂ ਹਾਂ, ਸੁਣਿਆ ਤਾਂ ਅਸਾਂ ਵੀ ਹੈ।

ਤੀਜਾ-ਪਰ ਇਕੋ ਸਮੇਂ ਦੋ ਥਾਵਾਂ ਤੇ ! ਇਥੇ ਵੀ, ਉਥੇ ਵੀ !! ਅਚਰਜ ਹੁੰਦਾ ਹੈ।

ਚੌਥਾ--ਭਾਈ ! ਜਿਸਦੀ ਪਿਠ ਤੇ ਪਰਮੇਸ਼ਰ ਦਾ ਹੱਥ ਹੁੰਦਾ ਹੈ ਔਖਾ ਨਹੀਂ ਹੁੰਦਾ। ਭਗਵਾਨ ਜੋ ਚਾਹੇ ਕਰ ਦੇਵੇ, ਉਸਦਾ ਹੱਥ ਕੌਣ ਉਸ ਲਈ ਕੁਝ ਵੀ ਪਕੜ ਸਕਦਾ ਹੈ ? ਉਹ ਚਾਹੇ ਤਾਂ ਤੂੰ ਹੁਣੇ ਆਕਾਸ਼ ਵਿੱਚ ਉਡਣ ਲੱਗ ਪਵੇਂ। ਅਸੀਂ ਮੂੰਹ ਦੇਖਦੇ ਹੀ ਰਹਿ ਜਾਈਏ। ਪ੍ਰਭੂ ਦੀ ਲੀਲ੍ਹਾ ਹੈ।

ਪੰਜਵਾਂ ਹੋਰ ਕੀ !

ਪਹਿਲਾ—ਇਹ ਦੀਵਾਨ ਸਾਹਿਬ ਨਹੀਂ ਹਨ, ਸ਼ਹਿਰ ਦੇ ਰਖਿਅਕ ਦੇਵਤਾ ਹਨ।

ਅਚਾਨਕ ਇਕ ਆਦਮੀ ਨੇ ਪਿਛੇ ਮੁੜ ਕੇ ਦੇਖਿਆ ਅਤੇ ਦੂਸਰੇ ਨੂੰ ਦਿਖਾਇਆ। ਇਹ ਕੀ ? ਦੀਵਾਨ ਸਾਹਿਬ ਚਲੇ ਜਾ ਰਹੇ ਹਨ। ਇਕ ਬੋਲਿਆ-"ਲਉ ! ਇਹ ਵੀ ਦੇਖ ਲਉ। ਸਾਡੇ ਵਿਚੋਂ ਕਿਸੇ ਦਾ ਰੂਪ ਧਾਰ ਕੇ ਇਥੇ ਖੜੇ ਸਨ, ਹੁਣ ਆਪਣੇ ਰੂਪ ਵਿਚ ਜਾ ਰਹੇ ਹਨ। ਅਸਾਂ ਤਾਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਇਹ ਮਹਾਤਮਾ ਜੋ ਚਾਹੁਣ ਕਰ ਸਕਦੇ ਹਨ।"

ਹੁਣ ਦੀਵਾਨ ਸਾਹਿਬ ਸਭ ਕੁਝ ਸਮਝ ਗਏ। ਇਹ ਕੰਮ ਏਕਨਾਥ ਦਾ ਹੀ ਹੈ, ਕਿਸੇ ਦੂਜੇ ਦਾ ਨਹੀਂ। ਉਸੇ ਨੇ ਸਾਡੇ ਕੱਪੜੇ ਪਹਿਨੇ, ਅਤੇ ਵੈਰੀ ਨੂੰ ਹਰਾ ਕੇ ਵਾਪਸ ਆ ਗਿਆ ਹੋਵੇਗਾ, ਅਸੀਂ ਸਮਾਧੀ ਵਿਚ ਸਾਂ, ਸਾਨੂੰ ਨਹੀਂ ਉਠਾਇਆ, ਖੁਦ ਲੜਾਈ ਲਈ ਚਲਾ ਗਿਆ। ਕੋਈ ਮੂਰਖ ਹੁੰਦਾ ਤਾਂ ਕਹਿੰਦਾ ਸ਼ਹਿਰ ਲੁਟੀਂਦਾ ਹੈ ਤਾਂ ਲੁਟੀਵੇ, ਸਾਨੂੰ ਕੀ ? ਬੈਠਾ ਗੁਰੂ ਦੀ

ਆਗਿਆ ਦਾ ਪਾਲਣ ਕਰ ਰਿਹਾ ਹਾਂ। ਉਨ੍ਹਾਂ ਨੇ ਮੰਦਰ ਵਿਚ ਪਹੁੰਚਦੇ ਹੀ ਏਕਨਾਥ ਨੂੰ ਗਲੇ ਨਾਲ ਲਾ ਲਿਆ। ਅਤੇ ਕਿਹਾ, "ਤੂੰ ਮੇਰੀ ਲਾਜ ਰਖ ਲਈ ਹੈ।"

ਏਕਨਾਥ ਮੁੜ ਮੁੜ ਉਨ੍ਹਾਂ ਦੇ ਚਰਨਾਂ ਤੇ ਡਿਗਦਾ ਸੀ, ਕਹਿੰਦਾ ਸੀ, "ਆਪ ਮੈਨੂੰ ਸ਼ਰਮਿੰਦਾ ਕਰਦੇ ਹੋ। ਮੈਂ ਤਾਂ ਕੁਝ ਨਹੀਂ ਕੀਤਾ।"

ਪੰਡਤ ਜੀ ਨੇ ਉਸਨੂੰ ਪਿਆਰ ਨਾਲ ਵੇਖਿਆ ਅਤੇ ਕਿਹਾ, "ਤੇਰੀ ਵੀਰਤਾ ਦੀ ਲੋਕ ਵਾਹ ਵਾਹ ਕਰ ਰਹੇ ਹਨ, ਮੈਨੂੰ ਨਹੀਂ ਸੀ ਪਤਾ ਕਿ ਤੂੰ ਤਲਵਾਰ ਦਾ ਵੀ ਧਨੀ ਹੈਂ।"

ਏਕਨਾਥ-ਇਹ ਸਭ ਆਪ ਦੀ ਕਿਰਪਾ ਹੈ, ਵਰਨਾ ਮੇਰੀਆਂ ਬਾਹਾਂ ਵਿਚ ਇੰਨੀ ਸ਼ਕਤੀ ਕਦੇ ਨਹੀਂ ਸੀ।

ਪੰਡਤ ਜੀ-ਲੋਕਾਂ ਨੂੰ ਸ਼ੱਕ ਵੀ ਨਾ ਹੋਇਆ ਕਿ ਇਹ ਤੂੰ ਹੈਂ, ਮੈਂ ਨਹੀਂ ਹਾਂ।

ਏਕਨਾਥ-ਅਤੇ ਅਸਲ ਵਿਚ ਇਹ ਆਪ ਦਾ ਹੀ ਪ੍ਰਤਾਪ ਹੈ, ਨਹੀਂ ਮੈਂ ਕਿਸ ਜੋਗਾ ਸਾਂ ! ਮੈਨੂੰ ਕੇਵਲ ਇਹ ਯਾਦ ਹੈ ਕਿ ਮੈਂ ਆਪ ਦੇ ਕੱਪੜੇ ਪਾਏ ਅਤੇ ਘੋੜੇ ਤੇ ਸਵਾਰ ਹੋਇਆ, ਇਸ ਦੇ ਬਾਅਦ ਕੀ ਹੋਇਆ, ਇਸ ਦਾ ਮੈਨੂੰ ਜ਼ਰਾ ਵੀ ਪਤਾ ਨਹੀਂ, ਮੈਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਸੀ ਜਿਵੇਂ ਕੋਈ ਦੇਵੀ ਸ਼ਕਤੀ ਮੈਨੂੰ ਉਡਾਈ ਲਿਜਾਂਦੀ ਹੈ, ਜਿਵੇਂ ਮੈਂ ਆਪਣੇ ਆਪ ਵਿਚ ਨਹੀਂ ਸਾਂ। ਜ਼ਰੂਰ ਆਪ ਦੀ ਸ਼ਕਤੀ ਮੇਰੇ ਸਰੀਰ ਵਿਚ ਪ੍ਰਵੇਸ਼ ਕਰ ਚੁੱਕੀ ਸੀ ਨਹੀਂ ਤਾਂ ਇਹ ਜਿੱਤ ਅਸੰਭਵ ਸੀ। ਸਰੀਰ ਮੇਰਾ ਸੀ, ਚੇਤਨਾ ਆਪ ਦੀ ਸੀ।

ਪੰਡਤ ਜੀ-ਲੋਕ ਹੁਣ ਤਕ ਇਹੀ ਸਮਝਦੇ ਹਨ ਕਿ ਇਹ ਮੈਂ ਹੀ ਸਾਂ।

ਏਕਨਾਥ-ਮੇਰੀ ਆਪਣੀ ਵੀ ਇਹੀ ਧਾਰਨਾ ਹੈ। ਆਪ ਨੇ ਮੈਨੂੰ ਸਿਰਫ ਆਪਣਾ ਸਾਧਨ ਹੀ ਬਣਾਇਆ ਸੀ।

ਇਸ ਸ਼ਰਧਾ ਨੂੰ ਵੇਖਕੇ ਪੰਡਤ ਜੀ ਦੀਆਂ ਅੱਖਾਂ ਭਰ ਆਈਆਂ। ਥੋੜੀ ਦੇਰ ਬਾਅਦ ਬੋਲੇ, "ਪੁੱਤਰ ! ਮੈਂ ਹੁਣ ਬੁੱਢਾ ਹੋ ਗਿਆ ਹਾਂ। ਇਸ ਉਮਰ ਵਿਚ ਰਾਜ ਦਾ ਕੰਮ-ਕਾਜ ਕਰਨਾ ਬੜਾ ਔਖਾ ਹੈ, ਮੈਂ ਚਾਹੁੰਦਾ ਹਾਂ, ਹੁਣ ਚਾਰ ਦਿਨ ਆਰਾਮ ਕਰਾਂ। ਦੀਵਾਨ ਦੀ ਪਦਵੀ ਤੂੰ ਸੰਭਾਲੇ ਤਾਂ ਮੈਨੂੰ ਛੁੱਟੀ ਮਿਲੇ। ਅੱਜ ਦੀ ਘਟਨਾ ਨੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ, ਮੈਨੂੰ ਵਿਸ਼ਵਾਸ ਹੋ ਗਿਆ ਹੈ ਕਿ ਇਹ ਕੰਮ ਤੂੰ ਠੀਕ ਤਰ੍ਹਾਂ ਸੰਭਾਲ ਲਵੇਂਗਾ। ਰਾਜਾ ਸਾਹਿਬ ਨੂੰ ਵੀ ਇਤਰਾਜ ਨਹੀਂ ਹੋਵੇਗਾ। ਮੇਰੇ ਜਾ ਕੇ ਦੋ-ਸ਼ਬਦ ਕਹਿ ਦੇਣੇ ਹੀ ਕਾਫ਼ੀ ਹਨ, ਉਹ ਪ੍ਰਵਾਨ ਕਰ ਲੈਣਗੇ। ਆਖੋਂ ਤਾਂ ਹੁਣੇ ਜਾਵਾਂ।"

ਏਕਨਾਥ ਦੀਆਂ ਅੱਖਾਂ ਵਿਚ ਅਥਰੂ ਭਰ ਆਏ। ਉਸਨੇ ਦੋਵੇਂ ਹੱਥ ਜੋੜ ਲਏ। ਜਿਵੇਂ ਕੋਈ ਭੁੱਲ ਹੋ ਗਈ ਹੋਵੇ। ਉਹ ਜ਼ਮੀਨ ਤੇ ਮੂੰਹ ਦੇ ਭਾਰ ਲੇਟ ਗਿਆ ਅਤੇ ਨਿਮਰਤਾ ਨਾਲ ਬੋਲਿਆ-"ਮੈਨੂੰ ਕੁਝ ਨਹੀਂ ਚਾਹੀਦਾ। ਕੇਵਲ ਆਪ ਦੇ ਚਰਨਾਂ ਵਿਚ ਪਿਆ ਰਹਾਂ, ਮੇਰੇ ਲਈ ਇਹੀ ਸਭ ਕੁਝ ਹੈ।"

ਪੰਡਤ ਜੀ ਏਕਨਾਥ ਦਾ ਭਾਵ ਸਮਝ ਗਏ, ਪਰ ਚੁੱਪ ਰਹੇ, ਅਜੇ ਪਰੀਖਿਆ ਬਾਕੀ ਸੀ।

(5)

ਅਤੇ ਕੁਝ ਹੀ ਦਿਨਾਂ ਬਾਅਦ ਉਸਦਾ ਵੀ ਸਮਾਂ ਆ ਗਿਆ।

ਸਵੇਰ ਦਾ ਵੇਲਾ ਸੀ। ਏਕਨਾਥ ਪੰਡਤ ਜੀ ਦੇ ਇਸ਼ਨਾਨ ਲਈ ਪਾਣੀ ਭਰ ਰਿਹਾ ਸੀ। ਇੰਨੇ ਵਿਚ ਪੰਡਤ ਜੀ ਖੜਾਵਾਂ ਪਾਈ ਆਏ ਤੇ ਮੁਸਕਰਾ ਕੇ ਬੋਲੇ "ਬੇਟਾ ਏਕਨਾਥ ! ਕੱਲ ਨਵਾਂ ਸੰਮਤ ਹੈ। ਇਸ ਸਾਲ ਦਾ ਹਿਸਾਬ-ਕਿਤਾਬ ਕਰ ਲੈ। ਵਕਤ ਥੋੜਾ ਹੈ। ਕੇਵਲ ਅੱਜ ਦਾ ਦਿਨ ਤੇ ਅੱਜ ਦੀ ਰਾਤ ਹੈ। ਪਰ ਤੇਰੇ ਵਰਗੇ ਯੋਗ ਆਦਮੀ ਲਈ ਇਹ ਮੁਸ਼ਕਲ ਨਹੀਂ।"

ਏਕਨਾਥ ਨੇ ਪਾਣੀ ਦਾ ਘੜਾ ਹੱਥੋਂ ਰਖ ਦਿੱਤਾ।

ਪੰਡਤ ਜੀ—ਰਾਜਾ ਸਾਹਿਬ ਕੱਲ ਹਿਸਾਬ ਵੇਖਣਗੇ। ਤਿਆਰ ਹੋ ਜਾਵੇਗਾ ਜਾਂ ਨਹੀਂ? ਜੇ ਨਾ ਹੋ ਸਕੇ ਤਾਂ ਮੈਂ ਕਰ ਲਵਾਂ ?"

ਏਕਨਾਥ-(ਹੌਲੀ ਜਿਹੀ) ਮੈਂ ਕਰ ਲਵਾਂਗਾ।

ਪੰਡਤ ਜੀ-ਤਾਂ ਜਾ, ਸ਼ੁਰੂ ਕਰ ਦੇ। ਸਮਾਂ ਬਹੁਤ ਥੋੜਾ ਹੈ।

ਏਕਨਾਥ ਦਫਤਰ ਵਿਚ ਪਹੁੰਚਿਆ ਅਤੇ ਹਿਸਾਬ-ਕਿਤਾਬ ਵੇਖਣ ਲੱਗਾ। ਕੰਮ ਮਾਮੂਲੀ ਨਹੀਂ ਸੀ, ਸਾਰੇ ਸਾਲ ਦਾ ਹਿਸਾਬ ਸੀ। ਅਤੇ ਉਹ ਵੀ ਕਿਸੇ ਸ਼ਾਹੂਕਾਰ ਦਾ ਨਹੀਂ। ਇਕ ਰਿਆਸਤ ਦਾ। ਪਰ ਏਕਨਾਥ ਦੇ ਮਨ ਵਿਚ ਜ਼ਰਾ ਵੀ ਘਬਰਾਹਟ ਨਹੀਂ ਸੀ, ਅਤੇ ਨਾ ਹੀ ਮੂੰਹ ਤੇ ਕੋਈ ਚਿੰਤਾ ਦੇ ਨਿਸ਼ਾਨ ਸਨ। ਉਸ ਨੇ ਕਿਤਾਬਾਂ ਦਾ ਢੇਰ ਆਪਣੇ ਸਾਹਮਣੇ ਰਖ ਲਿਆ ਤੇ ਚੌਂਕੜੀ ਮਾਰ ਕੇ ਬਹਿ ਗਿਆ। ਸੂਰਜ ਆਸਮਾਨ ਵਿਚ ਹੌਲੀ ਹੌਲੀ ਉੱਚਾ ਉਠਿਆ ਅਤੇ ਸਿਰ ਤੇ ਪਹੁੰਚ ਗਿਆ, ਪਰ ਏਕਨਾਥ ਉਸੇ ਤਰ੍ਹਾਂ ਹਿਸਾਬ ਵੇਖਦਾ ਰਿਹਾ। ਸ਼ਾਮ ਹੋ ਗਈ, ਪਰ ਏਕਨਾਥ ਨੂੰ ਇਸਦਾ ਪਤਾ ਨਹੀਂ ਸੀ। ਨੌਕਰ ਆ ਕੇ ਸ਼ਮਾਦਾਨ ਜਲਾ ਗਿਆ। ਏਕਨਾਥ ਕੰਮ ਵਿਚ ਲਗਿਆ ਰਿਹਾ ਉਸਨੂੰ ਖਾਣ-ਪੀਣ ਦੀ ਸ਼ੁੱਧ ਨਹੀਂ ਸੀ, ਨਾ ਸੌਂਣ ਦੀ ਇੱਛਿਆ ਸੀ। ਖ਼ਿਆਲ ਇਹੀ ਸੀ ਕਿ ਕਿਸੇ ਤਰ੍ਹਾਂ ਕੰਮ ਖ਼ਤਮ ਹੋ ਜਾਵੇ।

ਅੱਧੀ ਰਾਤ ਬੀਤ ਗਈ। ਏਕਨਾਥ ਨੇ ਸਾਰਾ ਕੰਮ ਸਮਾਪਤ ਕਰ ਲਿਆ। ਸਭ ਕੁੱਝ ਠੀਕ ਸੀ, ਕੇਵਲ ਇਕ ਪੈਸੇ ਦਾ ਫਰਕ ਸੀ। ਏਕਨਾਥ ਦੋ ਚਿੱਤੀ ਵਿਚ ਪੈ ਗਿਆ। ਸੋਚਣ

ਲੱਗਾ ਨਿੱਕੀ ਜਿਹੀ ਗਲਤੀ ਨੇ ਸਾਰਾ ਕੰਮ ਚੌੜ ਕਰ ਦਿੱਤਾ ਹੈ। ਉਸਨੇ ਰਕਮਾਂ ਨੂੰ ਦੂਜੀ ਵਾਰ ਜਮ੍ਹਾਂ ਕੀਤਾ। ਫਿਰ ਉਹੀ ਫਰਕ, ਫਿਰ ਹਿਸਾਬ ਕੀਤਾ, ਪਰ ਫਰਕ ਫਿਰ ਵੀ ਨਾ ਨਿਕਲਿਆ। ਇਕ ਪੈਸੇ ਦਾ ਫ਼ਰਕ ਜਿਉਂ ਦਾ ਤਿਉਂ ਸੀ। ਏਕਨਾਥ ਘਬਰਾ ਗਿਆ, ਰਾਤ ਅਧੀ ਤੋਂ ਵੱਧ ਬੀਤ ਗਈ ਸੀ। ਚਾਰੇ ਪਾਸੇ ਸੱਨਾਟਾ ਸੀ। ਲੋਕ ਆਪਣੇ ਘਰਾਂ ਵਿਚ ਸੁਖ ਦੀ ਨੀਂਦਰ ਸੌਂ ਰਹੇ ਸਨ, ਪਰ ਏਕਨਾਥ ਇਕ ਸ਼ਮਾਦਾਨ ਦੇ ਸਾਹਮਣੇ ਬੈਠਾ ਸੋਚਦਾ ਸੀ ਕਿ ਪੈਸੇ ਦਾ ਫਰਕ ਕਿਥੇ ਹੈ ?

ਪਿਛਲੇ ਪਹਿਰ ਪੰਡਤ ਜਨਾਰਦਨ ਦੀ ਅੱਖ ਖੁਲ੍ਹੀ। ਖਿੜਕੀ ਵਿਚੋਂ ਵੇਖਿਆ, ਦਫ਼ਤਰ ਵਿਚ ਅਜੇ ਤਕ ਰੋਸ਼ਨੀ ਸੀ। ਸਮਝ ਗਏ, ਏਕਨਾਥ ਜਾਗ ਰਿਹਾ ਹੈ। ਉਹ ਹੌਲੀ ਜਿਹੀ ਉਠੇ ਅਤੇ ਬਾਹਰ ਚਲੇ ਆਏ। ਦਫਤਰ ਦੇ ਬਾਹਰ ਚੌਕੀਦਾਰ ਵੀ ਉੱਘ ਰਿਹਾ ਸੀ, ਕੇਵਲ ਏਕਨਾਥ ਜਾਗਦਾ ਸੀ। ਪੰਡਤ ਜੀ ਨੇ ਹੌਲੀ ਜਿਹੀ ਕਿਹਾ, "ਏਕਨਾਥ।"

ਪਰ ਏਕਨਾਥ ਨੇ ਕੋਈ ਉੱਤਰ ਨਾ ਦਿੱਤਾ, ਆਪਣਾ ਹਿਸਾਬ ਕਰਦਾ ਰਿਹਾ। ਪੰਡਤ ਜੀ ਨੇ ਫਿਰ ਜ਼ਰਾ ਉੱਚੀ ਜਿਹੀ ਕਿਹਾ, "ਏਕਨਾਥ।"

ਏਕਨਾਥ ਨੇ ਕੁਝ ਨਹੀਂ ਸੁਣਿਆ।

ਪੰਡਤ ਜੀ ਹੋਰ ਅਗੇ ਵਧੇ, ਅਤੇ ਜ਼ਰਾ ਹੋਰ ਉੱਚੀ ਆਵਾਜ਼ ਵਿੱਚ ਬੋਲੇ, "ਏਕਨਾਥ!" ਪਰ ਜਵਾਬ ਵਿਚ ਫਿਰ ਉਹੀ ਚੁੱਪ ਸੀ, ਜਿਵੇਂ ਏਕਨਾਥ ਜਾਗਦਾ ਨਹੀਂ ਸੀ, ਸੁੱਤਾ ਸੀ।

ਪੰਡਤ ਜੀ ਨੂੰ ਅਚਰਜ ਹੋਇਆ। ਉਹ ਹੋਰ ਅਗੇ ਵਧੇ ਅਤੇ ਸ਼ਮਾਦਾਨ ਦੇ ਸਾਹਮਣੇ ਇਸ ਤਰ੍ਹਾਂ ਖੜੇ ਹੋ ਗਏ ਕਿ ਉਨ੍ਹਾਂ ਦੇ ਸਰੀਰ ਦਾ ਪਰਛਾਵਾਂ ਕਿਤਾਬ ਤੇ ਪੈਂਦਾ ਸੀ। ਪਰ ਏਕਨਾਥ ਨੂੰ ਹੁਣ ਇਸ ਦੀ ਵੀ ਕੋਈ ਖ਼ਬਰ ਨਹੀਂ ਸੀ। ਉਸ ਲਈ ਕਿਤਾਬ ਦੇ ਅੱਖਰ ਉਸੇ ਤਰ੍ਹਾਂ ਸਾਫ ਤੇ ਰੋਸ਼ਨ ਸਨ। ਉਹ ਹਿਸਾਬ ਵਿਚ ਲੀਨ ਸੀ। ਉਸਨੂੰ ਦੀਨ-ਦੁਨੀਆਂ ਦੀ ਸ਼ੁੱਧ ਨਹੀਂ ਸੀ। ਇਸੇ ਤਰ੍ਹਾਂ ਅੱਧਾ ਘੰਟਾ ਲੰਘ ਗਿਆ।

ਅਚਾਨਕ ਏਕਨਾਥ ਨੂੰ ਆਪਣੀ ਗਲਤੀ ਦਾ ਪਤਾ ਲੱਗ ਗਿਆ। ਉਸਨੇ ਖੁਸ਼ੀ ਨਾਲ ਸਿਰ ਹਿਲਾਇਆ ਅਤੇ ਹਿਸਾਬ ਠੀਕ ਕਰਕੇ ਵਹੀਆਂ ਬੰਦ ਕਰ ਦਿੱਤੀਆਂ। ਇਸ ਤੋਂ ਪਿਛੋਂ ਉਸਨੇ ਦੋਵੇਂ ਹੱਥ ਮਿਲਾਕੇ ਸਿਰ ਤੋਂ ਉਪਰ ਉਠਾਏ ਅਤੇ ਅੰਗੜਾਈ ਲੈਣ ਲੱਗਾ। ਇਤਨੇ ਵਿਚ ਉਸਨੇ ਹੈਰਾਨ ਹੋ ਕੇ ਵੇਖਿਆ, ਪੰਡਤ ਜੀ ਸਾਹਮਣੇ ਖੜੇ ਹਨ। ਉਹ ਘਬਰਾ ਕੇ ਅਗੇ ਵਧਿਆ ਤੇ ਉਨ੍ਹਾਂ ਦੇ ਪੈਰਾਂ ਵੱਲ ਝੁਕ ਗਿਆ।

ਪੰਡਤ ਜੀ ਨੇ ਪੁੱਛਿਆ- ਹਿਸਾਬ ਕਿਤਾਬ ਹੋ ਗਿਆ ?"

ਏਕਨਾਥ—ਜੀ ਹਾਂ, ਹੋ ਗਿਆ। ਆਪ ਕਿਵੇਂ ਆਏ ?

ਪੰਡਤ ਜੀ-ਅਸੀਂ ਇਥੇ ਬੜੀ ਦੇਰ ਦੇ ਖੜੇ ਹਾਂ।

ਏਕਨਾਥ ਚੌਂਕ ਉਠਿਆ।

ਪੰਡਤ ਜੀ-ਮੈਂ ਤੈਨੂੰ ਕਈ ਵਾਰ ਬੁਲਾਇਆ ਪਰ ਪਤਾ ਨਹੀਂ ਤੂੰ ਕਿਥੇ ਖੋਇਆ ਹੋਇਆ ਸੀ।

ਏਕਨਾਥ-ਮੈਂ ਇਕ ਵੀ ਆਵਾਜ਼ ਨਹੀਂ ਸੁਣੀ।

ਪੰਡਤ ਜੀ-ਸਾਡੇ ਪਰਛਾਵੇਂ ਨਾਲ ਵਹੀ ਉੱਤੇ ਹਨੇਰਾ ਹੋ ਗਿਆ, ਤੈਨੂੰ ਇਸ ਦਾ ਵੀ ਪਤਾ ਨਾ ਲੱਗਾ ?

ਏਕਨਾਥ—(ਹੱਥ ਜੋੜਕੇ) ਹੁਣ ਕੀ ਦਸਾਂ, ਮੈਨੂੰ ਤਾਂ ਜ਼ਰਾ ਵੀ ਪਤਾ ਨਹੀਂ ਲਗਿਆ ਕਿ ਇਸ ਕਮਰੇ ਵਿਚ ਕੋਈ ਹੋਰ ਵੀ ਖੜਾ ਹੈ। ਉਸ ਵੇਲੇ ਮੇਰੀ ਦੁਨੀਆਂ ਕੇਵਲ ਇਹੀ ਪੁਸਤਕ ਸੀ।

ਪੰਡਤ ਜੀ ਖੜੇ ਸਨ, ਬੈਠ ਗਏ ਅਤੇ ਏਕਨਾਥ ਦੇ ਮੂੰਹ ਵੱਲ ਦੇਖਕੇ ਬੋਲੇ, "ਕੀ ਸਵੇਰ ਤੋਂ ਇਸੇ ਤਰ੍ਹਾਂ ਬੈਠੇ ਹੋ ?"

ਏਕਨਾਥ—ਜੀ ਹਾਂ, ਇਸੇ ਤਰ੍ਹਾਂ।

ਪੰਡਤ ਜੀ-ਕੁੱਝ ਖਾਧਾ ਪੀਤਾ ਵੀ ਨਹੀਂ ?

ਏਕਨਾਥ—ਜੀ ਨਹੀਂ।

ਪੰਡਤ ਜੀ-ਨੀਂਦਰ ਵੀ ਨਹੀਂ ਆਈ ?

ਏਕਨਾਥ—ਜ਼ਰਾ ਵੀ ਨਹੀਂ।

ਪੰਡਤ ਜੀ—ਇਸ ਵੇਲੇ ਕੀ ਕਰ ਰਹੇ ਸੀ ?

ਏਕਨਾਥ—ਇਕ ਪੈਸੇ ਦਾ ਫਰਕ ਪੈਂਦਾ ਸੀ, ਉਹ ਕੱਢ ਰਿਹਾ ਸਾਂ। ਬੜੀ ਮੁਸ਼ਕਲ ਨਾਲ ਪਤਾ ਲੱਗਾ।

ਪੰਡਤ ਜੀ-ਇਕ ਪੈਸੇ ਲਈ ਇੰਨੀ ਮਿਹਨਤ ਕਿਉਂ ਕੀਤੀ ? ਮਾਮੂਲੀ ਗੱਲ ਸੀ।

ਏਕਨਾਥ-ਮੈਂ ਸੋਚਿਆ ਆਖਰ ਭੁੱਲ ਹੈ, ਚਾਹੇ ਇਕ ਪੈਸੇ ਦੀ ਹੋਵੇ, ਚਾਹੇ ਇਕ ਲੱਖ ਦੀ।

ਪੰਡਤ ਜੀ ਦਾ ਚਿਹਰਾ ਚਮਕਣ ਲੱਗ ਪਿਆ। ਉਹ ਗੰਭੀਰਤਾ ਨਾਲ ਬੋਲੇ— ਬੇਟਾ! "ਤੇ ਮੈਨੂੰ ਪ੍ਰਸੰਨ ਕਰ ਲਿਆ ਹੈ। ਮੇਰੀ ਪਰੀਖਿਆ ਬੜੀ ਔਖੀ ਸੀ। ਬੜੇ ਬੜੇ ਸਾਧੂ-ਸੰਤ ਵੀ ਇਸ ਵਿਚ ਕਾਮਯਾਬ ਨਾ ਹੁੰਦੇ, ਪਰ ਤੂੰ ਸਭ ਵਿਚ ਪਾਸ ਹੋਇਆ ਹੈ। ਤੂੰ ਕਾਲੇ ਕੋਹਾਂ ਦਾ ਪੈਂਡਾ

ਕੀਤਾ ਹੈ ਤੇ ਸਿੱਧ ਕਰ ਦਿੱਤਾ ਕਿ ਤੇਰਾ ਦਿਲ ਸ਼ਰਧਾ ਦਾ ਸਾਗਰ ਹੈ। ਤੂੰ ਸਿੱਧ ਕੀਤਾ ਕਿ ਤੇਰੇ ਵਿੱਚ ਸੇਵਾ-ਭਾਵ ਹੈ। ਤੈਂ ਯੁੱਧ ਖੇਤਰ ਵਿਚ ਜਿਤ ਪ੍ਰਾਪਤ ਕੀਤੀ, ਜਿਹੜੀ ਇਸ ਗੱਲ ਦਾ ਸਬੂਤ ਹੈ ਕਿ ਤੂੰ ਬਹਾਦਰ ਆਦਮੀ ਹੈ, ਤੈਨੂੰ ਮੌਤ ਦਾ ਡਰ ਨਹੀਂ। ਅਤੇ ਫਿਰ ਦੀਵਾਨ ਦੀ ਪਦਵੀ ਠੁਕਰਾ ਦਿੱਤੀ। ਕੋਈ ਲਾਲਚੀ ਆਦਮੀ ਅਜਿਹੇ ਮੌਕੇ ਤੇ ਫੁਲਿਆ ਨਾ ਸਮਾਉਂਦਾ। ਇਹ ਤਿਆਗ-ਭਾਵ ਕਿੱਡਾ ਪਵਿੱਤਰ, ਕਿੰਨਾ ਮਹਾਨ ਹੈ। ਪਰ ਮੈਂ ਤੈਨੂੰ ਉਸ ਸਮੇਂ ਵੀ ਗੁਰ-ਮੰਤਰ ਨਾ ਦਿੱਤਾ, ਕਿਉਂਕਿ ਅਜੇ ਇਕ ਪਰੀਖਿਆ ਬਾਕੀ ਸੀ। ਅੱਜ ਉਹ ਵੀ ਸਮਾਪਤ ਹੋ ਗਈ। ਮੈਂ ਵੇਖਣਾ ਚਾਹੁੰਦਾ ਸੀ ਕਿ ਤੇਰੇ ਵਿਚ ਇਕਾਗਰਤਾ ਹੈ ਜਾਂ ਨਹੀਂ, ਜਿਸਦੇ ਬਿਨਾਂ ਈਸ਼ਵਰ-ਭਗਤੀ ਦੇ ਮਾਰਗ ਦੇ ਦੋ ਕਦਮ ਵੀ ਚਲਣਾ ਅਸੰਭਵ ਹੈ। ਮੈਂ ਆਇਆ, ਮੈਂ ਤੈਨੂੰ ਆਵਾਜ਼ਾਂ ਦਿੱਤੀਆਂ, ਮੈਂ ਤੇਰੀ ਰੌਸ਼ਨੀ ਰੋਕੀ, ਪਰ ਤੈਨੂੰ ਮਹਿਸੂਸ ਤਕ ਨਾ ਹੋਇਆ। ਇਹ ਇਕਾਗਰਤਾ ਦੀ ਸਿਖਰ ਹੈ। ਹੁਣ ਮੈਂ ਤੈਨੂੰ ਗੁਰ-ਮੰਤਰ ਦੇਣ ਲਈ ਤਿਆਰ ਹਾਂ। ਮੈਨੂੰ ਤੇਰੇ ਜਿਹੇ ਸ਼ਿਸ਼ ਤੇ ਮਾਣ ਹੈ।

ਇਸ ਵੇਲੇ ਏਕਨਾਥ ਦੇ ਚਿਹਰੇ ਤੇ ਐਸਾ ਤੇਜ ਸੀ, ਜੋ ਇਸ ਮਿਰਤ ਲੋਕ ਵਿਚ ਕਦੇ ਕਦਾਂਈ ਹੀ ਵਿਖਾਈ ਦੇਂਦਾ ਹੈ ! ਅੱਜ ਉਸਦੀ ਸਾਲਾਂ ਦੀ ਮਿਹਨਤ ਸਫਲ ਹੋਈ ਹੈ। ਅੱਜ ਉਹ ਪਰੀਖਿਆ ਵਿਚੋਂ ਪਾਸ ਹੋਇਆ ਹੈ। ਉਸਨੇ ਉਥੇ ਹੀ ਜ਼ਮੀਨ ਤੇ ਡਿਗ ਕੇ ਗੋਡੇ ਟੇਕ ਦਿੱਤੇ।

ਪੰਡਤ ਜੀ ਨੇ ਫਿਰ ਕਿਹਾ, "ਅਤੇ ਮੈਨੂੰ ਇਹ ਵੀ ਆਸ ਹੈ ਕਿ ਜਿਸ ਤਰ੍ਹਾਂ ਤੂੰ ਅੱਜ ਇਕ ਪੈਸੇ ਦੀ ਭੁੱਲ ਲਈ ਆਪਣਾ ਇੰਨਾ ਸਮਾਂ ਖ਼ਰਚ ਕੀਤਾ ਹੈ, ਉਸੇ ਤਰ੍ਹਾਂ ਭਗਤੀ-ਮਾਰਗ ਤੇ ਚਲਦਾ ਹੋਇਆ ਵੀ ਇਸ ਨਿਯਮ ਨੂੰ ਯਾਦ ਰਖੇਂਗਾ, ਅਤੇ ਛੋਟੀ ਤੋਂ ਛੋਟੀ ਬੁਰਾਈ ਬਾਰੇ ਵੀ ਅਵੇਸਲਾ ਨਹੀਂ ਹੋਵੇਗਾ। ਹੁਣ ਜਾ, ਆਰਾਮ ਕਰ। ਕੱਲ ਮੈਂ ਤੈਨੂੰ ਪ੍ਰਕਾਸ਼, ਪਵਿੱਤਰਤਾ, ਅਤੇ ਅਮਰ ਜੀਵਨ ਦੇ ਸੱਚੇ ਮਾਰਗ ਤੇ ਚਲਣ ਦਾ ਉਪਦੇਸ਼ ਦੇਵਾਂਗਾ।"
ਏਕਨਾਥ ਦਾ ਚਿਹਰਾ ਹੋਰ ਵੀ ਚਮਕਣ ਲੱਗਾ।

-0-

# ਦਿੱਲੀ ਦਾ ਆਖਰੀ ਦੀਪਕ

ਜਿਨ੍ਹਾਂ ਨੇ ਸੰਨ 1880 ਦਾ ਦਿੱਲੀ ਦਾ ਚਾਂਦਨੀ ਚੌਂਕ ਵੇਖਿਆ ਹੈ, ਉਨ੍ਹਾਂ ਨੇ ਸੁਭਾਗੀ ਦੀ ਭੱਠੀ ਜ਼ਰੂਰ ਵੇਖੀ ਹੋਵੇਗੀ। ਅੱਜ ਉਹ ਭੱਠੀ ਵਿਖਾਈ ਨਹੀਂ ਦਿੰਦੀ, ਨਾ ਸੰਝ ਵੇਲੇ ਉਸਦਾ ਧੂੰਆ ਆਕਾਸ਼ ਵਲ ਜਾਂਦਾ ਵਿਖਾਈ ਦਿੰਦਾ ਹੈ। ਉਹ ਪੂਰਬੀ ਇਸਤਰੀਆਂ ਦਾ ਜਮਘਟਾ, ਉਹ ਗਰੀਬਾਂ ਦਾ ਇਕੱਠ, ਉਹ ਬੱਚਿਆਂ ਦਾ ਸ਼ੋਰ, ਜਿਸ ਤੋਂ ਰਸੀਲੇ ਗੀਤਾਂ ਦਾ ਜਾਦੂ ਕੁਰਬਾਨ ਕੀਤਾ ਜਾ ਸਕਦਾ ਹੈ, ਇਹ ਸਭ ਅਤੀਤ ਕਾਲ ਦੀ ਭੁੱਲੀ ਕਹਾਣੀ ਹੋ ਗਈ ਹੈ। ਉਸ ਥਾਂ ਤੇ ਅੱਜ ਇਕ ਸ਼ਾਨਦਾਰ ਦੁਕਾਨ ਹੈ, ਜਿਥੇ ਅਮੀਰਾਂ ਦੀਆਂ ਗੱਡੀਆਂ ਆ ਕੇ ਰੁਕਦੀਆਂ ਹਨ। ਕਦੇ ਉਥੇ ਸੁਭਾਗੀ ਦੀ ਭੱਠੀ ਜਲਦੀ ਸੀ ਅਤੇ ਗਰੀਬ ਲੋਕ ਆ ਕੇ ਦਾਣੇ ਭੁਨਾਉਂਦੇ ਸਨ। ਸੁਭਾਗੀ ਕਰੂਪ ਇਸਤਰੀ ਸੀ। ਉਮਰ ਵੀ ਚਾਲੀਆਂ ਤੋਂ ਘਟ ਨਹੀਂ ਹੋਣੀ। ਉਸਦੀ ਆਵਾਜ਼ ਡਰਾਉਣੀ ਸੀ। ਰਾਤਾਂ ਨੂੰ ਇਕੱਲੇ ਥਾਂ ਦਿਸ ਪੈਣ ਤੇ ਚੁੜੇਲ ਦਾ ਸ਼ੱਕ ਹੋ ਜਾਣਾ ਸੁਭਾਵਕ ਸੀ। ਪਰ ਇਸ ਦੇ ਬਾਵਜੂਦ ਉਹ ਚਾਂਦਨੀ ਚੌਂਕ ਵਿਚ ਇਤਨੇ ਆਨੰਦ ਤੇ ਸੰਤੋਖ ਦਾ ਜੀਵਨ ਬਿਤਾ ਰਹੀ ਸੀ, ਜਿਹੜਾ ਰਾਜ ਮਹਿਲ ਵਿਚ ਰਾਣੀਆਂ ਨੂੰ ਵੀ ਪ੍ਰਾਪਤ ਨਹੀਂ ਹੋਵੇਗਾ। ਉਹ ਗਰੀਬ ਸੀ, ਉਸ ਕੋਲ ਨਾ ਰੁਪਿਆ-ਪੈਸਾ ਸੀ, ਨਾ ਕੀਮਤੀ ਕੱਪੜੇ ਸਨ। ਭੱਠੀ ਬਾਲਣ ਨਾਲ ਕੇਵਲ ਉੱਨਾ ਕੁ ਹੀ ਮਿਲਦਾ ਸੀ, ਜਿਸ ਨਾਲ ਮਸਾਂ ਗੁਜ਼ਾਰਾ ਚਲਦਾ ਸੀ। ਪਰ ਉਸ ਕੋਲ ਇਕ ਚੀਜ਼ ਅਜਿਹੀ ਸੀ, ਜਿਹੜੀ ਨਾ ਰਾਜ ਮਹਿਲਾਂ ਵਿਚ ਸੀ, ਨਾ ਕੁਬੇਰ ਦੇ ਖਜ਼ਾਨੇ ਵਿਚ। ਉਸ ਕੋਲ ਮਨ ਦਾ ਚੈਨ ਅਤੇ ਆਰਾਮ ਦੀ ਨੀਂਦਰ ਸੀ, ਜਿਸ ਨੂੰ ਨਾ ਚੋਰ ਚੁਰਾ ਸਕਦਾ ਸੀ ਨਾ ਰਾਜਾ ਖੋਹ ਸਕਦਾ ਸੀ। ਉਹ ਉਨੀਵੀਂ ਸਦੀ ਵਿਚ ਰਹਿੰਦੀ ਹੋਈ ਚੌਦਵੀਂ ਸਦੀ ਦਾ ਜੀਵਨ ਬਤੀਤ ਕਰ ਰਹੀ ਸੀ। ਜਿਵੇਂ ਕਿਸੇ ਦੇ ਚਾਰੇ ਪਾਸੇ ਕਾਲੇ ਨਾਗਾਂ ਵਾਂਗ ਅੱਗ ਆਪਣਾ ਵਿਆਪਕ ਮੂੰਹ ਖੋਲ੍ਹੀ ਲਪਕ ਰਹੀ ਹੋਵੇ, ਪਰ ਉਹ ਹਰੇ ਬਿਰਛਾਂ ਨਾਲ ਕੱਜੀ ਹੋਈ ਨਦੀ ਦੇ ਕਿਨਾਰੇ ਬੈਠਿਆ ਉਸਦੀਆਂ ਲਹਿਰਾਂ ਨਾਲ ਖੇਡ ਰਿਹਾ ਹੋਵੇ, ਅਤੇ ਉਸ ਨੂੰ ਇਸ ਗਲ ਦੀ ਚਿੰਤਾ ਨਾ ਹੋਵੇ, ਕੋਈ ਸ਼ੰਕਾ ਨਾ ਹੋਵੇ ਕਿ ਮੇਰੇ ਚਾਰੇ ਪਾਸੇ ਅੱਗ ਭੜਕ ਰਹੀ ਹੈ। ਉਹ ਸਮਝਦਾ ਹੈ, ਇਥੇ ਪਾਣੀ

ਹੈ, ਇਸ ਤੇ ਅੱਗ ਦਾ ਅਸਰ ਨਹੀਂ ਹੋਵੇਗਾ। ਇਧਰ ਆਵੇਗੀ ਤਾਂ ਆਪੇ ਬੁਝ ਜਾਵੇਗੀ। ਮੇਰਾ ਕੀ ਵਿਗਾੜ ਲਵੇਗੀ। ਇਹ ਹਾਲਤ ਸੁਭਾਗ ਦੀ ਸੀ। ਉਸਨੇ ਆਪਣੀ ਜਿੰਦਗੀ ਦੇ ਚਾਲੀ ਵਰ੍ਹੇ ਇਸੇ ਤਰ੍ਹਾਂ ਝੌਂਪੜੀ ਵਿਚ ਕੱਟੇ ਸਨ। ਇਸ ਨੂੰ ਵੇਖ ਕੇ ਮਨ-ਮੋਰ ਨੱਚਣ ਲੱਗ ਪੈਂਦਾ ਸੀ। ਦਿੱਲੀ ਬਦਲ ਗਈ, ਚਾਂਦਨੀ ਚੌਂਕ ਬਦਲ ਗਿਆ, ਮਕਾਨ ਬਦਲ ਗਏ। ਇਥੋਂ ਤਕ ਕਿ ਦਿੱਲੀ ਦੀ ਪ੍ਰਾਚੀਨ ਸਭਿਅਤਾ ਵੀ ਬਦਲ ਗਈ, ਪਰ ਸੁਭਾਗੀ ਅਤੇ ਉਸ ਦੀ ਭੱਠੀ ਵਿਚ ਕੋਈ ਤਬਦੀਲੀ ਨਾ ਹੋਈ। ਜੇ ਕੁਦਰਤ ਦੇ ਨਿਯਮ ਬਦਲ ਜਾਂਦੇ, ਅਤੇ ਧਰਤੀ ਦੀ ਕੱਚੀ ਮਿੱਟੀ ਨੂੰ ਨਿਗਲੇ ਹੋਏ ਮੁਰਦੇ ਉਗਲਣ ਦੀ ਆਗਿਆ ਮਿਲ ਜਾਂਦੀ ਤਾਂ ਲੋਕ ਪਛਾਣ ਨਾ ਸਕਦੇ ਕਿ ਇਹ ਉਹੀ ਦਿੱਲੀ ਹੈ। ਪਰ ਸੁਭਾਗੀ ਦੀ ਭੱਠੀ ਨੂੰ ਵੇਖ ਕੇ ਉਹ ਆਪਣੇ ਸਾਰੇ ਜ਼ੋਰ ਨਾਲ ਚਿੱਲਾ ਉਠਦੇ ਕਿ ਇਹ ਉਹੀ ਦਿੱਲੀ ਹੈ। ਸੱਚ ਪੁੱਛੋ ਤਾਂ ਇਹ ਸੁਭਾਗੀ ਦੀ ਭੱਠੀ ਨਹੀਂ ਸੀ, ਨਵੀਂ ਦਿੱਲੀ ਦੇ ਸਰੀਰ ਵਿਚ ਪ੍ਰਾਚੀਨ ਦਿੱਲੀ ਦੀ ਆਤਮਾ ਬੈਠੀ ਸੀ। ਇਹ ਝੌਂਪੜੀ ਨਹੀਂ ਸੀ, ਦਿੱਲੀ ਦੇ ਹਨੇਰੇ ਪ੍ਰਕਾਸ਼ ਵਿਚ ਪੁਰਾਣੇ ਭਾਰਤ ਵਰਸ਼ ਦਾ ਦੀਪਕ ਜਲ ਰਿਹਾ ਸੀ। ਅੱਜ ਉਹੀ ਸਾਦਗੀ ਦੀ ਜਾਨ ਸੰਤੋਖ ਦਾ ਨਮੂਨਾ, ਪੁਰਾਣੇ ਸਮੇਂ ਦੀ ਆਖਰੀ ਯਾਦਗਾਰ ਕਿਥੇ ਹੈ ? ਉਹ ਆਤਮ-ਸਨਮਾਨ ਦੇ ਭਾਵ ਕਿਧਰ ਚਲੇ ਗਏ ? ਕਿਸ ਦੇਸ਼ ਨੂੰ ? ਦਿੱਲੀ ਦੇ ਬਾਜ਼ਾਰ ਇਸਦਾ ਉੱਤਰ ਨਹੀਂ ਦਿੰਦੇ ! ਪਹਿਲਾਂ ਮੰਦਰ ਗਿਆ ਸੀ, ਹੁਣ ਦੀਪਕ ਵੀ ਵਿਖਾਈ ਨਹੀਂ ਦੇਂਦਾ।

ਸੁਭਾਗੀ ਦੀ ਝੌਂਪੜੀ ਆਸਮਾਨ ਚੁੰਮਦੇ ਮਹਿਲਾਂ ਵਿਚਕਾਰ ਇਉਂ ਖੜੀ ਸੀ, ਜਿਵੇਂ ਹੰਕਾਰ ਤੇ ਅਭਿਮਾਨ ਵਿਚਕਾਰ ਆਨੰਦ ਖਲੌਤਾ ਮੁਸਕਰਾ ਰਿਹਾ ਹੋਵੇ। ਸੁਭਾਗੀ ਨੂੰ ਕਿਸੇ ਨਾਲ ਈਰਖਾ ਨਹੀਂ ਸੀ, ਨਾ ਉੱਚੇ ਮਕਾਨ ਵੇਖਕੇ ਉਸਦਾ ਦਿਲ ਸੜਦਾ ਸੀ। ਉਸ ਲਈ ਉਹ ਝੌਂਪੜੀ ਤੇ ਉਹੀ ਭੱਠੀ ਸਭ ਕੁਝ ਹੀ ਸੀ। ਤੀਹ ਸਾਲ ਹੋਏ, ਜਦ ਉਸ ਦਾ ਭੜਕੂੰਜਾ ਪਤੀ ਉਸ ਨੂੰ ਵਿਆਹ ਕੇ ਲਿਆਇਆ ਸੀ। ਤਦ ਤੋਂ ਉਹ ਇਥੇ ਹੀ ਸਨ। ਮਰਦੇ ਵਕਤ ਉਸਦੇ ਪਤੀ ਨੇ ਕਿਹਾ ਸੀ, ' ਮੈਂ ਤੈਨੂੰ ਲੈਣ ਆਵਾਂਗਾ।" ਗੱਲ ਮਾਮੂਲੀ ਸੀ, ਪਰ ਸੁਭਾਗੀ ਦੇ ਦਿਲ ਵਿਚ ਬੈਠ ਗਈ। ਅੱਜ ਕੱਲ ਦੀਆਂ ਇਸਤਰੀਆਂ ਸ਼ਾਇਦ ਇਸ ਨੂੰ ਨਿਸਫਲ ਤੇ ਨਿਰਮੂਲ ਕਹਿ ਕੇ ਭੁਲਾ ਦੇਂਦੀਆਂ, ਪਰ ਸੁਭਾਗੀ ਪੁਰਾਣੇ ਸਮੇਂ ਦੀ ਨੀਚ (?) ਇਸਤਰੀ ਸੀ। ਉਹ ਆਪਣੇ ਪ੍ਰੀਤਮ ਦੀ ਆਗਿਆ ਨੂੰ ਕਿਵੇਂ ਭੁੱਲ ਜਾਂਦੀ। ਇਹ ਉਸਦੇ ਪਤੀ ਦਾ ਵਚਨ ਸੀ। ਸੋਚਦੀ ਸੀ, ਕੀ ਪਤਾ, ਕਿਸੇ ਵੇਲੇ ਆ ਜਾਵੇ। ਉਸ ਦੀ ਆਤਮਾ ਇਸ ਝੌਂਪੜੀ ਨੂੰ, ਇਸ ਭੱਠੀ ਨੂੰ ਢੂੰਡੇਗੀ ਮੇਰਾ ਨਾਂ ਲੈ ਲੈ ਕੇ ਬੁਲਾਏਗੀ। ਪੁਰਾਣੇ ਜਮਾਨੇ ਦਾ ਭੜਭੱਜਾ ਨਵੀਂ ਦਿੱਲੀ ਵਿਚ ਘਬਰਾ ਜਾਵੇਗਾ।

ਸਮਝੇਗਾ ! ਸੁਭਾਗੀ ਨੇ ਪ੍ਰੀਤ ਦੀ ਰੀਤ ਨਹੀਂ ਨਿਭਾਈ। ਪ੍ਰੇਮ ਦਾ ਦੀਵਾ ਹਵਾ ਦੇ ਬੁਲਿਆਂ ਨੇ ਬੁਝਾ ਦਿਤਾ ਹੈ। ਅਤੇ ਇਹ ਉਹ ਵਿਚਾਰ, ਉਹ ਭਾਵ ਸੀ, ਜਿਸ ਲਈ ਸੁਭਾਗੀ ਨੇ ਇਸਤਰੀ ਹੋ ਕੇ ਮਰਦਾਂ ਵਾਂਗ ਸੰਸਾਰ ਦੇ ਦੁਖਾਂ ਦਾ ਟਾਕਰਾ ਕੀਤਾ। ਸਰੀਰ ਭੱਦਾ ਸੀ, ਪਰ ਦਿਲ ਕਿੰਨਾ ਸੁੰਦਰ, ਕਿੰਨਾ ਮਨੋਹਰ ਸੀ ! ਲੋਹੇ ਦੀ ਖਾਣ ਵਿਚ ਸੋਨੇ ਦਾ ਡਲਾ ਲੁਕਿਆ ਪਿਆ ਸੀ।

(2)

ਇਸੇ ਤਰ੍ਹਾਂ ਕਈ ਸਾਲ ਬੀਤ ਗਏ, ਅਤੇ ਬਦਲ ਜਾਣ ਵਾਲੀ ਦੁਨੀਆਂ ਵਿਚ ਨਾ ਬਦਲਣ ਵਾਲੀ ਸੁਭਾਗੀ ਉਸੇ ਤਰ੍ਹਾਂ ਆਪਣੇ ਪਰਦੇਸੀ ਪੀਆ ਦਾ ਰਾਹ ਵੇਖਦੀ ਰਹੀ। ਪਰ ਉਸ ਨੂੰ ਉਸ ਦੀ ਸੁੱਧ ਨਾ ਆਈ। ਇਥੋਂ ਤਕ ਕਿ ਚਾਂਦਨੀ ਚੌਂਕ ਦੇ ਅਮੀਰ ਵਪਾਰੀਆਂ ਦੀਆਂ ਲੋਭੀ ਅੱਖਾਂ ਸੁਭਾਗੀ ਦੀ ਭੱਠੀ ਵਲ ਉਠਣ ਲੱਗ ਪਈਆਂ। ਅਜਿਹੀ ਚਾਹ ਨਾਲ ਤਾਂ ਕੋਈ ਰਸੀਆ ਆਪਣੇ ਦਿਲ ਦੀ ਮਲਕਾ ਵਲ ਵੀ ਨਹੀਂ ਦੇਖਦਾ ਹੋਵੇਗਾ। ਸੋਚਦੇ ਸਨ, ਕਿੰਨਾ ਚੰਗਾ ਮੌਕਾ ਹੈ, ਇਥੇ ਦੁਕਾਨ ਬਣੇ ਤਾਂ ਬਾਜ਼ਾਰ ਦੀ ਰੌਣਕ ਬਣ ਜਾਵੇ। ਕਈ ਵਪਾਰੀਆਂ ਨੇ ਯਤਨ ਕੀਤਾ, ਥੈਲੀਆਂ ਲੈ ਕੇ ਸੁਭਾਗੀ ਦੇ ਪਾਸ ਪਹੁੰਚੇ, ਪਰ ਸੁਭਾਗੀ ਨੇ ਬੇਪ੍ਰਵਾਹੀ ਨਾਲ ਉਨ੍ਹਾਂ ਵਲ ਵੇਖਿਆ ਅਤੇ ਕਿਹਾ—ਇਹ ਜ਼ਮੀਨ ਨਹੀਂ ਵੇਚਾਂਗੀ। ਇਥੇ ਮੇਰਾ ਮਾਲਕ ਮੈਨੂੰ ਬਿਠਾ ਗਿਆ ਹੈ। ਮੈਨੂੰ ਲੈਣ ਆਵੇਗਾ ਤਾਂ ਕਿਥੇ ਢੂੰਡੇਗਾ ? ਇਹ ਝੋਪੜੀ ਨਹੀਂ, ਤੀਰਥ ਰਾਜ ਹੈ। ਇਸਨੂੰ ਵੇਚ ਦੇਵਾਂ, ਮੇਰਾ ਭਲਾ ਕਿਸ ਯੁਗ ਵਿਚ ਹੋਵੇਗਾ !"

ਇਕ ਵਪਾਰੀ ਨੇ ਕਿਹਾ—"ਸੁਭਾਗੀ ! ਹੁਣ ਉਹ ਕਦੀ ਵਾਪਸ ਨਹੀਂ ਆਵੇਗਾ। ਤੂੰ ਇਹ ਆਸ ਛੱਡ ਦੇ।"

ਸੁਭਾਗੀ ਨੇ ਉਤਰ ਦਿੱਤਾ—"ਪਰ ਉਸਦਾ ਵਚਨ ਕਿਵੇਂ ਝੂਠਾ ਹੋ ਸਕਦਾ ਹੈ ! ਉਸਦੇ ਸ਼ਬਦ ਅੱਜ ਤਕ ਮੇਰੇ ਕੰਨਾਂ ਵਿਚ ਗੂੰਜ ਰਹੇ ਹਨ।

ਇਕ ਹੋਰ ਘਟ ਸਮਝ ਵਾਲੇ ਨੇ ਕਿਹਾ- "ਇਸ ਬੁਢਾਪੇ ਵਿਚ ਇੰਨੀ ਮਿਹਨਤ ਕਿਉਂ ਕਰਦੀ ਹੈ ? ਝੌਂਪੜੀ ਵੇਚ ਦੇ ਤੇ ਭਗਵਾਨ ਦਾ ਭਜਨ ਕਰ "

ਸੁਭਾਗੀ ਬੋਲੀ, "ਝੌਂਪੜੀ ਗਈ ਤਾਂ ਭਜਨ ਦੀ ਹੋਸ਼ ਵੀ ਜਾਂਦੀ ਰਹੇਗੀ। ਜਿਸਨੇ ਪੀਆ ਨੂੰ ਭੁੱਲਾ ਦਿਤਾ ਉਹ ਭਗਵਾਨ ਨੂੰ ਖਾਕ ਯਾਦ ਕਰੇਗੀ।"

ਇਕ ਮੂੰਹ ਫਟ ਨੇ ਕਿਹਾ—ਤੂੰ ਸੱਤਰੀ ਬਹੱਤਰੀ ਹੋ ਗਈ ਹੈ। ਰੁਪਏ ਲੈ ਤੇ ਚੈਨ ਨਾਲ ਰਹਿ। ਹੁਣ ਸਾਰੀ ਉਮਰ ਛਾਤੀ ਡਾਹ ਕੇ ਕੰਮ ਕਰਨ ਦਾ ਠੇਕਾ ਲਿਆ ਹੋਇਆ ਹੈ?"

ਸੁਭਾਗੀ ਨੇ ਉਤਰ ਦਿਤਾ—"ਇਹ ਤਾਂ ਜਨਮ ਦਾ ਕੰਮ ਹੈ। ਮਰਨ ਤੇ ਹੀ ਛੁਟੇਗਾ। ਚਾਰ ਦਿਨ ਦੇ ਸੁਖ ਲਈ ਆਪਣਾ ਘਰ ਕਿਵੇਂ ਵੇਚ ਦੇਵਾਂ ?"

"ਪਰ ਇਸ ਵਿਚ ਕੀ ਹੈ ?"

"ਮਰਨ ਵਾਲੇ ਦੀ ਸਮਾਧ ਹੈ। ਸਮਾਧ ਨੂੰ ਕਿਸੇ ਨੇ ਵੇਚਿਆ ਹੈ ?!

"ਤੂੰ ਤਾਂ ਬੋਲੀ ਹੋ ਗਈ ਹੈਂ।"

"ਭਗਵਾਨ ਇਸੇ ਤਰ੍ਹਾਂ ਉਠਾ ਲਵੇ, ਇਹੀ ਅਰਦਾਸ ਹੈ। ਤੁਸੀਂ ਆਪਣੀ ਰਕਮ ਆਪਣੇ ਕੋਲ ਹੀ ਰਖੋ। ਮੇਰੇ ਲਈ ਇਹ ਝੌਂਪੜੀ ਹੀ ਸਭ ਕੁਝ ਹੈ।"

"ਅਸੀਂ ਤੈਨੂੰ ਹੋਰ ਮਕਾਨ ਦੇ ਦੇਵਾਂਗੇ "

"ਪਰਾਈ ਵਸਤੂ ਆਪਣੀ ਕਿਵੇਂ ਬਣ ਜਾਵੇਗੀ ?"

"ਉਸ ਵਿਚ ਹਰ ਤਰ੍ਹਾਂ ਦਾ ਆਰਾਮ ਰਹੇਗਾ। ਇਹ ਝੌਂਪੜੀ ਤਾਂ ਕਿਸੇ ਕੰਮ ਦੀ ਨਹੀਂ।"

"ਆਪਣਾ ਬੱਚਾ ਬਦਸੂਰਤ ਹੋਣ ਤੇ ਵੀ ਪਿਆਰਾ ਲੱਗਦਾ ਹੈ।"

ਇਸੇ ਤਰ੍ਹਾਂ ਲਾਲਚ ਨੇ ਕਈ ਹੱਲੇ ਕੀਤੇ ਪਰ ਸੰਤੋਖ ਦੇ ਸਾਮ੍ਹਣੇ ਸਭ ਨਾਕਾਰਾ ਸਾਬਤ ਹੋਏ; ਜਿਸ ਤਰ੍ਹਾਂ ਪਾਣੀ ਦੀਆਂ ਛੱਲਾਂ ਚਟਾਨ ਨਾਲ ਟਕਰਾ ਕੇ ਪਿਛੇ ਹਟ ਜਾਂਦੀਆਂ ਹਨ।

(3)

ਸੁਭਾਗੀ ਦੇ ਨਾਰੀ-ਹੱਠ ਨੇ ਸਭ ਦਾ ਉਤਸ਼ਾਹ ਤੋੜ ਦਿੱਤਾ। ਉਹ ਸਮਝ ਗਏ ਕਿ ਬੁੱਢੀ ਭੱਠੀ ਨਹੀਂ ਦੇਵੇਗੀ। ਪਰ ਸੇਠ ਜਾਨਕੀ ਦਾਸ ਨੇ ਹਿੰਮਤ ਨਾ ਹਾਰੀ। ਉਸ ਦੀਆ ਦੋ ਦੁਕਾਨਾਂ ਸਨ ਅਤੇ ਇਹ ਭੱਠੀ ਉਨ੍ਹਾਂ ਦੇ ਵਿਚਕਾਰ ਸੀ। ਦੋਹੀਂ ਪਾਸੇ ਫਾਨੂਸਾਂ ਦੇ ਵਿਚਕਾਰ ਇਹ ਟਿਮਟਿਮਾਂਦਾ ਦੀਵਾ ਸੀ। ਇਹ ਦੀਵਾ ਸੁਭਾਗੀ ਲਈ ਜੀਵਨ-ਜੋਤੀ ਤੋਂ ਘਟ ਨਹੀਂ ਸੀ। ਉਸਨੂੰ ਵੇਖ ਕੇ ਉਸਦਾ ਹਿਰਦਾ ਬ੍ਰਹਮਾਨੰਦ ਵਿਚ ਲੀਨ ਹੋ ਜਾਂਦਾ ਸੀ। ਪਰ ਜਾਨਕੀ ਦਾਸ ਉਸਨੂੰ ਵੇਖਦਾ ਤਾਂ ਉਸ ਦੀਆਂ ਅੱਖਾਂ ਵਿਚ ਲਹੂ ਉੱਤਰ ਆਉਂਦਾ। ਸੋਚਦਾ, ਇਹ ਜਗ੍ਹਾ ਮਿਲ ਜਾਵੇ ਤਾਂ ਦੁਕਾਨਾਂ ਦਾ ਕਲੰਕ ਮਿਟ ਜਾਵੇ। ਹਜ਼ਾਰਾਂ ਜਵਾਨ ਮਰਦੇ ਹਨ, ਇਸ ਬੁੱਢੀ ਨੂੰ ਮੌਤ ਨਹੀਂ ਆਉਂਦੀ। ਪਰ ਬੁੱਢੀ ਨੂੰ ਜਦੋਂ ਵੀ ਮਿਲਦਾ ਬੜੇ ਆਦਰ ਭਾਵ ਨਾਲ ਮਿਲਦਾ। ਤਲਵਾਰ ਉੱਤੇ ਮਖਮਲ ਦਾ ਗਿਲਾਫ਼ ਚੜ੍ਹਿਆ ਹੋਇਆ ਸੀ।

ਇਕ ਦਿਨ ਦੀ ਗੱਲ ਹੈ, ਸੁਭਾਗੀ ਦਰਖ਼ਤਾਂ ਦੇ ਸੁੱਕੇ ਪੱਤੇ ਤੇ ਟੁੱਟੀਆਂ ਟਹਿਣੀਆਂ ਚੁਗਣ ਗਈ। ਦੁਪਹਿਰ ਦਾ ਸਮਾਂ ਸੀ। ਸੂਰਜ ਦੀਆਂ ਕਿਰਨਾਂ ਚਾਰੇ ਪਾਸੇ ਨੱਚ ਰਹੀਆਂ ਸਨ। ਸੁਭਾਗੀ ਬੇ ਪਰਵਾਹੀ ਨਾਲ ਪੱਤੇ ਤੇ ਟਹਿਣੀਆਂ ਬੀੜ ਰਹੀ ਸੀ। ਇਕਦਮ ਆਸਮਾਨ ਵਿਚ ਕਾਲੀ ਘਟਾ ਛਾ ਗਈ ਅਤੇ ਠੰਡੀ ਠੰਡੀ ਹਵਾ ਚਲਣ ਲੱਗੀ। ਸੁਭਾਗੀ ਨੇ ਇਕੱਠੇ ਕੀਤੇ ਪੱਤੇ ਆਦਿ ਕੱਪੜੇ ਵਿਚ ਬੰਨੇ ਅਤੇ ਸ਼ਹਿਰ ਤੁਰ ਪਈ। ਪਰ ਤਿੰਨ ਮੀਲ ਦੀ ਦੂਰੀ ਸਾਧਾਰਣ ਦੂਰੀ ਨਹੀਂ ਸੀ। ਇਸ ਤੇ ਸੁਭਾਗੀ ਦੀਆਂ ਬੁੱਢੀਆਂ ਲੱਤਾਂ। ਬਾਰਸ਼ ਨੇ ਬੁੱਢੀ ਨੂੰ ਘੇਰ ਲਿਆ। ਬੱਦਲ ਵਰ੍ਹਨ ਲੱਗੇ। ਪਰ ਇਹ ਬੱਦਲ ਨਹੀਂ ਸਨ ਸੁਭਾਗੀ ਦਾ ਦੁਰਭਾਗ ਸਨ। ਉਹ ਇਕ ਦਰਖ਼ਤ ਦੇ ਹੇਠਾਂ ਖਲੋ ਗਈ ਅਤੇ ਸੋਚਣ ਲੱਗੀ, ਸ਼ਾਮ ਨੂੰ ਕੀ ਕਰਾਂਗੀ ? ਇਹ ਪੱਤੇ ਵੀ ਭਿਜ ਗਏ ਤਾਂ ਭੱਠੀ ਕਿਵੇਂ ਬਾਲਾਂਗੀ ? ਤੇ ਜੇ ਭੱਠੀ ਨਾ ਬਲੀ ਤਾਂ ਖਾਵਾਂਗੀ ਕਿਥੋਂ ? ਹੱਥ ਉਠਾ ਉਠਾ ਕੇ ਅਰਦਾਸ ਕੀਤੀ ਕਿ ਰਤਾ ਮੀਂਹ ਰੁਕ ਜਾਵੇ ਤਾਂ ਘਰ ਪਹੁੰਚ ਜਾਵਾਂ। ਪਰ ਬੱਦਲਾਂ ਨੇ ਸੁਭਾਗੀ ਦੀ ਇਕ ਨਾ ਸੁਣੀ।

ਉਹ ਅਕਾਸ਼ ਦੇ ਵਾਸੀ ਸਨ, ਧਰਤੀ ਦੇ ਬੱਟਿਆਂ ਦੀ ਉਨ੍ਹਾਂ ਨੂੰ ਕੀ ਪਰਵਾਹ ਸੀ ? ਜਲ-ਥਲ ਇਕ ਹੋ ਗਿਆ। ਉਸ ਦਿਨ ਦਾ ਮੀਂਹ, ਮੀਂਹ ਨਹੀਂ ਸੀ ਸਗੋਂ ਪਰਮਾਤਮਾ ਦੀ ਕਰੋਪੀ ਸੀ। ਅੱਠ ਘੰਟੇ ਉਹ ਮੀਂਹ ਪਿਆ ਕਿ ਚਾਰੇ ਪਾਸੇ ਹਾ ਹਾ ਕਾਰ ਮਚ ਗਈ।

ਜਮਨਾ ਵਿਚ ਹੜ੍ਹ ਆ ਗਿਆ। ਹਜ਼ਾਰਾਂ ਗਰੀਬਾਂ ਦੇ ਮਕਾਨ ਢਹਿ ਗਏ। ਗਊਆਂ-ਬਲਦ ਇਉਂ ਰੂੜ੍ਹ ਜਾਂਦੇ ਸਨ, ਜਿਵੇਂ ਘਾਹ ਫੂਸ ਦੇ ਤਿਨਕੇ ਹੋਣ। ਉਨ੍ਹਾਂ ਨੂੰ ਬਚਾਉਣ ਵਾਲਾ ਕੋਈ ਨਹੀਂ ਸੀ। ਅਤੇ ਇਹ ਪਾਣੀ ਬਾਹਰ ਨਹੀਂ ਸੀ, ਦਿੱਲੀ ਦੇ ਗਲੀ ਕੂਚਿਆਂ ਵਿੱਚ ਵੀ ਫੁੰਕਾਰੇ ਮਾਰਦਾ ਫਿਰਦਾ ਸੀ। ਜਿਨ੍ਹਾਂ ਦੇ ਮਕਾਨ ਪੱਕੇ ਸਨ, ਉਹ ਬੇਪਰਵਾਹ ਸਨ, ਜਿਨ੍ਹਾਂ ਦੇ ਕੱਚੇ ਸਨ ਉਨ੍ਹਾਂ ਦਾ ਦਿਲ ਢਹਿੰਦਾ ਜਾਂਦਾ ਸੀ। ਅਤੇ ਪਾਣੀ ਕਹਿੰਦਾ ਸੀ ਅੱਜ ਵਰ੍ਹ ਕੋ ਫਿਰ ਨਹੀਂ ਵਰ੍ਹਾਂਗਾ।

ਸੁਭਾਗੀ ਇਕ ਦਰਖ਼ਤ ਤੇ ਬੈਠੀ ਇਧਰ ਉਧਰ ਦੇਖ ਰਹੀ ਸੀ, ਅਤੇ ਨਿਰਾਸਤਾ ਦੇ ਠੰਡੇ ਸਾਹ ਭਰ ਰਹੀ ਸੀ। ਉਸ ਦੇ ਆਸ ਪਾਸ ਪਾਣੀ ਹੀ ਪਾਣੀ ਸੀ। ਦੂਰ ਤਕ ਕੋਈ ਮਨੁੱਖ ਦਿਖਾਈ ਨਹੀਂ ਸੀ ਦੇਂਦਾ। ਉਸ ਦੇ ਇਕੱਠੇ ਕੀਤੇ ਹੋਏ ਪੱਤੇ ਕਿਸੇ ਅਭਾਗ ਦੇ ਸੁਪਨੇ ਵਾਂਗ ਪਾਣੀ ਵਿਚ ਖਿੰਡ ਕੇ ਪਤਾ ਨਹੀਂ ਕਿਥੇ ਦੇ ਕਿਥੇ ਚਲੇ ਗਏ ਸਨ। ਪਰ ਸੁਭਾਗੀ ਨੂੰ ਇਸ ਦੀ ਚਿੰਤਾ ਨਹੀਂ ਸੀ। ਉਸ ਦੇ ਦਿਲ ਵਿਚ ਇਕ ਹੀ ਚਿੰਤਾ ਸੀ, ਇਕ ਹੀ ਇੱਛਾ ਸੀ ਕਿ ਕਿਸੇ ਤਰ੍ਹਾਂ ਆਪਣੇ ਘਰ ਪਹੁੰਚ ਜਾਵਾਂ। ਪਤਾ ਨਹੀਂ ਭੱਠੀ ਦਾ ਕੀ ਹਾਲ ਹੋਵੇਗਾ ? ਪਾਣੀ ਵਿਚ ਡੁੱਬ

ਗਈ ਹੋਵੇਗੀ। ਮਿੱਟੀ ਦਾ ਢੇਰ ਰਹਿ ਗਿਆ ਹੋਵੇਗਾ। ਜੇ ਉਸਦੇ ਵੱਸ ਹੁੰਦਾ ਤਾਂ ਉਸੇ ਵੇਲੇ ਪਹੁੰਚ ਜਾਂਦੀ, ਪਰ ਪਾਣੀ ਰਾਹ ਰੋਕੀ ਖੜਾ ਸੀ। ਸੁਭਾਗੀ ਤੜਪ ਕੇ ਰਹਿ ਗਈ। ਉਸ ਵਕਤ ਉਸਨੇ ਇਕ ਕਬੂਤਰੀ ਵੇਖੀ, ਜਿਹੜੀ ਇਕ ਦਰਖ਼ਤ ਦੀ ਡਾਲ ਤੇ ਬੈਠੀ ਸੀ। ਸੁਭਾਗੀ ਨੇ ਸੋਚਿਆ, ਜੇ ਮੈਂ ਕਬੂਤਰੀ ਹੁੰਦੀ ਤਾਂ ਉਡ ਕੇ ਚਲੀ ਜਾਂਦੀ, ਪਾਣੀ ਮੇਰਾ ਕੀ ਵਿਗਾੜ ਸਕਦਾ ਸੀ ? ਇੰਨੇ ਵਿਚ ਕਬੂਤਰੀ ਨੇ ਖੰਭ ਖੋਲੇ ਤੇ ਉਡ ਕੇ ਨਜ਼ਰ ਤੋਂ ਓਝਲ ਹੋ ਗਈ। ਇਹ ਵੇਖ ਕੇ ਸੁਭਾਗੀ ਨੇ ਸੋਚਿਆ ਰਾਮ ਜਾਣੇ ਇਹ ਕਬੂਤਰੀ ਕਿਥੇ ਗਈ ਹੈ; ਸ਼ਾਇਦ ਮੇਰੀ ਝੌਂਪੜੀ ਵੱਲ ਹੀ ਗਈ ਹੋਵੇ। ਉਸਨੇ ਚਾਹਿਆ ਕਿ ਮੈਂ ਵੀ ਦੌੜ ਕੇ ਚਲੀ ਜਾਵਾਂ। ਪਰ ਨੀਵੀਂ ਪਾ ਕੇ ਜਦੋਂ ਵੇਖਿਆ ਤਾਂ ਅੱਧਾ ਦਰਖ਼ਤ ਅਜੇ ਤਕ ਪਾਣੀ ਦੇ ਅੰਦਰ ਹੀ ਸੀ ਅਤੇ ਰਸਤਾ ਵਿਖਾਈ ਨਹੀਂ ਸੀ ਦੇਂਦਾ। ਸੁਭਾਗੀ ਦੀਆਂ ਅੱਖਾਂ ਵਿਚੋਂ ਅਥਰੂਆਂ ਦੀਆਂ ਦੋ ਗਰਮ ਬੂੰਦਾਂ ਡਿਗੀਆਂ ਅਤੇ ਬਾਰਸ਼ ਦੇ ਠੰਡੇ ਪਾਣੀ ਵਿਚ ਗੁੰਮ ਗਈਆਂ।

ਦੂਜੇ ਦਿਨ ਸਵੇਰ ਵੇਲੇ ਸੁਭਾਗੀ ਦਰਖ਼ਤ ਤੋਂ ਉਤਰੀ ਅਤੇ ਸ਼ਹਿਰ ਵੱਲ ਚਲ ਪਈ। ਮੀਂਹ ਪੈਣਾ ਬੰਦ ਹੋ ਗਿਆ ਸੀ, ਪਰ ਆਸਮਾਨ ਵਿਚ ਬੱਦਲ ਅਜੇ ਬਾਕੀ ਸਨ। ਸੁਭਾਗੀ ਦਾ ਸਰੀਰ ਸਰਦੀ ਨਾਲ ਆਕੜ ਰਿਹਾ ਸੀ। ਅੱਖਾਂ ਵਿਚੋਂ ਅੱਗ ਜਿਹੀ ਨਿਕਲ ਰਹੀ ਸੀ। ਪੈਰਾਂ ਵਿਚ ਸ਼ਕਤੀ ਨਹੀਂ ਸੀ। ਪਰ ਉਹ ਫਿਰ ਵੀ ਚਲ ਰਹੀ ਸੀ, ਜਿਵੇਂ ਸ਼ਾਮ ਵੇਲੇ ਗਊ ਆਪਣੇ ਵੱਛੇ ਵੱਲ ਭੱਜਦੀ ਹੈ। ਉਥੇ ਪੁੱਤਰ-ਸਨੇਹ ਦੀ ਖਿਚ ਹੁੰਦੀ ਹੈ, ਇਥੇ ਘਰ ਦਾ ਮੋਹ ਸੀ। ਮਿੱਟੀ ਵਿਚ ਵੀ ਮੋਹ ਹੁੰਦਾ ਹੈ। ਪਰ ਇਸ ਨੂੰ ਵੇਖਣ ਲਈ ਦਿਖ ਦ੍ਰਿਸ਼ਟੀ ਦੀ ਲੋੜ ਹੈ। ਖ਼ਾਲੀ ਅੱਖ ਨਾਲ ਉਹ ਵਿਖਾਈ ਨਹੀਂ ਦੇਂਦਾ।

ਸੁਭਾਗੀ ਚਾਂਦਨੀ ਚੌਕ ਵਿਚ ਪਹੁੰਚੀ। ਤਦ ਉਸਦਾ ਦਿਲ ਬੈਠ ਗਿਆ। ਹੁਣ ਨਾ ਉਹ ਝੌਂਪੜੀ ਹੀ ਬਾਕੀ ਸੀ, ਨਾ ਉਹ ਭੱਠੀ। ਉਨ੍ਹਾਂ ਦੀ ਥਾਂ ਮਿੱਟੀ ਦਾ ਇਕ ਢੇਰ ਤੇ ਘਾਹ ਫੂਸ ਦੇ ਤੀਲੇ ਪਏ ਸਨ, ਅਤੇ ਇਨ੍ਹਾਂ ਦੇ ਹੇਠਾਂ ਉਸਦਾ ਨਿੱਕ-ਸੁਕ ਦਬ ਗਿਆ ਸੀ।

ਸੁਭਾਗੀ ਦੇ ਦਿਲ ਤੇ ਜਿਵੇਂ ਕਿਸੇ ਬਲਦੇ ਅੰਗਾਰੇ ਰਖ ਦਿੱਤੇ ਹੋਣ, ਪਰ ਉਸਨੇ ਹੌਸਲਾ ਨਾ ਹਾਰਿਆ। ਥੋੜੀ ਦੇਰ ਬਾਅਦ ਲੋਕਾਂ ਨੇ ਵੇਖਿਆ ਕਿ ਉਹ ਝੌਂਪੜੀ ਖੜੀ ਕਰ ਰਹੀ ਸੀ। ਦੂਜੇ ਦਿਨ ਭੱਠੀ ਵੀ ਤਿਆਰ ਹੋ ਗਈ। ਸੁਭਾਗੀ ਫੁੱਲੀ ਨਹੀਂ ਸੀ ਸਮਾਉਂਦੀ। ਉਸਦੇ ਪੈਰ ਭੁੰਜੇ ਨਹੀਂ ਸਨ ਲੱਗਦੇ ਉਸਨੇ ਆਪਣਾ ਉਜੜਿਆ ਘਰ ਵਸਾ ਲਿਆ ਸੀ, ਜਿਥੇ ਉਸਦਾ ਪਤੀ ਉਸਨੂੰ ਵਿਆਹ ਕੇ ਲਿਆਇਆ ਸੀ।

(4)

ਭੱਠੀ ਬਣ ਗਈ, ਪਰ ਉਸਦਾ ਗਰਮ ਹੋਣਾ ਕਿਸਮਤ ਵਿਚ ਨਹੀਂ ਸੀ ਲਿਖਿਆ। ਸੁਭਾਗੀ ਬੀਮਾਰ ਹੋ ਗਈ, ਉਸਨੂੰ ਬੁਖਾਰ ਹੋਣ ਲੱਗਾ। ਸੇਠ ਜਾਨਕੀ ਦਾਸ ਨੇ ਪੁੱਛਿਆ, "ਸੁਭਾਗੀ ! ਤੈਨੂੰ ਇਹ ਕੀ ਹੋ ਗਿਆ ?"

ਸੁਭਾਗੀ-"ਸੇਠ ਜੀ ! ਮੀਂਹ ਦੀ ਸਰਦੀ ਖਾ ਗਈ ?"

ਜਾਨਕੀ ਦਾਸ—"ਅਤੇ ਫਿਰ ਦੂਜੀ ਰਾਤ ਵੀ ਤਾਂ ਤੂੰ ਆਰਾਮ ਨਾਲ ਨਹੀਂ ਬੈਠੀ। ਝੌਂਪੜੀ ਤਿਆਰ ਨਾ ਹੁੰਦੀ ਤਾਂ ਕਿਹੜੀ ਪਰਲੋ ਆ ਜਾਣੀ ਸੀ ?"

ਸੁਭਾਗੀ ਨੇ ਹੈਰਾਨੀ ਭਰੀ ਨਜ਼ਰ ਨਾਲ ਸੇਠ ਸਾਹਿਬ ਵੱਲ ਦੇਖਿਆ ਅਤੇ ਦਰਦ ਨਾਲ ਬੇਹਾਲ ਹੋ ਕੇ ਕਿਹਾ, "ਸਿਰ ਲੁਕਾਉਣ ਦੀ ਵੀ ਤਾਂ ਕੋਈ ਥਾਂ ਨਹੀਂ ਸੀ, ਕਿਥੇ ਠੋਕਰਾਂ ਖਾਂਦੀ ਫਿਰਦੀ ?"

ਜਾਨਕੀ ਦਾਸ-"ਤੂੰ ਮੇਰੇ ਘਰ ਚਲੀ ਆਂਦੀ ਤਾਂ ਕੀ ਹਰਜ ਸੀ ? ਮੈਂ ਤਾਂ ਤੇਰਾ ਗੁਆਂਢੀ ਹਾਂ।"

ਸੁਭਾਗੀ-"ਇਸ ਦੀ ਤਾਂ ਮੈਨੂੰ ਆਸ ਹੀ ਹੈ।"

ਜਾਨਕੀ ਦਾਸ-"ਸੁਭਾਗੀ ! ਤੂੰ ਦਿਖਾਵਾ ਕਰਦੀ ਹੈਂ। ਮੇਰੀ ਰਾਏ ਤਾਂ ਇਹ ਹੈ ਕਿ ਤੂੰ ਮੇਰੇ ਨਾਲ ਚਲੀ ਚਲ। ਉਥੇ ਤੇਰੀ ਦੇਖ-ਭਾਲ ਹੋਵੇਗੀ। ਬੋਲ ਕੀ ਮਰਜ਼ੀ ਹੈ ?"

ਸੁਭਾਗੀ ਦੇ ਦਿਲ ਵਿਚ ਪਹਿਲਾਂ ਤਾਂ ਖਿਆਲ ਆਇਆ ਕਿ ਚਲੀ ਚਲਾਂ, ਬੁੱਢਾਪ ਦੇ ਚਾਰ ਦਿਨ ਆਰਾਮ ਨਾਲ ਕੱਟ ਜਾਣਗੇ। ਪਰ ਫਿਰ ਝੌਂਪੜੀ ਦੇ ਮੋਹ ਨੇ ਇਰਾਦਾ ਬਦਲ ਦਿੱਤਾ। ਨਾਲ ਹੀ ਪਤੀ ਦੇ ਆਖ਼ਰੀ ਸ਼ਬਦ ਯਾਦ ਆ ਗਏ। ਆਹ ਭਰਕੇ ਬੋਲੀ " ਸੇਠ ਜੀ ! ਇਸ ਝੌਂਪੜੀ ਵਿਚੋਂ ਮੈਂ ਨਹੀਂ ਨਿਕਲਾਂਗੀ, ਮੇਰੀ ਅਰਥੀ ਹੀ ਨਿਕਲੇਗੀ।"

ਜਾਨਕੀ ਦਾਸ-"ਤਾਂ ਇਉਂ ਆਖ ਕਿ ਮਰਨ ਦੀ ਠਾਣੀ ਹੋਈ ਹੈ।"

ਸੁਭਾਗੀ-'ਜੇ ਮੌਤ ਹੀ ਕਿਸਮਤ ਵਿਚ ਲਿਖੀ ਹੋਵੇ ਤਾਂ ਕੌਣ ਟਾਲ ਸਕਦਾ ਹੈ ? ਪਰ ਇਸ ਝੌਂਪੜੀ ਨੂੰ ਛੱਡਣਾ ਮੁਹਾਲ ਹੈ।"

ਜਾਨਕੀ ਦਾਸ ਕੁਝ ਦੇਰ ਚੁੱਪ ਰਿਹਾ। ਇਸ ਤੋਂ ਪਿਛੋਂ ਉਸਦੇ ਦਿਲ ਵਿਚ ਇਕਦਮ ਕੋਈ ਮਨਪਸੰਦ ਵਿਚਾਰ ਇਉਂ ਫੁਰਿਆ, ਜਿਵੇਂ ਨਿਰਾਸਤਾ ਦੇ ਹਨੇਰੇ ਵਿਚੋਂ ਆਸ ਦੀ ਕੋਈ ਕਿਰਨ ਚਮਕ ਪੈਂਦੀ ਹੈ। ਹੋਲੀ ਜਿਹੀ ਬੋਲਿਆ, "ਬਹੁਤ ਅੱਛਾ ! ਪਰ ਮੈਨੂੰ ਇੰਨੀ ਆਗਿਆ

ਤਾਂ ਦੇ ਕਿ ਤੇਰੀ ਦਵਾ-ਦਾਰੂ ਤੇ ਖਾਣ-ਪੀਣ ਦਾ ਪ੍ਰਬੰਧ ਕਰ ਦੇਵਾਂ। ਨਹੀਂ ਤਾਂ ਮੈਨੂੰ ਤੇਰੇ ਨਾਲ ਸਦਾ ਲਈ ਸ਼ਿਕਾਇਤ ਰਹੇਗੀ।"

ਸੁਭਾਗੀ ਸਿੱਧੀ-ਸਾਦੀ ਇਸਤਰੀ ਸੀ। ਉਸਨੇ ਨਵੀਂ ਸਭਿਅਤਾ ਦੇ ਛਲ ਕਪਟ ਨਹੀਂ ਸਨ ਵੇਖੇ। ਉਹ ਉਸ ਯੁਗ ਦੀ ਤੀਵੀਂ ਸੀ ਜਦੋਂ ਲੋਕ ਝੂਠ ਬੋਲਣਾ ਪਾਪ ਸਮਝਦੇ ਸਨ। ਸੇਠ ਸਾਹਿਬ ਦੀਆਂ ਮਿੱਠੀਆਂ ਮਿੱਠੀਆ ਗੱਲਾਂ ਨੇ ਉਸਦਾ ਦਿਲ ਮੋਹ ਲਿਆ। ਉਸਨੇ ਘਾਹ ਉੱਤੇ ਪਏ ਸੁੰਦਰ ਫੁੱਲ ਵੇਖੇ, ਪਰ ਉਨ੍ਹਾਂ ਦੇ ਥਲੇ ਜੋ ਨਾਗ ਛੁਪਿਆ ਪਿਆ ਸੀ, ਉਸ ਵੱਲ ਉਸਦਾ ਧਿਆਨ ਨਾ ਗਿਆ। ਉਸਨੇ ਉਪਕਾਰ ਦੇ ਭਾਵ ਨਾਲ ਕੰਬਦੀ ਆਵਾਜ਼ ਵਿੱਚ ਕਿਹਾ, "ਭਗਵਾਨ ਤੁਹਾਡਾ ਭਲਾ ਕਰੇ। ਤੁਸੀਂ ਆਦਮੀ ਨਹੀਂ ਦੇਵਤੇ ਹੋ।”

ਸੁਭਾਗੀ ਦਾ ਇਲਾਜ ਹੋਣ ਲੱਗਾ। ਅਜਿਹੀ ਲਗਨ ਨਾਲ ਕਿਸੇ ਦਿਆਲੂ ਅਮੀਰ ਨੇ ਆਪਣੇ ਪਿਆਰੇ ਸੰਬੰਧੀ ਦਾ ਇਲਾਜ ਨਹੀਂ ਕੀਤਾ ਹੋਵੇਗਾ। ਰਾਤ ਨੂੰ ਕਈ ਕਈ ਵਾਰ ਉਠ ਕੇ ਆਉਂਦਾ ਅਤੇ ਸਿਰਹਾਣੇ ਖੜਾ ਰਹਿੰਦਾ। ਰੁਪਿਆ-ਪੈਸਾ ਪਾਣੀ ਵਾਂਗ ਵਹਾ ਦਿੱਤਾ। ਉਸਨੂੰ ਇਸਦੀ ਪਰਵਾਹ ਨਹੀਂ ਸੀ। ਉਸਦਾ ਖ਼ਿਆਲ ਸੀ ਜੇ ਬੁੱਢੀ ਕਿਸੇ ਤਰ੍ਹਾਂ ਬੱਚ ਗਈ ਤਾਂ ਭੱਠੀ ਵਾਲੀ ਥਾਂ ਆਪਣੇ ਆਪ ਦੇਵੇਗੀ ਅਤੇ ਜੇ ਨਹੀਂ ਦੇਵੇਗੀ ਤਾਂ ਕਹਾਂਗਾ, ਮੇਰਾ ਰੁਪਿਆ ਚੁਕਾ ਦੇ। ਗ਼ਰੀਬ ਭੜਕੂੰਜੀ ਹੈ, ਇਤਨਾ ਰੁਪਿਆ ਕਿਥੋਂ ਲਿਆਵੇਗੀ ?

ਛੇ ਮਹੀਨਿਆਂ ਪਿਛੋਂ ਸੁਭਾਗੀ ਮੰਜੀ ਤੋਂ ਉਠੀ ਤਾਂ ਉਸਦਾ ਵਾਲ ਵਾਲ ਸੇਠ ਸਾਹਿਬ ਦਾ ਕਰਜਾਈ ਹੋ ਚੁਕਿਆ ਸੀ। ਉਸਦਾ ਧਨ ਉਸਦੀ ਝੌਂਪੜੀ ਨੂੰ ਨਹੀਂ ਸੀ ਖ਼ਰੀਦ ਸਕਦਾ, ਹਮਦਰਦੀ ਨੇ ਉਹ ਵੀ ਖ਼ਰੀਦ ਲਿਆ। ਹੁਣ ਸੁਭਾਗੀ ਪਹਿਲੀ ਸੁਭਗੀ ਨਹੀਂ ਸੀ, ਬੇਪਰ-ਵਾਹ, ਪ੍ਰਸ਼ਦਿਲ, ਸ਼ਾਂਤ ਸੁਭਾ। ਹੁਣ ਉਸ ਦੀ ਜਗ੍ਹਾ ਖਰੀਦੀ ਹੋਈ ਇਕ ਦਾਸੀ ਰਹਿ ਗਈ ਸੀ, ਜਿਸਦੇ ਚਿਹਰੇ ਤੇ ਕਦੇ ਕਦੇ ਸਵਾਧੀਨ ਸੁਭਾਗੀ ਦੀ ਸਵੱਛ ਚਮਕ ਦਿਖਾਈ ਦੇ ਜਾਂਦੀ ਸੀ। ਇਕ ਦਿਨ ਉਹ ਸੀ, ਜਦ ਸੁਭਾਗੀ ਸੇਠ ਜਾਨਕੀ ਦਾਸ ਦੇ ਅਗਿਓਂ ਦੀ ਆਕੜ ਕੇ ਨਿਕਲਦੀ ਸੀ, ਪਰ ਹੁਣ ਉਸ ਦੇ ਸਾਮਣੇ ਉਸ ਦੀਆਂ ਅੱਖਾਂ ਉੱਚੀਆ ਨਹੀਂ ਸਨ ਹੁੰਦੀਆਂ। ਜਿਸ ਕੰਮ ਨੂੰ ਸਖ਼ਤੀ ਨਹੀਂ ਸੀ ਕਰ ਸਕਦੀ, ਨਰਮੀ ਨੇ ਉਹ ਕਰ ਦਿੱਤਾ। ਸੁਭਾਗੀ ਸੇਠ ਦੇ ਪੈਰਾਂ ਤੇ ਡਿਗ ਪਈ ਅਤੇ ਰੋਣ ਲੱਗੀ, ਪਰ ਸੇਠ ਤੇ ਉਸ ਨੂੰ ਇਸ ਤਰ੍ਹਾਂ ਉਠਾ ਲਿਆ, ਜਿਵੇਂ ਉਹ ਉਸਦੀ ਆਪਣੀ ਮਾਂ ਹੋਵੇ।

ਕੁਝ ਦਿਨਾਂ ਮਗਰੋਂ ਚਾਂਦਨੀ ਚੌਂਕ ਦੇ ਵਪਾਰੀਆਂ ਨੇ ਸੁਣਿਆ ਕਿ ਸੁਭਾਗੀ ਨੇ ਆਪਣੀ ਝੌਂਪੜੀ ਸੇਠ ਸਾਹਿਬ ਨੂੰ ਵੇਚ ਦਿੱਤੀ ਹੈ। ਇਹ ਖ਼ਬਰ ਮਾਮੂਲੀ ਨਹੀਂ ਸੀ। ਲੋਕ ਚੌਂਕ

ਪਏ। ਉਨ੍ਹਾਂ ਨੂੰ ਇਸ ਤੇ ਯਕੀਨ ਨਹੀਂ ਸੀ ਆਉਂਦਾ। ਸਿਰ ਹਿਲਾ ਕੇ ਕਹਿੰਦੇ, ਇਹ ਵੀ ਸੇਠ ਸਾਹਿਬ ਦੀ ਚਾਲ ਹੈ, ਬੁੱਢੀ ਜੀਉਂਦੇ ਜੀ ਝੌਂਪੜੀ ਨਹੀਂ ਛਡੇਗੀ। ਕੋਈ ਕਹਿੰਦਾ, ਸੇਵਾ ਕੀਤੀ ਸੀ, ਮੇਵਾ ਖਾ ਲਿਆ। ਕੋਈ ਕਹਿੰਦਾ ਇਹ ਅਣਹੋਣੀ ਗੱਲ ਹੈ, ਕਿਸੇ ਨੇ ਐਵੇਂ ਹੀ ਉਡਾ ਦਿੱਤੀ ਹੈ। ਪਰ ਜਦੋਂ ਝੌਂਪੜੀ ਪੁਟਕੇ ਸੁਟ ਦਿੱਤੀ ਗਈ ਅਤੇ ਖੁਦਾਈ ਦਾ ਕੰਮ ਸ਼ੁਰੂ ਹੋ ਗਿਆ ਤਾਂ ਸਭ ਨੂੰ ਵਿਸ਼ਵਾਸ਼ ਹੋ ਗਿਆ। ਸੇਠ ਸਾਹਿਬ ਨੇ ਬਾਜ਼ੀ ਮਾਰ ਲਈ।

(5)

ਸੁਭਾਗੀ ਸਿੱਧੀ-ਸਾਦੀ ਜ਼ਰੂਰ ਸੀ, ਪਰ ਮੂਰਖ ਨਹੀਂ ਸੀ। ਸੇਠ ਸਾਹਿਬ ਦੀ ਗੱਲਬਾਤ ਤੇ ਉਸਨੂੰ ਸ਼ੱਕ ਹੋਣ ਲੱਗਾ। ਪਰ ਕਦੇ ਕਦੇ ਇਹ ਵੀ ਖਿਆਲ ਆਉਂਦਾ ਕਿ ਮੈਂ ਕਿਤੇ ਭੁੱਲ ਤਾਂ ਨਹੀਂ ਰਹੀ। ਸੁਭਾਗੀ ਦੋ-ਚਿਤੀ ਵਿਚ ਪੈ ਗਈ। ਉਸਨੇ ਅੱਜ ਤਕ ਕਿਸੇ ਦੇ ਸਾਹਮਣੇ ਹੱਥ ਨਹੀਂ ਸੀ ਫੈਲਾਇਆ, ਨਾ ਕਿਸੇ ਅੱਗੇ ਅੱਖਾਂ ਨੀਵੀਆਂ ਕੀਤੀਆਂ ਸਨ। ਗ਼ਰੀਬ ਹੁੰਦੀ ਹੋਈ ਵੀ ਅਮੀਰਾਂ ਵਰਗੀ ਸ਼ਾਨ ਬਣਾਈ ਰਖਦੀ ਸੀ। ਪਰ ਇਸ ਬੀਮਾਰੀ ਨੇ ਤਾਂ ਉਸ ਦਾ ਮਾਣ-ਧਨ ਲੁਟ ਲਿਆ ਸੀ।ਉਸਦਾ ਜੀਵਨ ਬਚ ਗਿਆ, ਪਰ ਜੀਵਨ-ਜੋਤੀ ਜਾਂਦੀ ਰਹੀ। ਉਹ ਆਪਣੀ ਨਜ਼ਰ ਵਿਚ ਆਪ ਗਿਰ ਗਈ। ਹੁਣ ਚਾਂਦਨੀ ਚੌਂਕ ਵਿਚ ਉਸ ਲਈ ਅਣਖ ਨਾਲ ਤੁਰਨਾ ਔਖਾ ਹੋ ਗਿਆ ਸੀ। ਉਸਦਾ ਦਿਲ ਕਹਿੰਦਾ ਸੀ, ਇਸ ਕਲੰਕ ਨੇ ਮੈਨੂੰ ਕਿਤੇ ਮੂੰਹ ਵਿਖਾਉਣ-ਜੋਗਾ ਵੀ ਨਹੀਂ ਛਡਿਆ। ਕੁੱਝ ਦਿਨ ਇਸੇ ਤਰ੍ਹਾਂ ਗੁਜ਼ਰ ਗਏ। ਪਰ ਹਰ ਸ਼ਾਮ ਵੇਲੇ ਉਸਨੂੰ ਇਉਂ ਪ੍ਰਤੀਤ ਹੁੰਦਾ ਸੀ, ਜਾਣੋਂ ਉਸਦੇ ਦਿਲ ਦਾ ਹਨੇਰਾ, ਮੋਢਿਆਂ ਦਾ ਬੋਝ, ਜੀਵਨ ਦਾ ਜੰਜਾਲ ਇਵੇਂ ਵਧਦਾ ਜਾ ਰਿਹਾ ਹੈ, ਜਿਵੇਂ ਕਰਜ਼ਈ ਦਾ ਕਰਜ਼ਾ ਦਿਨ-ਬਦਿਨ ਵਧਦਾ ਜਾਂਦਾ ਹੈ। ਸੋਚ ਸੋਚ ਕੇ ਉਸਨੇ ਇਹੀ ਫੈਸਲਾ ਕੀਤਾ ਕਿ ਸੇਠ ਸਾਹਿਬ ਦਾ ਕਰਜ਼ਾ ਟਹਿਲ-ਸੇਵਾ ਕਰਕੇ ਚੁਕਾ ਦੇਵਾਂ, ਨਹੀਂ ਮਨ ਨੂੰ ਸ਼ਾਂਤੀ ਨਹੀਂ ਮਿਲੇਗੀ। ਇਹ ਸੋਚ ਕੇ ਉਸਨੇ ਇਕ ਦਿਨ ਸੇਠ ਸਾਹਿਬ ਨੂੰ ਕਿਹਾ, "ਸੇਠ ਸਾਹਿਬ ! ਤੁਸਾਂ ਬੜੀ ਕਿਰਪਾ ਕੀਤੀ। ਮੇਰਾ ਰੋਮ ਰੋਮ ਤੁਹਾਨੂੰ ਅਸੀਸਾਂ ਦੇਂਦਾ ਹੈ। ਇਸ ਉਪਕਾਰ ਦਾ ਬਦਲਾ ਚੁਕਾਉਣ ਦੀ ਹਿੰਮਤ ਮੇਰੇ ਵਿਚ ਨਹੀਂ, ਇਕ ਗਰੀਬ ਮਜ਼ਦੂਰਨ ਕੀ ਕਰੇਗੀ ! ਪਰ ਮੈਨੂੰ ਇਹ ਤਾਂ ਦਸ ਦਿਉ ਕਿ ਮੇਰੀ ਬਿਮਾਰੀ ਤੇ ਕਿੰਨਾ ਖਰਚ ਹੋਇਆ ਹੈ। ਹੌਲੀ ਹੌਲੀ ਉਤਾਰ ਦੇਵਾਂਗੀ।"

ਸੇਠ ਸਾਹਿਬ ਦਾ ਦਿਲ ਧੜਕਣ ਲੱਗਾ। ਜਿਸ ਪਲ ਦੀ ਉਡੀਕ ਕਰਦਾ ਸੀ ਉਹ ਆ ਗਿਆ। ਵਹੀ ਤੋਂ ਹਿਸਾਬ ਵੇਖ ਕੇ ਬੋਲਿਆ-"ਸਾਢੇ ਚਾਰ ਸੋ।"

"ਸਾਢੇ ਚਾਰ ਸੋ ?" ਸੁਭਾਗੀ ਦਾ ਚਿਹਰਾ ਕੰਨਾਂ ਤਕ ਲਾਲ ਹੋ ਗਿਆ। ਉਸਨੂੰ ਇਉਂ ਲੱਗਾ ਜਿਵੇਂ ਜ਼ਮੀਨ ਅਸਮਾਨ ਘੁੰਮ ਰਹੇ ਹੋਣ। ਕੁਝ ਦੇਰ ਚੁੱਪਚਾਪ ਖਲੋਤੀ ਸੋਚਦੀ ਰਹੀ। ਇਸ ਤੋਂ ਬਾਅਦ ਆਹ ਭਰਕੇ ਬੋਲੀ, "ਸਾਢੇ ਚਾਰ ਸੋ ?" ਇਤਨੀ ਰਕਮ ਮੇਰੀ ਬੀਮਾਰੀ ਤੇ ਲੱਗ ਗਈ ?"

ਜਾਨਕੀ ਦਾਸ ਨੇ ਸਿਰ ਨੀਵਾਂ ਪਾ ਲਿਆ ਤੇ ਕਿਹਾ-'ਰੋਜ਼ ਡਾਕਟਰ ਆਉਂਦਾ ਸੀ।" ਸੁਭਾਗੀ ਡੌਰ-ਭੌਰ ਹੋ ਕੇ ਖੜੀ ਰਹਿ ਗਈ। ਕੀ ਕਹੇ, ਕੀ ਨਾ ਕਹੇ, ਕੁਝ ਫੈਸਲਾ ਨਾ ਕਰ ਸਕੀ। ਜਿਵੇਂ ਭੁਲੇ ਹੋਏ ਮੁਸਾਫ਼ਰ ਨੂੰ ਰਾਤ ਦੇ ਹਨ੍ਹੇਰੇ ਵਿਚ ਰਾਹ ਨਹੀਂ ਮਿਲਦਾ ਤੇ

ਹਾਰ ਕੇ ਬੈਠ ਜਾਂਦਾ ਹੈ, ਉਵੇਂ ਹੀ ਸੁਭਾਗੀ ਨੇ ਹਾਰ ਕੇ ਜਵਾਬ ਦਿੱਤਾ, "ਇਹ ਕਰਜ਼ਾ ਮੈਥੋਂ ਨਹੀਂ ਉਤਰੇਗਾ।"

ਜਦੋਂ ਅਸਾਂ ਕੋਈ ਸਖ਼ਤ ਗੱਲ ਕਹਿਣੀ ਹੁੰਦੀ ਹੈ ਤਾਂ ਜ਼ਬਾਨ ਦੇ ਨਰਮ ਬਣ ਜਾਂਦੇ ਹਾਂ। ਸੇਠ ਸਾਹਿਬ ਨੇ ਬਹੁਤ ਨਰਮ ਆਰਾਜ ਵਿਚ ਕਿਹਾ, "ਝੌਂਪੜੀ ਵੇਚ ਦੇ। ਕਰਜ਼ਾ ਉਤਰ ਜਾਵੇਗਾ। ਸੇਠ ਸਾਹਿਬ ਜਾਣਦੇ ਸਨ ਕਿ ਸੁਭਾਗੀ ਦਾ ਕੌਣ ਬੈਠਾ ਹੈ ਜਿਹੜਾ ਉਸਦੀ ਮੌਤ ਪਿਛੋਂ ਝੌਂਪੜੀ ਤੇ ਅਧਿਕਾਰ ਜਮਾਉਣ ਆਵੇਗਾ। ਇਸ ਵੇਲੇ ਉਹ ਬੇਸਬਰ ਹੋ ਰਿਹਾ ਸੀ। ਜਿਵੇਂ ਕੋਈ ਨਾਦਾਨ ਲੜਕਾ ਆਪਣੇ ਪਿਤਾ ਦੀ ਮੌਤ ਤੋਂ ਪਹਿਲਾਂ ਹੀ ਉਸਦੀ ਜਾਇਦਾਦ ਦਾ ਮਾਲਕ ਬਣਨਾ ਚਾਹੁੰਦਾ ਹੋਵੇ।

ਸੁਭਾਗੀ ਦੀਆਂ ਅੱਖਾਂ ਖੁਲ ਗਈਆਂ। ਜਿਥੇ ਫੁੱਲ ਸਨ, ਉਥੇ ਨਾਗ ਵਿਖਾਈ ਦਿੱਤਾ। ਹੁਣ ਕੋਈ ਸ਼ੱਕ ਨਹੀਂ ਸੀ। ਸੁਭਾਗੀ ਦੀ ਅੱਖ ਉੱਤੇ ਪਰਦਾ ਸੀ। ਇਹ ਵਹਿਸ਼ੀ ਕਰਤੂਤ ਵੇਖਕੇ ਦੂਰ ਹੋ ਗਿਆ, ਤੇਜ਼ ਹੋ ਕੇ ਬੋਲੀ, ਝੌਂਪੜੀ ਵੱਲ ਵੇਖਿਆ ਤਾਂ ਅੱਖਾਂ ਕੱਢ ਦੀਆਂਗੀ।"

ਸੇਠ ਜੀ ਹੱਸ ਪਏ। ਇਸ ਹਾਸੇ ਪਿਛੇ ਉਹ ਨਿਰਦਈ ਭਾਵ ਛੁਪੇ ਹੋਏ ਸਨ ਜਿਹੜੇ ਕਸਾਈਆਂ ਦੇ ਦਿਲ ਵਿੱਚ ਨਾ ਹੋਣ। ਫਿਰ ਜਰਾ ਠਹਿਰ ਕੇ ਬੋਲੇ, ਤਾਂ ਸੁਭਾਗੀ ! ਮੇਰੀ ਰਕਮ ਵਾਪਸ ਕਰ ਦੇ। ਮੈਂ ਤੇਰੀ ਝੌਂਪੜੀ ਨਹੀਂ ਮੰਗਦਾ।`"

ਸੁਭਾਗੀ ਨੇ ਅਣਖ ਨਾਲ ਸਿਰ ਉਚਾ ਕੀਤਾ ਅਤੇ ਇਕ ਇਕ ਸ਼ਬਦ ਤੇ ਜ਼ੋਰ ਦੇਕੇ ਬੋਲੀ, "ਜੇ ਸੱਚੇ ਭੜਭੁੰਜੇ ਦੀ ਧੀ ਹੋਵਾਂਗੀ ਤਾਂ ਤੇਰੀ ਕੌਡੀ ਕੌਡੀ ਚੁਕਾ ਦੇਵਾਂਗੀ, ਪਰ ਇਹ ਝੌਂਪੜੀ ਤੇਰੇ ਹੱਥ ਕਦੇ ਨਹੀਂ ਵੇਚਾਂਗੀ।"

ਜਾਨਕੀ ਦਾਸ-ਬਹੁਤ ਚੰਗੀ ਗੱਲ ਹੈ, ਮੈਂ ਵੀ ਵੇਖਦਾ ਹਾਂ ਕਿ ਕੌਣ ਤੈਨੂੰ ਥੈਲੀਆਂ ਖੋਲ੍ਹ ਦੇਂਦਾ ਹੈ।"

ਸੁਭਾਗੀ-'ਮੇਰਾ ਭਗਵਾਨ ਮਰ ਨਹੀਂ ਗਿਆ।"

ਜਾਨਕੀ ਦਾਸ-"ਜੇ ਤੇਰੀ ਝੌਂਪੜੀ ਬਚ ਜਾਵੇ ਤਾਂ ਮੈਨੂੰ ਘਟ ਖੁਸ਼ੀ ਨਹੀਂ ਹੋਵੇਗੀ ਮੈਨੂੰ ਤਾਂ ਆਪਣੀ ਰਕਮ ਚਾਹੀਦੀ ਹੈ।

ਸੁਭਾਗੀ - 'ਮੈਨੂੰ ਨਹੀਂ ਸੀ ਪਤਾ ਕਿ ਤੇਰੇ ਦਿਲ ਵਿਚ ਪਾਪ ਲੁਕਿਆ ਹੋਇਆ ਹੈ।"

ਜਾਨਕੀ ਦਾਸ- "ਕਲਜੁਗ ਦਾ ਜ਼ਮਾਨਾ ਹੈ। ਹੁਣ ਨੇਕੀ ਕਰਨਾ ਪਾਪ ਹੋ ਗਿਆ ਹੈ।"

ਸੁਭਾਗੀ -'ਪਰ ਤੈਨੂੰ ਨੇਕੀ ਕਰਨ ਲਈ ਕਿਹਾ ਕਿਸਨੇ ਸੀ ?"

ਜਾਨਕੀ ਦਾਸ- "ਭੁੱਲ ਹੋ ਗਈ। ਮਾਫ਼ ਕਰ ਦੇ। ਫਿਰ ਅਜਿਹਾ ਨਹੀਂ ਹੋਵੇਗਾ।"

ਸੁਭਾਗੀ-"ਮੈਂ ਸਮਝਦੀ ਸਾਂ ਨੇਕ ਆਦਮੀ ਹੈ ! ਪਰ ਅੱਜ ਅੱਖਾਂ ਅਗੋਂ ਪਰਦਾ ਹਟ ਗਿਆ।"

ਜਾਨਕੀ ਦਾਸ-"ਇਹ ਵੀ ਚੰਗਾ ਹੋਇਆ।"

ਸੁਭਾਗੀ-''ਤੈਨੂੰ ਝੌਂਪੜੀ ਨਹੀਂ ਮਿਲੇਗੀ। ਸਮਝਦਾ ਹੋਵੇਂਗਾ, ਦੋਵੇਂ ਦੁਕਾਨਾਂ ਮਿਲਾਕੇ ਮਹੱਲ ਖੜਾ ਕਰ ਲਵਾਂ। ਇਸ ਤੋਂ ਮੂੰਹ ਧੋ ਰੱਖ।"

ਹੁਣ ਜਾਨਕੀ ਦਾਸ ਨੂੰ ਗੁੱਸਾ ਆ ਗਿਆ। ਤੇਜ਼ ਹੋ ਕੇ ਬੋਲਿਆ, "ਦੇਖਦਾ ਹਾਂ ਕੌਣ ਮਾਈ ਦਾ ਲਾਲ ਮੈਨੂੰ ਰੋਕਦਾ ਹੈ। ਇਕ ਮਹੀਨੇ ਦੇ ਅੰਦਰ ਅੰਦਰ ਇਸ ਝੌਂਪੜੀ ਦਾ ਨਾਂ—ਨਿਸ਼ਾਨ ਤਕ ਨਹੀਂ ਰਹੇਗਾ।"

ਜਿਸ ਦਾ ਹੱਥ ਨਹੀਂ ਚਲਦਾ ਉਸਦੀ ਜ਼ੁਬਾਨ ਬਹੁਤ ਚਲਦੀ ਹੈ। ਸੁਭਾਗੀ ਨੇ, ਜੋ ਕੁਝ ਜੀ ਵਿਚ ਆਇਆ, ਕਿਹਾ ਅਤੇ ਆਪਣੀ ਝੋਪੜੀ ਵਿਚ ਜਾ ਕੇ ਰੋਣ ਲੱਗੀ। ਕਦੇ ਆਪਣੇ ਭਾਗ ਨੂੰ ਵੇਖਦੀ, ਕਦੇ ਝੌਂਪੜੀ ਦੀਆਂ ਕਚੀਆਂ ਕੰਧਾਂ ਨੂੰ, ਅਤੇ ਫੁਟ ਫੁਟ ਕੇ ਰੋਂਦੀ, ਜਿਵੇਂ ਲੜਕੀ ਸਹੁਰੇ ਜਾਣ ਲੱਗੇ ਰੋਂਦੀ ਹੈ। ਉਸਦੇ ਦਿਲ ਵਿਚ ਕਿੰਨਾ ਦੁੱਖ ਹੁੰਦਾ ਹੈ, ਮਨ ਤੇ ਕਿੰਨਾ ਬੋਝ ਹੁੰਦਾ ਹੈ, ਉਸਨੂੰ ਦੁਨੀਆਂ ਦੀ ਕੋਈ ਚੀਜ਼ ਚੰਗੀ ਨਹੀਂ ਲੱਗਦੀ। ਇਹੀ ਹਾਲਤ ਸੁਭਾਗੀ ਦੀ ਸੀ। ਝੌਂਪੜੀ ਦੀ ਇਕ ਇਕ ਚੀਜ਼ ਵੇਖਕੇ ਉਸਦਾ ਦਿਲ ਖੂਨ ਦੇ ਅਥਰੂ ਵਹਾ ਰਿਹਾ ਸੀ। ਇਸੇ ਉਧੇੜ-ਬੁਣ ਵਿਚ ਚਾਰ ਦਿਨ ਗੁਜ਼ਰ ਗਏ।

ਚੌਥੇ ਦਿਨ ਇਕ ਆਦਮੀ ਸ਼ੰਭੂ ਨਾਥ ਨੇ ਆ ਕੇ ਪੁੱਛਿਆ, "ਸੁਭਾਗੀ ! ਹੁਣ ਤੇਰਾ ਕੀ ਹਾਲ ਹੈ ? ਤੂੰ ਬੜੀ ਤਕਲੀਫ਼ ਉਠਾਈ ਹੈ ??

ਸੁਭਾਗੀ-"ਭਗਵਾਨ ਦੀ ਦਿਆ ਹੈ।"

ਸ਼ੰਭੂ ਨਾਥ-"ਸੁਣਿਆ ਹੈ, ਸੇਠ ਜਾਨਕੀ ਦਾਸ ਨੇ ਤੇਰੇ ਲਈ ਬਹੁਤ ਖ਼ਰਚ ਕੀਤਾ ਹੈ?"

ਸੁਭਾਗੀ-'ਭਈਆ ! ਉਸ ਪਾਪੀ ਦਾ ਨਾਂ ਨਾ ਲੈ।"

ਸ਼ੰਭੂ ਨਾਥ-"ਸ਼ਹਿਰ ਵਿਚ ਤਾਂ ਬਾਵਾ ਜਸ ਹੋ ਰਿਹਾ। ਕਹਿੰਦੇ ਹਨ ਕਿ ਉਸਨੇ ਸੁਭਾਗੀ ਨੂੰ ਬਚਾ ਲਿਆ। ਆਦਮੀ ਕਾਹਦਾ ਹੈ, ਉਹ ਦੇਵਤਾ ਹੈ।"

ਸੁਭਾਗੀ-'ਮੇਰਾ ਵੱਸ ਚਲੇ ਤਾਂ ਮੈਂ ਉਸ ਦਾ ਮੂੰਹ ਨੋਚ ਲਵਾਂ।"

ਸ਼ੰਭੂ ਨਾਥ-ਅਸਲ ਗੱਲ ਕੀ ਹੈ ?"

ਸੁਭਾਗੀ-"ਐਸਾ ਦੁਸ਼ਟ ਸਾਰੀ ਦਿੱਲੀ ਵਿਚ ਨਹੀਂ ਹੋਵੇਗਾ। ਸੱਠ-ਸੱਤਰ ਰੁਪਏ ਖ਼ਰਚ ਕੇ ਕਹਿੰਦਾ ਹੈ ਸਾਢੇ ਚਾਰ ਸੌ ਰੁਪਏ ਲੱਗ ਗਏ ਹਨ। ਮੈਂ ਸੋਚਿਆ ਸੀ ਸਾਰੀ ਉਮਰ ਸੇਵਾ ਕਰਦੀ ਰਵਾਂਗੀ। ਪਰ ਉਸ ਦੀ ਅੱਖ ਤਾਂ ਝੌਂਪੜੀ ਤੇ ਹੈ। ਕਹਿੰਦਾ ਹੈ ਜਾਂ ਤਾਂ ਰੁਪਏ ਦੇ ਜਾਂ ਝੌਂਪੜੀ ਵੇਚ। ਵੇਖੋਂ ਨਾ ਕਿੱਡਾ ਹਨੇਰ ਹੈ ! ਇੰਨਾ ਵੀ ਨਹੀਂ ਸੋਚਦਾ ਕਿ ਮੇਰੇ ਕਿਹੜੇ ਬਾਲ-ਬੱਚੇ ਹਨ, ਮਰਾਂਗੀ ਤਾਂ ਝੌਂਪੜੀ ਉਸੇ ਨੂੰ ਦੇ ਜਾਵਾਂਗੀ। ਪਰ ਹੁਣ ਤਾਂ ਮੇਰਾ ਜੀ ਖੱਟਾ ਹੋ ਗਿਆ ਹੈ।"

ਸ਼ੰਭੂ ਨਾਥ-"ਰਾਮ, ਰਾਮ ! ਕਲਜੁਗ ਦਾ ਜ਼ਮਾਨਾ ਹੈ। ਅਜਿਹਾ ਅਸਾਂ ਕਦੇ ਨਹੀਂ ਸੀ ਸੁਣਿਆ।"

ਸੁਭਾਗੀ-"ਭਰਾਵਾ ! ਇਹ ਝੌਂਪੜੀ ਤਾਂ ਉਸਨੂੰ ਕਦੇ ਨਹੀਂ ਦਿਆਂਗੀ।"

ਸ਼ੰਭੂ ਨਾਥ ਨੇ ਹਮਦਰਦੀ ਨਾਲ ਕਿਹਾ—"ਪਰ ਕੀ ਕਰੇਂਗੀ ? ਉਹ ਤਾਂ ਮੁਕੱਦਮਾ ਕਰ ਦੇਵੇਗਾ।"

ਸੁਭਾਗੀ ਨਿਰੁਤਰ ਹੋ ਗਈ। ਇਸ ਗੱਲ ਦਾ ਕੋਈ ਜਵਾਬ ਨਹੀਂ ਸੀ। ਅੱਖਾਂ ਭਰ ਆਈਆਂ, ਜੋ ਬੇਬਸੀ ਦੀ ਆਖਰੀ ਹੱਦ ਹੈ। ਇਕਦਮ ਉਸਨੇ ਸਿਰ ਉਚਾ ਕੀਤਾ ਅਤੇ ਹੌਲੀ ਜਿਹੀ ਕਿਹਾ, "ਤੂੰ ਹੀ ਨਹੀਂ ਖ਼ਰੀਦ ਲੈਂਦਾ। ਮੈਂ ਤੈਨੂੰ ਅੱਜ ਹੀ ਵੇਚ ਦੇਂਦੀ ਹਾਂ।"

ਸ਼ੰਭੂ ਨਾਥ ਉਛਲ ਪਿਆ, "ਸੁਭਾਗੀ ਤੂੰ ਖ਼ੂਬ ਸੋਚਿਆ ਹੈ।"

ਸੁਭਾਗੀ-ਦੰਦ ਖੱਟੇ ਹੋ ਜਾਣਗੇ ਸੇਠ ਸਾਹਿਬ ਦੇ। ਮੂੰਹ ਵੇਖਦਾ ਰਹਿ ਜਾਵੇਗਾ "

ਸ਼ੰਭੂ ਨਾਥ- "ਪਤਾ ਨਹੀਂ, ਸੰਸਾਰ ਇੰਨੇ ਪਾਪ ਕਿਉਂ ਕਰਦਾ ਹੈ ?"

ਸੁਭਾਗੀ— "ਜ਼ਮੀਨ ਨਾਲ ਤਾਂ ਨਹੀਂ ਚਲੀ ਜਾਵੇਗੀ।"

ਉਸਤੋਂ ਮਗਰੋਂ ਖਰੀਦ-ਫ਼ਰੋਖ਼ਤ ਦੀ ਗੱਲਬਾਤ ਹੋਣ ਲੱਗੀ। ਅੱਠ ਸੌ ਰੁਪਏ ਤੇ ਫੈਸਲਾ ਹੋ ਗਿਆ। ਸੁਭਾਗੀ ਦੇ ਦਿਲ ਤੋਂ ਭਾਰ ਜਿਹਾ ਲਹਿ ਗਿਆ। ਪਰ ਫਿਰ ਦਿਲ ਤੇ

ਉਦਾਸੀ ਛਾ ਗਈ, ਜਿਵੇਂ ਕੋਈ ਵਪਾਰੀ ਆਪਣੇ ਸੌਦੇ ਵਿਚ ਕਮਾ ਕੇ ਫਿਰ ਕਿਸੇ ਚਿੰਤਾ ਵਿਚ ਡੁਬ ਜਾਂਦਾ ਹੈ; ਅਤੇ ਇਸ ਚਿੰਤਾ ਵਿਚ ਉਸਦੀ ਖ਼ੁਸ਼ੀ ਜੁਗਨੂੰ ਦੀ ਚਮਕ ਵਾਂਗ ਅੱਖਾਂ ਤੋਂ ਉਝਲ ਹੋ ਜਾਂਦੀ ਹੈ।

ਰਾਤ ਇਨ੍ਹਾਂ ਹੀ ਚਿੰਤਾਵਾਂ ਵਿਚ ਗੁਜ਼ਰ ਗਈ। ਦੂਜੇ ਦਿਨ ਉਹ ਕਚਹਿਰੀ ਵਿਚ ਸੀ ਅਤੇ ਕਚਹਿਰੀ ਦਾ ਆਦਮੀ ਉਸਨੂੰ ਕਿਹਾ ਰਿਹਾ ਸੀ, "ਬੁੱਢੀਏ ! ਇਥੇ ਅੰਗੂਠਾ ਲਾ ਦੇ।"

(6)

ਸੁਭਾਗੀ ਨੇ ਇਹ ਸ਼ਬਦ ਸੁਣੇ, ਪਰ ਠੀਕ ਇਵੇਂ, ਜਿਵੇਂ ਕੋਈ ਸੁਪਨੇ ਵਿਚ ਦੂਰ ਦੀ ਆਵਾਜ਼ ਸੁਣਦਾ ਹੈ ਅਤੇ ਉਸਦਾ ਕੁਝ ਭਾਵ ਸਮਝਦਾ ਹੈ, ਕੁਝ ਨਹੀਂ ਸਮਝਦਾ। ਉਸਨੇ ਬੇਧਿਆਨੇ ਜਿਹੇ ਅੰਗੂਠਾ ਅਗੇ ਕਰ ਦਿੱਤਾ। ਕਚਹਿਰੀ ਦੇ ਆਦਮੀ ਨੇ ਉਸ ਤੇ ਸਿਆਹੀ ਮਲ ਦਿੱਤੀ ਅਤੇ ਉਸਨੂੰ ਫੜ ਕੇ ਉਸਦਾ ਨਿਸ਼ਾਨ ਕਾਗਜ਼ ਤੇ ਲਾ ਦਿੱਤਾ। ਉਸਨੂੰ ਕੀ ਪਤਾ ਸੀ ਕਿ ਇਹ ਸਿਆਹੀ ਉਸਨੂੰ ਕਾਗਜ਼ ਤੇ ਨਹੀਂ ਫੇਰੀ, ਆਪਣੇ ਭਵਿਖ ਦੀ ਸ਼ਾਂਤੀ ਤੇ ਮਨ ਦੇ ਸੰਤੋਖ ਉੱਤੇ ਫੇਰ ਦਿੱਤੀ ਹੈ। ਸ਼ੰਭੂ ਨਾਥ ਨੇ ਅੱਠ ਸੌ ਰੁਪਏ ਗਿਣਕੇ, ਉਸਦੀ ਝੋਲੀ ਵਿਚ ਪਾ ਦਿੱਤੇ। ਸੁਭਾਗੀ ਦੀਆਂ ਅੱਖਾਂ ਚਮਕਣ ਲੱਗੀਆਂ। ਇਹ ਚਮਕ ਦੀਵੇ ਦੀ ਲੋਅ ਸੀ, ਜਿਹੜੀ ਬੁਝਣ ਤੋਂ ਪਹਿਲਾਂ ਇਕ ਵਾਰ ਹਸਦੀ ਹੈ ਅਤੇ ਫ਼ਿਰ ਸਦਾ ਲਈ ਹਨ੍ਹੇਰੇ ਵਿੱਚ ਮਿਲ ਜਾਂਦੀ ਹੈ। ਕਚਹਿਰੀ ਦੇ ਬਾਹਰ ਆ ਕੇ ਸੁਭਾਗੀ ਨੂੰ ਖ਼ਿਆਲ ਆਇਆ ਕਿ ਮੈਂ ਕੀ ਕਰ ਬੈਠੀ ਹਾਂ। ਇਤਨੇ ਰੁਪਏ ਜੇ ਉਸਨੂੰ ਪਹਿਲਾਂ ਮਿਲ ਜਾਂਦੇ ਤਾਂ ਉਹ ਝੌਂਪੜੀ ਵਿਚ ਜਾ ਕੇ ਸੌ ਵਾਰ ਗਿਣਦੀ ਤੇ ਉਨ੍ਹਾਂ ਨੂੰ ਕਿਤੇ ਦਬਾ ਦੇਂਦੀ। ਪਰ ਹੁਣ ਉਹ ਕਿਥੇ ਜਾਵੇ ? ਉਸਨੇ ਬਹੁਤ ਸੋਚਿਆ, ਚਾਰੇ ਪਾਸੇ ਵੇਖਿਆ, ਪਰ ਕੋਈ ਥਾਂ ਨਜ਼ਰ ਨਾ ਆਈ। ਲੰਬੀ ਚੌੜੀ ਦੁਨੀਆਂ ਵਿਚ ਉਹ ਇਕੱਲੀ ਸੀ। ਉਸ ਦਾ ਕੋਈ ਨਹੀਂ ਸੀ। ਉਸ ਪਾਸ ਰੁਪਏ ਸਨ, ਸੇਠ ਸਾਹਿਬ ਦਾ ਕਰਜ਼ਾ ਚੁਕਾਕੇ ਵੀ ਉਸਦੇ ਪਾਸ ਸਾਢੇ ਤਿੰਨ ਸੋ ਬਚ ਜਾਂਦੇ। ਪਰ ਉਸ ਪਾਸ ਰੁਪਏ ਰੱਖਣ ਦੀ ਥਾਂ ਨਹੀਂ ਸੀ। ਅੰਨੀ-ਬੋਲੀ ਦੁਨੀਆਂ ਵਿਚ ਕੌਣ ਉਸਦਾ ਹੱਥ ਫੜੇਗਾ। ਕਿਸ ਛੱਤ ਦੇ ਥਲੇ ਜਾ ਕੇ ਉਹ ਆਰਾਮ ਕਰੇਗੀ ? ਇਧਰ ਉਧਰ ਸਭ ਆਦਮੀ ਸਨ, ਪਰ ਸਭ ਪਰਾਏ ਸਨ, ਉਸਦਾ ਆਪਣਾ ਕੋਈ ਨਹੀਂ ਸੀ। ਇਕ ਝੌਂਪੜੀ ਸੀ, ਸਾਰੀ ਉਮਰ ਦੀ ਸਾਥਣ ਗਮਖਾਰ। ਸੁਭਾਗੀ ਨੇ ਉਸਦੇ ਵਿਚ ਅੱਧੋ ਜਵਾਨੀ ਤੇ ਅੱਧੋ ਬੁਢਾਪੇ ਦੇ ਦਿਨ ਕੱਟੇ ਸਨ। ਛੋਟੇ ਛੋਟੇ ਬੱਚੇ, ਗਰੀਬ ਤੀਵੀਆਂ, ਮਜ਼ਦੂਰ ਇਹ ਸਾਰੇ ਆ ਕੇ ਉਸਤੋਂ ਅਨਾਜ ਭੁਨਵਾਉਂਦੇ ਸਨ। ਉਹ ਇਨ੍ਹਾਂ ਨੂੰ ਆਪਣੇ ਮਹਿਰਮ ਸਮਝਦੀ ਸੀ। ਅੱਜ

ਸਭ ਵਿਛੜ ਗਏ। ਅਜ ਉਸਦੇ ਘਰ ਦਾ ਦਰਵਾਜ਼ਾ ਉਸ ਲਈ ਬੰਦ ਹੋ ਗਿਆ ਵਿਚਾਰੀ ਕਿਥੇ ਜਾਵੇ ? ਕਿਥੇ? ਲੋਕ ਕਚਹਿਰੀ ਤੋਂ ਨਿਕਲਦੇ ਤਾਂ ਤੇਜ਼ੀ ਨਾਲ ਸ਼ਹਿਰ ਵੱਲ ਆਉਂਦੇ। ਉਨ੍ਹਾਂ ਦੇ ਘਰ ਹੋਣਗੇ। ਪਰ ਸੁਭਾਗੀ ਦਾ ਘਰ ਕਿਥੇ ਹੈ ? ਉਸਦੇ ਕੋਲ ਰਾਜਸੀ ਮਹਿਲ ਨਹੀਂ ਸੀ, ਸ਼ਾਨਦਾਰ ਮਕਾਨ ਨਹੀਂ ਸੀ, ਸੀ ਤਾਂ ਇਕ ਫੂਸ ਦਾ ਝੋਪੜਾ ਅਤੇ ਕੱਚੀ ਭੱਠੀ। ਪਰ ਬੇਦਰਦਾਂ ਨੇ ਉਹ ਵੀ ਖੋਹ ਲਿਆ। ਸੁਭਾਗੀ ਰੋਣ ਲੱਗੀ। ਉਸਦੇ ਦਿਲ ਵਿੰਨਵੇਂ ਸ਼ਬਦਾਂ ਨੇ ਰਾਹ ਜਾਂਦੇ ਮੁਸਾਫਰਾਂ ਦੇ ਪੈਰ ਪਕੜ ਲਏ, ਪਰ ਉਹ ਕੀ ਕਰ ਸਕਦੇ ਸਨ।

ਸ਼ਾਮ ਦਾ ਵੇਲਾ ਸੀ। ਸੁਭਾਗੀ ਜਾਨਕੀ ਦਾਸ ਦੀ ਦੁਕਾਨ ਤੇ ਪਹੁੰਚੀ। ਅਤੇ ਡਰਦੀ ਡਰਦੀ ਇਕ ਪਾਸੇ ਖਲੋ ਗਈ। ਜਿਵੇਂ ਕੋਈ ਫਕੀਰਨੀ ਹੋਵੇ। ਹੁਣ ਉਸ ਵਿਚ ਉਹ ਉਤਸ਼ਾਹ, ਉਹ ਹਿੰਮਤ ਨਹੀਂ ਸੀ। ਜਿਸਦੀ ਸਾਰੀ ਦਿੱਲੀ ਵਿੱਚ ਧਾਕ ਜੰਮੀ ਹੋਈ ਸੀ। ਉਦੋਂ ਉਹ ਘਰ ਦੀ ਮਾਲਕਣ ਸੀ, ਹੁਣ ਬੇਘਰ ਸੀ, ਜਿਸਦਾ ਸਾਰੇ ਸੰਸਾਰ ਵਿਚ ਕੋਈ ਨਹੀਂ ਸੀ। ਸੇਠ ਸਾਹਿਬ ਨੇ ਉਸਨੂੰ ਵੇਖਿਆ ਤਾਂ ਅੱਖਾਂ ਵਿਚ ਪਾਣੀ ਛਲਕ ਆਇਆ ਹੰਕਾਰ ਦੇ ਲੱਖਾਂ ਦੁਸ਼ਮਣ ਹਨ, ਨਿਮਰਤਾ ਦਾ ਇਕ ਵੀ ਨਹੀਂ। ਲੋਕ ਭੇਦ ਮਾਰਨ ਲਈ ਬੰਦੂਕ ਲੈ ਕੇ ਨਹੀਂ ਨਿਕਲਦੇ। ਹੁਣ ਸੇਠ ਜੀ ਨੂੰ ਕਿਸ ਤੇ ਕ੍ਰੋਧ ਆਉਂਦੇ ਇਕ ਬੇਘਰ ਭਿਖਾਰਨ ਤੇ ? ਉਹ ਲਾਲਚੀ ਸੀ ਪਰ ਇਤਨਾ ਗਿਰਿਆ ਹੋਇਆ ਤੇ ਨੀਚ ਨਹੀਂ ਸੀ। ਬੋਲਿਆ, "ਸੁਭਾਗੀ"।

ਸੁਭਾਗੀ ਨੇ ਝੋਲੀ ਸੇਠ ਲਉ, ਤੁਹਾਡੇ ਪੈਸੇ, ਸੰਭਾਲ ਬਾਕੀ ਵਿਆਜ ਸਮਝ ਲਵੋ।" ਸਾਹਿਬ ਦੇ ਪੈਰਾਂ ਤੇ ਪਲਟ ਦਿੱਤੀ ਅਤੇ ਕਿਹਾ--''ਇਹ ਲਵੋ। ਤੁਸਾਂ ਸਾਢੇ ਚਾਰ ਸੌ ਕਹੇ ਸਨ, ਇਹ ਅੱਠ ਸੌ ਹਨ,

ਕਿਤਨਾ ਫ਼ਰਕ ਹੈ ! ਸੇਠ ਸਾਹਿਬ ਅਮੀਰ ਸਨ। ਸਾਢੇ ਚਾਰ ਸੋ ਨਾ ਬਖ਼ਸ਼ ਸਕੇ। ਸੁਭਾਗੀ ਗ਼ਰੀਬ ਸੀ, ਸਾਢੇ ਤਿੰਨ ਸੋ ਇਸ ਤਰ੍ਹਾਂ ਸੁਟ ਦਿੱਤੇ ਜਿਵੇਂ ਉਹ ਰੁਪਏ ਨਹੀਂ ਸਨ, ਮਿੱਟੀ ਦੇ ਢੇਲੇ ਸਨ। ਸੇਠ ਜੀ ਨੂੰ ਆਪਣੀ ਗਿਰਾਵਟ ਦਾ ਅਹਿਸਾਸ ਹੋਇਆ ਤਾਂ ਸ਼ਰਮ ਨਾਲ ਮੂੰਹ ਲਾਲ ਹੋ ਗਿਆ। ਉਹ ਅਗੇ ਵਧਿਆ ਕਿ ਸੁਭਾਗੀ ਦੇ ਪੈਰਾਂ ਤੇ ਡਿਗ ਕੇ ਮਾਫ਼ੀ ਲਈ ਬੇਨਤੀ ਕਰੇ। ਉਸਨੂੰ ਅੱਜ ਪਹਿਲੀ ਵਾਰ ਪਤਾ ਲੱਗਾ ਕਿ ਇਸ ਬੁੱਢੀ ਦੇ ਹਿਰਦੇ ਵਿਚ ਘਰ ਦਾ ਕਿਤਨਾ ਪਿਆਰ, ਕਿਤਨਾ ਮੋਹ ਭਰਿਆ ਪਿਆ ਹੈ। ਪਰ ਸੁਭਾਗੀ ਉਥੇ ਨਹੀਂ ਸੀ। ਹਾਂ ਉਸਦੇ ਰੁਪਏ ਦੁਕਾਨ ਤੇ ਖਿੰਡੇ ਪਏ ਸਨ। ਇਹ ਰੁਪਏ ਨਹੀਂ ਸਨ, ਸੁਭਾਗੀ ਦੇ ਦਿਲ ਦੇ ਟੁਕੜੇ ਸਨ। ਲਹੂ ਵਿਚ ਭਿਜੇ ਹੋਏ। ਸੇਠ ਸਾਹਿਬ ਤੇ ਘੜਿਆਂ ਮੂੰਹੀ ਪਾਣੀ ਪੈ ਗਿਆ।

ਅੱਧੀ ਰਾਤ ਵੇਲੇ ਸੁਭਾਗੀ ਆਪਣੀ ਝੋਪੜੀ ਵਿਚ ਪਹੁੰਚੀ, ਪਰ ਇਸ ਤਰ੍ਹਾਂ ਜਿਵੇਂ ਕੋਈ ਚੋਰ ਹੋਵੇ। ਉਹ ਫੂਕ ਫੂਕ ਕੇ ਕਦਮ ਰਖ ਰਹੀ ਸੀ। ਕੋਈ ਸੁਣ ਨਾ ਲਵੇ, ਕੋਈ ਵੇਖ ਨਾ ਲਵੇ। ਕਦੀ ਉਹ ਇਸ ਝੌਂਪੜੀ ਦੀ ਰਾਣੀ ਸੀ, ਅੱਜ ਪਰਦੇਸਣ ਸੀ। ਅੱਜ ਉਸਦਾ ਇਸ ਤੇ ਕੋਈ ਹੱਕ--ਅਧਿਕਾਰ ਨਹੀਂ ਸੀ। ਉਸਨੇ ਦੀਵਾ ਬਾਲਿਆ। ਸਭ ਕੁਝ ਉਥੇ ਹੀ ਪਿਆ ਸੀ, ਉਸੇ ਤਰ੍ਹਾਂ ! ਇਕ ਪਿੱਤਲ ਦੀ ਥਾਲੀ, ਇਕ ਗੜਵੀ, ਦੋ ਕੋਲੀਆਂ, ਇਕ ਟੁੱਟੀ ਫੁੱਟੀ ਮੰਜੀ, ਬਸ ਇਹੀ ਸਭ ਉਸ ਦੀ ਜਾਇਦਾਦ ਸੀ। ਅੱਜ ਇਹ ਉਸ ਤੋਂ ਵਿਦਾ ਹੋਣ ਆਈ ਸੀ। ਉਹ ਨਵੇਂ ਜ਼ਮਾਨੇ ਦੀਆਂ ਇਸਤਰੀਆਂ ਵਿਚੋਂ ਨਹੀਂ ਸੀ, ਜਿਹੜੀਆ ਆਪਣਾ ਘਰ ਛੱਡਣ ਲੱਗੀਆਂ ਇਕ ਹੰਝੂ ਵੀ ਨਹੀਂ ਕੇਰਦੀਆਂ ਅਤੇ ਨਾ ਹੀ ਅਜਿਹੇ ਦੁਖ ਦਾ ਉਨ੍ਹਾਂ ਦੇ ਦਿਲ ਤੇ ਕੋਈ ਪ੍ਰਭਾਵ ਪੈਂਦਾ ਹੈ। ਉਹ ਪੁਰਾਣੇ ਜ਼ਮਾਨੇ ਦੀ ਅਨਪੜ ਤੇ ਉਜੰਡ ਇਸਤਰੀ ਸੀ, ਜਿਸ ਲਈ ਘਰ ਛੱਡਣਾ ਤੇ ਸਰੀਰ ਛੱਡਣਾ ਦੋਵੇਂ ਬਰਾਬਰ ਸਨ। ਉਹ ਆਪਣੀਆਂ ਚੀਜ਼ਾਂ ਨਾਲ ਲਿਪਟ ਲਿਪਟ ਕੇ ਰੋਈ। ਮਾਨੋਂ ਉਹ ਬੇਜਾਨ ਚੀਜ਼ਾਂ ਨਹੀਂ ਸਨ, ਉਸ ਦੀਆਂ ਜੀਉਂਦੀਆਂ ਜਾਗਦੀਆਂ ਸਾਥਣਾਂ ਸਨ। ਇਸ ਵੇਲੇ ਸੁਭਾਗੀ ਦਾ ਦਿਲ ਰੋ ਰਿਹਾ ਸੀ। ਸਵੇਰੇ ਲੋਕਾਂ ਨੇ ਵੇਖਿਆ, ਸਭ ਕੁੱਝ ਉਥੇ ਹੀ ਪਿਆ ਹੈ। ਪਰ ਸੁਭਾਗੀ ਦਾ ਪਤਾ ਨਹੀਂ। ਘਰ ਉਥੇ ਹੀ ਸੀ, ਪਰ ਘਰ ਵਾਲੀ ਨਹੀਂ ਸੀ। ਸੇਠ ਸਾਹਿਬ ਨੇ ਬਹੁਤ ਖੋਜ ਕੀਤੀ। ਝੌਂਪੜੀ ਸ਼ੰਭੂ ਨਾਥ ਨੇ ਨਹੀਂ ਸੀ ਖ਼ਰੀਦੀ ਉਸਦੀ ਰਾਹੀਂ ਖ਼ੁਦ ਸੇਠ ਸਾਹਿਬ ਨੇ ਖਰੀਦੀ ਸੀ। ਇਸ ਲਈ ਉਸ ਨੇ ਕਈ ਵਾਰ ਕੋਸ਼ਿਸ਼ ਕੀਤੀ ਕਿ ਉਸ ਦੀ ਥਾਂ ਉਸਨੂੰ ਵਾਪਸ ਦੇ ਦੇਵੇ। ਹੁਣ ਉਸਨੂੰ ਇਹ ਝੌਂਪੜੀ ਆਪਣੀਆਂ ਦੁਕਾਨਾਂ ਦਾ ਕਲੰਕ ਦਿਸਦੀ ਸੀ। ਉਸਨੇ ਸੁਭਾਗੀ ਦੀ ਤਲਾਸ਼ ਕੀਤੀ, ਪਰ ਉਸਦਾ ਪਤਾ ਨਾ ਲਗਿਆ। ਇਥੋਂ ਤਕ ਸੇਠ ਸਾਹਿਬ ਨਿਰਾਸ਼ ਹੋ ਗਏ।

ਪਰ ਸੁਭਾਗੀ ਕਿਥੇ ਸੀ ? ਦਿੱਲੀ ਦੇ ਬਾਹਰ, ਜਮਨਾ ਦੇ ਕੰਢੇ, ਜੰਗਲ ਵਿੱਚ ਕੈਸੀ ਅਣਖ ਵਾਲੀ ਇਸਤਰੀ ਸੀ ? ਜਿਥੇ ਘਰ ਦੀ ਮਾਲਕਣ ਬਣ ਕੇ ਕਈ ਸਾਲ ਗੁਜ਼ਾਰੇ ਸਨ। ਉਥੇ ਬੇ ਘਰ ਹੋ ਕੇ ਇਕ ਦਿਨ ਵੀ ਨਾ ਗੁਜ਼ਾਰ ਸਕੀ ਅਤੇ ਉਸੇ ਦਿਨ ਜੰਗਲ ਵਿਚ ਚਲੀ ਗਈ; ਉਸ ਨੂੰ ਸ਼ਹਿਰ ਨਾਲ ਨਫਰਤ ਹੋ ਗਈ ਸੀ। ਉਹ ਚਾਹੁੰਦੀ ਸੀ, ਅਜਿਹੀ ਥਾਂ ਜਾ ਰਹੇ ਜਿਥੇ ਕਿਸੇ ਵਾਕਫ਼ ਦਾ ਮੂੰਹ ਨਜ਼ਰ ਨਾ ਆਵੇ। ਉਹ ਮਨੁੱਖ ਦੇ ਪਰਛਾਵੇ ਤੋਂ ਵੀ ਦੂਰ ਭਜਦੀ ਸੀ। ਉਸ ਦਾ ਦਿਲ ਟੁੱਟ ਚੁੱਕਾ ਸੀ। ਹੁਣ ਉਸ ਦੇ ਕੰਨ ਆਦਮੀ ਦੀ ਆਵਾਜ਼ ਲਈ ਭੁੱਖੇ ਨਹੀਂ ਸਨ ਨਾ ਉਸ ਲਈ ਜਗਤ ਵਿਚ ਕੋਈ ਆਸ ਦਾ ਦਿਲ-ਖਿਚਵਾਂ ਗੀਤ ਬਾਕੀ ਸੀ। ਉਹ ਭੁੱਖੀ

ਪਿਆਸੀ ਪਾਗਲਾਂ ਵਾਂਗ ਟੁਰੀ ਜਾ ਰਹੀ ਸੀ, ਪਤਾ ਨਹੀਂ ਕਿਥੇ ? ਸ਼ਾਇਦ ਉਥੇ ਜਿਥੇ ਮਨੁੱਖੀ ਸਮਾਜ ਦੀ ਹਮਦਰਦੀ ਤੇ ਆਸ ਦੀ ਕਿਰਣ ਦਾ ਜਾਦੂ ਨਾ ਹੋਵੇ

ਉਹ ਹੁਣ ਅਜਿਹੀ ਥਾਂ ਢੂੰਡਦੀ ਸੀ, ਜਿਥੇ ਕੋਈ ਖੁਸ਼ੀ, ਕੋਈ ਇੱਛਾ, ਕੋਈ ਖਿਚ ਨਾ ਹੋਵੇ। ਰਾਤ ਦੇ ਹਨ੍ਹੇਰੇ ਵਿਚ ਪੱਥਰਾਂ ਨਾਲ ਟਕਰਾਉਂਦੀ, ਝਾੜੀਆਂ ਨਾਲ ਉਲਝਦੀ, ਟੋਇਆ ਵਿਚ ਢਹਿੰਦੀ ਡਿਗਦੀ, ਉਚਾਣ ਨੀਵਾਣ ਲੰਘਦੀ ਸੁਭਾਗੀ ਇਸ ਤਰ੍ਹਾਂ ਚਲੀ ਜਾ ਰਹੀ ਸੀ, ਜਿਸ ਪ੍ਰਕਾਰ ਉਡਦੇ ਹੋਏ ਪੰਛੀ ਦਾ ਪਰਛਾਵਾਂ ਤੁਰਿਆ ਜਾਂਦਾ ਹੈ, ਉਸ ਨੂੰ ਕੋਈ ਰੋਕ ਨਹੀਂ ਸਕਦਾ। ਕਿਸੇ ਹੋਰ ਸਮੇਂ ਉਹ ਅਜਿਹੇ ਜੰਗਲ ਵਿਚ ਆ ਕੇ ਕੰਬ ਉਠਦੀ, ਪਰ ਇਸ ਵੇਲੇ ਉਸ ਨੂੰ ਜੰਗਲ ਦਾ ਬਿਲਕੁਲ ਹੀ ਡਰ ਨਹੀਂ ਸੀ। ਦੁੱਖ ਤੇ ਨਿਰਾਸਤਾ ਵਿੱਚ ਡਰ ਵੀ ਨਹੀਂ ਰਹਿੰਦਾ, ਅਤੇ ਜੋ ਹਨੇਰਾ ਉਸ ਦੇ ਦਿਲ ਵਿਚ ਸਮਾਇਆ ਹੋਇਆ ਸੀ ਉਸ ਦੇ ਮੁਕਾਬਲੇ ਬਾਹਰਲਾ ਹਨੇਰਾ ਤੁੱਛ ਸੀ। ਉਹ ਮਨੁੱਖ ਅਤੇ ਮਨੁੱਖ ਦੇ ਵਿਚਾਰ ਦੋਹਾਂ ਤੋਂ ਦਰ ਭੱਜ ਰਹੀ ਸੀ। ਜੰਗਲ ਦੇ ਹਿੰਸਕ ਜੀਅ-ਜੰਤ ਉਸ ਨੂੰ ਆਦਮੀ ਨਾਲੋਂ ਕਿਤੇ ਵਧੇਰੇ ਦਇਆਵਾਨ, ਮਿੱਠੇ ਤੇ ਉੱਚੇ ਪ੍ਰਤੀਤ ਹੁੰਦੇ ਸਨ। ਸੋਚਦੀ ਸੀ, ਇਹ ਝੂਠ ਨਹੀਂ ਬੋਲਦੇ, ਧੋਖਾ ਨਹੀਂ ਦੇਂਦੇ, ਬਗਲ ਵਿੱਚ ਛੁਰੀ ਲੁਕਾ ਕੇ ਮਿੱਠੀਆਂ ਮਿੱਠੀਆਂ ਗੱਲਾਂ ਨਹੀਂ ਕਰਦੇ। ਇਨ੍ਹਾਂ ਨੂੰ ਚਾਪਲੂਸੀ ਕਰਨੀ ਨਹੀਂ ਆਉਂਦੀ। ਇਹ ਮਨੁੱਖ ਨਾਲੋਂ ਹਜ਼ਾਰ ਗੁਣਾਂ ਚੰਗੇ ਹਨ। ਮਨੁੱਖ ਨਾਲ ਇਨ੍ਹਾਂ ਦਾ ਮੁਕਾਬਲਾ ਕਰਨਾ ਇਨ੍ਹਾਂ ਦਾ ਅਪਮਾਨ ਕਰਨਾ ਹੈ।

ਇਸੇ ਤਰ੍ਹਾਂ ਸੋਚਦੀ, ਮਨੁੱਖੀ ਸਮਾਜ ਤੇ ਮਨੁੱਖੀ ਸਭਿਅਤਾ ਨੂੰ ਕੋਸਦੀ ਸੁਭਾਗੀ ਜੰਗਲ ਦੇ ਹਨੇਰੇ ਵਿਚ ਅਗੇ ਵਧਦੀ ਜਾ ਰਹੀ ਸੀ। ਕਿ ਭੁੱਖ-ਪਿਆਸ ਤੇ ਸਰਦੀ ਨੇ ਉਸ ਦੇ ਪੈਰ ਜਕੜ ਲਏ ਅਤੇ ਉਹ ਇਕ ਪੱਥਰ ਤੇ ਬੈਠ ਕੇ ਰੋਣ ਲੱਗੀ। ਰਾਤ ਦਾ ਵੇਲਾ ਸੀ। ਜੰਗਲ ਵਿਚ ਹਨੇਰਾ ਫੈਲਿਆ ਹੋਇਆ ਸੀ। ਆਦਮੀ ਦਾ ਪੁਤਲਾ ਤਕ ਦਿਖਾਈ ਨਹੀਂ ਸੀ ਦੇਂਦਾ। ਸੁਭਾਗੀ ਆਪਣੀ ਭੱਠੀ ਨੂੰ ਯਾਦ ਕਰਕੇ ਰੋ ਰਹੀ ਸੀ। ਪਰ ਉਸ ਦੇ ਹੰਝੂਆ ਨੂੰ ਵੇਖਣ ਵਾਲਾ ਆਸਮਾਨ ਦੇ ਤਾਰਿਆ ਤੋਂ ਛੁੱਟ ਹੋਰ ਕੋਈ ਨਹੀਂ ਸੀ।

ਇਥੇ ਸੁਭਾਗੀ ਨੂੰ ਪੁਰਾਣੇ ਜ਼ਮਾਨੇ ਦੀ ਕੁਟੀਆ ਮਿਲ ਗਈ। ਇਸ ਵਿਚ ਉਸਨੇ ਇਕ ਮਹੀਨਾ ਕਟਿਆ। ਦਰਖ਼ਤਾਂ ਦੇ ਫਲ ਖਾਂਦੀ, ਜਮਨਾ ਦਾ ਪਾਣੀ ਪੀਂਦੀ ਤੇ ਰਾਤ ਨੂੰ ਘਾਹ ਤੇ ਲੇਟ ਜਾਂਦੀ ਸੀ। ਇਥੇ ਉਸਨੂੰ ਕੋਈ ਕਸ਼ਟ ਨਹੀਂ ਸੀ ਨਾ ਖਾਣ ਪੀਣ ਲਈ ਮਜ਼ਦੂਰੀ ਕਰਨੀ ਪੈਂਦੀ ਸੀ। ਪਰ ਘਰ ਦਾ ਮੋਹ ਇਥੇ ਵੀ ਨਾ ਗਿਆ। ਇਹ ਮਿੱਟੀ ਦੀ ਜ਼ੰਜ਼ੀਰ ਜੀਉਂਦੇ ਜੀ ਕਿਸੇ ਦੇ ਪੈਰਾਂ ਵਿੱਚੋਂ ਕਦ ਉਤਰੀ ਹੈ ? ਬੇਬਸ ਹੋ ਕੇ ਉਸਨੇ ਇਕ ਦਿਨ ਕੁਟੀਆ ਨੂੰ ਛੱਡ

ਦਿੱਤਾ ਅਤੇ ਦਿੱਲੀ ਵਲ ਪਰਤ ਪਈ। ਇਸ ਵੇਲੇ ਉਸ ਦੇ ਪੈਰ ਧਰਤੀ ਤੇ ਨਹੀਂ ਸਨ ਲੱਗਦੇ, ਪਰ ਸ਼ਹਿਰ ਦੇ ਕੋਲ ਪਹੁੰਚ ਕੇ ਉਸਦਾ ਦਿਲ ਬੈਠ ਗਿਆ, ਕਿਥੇ ਜਾਵਾਂਗੀ ? ਇਸ ਸ਼ਹਿਰ ਵਿੱਚ ਹੁਣ ਮੇਰਾ ਕੌਣ ਹੈ ? ਲੋਕ ਵੇਖਣਗੇ ਤਾਂ ਕੀ ਕਹਿਣਗੇ ? ਸੋਚ ਸੋਚ ਕੇ ਇਹ ਫੈਸਲਾ ਕਿ ਰਾਤ ਨੂੰ ਜਾਵਾਂਗੀ, ਤਾਂ ਜੋ ਕੋਈ ਵੇਖ ਨਾ ਸਕੇ। ਪਰ ਰਾਤ ਬਹੁਤ ਦੇਰ ਨਾਲ ਆਈ। ਕਿਸਮਤ ਦੇ ਮਾਰਿਆਂ ਦਾ ਸਮਾਂ ਵੀ ਵੈਰੀ ਹੈ।

ਸਭਾਗੀ ਆਪਣੀ ਝੌਂਪੜੀ ਕੋਲ ਪਹੁੰਚੀ ਤਾਂ ਉਸ ਦੇ ਬਿਜਲੀ ਜਿਹੀ ਡਿਗ ਪਈ। ਉਥੇ ਝੌਂਪੜੀ ਨਹੀਂ ਸੀ, ਨਾ ਭੱਠੀ ਨਜ਼ਰ ਆਉਂਦੀ ਸੀ। ਜ਼ਮੀਨ ਖੁਦੀ ਹੋਈ ਸੀ, ਛੋਟੀਆਂ ਛੋਟੀਆਂ ਕੰਧਾਂ ਖੜੀਆਂ ਸਨ। ਇਹ ਇਮਾਰਤ ਨਹੀਂ ਸੀ ਉਸ ਦੇ ਸੁੱਖਾਂ ਦੀ ਸਮਾਧ ਸੀ। ਸੁਭਾਗੀ ਨੇ ਇਕ ਚੀਕ ਮਾਰੀ ਤੇ ਉਥੇ ਹੀ ਬੈਠ ਗਈ। ਕੀ ਕੀ ਉਮੀਦਾਂ ਲਾਕੇ ਆਈ ਸੀ, ਸਾਰੀਆਂ ਤੇ ਪਾਣੀ ਫਿਰ ਗਿਆ। ਉਸ ਨੂੰ ਇਉਂ ਅਨੁਭਵ ਹੋਇਆ ਮਾਨੋ ਚਾਂਦਨੀ ਚੌਕ ਦੀ ਸਾਰੀ ਰੋਸ਼ਨੀ ਬੁਝ ਗਈ ਹੈ ਅਤੇ ਅਕਾਸ਼ ਦੇ ਸਾਰੇ ਤਾਰਿਆਂ ਨੇ ਹਨੇਰੇ ਦੀ ਚਾਦਰ ਵਿਚ ਮੂੰਹ ਛੁਪਾ ਲਿਆ ਹੈ; ਉਸੇ ਵੇਲੇ ਉਸਨੂੰ ਖ਼ਿਆਲ ਆਇਆ ਕਿ ਮੇਰਾ ਪਤੀ ਮੈਨੂੰ ਲੈਣ ਆਏਗਾ ਤਾਂ ਕਿਥੇ ਢੂੰਡੇਗਾ ?

ਦੂਜੇ ਦਿਨ ਇਸ ਦੁਕਾਨ ਦੇ ਦਰਵਾਜ਼ੇ ਤੇ ਉਸ ਦੀ ਲਾਸ਼ ਪਈ ਸੀ। ਉਸਦਾ ਵਚਨ ਝੂਠਾ ਨਾ ਨਿਕਲਿਆ। ਉਸਨੇ ਦੁਨੀਆਂ ਛੱਡ ਦਿੱਤੀ, ਪਰ ਆਪਣੀ ਝੌਂਪੜੀ ਨਾ ਛੱਡੀ। ਅੱਜ ਉਹ ਸੁਭਾਗੀ ਕਿਥੇ ਚਲੀ ਗਈ? ਕਿਸ ਦੇਸ਼ ਨੂੰ ? ਉਥੇ ਹੀ, ਜਿਥੇ ਉਸਦਾ ਪਤੀ ਉਸਦੀ ਭੱਠੀ, ਉਸਦੀ ਝੌਂਪੜੀ ਜਾ ਚੁਕੀ ਸੀ। ਉਹ ਪੁਰਾਣੇ ਯੁਗ ਦੀ ਇਸਤਰੀ ਸੀ, ਆਪਣੇ ਘਰ ਦੇ ਬਿਨਾਂ ਇਕੱਲੀ ਕਿਵੇਂ ਰਹਿੰਦੀ ? ਨਵੀਂ ਦਿੱਲੀ ਵਿਚ ਪੁਰਾਣੀ ਦਿੱਲੀ ਦਾ ਆਖ਼ਰੀ ਦੀਵਾ ਬਲ ਰਿਹਾ ਸੀ, ਉਹ ਵੀ ਬੁਝ ਗਿਆ।

ਸੇਠ ਜਾਨਕੀ ਦਾਸ ਕਈ ਦਿਨਾਂ ਤਕ ਘਰ ਤੋਂ ਬਾਹਰ ਨਾ ਨਿਕਲਿਆ।

-0-

# ਪਰਿਵਰਤਨ

ਕਿਸੇ ਸ਼ਹਿਰ ਵਿੱਚ ਇਕ ਬੇ-ਪਰਵਾਰ, ਹੈਂਕੜ ਖੋਰ ਨੌਜਵਾਨ ਰਹਿੰਦਾ ਸੀ। ਉਸਦਾ ਨਾਂ ਸਈਦ ਸੀ।

ਉਹ ਬਹੁਤ ਹੀ ਸੋਹਣਾ ਸੀ— ਉਸਦਾ ਰੰਗ ਗੋਰਾ, ਚਿਹਰਾ-ਮੋਹਰਾ ਚੰਗਾ ਅਤੇ ਅੱਖਾਂ ਵਿਚ ਵੀ ਖਿਚ ਸੀ।

ਪਰ ਉਹ ਮੂਰਖ ਸੀ।

(2)

ਜਦੋਂ ਉਹ ਬਾਜ਼ਾਰ ਜਾਂਦਾ ਸੀ ਤਾਂ ਰਾਹ ਵਿਚ ਇਕ ਬੁੱਢੇ ਫ਼ਕੀਰ ਨੂੰ ਵੇਖਕੇ ਹਸਿਆ ਕਰਦਾ ਸੀ।

ਉਸਦੀ ਕਮਰ ਝੁਕ ਗਈ ਸੀ। ਉਸਦੇ ਸਿਰ ਦੇ, ਦਾੜ੍ਹੀ ਦੇ ਤੇ ਮੁੱਛਾਂ ਦੇ ਵਾਲ ਚਿੱਟੇ ਹੋ ਚੁਕੇ ਸਨ ਅਤੇ ਅੱਖਾਂ ਵਿਚ ਜਵਾਨੀ ਦੀ ਲਿਸ਼ਕ ਦੀ ਥਾਂ ਬੁਢਾਪੇ ਦੀ ਉਦਾਸੀ ਛਾਈ ਹੋਈ ਸੀ।

ਉਹ ਬੁੱਢਾ ਸੀ।

ਅਤੇ ਸ਼ਾਈਦ ਉਸਨੂੰ ਵੇਖਕੇ ਹਸਿਆ ਕਰਦਾ ਸੀ।

(3)

ਇਕ ਦਿਨ ਸਈਦ ਨੇ ਸੁਪਨੇ ਵਿਚ ਵੇਖਿਆ ਕਿ ਉਹ ਬੁੱਢਾ ਹੋ ਗਿਆ ਹੈ ਅਤੇ ਉਸ ਦੀ ਕਮਰ ਝੁਕ ਗਈ ਹੈ। ਉਸ ਦੇ ਸਿਰ ਦੇ, ਦਾੜ੍ਹੀ ਦੇ ਤੇ ਮੁੱਛਾਂ ਦੇ ਵਾਲ ਚਿੱਟੇ ਹੋ ਗਏ ਹਨ, ਅਤੇ ਅੱਖਾਂ ਵਿਚ ਜਵਾਨੀ ਦੀ ਲਿਸ਼ਕ ਦੀ ਥਾਵੇਂ ਬੁਢਾਪੇ ਦੀ ਉਦਾਸੀ ਛਾ ਗਈ ਹੈ।

ਜਦੋਂ ਉਹ ਜਾਗਿਆ ਤਾਂ ਆਪਣੇ ਸੁਪਨੇ ਤੇ ਬਹੁਤ ਦੇਰ ਤਕ ਹਸਦਾ ਰਿਹਾ।

ਪਰ ਬਾਜ਼ਾਰ ਜਾਂਦੇ ਵਕਤ ਅਚਾਨਕ ਉਸਨੇ ਬੁੱਢੇ ਫ਼ਕੀਰ ਦੇ ਨਿਸਤੇਜ ਮੂੰਹ ਦੇ ਸੀਸ਼ੇ ਵਿਚੋਂ ਆਪਣੀ ਜਵਾਨੀ ਦੀ ਛਾਇਆ ਵੇਖੀ ਅਤੇ ਉਸਨੂੰ ਪਛਾਣਨ ਵਿਚ ਦੇਰ ਨਾ ਲੱਗੀ।

ਅਤੇ ਸਈਦ ਉਥੇ ਰੁਕ ਗਿਆ ਤੇ ਉਸ ਫਕੀਰ ਨੂੰ ਵੇਖ ਕੇ ਉਸਦੇ ਹੋਠਾਂ ਦੀ ਹਾਸੀ ਉਸਦੇ ਹੋਠਾਂ ਉੱਤੇ ਹੀ ਮਰ ਗਈ।

(4)

ਕਿਸੇ ਸ਼ਹਿਰ ਵਿਚ ਇਕ ਨੌਜਵਾਨ ਰਹਿੰਦਾ ਹੈ।
ਉਸਦਾ ਨਾਂ ਸਈਦ ਹੈ।

ਉਹ ਬਹੁਤ ਹੀ ਸੋਹਣਾ ਹੈ—ਉਸ ਦਾ ਰੰਗ ਗੋਰਾ, ਚਿਹਰਾ ਮੁਹਰਾ ਚੰਗਾ ਅਤੇ ਅੱਖਾਂ ਵਿਚ ਖਿੱਚ ਹੈ।

ਪਰ ਹੁਣ ਉਹ ਮੂਰਖ ਨਹੀਂ, ਨਾ ਉਹ ਕਿਸੇ ਬੁੱਢੇ ਨੂੰ ਵੇਖਕੇ ਹੱਸਦਾ ਹੈ।

-0-

# ਅਮਰ ਜੀਵਨ

ਬਾਬੂ ਇੰਦਰ ਨਾਥ ਦੀ ਲੇਖਣੀ ਵਿਚ ਜਾਦੂ ਸੀ। ਜਦੋਂ ਲਿਖਣ ਬੈਠਦੇ, ਸਾਹਿਤ ਰੂਪੀ ਅੰਮ੍ਰਿਤ ਦੀਆਂ ਧਾਰਾਂ ਵਗ ਨਿਕਲਦੀਆਂ, ਜਿਵੇਂ ਪਹਾੜਾਂ ਵਿਚੋਂ ਮਿੱਠੇ ਪਾਣੀ ਦੀਆਂ ਨਦੀਆਂ ਫੁੱਟ ਨਿਕਲਦੀਆਂ ਹਨ। ਉਨ੍ਹਾਂ ਦੀ ਉਮਰ ਕੋਈ ਜ਼ਿਆਦਾ ਨਹੀਂ ਸੀ। ਜ਼ਿਆਦਾ ਤੋਂ ਜਿਆਦਾ 25 ਸਾਲਾਂ ਦੇ ਹੋਣਗੇ। ਪਰ ਉਨ੍ਹਾਂ ਦੀ ਕਲਪਨਾ ਤੇ ਕਵਿਤਾ ਵੇਖਕੇ ਜੀ ਖੁਸ਼ ਹੋ ਜਾਂਦਾ ਸੀ। ਸਾਧਾਰਣ ਤੋਂ ਸਾਧਾਰਣ ਵਿਸ਼ਾ ਵੀ ਛੂੰਹਦੇ ਤਾਂ ਉਸ ਵਿਚ ਜਾਨ ਪਾ ਦਿੰਦੇ। ਉਨ੍ਹਾਂ ਦੇ ਲੇਖ ਪੜ੍ਹ ਕੇ ਲੋਕ ਮੁਗਧ ਹੋ ਜਾਂਦੇ ਸਨ। ਕਹਿੰਦੇ— ਮਨ ਮੋਹ ਲੈਂਦਾ ਹੈ। ਉਨ੍ਹਾਂ ਦੀਆਂ ਉਪਮਾਵਾਂ ਕਿੰਨੀਆਂ ਸੁੰਦਰ ਹਨ, ਸ਼ਬਦ ਕਿੰਨੇ ਮਿੱਠੇ ਹਨ। ਪਾਠਕ ਕਿਸੇ ਦੇਵ-ਲੋਕ ਵਿਚ ਪਹੁੰਚ ਜਾਂਦੇ ਹਨ। ਇਹੀ ਜੀ ਚਾਹੁੰਦਾ ਹੈ, ਪੜ੍ਹਦੇ ਹੀ ਰਹੀਏ, ਕਦੇ ਬਸ ਨਾ ਕਰੀਏ। ਉਨ੍ਹਾਂ ਦੀ ਰਚਨਾ ਵਿਚ ਮਨੋਰੰਜਨ ਸੁੰਦਰਤਾ, ਜਾਦੂ ਸਭ ਕੁਝ ਸੀ, ਅਤੇ ਸਭ ਤੋਂ ਵੱਧ ਕੇ ਸਾਦਗੀ। ਉਹ ਆਪਣੇ ਪਾਠਕਾਂ ਉੱਤੇ ਔਖ ਔਖੇ ਸ਼ਬਦਾਂ ਨਾਲ ਰੁਅਬ ਨਹੀਂ ਸੀ ਪਾਉਂਦੇ। ਇਹ ਢੰਗ ਉਨ੍ਹਾਂ ਨੂੰ ਕਦੇ ਪਸੰਦ ਨਹੀਂ ਸੀ ਆਉਂਦਾ। ਉਨ੍ਹਾਂ ਨੇ ਜੋ ਕੁਝ ਕਹਿਣਾ ਹੁੰਦਾ ਸਾਦੇ ਤੇ ਸਰਲ ਸ਼ਬਦਾਂ ਵਿਚ ਕਹਿ ਦਿੰਦੇ। ਅਤੇ ਇਹੀ ਉਨ੍ਹਾਂ ਦੀ ਸਭ ਤੋਂ ਵੱਡੀ ਖ਼ੂਬੀ ਸੀ। ਇਕ ਸਾਲ ਪਹਿਲਾਂ ਲੋਕ ਉਨ੍ਹਾਂ ਦੇ ਨਾਂ ਤੋਂ ਵੀ ਵਾਕਫ ਨਹੀਂ ਸਨ, ਅਤੇ ਅੱਜ ਹਿੰਦੀ ਸਾਹਿਤ ਦੇ ਕੋਨੇ ਕੋਨੇ ਵਿਚ ਉਨ੍ਹਾਂ ਦੇ ਨਾਂ ਦਾ ਡੰਕਾ ਵਜਦਾ ਹੈ। ਕੋਈ ਛੋਟੇ ਤੋਂ ਛੋਟਾ ਪਿੰਡ ਵੀ ਅਜਿਹਾ ਨਹੀਂ ਹੋਵੇਗਾ ਜਿਸ ਵਿਚ 'ਭਾਵ ਸੁਸ਼ਮਾ' ਤੇ 'ਸੋਮ ਸਾਗਰ' ਦੀਆਂ ਇਕ ਦੋ ਕਾਪੀਆਂ ਨਾ ਹੋਣ। ਇਨ੍ਹਾਂ ਗ੍ਰੰਥ-ਰਤਨਾਂ ਨੂੰ ਜਿਹੜਾ ਵੀ ਪੜ੍ਹਦਾ, ਉਸੇ ਤੇ ਜਾਦੂ ਹੋ ਜਾਂਦਾ।

ਪਰ ਇੰਦਰਨਾਥ ਦੀ ਆਰਥਕ ਹਾਲਤ ਤਸੱਲੀ ਬਖਸ਼ ਨਹੀਂ ਸੀ। ਇਤਨੀ ਮਗਜ਼ਮਾਰੀ ਕਰਨ ਦੇ ਬਾਅਦ ਵੀ ਉਨ੍ਹਾਂ ਨੂੰ ਇਤਨੀ ਆਮਦਨ ਨਹੀਂ ਸੀ ਹੁੰਦੀ ਕਿ ਉਹ ਚਿੰਤਾ ਰਹਿਤ ਜੀਵਨ ਬਿਤਾ ਸਕਦੇ। ਅਕਸਰ ਉਹ ਦੁਖੀ ਰਹਿੰਦੇ ਅਤੇ ਦੇਸ਼ ਦੀ ਤਰਸ ਯੋਗ ਹਾਲਤ ਤੇ ਰੋਇਆ ਕਰਦੇ ਸਨ। ਕਿਸ ਨੂੰ ਖਿਆਲ ਸੀ ਕਿ ਉਨ੍ਹਾਂ ਦੇ ਪ੍ਰਾਂਤ ਦਾ ਸਭ ਤੋਂ ਵੱਡਾ ਲੇਖਕ, ਸਭ ਤੋਂ ਪਿਆਰਾ ਕਵੀਰਾਜ, ਪੈਸੇ ਪੈਸੇ ਦਾ ਮੁਥਾਜ ਹੋਵੇਗਾ ! ਉਨ੍ਹਾਂ ਦਾ ਪ੍ਰਕਾਸ਼ਕ ਕਮਾਉਂਦਾ ਸੀ, ਉਹ ਭੁੱਖੇ ਮਰਦੇ ਸਨ। ਸੰਸਾਰ ਦਾ ਇਹ ਭੈੜਾ ਵਰਤਾਉ ਵੇਖਕੇ ਉਨ੍ਹਾਂ ਦਾ ਜੀ

ਖੱਟਾ ਹੋ ਜਾਂਦਾ ਅਤੇ ਕਦੇ ਕਦੇ ਤਾਂ ਇੰਨੇ ਜੋਸ਼ ਵਿੱਚ ਆ ਜਾਂਦੇ ਕਿ ਲਿਖੇ ਲਿਖਾਏ ਲੇਖ ਪੜ੍ਹ ਦੇਂਦੇ, ਕਲਮ ਤੋੜ ਦਿੰਦੇ ਅਤੇ ਕਹਿੰਦੇ, "ਹੁਣ ਲਿਖਣ ਦਾ ਨਾਂ ਨਹੀਂ ਬਵਾਂਗਾ।

(2)

ਸਵੇਰ ਦਾ ਵੇਲਾ ਸੀ। ਇੰਦਰ ਨਾਥ ਧੁੱਪ ਵਿੱਚ ਬੈਠ ਇਕ ਮਾਸਕ ਰਸਾਲੇ ਦੇ ਪੰਨੇ ਫਰੋਲਦੇ ਹੋਏ ਮੁਸਕਰਾ ਰਹੇ ਸਨ। ਉਨ੍ਹਾਂ ਦੀ ਇਸਤਰੀ ਮਨੋਰਮਾ ਨੇ ਪੁੱਛਿਆ-"ਕਿਉਂ ਕੀ ਹੈ, ਜੋ ਇਤਨੇ ਖੁਸ਼ ਹੋ ਰਹੇ ਹੋ?"

ਮਨੋਰਮਾ ਦੇ ਮਨ ਵਿੱਚ ਇਕ ਵਿਚਾਰ ਗੁਦਗਦੀ ਕਰਨ ਲੱਗਾ। ਜ਼ਰਾ ਅੱਗੇ ਖਿਸਕ ਕੇ ਬੋਲੀ "ਪ੍ਰਸੰਸਾ ਕਰਦੇ ਹਨ, ਸਮਝ ਦੇ ਖਾਕ ਵੀ ਨਹੀਂ।"

ਇੰਦਰ ਨਾਥ- "ਅੱਛਾ !"

ਮਨੋਰਮਾ- "ਝੂਠ ਨਹੀਂ ਇਥੇ ਦੇ ਲੋਕ ਮੂਰਖ ਹਨ। ਤੁਹਾਡੀ ਕਦਰ ਕੀ ਜਾਣਨ, ਬੈਂਸ ਅੱਗੇ ਬੀਨ ਵਜ ਰਹੀ ਹੈ।"

ਇੰਦਰ ਨਾਥ-"ਮੇਰੀਆਂ ਰਚਨਾਵਾਂ ਦੇ ਗੁਣ ਦੋਸ਼ ਸਮਝਣ ਵਾਲੇ ਅਸਲ ਵਿੱਚ ਥੋੜੇ ਹਨ। ਸਾਰੇ ਸ਼ਹਿਰ ਵਿੱਚ ਕੇਵਲ ਇਕ ਵਿਅਕਤੀ ਹੈ, ਜਿਸਨੂੰ ਇਨ੍ਹਾਂ ਬਾਰੀਕੀਆਂ ਦਾ ਗਿਆਨ ਹੈ।"

ਮਨੋਰਮਾ- "ਕੌਣ ?"

ਇੰਦਰਨਾਥ—ਤੈਨੂੰ ਈਰਖਾ ਤਾਂ ਨਹੀਂ ਹੋਵੇਗੀ। ਉਹ ਇਕ ਇਸਤਰੀ ਹੈ, ਪਰ ਅਜਿਹੀ ਯੋਗਤਾ ਮੈਂ' ਕਿਸੇ ਮਰਦ ਵਿੱਚ ਵੀ ਨਹੀਂ ਵੇਖੀ।"

ਮਨੋਰਮਾ ਨੂੰ ਕੁੱਝ ਸੰਦੇਹ ਹੋਇਆ। ਹੋਲੀ ਜਿਹੀ ਬੋਲੀ, "ਕੌਣ ਹੈ ?"

ਇੰਦਰ ਨਾਥ ਸ੍ਰੀਮਤੀ ਮਨੋਰਮਾ ਦੇਵੀ ਰਾਣੀ। ਤੂੰ ਵੀ ਨਾਂ ਤਾਂ ਸੁਣਿਆ

ਮਨੋਰਮਾ ਨੇ ਹੱਸ ਕਾ ਮੂੰਹ ਫੇਰ ਲਿਆ ਅਤੇ ਬੋਲੀ- "ਜਾਓ ! ਤੁਸੀਂ ਤਾਂ ਮਖੌਲ ਕਰਦੇ ਹੋ।"

ਇੰਦਰ ਨਾਥ — ਨਹੀਂ ਮਨੋਰਮਾ ! ਅਸਲ ਵਿੱਚ ਇਹ ਮੇਰੀ ਰਾਏ ਹੈ।"

ਮਨੋਰਮਾ ਬਸ ਕੋਈ ਬਣਾਉਣਾ ਤੁਹਾਥੋਂ ਸਿਖੇ।"

ਇੰਦਰ ਨਾਥ-"ਮੇਰੀ ਹਿੰਮਤ ਤੂੰ ਨਾ ਵਧਾਉਂਦੀ ਤਾਂ ਮੈਂ ਇਥੋਂ ਤਕ ਨਾ ਪਹੁੰਚ ਸਕਦਾ।"

ਮਨੋਰਮਾ - ਬਣੀ ਗਿਆਨਣ ਹਾਂ ਨਾ ਮੈਂ !"

ਇੰਦਰ ਨਾਥ ਇਹ ਮੇਰੇ ਦਿਲ ਤੋਂ ਪੁੱਛ। ਸੋਨਾ ਆਪਣਾ ਮੁੱਲ ਆਪ ਨਹੀਂ ਜਾਣਦਾ।"

ਮਨੋਰਮਾ - ਪਰ ਤੁਸੀਂ ਚਾਪਲੂਸੀ ਕਰਨੀ ਖ਼ੂਬ ਜਾਣਦੇ ਹੋ।"

ਇੰਦਰ ਨਾਥ-"ਆਲੋਚਨਾ ਸੁਣੇਂਗੀ।"

ਇੰਦਰਨਾਥ ਨੇ ਪੜ੍ਹਨਾ ਸ਼ੁਰੂ ਕੀਤਾ :

"ਭਾਵ-ਸ਼ੁਸਮਾ ਸਾਡੇ ਸਾਮ੍ਹਣੇ ਹੈ। ਅਸੀਂ ਦਿਸਨੂੰ ਪੜ੍ਹਿਆ ਅਤੇ ਕਈ ਦਿਨਾਂ ਤਕ ਇਸਦਾ ਨਸ਼ਾ ਜਿਹਾ ਛਾਇਆ ਰਿਹਾ। ਅਜਿਹਾ ਪ੍ਰਤੀਤ ਹੁੰਦਾ ਹੈ ਜਿਥੇ ਕਿਸੇ ਦੇਵ ਲੋਕ ਵਿੱਚ ਆ ਪਹੁੰਚੇ ਹਾਂ। ਇਸ ਵਿਚ ਸੌਂਦਰਯ ਹੈ, ਸਾਦਗੀ ਹੈ। ਇਸ ਵਿੱਚ ਪ੍ਰਭਾਵਕਤਾ ਹੈ। ਇਸ ਵਿੱਚ ਕਲਪਨਾ ਹੈ; ਇਸ ਵਿਚ ਮਾਧੁਰੀ ਹੈ, ਇਸ ਵਿੱਚ ਸਰਲਤਾ ਹੈ। ਅਤੇ ਹੋਰ ਕੀ ਕਹੀਏ ਇਸ ਵਿੱਚ ਸਭ ਕੁੱਝ ਹੈ।

ਇਸੇ ਵੇਲੇ ਕਿਸੇ ਨੇ ਥਲਿਉ ਆਵਾਜ ਦਿੱਤੀ, "ਬਾਬੂ ਇੰਦਰ ਨਾਥ !".

ਇੰਦਰ ਨਾਥ ਤੇ ਮਨੋਰਮਾ ਦੋਵੇਂ ਚੌਂਕ ਪਏ, ਜਿਵੇਂ ਕਿਸੇ ਮਧੁਰ ਸੰਗੀਤ ਸਮੇਂ ਕੋਈ ਉੱਚੀ ਆਵਾਜ ਨਾਲ ਰੋਣ ਲੱਗ ਜਾਵੇ। ਉਸ ਵੇਲੇ ਰਾਗੀ ਦੇ ਦਿਲ ਤੇ ਕੀ ਗੁਜ਼ਰਦੀ ਹੈ, ਇਹ ਉਹੀ ਸਮਝਦਾ ਹੈ। ਉਹ ਖਿਝ ਉਠਦਾ ਹੈ, ਮਰਨ-ਮਾਰਨ ਤੇ ਤਿਆਰ ਹੋ ਜਾਂਦਾ

ਬਾਬੂ ਇੰਦਰ ਨਾਥ ਨੇ ਰਸਾਲਾ ਮੰਜੀ ਉੱਤੇ ਰੱਖ ਦਿੱਤਾ ਅਤੇ ਥੱਲੇ ਚਲੇ ਗਏ। ਵਾਪਸ ਆਏ, ਤਾਂ ਚਿਹਰਾ ਉਦਾਸ ਸੀ ਅਤੇ ਅੱਖਾਂ ਵਿੱਚ ਹੰਝੂ ਲਹਿਰਾ ਰਹੇ ਸਨ।

ਮਨੋਰਮਾ ਨੇ ਪੁੱਛਿਆ, "ਕੌਣ ਸੀ ?"

ਇੰਦਰਨਾਥ -"ਮਕਾਨ ਦਾ ਮਾਲਕ ਸੀ।"

ਮਨੋਰਮਾ ਦਾ ਮੂੰਹ ਪੀਲਾ ਹੋ ਗਿਆ, ਦੁਖੀ ਹੋ ਕੇ ਬੋਲੀ, 'ਕੀ ਕਹਿੰਦਾ ਸੀ। ਇਹ ਤਾਂ ਬੜ੍ਹਾ ਪਿਛੇ ਪੈ ਗਿਆ ਹੈ, ਚਾਰ ਦਿਨ ਵੀ ਸਬਰ ਨਹੀਂ ਕਰਦਾ।"

ਇੰਦਰ ਨਾਥ- ਕਹਿੰਦਾ ਹੈ, ਹੁਣ ਤਾਂ ਮਕੱਦਮਾ ਹੀ ਕਰਨਾ ਪਏਗਾ।" ਮਨੋਰਮਾ' ਕਿੰਨਾ ਕਰਾਇਆ ਹੈ, ਤਿੰਨਾ ਮਹੀਨਿਆ ਦਾ !"

ਜਦੋਂ ਸਾਡੇ ਪਾਸ ਪੈਸੇ ਨਹੀਂ ਹੁੰਦੇ ਤਾਂ ਅਸੀਂ ਹਿਸਾਬ ਨਹੀਂ ਕਰਿਆ ਕਰਦੇ। ਹਿਸਾਬ ਕਰਦੇ ਹੋਏ ਸਾਨੂੰ ਡਰ ਲੱਗਦਾ ਹੈ। ਇੰਦਰ ਨਾਥ ਨੇ ਮਨੋਰਮਾ ਦੀ ਗੱਲ ਅਣਸੁਣੀ ਕਰ ਦਿੱਤੀ ਅਤੇ ਕਿਹਾ— 'ਜੀ ਕਰਦਾ ਹੈ ਕੋਈ ਨੌਕਰੀ ਕਰ ਲਵਾਂ। ਹੁਣ ਰੋਜ਼ ਰੋਜ਼ ਦੀ ਬੇਇੱਜਤੀ ਨਹੀਂ ਸਹੀ ਜਾਂਦੀ। ਪ੍ਰਸ਼ੰਸ਼ਾ ਕਰਨ ਨੂੰ ਸਾਰੇ ਹਨ, ਸਹਾਇਤਾ ਕਰਨ ਨੂੰ ਕੋਈ ਨਹੀਂ ਅਤੇ ਖਾਲੀ ਪ੍ਰਸ਼ੰਸ਼ਾ ਨਾਲ ਕਿਸੇ ਦਾ ਪੇਟ ਕਦੋਂ ਭਰਿਆ ਹੈ ?"

ਮਨੋਰਮਾ ਨੇ ਆਪਣੇ ਪਤੀ ਵੱਲ ਵੇਖਿਆ ਤੇ ਕਿਹਾ- "ਕਰ ਵੇਖੋ ! ਪਰ ਤੁਹਾਡਾ ਇਹ ਲਿਖਣ ਦਾ ਚਸਕਾ ਤਾਂ ਨਹੀਂ ਛੁਟੇਗਾ। ਇਹ ਵੀ ਦੂਜੀ ਸ਼ਰਾਬ ਹੈ।"

ਇੰਦਰ ਨਾਥ- "ਹੋਵੇ ਪਈ ਛੱਡ ਦਿਆਂਗਾ। ਤੂੰ ਮੈਨੂੰ ਅਜੇ ਸਮਝਿਆ ਹੀ ਕੀ ਹੈ ?"

ਮਨੋਰਮਾ -ਖੂਬ ਸਮਝਦੀ ਹਾਂ। ਦਫ਼ਤਰ ਵਿੱਚ ਕੰਮ ਕਰ ਸਕੋਗੇ ?"

ਇੰਦਰਨਾਥ ਪੈਸੇ ਮਿਲਣਗੇ ਤਾਂ ਕਿਉਂ ਨਹੀਂ ਕਰਾਂਗਾ ?"

ਮਨੋਰਮਾ - "ਅਫਸਰਾਂ ਦੀਆਂ ਝਿੜਕਾਂ ਸਹਿ ਸਕੋਗੇ '

ਇੰਦਰਨਾਥ-"ਮਾਲਕ ਮਕਾਨ ਦੇ ਰਕਾਜ਼ਿਆਂ ਤੋਂ ਜਾਨ ਬਚੇਗੀ।"

ਮਨੋਰਮਾ-"ਜੇ ਕਿਸੇ ਨੇ ਕਹਿ ਦਿੱਤਾ, 'ਉਹ ! ਇਹ ਤਾਂ ਉਹੀ ਕਵੀ ਰਾਜ ਹੈ, ਜੋ ਸਾਹਿਤ ਦੀ ਦੁਨੀਆਂ ਵਿੱਚ ਇੰਨਾ ਪ੍ਰਸਿੱਧ ਹੈ, ਅਸਾਂ ਸਮਝਿਆ ਸੀ ਕੋਈ ਵੱਡਾ ਆਦਮੀ ਹੋਵੇਗਾ-ਇਹ ਤਾਂ ਮਾਮੂਲੀ ਕਲਰਕ ਨਿਕਲਿਆ। 'ਤਦ ?"

ਇੰਦਰਨਾਥ -- ਮੈਂ ਸਮਝਾਂਗਾ, ਕਿਸੇ ਹੋਰ ਨੂੰ ਕਹਿੰਦੇ ਹਨ ਹੁਣ ਹੋਰ ਕੀ ਕਰਾਂ ? ਪ੍ਰਕਾਸ਼ਕਾਂ ਨੇ ਤਾਂ ਮੇਰੀ ਮਿਹਨਤ ਤੇ ਡਾਕਾ ਮਾਰਨ ਦੀ ਧਾਰੀ ਹੋਈ ਹੈ, ਕਹਿੰਦੇ ਹਨ, ਜਦੋਂ ਕੋਈ ਜਿਆਦਾ ਨਹੀਂ ਦੇਵੇਗਾ ਤਾਂ ਰੱਖ ਮਾਰ ਕੇ ਆਪੇ ਸਾਡੀਆਂ ਸ਼ਰਤਾਂ ਮੰਨੇਗਾ। ਉਹ ਰੁਪਏ ਵਾਲੇ ਹਨ। ਰੁਪਏ ਦਾ ਮੁੱਲ ਸਮਝਦੇ ਹਨ। ਕਲਾ ਦਾ ਮੁੱਲ ਨਹੀਂ ਸਮਝਦੇ। ਅਜਿਹੇ ਖ਼ੁਦਗਰਜ ਮੈਨੂੰ ਕੀ ਦੇ ਸਕਣਗੇ ! ਯੂਰਪ ਵਿੱਚ ਹੁੰਦਾ ਤਾਂ ਸੋਨੇ ਦਾ ਮਹਿਲ ਬਣਾ ਲਿਆ ਹੁੰਦਾ। ਇਥੇ ਆਪਣੀ ਕਿਸਮਤ ਨੂੰ ਰੋ ਰਹੇ ਹਾਂ।"

ਮਨੋਰਮਾ- ਤੁਸੀ ਆਪਣਾ ਦਿਲ ਛੋਟਾ ਨਾ ਕਰੋ, ਸਭ ਕੁੱਝ ਹੋ ਜਾਵੇਗਾ।"

ਇੰਦਰਨਾਥ-"ਤਾਂ ਅੱਜ ਜਾਵਾਂ ਲਾਲਾ ਰੰਗੀ ਲਾਲ ਨੂੰ ਮਿਲ ਆਵਾ, ਮੇਰਾ ਦਿਲ ਕਹਿੰਦਾ ਹੈ ਕੰਮ ਬਣ ਜਾਵੇਗਾ, ਬੜੇ ਚੰਗੇ ਆਦਮੀ ਹਨ।"

ਮਨੋਰਮਾ--"ਜ਼ਰਾ ਤਾਰੀਫ ਕਰ ਦੇਣਾ। ਵੱਡੇ ਆਦਮੀ ਤਾਂ ਗੱਲਾਂ ਨਾਲ ਹੀ ਖੁਸ਼ ਹੋ ਜਾਦੇ ਹਨ।"

ਇੰਦਰਨਾਥ -ਮੈਨੂੰ ਇਸ ਸਿੱਖਿਆ ਦੀ ਲੋੜ ਨਹੀਂ।"

ਮਨੋਰਮਾ - "ਇਹ ਕੰਮ ਹੋ ਜਾਵੇ ਤਾਂ ਸਮਝੋ ਗੰਗਾ ਨਹਾ ਲਿਆ।"

ਇੰਦਰਨਾਥ -"ਉਨ੍ਹਾ ਦੀ ਤਾਂ ਬਹੁਤ ਚਲਦੀ ਹੈ। ਚਾਹੁਣ ਤਾਂ ਅੱਜ ਹੀ ਨੌਕਰੀ ਦੇ ਦੇਣ। ਜਰਾ ਕੱਪੜੇ ਬਦਲਵਾ ਦੇ, ਬਹੁਤ ਮੇਲੇ ਹੋ ਗਏ ਹਨ।"

ਮਨੋਰਮਾ ਨੇ ਉਠਕੇ ਸੰਦੂਕ ਖੋਲ੍ਹਿਆ, ਅਤੇ ਕੱਪੜੇ ਵੇਖਣ ਲੱਗੀ ਪਰ ਕੱਪੜੇ ਧੁਲ ਕੇ ਨਹੀਂ ਸਨ ਆਏ। ਮਨੋਰਮਾ ਦੇ ਦਿਲ ਤੇ ਦੂਜੀ ਸੱਟ ਲੱਗੀ। ਉਸ ਦਾ ਮੂੰਹ ਦਿਲ ਦੀ ਪੀੜ ਨਾਲ ਪੀਲਾ ਪੈ ਗਿਆ। ਇਹ ਉਹੀ ਖੁਸ਼ ਰਹਿਣੀ, ਹਸਮੁਖ ਮਨੋਰਮਾ ਸੀ ਜਿਸਦੇ ਹਾਸਿਆਂ ਨਾਲ ਸਾਰਾ ਮਹੱਲਾ ਗੂੰਜ ਉਠਦਾ ਸੀ, ਪਰ ਇਸ ਵੇਲੇ ਉਹ ਕਿੰਨੀ ਬੈਚੇਨ, ਕਿੰਨੀ ਉਦਾਸ ਸੀ! ਪੰਛੀ ਕਦੇ ਫੁੱਲਾਂ ਦੀਆ ਡਾਲਾਂ ਤੇ ਬੈਠਕੇ ਕਲੋਲਾਂ ਕਰਦਾ ਹੈ। ਕਦੇ ਖੰਭ ਸਮੇਟ ਕੇ ਚੁੱਪ ਚਾਪ ਆਪਣੇ ਆਲ੍ਹਣੇ ਵਿੱਚ ਬੈਠ ਜਾਂਦਾ ਹੈ।

ਇੰਦਰਨਾਥ ਨੇ ਠੰਡੀ ਆਹ ਭਰੀ ਅਤੇ ਕਿਹਾ—"ਮਨੋਰਮਾ ! ਹੁਣ ਨਹੀਂ ਸਹਿਆ ਜਾਂਦਾ।"

ਇਹ ਉਹੀ ਪ੍ਰਤਿਭਾਵਾਨ, ਪ੍ਰਸਿੱਧ ਲੇਖਕ ਹੈ, ਜਿਸ ਦੀ ਕਵਿਤਾ ਦੇਸ਼ ਦੇ ਕੋਨੇ ਕੋਨੇ ਵਿੱਚ ਆਦਰ ਤੇ ਸ਼ਰਧਾ ਨਾਲ ਪੜ੍ਹੀ ਜਾਂਦੀ ਹੈ, ਜਿਸ ਦੀ ਕਲਮ ਦੀ ਲਿਖਤ ਪੱਥਰ-ਦਿਲਾਂ ਨੂੰ ਵੀ ਮੋਹ ਲੈਂਦੀ ਹੈ, ਜਿਸਦੀ ਸ਼ਬਦ-ਰਚਨਾ ਨੂੰ ਲੋਕ ਤਰਸਦੇ ਹਨ, ਜਿਸਦਾ ਨਾਂ ਸੁਣਕੇ ਲੋਕ ਸ਼ਰਧਾ ਭਾਵ ਨਾਲ ਧੌਣ ਨੀਵੀਂ ਪਾ ਲੈਂਦੇ ਹਨ, ਜਿਸ ਦੀਆਂ ਪੁਸਤਕਾਂ ਦੁਸ਼ਟ ਆਤਮਾਵਾਂ ਲਈ ਧਰਮ ਉਪਦੇਸ਼ਾਂ ਤੋਂ ਘੱਟ ਨਹੀਂ। ਅੱਜ ਉਹੀ ਪੰਜਾਹ ਰੁਪਏ ਦੀ ਨੌਕਰੀ ਕਰਨ ਚਲਿਆ ਹੈ। ਕਾਵਿ, ਕਲਪਨਾ, ਅਤੇ ਕਲਾ, ਦੀ ਨਗਰੀ ਦਾ ਰਾਜਾ ਭੀਖ ਮੰਗਣ ਨਿਕਲਿਆ ਹੈ।

ਮਨੋਰਮਾ ਨੇ ਆਪਣੇ ਪਤੀ ਦੀ ਇਹ ਹੀਣ ਅਵਸਥਾ ਵੇਖੀ, ਤਾਂ ਆਹ ਭਰਕੇ ਜ਼ਮੀਨ 'ਤੇ ਬੈਠ ਗਈ। ਇਸ ਵੇਲੇ ਉਸ ਦੇ ਦਿਲ ਵਿੱਚ ਇਕ ਹੀ ਵਿਚਾਰ ਸੀ—ਇਹ ਸਿਰ ਕਿਸੇ ਦੇ ਸਾਮ੍ਹਣੇ ਕਿਵੇਂ ਝੁਕੇਗਾ ?

(3)

ਇਕ ਘੰਟੇ ਦੇ ਬਾਅਦ ਇੰਦਰ ਨਾਥ ਪੇ-ਆਫ਼ਿਸ ਦੇ ਸੁਪਰਿੰਟੈਂਡੈਂਟ ਲਾਲਾ ਰੰਗੀ ਲਾਲ ਦੇ ਦਫ਼ਤਰ ਵਿੱਚ ਸੀ। ਰੰਗੀ ਲਾਲ ਇਕ ਪੁਸਤਕ ਪੜ੍ਹ ਰਹੇ ਸਨ। ਉਨ੍ਹਾਂ ਨੇ ਬੜੇ ਤਪਾਕ ਨਾਲ ਉਠ ਕੇ ਇੰਦਰਨਾਥ ਨਾਲ ਹੱਥ ਮਿਲਾਇਆ ਅਤੇ ਮਾਫ਼ੀ ਮੰਗਦੇ ਹੋਏ ਕਿਹਾ— "ਮੈਨੂੰ ਕੇਵਲ ਪੰਜਾਂ ਮਿੰਟਾਂ ਲਈ ਮਾਫੀ ਦਿਉ।"

ਇਹ ਕਹਿ ਕੇ ਲਾਲਾ ਰੰਗੀ ਲਾਲ ਨੇ ਸਾਮਣੇ ਪਈ ਕੁਰਸੀ ਵਲ ਇਸ਼ਾਰਾ ਕੀਤਾ। ਅਤੇ ਆਪਣੀ ਪੁਸਤਕ ਪੜ੍ਹਨ ਵਿੱਚ ਮਸਤ ਹੋ ਗਏ। ਇੰਦਰ ਨਾਥ ਨੂੰ ਇਹ ਵਿਹਾਰ ਬਹੁਤ ਹੀ ਬੇਇੱਜ਼ਤੀ ਭਰਿਆ ਮਹਿਸੂਸ ਹੋਇਆ। ਉਨ੍ਹਾਂ ਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਕਿਸੇ ਨੇ ਖੁਲਮ ਖੁਲਾ ਨਿਰਾਦਰ ਕਰ ਦਿੱਤਾ ਹੋਵੇ। ਉਨ੍ਹਾਂ ਦਾ ਚਿਹਰਾ ਭੱਖ ਉਠਿਆ। ਖ਼ਿਆਲ ਆਇਆ ਕਿੰਨਾ-ਅਸਭਿਆ ਹੈ। ਇਸਨੂੰ ਆਪਣੇ ਵਕਤ ਦਾ ਖਿਆਲ ਹੈ, ਸਾਡੇ ਵਕਤ ਦੀ ਪਰਵਾਹ ਨਹੀਂ, ਅਤੇ ਜੇ ਹੁਣ ਤੋਂ ਇਹੀ ਹਾਲਤ ਹੈ ਤਾਂ ਨੌਕਰ ਹੋ ਜਾਣ ਬਾਅਦ ਤਾਂ ਸ਼ਾਇਦ ਦਰਵਾਜ਼ੇ 'ਤੇ ਉਡੀਕ ਕਰਨੀ ਪਵੇਗੀ।

ਇੰਦਰਨਾਥ ਨੇ ਉਠਣ ਦਾ ਇਰਾਦਾ ਕੀਤਾ, ਪਰ ਉਸੇ ਵੇਲੇ ਮਾਲਕ ਮਕਾਨ ਦੀ ਲੋਹ ਲਾਖੀ ਸੂਰਤ ਯਾਦ ਆ ਗਈ। ਕੀ ਫਿਰ ਉਹੀ ਅੱਖਾਂ ਵੇਖਾਗਾ ? ਕੀ ਫਿਰ ਉਹੀ ਧੌਂਸ ਸੁਣਾਂਗਾ ? ਇੰਦਰ ਨਾਥ ਚੁੱਪਚਾਪ ਬੈਠ ਗਏ, ਜਿਵੇਂ ਹਵਾ ਵਿੱਚ ਉਡਦੇ ਹੋਏ ਕਾਗਜ਼ਾਂ ਤੇ ਕੋਈ ਲੋਹੇ ਦਾ ਟੁਕੜਾ ਧਰ ਦੇਵੇ। ਇਨ੍ਹਾਂ ਕਾਗਜਾਂ ਦੇ ਟੁਕੜਿਆਂ ਦੀ ਲੋਹੇ ਦੇ ਮੁਕਾਬਲੇ ਕੀ ਤਾਕਤ ਹੈ ! ਆਤਮਾ ਨੂੰ ਪ੍ਰਕ੍ਰਿਤੀ ਨੇ ਦਬਾ ਲਿਆ। ਇਹ ਉਡੀਕ ਦਾ ਵਕਤ ਇੰਦਰਨਾਥ ਲਈ ਆਤਮਕ ਤਸੀਹਾ ਸੀ। ਅਤੇ ਜਦੋਂ ਲਾਲਾ ਰੰਗੀ ਲਾਲ ਨੇ ਪੁਸਤਕ ਖ਼ਤਮ ਕਰ ਲਈ, ਤਾਂ ਇੰਦਰ ਨਾਥ ਨੂੰ ਇਉਂ ਭਾਸਿਆ ਜਿਵੇਂ ਕਮਰੇ ਵਿੱਚ ਹਵਾ ਦਾ ਅਭਾਵ ਹੈ, ਅਤੇ ਉਸਦਾ ਦਮ ਘੁਟਦਾ ਜਾ ਰਿਹਾ ਹੈ। ਪਰ ਲਾਲਾ ਰੰਗੀ ਲਾਲ ਆਪਣੀ ਪੜ੍ਹੀ ਹੋਈ ਪੁਸਤਕ ਦੇ ਧਿਆਨ ਵਿੱਚ ਮਗਨ ਸਨ। ਥੋੜੀ ਦੇਰ ਲਈ ਉਹ ਯੋਗ ਵਰਗੀ ਹਾਲਤ ਵਿੱਚ ਅੱਖਾਂ ਮੀਟ ਕੇ ਬੈਠੇ ਰਹੇ, ਫਿਰ ਬੁੜਬੁੜਾਉਣ ਲੱਗੇ "ਵਾਹ! ਵਾਹ ! ਕਿਆ ਕਹਿਨੇ ! ਕਿੰਨੇ ਉੱਚੇ ਵਿਚਾਰ ਹਨ ! ਕਿੰਨੇ ਪਵਿੱਤਰ ਭਾਵ ! ! !

ਇੰਦਰ ਨਾਥ ਉਨ੍ਹਾਂ ਵੱਲ ਅੱਖਾਂ ਟੱਡ ਕੇ ਵੇਖਣ ਲੱਗੇ ਕਿ ਇਹ ਕਹਿੰਦੇ ਕੀ ਹਨ। ਰੰਗੀ ਲਾਲ ਨੇ ਮੇਜ਼ ਤੇ ਝੁਕ ਕੇ ਕਿਹਾ, "ਫਰਮਾਉ ਜਨਾਬ, ਕੀ ਹੁਕਮ ਹੈ ?"

ਇੰਨੇ ਵਿੱਚ ਕਮਰੇ ਦਾ ਦਰਵਾਜਾ ਖੁਲਿਆ, ਬੜੇ ਸਾਹਿਬ ਹੱਥ ਵਿੱਚ ਟੱਪ ਲਈ ਕਮਰੇ ਅੰਦਰ ਆਏ। ਲਾਲਾ ਰੰਗੀ ਲਾਲ ਖੜੇ ਹੋ ਗਏ।

"ਗੁੱਡ ਮਾਰਨਿੰਗ"

"ਗੁੱਡ ਮਾਰਨਿੰਗ ! ਯਿਹ ਕਿਤਾਬ ਕੈਸਾ ਹੈ ?"

ਰੰਗੀ ਲਾਲ-ਬਹੁਤ ਬੜੀਆ ਹੈ।"

ਸਾਹਿਬ ਨੇ ਪੁਸਤਕ ਹੱਥ ਵਿਚ ਲੈ ਕੇ ਦੂਜੇ ਹੱਥ ਨਾਲ ਉਸਦੇ ਪੰਨੇ ਉਲਟਣੇ ਸ਼ੁਰੂ ਕੀਤੇ ਤੇ ਕਿਹਾ—' ਟੋ ਆਪ ਕੋ ਬਹੁਤ ਅੱਛਾ ਮਾਲੂਮ ਹੂਆ ? '

ਰੰਗੀ ਲਾਲ-"ਅੱਛਾ ਕਾ ਸਵਾਲ ਨਹੀਂ, ਮੈਂ ਨੇ ਤੋ ਐਸੀ ਪੁਸਤਕ ਆਜ ਤਕ ਹਿੰਦੀ ਮੈਂ ਨਹੀਂ ਦੇਖੀ।"

ਸਾਹਿਬ— ਇਤਨਾ ਅੱਛਾ ਹੈ ?"

ਰੰਗੀ ਲਾਲ-ਪੜ੍ਹਨੇ ਪਰ ਮਜ਼ਾ ਆ ਗਿਆ।"

ਸਾਹਿਬ- ਇੰਗਲਿਸ਼ ਮੇਂ ਕਿਸ ਕਿਤਾਬ ਕੇ ਮਾਫ਼ਕ ਹੈ ??

ਰੰਗੀ ਲਾਲ-"ਯਿਹ ਤੌਂ ਮੈਂ ਨਹੀਂ ਜਾਨਤਾ, ਮਗਰ ਕਿਤਾਬ ਬਹੁਤ ਅੱਛੀ ਹੈ।"

ਸਾਹਿਬ—ਡਰਾਮਾ ਹੈ ਕਿਆ ?"

ਰੰਗੀ ਲਾਲ—"ਨਹੀਂ ਸਾਹਿਬ ! ਪੋਇਟ੍ਰੀ ਹੈ।"

ਸਾਹਿਬ-'ਹਿੰਦੀ ਕਾ ਪੋਇਟ੍ਰੀ ਕਿਆ ਹੋਗਾ, ਰਬਿਸ਼ ਹੋਗਾ।"

ਰੰਗੀ ਲਾਲ--"ਅਗਰ ਆਪ ਪੜ੍ਹ ਸਕਤੇ ਤੋ ਐਸਾ ਕਭੀ ਨਾ ਕਹਿਤੇ।"

ਅਚਾਨਕ ਇੰਦਰਨਾਥ ਦੀ ਨਜ਼ਰ ਪੁਸਤਕ ਦੇ ਕੱਵਰ ਤੇ ਜਾ ਪਈ ਤਾਂ ਉਹ ਚੌਂਕ ਪਏ।

ਇਹ ਪੁਸਤਕ 'ਭਾਵ ਸੁਸ਼ਮਾ ਸੀ। ਉਨ੍ਹਾਂ ਦਾ ਮਨ ਮੋਰ ਵਾਂਗ ਨੱਚਣ ਲੱਗਾ। ਉਨ੍ਹਾਂ ਦਾ ਦਿਲ ਗੁਲਾਬ ਦੇ ਫੁੱਲ ਵਾਂਗ ਖਿੜ ਗਿਆ। ਉਹ ਹੁਣ ਇਸ ਦੁਨੀਆਂ ਵਿੱਚ ਨਹੀਂ ਸਨ, ਕਿਸੇ ਹੋਰ ਦੁਨੀਆਂ ਵਿੱਚ ਸਨ। ਉਨ੍ਹਾਂ ਨੂੰ ਹੁਣ ਇਸ ਤੁੱਛ, ਨਿਕੰਮੀ, ਨਾਸ਼ਮਾਨ ਦੁਨੀਆਂ ਦੀ ਮੋਹ-ਮਾਇਆ ਤੇ ਧਨ ਨਾਲ ਪਿਆਰ ਨਹੀਂ ਸੀ। ਸੋਚਦੇ ਸਨ—ਦੌਲਤ ਕੀ ਹੈ ? ਆਉਂਦੀ ਹੈ, ਚਲੀ ਜਾਂਦੀ ਹੈ। ਇਹ ਉਡਦੀ ਫਿਰਦੀ ਚਿੜੀ ਹੈ ਜਿਸ ਨੂੰ ਪਿੰਜਰੇ ਵਿੱਚ ਬੰਦ ਰਖਣਾ ਅਸੰਭਵ ਹੈ। ਮੇਰੇ ਪਾਸ ਧਨ ਨਹੀਂ, ਧਨਵਾਨ ਤਾਂ ਹਨ। ਇਸ ਆਦਮੀ ਦੇ ਦਿਲ ਵਿੱਚ ਮੇਰਾ ਕਿੰਨਾ ਸਤਿਕਾਰ ਹੈ, ਕਿੰਨੀ ਸ਼ਰਧਾ ਹੈ। ਪੁਸਤਕ ਵੱਲ ਇਸ ਤਰ੍ਹਾਂ ਵੇਖਦਾ ਹੈ ਜਿਵੇਂ ਕੋਈ ਭਗਤ ਆਪਣੇ ਪੂਜਣ ਯੋਗ ਦੇਵਤਾ ਵੱਲ ਵੇਖਦਾ ਹੈ। ਜਦੋਂ ਪੜ੍ਹਦਾ ਸੀ ਅੱਖਾਂ ਕਿਵੇਂ ਚਮਕਦੀਆਂ

ਸਨ। ਮੈਨੂੰ ਇਸ ਹਾਲਤ ਵਿੱਚ ਵੇਖੇਗਾ ਤਾਂ ਕੀ ਕਹੇਗਾ ? ਚੌਂਕ ਉਠੇਗਾ। ਚਕ੍ਰਿਤ ਰਹਿ ਜਾਵੇਗਾ। ਉਸ ਨੂੰ ਕਦੇ ਆਸ ਨਹੀਂ ਹੋਵੇਗੀ ਕਿ ਮੈਂ ਭਿਖਾਰੀ ਬਣ ਕੇ ਉਸਦੇ ਅੱਗੇ ਹੱਥ ਪਸਾਰਾਂਗਾ ਮੈਂ ਉਸਦੇ ਸਾਮ੍ਹਣੇ ਅੱਖਾਂ ਉੱਚੀਆਂ ਨਹੀਂ ਕਰ ਸਕਾਂਗਾ। ਸ਼ਰਮ ਨਾਲ ਜ਼ਮੀਨ ਵਿੱਚ ਗਡ ਜਾਵਾਂਗਾ। ਮੈਨੂੰ ਨੌਕਰੀ ਮਿਲ ਜਾਵੇਗੀ ਪਰ ਸਵੈਮਾਨ ਦੀ ਦੌਲਤ ਜਾਂਦੀ ਰਹੇਗੀ। ਇਹ ਸੌਦਾ ਮਹਿੰਗਾ ਹੈ। ਲੋਕ ਸਵੈਮਾਨ ਦੀ ਖਾਤਰ ਸਭ ਕੁੱਝ ਲੁਟਾ ਦਿੰਦੇ ਹਨ। ਕੀ ਮੈਂ ਚਾਂਦੀ ਦੇ ਕੁੱਝ ਸਿੱਕਿਆਂ ਲਈ ਇਸ ਅਣਮੋਲ ਧਨ ਤੋਂ ਹੱਥ ਧੋ ਬੈਠਾਂ ? ਨਹੀਂ, ਇਹ ਭੁੱਲ ਹੋਵੇਗੀ। ਮੈਂ ਇਹ ਭੁੱਲ ਕਦੇ ਨਹੀਂ ਕਰਾਂਗਾ।

ਇਹ ਸੋਚ ਕੇ ਇੰਦਰ ਨਾਥ ਹੌਲੀ ਜਿਹੀ ਉਠੇ, ਅਤੇ ਦਰਵਾਜਾ ਖੋਲ੍ਹ ਕੇ ਬਾਹਰ ਨਿਕਲ ਆਏ। ਇਸ ਵਕਤ ਉਨ੍ਹਾਂ ਦੇ ਮੂੰਹ ਤੇ ਅਧਿਆਤਮਕ ਚਮਕ ਸੀ, ਜੋ ਇਸ ਅਸਾਰ ਸੰਸਾਰ ਵਿੱਚ ਘਟ ਹੀ ਵਿਖਾਈ ਦਿੰਦੀ ਹੈ। ਉਨ੍ਹਾਂ ਦੀਆਂ ਅੱਖਾਂ ਵਿੱਚ ਸਵੈ ਸਨਮਾਨ ਦੀ ਜੋਤ ਬਲਦੀ ਸੀ, ਦਿਲ ਵਿੱਚ ਸਵਰਗੀ ਆਨੰਦ ਦਾ ਸਾਗਰ ਠਾਠਾਂ ਮਾਰ ਰਿਹਾ ਸੀ। ਪਹਿਲੇ ਆਤਮਾ ਨੂੰ ਪ੍ਰਕ੍ਰਿਤੀ ਨੇ ਪਛਾੜਿਆ ਸੀ। ਹੁਣ ਪ੍ਰਕ੍ਰਿਤੀ ਤੇ ਆਤਮਾ ਨੇ ਜਿੱਤ ਪਾਈ ਸੀ। ਇੰਦਰ ਨਾਥ ਵਿੱਚ ਉਹੀ ਸੰਤੋਖ ਸੀ, ਉਹੀ ਵੈਰਾਗ ਸੀ, ਜਿਹੜਾ ਸੰਨਿਆਸੀਆਂ ਦੀ ਪੂੰਜੀ ਹੁੰਦੀ ਹੈ, ਜਿਸ ਲਈ ਜੋਗੀ ਜੰਗਲਾਂ ਵਿੱਚ ਭਟਕਦੇ ਫਿਰਦੇ ਹਨ। ਘਰ ਪਹੁੰਚੇ ਤਦ ਇੰਨੇ ਪ੍ਰਸੰਨ ਸਨ ਜਿਵੇਂ ਕੁਬੇਰ ਦਾ ਖ਼ਜ਼ਾਨਾ ਮਿਲ ਗਿਆ ਹੋਵੇ। ਮਨੋਰਮਾ ਬੋਲੀ "ਜਾਪਦਾ ਹੈ, ਕੰਮ ਬਣ ਗਿਆ।"

ਇੰਦਰ ਨਾਥ-"ਆਸ ਤੋਂ ਵੀ ਵੱਧ।"

ਮਨੋਰਮਾ -"ਪਰਮਾਤਮਾ ਦਾ ਧੰਨਵਾਦ ਕਿ ਉਸਨੇ ਸਾਡੀ ਸੁਣ ਲਈ। ਕੀ ਮਹੀਨਾ ਮਿਲੇਗਾ ?"

ਇੰਦਰ ਨਾਥ-"ਕੁੱਝ ਨਾ ਪੁਛ, ਇਸ ਵਕਤ ਮੇਰਾ ਦਿਲ ਵਸ ਵਿੱਚ ਨਹੀਂ।"

ਮਨੋਰਮਾ -"ਅੱਛਾ ! ਤਾਂ ਕੀ ਮੈਨੂੰ ਵੀ ਨਹੀਂ ਦਸੋਗੇ ?"

ਇੰਦਰ ਨਾਥ ਨੇ ਮਨੋਰਮਾ ਨੂੰ ਸਾਰੀ ਕਹਾਣੀ ਸੁਣਾ ਦਿੱਤੀ ਅਤੇ ਅੰਤ ਵਿੱਚ ਕਿਹਾ, "ਮਨੋਰਮਾ ! ਮੈਨੂੰ ਨੌਕਰੀ ਨਹੀਂ ਮਿਲੀ, ਪਰ ਆਤਮ-ਗਿਆਨ ਮਿਲ ਗਿਆ ਹੈ। ਮੇਰੀਆਂ ਗਿਆਨ-ਅੱਖਾਂ ਖੁਲ੍ਹ ਗਈਆਂ ਹਨ। ਮੈਂ ਆਪਣੇ ਆਪ ਨੂੰ ਭੁਲਾਇਆ ਹੋਇਆ ਸੀ, ਅੱਜ ਮੇਰੇ ਦਿਲ ਤੋਂ ਪਰਦਾ ਹਟ ਗਿਆ ਹੈ। ਮੈਨੂੰ ਪਤਾ ਲੱਗ ਗਿਆ ਹੈ ਕਵੀ ਦੀ ਪਦਵੀ ਕਿੰਨੀ ਉੱਚੀ

ਕਿੰਨੀ ਮਹਾਨ ਹੈ, ਦਿਲਾਂ ਦੇ ਤਖ਼ਤ ਤੇ ਰਾਜ ਕਰਦਾ ਹੈ, ਉਹ ਸੁਤੀ ਹੋਈ ਲੋਕਾਈ ਨੂੰ ਜਗਾਉਂਦਾ ਹੈ, ਉਹ ਮਰੇ ਹੋਏ ਦੇਸ਼ ਵਿੱਚ ਨਵਜੀਵਨ ਦਾ ਸੰਚਾਰ ਕਰਦਾ ਹੈ, ਦੁਨੀਆਂ ਆਪਣੇ ਲਈ ਜੀਉਂਦੀ ਤੇ ਆਪਣੇ ਲਈ ਮਰਦੀ ਹੈ, ਪਰ ਕਵੀ ਦਾ ਸਾਰਾ ਜੀਵਨ ਉਪਕਾਰ ਦਾ ਜੀਵਨ ਹੈ। ਉਹ ਡਿੱਗੇ ਹੋਏ ਉਤਸ਼ਾਹ ਨੂੰ ਉਠਾਉਂਦਾ ਹੈ, ਰੋਂਦੀਆ ਅੱਖਾਂ ਦੇ ਹੰਝੂ ਪੂੰਝਦਾ ਹੈ, ਅਤੇ ਨਿਰਾਸ਼ਾਵਾਦੀਆਂ ਦੇ ਸਾਮ੍ਹਣੇ ਆਸ ਦਾ ਦੀਪ ਰੋਸ਼ਨ ਕਰਦਾ ਹੈ। ਦੁਨੀਆ ਦੇ ਲੋਕ ਪੈਦਾ ਹੁੰਦੇ ਤੇ ਮਰ ਜਾਂਦੇ ਹਨ, ਪਰ ਅਜਿਹੇ ਸਮਾਜ ਨਿਰਮਾਤਾ ਸਦਾ ਜ਼ਿੰਦਾ ਰਹਿੰਦੇ ਹਨ, ਉਨ੍ਹਾਂ ਨੂੰ ਕਦੇ ਮੌਤ ਨਹੀਂ ਆਉਂਦੀ। ਮੈਂ ਨੌਕਰੀ ਨਹੀਂ ਕੀਤੀ, ਅਮਰ ਜੀਵਨ ਲੈ ਲਿਆ ਹੈ। ਮਨੋਰਮਾ, ਮੇਰਾ ਹੱਥ ਫੜ ਲੈ, ਮੇਰੀ ਸਹਾਇਤਾ ਕਰ। ਇਸ ਵਿੱਚ ਸ਼ੱਕ ਨਹੀਂ ਕਿ ਤੈਨੂੰ ਕਸ਼ਟ ਹੋਵੇਗਾ, ਪਰ ਇਸ ਦੇ ਬਦਲੇ ਵਿੱਚ ਜੋ ਆਤਮਕ ਅਨੰਦ, ਜੋ ਸੱਚਾ ਸੁਖ ਪ੍ਰਾਪਤ ਹੋਵੇਗਾ, ਉਸ ਦਾ ਮੁੱਲ ਕੌਣ ਸਮਝ ਸਕਦਾ ਹੈ।"

ਮਨੋਰਮਾ ਨੇ ਸ਼ਰਧਾ ਭਾਵ ਨਾਲ ਆਪਣੇ ਪਤੀ ਵੱਲ ਵੇਖਿਆ ਅਤੇ ਮੁਸਕਰਾਉਣ ਲੱਗੀ।

-0-

# ਹੰਸ ਦੀ ਚਾਲ

ਕੁਝ ਸਮਾਂ ਗੁਜ਼ਰਿਆ, ਕਾਨਪੁਰ ਵਿਚ ਇਕ ਬੜੇ ਪ੍ਰਸਿੱਧ ਕਵੀ ਰਹਿੰਦੇ ਸਨ ਮੁਨਸ਼ੀ ਈਸ਼ਵਰ ਸਰਨ ਰਸਿਕ। ਉਮਰ ਤਾਂ ਕੋਈ ਬਹੁਤੀ ਨਹੀਂ ਸੀ, ਪਰ ਜਦੋਂ ਲਿਖਣ ਬੈਠਦੇ ਤਾਂ ਸੁੰਦਰਤਾ ਦੀਆਂ ਨਦੀਆਂ ਵਗਾ ਦਿੰਦੇ। ਉਨ੍ਹਾਂ ਦੀਆਂ ਉਪਮਾਵਾਂ, ਉਨ੍ਹਾਂ ਦੀ ਸ਼ਬਦ-ਰਚਨਾ, ਉਨ੍ਹਾਂ ਦੇ ਅਲੰਕਾਰ, ਸਭ ਹੀ ਅਨੂਠੇ ਸਨ। ਲੋਕ ਉਨ੍ਹਾਂ ਦੀਆਂ ਕਵਿਤਾਵਾਂ ਪੜ੍ਹ ਕੇ ਤੜਪ ਉਠਦੇ ਸਨ। ਅਸੰਭਵ ਸੀ ਕਿ ਕਿਤੇ ਕੋਈ ਕਵੀ ਦਰਬਾਰ ਹੋਵੇ ਅਤੇ ਰਸਿਕ ਜੀ ਨੂੰ ਨਾ ਬੁਲਾਇਆ ਜਾਵੇ। ਉਨ੍ਹਾਂ ਦੀ ਇਕ ਇਕ ਸਤਰ ਤੇ ਸਰੋਤੇ ਵਾਹ ! ਵਾਹ ! ਕਰਦੇ ਸਨ। ਉਹ ਸਭਾ ਵਿਚ ਜਾਦੂ ਵਾਂਗ ਛਾ ਜਾਂਦੇ ਸਨ। ਉਨ੍ਹਾਂ ਤੋਂ ਪਿਛੋਂ ਕਿਸੇ ਦੂਜੇ ਦਾ ਰੰਗ ਨਹੀਂ ਸੀ ਜੰਮਦਾ, ਇਸ ਲਈ ਉਨ੍ਹਾਂ ਦੀ ਵਾਰੀ ਸਭ ਤੋਂ ਬਾਅਦ ਹੁੰਦੀ ਸੀ। ਉਹ ਕਿਸੇ ਦੇ ਕਾਰ-ਖਾਨੇ ਵਿਚ ਨੌਕਰ ਸਨ। ਤਨਖਾਹ ਵੀ ਕੋਈ ਜ਼ਿਆਦਾ ਨਹੀਂ ਸੀ, ਸਿਰਫ ਚਾਲੀ-ਪੰਜਤਾਲੀ ਹੀ ਲੈਂਦੇ ਸਨ, ਪਰ ਉਹ ਇਸੇ ਤੇ ਸੰਤੁਸ਼ਟ ਸਨ। ਅਕਸਰ ਕਿਹਾ ਕਰਦੇ ਸਨ, ਇਹ ਧਨ ਨਹੀਂ ਤਾਂ ਕੀ ਹੋਇਆ, ਵਿਧਾਤਾ ਨੇ ਕਾਵਿ-ਧਨ ਦੇਣ ਵਿਚ ਤਾਂ ਕੰਜੂਸੀ ਨਹੀਂ ਕੀਤੀ। ਹੁਣ ਦੁਨੀਆਂ ਦੀ ਹਰੇਕ ਚੀਜ਼ ਇਕ ਆਦਮੀ ਨੂੰ ਕਿਵੇਂ ਮਿਲ ਜਾਵੇ ? ਬਾਜ਼ਾਰ ਵਿਚ ਨਿਕਲਦੇ ਅਤੇ ਲੋਕ ਉਨ੍ਹਾਂ ਨੂੰ ਵੇਖਕੇ ਇਸ਼ਾਰਿਆਂ ਵਿਚ ਕਹਿੰਦੇ, ਇਹ ਰਸਿਕ ਜੀ ਜਾ ਰਹੇ ਹਨ, ਤਾਂ ਆਪ ਕਿਸੇ ਅਨੰਦ-ਲੋਕ ਵਿਚ ਪਹੁੰਚ ਜਾਂਦੇ। ਉਸ ਵਕਤ ਉਨ੍ਹਾਂ ਨੂੰ ਇਸ ਤਰ੍ਹਾਂ ਜਾਪਦਾ ਸੀ, ਜਿਵੇਂ ਆਸਮਾਨ ਵਿਚ ਉਡੇ ਜਾ ਰਹੇ ਹਨ। ਪ੍ਰਸੰਸਾ ਦੀ ਸ਼ਰਾਬ ਦਾ ਨਸ਼ਾ ਕਿੰਨਾ ਤੇਜ਼, ਕਿੰਨਾ ਵੱਸ ਵਿਚ ਕਰ ਲੈਣ ਵਾਲਾ ਹੈ।

ਪਰ ਉਨ੍ਹਾਂ ਨੂੰ ਇਕ ਗੱਲ ਦਾ ਬੜਾ ਦੁੱਖ ਸੀ, ਉਨ੍ਹਾਂ ਦੀ ਜੀਵਨ-ਸਾਥਣ ਇਸ ਸਾਹਿਤ ਪ੍ਰਸੰਸਾ ਵਿਚ ਹਿੱਸੇਦਾਰ ਨਹੀਂ ਸੀ। ਉਂਝ ਉਹ ਭਗੀਰਥੀ ਤੇ ਜਾਨ ਦਿੰਦੇ ਸਨ। ਉਸ ਨੂੰ ਵੇਖ ਕੇ ਉਨਾਂ ਦੇ ਦਿਲ-ਸਾਗਰ ਵਿਚ ਪ੍ਰੇਮ ਤੇ ਅਨੰਦ ਦੀਆਂ ਲਹਿਰਾਂ ਉਠ ਪੈਂਦੀਆਂ ਸਨ। ਉਸ ਦੀ ਮੁਸ਼ਕਰਾਹਟ ਉਨ੍ਹਾਂ ਦੇ ਹਨੇਰੇ ਦਿਲ ਦਾ ਦੀਪਕ ਸੀ। ਉਸ ਨੂੰ ਕਹਿੰਦੇ ਭਗੀਰਥੀ ! ਕਵਿਤਾ ਦੀ ਮਧੁਰਤਾ ਤੇ ਮਨੋਹਰਤਾ ਦੀ ਸਰੋਤ ਤੂੰ ਹੈ। ਪਰ ਭਗੀਰਥੀ ਦਾ ਇਹ ਚਮਕਦਾ ਸਰੋਤ ਈਸ਼ਵਰ ਸਰਨ ਲਈ ਸੀ, ਉਸ ਦੇ ਆਪਣੇ ਲਈ ਨਹੀਂ, ਜਿਵੇਂ ਦੀਪਕ ਦੂਜਿਆਂ ਨੂੰ

ਰੋਸ਼ਨੀ ਦਿੰਦਾ ਹੈ। ਈਸ਼ਵਰ ਸਰਨ ਚਾਹੁੰਦੇ ਸਨ, ਭਗੀਰਥੀ ਵੀ ਕਾਵਿ-ਰਚਨਾ ਕਰੇ, ਉਸ ਦੀਆਂ ਕਵਿਤਾਵਾਂ ਵੀ ਹਿੰਦੀ ਦੇ ਉੱਚ ਕੋਟੀ ਦੇ ਰਸਾਲਿਆਂ ਵਿਚ ਪ੍ਰਕਾਸ਼ਿਤ ਹੋਣ ਅਤੇ ਉਹ ਵੇਖ ਵੇਖ ਕੇ ਖੁਸ਼ ਹੋਣ; ਉਨ੍ਹਾਂ ਦੇ ਸ਼ਰਧਾਲੂ ਮਿਤਰ ਕਹਿਣ, ਭਈ ਤੇਰੀ ਕਿਸਮਤ ਚੰਗੀ ਹੈ, ਤੈਨੂੰ ਇੰਨੀ ਚੰਗੀ ਪਤਨੀ ਮਿਲੀ ਹੈ, ਵਾਹ ਵਾਹ ! ਕਿੰਨਾ ਸੁਹਣਾ ਲਿਖਦੀ ਹੈ, ਪੜ੍ਹ ਕੇ ਦਿਲ ਦੀਆਂ ਅੱਖਾਂ ਖੁਲ੍ਹ ਜਾਂਦੀਆਂ ਹਨ, ਇਧਰ ਸਾਡੀਆਂ ਇਸਤਰੀਆਂ ਹਨ ਕਿ ਜੇ ਭੁਲਕੇ ਵੀ ਇਕ ਦੋਹਾ ਮੂੰਹੋਂ ਨਿਕਲ ਜਾਵੇ, ਤਾਂ ਮੂੰਹ ਵਲ ਹੈਰਾਨੀ ਨਾਲ ਵੇਖਣ ਲਗ ਜਾਂਦੀਆਂ ਹਨ। ਇਹ ਖ਼ਿਆਲ ਕਿੰਨੇ ਸੁਖਦਾਇਕ ਸਨ, ਕਿੰਨੇ ਸਨਮਾਨ ਭਰੇ ? ਈਸ਼ਵਰ ਸਰਨ ਉਸ ਦਿਨ ਲਈ ਉਤਾਵਲੇ ਸਨ, ਉਹ ਤਾਂ ਉਸ ਲਈ ਆਪਣਾ ਸਭ ਕੁਝ ਲੁਟਾਉਣ ਲਈ ਤਿਆਰ ਸਨ।

ਪਰ ਭਗੀਰਥੀ ਕਵਿਤਾਵਾਂ ਸਮਝਦੀ ਸੀ, ਲਿਖ ਨਹੀਂ ਸੀ ਸਕਦੀ। ਉਸ ਦੇ ਪਿਤਾ ਨੂੰ ਲੜਕੀਆਂ ਪੜ੍ਹਾਉਣ ਦਾ ਸ਼ੌਕ ਸੀ। ਉਨ੍ਹਾਂ ਨੇ ਭਗੀਰਥੀ ਨੂੰ ਹਿੰਦੀ ਦੀ ਉਚ-ਸਿਖਿਆ ਦਿੱਤੀ ਸੀ। ਇਸ ਤੋਂ ਪਿਛੋਂ ਉਸ ਨੂੰ ਈਸ਼ਵਰ ਸਰਨ ਵਰਗਾ ਸਾਹਿਤ-ਸੇਵੀ ਪਤੀ ਮਿਲ ਗਿਆ। ਸੋਨੇ ਤੇ ਸੁਹਾਗਾ ਹੋ ਗਿਆ, ਕੁਝ ਹੀ ਦਿਨਾਂ ਵਿਚ ਚੰਗੇ ਚੰਗੇ ਕਵੀਆਂ ਦੀਆਂ ਰਚਨਾਵਾਂ ਸਮਝਣ ਲੱਗੀ। ਉਸ ਦੀ ਤਰਕ-ਸ਼ਕਤੀ ਵੇਖ ਕੇ ਰਸਿਕ ਜੀ ਜ਼ਮੀਨ ਤੋਂ ਉਛਲ ਪੈਂਦੇ ਸਨ, ਪਰ ਹੁਣ ਇਸ ਦਾ ਕੀ ਕੀਤਾ ਜਾਏ ਕਿ ਉਹ ਕਵਿਤਾ ਸਮਝਦੀ ਸੀ। ਕਵਿਤਾ ਲਿਖ ਨਹੀਂ ਸਕਦੀ ਸੀ। ਅਸੀਂ ਹਰ ਰੋਜ਼ ਕਈ ਚਿੱਤਰ ਵੇਖਦੇ ਹਾਂ। ਕੇ ਚੰਗੇ ਚਿੱਤਰ ਦੀ ਪ੍ਰਸੰਸਾ ਕਰਦੇ ਹਾਂ, ਭੈੜੇ ਤੋਂ ਨੱਕ ਮਰੋੜ ਲੈਂਦੇ ਹਾਂ। ਪਰ ਸਾਡੇ ਵਿਚੋਂ ਕਿੰਨੇ ਕੁ ਚਿੱਤਰ ਬਣਾ ਸਕਦੇ ਹਨ ? ਈਸ਼ਵਰ ਸਰਨ ਇਸ ਮੋਟੀ ਜਿਹੀ ਗੱਲ ਨੂੰ ਵੀ ਨਹੀਂ ਸਨ ਸਮਝਦੇ ।

(2)

ਇਕ ਦਿਨ ਰਸਿਕ ਜੀ ਸ਼ਾਮ ਵੇਲੇ ਜਦੋਂ ਦਫ਼ਤਰੋਂ ਵਾਪਸ ਆਏ ਤਾਂ ਉਨ੍ਹਾਂ ਦੇ ਹੱਥ ਵਿਚ ਇਕ ਮਾਸਕ ਰਸਾਲਾ ਸੀ। ਆਉਂਦੇ ਹੀ ਪਤਨੀ ਨੂੰ ਕਹਿਣ ਲੱਗੇ—ਇਕ ਬਹੁਤ ਵਧੀਆ ਕਵਿਤਾ ਹੈ, ਦੇਖੇਂਗੀ? "ਭਗੀਰਥੀ ਇਸ ਵੇਲੇ ਧੋਤੇ ਕੱਪੜੇ ਸੰਵਾਰ ਸੰਵਾਰ ਕੇ ਸੰਦੂਕ ਵਿਚ ਰੱਖ ਰਹੀ ਸੀ। ਉਸ ਨੇ ਮੂੰਹ ਫੇਰ ਕੇ ਪਤੀ ਵਲ ਵੇਖਿਆ ਅਤੇ ਮੁਸਕਰਾ ਕੇ ਉਤਰ ਦਿੱਤਾ-- "ਪਹਿਲਾਂ ਇਹ ਕੱਪੜਿਆਂ ਦੀ ਕਵਿਤਾ ਖਤਮ ਕਰ ਲਵਾਂ, ਫਿਰ ਉਹ ਵੀ ਵੇਖ ਲਵਾਂਗੀ। ਕਿਹੜਾ ਰਸਾਲਾ ਹੈ ਇਹ?"

"ਬੀਸਵੀਂ ਸਦੀ।"

"ਤੁਹਾਡੀ ਕਵਿਤਾ ਛਪੀ ਹੈ ਜਾਂ ਨਹੀਂ।"

"ਛਪ ਗਈ ਹੈ। ਪਰ ਮੈਂ ਤੈਨੂੰ ਇਕ ਹੋਰ ਕਵਿਤਾ ਵਿਖਾਣਾ ਚਾਹੁੰਦਾ ਹਾਂ।"

"ਕਿਸ ਦੀ?"

"ਕੋਈ ਇਸਤਰੀ ਬ੍ਰਜ ਕੁਮਾਰੀ 'ਫੂਲ' ਹੈ, ਉਸ ਦੀ ਹੈ।"

ਭਗੀਰਥੀ ਨੇ ਸੰਦੂਕ ਦੇ ਇਕ ਕੋਨੇ ਵਿਚ ਨਵੇਂ ਕੱਪੜਿਆਂ ਲਈ ਥਾਂ ਬਣਾਉਂਦਿਆਂ ਹੋਇਆ ਕਿਹਾ, "ਨਵੀਂ ਲੇਖਕਾ ਹੈ। ਇਹ ਨਾਂ ਪਹਿਲਾਂ ਕਦੇ ਸੁਣਿਆ ਨਹੀਂ।"

"ਪਰ ਕਵਿਤਾ ਬਹੁਤ ਵਧੀਆ ਹੈ। ਵੇਖੇਂਗੀ ਤਾਂ ਖੁਸ਼ ਹੋ ਜਾਵੇਂਗੀ।"

ਭਗੀਰਥੀ ਨੇ ਕੱਪੜੇ ਉਥੇ ਹੀ ਛੱਡ ਦਿਤੇ ਅਤੇ ਲਪਕ ਕੇ ਰਸਾਲਾ ਪਤੀ ਦੇ ਹਥੋਂ ਫੜ ਲਿਆ। ਇੰਨੇ ਚਾਅ ਨਾਲ ਤਾਂ ਕੋਈ ਇਸਤਰੀ ਗਹਿਣਿਆਂ ਦੇ ਡੱਬੇ ਵਲ ਵੀ ਘਟ ਹੀ ਲਪਕਦੀ ਹੋਵੇਗੀ। ਭਗੀਰਥੀ ਜਿਉਂ ਜਿਉਂ ਕਵਿਤਾ ਪੜ੍ਹਦੀ ਜਾਂਦੀ ਸੀ ਉਸ ਦੇ ਚਿਹਰੇ ਦਾ ਰੰਗ ਖਿੜਦਾ ਜਾਂਦਾ ਸੀ। ਈਸ਼ਵਰ ਸਰਨ ਨੇ ਕੋਟ ਉਤਾਰ ਕੇ ਕਿੱਲੀ ਤੇ ਲਟਕਾ ਦਿੱਤਾ ਤੇ ਕਿਹਾ-"ਕਿਉਂ ਸ੍ਰੀਮਤੀ ਜੀ ! ਕਿਹੋ ਜਿਹੀ ਕਵਿਤਾ ਹੈ ? ਬੱਲੋ ।"

ਭਗੀਰਥੀ—ਬਹੁਤ ਵਧੀਆ ! ਪੜ੍ਹ ਕੇ ਅੱਖਾਂ ਦੇ ਸਾਹਮਣੇ ਚਿੱਤਰ ਆ ਜਾਂਦਾ ਹੈ।

ਈਸ਼ਵਰ ਸਰਨ-ਬਸ, ਬਸ ! ਮੇਰੀ ਵੀ ਇਹੀ ਰਾਏ ਹੈ। ਅੱਛਾ ਜੇ ਤੂੰ ਪਰੀਖਿਅਕ ਹੋਵੇਂ ਤਾਂ ਇਸ ਨੂੰ ਕਿੰਨੇ ਨੰਬਰ ਦੇਵੇਂ ?

ਭਗੀਰਥੀ ਨੇ ਰਸਾਲਾ ਲਪੇਟ ਕੇ ਦੋਵੇਂ ਹੱਥ ਲੱਕ ਦੇ ਪਿੱਛੇ ਕਰ ਲਏ, ਅਤੇ ਬੜੀ ਗੰਭੀਰਤਾ ਨਾਲ ਸੋਚਣ ਲੱਗੀ ।

ਈਸ਼ਵਰ ਸਰਨ ਪਰ ਦੇਖੀਂ ! ਇਹ ਬ੍ਰਜ ਕੁਮਾਰੀ 'ਫੂਲ' ਦਾ ਹੀ ਇਮਤਿਹਾਨ ਨਹੀਂ. ਤੇਰਾ ਵੀ ਇਮਤਿਹਾਨ ਹੈ।

ਭਗੀਰਥੀ ਨੇ ਅਜੀਬ ਜਿਹਾ ਮੂੰਹ ਬਣਾ ਕੇ ਕਿਹਾ, "ਮੇਮ ਸਾਹਿਬ ਦੀ ਰਾਏ ਵਿਚ ਇਹ ਲੜਕੀ ਦਸ ਵਿਚੋਂ ਛੇ ਨੰਬਰ ਲੈਣ ਦੇ ਯੋਗ ਹੈ।"

ਈਸ਼ਵਰ ਸਰਨ—ਤਾਂ ਬਾਕੀ ਨੰਬਰ ਕਿਉਂ ਕੱਟ ਲਏ?

ਭਗੀਰਥੀ-ਤੁਹਾਡੇ ਲਈ। ਅਤੇ ਇਕ ਹੋਰ ਗਲ ਵੀ ਹੈ, ਇਸ ਨੂੰ ਪੂਰੇ ਨੰਬਰ ਦੇ ਦਿੰਦੀ ਤਾਂ ਆਪ ਫੇਲ੍ਹ ਹੋ ਜਾਂਦੀ । ਤੁਸੀਂ ਕਹਿੰਦੇ, ਚਾਰ ਚੰਗੇ ਸ਼ਬਦ ਵੇਖ ਕੇ ਅਵਾਕ ਹੋ ਗਈ। ਚੰਗਾ, ਹੁਣ ਬੈਠ ਜਾਉ, ਕਦ ਤਕ ਖੜੇ ਰਹੋਗੇ ।

ਇਹ ਕਹਿ ਕੇ ਭਗੀਰਥੀ ਨੇ ਬੱਚਿਆਂ ਵਰਗੀ ਸਾਦਗੀ ਨਾਲ ਪਤੀ ਦੇ ਦੋਵੇਂ ਹੱਥ ਪਕੜ ਲਏ ਅਤੇ ਉਨ੍ਹਾਂ ਨੂੰ ਕਮਰੇ ਵਿਚ ਲੈ ਗਈ ਤੇ ਚਾਰਪਾਈ ਤੇ ਬਿਠਾ ਦਿਤਾ। ਇਸ ਤੋਂ ਬਾਅਦ ਆਪ ਵੀ ਕੋਲ ਹੀ ਚਾਰਪਾਈ ਤੇ ਬੈਠ ਗਈ ਅਤੇ ਉਨ੍ਹਾਂ ਦੇ ਮੋਢੇ ਤੇ ਸਿਰ ਰਖ ਕੇ ਬੋਲੀ-ਕਵੀ ਰਾਜ ਜੀ ਦਾ ਦਿਲ ਇਸ ਵਕਤ ਕਿਥੇ ਹੈ ?

ਈਸ਼ਵਰ ਸਰਨ -ਬੜੀ ਦੂਰ !

ਭਗੀਰਥੀ -- (ਬਣਾਵਟੀ ਗੁੱਸੇ ਨਾਲ ਸਿਰ ਚੁਕਕੇ) ਬੜੀ ਦੂਰ ਨਹੀਂ ?

ਸ੍ਰੀਮਤੀ ਭਗੀਰਥੀ ਦੇਵੀ ਕੋਲ ਹੈ, ਤਾਂ ਦਿਲ ਦੂਰ ਕਿਥੇ ਜਾ ਸਕਦਾ ਹੈ !

ਪਵਿਤਰ ਪ੍ਰੇਮ ਦੀ ਇਸ ਸਾਦਗੀ ਤੇ ਰਸਿਕ ਜੀ ਲੋਟ-ਪੋਟ ਹੋ ਗਏ। ਉਨ੍ਹਾਂ ਨੇ ਭਗੀਰਥੀ ਦੇ ਮੂੰਹ ਵਲ ਵੇਖਿਆ, ਫਿਰ ਉਸ ਦੇ ਮੋਢੇ ਤੇ ਹੱਥ ਰਖ ਕੇ ਕਿਹਾ, "ਹੁਣ ਬਹੁਤ ਨੇੜੇ ਹੈ ।"

ਭਗੀਰਥੀ ਸ਼ਰਮਾ ਗਈ ਤੇ ਮੂੰਹ ਨੀਵਾਂ ਪਾ ਲਿਆ ਅਤੇ ਬੋਲੀ, "ਜਾਊ ਹਟੋ। ਤੁਸੀਂ ਬੜੇ ਸ਼ਰਾਰਤੀ ਹੋ। ਅਸੀਂ ਆਪਣੀ ਕਵਿਤਾ ਪੜ੍ਹਾਂਗੇ।"

ਇਹ ਕਹਿ ਕੇ ਭਗੀਰਥੀ ਨੇ ਰਸਾਲੇ ਦੇ ਪੰਨੇ ਪਲਟ ਕੇ ਵੇਖੇ, ਅਤੇ ਪਤੀ ਦੀ ਕਵਿਤਾ ਪੜ੍ਹਨ ਲੱਗੀ।

(3)

ਇਕ ਦਮ ਮੁਨਸ਼ੀ ਜੀ ਨੇ ਰਸਾਲਾ ਭਗੀਰਥੀ ਦੇ ਹਥੋਂ ਲੈ ਲਿਆ ਅਤੇ ਕਿਹਾ, 'ਤੂੰ ਵੇਖਿਆ ਹੈ, ਐਡੀਟਰ ਸਾਹਿਬ ਨੇ ਇਸ ਇਸਤਰੀ ਦੀ ਕਿੰਨੀ ਪ੍ਰਸੰਸਾ ਕੀਤੀ ਹੈ?"

ਭਗੀਰਥੀ—ਨਹੀਂ, ਮੈਂ ਨਹੀਂ ਵੇਖਿਆ, ਕੀ ਲਿਖਿਆ ਹੈ ?"

ਈਸ਼ਵਰ ਸਰਨ-ਐਡੀਟਰ ਸਾਹਿਬ ਲਿਖਦੇ ਹਨ—

'ਅਸੀਂ ਦੇਵੀ ਬ੍ਰਜ ਕੁਮਾਰੀ ਦੀ ਇਹ ਪਹਿਲੀ ਰਚਨਾ ਹਿੰਦੀ ਸੰਸਾਰ ਦੇ ਸਾਹਮਣੇ ਰਖਦੇ ਹੋਏ ਬੜੇ ਖੁਸ਼ ਹਾਂ ਅਤੇ ਸਾਨੂੰ ਮਾਣ ਹੈ ਕਿ ਅਜਿਹੀ ਉਚ-ਕੋਟੀ ਦੀ ਲੇਖਕਾ ਦੀ ਹਿੰਦੀ-ਸੰਸਾਰ ਨਾਲ ਜਾਣ-ਪਛਾਣ ਕਰਾਉਣ ਦਾ ਸੁਭ ਅਵਸਰ ਸਾਨੂੰ ਪ੍ਰਾਪਤ ਹੋਇਆ ਹੈ। ਜੇ ਦਿਨ

ਚੜ੍ਹਨ ਸਮੇਂ ਸੂਰਜ ਦੀ ਪਹਿਲੀ ਕਿਰਣ ਵੇਖ ਕੇ, ਉਸ ਦੇ ਬਾਅਦ ਦੀ ਰੋਸ਼ਨੀ ਦੇ ਸਬੰਧ ਵਿਚ ਭਵਿਖ ਬਾਣੀ ਕੀਤੀ ਜਾ ਸਕਦੀ ਹੈ, ਤਾਂ ਇਹ ਕਹਿਣ ਵਿਚ ਸਾਨੂੰ ਜ਼ਰਾ ਵੀ ਝਿਜਕ ਨਹੀਂ ਕਿ ਇਹ ਦੇਵੀ ਬਹੁਤ ਜਲਦੀ ਹਿੰਦੀ-ਸਾਹਿਤ-ਜਗਤ ਦੀ ਰਾਣੀ ਕਹਾਵੇਗੀ...।"

ਭਗੀਰਥੀ -ਬਸ ਮਰਦਾਂ ਵਿਚ ਇਹੀ ਤਾਂ ਨੁਕਸ ਹੈ। ਪ੍ਰਸੰਸਾ ਕਰਦੇ ਹਨ ਤਾਂ ਜ਼ਮੀਨ-ਆਸਮਾਨ ਇਕ ਕਰ ਦਿੰਦੇ ਹਨ ਅਤੇ ਇਸ ਦਾ ਕਾਰਣ ਕੇਵਲ ਇਹ ਹੈ ਕਿ ਉਹ ਇਸਤਰੀ ਹੈ, ਕਿਸੇ ਮਰਦ ਲਈ ਇਹ ਸ਼ਬਦ ਕਦੇ ਨਾ ਲਿਖੇ ਜਾਂਦੇ।

ਈਸ਼ਵਰ ਸਰਨ—ਤੇਰਾ ਖ਼ਿਆਲ ਅਸਲੋਂ ਠੀਕ ਹੈ।

ਭਗੀਰਥੀ-ਕਵਿਤਾ ਬੁਰੀ ਨਹੀਂ ਹੈ। ਮੈਂ ਪਹਿਲਾਂ ਹੀ ਪ੍ਰਸੰਸਾ ਕਰ ਚੁੱਕੀ ਹਾਂ। ਪਰ ਜ਼ਰਾ ਆਪਣੀ ਰਚਨਾ ਵੇਖੋ, "ਗੰਗਾ ਦੇ ਘਾਟ ਤੇ"—ਉਸ ਦੇ ਟਾਕਰੇ ਤੇ ਇਹ ਕੀ ਚੀਜ਼ ਹੈ! (ਮੂੰਹ ਬਣਾਕੇ) ਜੋ ਦਿਨ ਚੜ੍ਹਨ ਤੇ ਸੂਰਜ ਦੀ ਪਹਿਲੀ ਕਿਰਨ ਵੇਖਕੇ ਉਸ ਦੇ ਬਾਅਦ ਦੀ ਰੋਸ਼ਨੀ...। ਜੀ ਕਰਦਾ ਹੈ ਜੇ ਐਡੀਟਰ ਮੇਰੇ ਸਾਹਮਣੇ ਆ ਜਾਵੇ ਤਾਂ ਮੂੰਹ ਤੇ ਥਪੜ ਮਾਰਾਂ।

ਈਸ਼ਵਰ ਸਰਨ—(ਹਸਕੇ) ਤੂੰ ਤਾਂ ਚੰਡਕਾ ਬਣ ਗਈ ਹੈ।

ਭਗੀਰਥੀ—ਤੁਸੀ ਹੱਸਦੇ ਹੋ, ਮੈਨੂੰ ਇਹੋ ਜਿਹੀਆਂ ਚੀਜ਼ਾਂ ਤੇ ਜ਼ਹਿਰ ਚੜ੍ਹ ਜਾਂਦਾ ਹੈ। ਪਹਿਲੇ ਕਹਿ ਕਹਿ ਕੇ ਕਵਿਤਾ ਮੰਗਵਾਉਂਦੇ ਹਨ, ਫਿਰ ਅਪਮਾਨ ਕਰਦੇ ਹਨ। ਤੁਸੀਂ ਇਹੋ ਜਿਹੇ ਰਸਾਲਿਆਂ ਵਿਚ ਕਵਿਤਾ ਨਾ ਭੇਜਿਆ ਕਰੋ, ਕਿਹੜੀਆਂ ਥੈਲੀਆਂ ਖੋਲ੍ਹ ਦਿੰਦੇ ਹਨ ?

ਈਸ਼ਵਰ ਸਰਨ-ਭਗੀਰਥੀ ! ਤੂੰ ਕਿਉਂ ਨਹੀਂ ਲਿਖਦੀ ? ਲਿਖੇ ਤਾਂ ਤੇਰੀ ਵੀ ਇਸੇ ਤਰ੍ਹਾਂ ਪ੍ਰਸੰਸਾ ਹੋਵੇ।

ਭਗੀਰਥੀ—ਨਾ ਮਹਾਰਾਜ ! ਮੈਨੂੰ ਅਜੇਹੀ ਪ੍ਰਸੰਸਾ ਦੀ ਲੋੜ ਨਹੀਂ।

ਈਸ਼ਵਰ ਸਰਨ-ਭਗੀਰਥੀ ! ਹੁਣ ਤੈਨੂੰ ਨਾ ਨਹੀਂ ਕਰਨ ਦੇਵਾਂਗਾ। ਤੈਨੂੰ ਲਿਖਣਾ ਹੀ ਪਵੇਗਾ।

ਭਗੀਰਥੀ - ਪਰ ਲਿਖਣਾ ਆਉਂਦਾ ਵੀ ਹੋਵੇ।

ਈਸ਼ਵਰ ਸਰਨ-ਆਉਂਦਾ ਕਿਉਂ ਨਹੀਂ। ਜਦੋਂ ਮੈਨੂੰ ਖ਼ਤ ਲਿਖਦੀ ਹੈ ਤਾਂ ਉਸ ਵਿਚ ਕਿੰਨੀ ਸੁੰਦਰਤਾ, ਕਿੰਨਾ ਜਾਦੂ ਹੁੰਦਾ ਹੈ; ਅਤੇ ਭਾਵਾਂ ਵਿਚ ਕਿੰਨੀ ਮਧੁਰਤਾ ਹੁੰਦੀ ਹੈ, ! ਵਾਹ, ਵਾਹ ! ਕਿਆ ਕਹਿਨੇ ! ਬਸ ਇਹੀ ਗੱਲ ਕਵਿਤਾ ਵਿਚ ਕਹਿ ਦੇ।

ਭਗੀਰਥੀ—ਇਹ ਕੰਮ ਮਰਦਾਂ ਦਾ ਹੈ। ਇਸਤਰੀਆਂ ਦਾ ਨਹੀਂ।

ਈਸ਼ਵਰ ਸਰਨ -ਵਾਹ ! ਇਸਤਰੀਆਂ ਦਾ ਕਿਵੇਂ ਨਹੀਂ, ਇਹ ਬ੍ਰਜ ਕੁਮਾਰੀ ਇਸਤਰੀ ਹੈ ਜਾਂ ਨਹੀਂ ? ਕਿੰਨਾ ਚੰਗਾ ਲਿਖਦੀ ਹੈ ?

ਭਗੀਰਥੀ-ਮੈਂ ਤਾਂ ਸਮਝਦੀ ਹਾਂ, ਉਸ ਦੇ ਪਤੀ ਨੇ ਲਿਖਕੇ ਉਸਦੇ ਨਾਂ ਤੇ ਭੇਜ ਦਿਤੀ ਹੋਵੇਗੀ। ਤੁਸੀਂ ਚਾਹੋ, ਤੁਸੀਂ ਵੀ ਲਿਖ ਦਿਉ। ਮਨ੍ਹਾਂ ਕਰ ਜਾਵਾਂ ਤਾਂ ਜੋ ਸਜ਼ਾ ਕਾਲੇ ਚੋਰ ਦੀ, ਉਹੀ ਮੇਰੀ।

ਈਸ਼ਵਰ ਸਰਨ -ਹਾਸਾ ਛੱਡ। ਬੋਲ, ਲਿਖੇਂਗੀ ਜਾਂ ਨਹੀਂ ?

ਭਗੀਰਥੀ -ਤੁਸੀਂ ਲਿਖ ਦਿਉ। ਮੈਂ ਨਕਲ ਕਰ ਕੇ ਭੇਜ ਦਿਆਂਗੀ।

ਈਸ਼ਵਰ ਸਰਨ--ਇਹ ਸਿਖਿਆ ਮੈਨੂੰ ਗੁਰੂ ਨੇ ਨਹੀਂ ਦਿੱਤੀ।

ਭਗੀਰਥੀ-ਲੋਕ ਕਹਿਣਗੇ, ਭਗੀਰਥੀ ਤਾਂ ਬ੍ਰਜ ਕੁਮਾਰੀ ਤੋਂ ਵੀ ਅਗੇ ਲੰਘ ਗਈ ਹੈ।

ਭਗੀਰਥੀ -ਸੰਪਾਦਕੀ ਨੋਟ ਪੜ੍ਹਕੇ ਮਜਾ ਆ ਜਾਵੇ।

ਈਸ਼ਵਰ ਸਰਨ-ਪਹਿਲਾਂ ਲਿਖ ਤਾਂ ਲੈ, ਫਿਰ ਇਹ ਵੀ ਸੋਚ ਲਵੀਂ।

ਭਗੀਰਥੀ—ਅਜੀ ! ਆਪਣੇ ਲਈ ਇੰਨਾ ਕੁਝ ਲਿਖਦੇ ਹੋ, ਕੀ ਥੋੜਾ ਜਿਹਾ ਮੇਰੇ ਲਈ ਨਹੀਂ ਲਿਖ ਸਕਦੇ? ਸੋਚਦੇ ਹੋਵੋਗੇ ਜੇ ਇਹ ਮਸ਼ਹੂਰ ਹੋ ਗਈ ਤਾਂ ਮੈਨੂੰ ਕੌਣ ਪੁਛੇਗਾ ? ਪਰ ਮੈਂ ਹੁਣ ਤੁਹਾਡਾ ਪਿੱਛਾ ਨਹੀਂ ਛਡਾਂਗੀ।

ਈਸ਼ਵਰ ਸਰਨ ਨੇ ਪਤਨੀ ਵਲ ਰੋਸ ਭਰੀਆਂ ਅੱਖਾਂ ਨਾਲ ਵੇਖਿਆ ਤੇ ਸਿਰ ਝੁਕਾ ਲਿਆ।

(4)

ਹੁਣ ਭਗੀਰਥੀ ਦੇ ਸਿਰ ਤੇ ਇਕ ਹੀ ਧੁਨ ਸਵਾਰ ਸੀ। ਹਰ ਵਕਤ ਈਸ਼ਵਰ ਸਰਨ ਨਾਲ ਲੜਿਆ ਕਰਦੀ ਤੁਸੀਂ ਕਿਹੋ ਜਿਹੇ ਤੰਗਦਿਲ ਹੋ, ਇਕ ਕਵਿਤਾ ਵੀ ਨਹੀਂ ਤਿਆਰ ਕਰ ਦਿੰਦੇ? ਬੜਾ ਪਿਆਰ ਜਤਲਾਉਂਦੇ ਹੁੰਦੇ ਹੋ, ਜਿਵੇਂ ਮੈਥੋਂ ਵਧ ਇਨ੍ਹਾਂ ਨੂੰ ਕਿਸੇ ਦਾ ਖਿਆਲ ਨਾ ਹੋਵੇ। ਪਰ ਇਕ ਨਿਕੀ ਜਿਹੀ ਗੱਲ ਕਹੀ ਹੈ, ਉਹ ਵੀ ਨਹੀਂ ਮੰਨਦੇ। ਮੈਂ ਲਿਖਣਾ ਜਾਣਦੀ ਤਾਂ ਗਿਣਕੇ ਅਧੀਆਂ ਕਵਿਤਾਵਾਂ ਤੁਹਾਡੇ ਨਾਂ ਤੇ ਲਿਖ ਦਿੰਦੀ। ਪਰ ਤੁਸੀ ਮੇਰਾ ਜ਼ਰਾ ਵੀ ਖ਼ਿਆਲ ਨਹੀਂ ਕਰਦੇ। ਮਰਦ ਕਿੰਨੇ ਖੁਦਗਰਜ਼ ਹੁੰਦੇ ਹਨ ! ਇਸਤਰੀਆਂ ਉਨ੍ਹਾਂ ਲਈ ਆਪਣਾ ਤਨ ਮਨ ਸਭ ਕੁਝ ਵਾਰ ਦਿੰਦੀਆਂ ਹਨ, ਉਨ੍ਹਾਂ ਨੂੰ ਪਰਵਾਹ ਹੀ ਨਹੀਂ। ਈਸ਼ਵਰ ਸਰਨ ਕਹਿੰਦੇ-ਭਗੀਰਥੀ, ਕੀ ਤੂੰ ਪਾਗਲ ਹੋ ਗਈ ਹੈਂ ? ਮੈਥੋਂ ਇਹ ਕੰਮ ਨਹੀਂ ਹੋਵੇਗਾ। ਸ਼ੁਹਰਤ ਦੀ ਇੱਛਾ ਹੈ

ਤਾਂ ਮਿਹਨਤ ਕਰ, ਇਹ ਕੀ ਕਿ ਦੁਖ ਸਹੇ ਫ਼ਾਖਤਾ ਅਤੇ ਅੰਡੇ ਕਾਂ ਖਾਵੇ। ਮਿਹਨਤ ਮੈਂ ਕਰਾਂ ਸ਼ੁਹਰਤ ਤੇਰੀ ਹੋਵੇ। ਭਗੀਰਥੀ ਇਹ ਸੁਣਦੀ ਤੇ ਰੋਣ ਲੱਗ ਪੈਂਦੀ। ਅਸੀਂ ਪਤਨੀ ਦੀਆਂ ਲਾਲ ਅੱਖਾਂ ਤਾਂ ਵੇਖ ਸਕਦੇ ਹਾਂ, ਪਰ ਉਸਦੀਆਂ ਭਰੀਆਂ ਅੱਖਾਂ ਨਹੀਂ ਵੇਖ ਸਕਦੇ। ਉਸ ਵੇਲੇ ਸਾਡਾ ਦਿਲ ਦਇਆ ਦਾ ਸਾਗਰ ਬਣ ਜਾਂਦਾ ਹੈ। ਈਸ਼ਵਰ ਸਰਨ ਵੀ ਨਰਮ ਪੈ ਜਾਂਦੇ। ਸੋਚਦੇ, ਕਿੰਨੀ ਮੂਰਖਤਾ ਕਰ ਬੈਠਾ ਹਾਂ, ਇਸਨੂੰ ਇਹ ਖਿਆਲ ਨਾ ਦਿੰਦੇ ਤਾਂ ਅਜ ਇਹ ਕਲਹ ਨਾ ਵੇਖਣੀ ਪੈਂਦੀ। ਉਨ੍ਹਾਂ ਨੇ ਜਿਸ ਨੂੰ ਕੰਬਲ ਸਮਝਿਆ ਸੀ, ਉਹ ਰਿਛ ਨਿਕਲਿਆਂ। ਹੁਣ ਇਹ ਕੰਬਲ ਨੂੰ ਛਡਦੇ ਸਨ, ਕੰਬਲ ਉਨ੍ਹਾਂ ਨੂੰ ਨਹੀਂ ਸੀ ਛਡਦਾ। ਇਕ ਪਾਸੇ ਕਵੀ ਦੀ ਜ਼ਿਦ ਸੀ, ਦੂਜੇ ਪਾਸੇ ਨਾਰੀ ਹੱਠ ਸੀ। ਕਈ ਦਿਨਾਂ ਦੇ ਜੰਗ ਤੋਂ ਬਾਅਦ ਉਹੀ ਹੋਇਆ ਜੋ ਕੁਝ ਇਸ ਨੀਲੇ ਆਕਾਸ਼ ਹੇਠ ਹੋਇਆ ਕਰਦਾ ਹੈ। ਮਰਦ ਦਾ ਫ਼ੈਸਲਾ ਇਸਤਰੀ ਦੀ ਇੱਛਾ ਦੇ ਸਾਹਮਣੇ ਪਾਣੀ ਪਾਣੀ ਹੋ ਗਿਆ। ਬਰਫ ਦਾ ਟੁਕੜਾ ਕਿੰਨਾ ਸਖ਼ਤ ਕਿਉਂ ਨਾ ਹੋਵੇ ਪਰ ਸੂਰਜ ਦੀਆਂ ਨਰਮ ਤੇ ਗਰਮ ਕਿਰਨਾ ਦੇ ਸਾਹਮਣੇ ਕਦ ਤਕ ਠਹਿਰ ਸਕਦਾ ਹੈ ?

ਇਕ ਸਾਲ ਬਾਅਦ ਭਗੀਰਥੀ ਦਾ ਨਾਂ ਹਿੰਦੀ ਜਗਤ ਵਿਚ ਬੱਚੇ ਬੱਚੇ ਦੀ ਜ਼ਬਾਨ ਤੇ ਸੀ। ਉਸ ਦੀਆਂ ਰਚਨਾਵਾਂ ਵੇਖ ਵੇਖਕੇ ਕਵੀ ਇਕ ਦੂਜੇ ਨੂੰ ਪੁਛਦੇ-"ਇਹ ਕੌਣ ਹੈ ? ਕੁਝ ਹੀ ਮਹੀਨਿਆਂ ਵਿਚ ਕਿੱਥੇ ਦੀ ਕਿੱਥੇ ਜਾ ਪਹੁੰਚੀ। ਇਕ ਸਾਲ ਪਹਿਲਾਂ ਇਸਦਾ ਕੋਈ ਨਾਂ ਵੀ ਨਹੀਂ ਸੀ ਜਾਣਦਾ, ਅਜ ਚਾਰੇ ਪਾਸੇ ਉਸੇ ਦੀ ਚਰਚਾ ਸੀ। ਬ੍ਰਜ ਕੁਮਾਰੀ ਦਾ ਨਾਂ ਉਸਦੇ ਮੁਕਾਬਲੇ ਤੇ ਫਿੱਕਾ ਪੈ ਗਿਆ। ਜਿਵੇਂ ਸੂਰਜ ਨਿਕਲਣ ਤੇ ਚੰਨ ਫਿੱਕਾ ਪੈ ਜਾਂਦਾ ਹੈ। ਲੋਕ ਉਸਦੀਆਂ ਕਵਿਤਾਵਾਂ ਦੀ ਉਡੀਕ ਕਰਦੇ ਰਹਿੰਦੇ ਸਨ। ਇਸਤਰੀ ਸਿਖਿਆ ਦੇ ਹਾਮੀ ਕਹਿੰਦੇ— "ਵੇਖਿਆ ! ਇਕ ਇਸਤਰੀ ਨੇ ਸਾਰੇ ਮਰਦਾਂ ਦੇ ਦੰਦ ਖੱਟੇ ਕਰ ਦਿਤੇ। ਕੀ ਅਜੇ ਵੀ ਉਹੀ ਪੁਰਾਣੀ ਰੱਟ ਲਾਈ ਜਾਉਗੇ ਕਿ ਇਸਤਰੀ ਜਾਤੀ ਨੂੰ ਵਿਧਾਤਾ ਨੇ ਕੇਵਲ ਘਰ ਦੇ ਵਿਹੜੇ ਵਿਚ ਕੰਮ ਕਰਨ ਲਈ ਪੈਦਾ ਕੀਤਾ ਹੈ। ਵਿਰੋਧੀ ਕਹਿੰਦੇ, ' ਸਚ ਪੁੱਛ ਤਾਂ ਇੰਨ੍ਹਾਂ ਕਵਿਤਾਵਾਂ ਵਿਚ ਹੈ ਹੀ ਕੀ ?" ਇਸੇ ਦੀ ਇਕ ਕਵਿਤਾ ਲੈ ਕੇ ਬਲੇ ਕਿਸੇ ਮਰਦ ਦਾ ਨਾਂ ਲਿਖ ਦਿਉ, ਫਿਰ ਵੇਖੋ ਕੀ ਹੁੰਦਾ ਹੈ। ਕੋਈ ਬਾਤ ਹੀ ਨਾ ਪੁਛੇ। ਜਿਵੇਂ ਹੋਰ ਸਾਧਾਰਣ ਲੇਖ ਛਪ ਜਾਂਦੇ ਹਨ, ਉਸੇ ਤਰ੍ਹਾਂ ਇਹ ਵੀ ਛਪ ਜਾਵੇ। ਇਸਤਰੀ ਦਾ ਨਾਂ ਹੀ ਇਸਦਾ ਸਭ ਤੋਂ ਵੱਡਾ ਗੁਣ ਹੈ। ਅਤੇ ਜਨਾਬ ਸਾਡਾ ਤਾਂ ਇਥੋਂ ਤਕ ਖ਼ਿਆਲ ਹੈ ਕਿ ਇਹ ਕਿਸੇ ਮਨਚਲੇ ਮਰਦ ਦੀ ਕਰਤੂਤ ਹੈ।"

ਉਧਰ ਭਗੀਰਥੀ ਦੇ ਪੈਰ ਜ਼ਮੀਨ ਤੇ ਨਹੀਂ ਸਨ ਲੱਗਦੇ। ਜਿਸ ਰਸਾਲੇ ਨੂੰ ਚੁਕਦੀ ਉਸ ਵਿਚ ਆਪਣੀ ਪ੍ਰਸੰਸਾ ਵੇਖਦੀ। ਉਸ ਵੇਲੇ ਉਸ ਨੂੰ ਇਉਂ ਜਾਪਦਾ ਜਿਵੇਂ ਕਿਸੇ ਨੇ ਉਸਨੂੰ ਰਾਜ ਸਿੰਘਾਸਨ ਤੇ ਬਿਠਾ ਦਿਤਾ ਹੈ। ਈਸ਼ਵਰ ਸਰਨ ਦੀਆਂ ਦਿਨ ਰਾਤ ਖੁਸ਼ਾਮਦਾਂ ਕਰਦੀ ਰਹਿੰਦੀ ਸੀ। ਉਹ ਜ਼ਰਾ ਜਿਹਾ ਰੁਸ ਜਾਂਦੇ ਤਾਂ ਸੌ ਸੌ ਤਰ੍ਹਾਂ ਨਾਲ ਮਨਾਉਂਦੀ। ਦੁੱਧ ਦੇਣ ਵਾਲੀ ਗਾਂ ਦੀਆਂ ਲੱਤਾਂ ਵੀ ਖਾਣੀਆਂ ਪੈਂਦੀਆਂ ਹਨ, ਪਰ ਈਸ਼ਵਰ ਸਰਨ ਉਸ ਨਾਲ ਨਾਰਾਜ਼ ਨਾ ਹੁੰਦੇ, ਪਤਨੀ ਦੀ ਪ੍ਰਸੰਸਾ ਪੜ੍ਹਦੇ ਤਾਂ ਫੁੱਲੇ ਨਾ ਸਮਾਉਂਦੇ। ਅਸੀਂ ਆਪਣੀ ਤਾਰੀਫ ਸੁਣ ਕੇ ਇੰਨੇ ਖੁਸ਼ ਨਹੀਂ ਹੁੰਦੇ ਜਿੰਨੇ ਆਪਣੀ ਪਤਨੀ ਦੀ ਤਾਰੀਫ ਸੁਣ ਕੇ ਹੁੰਦੇ ਹਾਂ। ਦੂਜੇ ਦੇ ਮੂੰਹੋਂ ਉਸਦੀ ਯੋਗਤਾ ਬਾਰੇ ਸੁਣ ਕੇ ਕਿਸੇ ਸੁਹਾਵਣੀ ਦੁਨੀਆਂ ਵਿਚ ਜਾ ਪਹੁੰਚਦੇ ਹਾਂ। ਅਸੀਂ ਅਗੱਮੀ-ਆਨੰਦ ਵਿਚ ਲੀਨ ਹੋ ਜਾਂਦੇ ਹਾਂ। ਪਰ ਭਗੀਰਥੀ ਕਦੇ ਕਦੇ ਕਿਸੇ ਆਗਿਆਤ ਡਰ ਨਾਲ ਕੰਬ ਉਠਦੀ। ਉਸ ਨੂੰ ਇੰਝ ਲੱਗਦਾ ਸੀ ਕਿ ਮੈਂ ਆਸਮਾਨ ਤੋਂ ਡਿਗਣ ਵਾਲੀ ਹਾਂ ਮੇਰਾ ਕਾਵਿ-ਰਹੱਸ ਪ੍ਰਗਟ ਹੋ ਜਾਣ ਵਾਲਾ ਹੈ। ਇਕਾਂਤ ਵਿਚ ਬੈਠਦੀ ਤਾਂ ਸੋਚਦੀ ਕਾਂ ਨੇ ਹੰਸ ਦੇ ਪਰ ਲਾਏ ਹੋਏ ਹਨ। ਇਸ ਵੇਲੇ ਇਹ ਹਸਦਾ ਹੈ, ਨਚਦਾ ਹੈ, ਗਾਂਦਾ ਹੈ, ਖੁਸ਼ ਹੁੰਦਾ ਹੈ ਅਤੇ ਜੰਗਲ ਦੇ ਦੂਜੇ ਪੰਛੀ ਉਸਨੂੰ ਈਰਖਾ ਭਰੀ ਨਜ਼ਰ ਨਾਲ ਵੇਖਦੇ ਹਨ। ਪਰ ਇਸ ਝੂਠੀ ਸੁੰਦਰਤਾ ਦੀ ਉਮਰ ਕਿੰਨੇ ਦਿਨ ਹੈ ? ਇਹ ਮਕਰ ਕਦ ਤਕ ਚਲੇਗਾ ? ਪਰ ਫਿਰ ਵੀ ਉਹ ਰਸਿਕ ਜੀ ਦੀਆਂ ਮਿੰਨਤਾਂ ਕਰਦੀ ਸੀ ਅਤੇ ਆਪਣੇ ਲਈ ਲਿਖਵਾ ਲੈਂਦੀ ਸੀ, ਜਿਵੇਂ ਸ਼ਰਾਬੀ ਸ਼ਰਾਬ ਨੂੰ ਬੁਰਾ ਸਮਝਦਾ ਹੋਇਆ ਵੀ ਉਸ ਤੋਂ ਪਿੱਛਾ ਨਹੀਂ ਛੁਡਾ ਸਕਦਾ। ਸ਼ੁਹਰਤ ਦਾ ਨਸ਼ਾ ਸ਼ਰਾਬ ਦੇ ਨਸ਼ੇ ਤੋਂ ਵੀ ਤੇਜ਼ ਹੈ। ਸ਼ਰਾਬ ਤਾਂ ਛੱਡੀ ਜਾ ਸਕਦੀ ਹੈ, ਪਰ ਸ਼ੁਹਰਤ ਨਹੀਂ।

ਪਰ ਭਗੀਰਥੀ ਹੈ ਕੌਣ ? ਅਜੇ ਤਕ ਇਹ ਰਸਿਕ ਜੀ ਨੂੰ ਛਡਕੇ ਕਿਸੇ ਹੋਰ ਨੂੰ ਪਤਾ ਨਹੀਂ ਸੀ। ਉਸਦੀ ਕਵਿਤਾ ਪੜ੍ਹਨ ਵਾਲਿਆਂ ਦੀ ਗਿਣਤੀ ਹਜ਼ਾਰਾਂ ਤਕ ਪਹੁੰਚ ਗਈ, ਪਰ ਉਸ ਨੂੰ ਜਾਣਨ ਵਾਲਾ ਕੋਈ ਨਹੀਂ ਸੀ। ਰਸਿਕ ਜੀ ਨੇ ਇਸ ਗੱਲ ਦਾ ਪੂਰਾ ਖਿਆਲ ਰਖਿਆ ਸੀ ਕਿ ਭਗੀਰਥੀ ਦਾ ਪਤਾ ਕਿਸੇ ਨੂੰ ਨਾ ਹੋਵੇ। ਇਥੋਂ ਤਕ ਕਿ ਅਡੀਟਰਾਂ ਨੂੰ ਵੀ ਕੁਝ ਪਤਾ ਨਹੀਂ ਸੀ। ਉਨ੍ਹਾਂ ਨੂੰ ਕਵਿਤਾਵਾਂ ਮਿਲ ਜਾਂਦੀਆਂ ਸਨ ਅਤੇ ਉਹ ਪ੍ਰਕਾਸ਼ਿਤ ਕਰ ਦਿੰਦੇ ਸਨ। ਪਰ ਸ਼ੁਹਰਤ ਦੇਰ ਤਕ ਪਰਦੇ ਵਿਚ ਨਹੀਂ ਰਹਿ ਸਕਦੀ, ਜਿਵੇਂ ਪੰਛੀ ਦਾ ਬੱਚਾ ਪਰ ਨਿਕਲਣ ਤੇ ਆਲ੍ਹਣੇ ਵਿਚ ਨਹੀਂ ਰਹਿੰਦਾ। ਸ਼ੁਹਰਤ ਦੇ ਵੀ ਪਰ ਹੁੰਦੇ ਹਨ। ਕੁਝ ਦੇਰ ਬਾਅਦ ਇਹ ਰਾਜ਼ ਖੁਲ੍ਹ ਗਿਆ ਕਿ ਭਗੀਰਥੀ ਰਸਿਕ ਜੀ ਦੀ ਪਤਨੀ ਹੈ। ਅਖ਼ਬਾਰਾਂ ਨੂੰ ਗੱਲ ਮਿਲ ਗਈ। ਮੁਨਸ਼ੀ ਜੀ ਨੂੰ ਇਸ ਸੁਭਾਗ ਤੇ ਵਧਾਈਆਂ ਮਿਲਣ ਲੱਗੀਆਂ, ਪਰ ਉਹ ਦਿਲ ਵਿਚ ਕੰਬ ਰਹੇ ਸਨ। ਇਕ ਗੱਲ ਖੁਲ੍ਹ ਗਈ ਕੀ ਦੂਜੀ ਵੀ ਖੁਲ੍ਹ ਜਾਵੇਗੀ।

(5)

ਉਹਨਾਂ ਹੀ ਦਿਨਾਂ ਵਿਚ ਰਸਿਕ ਜੀ ਨੂੰ ਦਫਤਰ ਦੇ ਕਿਸੇ ਕੰਮ ਲਈ ਪੰਜਾਬ ਜਾਣਾ ਪਿਆ, ਭਗੀਰਥੀ ਉਦਾਸ ਹੋ ਗਈ। ਉਦਾਸੀਆਂ ਅੱਖਾਂ ਵਿਚ ਪਾਣੀ ਆ ਗਿਆ, ਪਿਆਰ ਵਿਛੋੜੇ ਤੋਂ ਬਹੁਤ ਘਬਰਾਉਂਦਾ ਹੈ। ਵਿਛੋੜੇ ਨੂੰ ਸਾਹਮਣੇ ਵੇਖ ਕੇ ਉਸ ਦਾ ਲਹੂ ਸੁੱਕ ਜਾਂਦਾ ਹੈ। ਭਗੀਰਥੀ ਸੋਚਣ ਲੱਗੀ, ਇਕੱਲੀ ਕਿਵੇਂ ਰਹਾਂਗੀ ? ਇਹ ਵਿਯੋਗ ਦੇ ਦਿਨ ਕਿਵੇਂ ਬੀਤਣਗੇ ? ਮੁਨਸ਼ੀ ਜੀ ਦੇ ਦਫਤਰੋਂ ਆਉਣ ਦਾ ਵੇਲਾ ਹੁੰਦਾ ਤਾਂ ਦਰਵਾਜ਼ੇ ਤੇ ਜਾ ਖਲੋਂਦੀ ਸਾਂ, ਹੁਣ ਕੀ ਕਰਾਂਗੀ ?

ਪਰ ਨੌਕਰੀ ਦਾ ਮਾਮਲਾ ਸੀ, ਕੀ ਹੋ ਸਕਦਾ ਸੀ ? ਮੁਨਸ਼ੀ ਜੀ ਨੇ ਕਿਹਾ, "ਥੋੜੇ ਦਿਨਾਂ ਦੀ ਗੱਲ ਹੈ, ਮੈਂ ਛੇਤੀ ਵਾਪਸ ਆ ਜਾਵਾਂਗਾ।"

ਭਗੀਰਥੀ—ਇਕ ਵਚਨ ਦਿਉ, ਤਾਂ ਜਾਣ ਦੇਵਾਂਗੀ।

ਈਸ਼ਵਰ ਸਰਨ—ਕੀ ?

ਭਗੀਰਥੀ—ਇਹ ਕਿ ਹਰ ਸ਼ਹਿਰ ਵਿਚੋਂ ਪੱਤਰ ਲਿਖਾਂਗਾ ਅਤੇ ਹਰ ਰੋਜ਼ ਲਿਖਾਂਗਾ। ਉਦਾਸ ਦਿਲ ਉਡੀਕ ਵਿਚ ਲੱਗਾ ਰਹੇਗਾ।

ਈਸ਼ਵਰ ਸਰਨ-ਬੜੀ ਬੇਢੱਬੀ ਸ਼ਰਤ ਹੈ, ਪਰ ਖੈਰ ਮਨਜ਼ੂਰ।

ਕੁਝ ਹੋਰ ?

ਭਗੀਰਥੀ—ਕਾਇਸਥ ਕੰਨਿਆਂ ਪਾਠਸ਼ਾਲਾ ਦਾ ਸਲਾਨਾ ਉਸਤਵ ਹੋਣ ਵਾਲਾ ਹੈ। ਉਸ ਦਿਨ ਮਿਸਿਜ਼ ਲਾਲ ਬਿਹਾਰੀ ਆਈ ਸੀ। ਕਹਿੰਦੀ ਸੀ, ਉਸ ਦਿਨ ਇਨਾਮ ਤੁਸੀਂ ਵੰਡਗੇ। ਮੈਂ ਬਹੁਤ ਕਿਹਾ ਕਿ ਮੈਂ ਇਸ ਪਦਵੀ ਦੇ ਯੋਗ ਨਹੀਂ; ਪਰ ਉਹ ਨਹੀਂ ਮੰਨੀ। ਹੁਣ ਉਥੇ ਕੋਈ ਕਵਿਤਾ ਪੜ੍ਹਨੀ ਪਵੇਗੀ।

ਈਸ਼ਵਰ ਸਰਨ ਦੇ ਮੂੰਹ ਤੇ ਖੁਸ਼ੀ ਦੀ ਚਮਕ ਆ ਗਈ। ਮੁਸ਼ਕਰਾ ਕੇ ਬੋਲੇ—'ਤਾਂ ਹੁਣ ਪ੍ਰਧਾਨ ਬਣੇਗੀ ? ਤੂੰ ਪਹਿਲਾਂ ਕਿਉਂ ਨਾ ਦਸਿਆ ?"

ਭਗੀਰਥੀ—ਕੀ ਕਰਾਂ, ਜੀ ਘਬਰਾ ਰਿਹਾ ਹੈ, ਮਿਸਿਜ਼ ਲਾਲ ਬਿਹਾਰੀ ਇਕ ਵੀ ਨਹੀਂ ਸੁਣਦੀ।

ਈਸ਼ਵਰ ਸਰਨ—ਪਰ ਦਿਲ ਵਿਚ ਖੁਸ਼ ਹੋ ਰਹੀ ਹੋਵੇਂਗੀ।

ਭਗੀਰਥੀ-ਮੈਂ ਝੂਠ ਨਹੀਂ ਬੋਲਦੀ। ਗੰਗਾ ਜੀ ਦੀ ਸੰਹੁ, ਮੇਰਾ ਦਿਲ ਕੰਬ ਰਿਹਾ ਹੈ।

ਉਥੇ ਮਰਦ ਵੀ ਹੋਣਗੇ, ਕਿਵੇਂ ਬੋਲਾਂਗੀ। ਪਰਮੇਸ਼ਰ ਲਾਜ ਰਖ ਲਵੇ, ਇਹ ਬੜੀ ਗੱਲ ਹੈ।

ਈਸ਼ਵਰ ਸਰਨ-ਖੂਬ ਰਖੇਗਾ। ਹੁਣ ਤਾਂ ਇਸਤਰੀਆਂ ਲੈਕਚਰ ਵੀ ਦੇਣ ਲੱਗੀਆਂ ਹਨ, ਤੂੰ ਕਵਿਤਾ ਵੀ ਨਹੀ ਪੜ੍ਹ ਸਕੇਂਗੀ ? ਭਗੀਰਥੀ ਜ਼ਰਾ ਸੋਚ ! ਇਸਤਰੀ ਤੇ ਮਰਦ ਵਿਚ ਕਿੰਨਾ ਫ਼ਰਕ ਹੈ ? ਅਸੀਂ ਕਈ ਸਾਲਾਂ ਤੋਂ ਤਪੱਸਿਆ ਕਰ ਰਹੇ ਹਾਂ, ਕਿਸੇ ਨੇ ਤਗਮਾ ਵੀ ਨਹੀਂ ਦਿਤਾ, ਤੇਰੀਆਂ ਚਾਰ ਕਵਿਤਾਵਾਂ ਪ੍ਰਕਾਸ਼ਿਤ ਹੋਈਆਂ, ਤੂੰ ਪ੍ਰਧਾਨ ਬਨਣ ਲੱਗੀ।

ਭਗੀਰਥੀ ਨੇ ਪ੍ਰੇਮ ਭਰੀਆਂ ਅੱਖਾਂ ਨਾਲ ਪਤੀ ਵਲ ਵੇਖਿਆ ਅਤੇ ਕਿਹਾ— 'ਸਚ ਕਹਿੰਦੇ ਹੋ ! ਇਹ ਸਤਿਕਾਰ ਮੇਰਾ ਹੈ ਜਾਂ ਤੁਹਾਡਾ ?

ਈਸ਼ਵਰ ਸਰਨ-ਤੇਰਾ ਹੈ ਮੇਰਾ ਨਹੀਂ, ਮੈਂ ਤਾਂ ਭਗਵਾਨ ਅਗੇ ਇਹ ਪ੍ਰਾਰਥਨਾ ਕਰਦਾ ਹਾਂ ਕਿ ਮੈਨੂੰ ਅਗਲੇ ਜਨਮ ਵਿਚ ਇਸਤਰੀ ਬਣਾਵੇ ਤੇ ਪਤੀ ਕਵੀ ਹੋਵੇ।

ਭਗੀਰਥੀ-ਫਿਰ ਕੀ ਹੋਵੇਗਾ ?

ਈਸ਼ਵਰ ਸਰਨ-ਪ੍ਰਧਾਨ ਤਾਂ ਬਣਾਗੇ। ਅੱਛਾ ਮੈਨੂੰ ਹੁਕਮ ਕੀ ਹੈ ?

ਭਗੀਰਥੀ-ਕੋਈ ਚੰਗੀ ਜਿਹੀ ਕਵਿਤਾ ਭੇਜ ਦੇਣਾ, ਜ਼ਰਾ ਜਲਦੀ ! ਕਿਤੇ ਇਹ ਨਾ ਹੋਵੇ, ਤੁਸੀਂ ਭੁੱਲ ਜਾਉ ਤੇ ਇਥੇ ਸਾਰਾ ਗੁੜ-ਗੋਬਰ ਹੋ ਜਾਵੇ। ਰੁਮਾਲ ਨੂੰ ਗੰਢ ਦੇ ਲਉ; ਫਿਰ ਨਹੀਂ ਭੁੱਲੋਗੇ।

ਈਸ਼ਵਰ ਸ਼ਰਨ-ਰੁਮਾਲ ਨੂੰ ਗੰਢ ਬੰਨਣ ਦੀ ਕੀ ਲੋੜ ਹੈ, ਇਥੇ ਦਿਲ ਤੇ ਨੋਟ ਹੋ ਗਿਆ।

ਇਸ ਤੋਂ ਪਿਛੋਂ ਈਸ਼ਵਰ ਸਰਨ ਨੇ ਭਗੀਰਥੀ ਨੂੰ ਗਲੇ ਲਾਇਆ ਤੇ ਬਾਹਰ ਨਿਕਲ ਆਏ। ਭਗੀਰਥੀ ਦਰਵਾਜ਼ਾ ਫੜਕੇ ਖੜੀ ਹੋ ਗਈ, ਅਤੇ ਭਰੀਆਂ ਅੱਖਾਂ ਨਾਲ ਪਤੀ ਵਲ ਵੇਖਦੀ ਰਹੀ।

ਕੁਝ ਦਿਨਾਂ ਬਾਅਦ ਕਵਿਤਾ ਆ ਗਈ, ਭਵਿੱਖ ਦਾ ਪ੍ਰਕਾਸ਼।"

ਉਸਨੂੰ ਪੜ੍ਹ ਕੇ ਭਗੀਰਥੀ ਜ਼ਮੀਨ ਤੋਂ ਉਛਲ ਪਈ। ਇਹ ਕੋਈ ਮਾਮੂਲੀ ਕਵਿਤਾ ਨਹੀਂ ਸੀ। ਇਸ ਵਿਚ ਸੁੰਦਰਤਾ ਸੀ, ਨਵੀਨਤਾ ਸੀ, ਕਲਪਨਾ ਸੀ। ਇਸ ਵਿਚ ਜਾਦੂ ਭਾਵ ਸੀ, ਰਸ ਸੀ, ਸਭ ਤੋਂ ਵਧ ਇਹ ਕਿ ਇਸ ਵਿਚ ਦਿਲ ਸੀ। ਭਗੀਰਥੀ ਨੂੰ ਵਿਸ਼ਵਾਸ ਹੋ ਗਿਆ ਕਿ ਵਾਰਸ਼ਿਕ-ਉਤਸਵ ਦੇ ਦਿਨ ਲੋਕ ਖੁਸ਼ ਹੋ ਜਾਣਗੇ ਅਤੇ ਜਦੋਂ ਇਹ ਕਵਿਤਾ ਪ੍ਰੈਸ ਵਿਚ

ਛਪ ਗਈ ਤਾਂ ਸਾਹਿਤ ਸੰਸਾਰ ਵਿਚ ਹੈਰਾਨੀ ਫੈਲ ਜਾਵੇਗੀ। ਮੇਰੇ ਨਾਂ ਤੇ ਕਵਿਤਾਵਾਂ ਤਾਂ ਬਹੁਤ ਛਪੀਆਂ ਹਨ, ਪਰ ਅਜਿਹੀ ਵਧੀਆ ਤੇ ਪੂਰਣ ਕਵਿਤਾ ਪਹਿਲਾਂ ਕਦੇ ਨਹੀਂ ਛਪੀ। ਇਹ ਕਵਿਤਾ ਨਹੀਂ ਕਾਵਿ-ਜਗਤ ਦੀ ਸ਼ੋਭਾ ਹੈ। ਇਸ ਵੇਲੇ ਉਸ ਨੇ ਪਤੀ ਦੀ ਮਹੱਤਤਾ ਪੂਰੀ ਪੂਰੀ ਅਨੁਭਵ ਕੀਤੀ। ਪਤਾ ਨਹੀਂ ਕਿਹੜੇ ਯਤਨਾਂ ਨਾਲ ਲਿਖੀ ਹੋਵੇਗੀ, ਇਸ ਲਈ ਕਿੰਨੀ ਰਾਤ ਜਾਗੇ ਹੋਣਗੇ, ਅਜਿਹੀਆਂ ਚੀਜ਼ਾਂ ਕੌਣ ਕਿਸੇ ਨੂੰ ਦਿੰਦਾ ਹੈ, ਪਰ ਮੁਹੱਬਤ ਤਿਆਗ ਦੀ ਮਾਂ ਹੈ, ਜਿਥੇ ਜਾਂਦੀ ਹੈ, ਬੇਟੀ ਨੂੰ ਨਾਲ ਲੈ ਜਾਂਦੀ ਹੈ। ਭਗੀਰਥੀ ਨੇ ਮਨ ਹੀ ਮਨ ਵਿਚ ਆਪਣੇ ਤਿਆਗੀ ਤੇ ਉਦਾਰ-ਦਿਲ ਪਤੀ ਨੂੰ ਮੱਥਾ ਟੇਕਿਆ ਤੇ ਕਵਿਤਾ ਗਲ ਨਾਲ ਲਾ ਲਈ।

ਉਤਸਵ ਦੇ ਦਿਨ ਹਾਲ ਵਿਚ ਤਿਲ ਧਰਨ ਲਈ ਥਾਂ ਨਹੀਂ ਸੀ। ਫਰਸ਼, ਗੈਲਰੀ ਪਲੈਟ ਫਾਰਮ ਸਭ ਭਰੇ ਹੋਏ ਸਨ। ਇਸ ਤੋਂ ਪਹਿਲਾਂ ਮਰਦ ਥੋੜੀ ਗਿਣਤੀ ਵਿਚ ਸ਼ਾਮਲ ਹੋਇਆ ਕਰਦੇ ਸਨ, ਪਰ ਇਸ ਸਾਲ ਉਹ ਇਸਤਰੀਆਂ ਤੋਂ ਵੀ ਵਧ ਸਨ। ਜੇ ਇਸਤਰੀਆਂ ਨੂੰ ਉਠਾਣਾ ਸੰਭਵ ਹੁੰਦਾ ਤਾਂ ਜਿਹੜੀਆਂ ਇਸਤਰੀਆਂ ਆਈਆਂ ਸਨ, ਮਰਦ ਉਹਨਾਂ ਨੂੰ ਵੀ ਉਠਾ ਦਿੰਦੇ। ਇਹ ਸਾਰੇ ਲੋਕ ਕਵਿਤਾ ਸੁਨਣ ਨਹੀਂ ਸਨ ਆਏ। ਲੱਗਭਗ ਅੱਧਿਆਂ ਤੋਂ ਵੱਧ ਗਿਣਤੀ ਉਨ੍ਹਾਂ ਸਜਨਾਂ ਦੀ ਸੀ, ਜੋ ਕੇਵਲ ਇਸ ਉਦੇਸ਼ ਨਾਲ ਆਏ ਸਨ ਕਿ ਚਲੋ ਭਗੀਰਥੀ ਦੇਵੀ ਨੂੰ ਹੀ ਵੇਖਣ ਚਲੀਏ। ਨਾਂ ਸੁਣਿਆ ਸ਼ਕਲ ਸੂਰਤ ਨਹੀਂ ਵੇਖੀ। ਵੇਖੀਏ, ਕਿਹੋ ਜਿਹੀ ਇਸਤਰੀ ਹੈ, ਜਿਸਦੀ ਇੰਨੀ ਪ੍ਰਸੰਸਾ ਹੋ ਰਹੀ ਹੈ।

ਅਚਾਨਕ ਇਕ ਪਾਸਿਉਂ ਸ਼ੋਰ ਉਠਿਆ, ਲੋਕ ਇਧਰ ਉਧਰ ਵੇਖਣ ਲੱਗੇ। ਜੋ ਪਿਛੇ ਬੈਠੇ ਸਨ, ਖੜੇ ਹੋ ਗਏ, ਜੋ ਖੜੇ ਸਨ ਉਹ ਅੱਗੇ ਖਿਸਕਣ ਲੱਗੇ। ਪ੍ਰਬੰਧ ਕਰਨ ਵਾਲਿਆਂ ਨੇ ਉੱਚੀ ਉੱਚੀ ਕਿਹਾ, “ਸਜਣੋਂ ਆਰਾਮ ਨਾਲ ਬੈਠੇ ਰਹੋ।” ਪਰ ਕੌਣ ਸੁਣਦਾ ਸੀ, ਖਲਬਲੀ ਮਚ ਗਈ। ਕੋਈ ਕਹਿੰਦਾ ਸੀ ਭਗੀਰਥੀ ਦੇਵੀ ਆ ਗਈ। ਕੋਈ ਕਹਿੰਦਾ ਸੀ, ਭੀੜ ਦਾ ਧੱਕਾ ਹੈ, ਬਾਹਰ ਆਦਮੀ ਹੀ ਆਦਮੀ ਖੜੇ ਹਨ, ਇਹਨਾਂ ਨੂੰ ਖੁਲ੍ਹੀ ਜਗਾ, ਦਾ ਪ੍ਰਬੰਧ ਕਰਨਾ ਚਾਹੀਦਾ ਸੀ। ਇਕ ਬੈਂਚ ਤੇ ਬਹੁਤ ਸਾਰੇ ਆਦਮੀ ਖੜੇ ਸਨ ਉਹ ਟੁੱਟ ਗਿਆ ਜ਼ਨਾਨੀਆਂ ਵਲੋਂ ਬੱਚੇ ਰੋਣ ਲੱਗੇ।

ਇਕਦਮ ਹਾਲ ਵਿਚ ਸੱਨਾਟਾ ਛਾ ਗਿਆ। ਲੋਕਾਂ ਨੇ ਵੇਖਿਆ ਕਿ ਮਿਸਿਜ਼ ਲਾਲ ਬਿਹਾਰੀ ਲਾਲ ਦੇ ਨਾਲ ਇਕ ਜਵਾਨ ਇਸਤਰੀ ਕਸ਼ਮੀਰੀ ਸਾੜੀ ਪਾਈ ਆ ਰਹੀ ਹੈ।

ਉਸਦਾ ਸਿਰ ਝੁਕਿਆ ਹੋਇਆ ਸੀ, ਅਤੇ ਉਹ ਬੜੀ ਸਾਵਧਾਨੀ ਨਾਲ ਬਚਾ ਬਚਾ ਕੇ ਪੈਰ ਪੁੱਟਦੀ ਸੀ। ਉਸਦੇ ਚਿਹਰੇ ਤੇ ਨਿਮਰਤਾ ਸੀ। ਪਰ ਇਹ ਨਿਮਰਤਾ ਹੰਕਾਰ ਵਲੋਂ ਵੀ ਵਧ ਅਭਿਮਾਨ ਪੂਰਨ ਸੀ। ਲੋਕਾਂ ਨੇ ਤਾੜੀਆਂ ਵਜਾ ਕੇ ਖੁਸ਼ੀ ਪ੍ਰਗਟ ਕੀਤੀ, "ਇਹੀ ਭਗੀਰਥੀ ਦੇਵੀ ਸਨ।

ਪਹਿਲਾਂ ਮਤਾ ਪੇਸ਼ ਹੋਇਆ ਤੇ ਫਿਰ ਉਸ ਦੀ ਪ੍ਰੋੜਤਾ ਹੋਈ। ਭਗੀਰਥੀ ਨੇ ਉਠਕੇ ਪ੍ਰਧਾਨਗੀ ਕੁਰਸੀ ਸਵੀਕਾਰ ਕੀਤੀ ਅਤੇ ਲੜਕੀਆਂ ਨੂੰ ਇਨਾਮ ਵੰਡਣ ਲੱਗੀ। ਇਸ ਵੇਲੇ ਉਸ ਦੇ ਦਿਲ ਦੀ ਜੋ ਦਸ਼ਾ ਸੀ, ਉਸਨੂੰ ਕੇਵਲ ਉਹੀ ਅਨੁਭਵ ਕਰ ਸਕਦਾ ਹੈ, ਜਿਸ ਨੂੰ ਖੁਦ ਇਹੋ ਜਿਹਾ ਮਾਣ ਪ੍ਰਾਪਤ ਹੋਇਆ ਹੋਵੇ। ਦੂਜੇ ਲੋਕ ਉਸਦੇ ਮਨੋਭਾਵ ਨਹੀਂ ਸਮਝ ਸਕਦੇ। ਆਖਿਰ ਇਹ ਕਾਰਵਾਈ, ਜਿਸ ਵਿਚ ਇਨਾਮ ਲੈਣ ਵਾਲੀਆਂ ਕੁੜੀਆਂ ਅਤੇ ਉਹਨਾਂ ਦੇ ਮਾਤਾ ਪਿਤਾ ਤੋਂ ਸਿਵਾਇ ਕਿਸੇ ਹੋਰ ਦੀ ਦਿਲਚਸਪੀ ਨਹੀਂ ਸੀ, ਖ਼ਤਮ ਹੋਈ ਅਤੇ ਭਗੀਰਥੀ ਦੇਵੀ ਭਾਸ਼ਣ ਦੇਣ ਲਈ ਖੜੀ ਹੋਈ। ਹੁਣ ਉਸ ਦੇ ਚਿਹਰੇ ਤੇ ਗੰਭੀਰਤਾ ਸੀ, ਸੰਕੋਚ ਨਹੀਂ ਸੀ। ਉਸ ਨੇ ਚਾਰੇ ਪਾਸੇ ਵੇਖਿਆ, ਅਤੇ ਉਹੀ ਕੁਝ ਕਹਿਣਾ ਸ਼ੁਰੂ ਕੀਤਾ ਜੋ ਅਜਿਹੇ ਮੌਕੇ ਤੇ ਹਰੇਕ ਆਦਮੀ ਕਹਿੰਦਾ ਹੈ—"ਆਪ ਨੇ ਮੈਨੂੰ ਜੋ ਮਾਣ ਦਿਤਾ ਹੈ, ਮੈਂ ਅਸਲ ਵਿਚ ਉਸ ਦੇ ਯੋਗ ਨਹੀਂ। ਮੇਰੇ ਤੋਂ ਵਧ ਯੋਗ, ਦੇਵੀਆਂ ਇਥੇ ਕਾਨਪੁਰ ਵਿਚ ਹੀ ਮੌਜੂਦ ਹਨ, ਜਿਨ੍ਹਾਂ ਦੇ ਸਿਰ ਦੇ ਵਾਲ ਇਸਤਰੀ ਸਮਾਜ ਦੀ ਸੇਵਾ ਕਰਦੇ ਕਰਦੇ ਸਫੈਦ ਹੋ ਗਏ। ਮੈਂ ਆਪ ਦਾ ਕਿਸ ਮੂੰਹ ਨਾਲ ਧੰਨਵਾਦ ਕਰਾਂ ਕਿ ਆਪਨੇ ਮਿੱਟੀ ਦੀ ਚੁਟਕੀ ਨੂੰ ਮਸਤਕ ਤੇ ਚੜ੍ਹਾ ਲਿਆ...।

ਲੋਕਾਂ ਨੇ ਚਿਲਾ ਕੇ ਕਿਹਾ, "ਕਵਿਤਾ !"

ਭਗੀਰਥੀ-ਮੇਰੇ ਖਿਆਲ ਵਿਚ ਇਸ ਵੇਲੇ ਕਵਿਤਾ ਦੀ ਕੋਈ ਲੋੜ ਨਹੀਂ। ਬੜੀ ਦੇਰ ਹੋ ਗਈ ਹੈ।

ਭੀੜ ਵਿਚੋਂ ਆਵਾਜਾਂ ਆਈਆਂ, ਬਿਲਕੁਲ ਨਹੀਂ, ਅਸੀਂ ਦੇਵੀ ਜੀ ਦੀ ਕਵਿਤਾ ਸੁਣਕੇ ਜਾਵਾਂਗੇ।"

ਹੁਣ ਭਗੀਰਥੀ ਨੇ ਕਵਿਤਾ ਕੱਢੀ ਅਤੇ ਉਸ ਨੂੰ ਪੜ੍ਹਨ ਲੱਗੀ। ਲੋਕ ਮਸਤ ਹੋ ਗਏ। ਇਹ ਕਵਿਤਾ ਨਹੀਂ ਸੀ, ਜਾਦੂ ਸੀ, ਅਤੇ ਇਸ ਤੇ ਭਗੀਰਥੀ ਦੇ ਪੜ੍ਹਨ ਦਾ ਢੰਗ ਸੋਨੇ ਤੇ ਸੁਹਾਗਾ ਸੀ। ਇਕ ਇਕ ਲਾਇਨ ਤੇ ਵਾਹ ਵਾਹ ਦਾ ਸ਼ੋਰ ਹੋਣ ਲੱਗਾ। ਜਿਹੜੇ ਨਹੀਂ ਸਨ ਸਮਝਦੇ, ਉਹ ਵੀ ਝੂਮਦੇ ਸਨ, ਕਿਤੇ ਅਜਿਹਾ ਨਾ ਹੋਵੇ ਕਿ ਦੂਜੇ ਲੋਕ ਉਹਨਾਂ ਨੂੰ ਮੂਰਖ

ਸਮਝਣ। ਭਗੀਰਥੀ ਦੇ ਦਿਲ ਵਿਚ ਜੋ ਭਰਮ, ਜੋ ਵਹਿਮ ਸਨ, ਸਭ ਨਿਰਮੂਲ ਸਾਬਤ ਹੋਏ। ਇਤਨੀ ਸ਼ਾਨਦਾਰ ਸਫਲਤਾ ਦੀ ਉਸ ਨੂੰ ਆਸ ਨਹੀਂ ਸੀ। ਸਭ ਅੱਖਾਂ ਉਸ ਵਲ ਵੇਖ ਰਹੀਆਂ ਸਨ, ਸਭ ਕੰਨ ਉਸਦੀ ਆਵਾਜ਼ ਸੁਣ ਰਹੇ ਸਨ।

ਭਗੀਰਥੀ ਆਪਣੀ ਕਵਿਤਾ ਨੂੰ ਹੋਰ ਵੀ ਜੋਸ਼ ਅਤੇ ਲੱਗਨ ਨਾਲ ਪੜ੍ਹਨ ਲੱਗੀ। ਅਸੀਂ ਜਿਉਂ ਜਿਉਂ ਆਪਦੇ ਕੰਮ ਵਿਚ ਸਫਲ ਹੁੰਦੇ ਹਾਂ, ਹਿੰਮਤ ਵਧਦੀ ਜਾਂਦੀ ਹੈ।

ਇਤਨੇ ਵਿਚ ਉਸਦੀ ਨਜ਼ਰ ਮਿਸਿਜ਼ ਲਾਲ ਬਿਹਾਰੀ ਵਲ ਗਈ। ਉਹ ਕਾਗਜ਼ ਦੇ ਟੁਕੜੇ ਨੂੰ ਬੜੇ ਧਿਆਨ ਨਾਲ ਵੇਖ ਰਹੀ ਸੀ। ਭਗੀਰਥੀ ਦਾ ਲਹੂ ਸੁੱਕ ਗਿਆ, ਜਿਵੇਂ ਉਸ ਫਲਾਂ ਦੇ ਢੇਰ ਵਿਚੋਂ ਸੱਪ ਵੇਖ ਲਿਆ ਹੋਵੇ। ਇਹ ਉਹਦੇ ਪਤੀ ਦਾ ਪੱਤਰ ਸੀ ਜੋ ਉਹਨਾਂ ਨੇ ਪਟਿਆਲੇ ਤੋਂ ਕਵਿਤਾ ਨਾਲ ਭੇਜਿਆ ਸੀ। ਇਸ ਵਿਚ ਉਸਨੇ ਆਪਣੀ ਕਵਿਤਾ ਦੀ ਭਰਵੀਂ ਪ੍ਰਸੰਸਾ ਕੀਤੀ ਸੀ ਅਤੇ ਇਸ ਨੂੰ ਭਗੀਰਥੀ ਦੀ ਭੇਟ ਕੀਤਾ ਸੀ। ਭਗੀਰਥੀ ਨੂੰ ਇਹ ਕਾਗਜ਼ ਵੱਖ ਕਰਨਾ ਯਾਦ ਹੀ ਨਹੀਂ ਰਿਹਾ। ਕਵਿਤਾ ਪੜ੍ਹਦੇ ਪੜ੍ਹਦੇ ਪਿੰਨ ਉਤਰ ਗਿਆ ਅਤੇ ਪੱਤਰ ਹੇਠਾਂ ਡਿਗ ਪਿਆ। ਅਤੇ ਹੁਣ ਭੇਦ...ਭਗੀਰਥੀ ਦਾ ਸਿਰ ਚਕਰਾਉਣ ਲੱਗਾ। ਉਸਨੇ ਛੇਤੀ ਨਾਲ ਕਵਿਤਾ ਖਤਮ ਕੀਤੀ ਤੇ ਹੇਠਾਂ ਉਤਰ ਆਈ। ਆਦਮੀ ਸ਼ਰਧਾ ਭਾਵ 'ਚ ਤਾੜੀਆਂ ਵਜਾ ਰਹੇ ਹਨ। ਇਸਤਰੀਆਂ ਬੜੀ ਹੈਰਾਨੀ ਨਾਲ "ਆਪਣੇ ਹੀ ਜਿਹੀ" ਪਰ ਹੋਰ ਤਰ੍ਹਾਂ ਦੀ ਇਕ ਔਰਤ ਦੇ ਮੂੰਹ ਵਲ ਵੇਖ ਰਹੀਆਂ ਸਨ ਅਤੇ ਭਗੀਰਥੀ ਦਾ ਦਿਲ ਡਰ, ਦੁੱਖ ਅਤੇ ਘਿਰਣਾ ਨਾਲ ਧੜਕ ਰਿਹਾ ਸੀ। ਜਦੋਂ ਲੋਕ ਚਲੇ ਗਏ ਤਾਂ ਉਹ ਮਿਸਿਜ਼ ਬਿਹਾਰੀ ਲਾਲ ਨੂੰ ਖਿਚ ਕੇ ਨਾਲ ਦੇ ਕਮਰੇ 'ਚ ਲੈ ਗਈ ਅਤੇ ਅੱਖਾਂ ਵਿਚ ਹੰਝੂ ਭਰ ਕੇ ਬੋਲੀ।

"ਮੇਰੀ ਲਾਜ ਹੁਣ ਤੁਹਾਡੇ ਹੱਥ ਹੈ। ਭਾਵੇਂ ਰਖੋ ਭਾਵੇਂ ਮਿੱਟੀ 'ਚ ਮਿਲਾ ਦਿਉ।"

ਮਿਸਿਜ਼ ਲਾਲ ਬਿਹਾਰੀ ਲਾਲ ਨੇ ਉਹ ਪੱਤਰ ਭਗੀਰਥੀ ਨੂੰ ਵਾਪਸ ਕਰਦੇ ਕਿਹਾ, "ਮੇਰੇ ਮੂੰਹ ਤੋਂ ਇਸ ਬਾਰੇ ਇਕ ਸ਼ਬਦ ਵੀ ਨਹੀਂ ਨਿਕਲੇਗਾ।"

ਅਤੇ ਉਸ ਨੇ ਆਪਣਾ ਵਚਨ ਪੂਰਾ ਕੀਤਾ। ਭਗੀਰਥੀ ਨੇ ਲਿਖਣਾ ਬੰਦ ਕਰ ਦਿਤਾ।

(6)

ਪਰ ਬ੍ਰਜਕੁਮਾਰੀ ਦੀਆਂ ਕਵਿਤਾਵਾਂ ਪਹਿਲਾਂ ਵਾਂਗ ਪ੍ਰਕਾਸ਼ਿਤ ਹੁੰਦੀਆਂ ਰਹੀਆਂ ! ਭਗੀਰਥੀ ਉਨ੍ਹਾਂ ਨੂੰ ਵੇਖਦੀ ਸੀ ਅਤੇ ਠੰਡੀ ਆਹ ਭਰ ਕੇ ਰਹਿ ਜਾਂਦੀ ਸੀ। ਹੁਣ ਉਸਦੇ ਦਿਲ ਵਿਚ ਜਲਨ ਨਹੀਂ ਸੀ ਜਿਹੜੀ ਕਿਸੇ ਸੱਚੇ ਕਵੀ ਦੇ ਦਿਲ ਵਿਚ ਦੂਜੇ ਕਵੀ ਨੂੰ ਵੇਖਕੇ ਹੁੰਦੀ

ਹੈ। ਉਸਦੀ ਥਾਂ ਸੰਤੋਖ ਨੇ ਲੈ ਲਈ ਜਿਹੜਾ ਹਾਰੇ ਹੋਏ ਜੁਆਰੀਆਂ ਦੀ ਆਖਰੀ ਦੌਲਤ ਹੈ। ਇਹ ਸੰਤੋਖ ਪਰ ਕਟੇ ਪੰਛੀ ਵਾਂਗ ਨਾ ਉਡਦਾ ਹੈ ਤੇ ਨਾ ਹੀ ਉਡ ਸਕਦਾ ਹੈ।

ਇਹ ਨੀਲੇ ਆਸਮਾਨ ਵਿਚ ਉਡ ਰਹੇ ਹੋਰ ਪੰਛੀਆਂ ਵਲ ਵੇਖਦਾ ਹੈ ਅਤੇ ਚੁੱਪ ਚਾਪ ਗਰਦਨ ਝੁਕਾ ਲੈਂਦਾ ਹੈ। ਹੌਲੀ ਹੌਲੀ ਭਗੀਰਥੀ ਨੂੰ ਸੌਂਦਰਯ ਅਤੇ ਗੀਤ ਦੇ ਇਸ ਸੰਸਾਰ ਦੀ ਯਾਦ ਵੀ ਭੁਲ ਗਈ। ਹੁਣ ਉਹ ਫਿਰ ਉਹੀ ਘਰ ਦੇ ਵਿਹੜੇ ਵਿਚ ਘਰ ਦਾ ਕੰਮ ਕਰਨ ਵਾਲੀ ਭਗੀਰਥੀ ਸੀ।

ਇਕ ਦਿਨ ਉਸ ਨੂੰ ਮਿਲਣ ਲਈ ਇਕ ਲੜਕੀ ਆਈ, ਜੋ ਅਠਾਰਾਂ-ਉਨੀ ਕੁ ਸਾਲਾਂ ਦੀ ਹੋਵੇਗੀ। ਅੱਖਾਂ ਵਿਚ ਮੁਸਕਰਾਹਟ ਸੀ, ਚਿਹਰੇ 'ਤੇ ਤੇਜ। ਭਗੀਰਥੀ ਨੇ ਸੋਚਿਆ ਕਿਸੇ ਸਕੂਲ ਵਿਚ ਪੜ੍ਹਦੀ ਹੋਵੇਗੀ। ਬੜੇ ਆਦਰ ਨਾਲ ਬੋਲੀ, "ਆਉ ਭੈਣ।"

ਲੜਕੀ ਪੌੜੀਆਂ ਵਿਚ ਠਿਠਕ ਕੇ ਖੜੋਤੀ ਸੀ। ਭਗੀਰਥੀ ਦੇ ਸ਼ਬਦ ਸੁਣਕੇ ਉਸਨੂੰ ਬੋਲਣ ਦਾ ਹੀਆ ਹੋਇਆ।

ਉਸਨੇ ਹੌਲੀ ਜਿਹੀ ਕਿਹਾ, ਭਗੀਰਥੀ ਦੇਵੀ ਜੀ ਨੂੰ ਮਿਲਣਾ ਹੈ; ਲਖਨਊ ਤੋਂ ਆਈ ਹਾਂ।

"ਤਾਂ ਉਪਰ ਆ ਜਾਉ, ਮੈਂ ਹੀ ਭਗੀਰਥੀ ਹਾਂ।"

ਲੜਕੀ ਇਕ ਪੈਰ ਉਠਾ ਕੇ ਫਿਰ ਰੁਕ ਗਈ, ਕਿਸੇ ਦੇ ਘਰ ਪਹਿਲੀ ਵਾਰ ਜਾ ਕੇ ਸਾਡੇ ਪੈਰ ਨਹੀਂ ਉਠਦੇ, ਨਾ ਮੂੰਹ ਤੋਂ ਗੱਲ ਨਿਕਲਦੀ ਹੈ। ਲੜਕੀ ਨੇ ਸੰਕੋਚ ਭਾਵ ਨਾਲ ਕਿਹਾ, "ਮੈਂ ਬ੍ਰਜ ਕੁਮਾਰੀ ਹਾਂ, ਆਪ ਦੇ ਦਰਸ਼ਨ ਲਈ ਆਈ ਹਾਂ।"

ਅਤੇ ਦੂਜੇ ਛਿਣ ਵਿਚ ਭਗੀਰਥੀ ਨੇ ਬ੍ਰਜ ਕੁਮਾਰੀ ਨੂੰ ਗਲ ਨਾਲ ਲਾ ਲਿਆ ਜਿਵੇਂ ਦੋ ਵਿਛੜੀਆਂ ਹੋਈਆਂ ਸਹੇਲੀਆਂ ਮਿਲਦੀਆਂ ਹਨ। ਇਸ ਤੋਂ ਮਗਰੋਂ ਭਗੀਰਥੀ ਉਸ ਨੂੰ ਬੜੇ ਆਦਰ ਨਾਲ ਅੰਦਰ ਲੈ ਗਈ, ਅਤੇ ਚਾਰਪਾਈ ਤੇ ਬਿਠਾ ਕੇ ਇਧਰ ਉਧਰ ਦੀਆਂ ਗੱਲਾਂ ਕਰਨ ਲੱਗੀ। ਘਰ-ਬਾਰ ਦੀ ਜਾਣ ਪਛਾਣ ਹੋ ਚੁਕੀ ਤਾਂ ਭਗੀਰਥੀ ਨੇ ਕਿਹਾ ' ਭੈਣ ! ਤੂੰ ਸ਼ਾਇਦ ਵਿਸ਼ਵਾਸ ਨਾ ਕਰੇਂ, ਪਰ ਮੈਨੂੰ ਤੇਰੀਆਂ ਕਵਿਤਾਵਾਂ ਬਹੁਤ ਹੀ ਪਸੰਦ ਹਨ। ਇਨ੍ਹਾਂ ਨੂੰ ਪੜ੍ਹ ਕੇ ਮੈਂ ਕਿਸੇ ਦਿਵ-ਲੋਕ ਵਿਚ ਪਹੁੰਚ ਜਾਂਦੀ ਹਾਂ। ਮਰਦ-ਸਮਾਜ ਸਮਝਦਾ ਸੀ, ਇਹ ਸਾਹਿਤ ਖੇਤਰ ਕੇਵਲ ਉਸ ਲਈ ਹੀ ਹੈ, ਪਰ ਤੂੰ ਉਨ੍ਹਾਂ ਦਾ ਖਿਆਲ ਬਦਲ ਦਿਤਾ। ਤੂੰ ਧੰਨ ਹੈਂ, ਤੂੰ ਇਸਤਰੀ ਜਾਤੀ ਦੀ ਲਾਜ ਰੱਖ ਲਈ ਹੈ।"

ਭਗੀਰਥੀ—(ਸ਼ਰਮਾ ਕੇ) ਪਰ ਮੈਂ ਤਾਂ ਹੁਣ ਲਿਖਣਾ ਹੀ ਛੱਡ ਦਿੱਤਾ ਹੈ।

ਬ੍ਰਜ ਕੁਮਾਰੀ—ਪਰ ਕਿਉਂ, ਇਹੀ ਪੁੱਛਣ ਲਈ ਤਾਂ ਮੈਂ ਆਈ ਹਾਂ।

ਭਗੀਰਥੀ—ਹੁਣ ਕੀ ਦਸਾਂ ?

ਬ੍ਰਜ ਕੁਮਾਰੀ-ਕਿਤੇ ਰਸਿਕ ਜੀ ਨੇ ਤਾਂ ਨਹੀਂ ਰੋਕ ਦਿਤਾ? ਸ਼ਾਇਦ ਸੋਚਦੇ ਹੋਣ ਕਿ ਪਾਰਵਤੀ ਦੇ ਸਾਹਮਣੇ ਮਹਾਂਦੇਵ ਨੂੰ ਕੌਣ ਪੁਛੇਗਾ ?

ਭਗੀਰਥੀ—ਉਹ ਇਹੋ ਜਿਹੇ ਪਤੀ ਨਹੀਂ। ਉਨ੍ਹਾਂ ਨੂੰ ਜਿੰਨਾ ਆਨੰਦ ਮੇਰੀਆਂ ਕਵਿਤਾਵਾਂ ਪੜ੍ਹਕੇ ਆਉਂਦਾ ਹੈ, ਉਨ੍ਹਾਂ ਆਪਣੀਆਂ ਕਵਿਤਾਵਾਂ ਵਿਚ ਵੀ ਨਹੀਂ ਆਉਂਦਾ।

ਬ੍ਰਜ ਕੁਮਾਰੀ—ਤਾਂ ਕੀ ਮਾਤਾ ਪਿਤਾ ਬੁਰਾ ਮਨਾਉਂਦੇ ਹਨ ?

ਭਗੀਰਥੀ—ਬਿਲਕੁਲ ਨਹੀਂ। ਤੇਰੇ ਲਖਨਊ ਵਿਚ ਹੀ ਤਾਂ ਰਹਿੰਦੇ ਹਨ। ਕਦੇ ਜਾ ਕੇ ਮਿਲੇ ਤਾਂ ਤੈਨੂੰ ਸਿਰ ਅੱਖੀਆਂ ਤੇ ਚੁੱਕ ਲੈਣ। ਉਹ ਤਾਂ ਖੁਦ ਕਹਿੰਦੇ ਹਨ ਇਸਤਰੀਆਂ ਨੂੰ ਸਾਹਿਤ-ਸੰਸਾਰ ਤੋਂ ਦੂਰ ਰਖਣਾ ਦੇਸ਼ ਨਾਲ ਸਭ ਤੋਂ ਵੱਡਾ ਅਨਿਆਇ ਕਰਨਾ ਹੈ।

ਬ੍ਰਜ ਕੁਮਾਰੀ—ਤਾਂ ਫਿਰ ਇਸ ਖਾਮੋਸ਼ੀ ਦਾ ਕਾਰਨ ਕੀ ਹੈ ?

ਭਗੀਰਥੀ ਚੁੱਪ ਹੋ ਗਈ। ਸੋਚਦੀ ਸੀ ਕੀ ਆਖਾਂ ਕੀ ਨਾ ਆਖਾਂ। ਪਹਿਲਾਂ ਸੋਚਿਆ ਸਾਫ਼ ਸਾਫ਼ ਕਹਿ ਦੇਵਾਂ, ਇਹ ਲਿਖਣਾ ਜਾਣਦਾ ਹੀ ਕੌਣ ਹੈ। ਉਹ ਸਭ ਝੂਠ ਦੇ ਮਹੱਲ ਸਨ। ਉਹ ਲਿਖਦੇ ਸਨ, ਮੈਂ ਆਪਣੇ ਨਾਂ ਤੇ ਭੇਜ ਦਿਆ ਕਰਦੀ ਸਾਂ। ਚਾਰ ਦਿਨ ਚੰਮ ਦੇ ਸਿੱਕੇ ਚਲ ਗਏ। ਹੁਣ ਸਦਾ ਲਈ ਇਹ ਮਕਰ ਕਿਵੇਂ ਚਲ ਸਕਦਾ ਹੈ, ਪਰ ਫਿਰ ਖ਼ਿਆਲ ਆਇਆ, ਇਸਦੇ ਦਿਲ ਵਿਚ ਕਿੰਨੀ ਸ਼ਰਧਾ ਹੈ; ਦਸ ਦੇਵਾਂ ਤਾਂ ਮੇਰੀ ਇਕ ਟਕੇ ਦੀ ਨਹੀਂ ਰਹੇਗੀ। ਇਸ ਨੂੰ ਹੈਰਾਨੀ ਹੋਵੇਗੀ, ਇਹ ਚੌਂਕ ਉਠੇਗੀ। ਇਹ ਸੋਚੇਗੀ, ਕੈਸੀ ਨੀਚ ਇਸਤਰੀ ਹੈ, ਜੱਗ ਨੂੰ ਧੋਖਾ ਦਿੰਦੀ ਰਹੀ ਹੈ। ਇਸ ਵੇਲੇ ਕਿੰਨੇ ਮਾਣ ਨਾਲ ਬੈਠੀ ਹਾਂ। ਇਹ ਕਹਿ ਕੇ ਸਿਰ ਝੁਕ ਜਾਵੇਗਾ। ਸੱਚ ਬੋਲਣਾ ਕਿੰਨਾਂ ਔਖਾ ਹੈ ? ਭਗੀਰਥੀ ਨੇ ਬ੍ਰਜ ਕੁਮਾਰੀ ਵਲ ਵੇਖਿਆ ਤੇ ਜਵਾਬ ਦਿਤਾ-ਭੈਣ ! ਦੁਨੀਆਂ ਦੇ ਧੰਦੇ ਹੀ ਕੁਝ ਕਰਨ ਨਹੀਂ ਦਿੰਦੇ।”

ਬ੍ਰਜ ਕੁਮਾਰੀ-ਤੁਹਾਡਾ ਇਹ ਜਵਾਬ ਤਸੱਲੀ ਬਖਸ਼ ਨਹੀਂ; ਮਰਦ ਵਕਤ ਕੱਢ ਲੈਂਦੇ ਹਨ।

ਭਗੀਰਥੀ—ਅਤੇ ਜੇ ਮੈਂ ਕਹਾਂ ਕਿ ਕਾਵਿ-ਜਗਤ ਤੋਂ ਦਿਲ ਉਕਤਾ ਗਿਆ ਹੈ; ਤਾਂ ਫਿਰ ?

ਬ੍ਰਜ ਕੁਮਾਰੀ—ਜੀ ਕਿਵੇਂ ਉਕਤਾ ਗਿਆ ? ਕਵਿਤਾ ਉਹ ਚੀਜ਼ ਨਹੀਂ, ਜਿਸ ਤੋਂ ਕਵੀ ਦਾ ਜੀ ਉਕਤਾ ਜਾਵੇ। ਹਰੇ ਭਰੇ ਜੰਗਲ, ਰਮਣੀਕ ਘਾਟੀਆਂ, ਚੰਦਰਮਾ ਦੀ ਮਿੱਠੀ ਚਾਨਣੀ, ਝਰਨਿਆਂ ਦਾ ਸੁੰਦਰ ਦ੍ਰਿਸ਼, ਬਾਲ ਅਵਸਥਾ ਦੇ ਸੁਨੈਹਿਰੀ ਦਿਨ, ਪੰਛੀਆਂ ਦਾ ਸੰਗੀਤ, ਇੰਨਾਂ ਵਿਚ ਕੀ ਕੋਈ ਅਜਿਹੀ ਚੀਜ਼ ਹੈ ਜਿਸ ਤੋਂ ਕਿਸੇ ਵੀ ਕੁਦਰਤ ਦੇ ਪੁਜਾਰੀ ਦਾ ਦਿਲ ਉਕਤਾ ਜਾਵੇ। ਫਿਰ ਕਿਵੇਂ ਸੰਭਵ ਹੈ ਕਿ ਕਿਸੇ ਦਾ ਦਿਲ ਕਾਵਿ ਜਗਤ ਤੋਂ, ਜਿਥੇ ਮਨ ਨੂੰ ਮੋਹਣ ਵਾਲੇ ਇਹ ਸਾਰੇ ਮਿੱਠੇ ਪਦਾਰਥ ਚੱਪੇ-ਚੱਪੇ ਤੇ ਪਏ ਹਨ, ਉਕਤਾ ਜਾਵੇ ? ਨਹੀਂ ਭੈਣ ! ਇਹ ਅਸੰਭਵ ਹੈ। ਇਹ ਕਦੇ ਨਹੀਂ ਹੋ ਸਕਦਾ। ਇਹ ਕਦੇ ਨਹੀਂ ਹੁੰਦਾ। ਮੇਰੇ ਨਾਲ ਇਕਰਾਰ ਕਰੋ ਕਿ ਹੁਣ ਲਿਖੋਗੇ। ਆਪਦਾ ਨਾਂ ਲਿਖਣਾ ਇਸਤਰੀ ਜਾਤੀ ਲਈ ਵੱਡੀ ਹਾਨੀ ਹੈ।

ਬ੍ਰਜ ਕੁਮਾਰੀ ਬੋਲਦੀ ਜਾਂਦੀ ਸੀ, ਅਤੇ ਭਗੀਰਥੀ ਉਸ ਦੇ ਮੂੰਹ ਵਲ ਨੀਝ ਲਾ ਕੇ ਵੇਖੀ ਜਾਂਦੀ ਸੀ। ਭਗੀਰਥੀ ਨੂੰ ਹੁਣ ਤਕ ਇਹੀ ਸ਼ੱਕ ਸੀ ਕਿ ਇਹ ਵੀ ਕਿਸੇ ਤੋਂ ਲਿਖਵਾਉਂਦੀ ਹੋਵੇਗੀ, ਸੰਗੀਤ ਦੇ ਚਾਰ ਸ਼ਬਦ ਸੁਣਕੇ ਉਸਦੀ ਰਾਇ ਬਦਲ ਗਈ। ਇਹ ਬਨਾਵਟ ਨਹੀਂ ਸੀ, ਉਸਦੇ ਸੋਹਣੇ ਮਨ ਦੇ ਉਦਗਾਰ ਸਨ। ਭਗੀਰਥੀ ਨੂੰ ਵਿਸ਼ਵਾਸ ਹੋ ਗਿਆ ਕਿ ਵਾਸਤਵ ਵਿਚ ਇਹ ਕਵੀ ਹੈ। ਉਸਨੇ ਸਿਰ ਝੁਕਾ ਕੇ ਕਿਹਾ। "ਤੂੰ ਤਾਂ ਗੱਲਬਾਤ ਵਿਚ ਵੀ ਕਵਿਤਾ ਕਰਦੀ ਹੈਂ। ਤੂੰ ਦੋ ਸ਼ਬਦ ਬੋਲੇ। ਮੈਨੂੰ ਕਵਿਤਾ ਦਾ ਸੁਆਦ ਆ ਗਿਆ।"

ਬ੍ਰਜ ਕੁਮਾਰੀ-ਜਦੋਂ ਲਿਖਣਾ ਸ਼ੁਰੂ ਕੀਤਾ ਸੀ ਤਾਂ ਇਕ ਇਕ ਸ਼ਬਦ ਲਈ ਘੰਟਿਆਂ ਬੱਧੀ ਪ੍ਰੇਸ਼ਾਨ ਰਹਿਣਾ ਪੈਂਦਾ ਸੀ। ਉਸ ਵੇਲੇ ਲੱਗਦਾ ਸੀ ਇਹ ਵੇਲ ਕੰਧ ਤੇ ਨਹੀਂ ਚੜ੍ਹੇਗੀ। ਪਰ ਹੁਣ ਤਾਂ ਲਾਈਨਾਂ ਦੀਆਂ ਲਾਈਨਾਂ ਸਾਹਮਣੇ ਆ ਜਾਂਦੀਆਂ ਹਨ।

ਥੋੜੀ ਦੇਰ ਬਾਅਦ ਬਜ ਕੁਮਾਰੀ ਫਿਰ ਆਣ ਦਾ ਵਚਨ ਕਰ ਕੇ ਚਲੀ ਗਈ, ਪਰ ਉਸਦੇ ਆਖਰੀ ਸ਼ਬਦ ਭਗੀਰਥੀ ਦੇ ਕੰਨਾਂ ਵਿਚ ਗੂੰਜ ਰਹੇ ਸਨ। ਸੋਚਦੀ ਸੀ, ਜੋ ਇਹ ਲੜਕੀ ਲਗਾਤਾਰ ਮਿਹਨਤ ਨਾਲ ਇਸ ਪਦਵੀ ਤੇ ਪਹੁੰਚ ਸਕਦੀ ਹੈ ਤਾਂ ਕੀ ਮੈਂ ਹੀ ਗਈ ਗੁਜ਼ਰੀ ਹਾਂ ? ਉਹ ਤਾਂ ਕਈ ਵਾਰ ਕਹਿ ਚੁੱਕੇ ਹਨ, ਕਿ ਤੇਰੇ ਵਿਚ ਉਹ ਚੀਜ਼ ਹੈ ਜੋ ਕਵਿਤਾ ਦਾ ਪ੍ਰਧਾਨ ਅੰਗ ਹੈ, ਯਤਨ ਕਰੇਂ ਤਾਂ ਸਫਲਤਾ ਜ਼ਰੂਰ ਹੈ, ਪਰ ਮੈਂ ਉਲਟਾ ਰਾਹ ਫੜ ਲਿਆ ਤੇ ਅੱਜ...

ਭਗੀਰਥੀ ਨੂੰ ਆਪਣਾ ਭੁਲਿਆ ਤੇ ਭੁਲਾਇਆ ਹੋਇਆ ਵਕਤ ਯਾਦ ਆਇਆ। ਉਹੀ ਸੰਗੀਤ ਉਹੀ ਸੁਧਾ, ਉਹੀ ਮਾਧੁਰਤਾ, ਉਹੀ ਅਨੰਤ ਯੋਵਨ, ਉਹੀ ਨਾ ਮਰਨ ਵਾਲੀ ਸੁੰਦਰਤਾ, ਨਾ ਸਮਾਪਤ ਹੋਣ ਵਾਲਾ ਬਸੰਤ, ਨਾ ਮੁਰਝਾਉਣ ਵਾਲੇ ਫੁੱਲ। ਉਹ ਉਸ ਦੁਨੀਆਂ ਵਿਚ ਜਾਣ ਲਈ ਛਟਪਟਾਉਣ ਲੱਗੀ। ਜਿਵੇਂ ਬਾਲਕ ਨੂੰ ਮੇਲੇ ਦਾ ਦ੍ਰਿਸ਼ ਯਾਦ ਆ ਜਾਵੇ। ਭਗੀਰਥੀ ਬਹੁਤ ਦੇਰ ਤਕ ਚੁਪ ਚਾਪ ਬੈਠੀ ਸੋਚਦੀ ਰਹੀ। ਇਸ ਤੋਂ ਪਿਛੋਂ ਉਸ ਨੇ ਮਜ਼ਬੂਤ ਇਰਾਦੇ ਨਾਲ ਹੱਥਾਂ ਦੀਆਂ ਮੁਠੀਆਂ ਭੀਚ ਲਈਆਂ ਅਤੇ ਉੱਚੀ ਆਵਾਜ਼ ਵਿਚ ਕਿਹਾ, "ਅਜ ਤਕ ਮੈਂ ਕਵਿਤਾਵਾਂ ਲਿਖਵਾਂਦੀ ਸਾਂ, ਹੁਣ ਆਪ ਲਿਖਾਂਗੀ।"

ਰਸਿਕ ਜੀ ਨਾਲ ਦੇ ਕਮਰੇ ਵਿਚ ਸਨ। ਇਸ ਦ੍ਰਿੜ ਇਰਾਦੇ ਬਾਰੇ ਸੁਣਿਆਂ ਤਾਂ ਬਾਹਰ ਨਿਕਲ ਆਏ ਅਤੇ ਹਸਕੇ ਬੋਲੇ ! "ਤਥਾ ਅਸਤੂ !"

ਭਗੀਰਥੀ ਨੇ ਸ਼ਰਮਾ ਕੇ ਸਿਰ ਝੁਕਾ ਲਿਆ।

-0-

# ਆਪਣੀ ਕਮਾਈ

ਸਵੇਰੇ-ਸਵੇਰੇ ਅਮੀਰ ਪਿਤਾ ਨੇ ਆਲਸੀ ਅਤੇ ਆਰਾਮ ਪ੍ਰਸਤ ਪੁੱਤਰ ਨੂੰ ਆਪਣੇ ਕੋਲ ਬੁਲਾਇਆ ਅਤੇ ਕਿਹਾ, "ਜਾ ਕੇ ਕੁਝ ਕਮਾ ਲਿਆ ਨਹੀਂ ਤਾਂ ਰਾਤ ਨੂੰ ਰੋਟੀ ਨਹੀਂ ਮਿਲੇਗੀ।" -

ਪੁੱਤਰ ਬੇ-ਪਰਵਾਹ, ਕਮਜ਼ੋਰ ਤੇ ਨਿਰਲੱਜ ਸੀ। ਮਿਹਨਤ ਕਰਨ ਦੀ ਉਸਨੂੰ ਆਦਤ ਨਹੀਂ ਸੀ। ਸਿੱਧਾ ਆਪਣੀ ਮਾਂ ਕੋਲ ਗਿਆ ਤੇ ਰੋਣ ਲੱਗਾ। ਮਾਂ ਨੇ ਪੁੱਤਰ ਦੀਆਂ ਅੱਖਾਂ ਵਿਚ ਹੰਝੂ ਅਤੇ ਉਸਦੇ ਚਿਹਰੇ 'ਤੇ ਚਿੰਤਾ ਤੇ ਉਦਾਸੀ ਦੇ ਚਿੰਨ੍ਹ ਵੇਖੇ, ਤਾਂ ਉਸਦੀ ਮਮਤਾ ਬੇਚੈਨ ਹੋ ਗਈ। ਉਸਨੇ ਆਪਣਾ ਸੰਦੂਕ ਖੋਲ੍ਹਿਆ ਤੇ ਇਕ ਪੌਂਡ ਕੱਢ ਕੇ ਪੁੱਤਰ ਨੂੰ ਦੇ ਦਿੱਤਾ।

ਰਾਤ ਨੂੰ ਪਿਤਾ ਨੇ ਪੁੱਤਰ ਤੋਂ ਪੁੱਛਿਆ, "ਅੱਜ ਤੂੰ ਕੀ ਕਮਾਇਆ ਹੈ ?" ਲੜਕੇ ਨੇ ਜੇਬ ਵਿਚੋਂ ਪੌਂਡ ਕੱਢ ਕੇ ਸਾਮ੍ਹਣੇ ਰੱਖ ਦਿੱਤਾ। ਪਿਤਾ ਨੇ ਕਿਹਾ ਇਸਨੂੰ ਖੂਹ ਵਿਚ ਸੁਟ ਆ।

ਲੜਕੇ ਨੇ ਝਟਪਟ ਪਿਤਾ ਦੀ ਆਗਿਆ ਦੀ ਪਾਲਣਾ ਕੀਤੀ।

ਅਨੁਭਵੀ ਪਿਤਾ ਸਭ ਕੁਝ ਸਮਝ ਗਿਆ। ਦੂਜੇ ਦਿਨ ਉਸ ਇਸਤਰੀ ਨੂੰ ਪੇਕੇ ਭੇਜ ਦਿੱਤਾ

ਤੀਜੇ ਦਿਨ ਫਿਰ ਉਸਨੇ ਪੁੱਤਰ ਨੂੰ ਬੁਲਾਇਆ ਅਤੇ ਕਿਹਾ, "ਜਾ ਕੁਝ ਕਮਾ ਲਿਆ, ਨਹੀਂ ਤਾਂ ਰਾਤ ਨੂੰ ਖਾਣਾ ਨਹੀਂ ਮਿਲੇਗਾ।"

ਲੜਕਾ ਆਪਣੀ ਭੈਣ ਕੋਲ ਗਿਆ ਤੇ ਜਾ ਕੇ ਰੋਣ ਲੱਗਾ। ਭੈਣ ਨੇ ਆਪਣਾ ਸ਼ਿੰਗਾਰਦਾਨ ਖੋਲ੍ਹਿਆ, ਉਸ ਵਿਚੋਂ ਇਕ ਰੁਪਿਆ ਕੱਢਿਆ ਅਤੇ ਭਰਾ ਨੂੰ ਦੇ ਦਿੱਤਾ।

ਰਾਤ ਨੂੰ ਪਿਤਾ ਨੇ ਪੁੱਤਰ ਤੋਂ ਪੁੱਛਿਆ, "ਅੱਜ ਤੂੰ ਕੀ ਕਮਾਇਆ ਹੈ ?"

ਲੜਕੇ ਨੇ ਜੇਬ ਵਿਚੋਂ ਰੁਪਿਆ ਕੱਢ ਕੇ ਬਾਪ ਦੇ ਸਾਮ੍ਹਣੇ ਰੱਖ ਦਿੱਤਾ।

ਬਾਪ ਨੇ ਕਿਹਾ, "ਇਸ ਨੂੰ ਖੂਹ ਵਿਚ ਸੁਟ ਆ।"

ਪੁੱਤਰ ਨੇ ਝਟਪਟ ਹੁਕਮ ਦੀ ਪਾਲਣਾ ਕੀਤੀ।

ਅਨੁਭਵੀ ਪਿਤਾ ਸਭ ਕੁਝ ਸਮਝ ਗਿਆ। ਦੂਜੇ ਦਿਨ ਉਸਨੇ ਧੀ ਨੂੰ ਸਹੁਰੇ ਭੇਜ ਦਿੱਤਾ।

ਇਸ ਤੋਂ ਪਿਛੋਂ ਉਸਨੇ ਇਕ ਦਿਨ ਫਿਰ ਲੜਕੇ ਨੂੰ ਬੁਲਾ ਕੇ ਕਿਹਾ, "ਜਾ ਕੇ ਕੁਝ ਕਮਾ ਲਿਆ, ਨਹੀਂ ਤਾਂ ਰਾਤ ਨੂੰ ਖਾਣਾ ਨਹੀਂ ਮਿਲੇਗਾ।'

ਲੜਕਾ ਸਾਰਾ ਦਿਨ ਉਦਾਸ ਰਿਹਾ ਅਤੇ ਉਸ ਦੀਆਂ ਅੱਖਾਂ ਵਿਚੋਂ ਹੰਝੂ ਵਹਿੰਦੇ ਰਹੇ, ਪਰ ਹੰਝੂਆਂ ਨੂੰ ਵੇਖਣ ਵਾਲੀਆਂ ਪਿਆਰ ਭਰੀਆਂ ਅੱਖਾਂ ਘਰ ਵਿਚ ਨਹੀਂ ਸਨ।

ਲਾਚਾਰ ਹੋ ਕੇ ਉਹ ਸ਼ਾਮ ਵੇਲੇ ਉਠਿਆ ਅਤੇ ਬਾਜ਼ਾਰ ਵਿੱਚ ਜਾ ਕੇ ਮਜ਼ਦੂਰੀ ਲੱਭਣ ਲੱਗਾ।

ਇਕ ਸੇਠ ਨੇ ਕਿਹਾ-ਮੇਰਾ ਸੰਦੂਕ ਚੁੱਕ ਕੇ ਘਰ ਲੈ ਚਲ, ਮੈਂ ਤੈਨੂੰ ਦੋ ਆਨੇ ਦਿਆਂਗਾ।

ਅਮੀਰ ਪਿਤਾ ਦੇ ਅਮੀਰ ਪੁੱਤਰ ਨੇ ਸੰਦੂਕ ਚੁਕਿਆ ਅਤੇ ਉਸ ਨੂੰ ਸੇਠ ਦੇ ਘਰ ਪਹੁੰਚਾ ਦਿੱਤਾ, ਪਰ ਉਸਦਾ ਸਰੀਰ ਪਸੀਨੇ ਨਾਲ ਤਰ ਸੀ, ਪੈਰ ਕੰਬਦੇ ਸਨ ਅਤੇ ਪੈਰਾਂ ਤੇ ਗਰਦਨ ਵਿਚ ਦਰਦ ਹੁੰਦੀ ਸੀ।

ਰਾਤ ਨੂੰ ਪਿਤਾ ਨੇ ਪੁੱਤਰ ਨੂੰ ਫਿਰ ਪੁਛਿਆ, "ਅੱਜ ਤੂੰ ਕੀ ਕਮਾਇਆ ਹੈ ?"

ਪੁੱਤਰ ਨੇ ਜੇਬ ਚੋਂ ਦੁਆਨੀ ਕੱਢੀ ਤੇ ਬਾਪ ਦੇ ਸਾਮ੍ਹਣੇ ਰੱਖ ਦਿੱਤੀ।

ਬਾਪ ਨੇ ਕਿਹਾ, "ਇਸ ਨੂੰ ਖੂਹ ਵਿਚ ਸੁਟ ਆ।"

ਲੜਕੇ ਦੀਆਂ ਅੱਖਾਂ ਵਿਚ ਗੁੱਸੇ ਦੀ ਅੱਗ ਭੜਕ ਉਠੀ। ਬੋਲਿਆ ਮੇਰੀ ਗਰਦਨ ਟੁੱਟ ਗਈ ਹੈ, ਅਤੇ ਆਪ ਕਹਿੰਦੇ ਹੋ ਖੂਹ ਵਿਚ ਸੁੱਟ ਆ।

ਅਨੁਭਵੀ ਪਿਤਾ ਸਭ ਕੁਝ ਸਮਝ ਗਿਆ।

ਦੂਜੇ ਦਿਨ ਉਸ ਨੇ ਆਪਣਾ ਕਾਰੋਬਾਰ ਪੁੱਤਰ ਦੇ ਸਪੁਰਦ ਕਰ ਦਿੱਤਾ।

-0-

## ਇਕ ਇਸਤਰੀ ਦੀ ਡਾਇਰੀ

(3 ਸਤੰਬਰ, 1921)

ਪਰਮਾਤਮਾ ਦਾ ਲੱਖ ਲੱਖ ਸ਼ੁਕਰ ਹੈ, ਐਸਾ ਚੰਗਾ ਘਰ ਮਿਲਿਆ। ਘਰ ਕੀ ਹੈ, ਇਕ ਮਹਿਲ ਹੈ। ਕਿਸੇ ਚੀਜ਼ ਦੀ ਥੁੜ ਨਹੀਂ, ਸਭ ਕੁਝ ਹੈ। ਸੱਚ ਤਾਂ ਇਹ ਹੈ, ਮੇਰੇ ਭਾਗ ਖੁਲ੍ਹ ਗਏ। ਮੈਨੂੰ ਸੁਰਗ ਮਿਲ ਗਿਆ। ਮੈਂ ਜੋ ਕੁਝ ਚਾਹੁੰਦੀ ਸਾਂ, ਵਿਆਹ ਤੋਂ ਪਹਿਲਾਂ ਰੱਬ ਅਗੇ ਹੱਥ ਜੋੜ ਕੇ ਜਿਸ ਚੀਜ਼ ਲਈ ਅਰਦਾਸ ਕਰਦੀ ਸਾਂ, ਮੈਨੂੰ ਉਸ ਤੋਂ ਵੀ ਵੱਧ ਮਿਲ ਗਿਆ ਹੈ। ਘਰ ਤੋਂ ਵਿਦਾ ਹੋਣ ਸਮੇਂ ਜੋ ਚਿੰਤਾ, ਜੋ ਦੁੱਖ, ਜੋ ਧੜਕਣ ਸੀ, ਉਹ ਹੁਣ ਨਾਂ-ਮਾਤਰ ਵੀ ਨਹੀਂ ਰਹੀ। ਮੇਰੀ ਸੱਸ ਬੜੀ ਹੱਸਮੁਖ ਹੈ। ਮੁੱਖ-ਕੰਵਲ ਸਦਾ ਖਿੜਿਆ ਰਹਿੰਦਾ ਹੈ। ਮੈਨੂੰ ਵੇਖਕੇ ਬਹੁਤ ਖ਼ੁਸ਼ ਹੋਈ ਤੇ ਬੋਲੀ-ਕਿੰਨੀ ਸੁੰਦਰ ਹੈ, ਵੇਖਕੇ ਭੁੱਖ ਮਿਟ ਜਾਂਦੀ ਹੈ। ਦਿਨ ਵਿਚ ਕਈ ਵਾਰ ਆ ਕੇ ਪੁੱਛਦੀ ਹੈ—ਕੋਈ ਤਕਲੀਫ਼ ਤਾਂ ਨਹੀਂ? ਜਿਸ ਚੀਜ਼ ਦੀ ਲੋੜ ਹੋਵੇ, ਮੰਗ ਲਵੀਂ, ਸੰਕੋਚ ਨਾ ਕਰੀਂ। ਹੁਣ ਇਹ ਤੇਰਾ ਆਪਣਾ ਘਰ ਹੈ। ਖਾਣੇ ਵੇਲੇ ਸਾਮ੍ਹਣੇ ਆ ਬੈਠਦੀ ਹੈ ਅਤੇ ਬੜੇ ਪ੍ਰੇਮ ਨਾਲ ਖੁਆਂਦੀ ਹੈ। ਦੁਪਹਿਰ ਨੂੰ ਵਾਜਾ ਲਿਆ ਕੇ ਸਾਮ੍ਹਣੇ ਰੱਖ ਦਿੰਦੀ ਹੈ, ਅਤੇ ਕਹਿੰਦੀ ਹੈ, ਵਜਾ। 'ਲੱਖ' ਨਹੀਂ ਕਹਿੰਦੀ ਹਾਂ ਪਰ ਕੌਣ ਸੁਣਦਾ ਹੈ ? ਹਾਰ ਕੇ ਵਜਾਉਣਾ ਹੀ ਪੈਂਦਾ ਹੈ। ਉਸ ਵੇਲੇ ਉਨ੍ਹਾਂ ਦਾ ਮੂੰਹ ਪ੍ਰਸੰਨਤਾ ਨਾਲ ਚਮਕਣ ਲੱਗ ਪੈਂਦਾ ਹੈ। ਇਤਨਾ ਆਦਰ, ਇਤਨਾ ਪ੍ਰੇਮ ਤਾਂ ਪੇਕੇ ਘਰ ਵੀ ਨਹੀਂ ਸੀ ਮਿਲਦਾ। ਸਹੁਰਾ ਸਾਹਿਬ ਤਾਂ ਬਹੁਤ ਹੀ ਭੋਲੇ ਹਨ। ਸੱਸ ਜੋ ਚਾਹੇ ਕਰੇ, ਕੀ ਮਜਾਲ ਜੇ ਕਿਸੇ ਗੱਲ ਵਿਚ ਬੋਲ ਜਾਣ। ਦੋਵੇਂ ਸਮੇਂ ਖਾਣਾ ਖਾਣ ਆਉਂਦੇ ਹਨ ਅਤੇ ਫਿਰ ਮਰਦਾਵੇਂ ਪਾਸੇ ਚਲੇ ਜਾਂਦੇ ਹਨ, ਹਾਂ ਇਤਨਾ ਪੁੱਛ ਲੈਂਦੇ ਹਨ, ਛੋਟੀ ਨੂੰਹ ਉਦਾਸ ਤਾਂ ਨਹੀਂ ਹੋ ਗਈ। ਸੱਸ ਮੁਸਕਰਾ ਕੇ ਉੱਤਰ ਦਿੰਦੀ- ਤੁਸੀਂ ਆਪਣਾ ਹੁੱਕਾ ਪੀਉ; ਤੁਹਾਡੀ ਛੋਟੀ ਨੂੰਹ ਲਈ ਮੈਂ ਹੀ ਕਾਫੀ ਹਾਂ। ਜੇਠਾਣੀ ਵੀ ਬੜੇ ਚੰਗੇ ਸੁਭਾ ਦੀ ਹੈ, ਮੇਰੇ ਨਾਲ ਬਹੁਤ ਛੇਤੀ ਘੁਲ ਮਿਲ ਗਈ ਹੈ। ਸਾਰਾ ਦਿਨ ਕੋਲ ਬੈਠੀ ਰਹਿੰਦੀ ਹੈ, ਰਾਤ ਨੂੰ ਵੀ ਦਸ ਵਜੇ ਤੋਂ ਪਹਿਲਾਂ ਪਿੱਛਾ ਨਹੀਂ ਛੱਡਦੀ। ਕਿਤੇ ਬੰਬਈ ਵਿਚ ਨੌਕਰ ਹਨ, ਪੰਜ ਸੌ ਦੇ ਲੱਗਭਗ ਤਨਖ਼ਾਹ ਲੈਂਦੇ ਹਨ।

ਬਾਕੀ ਰਹਿ ਗਏ ਉਹ। ਉਨ੍ਹਾਂ ਦੇ ਬਾਰੇ ਕੀ ਲਿਖਾਂ? ਅਤਿਅੰਤ ਹੱਸਮੁਖ ਹਨ। ਗੱਲ ਗੱਲ ਵਿਚ ਹੱਸਦੇ ਤੇ ਹਸਾਂਦੇ ਹਨ। ਅਜਿਹਾ ਮਿੱਠ-ਬੋਲਾ, ਐਸਾ ਸਰਲ-ਚਿਤ, ਐਸਾ ਰੌਣਕੀ ਆਦਮੀ ਮੈਂ ਕਦੇ ਨਹੀਂ ਵੇਖਿਆ। ਉਨ੍ਹਾਂ ਦੇ ਚਿਹਰੇ ਤੇ ਸਦਾ ਮੁਸਕਾਨ ਖੰਡਦੀ ਰਹਿੰਦੀ ਹੈ। ਮਾਨੋਂ ਮੁਸਕਰਾਂਦਾ ਹੋਇਆ ਚਿੱਤਰ ਹੋਵੇ, ਜੋ ਕਦੇ ਉਦਾਸ ਨਹੀਂ ਹੁੰਦਾ। ਚਿੱਤਰਕਾਰ ਨੇ ਇਕ ਵਾਰ ਮੁਸਕਰਾਂਦੇ ਹੋਏ ਬਣਾ ਦਿੱਤਾ। ਹੁਣ ਸਦਾ ਮੁਸਕਰਾ ਰਹੇ ਹਨ। ਇਹੀ ਹਾਲਤ ਉਨ੍ਹਾਂ ਦੀ ਹੈ। ਆਪਣੀ ਭਾਬੀ ਨਾਲ ਬਹੁਤ ਪਿਆਰ ਕਰਦੇ ਹਨ। ਆਉਂਦੇ ਹਨ ਤਾਂ ਦਰਵਾਜ਼ੇ ਤੋਂ ਹੀ ਭਾਬੀ-ਭਾਬੀ ਕਹਿਣ ਲੱਗਦੇ ਹਨ। ਉਨ੍ਹਾਂ ਦੀ ਇਕ ਇਕ ਗੱਲ ਦੀ ਪ੍ਰਸ਼ੰਸ਼ਾ ਕਰਦੇ ਹਨ, ਕਹਿੰਦੇ ਹਨ ਅਜਿਹੀ ਭਾਬੀ ਸ਼ਹਿਰ ਭਰ ਵਿਚ ਕਿਸੇ ਦੀ ਨਹੀਂ ਹੋਵੇਗੀ। ਭਾਬੀ ਵੀ ਉਨ੍ਹਾਂ ਨੂੰ ਬਹੁਤ ਚਾਹੁੰਦੀ ਹੈ। ਉਨ੍ਹਾਂ ਦੀ ਜ਼ਰਾ ਜ਼ਰਾ ਗੱਲ ਦਾ ਖਿਆਲ ਰਖਦੀ ਹੈ। ਇਨ੍ਹਾਂ ਦੇ ਇਸ ਪਿਆਰ ਨੂੰ ਵੇਖਕੇ ਮੈਂ ਕਿਸੇ ਦਿਵ-ਲੋਕ ਵਿਚ ਪਹੁੰਚ ਜਾਂਦੀ ਹਾਂ। ਇਹ ਭਾਬੀ ਦੇਵਰ ਦੀ ਮੁਹੱਬਤ ਨਹੀਂ, ਮਾਂ-ਪੁੱਤਰ ਦਾ ਪਿਆਰ ਹੈ, ਇਹ ਦੁਨੀਆਵੀ ਰਿਸ਼ਤਾ ਨਹੀਂ, ਭੈਣ-ਭਾਈ ਦਾ ਸਬੰਧ ਹੈ, ਕਿੰਨਾ ਪਵਿੱਤਰ, ਕਿੰਨਾ ਉੱਜਲ, ਕਿੰਨਾ ਉੱਚਾ, ਤੇ ਸੁੱਚਾ।

(27 ਸਤੰਬਰ, 1921)

ਅੱਜ ਮੈਨੂੰ ਸਹੁਰੇ ਆਏ ਹੋਏ ਪੂਰਾ ਇਕ ਮਹੀਨਾ ਹੋ ਗਿਆ ਹੈ। ਇਸ ਦੌਰਾਨ ਮੈਨੂੰ ਇਕ ਵਾਰ ਵੀ ਖਿਆਲ ਨਹੀਂ ਆਇਆ ਕਿ ਕਿਸੇ ਹੋਰ ਥਾਂ ਆ ਗਈ ਹਾਂ। ਇੰਝ ਲੱਗਦਾ ਹੈ, ਜਿਵੇਂ ਆਪਣੇ ਘਰ ਬੈਠੀ ਹੋਈ ਹਾਂ, ਇਤਨਾ ਫਰਕ ਹੈ, ਕਿ ਹੁਣ ਮੇਰਾ ਆਪਣਾ ਆਪ ਕਾਇਮ ਹੋ ਗਿਆ ਹੈ ਅਤੇ ਇਸ ਤੋਂ ਇਲਾਵਾ ਮੇਰੀ ਦੁਨੀਆਂ ਵਿਚ ਇਕ ਹੋਰ ਵਿਅਕਤੀ ਆਇਆ ਹੈ ਅਤੇ ਇਹ ਵਿਅਕਤੀ ਕੁਝ ਹੀ ਦਿਨਾਂ ਵਿਚ ਮੇਰਾ ਜਰੂਰੀ-ਅੰਗ ਬਣ ਗਿਆ ਹੈ। ਉਹ ਮੈਨੂੰ ਕਿੰਨਾ ਚਾਹੁੰਦੇ ਹਨ, ਮੈਨੂੰ ਵੇਖਕੇ ਉਨ੍ਹਾਂ ਦੀ ਹਾਲਤ ਅਜੀਬ ਜਿਹੀ ਹੋ ਜਾਂਦੀ ਹੈ, ਸ਼ਰਾਰਤੀ ਅੱਖਾਂ ਨਾਲ ਕਿਵੇਂ ਮੁਸਕਰਾਉਂਦੇ ਹਨ, ਘਰ ਦਾ ਕੋਈ ਹੋਰ ਆਦਮੀ ਆ ਨਿਕਲੇ, ਤਾਂ ਕਿੰਨੇ ਭੋਲੇ-ਭਾਲੇ ਬਣਕੇ ਦੂਜੀ ਤਰਫ ਵੇਖਣ ਲੱਗ ਪੈਂਦੇ ਹਨ। ਇਹ ਗੱਲਾਂ ਅਜਿਹੀਆਂ ਨਹੀਂ ਕਿ ਇਨ੍ਹਾਂ ਤੇ ਵਿਚਾਰ ਕਰਾਂ ਅਤੇ ਦਿਲ ਵਿਚ ਪੂਰਨ ਖ਼ੁਸ਼ੀ ਦੀ ਗੁਦਗੁਦੀ ਨਾ ਹੋਣ ਲੱਗੇ। ਵੱਖਰੀ ਜਾ ਬੈਠਾਂ ਤਾਂ ਉਧਰ ਜਾ ਨਿਕਲਣ ਦਾ ਵੀ ਕੋਈ ਨਾ ਕੋਈ ਬਹਾਨਾ ਬਣਾ ਲੈਂਦੇ ਹਨ ਅਤੇ ਜ਼ਾਹਰ ਇੰਝ ਕਰਦੇ ਹਨ ਜਿਵੇਂ ਮੇਰਾ ਧਿਆਨ ਹੀ ਨਹੀਂ। ਪਰ ਉਨ੍ਹਾਂ ਦੀ ਇਕੋ ਇਕ ਖਾਹਿਸ਼ ਇਹੀ ਹੁੰਦੀ ਹੈ ਕਿ ਕਿਸੇ ਤਰ੍ਹਾਂ ਅੱਖਾਂ ਮਿਲ ਜਾਣ। ਖੁਦ ਮੇਰੀ ਇਹੀ ਹਾਲਤ ਹੈ, ਚਾਹੁੰਦੀ ਹਾਂ

ਕੋਲ ਹੀ ਬੈਠੀ ਰਹਾਂ ਅਤੇ ਗੱਲਾਂ ਕਰਦੀ ਰਵਾਂ। ਮੈਨੂੰ ਤਾਂ ਉਨ੍ਹਾਂ ਦਾ ਦਫ਼ਤਰ ਜਾਣਾ ਵੀ ਚੰਗਾ ਨਹੀਂ ਲੱਗਦਾ, ਚਲੇ ਜਾਂਦੇ ਹਨ ਤਾਂ ਦਿਲ ਉਦਾਸ ਹੋ ਜਾਂਦਾ ਹੈ। ਜਦੋਂ ਉਨ੍ਹਾਂ ਦੇ ਵਾਪਸ ਆਉਣ ਦਾ ਵਕਤ ਹੁੰਦਾ ਹੈ ਤਾਂ ਅੱਖਾਂ ਦਰਵਾਜ਼ੇ ਵਲ ਦੌੜਦੀਆਂ ਹਨ। ਜਾਣਦੀ ਹਾਂ ਕਿ ਘਰ ਦੇ ਹੋਰ ਲੋਕ ਟੇਢੀ ਨਜ਼ਰ ਨਾਲ ਵੇਖ ਰਹੇ ਹਨ। ਜ਼ਰੂਰ ਦਿਲ ਵਿਚ ਹੱਸਦੇ ਹੋਣਗੇ। ਸ਼ਾਇਦ ਦਿਲ ਵਿਚ ਸੋਚਦੇ ਹੋਣ ਕਿ ਕਿੰਨੀ ਨਿਰਲੱਜ ਹੈ, ਜ਼ਰਾ ਖਿਆਲ ਨਹੀਂ ਕਰਦੀ, ਪਰ ਕੀ ਕਰਾਂ ਦਿਲ ਨਹੀਂ ਮੰਨਦਾ। ਕਦੇ ਕਦੇ ਅਜਿਹਾ ਲੱਗਦਾ ਹੈ, ਜਿਵੇਂ ਕਈ ਸਾਲਾਂ ਤੋਂ ਉਨ੍ਹਾਂ ਨੂੰ ਜਾਣਦੀ ਹਾਂ, ਜਿਵੇਂ ਅਸੀਂ ਸਦਾ ਤੋਂ ਇਕੱਠੇ ਰਹੇ ਹਾਂ, ਕਦੇ ਇਕ ਦਿਨ ਲਈ ਵੀ ਵੱਖਰੇ ਨਹੀਂ ਹੋਏ। ਇਕ ਦਿਨ ਮੈਨੂੰ ਕਹਿਣ ਲੱਗੇ, 'ਪ੍ਰਕਾਸ਼ ! ਤੂੰ ਮੇਰੇ ਤੇ ਜਾਦੂ ਤਾਂ ਨਹੀਂ ਕਰ ਦਿੱਤਾ। ਜੀ ਚਾਹੁੰਦਾ ਹੈ ਦਿਨ-ਰਾਤ ਤੇਰੇ ਹੀ ਕੋਲ ਬੈਠਾ ਰਹਾਂ ਤੇਰਾ ਮੂੰਹ ਵੇਖਦਾ ਰਹਾਂ।" ਮੇਰਾ ਮੂੰਹ ਸ਼ਰਮ ਨਾਲ ਲਾਲ ਹੋ ਗਿਆ। ਕੀ ਜਵਾਬ ਦਿੰਦੀ, ਸਿਰ ਝੁਕਾ ਕੇ ਚੁੱਪ ਹੋ ਗਈ। ਫਿਰ ਹੌਲੀ ਜਿਹੀ ਮੇਰਾ ਹੱਥ ਆਪਣੇ ਹੱਥ ਵਿਚ ਲੈ ਕੇ ਬੋਲੇ, "ਤੈਨੂੰ ਇਥੇ ਕੋਈ ਤਕਲੀਫ ਤਾਂ ਨਹੀਂ, ਸਾਫ਼-ਸਾਫ਼ ਕਹਿ ਦੇ" ਮੈਂ ਸਿਰ ਉੱਚਾ ਕਰਕੇ ਕਿਹਾ, “ਮੈਨੂੰ ਇਥੇ ਰਤਾ ਵੀ ਤਕਲੀਫ਼ ਨਹੀਂ" ਇਸ ਵਕਤ ਮੇਰੀਆਂ ਅੱਖਾਂ ਉਨ੍ਹਾਂ ਦੀਆਂ ਅੱਖਾਂ ਨਾਲ ਮਿਲ ਗਈਆਂ। ਕਿੰਨੇ ਸ਼ਰਾਰਤੀ ਹਨ, ਇੰਨੀ ਗੱਲ ਤੋਂ ਹੀ ਮੁਸਕਰਾਉਣ ਲੱਗ ਪਏ। ਮੈਂ ਸ਼ਰਮਾ ਗਈ ਅਤੇ ਹੱਥ ਛੁੜਾ ਕੇ ਪਿੱਛੇ ਹਟ ਗਈ, ਪਰ ਉਨ੍ਹਾਂ ਨੇ ਆਪਣਾ ਹੱਥ ਫਿਰ ਅੱਗੇ ਵਧਾ ਦਿੱਤਾ, ਅਤੇ ਬੋਲੇ, "ਮੇਮ ਸਾਹਿਬ ! ਸ਼ੇਕ ਹੈਂਡ (Shake Hand) ਕਰੋ।

ਮੈਂ ਉਨ੍ਹਾਂ ਦਾ ਹੱਥ ਝਟਕ ਦਿੱਤਾ ਅਤੇ ਮੂੰਹ ਫੇਰ ਲਿਆ।

ਇਸ ਤੇ ਇੰਨੀ ਗੰਭੀਰਤਾ ਨਾਲ, ਜਿਵੇਂ ਵਿਆਖਿਆਨ ਦੇ ਰਹੇ ਹੋਣ, ਉੱਚੀ ਆਵਾਜ਼ ਵਿਚ ਬੋਲੇ -"ਸਜਣੋ ! ਤੁਸੀਂ ਇਸ ਗੱਲ ਦੇ ਗਵਾਹ ਹੋ ਕਿ ਸਾਡੀ ਸ੍ਰੀਮਤੀ ਨੇ ਇਸ ਸਥਾਨ ਤੇ ਦਿਨ ਦੇ ਚਿੱਟੇ ਚਾਨਣ ਵਿਚ, ਸਾਡਾ ਅਪਮਾਨ ਕੀਤਾ ਹੈ ਅਤੇ ਸਾਡਾ ਅਤਿਅੰਤ ਨਾਜ਼ੁਕ ਹੱਥ ਦੁਖਾ ਦਿੱਤਾ ਹੈ। ਇਸ ਤੋਂ ਸਾਫ ਸਿੱਧ ਹੁੰਦਾ ਹੈ ਕਿ ਜੇ ਇਸਤਰੀਆਂ ਨੂੰ ਆਜ਼ਾਦੀ ਨਾਲ ਇਸੇ ਤਰ੍ਹਾਂ ਵਿਕਾਸ ਕਰਨ ਦਿੱਤਾ ਗਿਆ ਤਾਂ ਭਾਰਤ-ਵਰਸ਼ ਦੇ ਪਤੀ ਪਰਮੇਸ਼ਵਰਾਂ ਨੂੰ ਘੋਰ ਮੁਸੀਬਤਾਂ ਦਾ ਸਾਮ੍ਹਣਾ ਕਰਨਾ ਪਵੇਗਾ।"

ਮੈਂ ਹੱਸਦੇ ਹੱਸਦੇ ਆਪਣਾ ਹੱਥ ਉਨ੍ਹਾਂ ਦੇ ਮੂੰਹ ਤੇ ਰੱਖ ਦਿੱਤਾ ਅਤੇ ਕਿਹਾ—ਇਹ ਕੀ ਕਰ ਰਹੇ ਹੋ, ਕੋਈ ਸੁਣ ਲਵੇ ਤਾਂ ਕੀ ਕਹੇ ?"

ਇੰਨੇ ਵਿਚ ਬਾਹਰ ਕਿਸੇ ਦੇ ਪੈਰਾਂ ਦੀ ਆਹਟ ਹੋਈ। ਮੈਂ ਘੁੰਡ ਮੂੰਹ ਤੇ ਖਿੱਚ ਲਿਆ। ਦਰਵਾਜ਼ੇ ਵੱਲ ਪਿਠ ਕਰਕੇ ਖੜੀ ਹੋ ਗਈ। ਇਹ ਉਨ੍ਹਾਂ ਦੀ ਭਾਬੀ ਸੀ। ਖੰਘ ਕੇ ਕਮਰੇ ਵਿਚ ਆ ਗਈ ਤੇ ਬੋਲੀ-ਕਿਉਂ ਕੱਠਈਆਂ ? ਕੀ ਹੋ ਰਿਹਾ ਸੀ, ਅਤੇ ਇਹ ਤੇਰਾ ਮੂੰਹ ਕਿਉਂ ਲਾਲ ਹੋ ਰਿਹਾ ਹੈ ?"

ਮੈਨੂੰ ਉਮੀਦ ਸੀ ਕਿ ਉਹ ਸ਼ਰਮ ਦੇ ਮਾਰੇ ਮੂੰਹ ਉੱਤੇ ਨਹੀਂ ਚੁਕਣਗੇ; ਉਨ੍ਹਾਂ ਤੋਂ ਕੋਈ ਜਵਾਬ ਨਹੀਂ ਬਣ ਸਕੇਗਾ। ਪਰ ਮੇਰਾ ਖਿਆਲ ਗਲਤ ਨਿਕਲਿਆ। ਉਨ੍ਹਾਂ ਨੇ ਝਟ ਕਿਹਾ, "ਇਸ ਜ਼ਨਾਨੀ ਨੇ ਥਪੜ ਮਾਰਿਆ ਹੈ; ਭਾਬੀ !"

ਭਾਬੀ ਜੀ ਹੱਸ ਪਏ, ਪਰ ਮੇਰਾ ਤਾਂ ਹਾਸੇ ਦੇ ਮਾਰੇ ਬੁਰਾ ਹਾਲ ਸੀ, ਲੋਟ-ਪੋਟ ਹੁੰਦੀ ਜਾਂਦੀ ਸਾਂ। ਮੈਂ ਦੁਪੱਟੇ ਦਾ ਸਿਰਾ ਮੂੰਹ ਵਿੱਚ ਤੁੰਨ ਦਿੱਤਾ, ਪਰ ਹਾਸੀ ਫਿਰ ਵੀ ਨਹੀਂ ਸੀ ਰੁਕਦੀ। ਉਨ੍ਹਾਂ ਨੇ ਮੇਰੇ ਵਲ ਸੰਕੇਤ ਕਰਕੇ ਭਾਬੀ ਤੋਂ ਪੁੱਛਿਆ, "ਕਿਉਂ ਭਾਬੀ, ਇਸ ਗਰੀਬ ਨੂੰ ਕੁਝ ਖਾਣ ਨੂੰ ਵੀ ਮਿਲਦਾ ਹੈ ਜਾਂ ਨਹੀਂ ! ਮੇਰਾ ਖਿਆਲ ਹੈ, ਨਹੀਂ ਮਿਲਦਾ, ਤਦੇ ਤਾਂ ਕੱਪੜੇ ਖਾਂਦੀ ਰਹਿੰਦੀ ਹੈ। ਦੇਖ ਲਉ, ਅੱਧਾ ਦੁਪੱਟਾ ਖਾ ਚੁਕੀ ਹੈ।"

ਭਾਬੀ—ਹੁਣ ਤਾਂ ਸਾਮ੍ਹਣੇ ਬੈਠ ਕੇ ਖੁਆਇਆ ਕਰ।

ਉਹ—ਉਫ ! ਸਾਡੀ ਸ੍ਰੀਮਤੀ ਦੀ ਕੋਈ ਪਰਵਾਹ ਹੀ ਨਹੀਂ ਕਰਦਾ।

ਭਾਬੀ-ਇਸ ਕੰਮ ਲਈ ਤੂੰ ਠੀਕ ਹੈਂ।

ਉਹ—ਨਾ ਭਾਬੀ ! ਮੈਥੋਂ ਇਹ ਕੰਮ ਨਹੀਂ ਹੋਵੇਗਾ, ਕੌਣ ! ਕੰਮ ਵੀ ਕਰੋ ਅਤੇ ਥੱਪੜ ਵੀ ਖਾਏ।

ਭਾਬੀ-"ਤੂੰ ਇਸ ਕੰਮ ਤੋਂ ਸਿਵਾ ਹੋਰ ਕਿਸੇ ਦੇ ਯੋਗ ਵੀ ਨਹੀਂ। ਇਹ ਵੀ ਨਹੀਂ ਕਰੇਂਗਾ ਤਾਂ ਹੋਰ ਕੀ ਕਰੇਂਗਾ ?"

ਉਹ-'ਸ੍ਰੀਮਤੀ ਤੋਂ ਵਾਜਾ ਵਜਾਉਣਾ ਸਿਖਾਂਗਾ। ਕਿਉਂ ਪ੍ਰੋਫੈਸਰ ਸਾਹਿਬ ! ਆਪਨੂੰ ਸਾਗਿਰਦ ਬਣਾਉਣ ਵਿਚ ਕੋਈ ਇਤਰਾਜ਼ ਤਾਂ ਨਹੀਂ ?"

ਮੈਂ ਹੱਸਦੀ ਵੀ ਸਾਂ ਤੇ ਹੈਰਾਨ ਵੀ ਹੁੰਦੀ ਸਾਂ ਕਿ ਕੈਸੇ ਆਦਮੀ ਹਨ, ਜ਼ਰਾ ਨਹੀਂ ਘਬਰਾਉਂਦੇ। ਭਾਬੀ ਨੇ ਕਿਹਾ ਤੂੰ ਖਾਕ ਸਿਖੇਂਗਾ, ਤੇਰੇ ਭਾਗਾਂ ਵਿਚ ਇਹ ਚੀਜ਼ ਨਹੀਂ।"

ਉਹ-"ਵਾਹ ਭਾਬੀ ! ਭਾਗਾਂ ਵਿਚ ਕਿਉਂ ਨਹੀਂ, ਕੀ ਇਹ ਸਾਡੀ ਸ੍ਰੀਮਤੀ ਨਹੀਂ ਹਨ, ਜਦੋਂ ਚਾਹੀਏ ਵਾਜਾ ਵਜਾਉਣ ਲੱਗ ਪਵੇ, ਜਦ ਚਾਹੀਏ ਇਨ੍ਹਾਂ ਦੀਆਂ ਤਾਨਾਂ ਨਾਲ ਕਮਰਾ ਗੂੰਜਣ ਲੱਗੇ, ਹੁਣ ਤੁਸੀਂ ਹੀ ਦੱਸੋ ! ਅਸੀਂ ਠਹਿਰੇ ਵੱਡੇ ਆਦਮੀ ! ਸਾਨੂੰ ਇਸ ਸਿਰ-ਦਰਦੀ ਦੀ ਕੀ ਲੋੜ ਹੈ। ਇਹ ਬੈਠ ਕੇ ਗਾਏਗੀ, ਅਸੀਂ ਬੈਠ ਕੇ ਸੁਣਾਂਗੇ, ਕਿਉਂ ਭਾਬੀ ?

ਇਨ੍ਹਾਂ ਸ਼ਬਦਾਂ ਵਿਚ ਕਿੰਨਾ ਪਿਆਰ ਭਰਿਆ ਸੀ, ਕਿੰਨੀ ਅਪਣਤ ਸੀ ! ਮੇਰੇ ਸਰੀਰ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਇਉਂ ਅਨੁਭਵ ਹੋਇਆ ਜਿਵੇਂ ਸੰਸਾਰ ਦੇ ਸਾਰੇ ਸੁਖ ਮੇਰੇ ਲਈ ਹੀ ਹਨ।

(13 ਨਵੰਬਰ, 1921)

ਉਫ਼ ! ਕੀ ਸਮਝਿਆ ਸੀ, ਕੀ ਹੋ ਗਿਆ। ਇਸ ਤੋਂ ਤਾਂ ਮਰ ਜਾਣਾ ਹੀ ਚੰਗਾ ਹੈ, ਪਰ ਮੈਨੂੰ ਮੌਤ ਵੀ ਨਹੀਂ ਆਉਂਦੀ ਕਿ ਇਸ ਸੰਕਟ ਤੋਂ ਛੁਟਕਾਰਾ ਹੋਵੇ। ਜਦੋਂ ਦੇਖੋ, ਭਾਬੀ ! ਜਿਥੇ ਦੇਖੋ, ਭਾਬੀ। ਆਖਰ ਸਹਿਣ-ਸ਼ਕਤੀ ਦੀ ਵੀ ਤਾਂ ਕੋਈ ਹੱਦ ਹੁੰਦੀ ਹੈ। ਜੀ ਚਾਹੁੰਦਾ ਹੈ, ਘਰ ਨੂੰ ਅੱਗ ਲਗਾਦਿਆਂ, ਅਤੇ ਕਿਤੇ ਨਿਕਲ ਜਾਵਾਂ। ਸੁਖ ਨਹੀਂ ਹੋਵੇਗਾ, ਪਰ ਛਾਤੀ ਤੇ ਕੋਈ ਮੂੰਗ ਤਾਂ ਨਹੀਂ ਦਲੇਗਾ। ਕਿਸੇ ਸਕੂਲ ਵਿਚ ਲੜਕੀਆਂ ਨੂੰ ਪੜ੍ਹਾ ਲਵਾਂਗੀ, ਮੰਗ ਕੇ ਖਾ ਲਵਾਂਗੀ, ਪਰ ਇਥੇ ਨਾ ਰਹਾਂਗੀ। ਮੈਂ ਵੀ ਕਿੰਨੀ ਮੂਰਖ ਹਾਂ, ਭਾਬੀ ਭਾਬੀ ਕਹਿੰਦਿਆਂ ਜੀਭ ਥੱਕਦੀ ਸੀ, ਇਹ ਖਿਆਲ ਵੀ ਨਹੀਂ ਸੀ ਕਿ ਅੰਦਰੋਂ ਮੇਰੀ ਸੌਂਕਣ ਬਣੀ ਬੈਠੀ ਹੈ। ਉਸ ਦਿਨ ਕਿੰਨੇ ਚਾਅ, ਪ੍ਰੇਮ ਤੇ ਮਿਹਨਤ ਨਾਲ ਖਾਣਾ ਬਣਾਇਆ। ਦੋ ਘੰਟੇ ਰਾਹ ਵੇਖਦੀ ਰਹੀ। ਖਾਣ ਬੈਠੇ ਤਾਂ ਪੁੱਛਿਆ, ਕੈਸਾ ਬਣਿਆ ਹੈ, ਮੇਰੀ ਪ੍ਰਸ਼ੰਸ਼ਾ ਤਾਂ ਕੀ ਕਰਨੀ ਸੀ, ਭਾਬੀ ਦੇ ਗੁਣ ਗਾਉਣ ਲੱਗੇ। ਬੋਲੇ-'"ਖਾਣਾ ਤਾਂ ਭਾਬੀ ਬਣਾਉਂਦੀ ਹੈ, ਉਸਦੇ ਹੱਥ ਦਾ ਖਾਣਾ ਇੰਨਾ ਸੁਆਦੀ ਤੇ ਮਿੱਠਾ ਹੁੰਦਾ ਹੈ ਕਿ ਬੱਸ ! "ਮੈਨੂੰ ਜ਼ਹਿਰ ਚੜ੍ਹ ਗਿਆ। ਜੀ ਚਾਹੁੰਦਾ ਸੀ ਸਿਰ ਦੀਵਾਰ ਨਾਲ ਮਾਰਾਂ। ਪ੍ਰਸ਼ੰਸ਼ਾ ਦੇ ਦੋ ਸ਼ਬਦ ਕਹਿ ਦਿੰਦੇ ਤਾਂ ਉਨ੍ਹਾਂ ਦਾ ਕੀ ਵਿਗੜ ਜਾਂਦਾ। ਮੇਰਾ ਹੌਂਸਲਾ ਵੱਧ ਜਾਂਦਾ। ਮੈਂ ਵੀ ਸਮਝਦੀ ਮੈਨੂੰ ਕੋਈ ਪਿਆਰ ਕਰਦਾ ਹੈ। ਪਰ ਨਹੀਂ, ਮੈਨੂੰ ਸਾੜਦੇ ਹਨ। ਮੈਨੂੰ ਸਾੜ ਕੇ ਉਨ੍ਹਾਂ ਨੂੰ ਸੁਆਦ ਆਉਂਦਾ ਹੈ। ਕਦੇ ਭਾਬੀ ਦੀ ਕਿਸੇ ਚੀਜ਼ ਵਿਚ ਨੁਕਸ ਕੱਢਣ ਖਾਂ, ਵੇਖਾਂ ਕਿਵੇਂ ਆੜੇ ਹੱਥ ਲੈਂਦੀ ਹੈ, ਬੋਲਣ ਨਾ ਦੇਵੇ, ਮੂੰਹ ਬੰਦ ਕਰ ਦੇਵੇ। ਇਕ ਮੈਂ ਹਾਂ ਕਿ ਜੋ ਕੁਝ ਕਹਿੰਦੇ ਹਨ, ਸਿਰ ਝੁਕਾ ਕੇ ਸੁਣ ਲੈਂਦੀ ਹਾਂ, ਤਦੇ ਤਾਂ ਸ਼ੇਰ ਹੋਈ ਜਾਂਦੇ ਹਨ।

ਪਰਸੋਂ ਭਾਬੀ ਨੇ ਕਿਹਾ, "ਪ੍ਰਕਾਸ਼ ! ਪ੍ਰੇਮ ਲਈ ਫਰਾਕ ਸੀ ਦੇ।" ਪਹਿਲੇ ਤਾਂ ਦਿਲ ਵਿਚ ਖਿਆਲ ਆਇਆ, ਕਹਿ ਦੇਵਾਂ— ਮੈਨੂੰ ਵਿਹਲ ਨਹੀਂ, ਆਪੇ ਸੀ ਲਵੋ।" ਫਿਰ ਸੋਚਿਆ, ਚਲ ਸੀ ਦੇਵਾਂ, ਵਿਹਲੀ ਬੈਠੀ ਦੇ ਹੱਥ ਮੋਟੇ ਤਾਂ ਨਹੀਂ ਹੋ ਜਾਣਗੇ। ਦੋ ਤਿੰਨ ਘੰਟੇ ਮਸ਼ੀਨ ਚਲਾਂਦੀ ਰਹੀ। ਜਦੋਂ ਤਿਆਰ ਹੋਇਆ, ਤਾਂ ਹੁਜਤਾਂ ਕਰਨ ਲੱਗੇ ਇਹ ਕਾਟ ਗ਼ਲਤ ਹੈ, ਇਹ ਸਿਲਾਈ ਮੋਟੀ ਹੈ। ਲੈਸ ਠੀਕ ਨਹੀਂ ਲੱਗੀ। ਇਹ ਫਲ ਸੀ ਮੇਰੇ ਤਿੰਨ ਘੰਟਿਆਂ ਦੀ ਮਿਹਨਤ ਦਾ। ਕੋਈ ਪੁੱਛੇ ਕੀ ਸਿਲਾਈ ਦੇ ਕੇ ਸਿਵਾਇਆ ਸੀ ਜੋ ਇੰਨੀਆਂ ਬਾਰੀਕੀਆਂ ਵੇਖ ਰਹੀ ਹੈ, ਉਨ੍ਹਾਂ ਨੂੰ ਕਿਹਾ ਤਾਂ ਉਨ੍ਹਾਂ ਨੇ ਵੀ ਭਾਬੀ ਦਾ ਪੱਖ ਲਿਆ। ਬੋਲੇ, ਠੀਕ ਕਹਿੰਦੇ ਹਨ। ਉਹ ਖ਼ੁਦ ਬੜੀ ਚੰਗੀ ਸਿਲਾਈ ਕਰਦੇ ਹਨ। ਉਨ੍ਹਾਂ ਦੇ ਹੱਥ ਦਾ ਕੰਮ ਵੇਖੇਂ ਤਾਂ ਦੰਗ ਰਹਿ ਜਾਵੇਂ। ਕੋਈ ਕਾਰੀਗਰ ਦਰਜੀ ਵੀ ਅਜਿਹਾ ਕੰਮ ਕਰ ਸਕਦਾ ਹੈ, ਮੈਨੂੰ ਇਸਦਾ ਸ਼ੱਕ ਹੈ, ਇਸੇ ਲਈ ਉਨ੍ਹਾਂ ਨੂੰ ਤੇਰਾ ਫਰਾਕ ਪਸੰਦ ਨਹੀਂ ਆਇਆ।" ਹੁਣ ਕੋਈ ਕੰਮ ਕਹਿਣ ਸਾਫ ਕਹਿ ਦਿਆਂਗੀ— ਰਾਣੀ, ਤੁਹਾਡੇ ਹੱਥਾਂ ਨੂੰ ਮਹਿੰਦੀ ਨਹੀਂ ਲੱਗੀ ਹੋਈ, ਆਪੇ ਕਰ ਲਉ। ਕੰਮ ਵੀ ਕਰਾਂ ਤੇ ਸੜੀਆਂ ਭੁਜੀਆਂ ਵੀ ਸੁਣਾਂ, ਅਜੇਹੀ ਸਹਿਣਸ਼ੀਲਤਾ ਮੇਰੇ ਵਿਚ ਨਹੀਂ।"

ਕੱਲ ਰਾਤ ਸਿਨਮਾ ਵੇਖਣ ਗਏ। ਦੋ-ਤਿੰਨ ਥਾਂ ਅਜਿਹੇ ਸਨ, ਜਿਥੇ ਵਿਸ਼ਾ ਸਾਫ ਨਹੀਂ ਸੀ। ਮੇਰੀ ਬਦਕਿਸਮਤੀ ! ਉਨ੍ਹਾਂ ਤੋਂ ਪੁੱਛ ਬੈਠੀ। ਬਸ ਉਨ੍ਹਾਂ ਨੂੰ ਮੌਕਾ ਮਿਲ ਗਿਆ, ਲੱਗੇ ਭਾਬੀ ਦੀਆਂ ਤਾਰੀਫਾਂ ਕਰਨ, "ਭਾਬੀ ਕਦੇ ਨਹੀਂ ਪੁੱਛਦੀ, ਸਾਰੀ ਕਹਾਣੀ ਆਪਣੇ ਆਪ ਸਮਝ ਲੈਂਦੀ ਹੈ। ਕਮਾਲ ਦੀ ਸਮਝਦਾਰ ਹੈ ਸਿਨਮੇ ਦੀਆਂ ਬਾਰੀਕੀਆਂ ਨੂੰ ਇਉਂ ਸਮਝਦੀ ਹੈ ਕਿ ਤੈਨੂੰ ਕੀ ਦੱਸਾਂ ! ਉਹ ਤਾਂ ਕਿਸੇ ਸਿਨਮਾ-ਕੰਪਨੀ ਦੀ ਡਾਇਰੈਕਟਰ ਬਣ ਸਕਦੀ ਹੈ। ਪ੍ਰਕਾਸ਼, ਤੂੰ ਸ਼ਾਇਦ ਅਤਕਥਨੀ ਸਮਝੇ ਪਰ ਇਹ ਗੱਲ ਨਹੀਂ। ਭਾਬੀ ਬਹੁਤ ਸਮਝਦਾਰ ਹੈ।" ਇਹ ਸੁਣਦੇ ਹੀ ਮੈਨੂੰ ਅੱਗ ਜਿਹੀ ਲੱਗ ਗਈ, ਪਰ ਕਰ ਵੀ ਕੀ ਸਕਦੀ ਸੀ। ਜਦ ਤਕ ਬੈਠੀ ਰਹੀ, ਰੋਂਦੀ ਰਹੀ, ਪਰ ਉਹ ਆਰਾਮ ਨਾਲ ਬੈਠੇ ਤਮਾਸ਼ਾ ਵੇਖਦੇ ਰਹੇ। ਭਾਬੀ ਦੀ ਅੱਖ ਤੋਂ ਇਕ ਹੰਝੂ ਗਿਰ ਜਾਏ ਤਾਂ ਸਾਰੀ ਰਾਤ ਨੀਂਦ ਨਾ ਆਵੇ।

ਦਸ ਵਾਰ ਉਠ ਕੇ ਵੇਖਣ, ਸੌਂ ਗਈ ਹੈ ਜਾਂ ਨਹੀਂ। ਇਕ ਮੈਂ ਹਾਂ ਕਿ ਰੋ ਰੋ ਕੇ ਮਰ ਜਾਵਾਂ, ਤਦ ਵੀ ਇਹ ਆਸ ਨਹੀਂ ਕਿ ਉਠਕੇ ਦੋ ਮਿੱਠੇ ਸ਼ਬਦ ਹੀ ਕਹਿ ਦੇਣ। ਇਨ੍ਹਾਂ ਗੱਲਾਂ ਨੇ ਹੀ ਤਾਂ ਮੇਰੇ ਜੀਵਨ ਦੀ ਖੁਸ਼ੀ ਹੜੱਪ ਲਈ ਹੈ। ਸ਼ਾਇਦ ਉਹ ਸਮਝਦੇ ਹੋਣ ਕਿ ਮੈਂ ਹਨੇਰੇ ਵਿਚ

ਹਾਂ, ਪਰ ਇਹ ਉਨ੍ਹਾਂ ਦਾ ਭਰਮ ਹੈ। ਮੇਰੀਆਂ ਅੱਖਾਂ ਨੇ ਸਭ ਕੁਝ ਭਾਂਪ ਲਿਆ ਹੈ। ਮੂੰਹ ਤੋਂ ਨਾ ਬੋਲਾਂ, ਇਹ ਹੋਰ ਗੱਲ ਹੈ, ਪਰ ਜਾਣਦੀ ਸਭ ਕੁਝ ਹਾਂ।

ਹਾਏ ! ਮੇਰਾ ਘਰ ਮੇਰੀਆਂ ਅੱਖਾਂ ਸਾਮ੍ਹਣੇ ਸੜ ਰਿਹਾ ਹੈ ਅਤੇ ਮੈਂ ਕੁਝ ਨਹੀਂ ਕਰ ਸਕਦੀ। ਮਨੁੱਖੀ ਜੀਵਨ ਦੀ ਬੇਬਸੀ ਦੀ ਅਜਿਹੀ ਮਿਸਾਲ ਕਿਸੇ ਨੇ ਘਟ ਹੀ ਵੇਖੀ ਹੋਵੇਗੀ।

## (24 ਨਵੰਬਰ 1921)

ਮੇਰਾ ਸ਼ੱਕ ਠੀਕ ਨਿਕਲਿਆ।

ਹੁਣ ਮੇਰੇ ਲਈ ਸੰਸਾਰ ਵਿਚ ਬਾਕੀ ਕੁਝ ਨਹੀਂ ਰਹਿ ਗਿਆ, ਮੈਂ ਪੂਰੀ ਤਰ੍ਹਾਂ ਤਬਾਹ ਹੋ ਗਈ ਹਾਂ। ਮੈਂ ਗਰੀਬ ਤੋਂ ਗਰੀਬ, ਕੰਗਾਲ ਤੋਂ ਕੰਗਾਲ ਜ਼ਨਾਨੀਆਂ ਵੇਖੀਆਂ ਹਨ, ਪਰ ਮੇਰੇ ਤੋਂ ਸਭ ਚੰਗੀਆਂ ਹਨ। ਉਨ੍ਹਾਂ ਪਾਸ ਗਹਿਣੇ ਨਹੀਂ ਹਨ, ਕੀਮਤੀ ਕੱਪੜੇ ਨਹੀਂ ਹਨ, ਪਰ ਉਨ੍ਹਾਂ ਕੋਲ ਮਨ ਦੀ ਸ਼ਾਂਤੀ ਤੇ ਰਾਤ ਦੀ ਨੀਂਦਰ ਤਾਂ ਹੈ। ਮੇਰੇ ਪਾਸ ਉਹ ਵੀ ਨਹੀਂ। ਉਹ ਪੇਟ ਭਰਨ ਲਈ ਦਿਨ-ਰਾਤ ਮਿਹਨਤ ਕਰਦੀਆਂ ਹਨ, ਇਸ ਤੇ ਵੀ ਉਨ੍ਹਾਂ ਨੂੰ ਭੁਖਿਆਂ ਰਹਿਣਾ ਪੈਂਦਾ ਹੈ। ਕਈ ਅਜਿਹੀਆਂ ਵੀ ਹਨ, ਜਿਨ੍ਹਾਂ ਦੇ ਪਤੀ ਸ਼ਰਾਬ ਪੀਂਦੇ ਹਨ, ਕਈ ਜੂਆ ਖੇਡਦੇ ਹਨ, ਪਰ ਉਨ੍ਹਾਂ ਨੂੰ ਇੰਨੀ ਤਸੱਲੀ ਤਾਂ ਹੈ ਕਿ ਪਤੀ ਉਨ੍ਹਾਂ ਦਾ ਹੈ। ਇਸ ਤੇ ਕਿਸੇ ਦੂਜੀ ਜ਼ਨਾਨੀ ਦਾ ਅਧਿਕਾਰ ਨਹੀਂ। ਇਹ ਕਿਸੇ ਹੋਰ ਜ਼ਨਾਨੀ ਦੀ ਖਾਤਰ ਉਸ ਨਾਲ ਲੜਨ ਲਈ ਤਿਆਰ ਨਹੀਂ ਹੋਵੇਗਾ। ਮੇਰਾ ਜੀਵਨ ਇਸ ਖੁਸ਼ੀ ਤੋਂ ਵੀ ਸਖਣਾ ਹੈ। ਮੇਰਾ ਦਿਲ ਇਸ ਧਨ ਤੋਂ ਵੀ ਖਾਲੀ ਹੈ। ਮੇਰੇ ਪਾਸ ਸਭ ਕੁੱਝ ਹੈ। ਪਰ ਕੁਝ ਵੀ ਨਹੀਂ।

ਉਹ ਹੁਣ ਵੀ ਗੱਲ ਗੱਲ ਤੇ ਭਾਬੀ ਦਾ ਰਾਗ ਅਲਾਪਦੇ ਹਨ। ਸਾਫ ਹੈ ਕਿ ਭਾਬੀ ਉਨ੍ਹਾਂ ਦੇ ਮਨ ਵਿਚ ਵਸ ਗਈ ਹੈ। ਉਸਦੇ ਸਿਵਾ ਉਥੇ ਕਿਸੇ ਹੋਰ ਲਈ ਥਾਂ ਨਹੀਂ। ਮੈਂ ਉਨ੍ਹਾਂ ਦੇ ਮਨ ਵਿਚ ਇਵੇਂ ਰਹਿੰਦੀ ਹਾਂ ਜਿਵੇਂ ਕੋਈ ਚਾਰ ਦਿਨ ਲਈ ਕਿਸੇ ਦਾ ਮਹਿਮਾਨ ਆ ਜਾਵੇ। ਮਕਾਨ-ਮਾਲਕ ਉਸਨੂੰ ਆਪਣੇ ਕੋਲ ਠਹਿਰਾ ਲੈਂਦਾ ਹੈ। ਉਹ ਉਸ ਦਾ ਆਦਰ ਸਤਿਕਾਰ ਵੀ ਕਰਦਾ ਹੈ। ਉਸ ਨਾਲ ਹਸਦਾ ਬੋਲਦਾ ਵੀ ਹੈ। ਪਰ ਦਿਲ ਵਿਚ ਸਦਾ ਕੁੜਦਾ ਰਹਿੰਦਾ ਹੈ ਕਿ ਹੁਣ ਇਹ ਚਲਾ ਕਿਉਂ ਨਹੀਂ ਜਾਂਦਾ। ਕਦ ਤਕ ਰਹੇਗਾ ? ਮੂੰਹ ਤੋਂ ਕਹੇ ਜਾਂ ਨਾ ਕਹੇ, ਅੱਖਾਂ ਸਾਫ ਕਹਿ ਦਿੰਦੀਆਂ ਹਨ ਕਿ ਖੁਸ਼ ਨਹੀਂ ਮੈਂ ਇਸੇ ਤਰ੍ਹਾਂ ਦੀ ਮਹਿਮਾਨ ਹਾਂ। ਰੋਟੀ-ਕੱਪੜਾ ਦੇ ਦਿੰਦੇ ਹਨ, ਇੱਜ਼ਤ ਨਾਲ ਕੋਈ ਨਹੀਂ ਵੇਖਦਾ। ਸੋਚਿਆ ਸੀ, ਪੱਕੇ ਚਲੀ ਜਾਵਾਂ। ਨਾ ਅੱਖੀਂ ਵੇਖਾਂਗੀ ਨਾ ਦਿਲ ਸੜੇਗਾ। ਘਰ ਵਾਲੇ ਪਹਿਲਾਂ ਹੀ ਬੁਲਾ ਰਹੇ ਹਨ। ਪਰ ਇਕ ਸਹੇਲੀ ਨੇ

ਰਾਏ ਦਿੱਤੀ- "ਇਹ ਮੂਰਖਤਾ ਨਾ ਕਰ ਬੈਠੀ, ਨਹੀਂ ਮਗਰੋਂ ਰੋਵੇਗੀ।" ਗੱਲ ਠੀਕ ਹੈ। ਮੈਂ ਜਾਣ ਦਾ ਵਿਚਾਰ ਛੱਡ ਦਿੱਤਾ।

ਹੁਣ ਭਾਬੀ ਵੀ ਸਮਝ ਗਈ ਕਿ ਮੈਨੂੰ ਸਭ ਕੁਝ ਪਤਾ ਹੈ। ਉਹ ਪਹਿਲੇ ਵਰਗਾ ਮੇਲ-ਮਿਲਾਪ ਹੁਣ ਨਹੀਂ ਰਿਹਾ। ਮੇਰੇ ਨਾਲ ਕੁੱਝ ਖਿਚੀ ਖਿਚੀ ਰਹਿੰਦੀ ਹੈ, ਜਿਵੇਂ ਮੈਂ ਉਸਨੂੰ ਕੋਈ ਨੁਕਸਾਨ ਪਹੁੰਚਾਇਆ ਹੋਵੇ। ਮੇਰੇ ਵੱਲ ਜਦੋਂ ਵੇਖਦੀ ਹੈ, ਗੁੱਸੇ ਨਾਲ ਭਖਦੀਆਂ ਅੱਖਾਂ ਨਾਲ ਵੇਖਦੀ ਹੈ। ਮਾਂ ਜੀ ਵੀ ਨਾ ਖੁਸ਼ ਰਹਿੰਦੇ ਹਨ। ਪ੍ਰਤੀਤ ਹੁੰਦਾ ਹੈ ਭਾਬੀ ਨੇ ਉਨ੍ਹਾਂ ਦੇ ਵੀ ਕੰਨ ਭਰੇ ਹਨ। ਸ਼ਾਇਦ ਜੇ ਮੈਂ ਇਕ ਵਾਰ ਵੀ ਜਾ ਕੇ ਆਪਣੀ ਹਾਲਤ ਦੱਸਾਂ, ਤਾਂ ਉਨ੍ਹਾਂ ਦਾ ਵਤੀਰਾ ਬਦਲ ਜਾਵੇ। ਪਰ ਕਿਉਂ ? ਉਹ ਮੈਨੂੰ ਕਿਉਂ ਨਾ ਪੁੱਛਣ ਕਿ ਤੈਨੂੰ ਕੀ ਤਕਲੀਫ ਹੈ। ਮੈਂ ਦਿਖਾ ਦਿਆਂਗੀ ਕਿ ਮੈਨੂੰ ਵੀ ਤੁਹਾਡੇ ਲੋਕਾਂ ਦੀ ਪਰਵਾਹ ਨਹੀਂ। ਤੁਸੀਂ ਮੈਥੋਂ ਇਕ ਗਜ਼ ਦੂਰ ਭੱਜੋ, ਮੈਂ ਤੁਹਾਥੋਂ ਚਾਰ ਗਜ਼ ਦੂਰ ਭਜਾਂਗੀ।

ਉਹ ਚਾਰ ਪੰਜ ਦਿਨਾਂ ਤੋਂ ਬੀਮਾਰ ਪਏ ਹਨ। ਡਾਕਟਰ ਰੋਜ਼ ਆਉਂਦਾ ਹੈ, ਪਰ ਆਰਾਮ ਨਹੀਂ ਆਇਆ। ਪਰਮਾਤਮਾ ਉਨ੍ਹਾਂ ਨੂੰ ਛੇਤੀ ਠੀਕ ਕਰੇ, ਮੇਰੀ ਦੁਨੀਆਂ ਤਾਂ ਉਨ੍ਹਾਂ ਨਾਲ ਹੀ ਹੈ। ਚਾਰਪਾਈ ਤੇ ਪਏ ਵੇਖਦੀ ਹਾਂ ਤਾਂ ਮੇਰਾ ਦਿਲ ਤੜਪ ਉਠਦਾ ਹੈ। ਇਉਂ ਲੱਗਦਾ ਹੈ ਜਿਵੇਂ ਵਰ੍ਹਿਆਂ ਤੋਂ ਬੀਮਾਰ ਪਏ ਹੋਣ। ਮਾਂ-ਜੀ ਅਤੇ ਸਹੁਰਾ ਜੀ ਦਿਨ ਵਿਚ ਇਕ ਦੋ ਵਾਰੀ ਆ ਕੇ ਪੁੱਛ ਜਾਂਦੇ ਹਨ, ਪਰ ਭਾਬੀ ਨਹੀਂ ਆਉਂਦੀ। ਕੈਸੀ ਪੱਥਰ-ਦਿਲ ਹੈ ! ਇਕ ਹੀ ਮਕਾਨ ਵਿਚ ਰਹਿੰਦੇ ਹਾਂ, ਫਿਰ ਵੀ ਬੇ-ਪਰਵਾਹੀ !

ਪਰ ਕੋਈ ਪਰਵਾਹ ਨਹੀਂ।

## (27 ਨਵੰਬਰ, 1921)

ਕੱਲ ਬੁਖਾਰ ਹੋਰ ਵੀ ਤੇਜ਼ ਹੋ ਗਿਆ। ਸਾਰਾ ਦਿਨ ਬੇਸੁੱਧ ਪਏ ਰਹੇ। ਇਕ ਵਾਰ ਵੀ ਅੱਖ ਨਹੀਂ ਖੋਲ੍ਹੀ। ਮੈਂ ਕੋਲ ਬੈਠੀ ਰੋਂਦੀ ਰਹੀ। ਮਾਂ ਜੀ ਸਾਰਾ ਦਿਨ ਉਸੇ ਕਮਰੇ ਵਿਚ ਬੈਠੇ ਰਹੇ ਅਤੇ ਮੈਨੂੰ ਤਸੱਲੀ ਦਿੰਦੇ ਰਹੇ, ਪਰ ਮੇਰੇ ਦਿਲ 'ਚ ਖਬਰੇ ਕੀ ਹੋ ਰਿਹਾ ਸੀ, ਜਿਵੇਂ ਕੋਈ ਜਾਨਵਰ ਆਪਣੇ ਪੰਜਿਆਂ ਨਾਲ ਮੇਰੇ ਕਲੇਜੇ ਨੂੰ ਖੁਰਚ ਰਿਹਾ ਸੀ, ਮੇਰਾ ਦਿਲ ਜਿਵੇਂ ਅਥਾਹ ਹਨੇਰੇ ਵਿਚ ਡੁਬ ਰਿਹਾ ਸੀ। ਜਿਵੇਂ ਮੇਰੇ ਲਈ ਦੁਨੀਆਂ ਵਿਚ ਨਿਰਾਸਤਾ ਤੋਂ ਬਿਨਾਂ ਕੁਝ ਨਹੀਂ ਸੀ ਰਖਿਆ। ਉਨ੍ਹਾਂ ਦੇ ਮੂੰਹ ਵੱਲ ਵੇਖਦਿਆਂ ਮੈਨੂੰ ਡਰ ਲੱਗਦਾ ਸੀ। ਵਾਰ ਵਾਰ ਸੋਚਦੀ ਸਾਂ,

ਕੀ ਹੋਣ ਵਾਲਾ ਹੈ। ਕਦੇ ਕਦੇ ਅਜਿਹੀ ਭਿਆਨਕ, ਕਾਲੀ ਕਲਪਨਾ ਸਾਮ੍ਹਣੇ ਆ ਕੇ ਖੜੀ ਹੋ ਜਾਂਦੀ ਸੀ ਕਿ ਅੱਖਾਂ ਅੱਗੇ ਹਨੇਰਾ ਛਾ ਜਾਂਦਾ ਸੀ ਅਤੇ ਘਰ ਬਾਰ ਘੁੰਮਦੇ ਨਜ਼ਰ ਆਉਂਦੇ ਸਨ। ਮਾਂ ਜੀ ਨੇ ਮੈਨੂੰ ਚਿੰਤਾ ਵਿਚ ਵੇਖਿਆ ਤਾਂ ਉਨ੍ਹਾਂ ਦਾ ਗੁੱਸਾ ਉਤਰ ਗਿਆ। ਦੇਰ ਤਕ ਮੈਨੂੰ ਗੋਦ ਵਿਚ ਲੈ ਕੇ ਬੈਠੇ ਰਹੇ ਅਤੇ ਪਿਆਰ ਕਰਦੇ ਰਹੇ। ਮਾਨੋਂ ਮੈਂ ਛੋਟੀ ਜਿਹੀ ਲੜਕੀ ਸਾਂ। ਜਿਹੜੀ ਮਾਂ ਦੀ ਗੋਦ ਵਿਚ ਬੈਠੀ ਉਸਦੇ ਪਿਆਰ ਨਾਲ ਖੇਡ ਰਹੀ ਸਾਂ। ਇਹ ਪਿਆਰ ਕਿੰਨਾ ਪਵਿੱਤਰ ਸੀ। ਦਿਲ ਦੀ ਕਿੰਨੀ ਡੂੰਘਾਈ ਤੋਂ ਨਿਕਲਦਾ ਸੀ? ਇਹ ਲਿਖਣਾ ਆਸਾਨ ਨਹੀਂ। ਇਸਨੂੰ ਕੋਈ ਚਿੱਤਰਕਾਰ ਵੀ ਬਿਆਨ ਨਹੀਂ ਕਰ ਸਕਦਾ। ਇਸ ਨੂੰ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। ਅਜਿਹੀ ਸੱਸ ਨੂੰ ਨਾਰਾਜ਼ ਕੀਤੀ ਰੱਖਣਾ ਮੂਰਖਤਾ ਨਹੀਂ ਤਾਂ ਹੋਰ ਕੀ ਸੀ ! ਜੇ ਪਹਿਲਾਂ ਹੋਸ਼ ਆ ਜਾਂਦੀ ਤਾਂ ਇੰਨੇ ਦਿਨ ਨਾ ਸੜਦੀ, ਨਾ ਜਲਾਂਦੀ। ਪਰ ਭਾਬੀ ਨੇ ਕਮਰੇ ਵਿੱਚ ਪੈਰ ਵੀ ਨਾ ਰਖਿਆ। ਹਾਂ, ਲੜਕੇ ਨੂੰ ਇਕ ਦੋ ਵਾਰ ਜ਼ਰੂਰ ਭੇਜਿਆ ਕਿ ਵੇਖ ਆ ਕੀ ਹਾਲ ਹੈ ? ਇੰਨੀ ਬੇ-ਰਹਿਮੀ ਵੀ ਕੀ ! ਉਹ ਉਸਨੂੰ ਕਿੰਨਾ ਚਾਹੁੰਦੇ ਹਨ, ਇਸ ਬੀਬੀ ਜੀ ਨੂੰ ਪਰਵਾਹ ਨਹੀਂ। ਸ਼ਾਇਦ ਡਰਦੀ ਹੋਵੇ ਕਿ ਕਮਰੇ ਵਿਚ ਚਲੀ ਗਈ ਤਾਂ ਕਿਤੇ ਮੈਂ ਵੀ ਬੀਮਾਰ ਨਾ ਹੋ ਜਾਵਾਂ ! ਜਿਵੇਂ ਆਪ ਕਦੇ ਬੀਮਾਰ ਨਾ ਹੋਵੇਗੀ।

ਜਦ ਸ਼ਾਮ ਦਾ ਵੇਲਾ ਹੋਇਆ ਤਾਂ ਉਸਨੂੰ ਦੇਉਰ ਦੀ ਬੀਮਾਰੀ ਦਾ ਖਿਆਲ ਆਇਆ। ਲੜਕੇ ਨੂੰ ਗੋਦ ਵਿੱਚ ਲਈ ਉਹ ਆ ਕੇ ਉਨ੍ਹਾਂ ਦੇ ਪਲੰਘ ਕੋਲ ਖੜੀ ਹੋ ਗਈ ਅਤੇ ਬੋਲੀ, "ਕਿਉਂ ਪ੍ਰਕਾਸ਼ ! ਮਾਂ ਜੀ ਕਹਿੰਦੇ ਹਨ, ਅੱਜ ਸਾਰਾ ਦਿਨ ਹੋਸ਼ ਨਹੀਂ ਆਈ। ਹੁਣ ਕੀ ਹਾਲ ਹੈ? ਬੁਖਾਰ ਹਲਕਾ ਹੋਇਆ ਹੈ ਜਾਂ ਨਹੀਂ ?"

ਮੈਨੂੰ ਇਵੇਂ ਲੱਗਿਆ ਜਿਵੇਂ ਅੱਗ ਦਾ ਸ਼ੋਲਾ ਪੇਟ ਤੋਂ ਉਠਕੇ ਮੂੰਹ ਵੱਲ ਆ ਰਿਹਾ ਹੋਵੇ। ਪਰ ਉਸਨੂੰ ਦਬਾ ਕੇ ਉੱਤਰ ਦਿੱਤਾ, "ਅਜੇ ਤਾਂ ਨਹੀਂ ਹੋਇਆ, ਹੋ ਜਾਏਗਾ।"

ਭਾਬੀ ਨੇ ਉਨ੍ਹਾਂ ਦੇ ਮੂੰਹ ਵੱਲ ਵੇਖਿਆ ਅਤੇ ਘਬਰਾ ਗਈ। ਬੋਲੀ, 'ਇਤਨਾ ਕਮਜ਼ੋਰ ਹੋ ਗਿਆ ਹੈ, ਮੈਨੂੰ ਇਹ ਖਿਆਲ ਨਹੀਂ ਸੀ।"

ਮੈਂ-'(ਰੁਖੇਪਣ ਨਾਲ) ਬੀਮਾਰ ਹੋ ਕੇ ਕਮਜ਼ੋਰ ਨਹੀਂ ਹੋਣਗੇ ਤਾਂ ਮੋਟੇ ਹੋਣਗੇ?"

"ਬੁਖਾਰ ਉਤਰ ਜਾਵੇ, ਇਹੀ ਬੜੀ ਗੱਲ ਹੈ। ਬੈਠ ਜਾਉ, ਕਦ ਤਕ ਖੜੇ ਰਹੋਗੇ।"

ਭਾਬੀ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਸਨੇ ਲੜਕੇ ਨੂੰ ਕੁਰਸੀ ਤੇ ਬਿਠਾ ਦਿੱਤਾ ਅਤੇ ਆਪ ਪਲੰਘ ਤੇ ਝੁਕ ਕੇ ਉਨ੍ਹਾਂ ਦੇ ਚਿਹਰੇ ਵੱਲ ਵੇਖਣ ਲੱਗੀ। ਇਕ ਦਮ ਉਨ੍ਹਾਂ ਨੇ ਪਾਸਾ ਪਰਤਿਆ ਤੇ ਬੇਹੋਸ਼ੀ ਵਿਚ ਕਿਹਾ "ਭਾਬੀ !"

ਭਾਬੀ ਨੇ ਉਨ੍ਹਾਂ ਦੇ ਸਿਰ ਤੇ ਹੱਥ ਫੇਰਿਆ, ਤੇ ਕਿਹਾ, "ਕਿਉਂ, ਕੱਨਈਆ ! ਮੈਂ ਤੇਰੇ ਕੋਲ ਖੜੀ ਹਾਂ। ਹੁਣ ਕੀ ਹਾਲ ਹੈ ?”

ਉਨ੍ਹਾਂ ਨੇ ਅੱਖਾਂ ਖੋਲ੍ਹ ਦਿੱਤੀਆਂ, ਭਾਬੀ ਵੱਲ ਵੇਖਕੇ ਕਰਾਹ ਕੇ ਬੋਲੇ, "ਸਿਰ ਫੱਟ ਰਿਹਾ ਹੈ, ਬੜੀ ਤਕਲੀਫ਼ ਹੈ, ਭਾਬੀ !"

ਇਹ ਕਹਿ ਕੇ ਉਨ੍ਹਾਂ ਨੇ ਅੱਖਾਂ ਬੰਦ ਕਰ ਲਈਆਂ।

ਭਾਬੀ-‘ਪ੍ਰਕਾਸ਼ ਨੂੰ ਆਖਾਂ ਤੇਰਾ ਸਿਰ ਦਬਾ ਦੇਵੇ ?”

ਉਹ-“ਤੇਰੇ ਹੱਥ ਨਹੀਂ ਹਨ, ਜੋ ਤੂੰ ਪ੍ਰਕਾਸ਼ ਨੂੰ ਕਹੇਂਗੀ ! ਉਹ ਗਰੀਬ ਤਾਂ ਦਿਨ-ਰਾਤ ਮੇਰੇ ਪਾਸ ਬੈਠੀ ਰਹਿੰਦੀ ਹੈ। ਤੇਰੇ ਤੋਂ ਇੰਨਾ ਵੀ ਨਹੀਂ ਹੋ ਸਕਦਾ ਤਾਂ ਜਾ, ਆਪਣੇ ਕਮਰੇ ਵਿਚ ਬੈਠ। ਮਾਂ ਜੀ ਕਿੱਥੇ ਹਨ ?”

ਭਾਬੀ ਉਨ੍ਹਾਂ ਦੇ ਪਲੰਘ ਤੇ ਬੈਠ ਗਈ ਤੇ ਉਨ੍ਹਾਂ ਦਾ ਸਿਰ ਦਬਾਉਣ ਲੱਗੀ। ਸ਼ਾਇਦ ਕੋਈ ਅਤਿਕਥਨੀ ਸਮਝੇ, ਪਰ ਇਹ ਅਤਿਕਥਨੀ ਨਹੀਂ ਹੈ। ਭਾਬੀ ਜਿੰਨੇ ਜ਼ੋਰ ਨਾਲ ਸਿਰ - ਦਬਾਂਦੀ ਸੀ, ਉਸ ਤੋਂ ਦੁਗਣੇ ਜ਼ੋਰ ਨਾਲ ਮੇਰਾ ਦਿਲ ਦਬਦਾ ਜਾਂਦਾ ਸੀ। ਸੀਨੇ ਵਿਚ ਅੱਗ ਜਿਹੀ ਲੱਗੀ ਹੋਈ ਸੀ। ਜੀ ਚਾਹੁੰਦਾ ਸੀ, ਆਤਮ-ਹੱਤਿਆ ਕਰ ਲਵਾਂ। ਉਫ ! ਜਿਸ ਲਈ ਅਸੀਂ ਆਪਣੇ ਦਿਲ ਦਾ ਆਰਾਮ ਤੇ ਰਾਤ ਦੀ ਨੀਂਦਰ ਨਿਛਾਵਰ ਕਰ ਦੇਈਏ, ਉਹ ਦੂਜਿਆਂ ਦੇ ਸਾਮ੍ਹਣੇ ਸਾਡਾ ਇਸ ਤਰ੍ਹਾਂ ਅਪਮਾਨ ਕਰ ਜਾਵੇ !

ਇੰਨੇ ਵਿਚ ਉਨ੍ਹਾਂ ਨੇ ਭਾਬੀ ਦਾ ਹੱਥ ਆਪਣੇ ਹੱਥ ਵਿਚ ਲੈ ਲਿਆ ਅਤੇ ਬੋਲੇ— "ਹੁਣ ਮੇਰਾ ਬਖ਼ਾਰ ਬਹੁਤ ਜਲਦੀ ਉਤਰ ਜਾਵੇਗਾ, ਭਾਬੀ ! ਜੇ ਤੂੰ ਮੇਰਾ ਬਾਈਕਾਟ ਨਾ ਕੀਤਾ ਹੁੰਦਾ ਤਾਂ ਹੁਣ ਤਕ ਕਦ ਦਾ ਬੁਖਾਰ ਉਤਰ ਗਿਆ ਹੁੰਦਾ। ਚਲੀ ਸੈਂ ਹੈਂਕੜ ਵਿਖਾਉਣ। ਆਖਰ ਝੱਖ ਮਾਰ ਕੇ ਹਾਰ ਮੰਨਣੀ ਪਈ ਕਿ ਨਹੀਂ ?"

ਮੇਰੇ ਸਰੀਰ ਵਿਚ ਹੋਰ ਵੀ ਅੱਗ ਲੱਗ ਗਈ।

ਭਾਬੀ ਨੇ ਇਕ ਵਾਰ ਮੇਰੇ ਵੱਲ ਵੇਖਿਆ ਤੇ ਫਿਰ ਉਨ੍ਹਾਂ ਦੇ ਸਿਰ ਤੇ ਹੱਥ ਫੇਰਦਿਆਂ ਕਿਹਾ, "ਹਾਂ ਬਾਬਾ ! ਸੌ ਦਫਾ ਹਾਰੀ। ਹੁਣ ਤੂੰ ਇਹ ਬੁਖਾਰ ਛੱਡ।"

ਹੁਣ ਮੈਥੋਂ ਜਰਿਆ ਨਾ ਗਿਆ। ਉਠਕੇ ਛੱਤ ਤੇ ਚਲੀ ਗਈ ਅਤੇ ਰੋਣ ਲੱਗੀ। ਪਰ ਮੇਰੇ ਹੰਝੂ ਵੇਖਣ ਵਾਲਾ ਕੌਣ ਸੀ !

## (5 ਦਸੰਬਰ, 1921)

ਮੇਰੇ ਅਥਰੂ ਵੇਖਣ ਵਾਲਾ ਮੇਰਾ ਪਰਮਾਤਮਾ ਸੀ। ਉਸਨੇ ਮੇਰੀ ਬੇਬਸੀ ਤੇ ਮੇਰੇ ਇਕੱਲਾਪੇ ਨੂੰ ਵੇਖਿਆ। ਮੇਰੇ ਚੌਹੀਂ ਪਾਸੀਂ ਛਾਏ ਹੋਏ ਹਨੇਰੇ ਨੂੰ ਵੇਖਿਆ। ਅਤੇ ਮੇਰੇ ਜੀਵਨ ਦੀ ਕਾਲੀ ਰਾਤ ਵਿੱਚ ਆਸ, ਪ੍ਰੇਮ ਤੇ ਉਲਾਸ ਦੀ ਪ੍ਰਭਾਤ ਭੇਜ ਕੇ ਮੈਨੂੰ ਬਚਾ ਲਿਆ।

28 ਨਵੰਬਰ ਦੀ ਰਾਤ ਸੀ, ਮੈਂ ਮਰਨ ਦੀਆਂ ਤਿਆਰੀਆਂ ਕਰ ਰਹੀ ਸਾਂ। ਮਰਨ ਲਈ ਜਾਂ ਜ਼ਹਿਰ ਦੀ ਲੋੜ ਹੈ, ਜਾਂ ਰੇਲ ਗੱਡੀ ਦੀ ਪਟੜੀ ਤੇ ਸਿਰ ਰੱਖਣ ਦੀ, ਜਾਂ ਪਿਸਤੌਲ ਦੀ ਜਾਂ ਫਾਂਸੀ ਦੇ ਰੱਸੇ ਦੀ। ਪਰ ਮੇਰੇ ਪਾਸ ਕੁਝ ਵੀ ਨਹੀਂ ਸੀ। ਮੇਰੇ ਸਾਮ੍ਹਣੇ ਕੇਵਲ ਇਕ ਹੀ ਰਸਤਾ ਸੀ। ਛੱਤ ਤੋਂ ਕੁਦ ਪਵਾਂ ਤੋਂ ਨਿਤ ਦਿਹਾੜੇ ਦੀਆਂ ਮੁਸੀਬਤਾਂ ਨੂੰ ਸਦਾ ਲਈ ਖਤਮ ਕਰ ਦੇਵਾਂ। ਮੈਂ ਛੱਤ ਦੇ ਕਿਨਾਰੇ ਖੜੀ ਸਾਂ। ਜ਼ਰਾ ਅਗੇ ਵਧਦੀ ਤਾਂ ਮੌਤ ਦੇ ਕੰਢੇ ਪਹੁੰਚ ਜਾਂਦੀ, ਪਿਛੇ ਹਟ ਜਾਂਦੀ ਤਾਂ ਜ਼ਿੰਦਾ ਬਚ ਜਾਂਦੀ। ਜੀਵਨ ਤੋਂ ਮੌਤ ਨੂੰ ਇੰਨਾ ਕੋਲ ਕੋਲ ਮੈਂ ਕਦੇ ਨਹੀਂ ਸੀ ਵੇਖਿਆ। ਕੇਵਲ ਇਕ ਪੈਰ ਦਾ ਫਾਸਲਾ ਸੀ,ਅੱਗੇ ਮੌਤ ਸੀ, ਪਿੱਛੇ ਜੀਵਨ। ਪਰ ਮੇਰੇ ਲਈ ਮੌਤ ਵਿੱਚ ਜੀਵਨ ਦੀ ਮਧੁਰਤਾ ਤੇ ਆਸ ਸੀ। ਜੀਵਨ ਵਿੱਚ ਮੌਤ ਦੀ ਨਿਰਾਸਤਾ ਤੇ ਕਾਲਖ ਸੀ। ਮੈਂ ਦਿਲ ਕਰੜਾ ਕੀਤਾ ਤੇ ਥੱਲੇ ਵੱਲ ਵੇਖਿਆ, ਉਥੇ ਮੌਤ ਦਾ ਸੱਨਾਟਾ ਤੇ ਹਨੇਰਾ ਸੀ। ਮੇਰਾ ਦਿਲ ਕੰਬ ਗਿਆ। ਮੌਤ ਦੀ ਜੋ ਚਾਨਣ ਭਰੀ ਤਸਵੀਰ ਮੈਂ ਦਿਲ ਵਿੱਚ ਅੰਕਿਤ ਕੀਤੀ ਸੀ, ਉਹ ਇਸ ਅਥਾਹ ਹਨੇਰੇ ਵਿੱਚ ਖਬਰੇ ਕਿਥੇ ਗੁਵਾਚ ਗਈ ਸੀ। ਮੇਰੇ ਪੈਰ ਰੁਕ ਗਏ। ਕਈ ਵਾਰ ਮੌਤ ਵੀ ਦੁਨੀਆਂ ਦੀਆਂ ਹੋਰ ਚੀਜ਼ਾਂ ਵਾਂਗ ਦੂਰੋਂ ਹੀ ਸੁਹਣੀ ਦਿਸਦੀ ਹੈ, ਪਰ ਜਦੋਂ ਨੇੜੇ ਪਹੁੰਚ ਜਾਂਦੇ ਹਾਂ ਤਾਂ ਉਸਦਾ ਸੁਹੱਪਣ ਗਾਇਬ ਹੋ ਜਾਂਦਾ ਹੈ।

ਮੈਂ ਉਥੇ ਹੀ ਜੀਵਨ ਤੇ ਮੌਤ ਦੇ ਵਿਚਕਾਰ ਬੈਠ ਗਈ, ਅਤੇ ਆਪਣੀ ਹਾਲਤ ਤੇ ਵਿਚਾਰ ਕਰਨ ਲੱਗੀ। ਹੁਣ ਕੀ ਕਰਾਂ, ਕਿਧਰ ਜਾਵਾਂ? ਆਸ ਦੇ ਜੀਵਨ, ਤੇ ਜੀਵਨ ਦੀ ਆਸ ਨੂੰ ਕਿਥੇ ਢੂੰਡਾਂ ? ਇਸ ਵਿਸ਼ਾਲ ਸੰਸਾਰ ਵਿੱਚ ਕੋਈ ਥਾਂ ਨਹੀਂ ਸੀ। ਉਸੇ ਵੇਲੇ ਮੌਤ ਨੇ ਫਿਰ ਆਪਣੀਆਂ ਬਾਹਵਾਂ ਫੈਲਾਈਆਂ ਅਤੇ ਮੁਸਕਰਾਈ। ਮੈਂ ਫਿਰ ਮਰਨ ਲਈ ਤਿਆਰ ਹੋ ਗਈ। ਜੋ ਲਾਚਾਰ ਹੋਵੇ, ਉਸ ਲਈ ਹੋਰ ਚਾਰਾ ਵੀ ਕੀ ਹੈ।

ਇਕ ਦਮ ਖਿਆਲ ਆਇਆ, ਪਹਿਲਾਂ ਚਲ ਕੇ ਭਾਬੀ ਨਾਲ ਦੋ ਗੱਲਾਂ ਤਾਂ ਕਰ ਲਵਾਂ। ਅਜਿਹੀਆਂ ਖਰੀਆਂ ਖਰੀਆਂ ਸੁਣਾਵਾਂ ਕਿ ਤਲਮਲਾ ਉਠੇ। ਕੀ ਯਾਦ ਕਰੇਗੀ ਕਿ ਕਿਸੇ ਨੇ ਸੁਣਾਈਆਂ ਸਨ? ਸਾਰੀ ਪ੍ਰੇਮ-ਲੀਲ੍ਹਾ ਭੁੱਲ ਜਾਵੇਗੀ। ਇੰਨਾ ਕੁ ਮੂੰਹ ਨਿਕਲ ਆਵੇਗਾ।

ਮੈਂ ਹੇਠਾਂ ਉਤਰੀ ਅਤੇ ਭਾਬੀ ਦੇ ਕਮਰੇ ਵੱਲ ਚਲ ਪਈ। ਇਸ ਵੇਲੇ ਜੇ ਉਹ ਸਾਮ੍ਹਣੇ ਆ ਜਾਂਦੀ ਤਾਂ ਮੇਰੀਆਂ ਅੱਗ ਭਰੀਆਂ ਅੱਖਾਂ ਉਸਨੂੰ ਭਸਮ ਕਰ ਦਿੰਦੀਆਂ। ਪਰ ...

ਮੈਂ ਵੇਖਿਆ ਉਹ ਹੌਲੀ ਹੌਲੀ ਦਰਵਾਜ਼ੇ ਵਲ ਵਧੀ ਤੇ ਬਾਹਰ ਚਲੀ ਗਈ। ਮੇਰਾ ਕਲੇਜਾ ਸੁੰਨ ਹੋ ਗਿਆ। ਜਾਪਿਆ ਕੋਈ ਭਿਆਨਕ ਰਾਜ ਖੁਲਣ ਵਾਲਾ ਹੈ। ਮੈਂ ਵੀ ਉਸ ਦੇ ਪਿਛੇ ਪਿਛੇ ਤੁਰ ਪਈ-ਵੇਖਾਂ, ਕਿਥੇ ਜਾਂਦੀ ਹੈ, ਕਿਸ ਕੋਲ, ਕਿਸ ਉਦੇਸ਼ ਲਈ ? ਜ਼ਰੂਰ ਕੋਈ ਖਾਸ ਗੱਲ ਹੈ, ਕੋਈ ਗੁਪਤ ਉਦੇਸ਼, ਕੋਈ ਪਾਪ ਭਰਿਆ ਵਿਚਾਰ ਹੈ, ਜਿਸ ਲਈ ਇਹ ਵੇਲਾ ਉਚਿਤ ਸਮਝਿਆ ਗਿਆ ਹੈ। ਮੈਂ ਇਨ੍ਹਾਂ ਵਿਚਾਰਾਂ ਵਿੱਚ ਡੁਬੀ ਚਲੀ ਜਾਂਦੀ ਸਾਂ ਕਿ ਉਹ ਸਾਡੇ ਮਕਾਨ ਦੇ ਲਾਗੇ ਜੋ ਮੰਦਰ ਹੈ, ਉਸ ਦੇ ਅੰਦਰ ਚਲੀ ਗਈ ਅਤੇ ਦੇਵੀ ਦੀ ਮੂਰਤੀ ਦੇ ਸਾਮ੍ਹਣੇ ਹੱਥ ਜੋੜ ਕੇ ਖੜੀ ਹੋ ਗਈ। ਮੈਂ ਬਾਹਰ ਲੁਕੀ ਹੋਈ ਉਸਦੀ ਅਰਦਾਸ ਦਾ ਇਕ ਇਕ ਸ਼ਬਦ ਸੁਣ ਰਹੀ ਸਾਂ। ਉਸਨੇ ਰੋਂਦੀਆਂ ਅੱਖਾਂ ਤੇ ਕੰਬਦੀ ਆਵਾਜ਼ ਵਿੱਚ ਕਿਹਾ—ਦੇਵੀ ਮਾਤਾ, ਮੇਰੇ ਪੁੱਤਰ ਨੂੰ ਸਿਹਤ ਬਖਸ਼। ਉਹ ਮੇਰਾ ਦੇਵਰ ਹੈ, ਪਰ ਮੈਂ ਉਸਨੂੰ ਸਦਾ ਪੁੱਤਰ ਵਾਂਗ ਸਮਝਿਆ ਹੈ। ਉਸਦੀ ਅਣਜਾਣ ਪਤਨੀ ਵੱਲ ਖ਼ਿਆਲ ਕਰ। ਉਸਦੀ ਬਾਲੀ ਉਮਰ ਹੈ, ਉਸਦੀ ਅੱਖਾਂ ਦੀ ਉਦਾਸੀ ਤੇ ਦਿਲ ਦੀ ਅਸ਼ਾਂਤੀ ਵੇਖ, ਅਤੇ ਉਸਦਾ ਸੁਹਾਗ ਬਣਾਈ ਰੱਖ। ਮੈਂ ਉਸਨੂੰ ਬਚਪਨ ਤੋਂ ਖਿਡਾਇਆ ਹੈ, ਮੇਰੇ ਹਾਲ ਤੇ ਤਰਸ ਕਰ। ਮੈਂ ਮਰ ਜਾਵਾਂ, ਪਰ ਉਹ ਬਚ ਜਾਵੇ। ਇਹੀ ਮੇਰੀ ਅਰਦਾਸ ਹੈ।"

ਮੇਰੀਆਂ ਅੱਖਾਂ ਖੁਲ੍ਹ ਗਈਆਂ। ਹੁਣ ਸਚਾਈ ਮੇਰੇ ਸਾਮ੍ਹਣੇ ਖੜੀ ਸੀ। ਕਿਤਨੀ ਖੁਸ਼ੀ ਭਰਪੂਰ, ਕਿੰਨੀ ਸ਼ਾਂਤੀ ਦੇਣ ਵਾਲੀ ! ਭਾਬੀ ਅੰਦਰ ਦੇਵੀ ਦੇ ਸਾਮ੍ਹਣੇ ਮੂੰਹ ਭਾਰ ਡਿੱਗੀ ਰੋ ਰਹੀ ਸੀ, ਮੈਂ ਬਾਹਰ ਹਨੇਰੇ ਵਿੱਚ ਗੋਡਿਆਂ ਪਰਨੇ ਖੜੀ ਦੁੱਖ, ਸ਼ਰਮ, ਪਛਤਾਵੇ ਤੇ ਅਨੰਦ ਦੇ ਮਿਲੇ ਜੁਲੇ ਹੰਝੂ ਵਗਾ ਰਹੀ ਸਾਂ। ਜੋ ਆਤਮਿਕ ਹੁਲਾਸ ਇਨ੍ਹਾਂ ਅਥਰੂਆਂ ਵਿੱਚ ਸੀ, ਉਹ ਵੱਡੀ ਤੋਂ ਵੱਡੀ ਖੁਸ਼ੀ ਵਿੱਚ ਨਹੀਂ ਹੋ ਸਕਦਾ।

ਦੂਜੇ ਦਿਨ ਮੈਂ ਤੇ ਭਾਬੀ ਉਨ੍ਹਾਂ ਕੋਲ ਬੈਠੀਆਂ, ਹੱਸ ਹੱਸ ਕੇ ਗੱਲਾਂ ਕਰ ਰਹੀਆਂ ਸਾਂ।

ਅੱਜ ਉਹ ਮੈਨੂੰ ਇਸਤਰੀ ਨਹੀਂ ਸੀ ਲੱਗਦੀ, ਦੇਵੀ ਲੱਗਦੀ ਸੀ। ਜੋ ਦੁਨੀਆਂ ਨੂੰ ਪਵਿੱਤਰ 'ਪ੍ਰੇਮ ਮਾਰਗ ਵਿਖਾਉਣ ਲਈ ਸਵਰਗ ਤੋਂ ਉਤਰੀ ਸੀ। ਹੁਣ ਮੈਂ ਉਸਦਾ ਮਨ ਪੜ੍ਹ ਲਿਆ ਸੀ, ਉਸਦੀ ਆਤਮਾ ਵੇਖ ਲਈ ਸੀ। ਹੁਣ ਉਹ ਸ਼ੱਕ, ਨਾਂ ਨੂੰ ਵੀ ਨਹੀਂ ਸੀ ਰਿਹਾ।

ਉਨ੍ਹਾਂ ਨੇ ਭਾਬੀ ਵੱਲ ਵੇਖਿਆ ਅਤੇ ਕਿਹਾ, "ਅੱਜ ਤੂੰ ਫਿਰ ਆ ਗਈ ਏ, ਕੀ ਤੈਨੂੰ ਪ੍ਰਕਾਸ਼ ਦਾ ਡਰ ਨਹੀਂ ਰਿਹਾ ?"

ਭਾਬੀ-"ਡਰ ਤਾਂ ਹੈ, ਪਰ ਤੇਰਾ ਪਿਆਰ ਨਹੀਂ ਮੰਨਦਾ।"

ਉਹ-"ਕਿੰਨੀ ਮਜ਼ੇ ਨਾਲ ਮੇਰੀ ਚਾਰਪਾਈ ਤੇ ਬੈਠੀ ਹੋਈ ਹੈ, ਕੋਈ ਦੇਖ ਲਵੇ ਤਾਂ ਕੀ ਕਹੇ, ਕਿਉਂ ਪ੍ਰਕਾਸ਼ ?"

ਮੈਂ-'"ਕਹਿਣਾ ਕੀ ਹੈ, ਜਿਹੜਾ ਮਾਂ-ਪੁੱਤਰ ਦੀਆਂ ਅੱਖਾਂ ਵੀ ਨਾ ਪਛਾਣੇ ਉਸਦਾ ਆਪਣਾ ਕਸੂਰ ਹੈ।"

ਉਹ-"ਇਸ ਕਮਰੇ ਵਿਚੋਂ ਕੱਢ ਦੇਵਾਂ ਤਾਂ ਕੈਸੀ ਰਹੇ ?”

ਮੈਂ- "ਪਰ ਇਹ ਤਾਂ ਮੇਰੇ ਦਿਲ ਵਿੱਚ ਬੈਠ ਗਈ ਹੈ, ਇਸਨੂੰ ਉਥੋਂ ਕੌਣ ਕਢੇਗਾ ?"

ਉਨ੍ਹਾਂ ਨੇ ਮੇਰੇ ਵਲ ਮਸਤੀ ਭਰੀਆਂ ਅੱਖਾਂ ਨਾਲ ਵੇਖਿਆ ਤੇ ਬੋਲੇ-'ਭੋਲੀਏ! ਦਿਲ ਵਿੱਚ ਇਸ ਨੂੰ ਬਿਠਾ ਲਿਆ ਤਾਂ ਮੈਨੂੰ ਕਿਥੇ ਬਿਠਾਵੇਂਗੀ ? ਬੋਲ।”

ਮੈਂ- "ਤੁਹਾਡੇ ਲਈ ਇਸ ਦੇਵੀ ਦਾ ਦਿਲ ਥੋੜਾ ਨਹੀਂ, ਜੋ ਆਦਰ ਤੇ ਆਰਾਮ ਤੁਹਾਨੂੰ ਇਥੇ ਮਿਲ ਸਕਦਾ ਹੈ, ਹੋਰ ਕਿਤੇ ਨਹੀਂ ਮਿਲੇਗਾ।"

ਭਾਬੀ ਨੇ ਮੇਰੇ ਵੱਲ ਮਮਤਾ ਭਰੀ ਤਕਣੀ ਨਾਲ ਵੇਖਿਆ ਅਤੇ ਮੁਸਕਰਾ ਕੇ ਉਨ੍ਹਾਂ ਦੇ ਸਿਰ ਤੇ ਹੱਥ ਫੇਰਨ ਲੱਗੀ।

-0-

# ਨਿਆਂ-ਮੰਤਰੀ

(1)

ਇਹ ਘਟਨਾ ਅੱਜ ਤੋਂ 2500 ਵਰ੍ਹੇ ਪਹਿਲਾਂ ਦੀ ਹੈ। ਇਕ ਦਿਨ ਸ਼ਾਮ ਵੇਲੇ ਆਸਮਾਨ ਤੇ ਬੱਦਲ ਲਹਿਰਾ ਰਹੇ ਸਨ, ਜਦੋਂ ਬੁਧ ਗਇਆ ਨਾਂ ਦੇ ਪਿੰਡ ਵਿਚ ਸ਼ਿਸ਼ੂਪਾਲ ਬ੍ਰਾਹਮਣ ਦੇ ਦਰਵਾਜ਼ੇ ਤੇ ਇਕ ਪਰਦੇਸੀ ਆਇਆ ਅਤੇ ਨਿਮਰਤਾ ਨਾਲ ਬੋਲਿਆ-"ਕੀ “ਰਾਤ ਕੱਟਣ ਲਈ ਮੈਨੂੰ ਥਾਂ ਮਿਲ ਜਾਵੇਗੀ ?"

ਸ਼ਿਸ਼ੂਪਾਲ ਆਪਣੇ ਪਿੰਡ ਵਿੱਚ ਸਭ ਤੋਂ ਗਰੀਬ ਸੀ। ਅਤਿ ਦੀ ਗ਼ਰੀਬੀ ਨੇ ਭੁੱਖੇ ਬੱਲਦ ਵਾਂਗ ਉਸ ਦੀਆਂ ਹੱਡੀਆਂ ਦਾ ਪਿੰਜਰ ਕੱਢ ਦਿੱਤਾ ਸੀ। ਉਨ੍ਹਾਂ ਦਾ ਗੁਜ਼ਾਰਾ ਥੋੜੀ ਜਿਹੀ ਜ਼ਮੀਨ ਤੇ ਚਲਦਾ ਸੀ, ਪਰ ਫਿਰ ਵੀ ਪਰਦੇਸੀ ਨੂੰ ਦਰਵਾਜ਼ੇ ਤੇ ਵੇਖਕੇ ਉਨ੍ਹਾਂ ਦਾ ਮੂੰਹ ਇਓਂ ਖਿੜ ਗਿਆ, ਜਿਵੇਂ ਕੁਸਮ ਸੂਰਜ ਚੜ੍ਹਨ ਤੇ ਖਿੜ ਜਾਂਦਾ ਹੈ। ਉਨ੍ਹਾਂ ਨੇ ਮੁਸਕਰਾਂਦੇ ਹੋਏ ਕਿਹਾ—ਇਹ ਮੇਰਾ ਸੁਭਾਗ ਹੈ, ਆਉ ! ਪਧਾਰੋ, ਮਹਿਮਾਨ ਦੇ ਕਦਮਾਂ ਨਾਲ ਮੇਰਾ ਚੌਂਕਾ ਪਵਿੱਤਰ ਹੋ ਜਾਵੇਗਾ।

ਪਰਦੇਸੀ ਤੇ ਬ੍ਰਾਹਮਣ ਦੋਵੇਂ ਅੰਦਰ ਆ ਗਏ। ਭਾਰਤ ਵਰਸ਼ ਵਿੱਚ ਮਹਿਮਾਨ ਦਾ ਸਤਿਕਾਰ ਕਰਨ ਦੀ ਪ੍ਰਥਾ ਬਹੁਤ ਪਰਚਲਤ ਸੀ। ਸ਼ਿਸ਼ੂਪਾਲ ਦੇ ਪੁੱਤਰ ਨੇ ਮਹਿਮਾਨ ਦਾ ਸਤਿਕਾਰ ਕੀਤਾ। ਪਰਦੇਸੀ ਮੋਹਿਆ ਗਿਆ। ਉਸਨੇ ਬ੍ਰਾਹਮਣ ਨੂੰ ਕਿਹਾ- "ਆਪਦਾ ਪੁੱਤਰ ਬੜੇ ਕੰਮ ਦਾ ਬੰਦਾ ਹੈ। ਉਸਦੀ ਸੇਵਾ ਤੋਂ ਮੈਂ ਬਹੁਤ ਪ੍ਰਸੰਨ ਹੋਇਆ ਹਾਂ।”

ਸ਼ਿਸ਼ੂਪਾਲ ਨੇ ਨੱਕ ਮੂੰਹ ਚਾੜ੍ਹ ਕੇ ਉੱਤਰ ਦਿੱਤਾ, "ਤੁਸੀਂ ਸਾਡੇ ਮਹਿਮਾਨ ਹੋ, ਨਹੀਂ ਤਾਂ ਬ੍ਰਾਹਮਣ ਅਜਿਹੇ ਸ਼ਬਦ ਕਦੀ ਨਹੀਂ ਸੁਣ ਸਕਦੇ।”

ਪਰਦੇਸੀ ਨੇ ਆਪਣੀ ਭੁੱਲ ਤੇ ਸ਼ਰਮਿੰਦਾ ਹੋ ਕੇ ਕਿਹਾ—"ਖ਼ਿਮਾ ਕਰਨਾ, ਮੇਰਾ ਇਹ ਮਤਲਬ ਨਹੀਂ ਸੀ। ਪਰ ਅੱਜ ਕੱਲ ਉਹ ਬ੍ਰਾਹਮਣ ਕਿਥੇ ਹਨ ? ਹੁਣ ਤਾਂ ਅੱਖਾਂ ਉਨ੍ਹਾਂ ਲਈ ਤਰਸਦੀਆਂ ਹਨ।”

ਸ਼ਿਸ਼ੂਪਾਲ ਨੇ ਉੱਤਰ ਦਿੱਤਾ— 'ਬ੍ਰਾਹਮਣ ਤਾਂ ਹੁਣ ਵੀ ਹਨ, ਕਮੀ ਕੇਵਲ ਖਤਰੀਆਂ ਦੀ ਹੈ।"

ਸ਼ਿਸ਼ੂਪਾਲ ਨੇ ਇਕ ਲੰਮੀ ਚੌੜੀ ਵਾਰਤਾ ਸ਼ੁਰੂ ਕਰ ਦਿੱਤੀ, ਜਿਸਨੂੰ ਸੁਣਕੇ ਪਰਦੇਸੀ ਦੰਗ ਰਹਿ ਗਿਆ। ਉਸਦੀਆਂ ਗੱਲਾਂ ਇੰਨੀਆਂ ਤਰਕ-ਪੂਰਣ ਅਤੇ ਪ੍ਰਭਾਵਸ਼ਾਲੀ ਸਨ ਕਿ ਪਰਦੇਸੀ ਉਨ੍ਹਾਂ ਤੇ ਡੁਲ੍ਹ ਪਿਆ, ਇਸ ਛੋਟੇ ਜਿਹੇ ਪਿੰਡ ਵਿੱਚ ਇੰਨਾ ਵੱਡਾ ਵਿਦਵਾਨ, ਇੰਨਾ ਵੱਡਾ ਨੀਤੀਵਾਨ ਪੰਡਤ ਹੋ ਸਕਦਾ ਹੈ, ਇਸਦੀ ਉਹ ਕਲਪਨਾ ਵੀ ਨਹੀਂ ਸੀ ਕਰ ਸਕਦਾ। ਉਸਨੇ ਸ਼ਿਸ਼ੂਪਾਲ ਦੀ ਤਰਕ-ਸ਼ਕਤੀ ਤੇ ਰਾਜ-ਪ੍ਰਬੰਧ ਦੀ ਵਿਸ਼ਾਲ ਸੂਝ ਵੇਖਕੇ ਕਿਹਾ-"ਮੈਨੂੰ ਚਿਤ ਚੇਤਾ ਵੀ ਨਹੀਂ ਸੀ ਕਿ ਗੋਬਰ ਵਿੱਚ ਫੁੱਲ ਖਿੜਿਆ ਪਿਆ ਹੈ। ਮਹਾਰਾਜ ਅਸ਼ੋਕ ਨੂੰ ਪਤਾ ਲੱਗ ਜਾਵੇ, ਤਾਂ ਆਪਨੂੰ ਕਿਸੇ ਉੱਚੀ ਪਦਵੀ ਤੇ ਲਾ ਦੇਣ।"

ਸ਼ਿਸ਼ੂਪਾਲ ਦੇ ਸੁੱਕੇ ਹੋਠਾਂ ਤੇ ਮੁਸਕਰਾਹਟ ਆ ਗਈ। ਜਿਸ ਦੀ ਆਤਮਾ ਕੁੜ ਰਹੀ ਹੋਵੇ, ਜਿਸ ਦੀਆਂ ਅੱਖੀਆਂ ਹੰਝੂ ਵਰ੍ਹਾ ਰਹੀਆਂ ਹੋਣ, ਜਿਸਦਾ ਦਿਮਾਗ ਆਪਣੇ ਕਾਬੂ ਵਿੱਚ ਨਾ ਹੋਵੇ, ਉਸਦੇ ਹੋਠਾਂ ਤੇ ਹਾਸੀ ਇੰਨੀ ਡਰਾਉਣੀ ਲੱਗਦੀ ਹੈ, ਜਿਵੇਂ ਸ਼ਮਸ਼ਾਨ ਵਿੱਚ ਚਾਨਣੀ, ਅਤੇ ਸ਼ਾਇਦ ਉਸ ਤੋਂ ਵੀ ਵੱਧ। ਸ਼ਿਸ਼ੂਪਾਲ ਦੀਆਂ ਅੱਖਾਂ ਝੁਕ ਗਈਆਂ। ਉਨ੍ਹਾਂ ਨੇ ਥੋੜੇ ਚਿਰ ਬਾਅਦ ਸਿਰ ਉਪਰ ਉਠਾਇਆ ਤੇ ਕਿਹਾ— ਅੱਜ ਕੱਲ ਬੜਾ ਅਨਿਆਂ ਹੋ ਰਿਹਾ ਹੈ। ਜਦੋਂ ਵੇਖਦਾ ਹਾਂ ਮੇਰਾ ਖ਼ੂਨ ਉਬਲਣ ਲੱਗ ਜਾਂਦਾ ਹੈ।"

ਪਰਦੇਸੀ ਨੇ ਪੈਂਤੜਾ ਬਦਲ ਕੇ ਉੱਤਰ ਦਿੱਤਾ- 'ਸ਼ੇਰ ਬੱਕਰੀ ਇਕ ਘਾਟ ਤੇ ਪਾਣੀ ਪੀ ਰਹੇ ਹਨ।"

"ਰਹਿਣ ਦਿਉ, ਮੈਂ ਸਭ ਜਾਣਦਾ ਹਾਂ।"

"ਨੁਕਸ ਕੱਢਣੇ ਆਸਾਨ ਹਨ, ਪਰ ਕੁਝ ਕਰਕੇ ਵਿਖਾਣਾ ਮੁਸ਼ਕਲ ਹੈ।"

ਸ਼ਿਰੂਪਾਲ ਨੇ ਅੱਗ ਤੇ ਪਏ ਪਤੇ ਵਾਂਗ ਝੁਲਸ ਕੇ ਉੱਤਰ ਦਿੱਤਾ-'ਅਵਸਰ ਮਿਲੇ ਤਾਂ ਵਿਖਾ ਦੇਵਾਂ ਕਿ ਨਿਆਂ ਕਿਸ ਨੂੰ ਕਹਿੰਦੇ ਹਨ।"

"ਤਾਂ ਤੁਸੀਂ ਅਵਸਰ ਚਾਹੁੰਦੇ ਹੋ ?"

"ਹਾਂ, ਅਵਸਰ ਚਾਹੁੰਦਾ ਹਾਂ।"

"ਫਿਰ ਕੋਈ ਅਨਿਆਂ ਨਹੀਂ ਹੋਵੇਗਾ ?"

"ਬਿਲਕੁਲ ਨਹੀਂ ਹੋਵੇਗਾ।”

"ਕੋਈ ਅਪਰਾਧੀ ਸਜ਼ਾ ਤੋਂ ਨਹੀਂ ਬਚੇਗਾ ?"

"ਕਦਾਚਿਤ ਨਹੀ ਬਚੇਗਾ।"

ਪਰਦੇਸੀ ਨੇ ਸਹਿਜ ਭਾ ਕਿਹਾ--ਇਹ ਬਹੁਤ ਮੁਸ਼ਕਲ ਹੈ।"

"ਬ੍ਰਾਹਮਣ ਲਈ ਕੁੱਝ ਵੀ ਮੁਸ਼ਕਲ ਨਹੀਂ, ਮੈਂ ਨਿਆਂ ਦਾ ਡੰਕਾ ਵਜਾ ਕੇ ਵਿਖਾ ਦਿਆਂਗਾ।"

ਪਰਦੇਸੀ ਦੇ ਮੁਖ 'ਤੇ ਮੁਸਕਰਾਹਟ ਸੀ, ਅੱਖਾਂ ਵਿੱਚ ਚਮਕ। ਉਸਨੇ ਹੱਸ ਕੇ ਕਿਹਾ— "ਜੇ ਮੈਂ ਅਸ਼ੋਕ ਹੁੰਦਾ, ਤਾਂ ਆਪ ਦੀ ਖਾਹਸ਼ ਪੂਰੀ ਕਰ ਦਿੰਦਾ।"

ਅਚਾਨਕ ਬ੍ਰਾਹਮਣ ਦੇ ਮਨ ਵਿੱਚ ਇਕ ਸ਼ੱਕ ਉਠਿਆ, ਪਰ ਦੂਜੇ ਪਲ ਉਹ ਦੂਰ ਹੋ ਗਿਆ।

(2)

ਦੂਜੇ ਦਿਨ ਮਹਾਰਾਜ ਅਸ਼ੋਕ ਦੇ ਦਰਬਾਰ ਵਿੱਚ ਸ਼ਿਸ਼ੂਪਾਲ ਬਲਵਾਇਆ ਗਿਆ। ਇਸ ਖ਼ਬਰ ਨਾਲ ਸਾਰੇ ਪਿੰਡ ਵਿੱਚ ਅੱਗ ਜਿਹੀ ਲੱਗ ਗਈ। ਇਹ ਉਹ ਸਮਾਂ ਸੀ ਜਦੋਂ ਮਹਾਰਾਜ ਅਸ਼ੋਕ ਦਾ ਰਾਜ ਸ਼ੁਰੂ ਹੋਇਆ ਸੀ ਅਤੇ ਦਮਨ-ਨੀਤੀ ਚਲ ਰਹੀ ਸੀ। ਉਸ ਵਕਤ ਮਹਾਰਾਜ ਇੰਨੇ ਬੇਰਹਿਮ ਤੇ ਕਠੋਰ ਸਨ, ਕਿ ਬ੍ਰਾਹਮਣਾਂ ਤੇ ਇਸਤਰੀਆਂ ਨੂੰ ਵੀ ਫਾਂਸੀ ਚੜ੍ਹਾ ਦਿਆ ਕਰਦੇ ਸਨ। ਉਨ੍ਹਾਂ ਦੀ ਸਖਤ ਤਕਣੀ ਨਾਲ ਬੜੇ ਬੜੇ ਬਹਾਦਰਾਂ ਦਾ ਲਹੂ ਖੁਸ਼ਕ ਹੋ ਜਾਂਦਾ ਸੀ। ਲੋਕਾਂ ਨੇ ਸਮਝ ਲਿਆ ਕਿ ਸ਼ਿਸ਼ੂਪਾਲ ਲਈ ਇਹ ਬੁਲਾਵਾ ਉਸਦੀ ਮੌਤ ਦਾ ਸੰਦੇਸ਼ ਹੈ। ਉਨ੍ਹਾਂ ਨੂੰ ਪੂਰਾ ਵਿਸ਼ਵਾਸ ਸੀ ਕਿ ਸ਼ਿਸ਼ੂਪਾਲ ਹੁਣ ਜ਼ਿੰਦਾ ਨਹੀਂ ਪਰਤਣਗੇ। ਨਤੀਜਾ ਇਹ ਨਿਕਲਿਆ ਕਿ ਸ਼ਿਸ਼ੂਪਾਲ ਦੇ ਸੰਬੰਧੀਆਂ ਉਤੇ ਦੁੱਖ ਦਾ ਪਹਾੜ ਟੁੱਟ ਪਿਆ ਅਤੇ ਉਹ ਫੁਟ ਫੁਟ ਕੇ ਰੋਣ ਲੱਗ ਪਏ। ਲੋਕਾਂ ਨੇ ਦਿਲਾਸਾ ਦੇਣਾ ਸ਼ੁਰੂ ਕੀਤਾ ਪਰ ਸ਼ਿਸ਼ੂਪਾਲ ਦੇ ਮੱਥੇ ਵਟ ਨਾ ਪਿਆ। ਉਹ ਕਹਿੰਦੇ—'ਜਦ ਮੈਂ ਕੋਈ ਅਪਰਾਧ ਨਹੀਂ ਕੀਤਾ, ਰਾਜ ਦੇ ਕਿਸੇ ਕਾਨੂੰਨ ਦੀ ਉਲਘੰਣਾ ਨਹੀਂ ਕੀਤੀ, ਤਾਂ ਕੋਈ ਮੈਨੂੰ ਕਿਉਂ ਫਾਂਸੀ ਤੇ ਚੜ੍ਹਾਵੇਗਾ ? ਰਾਜਾ ਇੰਨਾ ਅਨਿਆਈ ਤੇ ਅੰਨ੍ਹਾਂ ਨਹੀਂ ਹੋ ਸਕਦਾ ਕਿ ਬੇਕਸੂਰ ਬ੍ਰਾਹਮਣਾਂ ਨੂੰ ਦੁੱਖ ਦੇਣ ਲੱਗੇ।"

ਦੁੱਖਾਂ ਮੁਸੀਬਤਾਂ ਦੀਆਂ ਲਹਿਰਾਂ 'ਚ ਉਹ ਸਮੁੰਦਰ ਦੀ ਸਿੱਲ ਵਾਂਗ ਅਹਿੱਲ ਸਨ। ਉਨ੍ਹਾਂ ਨੇ ਆਪਣੀ ਪਤਨੀ ਅਤੇ ਪੁੱਤਰ ਨੂੰ ਸਮਝਾਇਆ ਤੇ ਪਾਟਲੀਪੁਤਰ ਵਲ ਚਲ ਪਏ।

ਸ਼ਾਮ ਪੈ ਗਈ ਸੀ, ਜਦੋਂ ਸ਼ਿਸ਼ੂਪਾਲ ਪਾਟਲੀਪੁਤਰ ਪਹੁੰਚੇ। ਉਨ੍ਹਾਂ ਨੂੰ ਜਦੋਂ ਰਾਜ ਮਹਿਲ ਦੇ ਅੰਦਰ ਪਹੁੰਚਾਇਆ ਗਿਆ ਤਾਂ ਉਨ੍ਹਾਂ ਨੂੰ ਕਿਸੇ ਕਿਸਮ ਦਾ ਡਰ ਨਹੀਂ ਸੀ। ਪਰ ਰਾਜ-ਮਹਲ ਦੀ ਚਮਕ ਦਮਕ ਦਾ ਉਨ੍ਹਾਂ ਤੇ ਰੋਅਬ ਪੈ ਗਿਆ। ਮਨੁੱਖ ਥੋੜੇ ਪਾਣੀ ਵਿੱਚ ਨਿਡਰ ਰਹਿੰਦਾ ਹੈ, ਪਰ ਡੂੰਘਾਈ ਵਿੱਚ ਪਹੁੰਚ ਕੇ ਘਬਰਾ ਜਾਂਦਾ ਹੈ। ਸ਼ਿਸ਼ੂਪਾਲ ਦੇ ਮਨ ਵਿੱਚ ਕਈ ਵਿਚਾਰ ਉਠਣ ਲੱਗੇ। ਕਦੇ ਸੋਚਦੇ, ਕਿਸੇ ਨੇ ਕੋਈ ਸ਼ਿਕਾਇਤ ਨਾ ਕਰ ਦਿੱਤੀ ਹੋਵੇ। ਜੋ ਜੀ ਵਿੱਚ ਆਉਂਦਾ ਹੈ, ਨਿਧੜਕ ਹੋ ਕੇ ਕਹਿ ਦਿੰਦਾ ਹਾਂ। ਕਿਤੇ ਇਸਦਾ ਫਲ ਹੀ ਨਾ ਭੁਗਤਣਾ ਪਵੇ। ਕਈ ਦੁਸ਼ਮਨ ਹਨ। ਕਦੇ ਸੋਚਦੇ, ਉਹ ਪਰਦੇਸੀ ਪਤਾ ਨਹੀਂ ਕੌਣ ਸੀ ? ਹੋ ਸਕਦਾ ਹੈ ਕੋਈ ਜਸੂਸ ਹੋਵੇ। ਅਤੇ ਇਹ ਅੱਗ ਉਸ ਦੀ ਲਾਈ ਹੋਵੇ। ਤਦ ਤਾਂ ਉਸਨੇ ਸਭ ਕੁੱਝ ਕਹਿ ਦਿੱਤਾ ਹੋਵੇਗਾ। ਕਿੰਨੀ ਮੂਰਖਤਾ ਕੀਤੀ ਕਿ ਓਪਰੇ ਆਦਮੀ ਨਾਲ ਘੁਲ ਮਿਲ ਕੇ ਗੱਲਾਂ ਕਰਦਾ ਰਿਹਾ, ਹੁਣ ਪਛਤਾ ਰਿਹਾ ਹਾਂ। ਕਦੇ ਸੋਚਦੇ, ਇਹ ਵੀ ਤਾਂ ਹੋ ਸਕਦਾ ਹੈ ਕਿ ਮੇਰੀ ਗਰੀਬੀ ਦੀ ਕਹਾਣੀ ਇਥੇ ਤਕ ਪਹੁੰਚ ਗਈ ਹੋਵੇ, ਅਤੇ ਮਹਾਰਾਜ ਨੇ ਕੁੱਝ ਦੇਣ ਲਈ ਹੀ ਮੈਨੂੰ ਇਥੇ ਬੁਲਾ ਭੇਜਿਆ ਹੋਵੇ। ਇਸ ਵਿਚਾਰ ਨਾਲ ਦਿਲ ਕੰਵਲ ਵਾਂਗ ਖਿੜ ਜਾਂਦਾ, ਪਰ ਫਿਰ ਦੂਜੇ ਵਿਚਾਰ ਨਾਲ ਮੁਰਝਾ ਜਾਂਦਾ।"

ਇੰਨੇ ਵਿੱਚ ਪਹਿਰੇਦਾਰ ਨੇ ਕਿਹਾ— "ਮਹਾਰਾਜ ਆ ਰਹੇ ਹਨ।"

ਸ਼ਿਸ਼ੂਪਾਲ ਦਾ ਦਿਲ ਧੜਕਣ ਲੱਗਾ। ਉਸਦੇ ਪ੍ਰਾਣ ਹੋਠਾਂ ਤਕ ਆ ਗਏ। ਰਾਜੇ ਦਾ ਕਿੰਨਾ ਪ੍ਰਤਾਪ ਹੁੰਦਾ ਹੈ, ਇਸਦਾ ਪਹਿਲੀ ਵਾਰ ਅਨੁਭਵ ਹੋਇਆ। ਨਜ਼ਰ ਦਰਵਾਜ਼ੇ ਵੱਲ ਜੰਮ ਗਈ, ਮਹਾਰਾਜ ਅਸ਼ੋਕ ਸ਼ਾਹੀ ਠਾਠ ਨਾਲ ਕਮਰੇ ਵਿੱਚ ਆਏ ਤੇ ਮੁਸਕਰਾਂਦੇ ਹੋਏ ਬੋਲੇ— ਬ੍ਰਾਹਮਣ ਦੇਵਤਾ ! ਮੈਨੂੰ ਆਪਨੇ ਪਛਾਣ ਹੀ ਲਿਆ ਹੋਵੇਗਾ।"

ਸ਼ਿਸ਼ੂਪਾਲ ਘਬਰਾ ਕੇ ਖੜੇ ਹੋ ਗਏ। ਇਸ ਵਕਤ ਉਨ੍ਹਾਂ ਦਾ ਰੋਮ ਰੋਮ ਕੰਬ ਰਿਹਾ ਸੀ---ਇਹ ਉਹੀ ਸਨ।

(3)

ਹਾਂ, ਇਹ ਉਹੀ ਸਨ। ਸ਼ਿਸ਼ੂਪਾਲ ਕੰਬ ਰਹੇ ਸਨ। ਕੌਣ ਜਾਣਦਾ ਸੀ ਕਿ ਸਰਦੀਆਂ ਦੀ ਰੁਤੇ ਰਾਤ ਨੂੰ ਇਕ ਬ੍ਰਾਹਮਣ ਦੇ ਘਰ ਆਸਰਾ ਲੈਣ ਵਾਲਾ ਪਰਦੇਸੀ, ਭਾਰਤ ਦਾ ਸਮਰਾਟ ਹੋ ਸਕਦਾ ਹੈ। ਸ਼ਿਸ਼ੂਪਾਲ ਨੇ ਛੇਤੀ ਹੀ ਆਪਣੇ ਦਿਲ ਨੂੰ ਕਾਇਮ ਕਰ ਲਿਆ ਅਤੇ

ਕਿਹਾ—"ਮੈਨੂੰ ਪਤਾ ਨਹੀਂ ਸੀ ਕਿ ਆਪ ਹੀ ਮਹਾਰਾਜ ਹੋ, ਨਹੀਂ ਤਾਂ ਇੰਨੀ ਖੁਲ੍ਹ ਨਾਲ ਗੱਲਬਾਤ ਨਾ ਕਰਦਾ।"

ਮਹਾਰਾਜ ਅਸ਼ੋਕ ਬੋਲੇ—"ਹੂੰ।"

"ਪਰ ਮੈਂ ਤਾਂ ਕੋਈ ਗੱਲ ਵਧਾ ਕੇ ਨਹੀਂ ਸੀ ਕੀਤੀ।"

ਮੈਂ ਸਬੂਤ ਦੇ ਸਕਦਾ ਹਾਂ।"

ਮਹਾਰਾਜ ਨੇ ਕਿਹਾ- "ਅਸੀਂ ਨਹੀਂ ਚਾਹੁੰਦੇ।"

"ਤਾਂ ਮੈਨੂੰ ਕੀ ਆਗਿਆ ਹੈ ?"

"ਅਸੀਂ ਆਪਦੀ ਪਰੀਖਿਆ ਲੈਣਾ ਚਾਹੁੰਦੇ ਹਾਂ।"

"ਸ਼ਿਸ਼ੂਪਾਲ ਦੇ ਦਿਲ ਵਿਚ ਇਕ ਦੱਮ ਵਿਚਾਰ ਉਠਿਆ ਕੀ ਉਹ ਸੱਚ ਹੋ ਜਾਵੇਗਾ?"

ਮਹਾਰਾਜ ਨੇ ਕਿਹਾ "ਆਪ ਨੇ ਕਿਹਾ ਸੀ ਕਿ ਜੇ ਆਪ ਨੂੰ ਅਵਸਰ ਦਿੱਤਾ ਜਾਵੇ, ਤਾਂ ਆਪ ਨਿਆਂ ਦਾ ਡੰਕਾ ਵਜਾ ਦਿਉਗੇ। ਅਸੀਂ ਆਪਦੀ ਇਸ ਵਿਸ਼ੇ ਵਿੱਚ ਪਰੀਖਿਆ ਲੈਣੀ ਚਾਹੁੰਦੇ ਹਾਂ। ਆਪ ਤਿਆਰ ਹੋ ?"

ਸ਼ਿਸ਼ੂਪਾਲ ਨੇ ਹੰਸ ਦੀ ਤਰ੍ਹਾਂ ਗਰਦਨ ਉੱਚੀ ਕੀਤੀ ਤੇ ਕਿਹਾ—"ਹਾਂ ਜੇ ਮਹਾਰਾਜ ਦੀ ਇੱਛਿਆ ਹੈ, ਤਾਂ ਮੈਂ ਤਿਆਰ ਹਾਂ।"

"ਕੱਲ ਸਵੇਰ ਤੋਂ ਆਪ ਨੂੰ ਨਿਆਂ-ਮੰਤਰੀ ਨਿਯਤ ਕੀਤਾ ਜਾਂਦਾ ਹੈ। ਸਾਰੇ ਸ਼ਹਿਰ ਤੇ ਆਪਦਾ ਅਧਿਕਾਰ ਹੋਵੇਗਾ।"

"ਬਹੁਤ ਅੱਛਾ।"

ਪਾਟਲੀਪੁਤਰ ਦੀ ਅਮਨ-ਰੱਖਿਆ ਦਾ ਹਰ ਕਰਮਚਾਰੀ ਆਪਦੇ ਅਧੀਨ ਹੋਵੇਗਾ ਅਤੇ ਅਮਨ ਰੱਖਣ ਦੀ ਜ਼ਿੰਮੇਵਾਰੀ ਕੇਵਲ ਆਪਦੀ ਹੋਵੇਗੀ।"

"ਬਹੁਤ ਅੱਛਾ।"

"ਜੇ ਕੋਈ ਘਟਨਾ ਹੋ ਗਈ ਜਾਂ ਹੱਤਿਆ ਹੋ ਗਈ ਤਾਂ ਉਸ ਦੇ ਜ਼ਿੰਮੇਵਾਰ ਆਪ ਹੋਵੇਗੇ।"

"ਬਹੁਤ ਅੱਛਾ।"

ਮਹਾਰਾਜ ਥੋੜੀ ਦੇਰ ਚੁੱਪ ਰਹੇ ਅਤੇ ਫਿਰ ਹੱਥ ਤੋਂ ਅੰਗੂਠੀ ਉਤਾਰ ਕੇ ਬੋਲੇ-"ਇਹ ਸ਼ਾਹੀ ਮੁਹਰ ਹੈ, ਆਪ ਕੱਲ ਸਵੇਰ ਦੀ ਪਹਿਲੀ ਕਿਰਣ ਨਾਲ ਨਿਆਂ-ਮੰਤਰੀ ਸਮਝੇ ਜਾਓਗੇ। ਮੈਂ ਵੇਖਾਂਗਾ, ਆਪ ਆਪਣੇ ਆਪ ਨੂੰ ਕਿਵੇਂ ਸਫਲ ਹਾਕਮ ਸਿੱਧ ਕਰਦੇ ਹੋ।"

(4)

ਇਕ ਮਹੀਨਾ ਬੀਤ ਗਿਆ। ਨਿਆਂ-ਮੰਤਰੀ ਦੇ ਨਿਆਂ ਅਤੇ ਪ੍ਰਬੰਧ ਦੀਆਂ ਚਾਰੇ ਪਾਸੇ ਧੁੰਮਾਂ ਪੈ ਗਈਆਂ ਇਉਂ ਲੱਗਦਾ ਸੀ ਜਿਵੇਂ ਸ਼ਿਸ਼ੂਪਾਲ ਨੇ ਸ਼ਹਿਰ ਤੇ ਜਾਦੂ ਹੀ ਕਰ ਦਿੱਤਾ ਹੋਵੇ। ਉਨ੍ਹਾਂ ਨੇ ਚੋਰਾਂ ਡਾਕੂਆਂ ਨੂੰ ਇਸ ਤਰ੍ਹਾਂ ਵਸ ਵਿੱਚ ਕਰ ਲਿਆ ਸੀ, ਜਿਵੇਂ ਸਪੇਰਾ ਬੀਨ ਵਜਾ ਕੇ ਸੱਪ ਨੂੰ ਵਸ ਕਰ ਲੈਂਦਾ ਹੈ। ਉਨ੍ਹਾਂ ਦਿਨਾਂ ਵਿੱਚ ਹਾਲਤ ਇਹ ਸੀ ਕਿ ਲੋਕ ਦਰਵਾਜ਼ੇ ਤਕ ਖੁਲ੍ਹੇ ਛੱਡ ਜਾਂਦੇ ਸਨ, ਪਰ ਕਿਸੇ ਦਾ ਨੁਕਸਾਨ ਨਹੀਂ ਸੀ ਹੁੰਦਾ। ਸ਼ਿਸ਼ੂਪਾਲ ਦਾ ਇਨਸਾਫ਼ ਅੰਨ੍ਹਾਂ ਤੇ ਬੋਲਾ ਸੀ, ਜਿਹੜਾ ਨਾ ਸੂਰਤ ਵੇਖਦਾ ਸੀ ਨਾ ਸਿਫਾਰਿਸ਼ ਸੁਣਦਾ ਸੀ। ਉਹ ਕੇਵਲ ਸਜ਼ਾ ਦੇਣਾ ਜਾਣਦਾ ਸੀ ਤੇ ਸਜ਼ਾ ਵੀ ਸਿਖਿਆਦਾਇਕ। ਸ਼ਹਿਰ ਦੀ ਹਾਲਤ ਵਿੱਚ ਜ਼ਮੀਨ ਆਸਮਾਨ ਦਾ ਫ਼ਰਕ ਪੈ ਗਿਆ ਸੀ।

ਰਾਤ ਦਾ ਵੇਲਾ ਸੀ। ਆਕਾਸ਼ ਵਿੱਚ ਤਾਰੇ ਖੇਡਦੇ ਸਨ। ਇਕ ਅਮੀਰ ਨੇ ਇਕ ਵਿਸ਼ਾਲ ਭਵਨ ਦੇ ਦਰਵਾਜ਼ੇ ਤੇ ਦਸਤਕ ਦਿੱਤੀ। ਝੀਤ ਥਾਣੀ ਕਿਸੇ ਇਸਤਰੀ ਨੇ ਝਾਕ ਕੇ ਪੁਛਿਆ-"ਕੌਣ ਹੈ ?”

"ਮੈਂ ਹਾਂ ! ਦਰਵਾਜ਼ਾ ਖੋਲ੍ਹ ਦਿਓ।"

"ਪਰ ਉਹ ਇਥੇ ਨਹੀਂ ਹੈ।”

“ਪਰਵਾਹ ਨਹੀਂ, ਤੂੰ ਦਰਵਾਜ਼ਾ ਖੋਲ੍ਹ ਦੇ।"

ਇਸਤਰੀ ਨੇ ਕੁੱਝ ਸੋਚ ਕੇ ਉੱਤਰ ਦਿੱਤਾ— 'ਮੈਂ ਨਹੀਂ ਖੋਲ੍ਹਾਂਗੀ, ਤੁਸੀਂ ਇਸ ਵੇਲੇ ਜਾਓ।"

ਅਮੀਰ ਨੇ ਗੁੱਸੇ ਵਿੱਚ ਕਿਹਾ "ਦਰਵਾਜ਼ਾ ਖੋਲ੍ਹ ਦੇ ਨਹੀਂ ਤਾਂ ਮੈਂ ਤੋੜ ਸੁਟਾਂਗਾ।"

ਇਸਤਰੀ ਨੇ ਉੱਤਰ ਦਿੱਤਾ— ‘ਜਾਣਦੇ ਨਹੀਂ, ਸ਼ਹਿਰ ਵਿੱਚ ਸ਼ਿਸ਼ੂਪਾਲ ਦਾ ਰਾਜ ਹੈ ਹੁਣ ਕੋਈ ਇਸ ਤਰ੍ਹਾਂ ਦਾ ਧੱਕਾ ਨਹੀਂ ਕਰ ਸਕਦਾ।”

ਅਮੀਰ ਨੇ ਤਲਵਾਰ ਕੱਢਕੇ ਦਰਵਾਜ਼ੇ ਤੇ ਹਮਲਾ ਕੀਤਾ। ਉਸੇ ਵੇਲੇ ਇਕ ਪਹਿਰੇਦਾਰ ਨੇ ਆ ਕੇ ਉਸਦਾ ਹੱਥ ਫੜ ਲਿਆ ਤੇ ਕਿਹਾ-"ਕੀ ਕਰ ਰਹੇ ਹੋ ?"

ਅਮੀਰ ਨੇ ਉਸ ਵੱਲ ਇਸ ਤਰ੍ਹਾਂ ਵੇਖਿਆ ਜਿਵੇਂ ਭੇੜੀਆ ਭੇਡ ਵੱਲ ਵੇਖਦਾ ਹੈ, ਅਤੇ ਗੁੱਸੇ ਨਾਲ ਬੋਲਿਆ- ਤੂੰ ਕੌਣ ਹੈਂ ??

"ਮੈਂ ਪਹਿਰੇਦਾਰ ਹਾਂ।"

'ਤੈਨੂੰ ਕਿਸ ਨੇ ਨਿਯਤ ਕੀਤਾ ਹੈ ?"

"ਨਿਆਂ ਮੰਤਰੀ ਨੇ।"

"ਮੂਰਖਤਾ ਨਾ ਕਰ। ਮੈਂ ਉਸ ਨੂੰ ਵੀ ਮਿੱਟੀ ਵਿੱਚ ਮਿਲਾ ਸਕਦਾ ਹਾਂ।"

ਪਹਿਰੇਦਾਰ ਨੇ ਹੌਂਸਲੇ ਨਾਲ ਜਵਾਬ ਦਿਤਾ- "ਪਰ ਇਸ ਵੇਲੇ ਮਹਾਰਾਜ ਅਸ਼ੋਕ ਵੀ ਆ ਜਾਣ ਤਾਂ ਵੀ ਨਹੀਂ ਛਡਾਂਗਾ।"

ਕਿਉਂ ਮੌਤ ਨੂੰ ਬੁਲਾ ਰਿਹਾ ਹੈ ?"

"ਮੈਂ ਜੋ ਪ੍ਰਣ ਕੀਤਾ ਹੈ, ਉਸ ਨੂੰ ਪੂਰਾ ਕਰਾਂਗਾ।"

"ਕਿਸ ਨਾਲ ਪ੍ਰਣ ਕੀਤਾ ਹੈ ?"

"ਨਿਆਂ-ਮੰਤਰੀ ਨਾਲ।"

"ਕੀ?"

"ਇਹੀ ਕਿ ਜਦ ਤਕ ਸਰੀਰ ਵਿੱਚ ਜਾਨ ਹੈ, ਅਤੇ ਜਦ ਤਕ ਖ਼ੂਨ ਦਾ ਆਖਰੀ ਕਤਰਾ ਮੇਰੇ ਜਿਸਮ ਵਿੱਚ ਬਾਕੀ ਹੈ, ਮੈਂ ਆਪਣੇ ਫ਼ਰਜ਼ ਤੋਂ ਪਿਛੇ ਨਹੀਂ ਹਟਾਂਗਾ।"

ਅਮੀਰ ਨੇ ਤਲਵਾਰ ਖਿੱਚ ਲਈ। ਪਹਿਰੇਦਾਰ ਨੇ ਪਿਛੇ ਹੱਟ ਕੇ ਕਿਹਾ—'ਆਪ ਭੁੱਲ ਕਰ ਰਹੇ ਹੋ, ਮੈਂ ਨੌਕਰੀ ਤੇ ਹਾਂ।"

ਪਰ ਅਮੀਰ ਨੇ ਸੁਣੀ ਅਣਸੁਣੀ ਕਰ ਦਿੱਤੀ ਅਤੇ ਤਲਵਾਰ ਲੈ ਕੇ ਝਪਟਿਆ। ਪਹਿਰੇਦਾਰ ਨੇ ਤਲਵਾਰ ਖਿੱਚ ਲਈ। ਪਰ ਉਹ ਅਜੇ ਨਵਾਂ ਸੀ, ਪਹਿਲੇ ਹੀ ਵਾਰ ਵਿੱਚ ਡਿਗ ਪਿਆ। ਅਤੇ ਮਾਰਿਆ ਗਿਆ। ਅਮੀਰ ਦਾ ਖ਼ੂਨ ਸੁਕ ਗਿਆ। ਉਸਦੇ ਹੱਥਾਂ ਦੇ ਤੋਤੇ ਉੱਡ ਗਏ। ਉਸ ਦੀ ਇਹ ਇੱਛਾ ਨਹੀਂ ਸੀ ਕਿ ਪਹਿਰੇਦਾਰ ਨੂੰ ਮਾਰ ਦਿੱਤਾ ਜਾਵੇ। ਉਹ ਉਸਨੂੰ ਕੇਵਲ ਡਰਾਉਣਾ ਚਾਹੁੰਦਾ ਸੀ, ਪਰ ਜ਼ਖ਼ਮ ਕਿਸੇ ਖਾਸ ਥਾਂ 'ਤੇ ਲੱਗਾ ਸੀ। ਅਮੀਰ ਨੇ ਉਸਦੀ ਲਾਸ਼ ਨੂੰ ਇਕ ਪਾਸੇ ਕਰ ਦਿੱਤਾ ਅਤੇ ਆਪ ਭੱਜ ਨਿਕਲਿਆ।

(5)

ਸਵੇਰੇ ਇਸ ਘਟਨਾ ਦੀ ਘਰ ਘਰ ਵਿੱਚ ਚਰਚਾ ਸੀ। ਲੋਕ ਹੈਰਾਨ ਸਨ ਕਿ ਇੰਨੀ ਹਿੰਮਤ ਕਿਸ ਦੀ ਹੋ ਗਈ ਕਿ ਅਮਨ-ਰੱਖਿਆ ਦੇ ਕਰਮਚਾਰੀ ਨੂੰ ਮਾਰ ਸੁਟੇ ਤੇ ਫਿਰ ਸ਼ਿਸ਼ੂਪਾਲ ਦੇ ਸ਼ਾਸਨ ਵਿੱਚ। ਰਾਜਧਾਨੀ ਵਿਚ ਦਹਿਸ਼ਤ ਛਾ ਗਈ। ਅਮਨ-ਰੱਖਿਆ ਦੇ ਕਰਮਚਾਰੀ ਚਾਰੇ ਪਾਸੇ ਭੱਜ ਫਿਰਦੇ ਸਨ, ਜਿਵੇਂ ਇਹ ਉਨ੍ਹਾਂ ਦੀ ਜ਼ਿੰਦਗੀ ਤੇ ਮੌਤ ਦਾ ਸੁਆਲ ਹੋਵੇ। ਨਿਆਂ-ਮੰਤਰੀ ਨੇ ਵੀ ਮਾਮਲੇ ਦੀ ਖੋਜ ਵਿੱਚ ਦਿਨ-ਰਾਤ ਇਕ ਕਰ ਦਿੱਤਾ। ਇਹ ਉਨ੍ਹਾਂ ਦੇ ਰਾਜ ਕਾਲ ਦੀ ਪਹਿਲੀ ਘਟਨਾ ਸੀ। ਉਨ੍ਹਾਂ ਨੂੰ ਖਾਣਾ ਪੀਣਾ ਭੁੱਲ ਗਿਆ ਤੇ ਅੱਖਾਂ ਵਿਚੋਂ ਨੀਂਦਰ ਤਕ ਉਡ ਗਈ। ਕਾਤਲ ਦੀ ਖੋਜ ਵਿਚ ਉਨ੍ਹਾਂ ਨੇ ਕੋਈ ਕਸਰ ਨਾ ਛੱਡੀ, ਪਰ ਪਤਾ ਕੁੱਝ ਨਾ ਲਗਿਆ।

ਅਸਫਲਤਾ ਦਾ ਹਰੇਕ ਦਿਨ ਅਸ਼ੋਕ ਦੇ ਗੁੱਸੇ ਦੀ ਅੱਗ ਨੂੰ ਹੋਰ ਭੜਕਾ ਰਿਹਾ ਸੀ। ਉਹ ਕਹਿੰਦੇ, ਤੂੰ ਕਿੰਨੇ ਜ਼ੋਰ ਨਾਲ ਇਨਸਾਫ ਦਾ ਦਾਅਵਾ ਕੀਤਾ ਸੀ, ਹੁਣ ਕੀ ਹੋਇਆ ਹੈ ? ਨਿਆਂ-ਮੰਤਰੀ ਸ਼ਰਮ ਨਾਲ ਮੂੰਹ ਨੀਵਾਂ ਪਾ ਲੈਂਦੇ। ਮਹਾਰਾਜ ਕਹਿੰਦੇ-"ਕਾਤਲ ਕਦ ਤਕ ਫੜਿਆ ਜਾਵੇਗਾ ?" ਨਿਆਂ ਮੰਤਰੀ ਉੱਤਰ ਦਿੰਦੇ --'ਮਹਾਰਾਜ ਯਤਨ ਕਰ ਰਿਹਾ ਹਾਂ, ਛੇਤੀ ਹੀ ਫੜ ਲਵਾਂਗਾ।" ਮਹਾਰਾਜ ਕੁੱਝ ਦਿਨ ਠਹਿਰ ਕੇ ਪੁਛਦੇ- 'ਕਾਤਲ ਫੜਿਆ ਗਿਆ?' ਨਿਆਂ-ਮੰਤਰੀ ਕਹਿੰਦੇ—'"ਨਹੀਂ।" ਮਹਾਰਾਜ ਦਾ ਗੁੱਸਾ ਭੜਕ ਉਠਦਾ। ਉਨ੍ਹਾਂ ਦੀਆਂ ਅੱਖਾਂ ਤੋਂ ਅੱਗ ਦੀਆਂ ਚਿੰਗਾੜੀਆਂ ਨਿਕਲਦੀਆਂ, ਬੱਦਲ ਵਾਂਗ ਗਜ ਕੇ ਕਹਿੰਦੇ— "ਮੈਂ ਇਹ 'ਨਹੀਂ' ਸੁਣਦੇ ਸੁਣਦੇ ਤੰਗ ਆ ਗਿਆ ਹਾਂ।"

ਇਸੇ ਤਰ੍ਹਾਂ ਇਕ ਹਫਤਾ ਬੀਤ ਗਿਆ, ਪਰ ਕਾਤਲ ਦਾ ਪਤਾ ਨਾ ਲਗਿਆ, ਅੰਤ ਵਿੱਚ ਮਹਾਰਾਜ ਅਸ਼ੋਕ ਨੇ ਸ਼ਿਸ਼ੂਪਾਲ ਨੂੰ ਬੁਲਾ ਕੇ ਕਿਹਾ— "ਤੁਹਾਨੂੰ ਤਿੰਨ ਦਿਨਾਂ ਦੀ ਹੋਰ ਮਿਆਦ ਦਿੱਤੀ ਜਾਂਦੀ ਹੈ। ਜੇ ਇਸ ਦੌਰਾਨ ਵੀ ਕਾਤਲ ਨਾ ਫੜਿਆ ਗਿਆ ਤਾਂ ਤੁਹਾਨੂੰ ਫਾਂਸੀ ਦੇ ਦਿੱਤੀ ਜਾਵੇਗੀ।"

ਇਸ ਖ਼ਬਰ ਨਾਲ ਸ਼ਹਿਰ ਵਿੱਚ ਹਲਚਲ ਮਚ ਗਈ। ਇਕ ਹੀ ਮਹੀਨੇ ਦੇ ਅੰਦਰ ਅੰਦਰ ਸ਼ਿਸ਼ੂਪਾਲ ਹਰਮਨ ਪਿਆਰੇ ਹੋ ਗਏ ਸਨ। ਉਨ੍ਹਾਂ ਦੇ ਨਿਆਂ ਦੀ ਚਾਰੇ ਪਾਸੇ ਧਾਕ ਬੈਠ ਗਈ ਸੀ। ਲੋਕ ਮਹਾਰਾਜ ਨੂੰ ਗਾਲ਼ਾਂ ਦੇਣ ਲੱਗੇ। ਜਿਥੇ ਚਾਰ ਆਦਮੀ ਇਕੱਠੇ ਹੁੰਦੇ, ਇਸੇ

ਵਿਸ਼ੇ ਬਾਰੇ ਗੱਲਾਂ ਕਰਨ ਲੱਗ ਜਾਂਦੇ। ਉਹ ਚਾਹੁੰਦੇ ਸਨ, ਚਾਹੇ ਕੁੱਝ ਵੀ ਹੋ ਜਾਵੇ, ਪਰ ਸ਼ਿਸ਼ੂਪਾਲ ਦਾ ਵਾਲ ਵਿੰਗਾ ਨਹੀਂ ਹੋਣਾ ਚਾਹੀਦਾ। ਸ਼ਿਸ਼ੂਪਾਲ ਆਪ ਬੜੀ ਤੀਬਰਤਾ ਨਾਲ ਕਾਤਲ ਦੀ ਤਲਾਸ਼ ਕਰ ਰਹੇ ਸਨ, ਪਰ ਫ਼ਜ਼ੂਲ। ਇਥੋਂ ਤਕ ਕਿ ਤੀਜਾ ਦਿਨ ਆ ਗਿਆ— ਹੁਣ ਕੁੱਝ ਹੀ ਘੰਟੇ ਬਾਕੀ ਸਨ।

ਰਾਤ ਦਾ ਵੇਲਾ ਸੀ, ਪਰ ਸ਼ਿਸ਼ੂਪਾਲ ਦੀਆਂ ਅੱਖਾਂ ਵਿੱਚ ਨੀਂਦ ਨਹੀਂ ਸੀ। ਉਹ ਸ਼ਹਿਰ ਦੇ ਇਕ ਘਣੇ ਬਾਜ਼ਾਰ ਵਿੱਚ ਗਸ਼ਤ ਲਾ ਰਹੇ ਸਨ। ਇਕਦਮ ਇਕ ਮਕਾਨ ਦੀ ਖਿੜਕੀ ਖੁਲੀ ਅਤੇ ਇਕ ਇਸਤਰੀ ਨੇ ਬਾਹਰ ਵੇਖਿਆ। ਚਾਰੇ ਪਾਸੇ ਖਾਮੋਸ਼ੀ ਛਾਈ ਹੋਈ ਸੀ। ਇਸਤਰੀ ਨੇ ਹੌਲੀ ਜਿਹੀ ਕਿਹਾ- 'ਤੁਸੀਂ ਕੌਣ ਹੋ ? ਪਹਿਰੇਦਾਰ ?"

ਨਿਰਾਸਤਾ ਦੇ ਹਨੇਰੇ ਵਿੱਚ ਆਸ ਦੀ ਇਕ ਕਿਰਣ ਚਮਕ ਪਈ। ਸ਼ਿਸ਼ੂਪਾਲ ਨੇ ਉੱਤਰ ਦਿੱਤਾ— ''ਨਹੀਂ, ਮੈਂ ਨਿਆਂ-ਮੰਤਰੀ ਹਾਂ।"

"ਜ਼ਰਾ ਇਥੇ ਠਹਿਰੋ।"

ਇਸਤਰੀ ਖਿੜਕੀ ਤੋਂ ਪਿਛੇ ਹਟ ਗਈ, ਅਤੇ ਦੀਵਾ ਲੈ ਕੇ ਦਰਵਾਜ਼ੇ ਤੇ ਆਈ। ਨਿਆਂ-ਮੰਤਰੀ ਨੂੰ ਨਾਲ ਲੈ ਕੇ ਉਹ ਕਮਰੇ ਵਿੱਚ ਗਈ, ਅਤੇ ਬੋਲੀ— 'ਅੱਜ ਆਖ਼ਰੀ ਰਾਤ ਹੈ।”

ਨਿਆਂ ਮੰਤਰੀ ਨੇ ਦੁਖੀ ਨਜ਼ਰ ਨਾਲ ਇਸਤਰੀ ਵੱਲ ਵੇਖਿਆ ਤੇ ਉੱਤਰ ਦਿੱਤਾ— "ਹਾਂ, ਆਖ਼ਰੀ ਹੈ।”

ਸ਼ਬਦ ਸਾਧਾਰਣ ਸਨ, ਪਰ ਇਨ੍ਹਾਂ ਦਾ ਅਰਥ ਸਾਧਾਰਣ ਨਹੀਂ ਸੀ, ਇਸਤਰੀ ਤੜਪ ਕੇ ਖੜੀ ਹੋ ਗਈ ਅਤੇ, ਬੋਲੀ-"ਮੈਂ ਇਸ ਘਟਨਾ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ।”

ਸ਼ਿਸ਼ੂਪਾਲ ਦੀ ਮੁਰਦਾ ਦੇਹ ਵਿਚ ਜਾਨ ਪੈ ਗਈ। ਧੀਰਜ ਨਾਲ ਬੋਲੇ-"ਦਸੋ।"

"ਰਾਤ ਦਾ ਵੇਲਾ ਸੀ। ਕਾਤਲ ਨੇ ਇਸ ਮਕਾਨ ਦਾ ਦਰਵਾਜ਼ਾ ਖੜਕਾਇਆ। ਉਹ ਇਥੇ ਅਕਸਰ ਆਉਂਦਾ ਰਹਿੰਦਾ ਹੈ।"

"ਪਰ ਕਿਉਂ?"

"ਉਸਦਾ ਆਚਾਰ ਚੰਗਾ ਨਹੀਂ।"

"ਫਿਰ ਅੱਗੇ?"

"ਮੈਂ ਉੱਤਰ ਦਿੱਤਾ, ਜਿਸ ਕੋਲ ਤੁਸੀਂ ਆਏ ਹੋ, ਉਹ ਇਥੇ ਨਹੀਂ ਹੈ। ਪਰ ਉਸਨੇ ਇਸ ਨੂੰ ਝੂਠ ਸਮਝਿਆ, ਅਤੇ ਦਰਵਾਜ਼ਾ ਤੋੜਨ ਨੂੰ ਪਿਆ। ਪਹਿਰੇਦਾਰ ਨੇ ਉਸਨੂੰ ਰੋਕਿਆ, ਅਤੇ ਉਸਦੇ ਹਥੋਂ ਮਾਰਿਆ ਗਿਆ।"

ਨਿਆਂ-ਮੰਤਰੀ ਨੇ ਪੁਛਿਆ, "ਪਰ ਕਾਤਲ ਹੈ ਕੌਣ?"

ਇਸਤਰੀ ਨੇ ਉਨ੍ਹਾਂ ਦੇ ਕੰਨ ਵਿੱਚ ਕੁੱਝ ਕਿਹਾ ਤੇ ਸਹਿਮੀ ਹੋਈ ਕਬੂਤਰੀ ਵਾਂਗ ਚਾਰੇ ਪਾਸੇ ਵੇਖਣ ਲੱਗੀ।

(6)

ਦੂਜੇ ਦਿਨ ਦਰਬਾਰ ਵਿੱਚ ਤਿਲ ਸੁਟਣ ਦੀ ਥਾਂ ਨਹੀਂ ਸੀ। ਅੱਜ ਨਿਆਂ-ਮੰਤਰੀ ਦੀ ਕਿਸਮਤ ਦਾ ਫੈਸਲਾ ਹੋਣਾ ਸੀ। ਅਸ਼ੋਕ ਨੇ ਸਿੰਘਾਸਨ ਤੇ ਪੈਰ ਰੱਖਦਿਆਂ ਹੀ ਕਿਹਾ— "ਨਿਆਂ-ਮੰਤਰੀ !'

ਸ਼ਿਸ਼ੂਪਾਲ ਸਾਹਮਣੇ ਆਏ, ਇਸ ਸਮੇਂ ਉਨ੍ਹਾਂ ਦੇ ਚਿਹਰੇ ਉਤੇ ਕੋਈ ਚਿੰਤਾ, ਕੋਈ ਬੇਚੈਨੀ ਨਹੀਂ ਸੀ।

ਮਹਾਰਾਜ ਨੇ ਪੁਛਿਆ-"ਕਾਤਲ ਦਾ ਪਤਾ ਲੱਗ ਗਿਆ?"

ਨਿਆਂ-ਮੰਤਰੀ ਨੇ ਹਿੰਮਤ ਕਰਕੇ ਉੱਤਰ ਦਿਤਾ—"ਹਾਂ, ਲੱਗ ਗਿਆ।"

"ਪੇਸ਼ ਕਰੋ।"

ਨਿਆਂ ਮੰਤਰੀ ਨੇ ਸਿਰ ਝੁਕਾ ਕੇ ਸੋਚਿਆ। ਇਸ ਵੇਲੇ ਉਸਦੇ ਹਿਰਦੇ ਵਿੱਚ ਦੋ ਵਿਰੋਧੀ ਤਾਕਤਾਂ ਦੀ ਟੱਕਰ ਹੋ ਰਹੀ ਸੀ। ਇਹ ਉਨ੍ਹਾਂ ਦੇ ਚਿਹਰੇ ਤੋਂ ਸਪਸ਼ਟ ਪਤਾ ਲੱਗਦਾ ਸੀ। ਅਚਾਨਕ ਉਨ੍ਹਾਂ ਨੇ ਪੱਕੇ ਫ਼ੈਸਲੇ ਨਾਲ ਸਿਰ ਚੁਕਿਆ ਅਤੇ ਆਪਣੇ ਇਕ ਉੱਚ ਅਧਿਕਾਰੀ ਨੂੰ ਇਸ਼ਾਰਾ ਕਰਕੇ ਕਿਹਾ—'ਧਨਵੀਰ !''

"ਸ੍ਰੀਮਾਨ"

"ਗ੍ਰਿਫਤਾਰ ਕਰ ਲੈ, ਮੈਂ ਹੁਕਮ ਦਿੰਦਾ ਹਾਂ।"

ਇਸ਼ਾਰਾ ਮਹਾਰਾਜ ਵੱਲ ਸੀ, ਦਰਬਾਰ ਵਿੱਚ ਸੰਨਾਟਾ ਛਾ ਗਿਆ। ਅਸ਼ੋਕ ਦਾ ਚਿਹਰਾ ਲਾਲ ਹੋ ਗਿਆ। ਜਿਵੇਂ ਉਹ ਤਪਿਆ ਹੋਇਆ ਤਾਂਬਾ ਹੋਵੇ। ਅੱਖਾਂ ਵਿਚੋਂ ਅੱਗ ਦੇ ਭਾਂਬੜ ਨਿਕਲਣ ਲੱਗੇ। ਉਹ ਤੜਪ ਕੇ ਖੜ੍ਹੇ ਹੋ ਗਏ ਅਤੇ ਬੋਲੇ-'ਓ ਬ੍ਰਾਹਮਣ ! ਤੇਰੀ ਇਥੋਂ ਤਕ ਹਿੰਮਤ ਹੋ ਗਈ?"

ਨਿਆਂ-ਮੰਤਰੀ ਨੇ ਇਸ ਤਰਾਂ ਜ਼ਾਹਿਰ ਕੀਤਾ ਜਿਵੇਂ ਉਸਨੇ ਕੁੱਝ ਸੁਣਿਆਂ ਹੀ ਨਹੀਂ, ਅਤੇ ਆਪਣੇ ਹੁਕਮ ਨੂੰ ਫਿਰ ਦੁਹਰਾਇਆ- "ਮੈਂ ਹੁਕਮ ਦਿੰਦਾ ਹਾਂ, ਗ੍ਰਿਫਤਾਰ ਕਰ

ਧਨਵੀਰ ਪੁਤਲੀ ਵਾਂਗ ਅੱਗੇ ਵਧਿਆ। ਦਰਬਾਰੀਆਂ ਦਾ ਸਾਹ ਰੁਕ ਗਿਆ, ਮਹਾਰਾਜ ਸਿੰਘਾਸਨ ਤੋਂ ਥੱਲੇ ਉੱਤਰ ਆਏ। ਨਿਆਂ-ਮੰਤਰੀ ਨੇ ਕਿਹਾ, "ਇਹ ਕਾਤਲ ਹੈ। ਮੇਰੀ ਅਦਾਲਤ ਵਿੱਚ ਪੇਸ਼ ਕਰੋ।"

ਧਨਵੀਰ ਨੇ ਅਸ਼ੋਕ ਨੂੰ ਹੱਥਕੜੀ ਲਾ ਲਈ। ਅਤੇ ਸ਼ਿਸ਼ੂਪਾਲ ਦੀ ਕਚਹਿਰੀ ਵੱਲ ਲੈ ਗਿਆ। ਉਥੇ ਸਾਰਾ ਸ਼ਹਿਰ ਬੈਠਾ ਸੀ। ਸ਼ਿਸ਼ੂਪਾਲ ਨੇ ਹੁਕਮ ਦਿੱਤਾ-'ਅਪਰਾਧੀ ਰਾਜ-ਘਰਾਣੇ ਵਿਚੋਂ ਹੈ, ਇਸ ਲਈ ਇਕੱਲਾ ਪੇਸ਼ ਕੀਤਾ ਜਾਵੇ।"

ਮਹਾਰਾਜ ਅਸ਼ੋਕ ਨੇ ਸੰਕੇਤ ਕੀਤਾ, ਮੰਤਰੀ ਪਿੱਛੇ ਹੱਟ ਗਏ। ਮਹਾਰਾਜ ਉਸ ਜੰਗਲੇ ਵਿੱਚ ਖੜੇ ਹੋ ਗਏ, ਜਿਹੜਾ ਮੁਲਜ਼ਮ ਲਈ ਨਿਯਤ ਕੀਤਾ ਗਿਆ ਸੀ। ਛੱਤਰਪਤੀ ਮਹਾਰਾਜ ਨਾਲ ਉਸਦੇ ਆਪਣੇ ਰਾਜ ਵਿੱਚ, ਉਸ ਦੇ ਨੌਕਰ ਦੇ ਹੱਥੋਂ ਉਸ ਨਾਲ ਇਹ ਸਲੂਕ ਹੋ ਸਕਦਾ ਹੈ, ਇਸਦਾ ਲੋਕਾਂ ਨੂੰ ਖਿਆਲ ਤਕ ਨਹੀਂ ਸੀ। ਪਰ ਸ਼ਿਸ਼ੂਪਾਲ ਮਜ਼ਬੂਤ ਇਰਾਦਾ ਕਰਕੇ ਆਪਣੇ ਸਿੰਘਾਸਣ ਤੇ ਬੈਠੇ ਸਨ। ਉਨ੍ਹਾਂ ਨੇ ਅੱਖਾਂ ਨਾਲ ਮਹਾਰਾਜ ਨੂੰ ਪ੍ਰਣਾਮ ਕੀਤੀ। ਹੱਥਾਂ ਨੂੰ ਨਿਆਂ ਦੀ ਰੱਸੀ ਨੇ ਬੰਨ੍ਹ ਰੱਖਿਆ ਸੀ, ਉਹ ਹੌਲੀ ਜਿਹੀ ਬੋਲੇ, 'ਤੇਰੇ ਤੇ ਪਹਿਰੇਦਾਰ ਦੇ ਕਾਤਲ ਦਾ ਇਲਜ਼ਾਮ ਹੈ, ਤੂੰ ਇਸਦਾ ਕੀ ਉੱਤਰ ਦਿੰਦਾ ਹੈ।"

ਮਹਾਰਾਜ ਅਸ਼ੋਕ ਨੇ ਹੋਠ ਕਟਕੇ ਜਵਾਬ ਦਿੱਤਾ- ਉਹ ਗੁਸਤਾਖ ਸੀ।"

"ਤਾਂ ਤੂੰ ਆਪਣੇ ਜੁਰਮ ਦਾ ਇਕਬਾਲ ਕਰਦਾ ਹੈ ?"

"ਹਾਂ, ਮੈਂ ਉਸ ਨੂੰ ਮਾਰਿਆ ਹੈ, ਪਰ ਜਾਣ ਬੁਝਕੇ ਨਹੀਂ ਮਾਰਿਆ।"

*"ਉਹ ਗੁਸਤਾਖ ਨਹੀਂ ਸੀ, ਮੈਂ ਉਸਨੂੰ ਬੜੇ ਚਿਰ ਤੋਂ ਜਾਣਦਾ ਹਾਂ।"

"ਉਹ ਗੁਸਤਾਖ ਸੀ।"

"ਤੂੰ ਝੂਠ ਬੋਲਦਾ ਹੈ। ਤੈਨੂੰ ਮੌਤ ਦੀ ਸਜ਼ਾ ਦਾ ਹੁਕਮ ਦੇਂਦਾ ਹਾਂ।"

ਅਸ਼ੋਕ ਦੀਆਂ ਅੱਖਾਂ ਲਾਲ ਹੋ ਗਈਆਂ। ਮੰਤਰੀਆਂ ਨੇ ਤਲਵਾਰਾਂ ਖਿੱਚ ਲਈਆਂ। ਕਈ ਆਦਮੀ ਸ਼ਿਸ਼ੂਪਾਲ ਨੂੰ ਗਾਲ੍ਹਾਂ ਕੱਢਣ ਲੱਗੇ। ਕਈਆਂ ਨੇ ਇਥੋਂ ਤਕ ਕਹਿ ਦਿੱਤਾ, ਨਿਆ-ਮੰਤਰੀ ਪਾਗਲ ਹੋ ਗਿਆ ਹੈ। ਇਕ ਆਵਾਜ਼ ਆਈ, ਤੂੰ ਆਪਣਾ ਸਿਰ ਬਚਾ। ਅਸ਼ੋਕ ਨੇ ਹੱਥ ਉਠਾ ਕੇ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਚਾਰੇ ਪਾਸੇ ਫਿਰ ਉਹੀ ਖ਼ਾਮੋਸ਼ੀ ਛਾ ਗਈ।

ਨਿਆਂ ਮੰਤਰੀ ਨੇ ਕੜਕ ਕੇ ਕਿਹਾ—ਆਪਦਾ, ਗੁੱਸਾ ਕਰਨਾ ਬਿਲਕੁਲ ਨਾਵਾਜਬ ਹੈ। ਮੈਂ ਇਸ ਵੇਲੇ ਨਿਆਂ ਮੰਤਰੀ ਦੀ ਕੁਰਸੀ ਤੇ ਹਾਂ, ਅਤੇ ਨਿਆਂ ਕਰਨ ਲਈ ਬੈਠਾ ਹਾਂ। ਮਹਾਰਾਜ ਅਸ਼ੋਕ ਦੀ ਦਿੱਤੀ ਹੋਈ ਮੁਹਰ ਮੇਰੇ ਕੋਲ ਹੈ, ਜੇ ਕਿਸੇ ਨੇ ਸ਼ੋਰ-ਸ਼ਾਰ ਕੀਤਾ ਤਾਂ ਉਸ ਨੂੰ ਅਦਾਲਤ ਦਾ ਅਪਮਾਨ ਸਮਝ ਕੇ ਗ੍ਰਿਫ਼ਤਾਰ ਕਰ ਲਵਾਂਗਾ।"

"ਅਸ਼ੋਕ ! ਤੂੰ ਇਕ ਰਾਜ ਕਰਮਚਾਰੀ ਦਾ ਕੱਤਲ ਕੀਤਾ ਹੈ। ਮੈਂ ਤੇਰੇ ਕੱਤਲ ਦਾ ਹੁਕਮ ਦਿੰਦਾ ਹਾਂ।"

ਮਹਾਰਾਜ ਨੇ ਸਿਰ ਝੁਕਾ ਦਿੱਤਾ। ਇਸ ਵੇਲੇ ਉਨ੍ਹਾਂ ਦੇ ਹਿਰਦੇ ਸਾਗਰ ਲਹਿਰਾਂ ਮਾਰ ਰਿਹਾ ਸੀ। ਸੋਚਦੇ ਸਨ, ਇਹ ਮਨੁੱਖ ਸੋਨਾ ਹੈ, ਜੋ ਵਿੱਚ ਖ਼ੁਸ਼ੀ ਦਾ ਅੱਗ ਵਿੱਚ ਪੈ ਕੇ ਕੁੰਦਨ ਹੋ ਗਿਆ ਹੈ। ਕਹਿੰਦਾ ਸੀ ਮੇਰੇ ਨਿਆਂ ਦੀਆਂ ਧੁੰਮਾਂ ਪੈ ਜਾਣਗੀਆਂ। ਉਹ ਗੱਲ ਝੂਠੀ ਨਹੀਂ ਸੀ। ਇਸਨੇ ਆਪਣੇ ਕਥਨ ਦੀ ਲਾਜ ਰੱਖ ਲਈ ਹੈ, ਅਜਿਹੇ ਮਨੁੱਖ ਹੀ ਹੋਇਆ ਕਰਦੇ ਹਨ, ਜਿਨ੍ਹਾਂ ਉਤੇ ਕੌਮਾਂ ਮਾਣ ਕਰਦੀਆਂ ਹਨ, ਅਤੇ ਜਿਨ੍ਹਾਂ ਤੇ ਆਪਣਾ ਤਨ, ਮਨ ਨਿਛਾਵਰ ਕਰਨ ਲਈ ਤਿਆਰ ਹੋ ਜਾਂਦੀਆਂ ਹਨ। ਉਨ੍ਹਾਂ ਨੇ ਇਕ ਵਚਿੱਤਰ ਭਾਵ ਨਾਲ ਸਿਰ ਉੱਚਾ ਕੀਤਾ ਅਤੇ ਬੇਪਰਵਾਹੀ ਨਾਲ ਕਿਹਾ—"ਮੈਂ ਇਸ ਹੁਕਮ ਦੇ ਵਿਰੁੱਧ ਕੁੱਝ ਨਹੀਂ ਬੋਲ ਸਕਦਾ।"

ਨਿਆਂ-ਮੰਤਰੀ ਨੇ ਇਕ ਆਦਮੀ ਨੂੰ ਹੁਕਮ ਦਿੱਤਾ। ਉਹ ਇਕ ਸੁਨਹਿਰੀ ਮੂਰਤੀ ਲੈ ਕੇ ਹਾਜ਼ਰ ਹੋਇਆ। ਨਿਆਂ ਮੰਤਰੀ ਨੇ ਖੜੇ ਹੋ ਕੇ ਕਿਹਾ— "ਸਜਣੋ ! ਇਹ ਸੱਚ ਹੈ ਕਿ ਮੈਂ ਨਿਆਂ-ਮੰਤਰੀ ਹਾਂ। ਇਹ ਵੀ ਸੱਚ ਹੈ ਕਿ ਮੇਰਾ ਕੰਮ ਨਿਆਂ ਕਰਨਾ ਹੈ, ਇਹ ਵੀ ਸੱਚ ਹੈ ਕਿ ਇਕ ਰਾਜ ਦੇ ਕਰਮਚਾਰੀ ਦੀ ਹੱਤਿਆ ਕੀਤੀ ਗਈ ਹੈ, ਉਸਦੀ ਸਜ਼ਾ ਲਾਜ਼ਮੀ ਹੈ। ਪਰ ਸ਼ਾਸਤਰਾਂ ਵਿੱਚ ਰਾਜੇ ਨੂੰ ਈਸ਼ਵਰ ਦਾ ਰੂਪ ਮੰਨਿਆ ਗਿਆ ਹੈ। ਉਸਨੂੰ ਈਸ਼ਵਰ ਹੀ ਸਜ਼ਾ ਦੇ ਸਕਦਾ ਹੈ। ਇਹ ਕੰਮ ਨਿਆਂ-ਮੰਤਰੀ ਦੀ ਤਾਕਤ ਤੋਂ ਬਾਹਰ ਹੈ।"

ਇਸ ਲਈ ਮੈਂ ਹੁਕਮ ਦਿੰਦਾ ਹਾਂ ਕਿ ਮਹਾਰਾਜ ਨੂੰ ਚਿਤਾਵਨੀ ਦੇ ਕੇ ਛੱਡ ਦਿੱਤਾ ਜਾਵੇ, ਅਤੇ ਉਨ੍ਹਾਂ ਦੀ ਇਹ ਮੂਰਤੀ ਫਾਂਸੀ ਤੇ ਲਟਕਾਈ ਜਾਵੇ ਤਾਂ ਜੋ ਲੋਕਾਂ ਨੂੰ ਸਿਖਿਆ ਮਿਲੇ।"

ਨਿਆਂ-ਮੰਤਰੀ ਦੀ ਜੈ ਜੈ ਕਾਰ ਹੋਈ, ਲੋਕ ਇਸ ਨਿਆਂ ਤੇ ਪਾਗਲ ਹੋ ਉਠੇ। ਉਹ ਕਹਿੰਦੇ ਸਨ, ਇਹ ਆਦਮੀ ਫ਼ੌਲਾਦ ਦਾ ਹੈ, ਜਿਹੜਾ ਨਾ ਕਿਸੇ ਵਿਅਕਤੀ ਤੋਂ ਡਰਦਾ ਹੈ, ਅਤੇ ਨਾ ਕਿਸੇ ਤਾਕਤ ਅੱਗੇ ਝੁਕਦਾ ਹੈ। ਇਹ ਜ਼ਮੀਰ ਦੀ ਆਵਾਜ਼ ਸੁਣਦਾ ਹੈ ਅਤੇ ਉਸਤੇ

ਨਿਡਰਤਾ ਨਾਲ ਅੱਗੇ ਤੁਰਿਆ ਜਾਂਦਾ ਹੈ। ਪਰ ਇਸ ਨੇ ਮਹਾਰਾਜ ਨੂੰ 'ਤੂੰ' ਕਹਿਕੇ ਸੰਬੋਧਨ ਕੀਤਾ ਹੈ, ਜਿਵੇਂ ਕੋਈ ਆਮ ਮੁਲਜ਼ਮ ਹੋਵੇ। ਉਨ੍ਹਾਂ ਦੇ ਮਨ ਵਿੱਚ ਰੋਮਾਂਚ ਹੋ ਉਠਿਆ।

ਹਜ਼ਾਰਾਂ ਅੱਖਾਂ ਨੇ ਖ਼ੁਸ਼ੀ ਦੇ ਹੰਝੂ ਵਗਾਏ ਅਤੇ ਹਜ਼ਾਰਾਂ ਜੀਭਾਂ ਨੇ ਜ਼ੋਰ ਜ਼ੋਰ ਦੀ ਕਿਹਾ—"ਨਿਆਂ ਮੰਤਰੀ ਦੀ ਜੈ।"

ਰਾਤ ਹੋ ਗਈ, ਨਿਆਂ-ਮੰਤਰੀ ਰਾਜ ਮਹਿਲ ਵਿੱਚ ਪਹੁੰਚੇ ਅਤੇ ਅਸ਼ੋਕ ਦੇ ਸਾਹਮਣੇ ਅੰਗੂਠੀ ਤੇ ਮੁਹਰ ਰਖਕੇ ਬੱਲੇ-‘‘ਮਹਾਰਾਜ ! ਇਹ ਆਪਣੀਆਂ ਚੀਜ਼ਾਂ ਸੰਭਾਲੋ। ਮੈਂ ਆਪਣੇ ਪਿੰਡ ਵਾਪਸ ਜਾਵਾਂਗਾ।"

ਅਸ਼ੋਕ ਨੇ ਇੱਜ਼ਤ ਭਰੀ ਨਜ਼ਰ ਨਾਲ ਉਨ੍ਹਾਂ ਵੱਲ ਵੇਖਿਆ ਤੇ ਕਿਹਾ- "ਅੱਜ ਆਪ ਨੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਹੁਣ ਇਹ ਕਿਵੇਂ ਹੋ ਸਕਦਾ ਹੈ?”

"ਪਰ, ਹਜ਼ੂਰ !"

ਅਸ਼ੋਕ ਨੇ ਗੱਲ ਟੁਕਕੇ ਕਿਹਾ—"ਆਪਦੀ ਹਿੰਮਤ ਮੈਂ ਕਦੇ ਨਹੀਂ ਭੁਲਾਂਗਾ।" ਇਹ ਬੋਝ ਆਪ ਹੀ ਉਠਾ ਸਕਦੇ ਹੋ। ਮੈਨੂੰ ਕੋਈ ਹੋਰ ਇਸ ਪਦਵੀ ਦੇ ਯੋਗ ਵਿਖਾਈ ਨਹੀਂ ਦਿੰਦਾ।"

ਨਿਆਂ-ਮੰਤਰੀ ਨਿਰੁਤਰ ਹੋ ਗਏ।

-0-

# ਤੀਰਥ ਯਾਤਰਾ

(1)

ਲਾਜਵੰਤੀ ਦੇ ਕਈ ਪੁੱਤਰ ਜੰਮੇ; ਪਰ ਸਾਰੇ ਦੇ ਸਾਰੇ ਬਚਪਨ ਵਿਚ ਹੀ ਮਰ ਗਏ। ਆਖ਼ਰੀ ਪੁੱਤਰ ਹੇਮ ਰਾਜ ਉਸ ਦੇ ਜੀਵਨ ਦਾ ਸਹਾਰਾ ਸੀ। ਉਸ ਦਾ ਮੂੰਹ ਵੇਖ ਕੇ ਉਹ ਪਹਿਲੇ ਬੱਚਿਆਂ ਦੀ ਮੌਤ ਦਾ ਦੁੱਖ ਭੁੱਲ ਜਾਂਦੀ ਸੀ। ਭਾਵੇਂ ਹੇਮ ਰਾਜ ਦਾ ਰੰਗ ਰੂਪ ਸਾਧਾਰਣ ਦਿਹਾਤੀ ਬਾਲਕਾਂ ਵਰਗਾ ਹੀ ਸੀ, ਪਰ ਲਾਜਵੰਤੀ ਲਈ ਉਸ ਵਰਗਾ ਬੱਚਾ ਸਾਰੇ ਜਹਾਨ ਵਿੱਚ ਨਹੀਂ ਸੀ। ਮਾਂ ਦੀ ਮਮਤਾ ਨੇ ਉਸ ਦੀਆਂ ਅੱਖਾਂ ਨੂੰ ਧੋਖੇ ਵਿੱਚ ਪਾ ਦਿੱਤਾ ਸੀ। ਲਾਜਵੰਤੀ ਨੂੰ ਉਸ ਦੀ ਇੰਨੀ ਚਿੰਤਾ ਸੀ ਕਿ ਦਿਨ-ਰਾਤ ਉਸ ਨੂੰ ਛਾਤੀ ਨਾਲ ਲਾਈ ਫਿਰਦੀ ਸੀ, ਜਿਵੇਂ ਉਹ ਦੀਪਕ ਹੋਵੇ, ਜਿਸ ਨੂੰ ਬੁਝਾਉਣ ਲਈ ਹਵਾ ਦੇ ਤੇਜ਼ ਬੁੱਲੇ ਵਾਰ ਵਾਰ ਕੋਸ਼ਿਸ਼ ਕਰ ਰਹੇ ਹੋਣ। ਉਹ ਉਸ ਨੂੰ ਛੁਪਾ ਛੁਪਾ ਕੇ ਰਖਦੀ ਸੀ-ਕਿਤੇ ਉਹਨੂੰ ਕਿਸੇ ਦੀ ਨਜ਼ਰ ਨਾ ਲੱਗ ਜਾਵੇ। ਪਿੰਡ ਦੇ ਲੜਕੇ ਅਕਸਰ ਖੇਤਾਂ ਵਿੱਚ ਖੇਡਦੇ ਫਿਰਦੇ ਹਨ, ਪਰ ਲਾਜਵੰਤੀ ਹੇਮ ਰਾਜ ਨੂੰ ਘਰ ਤੋਂ ਬਾਹਰ ਨਹੀਂ ਸੀ ਨਿਕਲਣ ਦਿੰਦੀ। ਅਤੇ ਜੇ ਕਦੀ ਉਹ ਨਿਕਲ ਵੀ ਜਾਂਦਾ, ਤਾਂ ਲਾਜਵੰਤੀ ਘਬਰਾ ਕੇ ਲੱਭਣ ਤੁਰ ਪੈਂਦੀ।

ਪਿੰਡ ਦੀਆਂ ਜ਼ਨਾਨੀਆਂ ਕਹਿੰਦੀਆਂ-"ਸਾਡੇ ਵੀ ਤਾਂ ਬੱਚੇ ਹਨ। ਤੂੰ ਰਤਾ ਰਤਾ ਗੱਲ ਪਿਛੇ ਪਾਗਲ ਕਿਉਂ ਹੋ ਜਾਂਦੀ ਹੈ ?" ਲਾਜਵੰਤੀ ਇਹ ਸੁਣਦੀ, ਤਾਂ ਉਸ ਦੀਆਂ ਅੱਖਾਂ ਵਿੱਚ ਅਥਰੂ ਭਰ ਆਉਂਦੇ, ਭੱਰਾਈ ਹੋਈ ਆਵਾਜ਼ ਵਿੱਚ ਉੱਤਰ ਦਿੰਦੀ-"ਕੀ ਕਹਾਂ ? ਮੇਰਾ ਜੀ ਡਰ ਜਾਂਦਾ ਹੈ।"

ਇਸ ਸਮੇਂ ਉਸ ਨੂੰ ਆਪਣੇ ਮੋਏ ਹੋਏ ਪੁੱਤਰ ਯਾਦ ਆ ਜਾਂਦੇ, ਅਤੇ ਉਸ ਦੇ ਮਨ ਵਿੱਚ ਡਰ ਬੈਠ ਜਾਂਦਾ ਸੀ।

ਪਰ ਇੰਨੀ ਇਹਤਿਆਤ ਦੇ ਹੁੰਦੇ ਹੋਏ ਵੀ, ਹੇਮ ਰਾਜ ਭੈੜੀ ਨਜ਼ਰ ਤੋਂ ਨਾ ਬਚ ਸਕਿਆ। ਸਵੇਰ ਦਾ ਵਕਤ ਸੀ, ਲਾਜਵੰਤੀ ਧਾਰ ਕੱਢ ਰਹੀ ਸੀ। ਇੰਨੇ ਵਿੱਚ ਹੇਮ ਰਾਜ ਜਾਗਿਆ ਅਤੇ ਜਾਗਦਿਆਂ ਹੀ ਮੂੰਹ ਫੁਲਾ ਕੇ ਬੋਲਿਆ- "ਮਾਂ।"

ਆਵਾਜ਼ ਵਿੱਚ ਉਦਾਸੀ ਸੀ, ਲਾਜਵੰਤੀ ਦੇ ਹਥੋਂ ਬਰਤਨ ਡਿਗ ਪਿਆ। ਦੌੜਦੀ ਹੋਈ ਹੇਮ ਰਾਜ ਕੋਲ ਪਹੁੰਚੀ ਅਤੇ ਪਿਆਰ ਨਾਲ ਉਸ ਦੇ ਸਿਰ ਤੇ ਹੱਥ ਫੇਰ ਕੇ ਬੋਲੀ-

"ਕਿਉਂ ਹੇਮ ! ਕੀ ਹੈ ਬੇਟਾ ? ਘਬਰਾਇਆ ਹੋਇਆ ਕਿਉਂ ਹੈਂ ਤੂੰ ? ਇਸ ਤਰ੍ਹਾਂ ਕਿਉਂ ਬੋਲਦੈਂ ?"

ਹੇਮ ਰਾਜ ਦੀਆਂ ਅੱਖਾਂ ਵਿੱਚ ਹੰਝੂ ਡੁਬ ਡੁਬਾ ਗਏ, ਰੁਕ ਰੁਕ ਕੇ ਬੋਲਿਆ-"ਸਿਰ ਵਿੱਚ ਦਰਦ ਹੁੰਦਾ ਹੈ— ਬਹੁਤ ਦਰਦ ਹੁੰਦਾ ਹੈ।"

ਗੱਲ ਸਾਧਾਰਣ ਸੀ, ਪਰ ਲਾਜਵੰਤੀ ਦਾ ਨਾਰੀ-ਹਿਰਦਾ ਕੰਬ ਗਿਆ। ਇਹੀ ਦਿਨ ਸਨ, ਇਹੀ ਰੁੱਤ ਸੀ, ਜਦ ਉਸ ਦਾ ਪਹਿਲਾ ਪੁੱਤਰ ਮਦਨ ਮਰਿਆ ਸੀ। ਉਹ ਵੀ ਇਸੇ ਤਰ੍ਹਾਂ ਬੀਮਾਰ ਹੋਇਆ ਸੀ। ਉਸ ਵੇਲੇ ਵੀ ਲਾਜਵੰਤੀ ਨੇ ਉਸ ਦੀ ਟਹਿਲ ਸੇਵਾ ਵਿੱਚ ਦਿਨ ਰਾਤ ਇਕ ਕਰ ਦਿੱਤਾ ਸੀ। ਪਰ ਜੋ ਹੋਣਾ ਹੁੰਦਾ ਹੈ, ਉਸ ਨੂੰ ਕੌਣ ਟਾਲ ਸਕਦਾ ਹੈ ? ਨਿਰਦਈ ਮੌਤ ਨੇ ਲਾਜਵੰਤੀ ਦਾ ਪੁੱਤਰ ਖੋਹ ਲਿਆ। ਲਾਜਵੰਤੀ ਉਸ ਵੇਲੇ ਇਸ ਦੁੱਖ ਨਾਲ ਅੱਧ ਮੋਈ ਜਿਹੀ ਹੋ ਗਈ ਸੀ। ਉਹੀ ਘਟਨਾ ਇਸ ਵਕਤ ਉਸ ਦੀਆਂ ਅੱਖਾਂ ਸਾਮ੍ਹਣੇ ਘੁੰਮ ਗਈ। ਕੀ ਹੁਣ ਫਿਰ?

ਲਾਜਵੰਤੀ ਨੂੰ ਪੈਰਾ ਹੇਠੋਂ ਜ਼ਮੀਨ ਨਿਕਲਦੀ ਜਾਪੀ। ਜਿਵੇਂ ਵਿਦਿਆਰਥੀ ਇਕ ਵਾਰੀ ਫੇਲ ਹੋ ਕੇ ਦੂਜੀ ਵਾਰ ਇਮਤਿਹਾਨ ਵਿਚ ਬੈਠਣ ਸਮੇਂ ਘਬਰਾਉਂਦਾ ਹੈ, ਉਸੇ ਤਰ੍ਹਾਂ ਹੇਮ ਰਾਜ ਦੇ ਸਿਰ ਦਰਦ ਨਾਲ ਲਾਜਵੰਤੀ ਵਿਆਕੁਲ ਹੋ ਗਈ। ਪਿੰਡ ਵਿੱਚ ਵੈਦ ਦੁਰਗਾ ਦਾਸ ਚੰਗਾ ਤਜਰਬੇਕਾਰ ਵੈਦ ਮੰਨਿਆ ਜਾਂਦਾ ਸੀ। ਲੋਕ ਉਨ੍ਹਾਂ ਨੂੰ ਲੁਕਮਾਨ ਸਮਝਦੇ ਸਨ। ਸੈਂਕੜੇ ਮਰੀਜ਼ ਉਨ੍ਹਾਂ ਦੇ ਹਥੋਂ ਰਾਜ਼ੀ ਹੋਏ ਸਨ। ਆਸ-ਪਾਸ ਦੇ ਪਿੰਡਾਂ ਵਿੱਚ ਵੀ ਉਨ੍ਹਾਂ ਦਾ ਬੜਾ ਨਾਂ ਸੀ। ਲਾਜਵੰਤੀ ਉਡਦੀ ਹੋਈ ਉਨ੍ਹਾਂ ਦੇ ਕੋਲ ਪਹੁੰਚੀ। ਵੈਦ ਜੀ ਬੈਠੇ ਇਕ ਪੁਰਾਣਾ ਹਫ਼ਤੇਵਾਰ ਅਖ਼ਬਾਰ ਪੜ੍ਹ ਰਹੇ ਸਨ। ਲਾਜਵੰਤੀ ਨੂੰ ਵੇਖ ਕੇ ਉਨ੍ਹਾਂ ਨੇ ਅਖ਼ਬਾਰ ਛੱਡ ਦਿੱਤਾ, ਅਤੇ ਅੱਖਾਂ ਤੋਂ ਐਨਕ ਉਤਾਰ ਕੇ ਬੋਲੇ ਕਿਉਂ ਬੇਟੀ ! ਕੀ ਗੱਲ ਹੈ ?"

ਵੈਦ ਜੀ ਇਸ ਪਿੰਡ ਦੇ ਰਹਿਣ ਵਾਲੇ ਸਨ। ਉਨ੍ਹਾਂ ਦੀ ਉਮਰ ਵੀ ਪੰਜਾਹ ਤੋਂ ਉੱਤੇ ਸੀ। ਤਾਂ ਵੀ ਪਿੰਡ ਦੀਆਂ ਬਹੂ-ਬੇਟੀਆਂ ਉਨ੍ਹਾਂ ਤੋਂ ਪਰਦਾ ਨਹੀਂ ਸੀ ਕਰਦੀਆਂ। ਲਾਜਵੰਤੀ ਨੇ ਚਿੰਤਾ ਭਰੀ ਆਵਾਜ਼ ਵਿਚ ਉੱਤਰ ਦਿੱਤਾ— 'ਹੇਮ ਬੀਮਾਰ ਹੈ।"

ਵੈਦ ਜੀ ਨੇ ਹਮਦਰਦੀ ਨਾਲ ਪੁਛਿਆ-'ਕਦੋਂ ਤੋਂ ?' "ਬੁਖ਼ਾਰ ਤਾਂ ਨਹੀਂ ?"

"ਅੱਜ ਹੀ, ਕਹਿੰਦਾ ਹੈ ਸਿਰ ਵਿੱਚ ਦਰਦ ਹੈ।"

"ਲੱਗਦਾ ਤਾਂ ਨਹੀਂ। ਆਪ ਜਾ ਕੇ ਵੇਖ ਲੈਂਦੇ ਤਾਂ ਚੰਗਾ ਸੀ।"

ਵੈਦ ਜੀ ਦਾ ਮਨੋਰਥ ਸਿੱਧ ਹੋਇਆ। ਉਨ੍ਹਾਂ ਨੇ ਛੇਤੀ ਨਾਲ ਕੱਪੜੇ ਪਾਏ, ਅਤੇ ਲਾਜਵੰਤੀ ਦੇ ਨਾਲ ਨਾਲ ਚਲ ਪਏ। ਜਾ ਕੇ ਵੇਖਿਆ, ਤਾਂ ਹੇਮ ਰਾਜ ਬੁਖ਼ਾਰ ਨਾਲ ਬੇਸੁੱਧ ਪਿਆ ਸੀ।

ਵੈਦ ਜੀ ਨੇ ਨਬਜ਼ ਵੇਖੀ, ਮੱਥੇ ਤੇ ਹੱਥ ਰਖਿਆ, ਅਤੇ ਫਿਰ ਕਿਹਾ- "ਕੋਈ ਚਿੰਤਾ ਨਹੀਂ। ਦਵਾ ਦਿੰਦਾ ਹਾਂ, ਬੁਖ਼ਾਰ ਉੱਤਰ ਜਾਏਗਾ।"

ਲਾਜਵੰਤੀ ਦੇ ਡੁਬਦੇ ਹੋਏ ਦਿਲ ਨੂੰ ਸਹਾਰਾ ਮਿਲ ਗਿਆ। ਉਸ ਨੇ ਦੁਪੱਟੇ ਦੀ ਕੰਨੀ ਤੋਂ ਅਠਿਆਨੀ ਖੋਲ੍ਹੀ ਤੇ ਵੈਦ ਜੀ ਦੀ ਭੇਟਾ ਕਰ ਦਿੱਤੀ। ਵੈਦ ਜੀ ਨੇ ਮੂੰਹ ਤੋਂ 'ਨਹੀਂ, ਨਹੀਂ ਕਿਹਾ, ਪਰ ਹੱਥਾਂ ਨੇ ਮੂੰਹ ਦਾ ਸਾਥ ਨਾ ਦਿੱਤਾ। ਉਨ੍ਹਾਂ ਨੇ ਪੈਸੇ ਲੈ ਲਏ।

(2)

ਕਈ ਦਿਨ ਬੀਤ ਗਏ, ਪਰ ਹੇਮ ਦਾ ਬੁਖ਼ਾਰ ਨਾ ਉਤਰਿਆ। ਵੈਦ ਜੀ ਨੇ ਕਈ ਦਵਾਈਆਂ ਬਦਲੀਆਂ, ਪਰ ਕਿਸੇ ਨੇ ਆਪਣਾ ਅਸਰ ਨਾ ਵਿਖਾਇਆ। ਲਾਜਵੰਤੀ ਦੀ ਚਿੰਤਾ ਵਧਣ ਲੱਗੀ। ਉਹ ਸਾਰੀ-ਸਾਰੀ ਰਾਤ ਉਸ ਦੇ ਸਰਹਾਣੇ ਬੈਠੀ ਰਹਿੰਦੀ। ਲੋਕ ਆਉਂਦੇ ਤੇ ਧਰਵਾਸ ਦੇ ਦੇ ਕੇ ਚਲੇ ਜਾਂਦੇ। ਪਰ ਲਾਜਵੰਤੀ ਦਾ ਮਨ ਉਨ੍ਹਾਂ ਦੀਆਂ ਗੱਲਾਂ ਵੱਲ ਨਹੀਂ ਸੀ ਜਾਂਦਾ। ਉਹ ਸਹਿਮੀ ਸਹਿਮੀ ਰਹਿੰਦੀ, ਅਤੇ ਆਪਣੇ ਮਨ ਦੀ ਪੂਰੀ ਸ਼ਕਤੀ ਨਾਲ ਹੇਮ ਦੀ ਸੇਵਾ ਵਿੱਚ ਲੱਗੀ ਰਹਿੰਦੀ ਸੀ।

ਇਕ ਦਿਨ ਉਸ ਨੇ ਵੈਦ ਜੀ ਤੋਂ ਪੁਛਿਆ-"ਹਕੀਮ ਜੀ ! ਆਖ਼ਰ ਕੀ ਗੱਲ ਹੈ ਕਿ ਇਹ ਬੁਖ਼ਾਰ ਉਤਰਨ ਦਾ ਨਾਂ ਹੀ ਨਹੀਂ ਲੈਂਦਾ ?"

ਵੈਦ ਜੀ ਨੇ ਇਕ ਵਿਸ਼ੇਸ਼ ਵਿਅੰਗ ਨਾਲ, ਜਿਹੜਾ ਅਕਸਰ ਵੈਦ ਲੋਕ ਹੀ ਕਰਿਆ ਕਰਦੇ ਹਨ, ਉੱਤਰ ਦਿੱਤਾ।—ਮਿਆਦੀ ਬੁਖ਼ਾਰ ਹੈ।"

ਲਾਜਵੰਤੀ ਚੌਂਕ ਪਈ। ਉਸ ਨੇ ਤੜਪ ਕੇ ਪੁਛਿਆ-"ਮਿਆਦੀ ਬੁਖ਼ਾਰ ਕੀ ?"

"ਆਪਣੀ ਮਿਆਦ ਪੂਰੀ ਕਰਕੇ ਉਤਰੇਗਾ।"

"ਇਕੀਵੇਂ ਦਿਨ ਉਤਰੇਗਾ, ਇਸ ਤੋਂ ਪਹਿਲਾਂ ਨਹੀਂ ਉਤਰ ਸਕਦਾ।"

"ਅੱਜ ਗਿਆਰਾਂ ਦਿਨ ਤਾਂ ਹੋ ਗਏ ਹਨ।"

"ਬਸ ਦਸ ਦਿਨ ਹੋਰ ਹਨ, ਕਿਸੇ ਤਰ੍ਹਾਂ ਇਹ ਦਿਨ ਕੱਢ ਲੈ, ਭਗਵਾਨ ਭਲੀ ਕਰੇਗਾ।

ਲਾਜਵੰਤੀ ਦਾ ਮੱਥਾ ਠਣਕਿਆ, ਹਿਚਕਚਾਂਦੇ ਹੋਏ ਬੋਲੀ ਕਈ ਅੰਦੇਸ਼ਾ ਤਾਂ ਨਹੀਂ ? ਸੱਚ ਸੱਚ ਦਸ ਦਿਉ ?"

ਵੈਦ ਜੀ ਥੋੜੀ ਦੇਰ ਚੁੱਪ ਰਹੇ। ਇਸ ਵੇਲੇ ਉਹ ਸੋਚ ਰਹੇ ਸਨ ਕਿ ਉਸ ਨੂੰ ਸੱਚ ਸੱਚ ਦਸਣ ਕਿ ਨਾ। ਆਖਰ ਬੋਲੇ-"ਦੇਖ ! ਬੁਖ਼ਾਰ ਸਖ਼ਤ ਹੈ ! ਹਾਨੀਕਾਰਕ ਵੀ ਹੋ ਸਕਦਾ ਹੈ। ਮੇਰੀ ਰਾਏ ਵਿੱਚ ਇਸ ਦੇ ਪਿਤਾ ਨੂੰ ਤੂੰ ਬੁਲਵਾ ਲੈ।"

ਲਾਜਵੰਤੀ ਸਹਿਮ ਗਈ। ਰੇਤ ਦੇ ਥੱਲਾਂ ਨੂੰ ਪਾਣੀ ਦੀ ਨਦੀ ਸਮਝ ਕੇ ਜਦੋਂ ਹਿਰਨ ਕੋਲ ਪਹੁੰਚ ਕੇ ਵੇਖਦਾ ਹੈ ਕਿ ਨਦੀ ਅਜੇ ਉੱਨੀ ਹੀ ਦੂਰ ਹੈ, ਤਾਂ ਜੋ ਦਸ਼ਾ ਉਸ ਦੇ ਮਨ ਦੀ ਹੁੰਦੀ ਹੈ,ਉਹੀ ਦਸ਼ਾ ਇਸ ਵੇਲੇ ਲਾਜਵੰਤੀ ਦੇ ਮਨ ਦੀ ਹੋਈ। ਉਸ ਨੂੰ ਆਸ ਹੀ ਨਹੀਂ, ਨਿਸਚਾ ਹੋ ਗਿਆ ਸੀ ਕਿ ਹੇਮ ਇਕ ਅੱਧੇ ਦਿਨ ਵਿੱਚ ਰਾਜ਼ੀ ਹੋ ਜਾਵੇਗਾ। ਫਿਰ ਉਸੇ ਤਰ੍ਹਾਂ ਖੇਡਦਾ ਫਿਰੇਗਾ, ਫਿਰ ਉਸੇ ਤਰ੍ਹਾਂ ਨਚਦਾ ਫਿਰੇਗਾ। ਮਾਂ ਵੇਖੇਗੀ, ਖੁਸ਼ ਹੋਵੇਗੀ, ਲੋਕ ਵਧਾਈਆਂ ਦੇਣਗੇ। ਪਰ ਵੈਦ ਜੀ ਦੀ ਗੱਲ ਸੁਣ ਕੇ ਉਸ ਦਾ ਦਿਲ ਬੈਠ ਗਿਆ। ਆਸ ਦੇ ਨਾਲ ਨਿਰਾਸਤਾ ਵੀ ਆ ਕੇ ਖੜੋ ਗਈ।

ਉਸ ਦਾ ਪਤੀ ਰਾਮ ਲਾਲ ਸਚਦੇਵ ਮੁਲਤਾਨ ਵਿੱਚ ਨੌਕਰ ਸੀ। ਉਸ ਨੇ ਉਸ ਨੂੰ ਤਾਰ ਭੇਜੀ ਉਹ ਤੀਜੇ ਦਿਨ ਪਹੁੰਚ ਗਿਆ। ਇਲਾਜ ਦੁਗਣੀ ਸਾਵਧਾਨੀ ਨਾਲ ਹੋਣ ਲੱਗਾ। ਇਥੋਂ ਤਕ ਕਿ ਦਸ ਦਿਨ ਹੋਰ ਲੰਘ ਗਏ।

ਹੁਣ ਇਕੀਵਾਂ ਦਿਨ ਸਿਰ ਤੇ ਸੀ। ਲਾਜਵੰਤੀ ਤੇ ਰਾਮ ਲਾਲ ਦੋਵੇਂ ਘਬਰਾ ਗਏ। ਹੇਮ ਦਾ ਸਰੀਰ ਅਜੇ ਤਕ ਅੱਗ ਵਾਂਗ ਭੱਖ ਰਿਹਾ ਸੀ। ਸੋਚਣ ਲੱਗੇ, ਕੀ ਬੁਖ਼ਾਰ ਇਕ ਦਮ ਉਤਰੇਗਾ ?

ਵੈਦ ਨੇ ਆ ਕੇ ਨਬਜ਼ ਵੇਖੀ ਤਾਂ ਘਬਰਾ ਕੇ ਬੋਲੇ-"ਅੱਜ ਦੀ ਰਾਤ ਬੜੀ ਭਿਆਨਕ ਹੈ। ਸਾਵਧਾਨ ਰਹਿਣਾ- "ਬੁਖ਼ਾਰ ਇਕਦਮ ਉਤਰੇਗਾ।"

(3)

ਲਾਜਵੰਤੀ ਤੇ ਰਾਮ ਲਾਲ ਦੋਹਾਂ ਦੇ ਪ੍ਰਾਣ ਸੁੱਕ ਗਏ। ਵੈਦ ਦੇ ਸ਼ਬਦ ਕਿਸੇ ਆਉਣ ਵਾਲੇ ਖ਼ਤਰੇ ਦੀ ਸੂਚਨਾ ਸਨ। ਰਾਮ ਲਾਲ ਦਵਾਈਆਂ ਸੰਭਾਲ ਕੇ ਪੁੱਤਰ ਦੇ ਸਿਰਹਾਣੇ ਬੈਠ ਗਿਆ। ਪਰ ਲਾਜਵੰਤੀ ਦੇ ਹਿਰਦੇ ਨੂੰ ਚੈਨ ਨਹੀਂ ਸੀ। ਉਸ ਨੇ ਸੰਧਿਆ ਵੇਲੇ ਥਾਲ ਵਿੱਚ ਘਿਉ ਦੇ ਦੀਵੇ ਬਾਲੇ ਅਤੇ ਮੰਦਰ ਵੱਲ ਚਲੀ ਗਈ। ਇਸ ਸਮੇਂ ਉਸ ਨੂੰ ਆਸ

ਆਪਣੀ ਪੂਰੀ ਜੀਵਨ-ਸ਼ਕਤੀ ਨਾਲ ਨੱਚਦੀ ਹੋਈ ਵਿਖਾਈ ਦਿੱਤੀ। ਲਾਜਵੰਤੀ ਮੰਦਰ ਵਿੱਚ ਪਹੁੰਚੀ ਤੇ ਦੇਵੀ ਦੇ ਸਾਮ੍ਹਣੇ ਡਿਗ ਕੇ ਕਿੰਨੀ ਦੇਰ ਰੋਂਦੀ ਰਹੀ। ਜਦ ਥੱਕ ਕੇ ਉਸ ਨੇ ਸਿਰ ਚੁਕਿਆ ਤਾਂ ਉਸਦਾ ਮੁੱਖ-ਮੰਡਲ ਸ਼ਾਂਤ ਸੀ, ਜਿਵੇਂ ਤੂਫਾਨ ਦੇ ਪਿਛੋਂ ਸਮੁੰਦਰ ਸ਼ਾਂਤ ਹੋ ਜਾਂਦਾ ਹੈ। ਉਸ ਨੂੰ ਇਵੇਂ ਭਾਸਿਆ ਜਿਵੇਂ ਕੋਈ ਦਿਬ ਸ਼ਕਤੀ ਉਸ ਦੇ ਕੰਨ ਵਿੱਚ ਕਹਿ ਰਹੀ ਹੈ— ਤੂੰ ਹੰਝੂ ਵਹਾ ਕੇ ਦੇਵੀ ਦੇ ਪੱਥਰ-ਦਿਲ ਨੂੰ ਮੋਮ ਬਣਾ ਦਿੱਤਾ ਹੈ। ਪਰ ਉਸ ਨੇ ਇਸ ਤੇ ਹੀ ਬਸ ਨਾ ਕੀਤੀ; ਮਾਂ-ਪਿਆਰ ਨੇ ਡਰ ਨੂੰ ਆਖ਼ਰੀ ਸੀਮਾ ਤਕ ਪਹੁੰਚਾ ਦਿੱਤਾ ਸੀ। ਲਾਜਵੰਤੀ ਨੇ ਦੇਵੀ ਦੀ ਆਰਤੀ ਉਤਾਰੀ, ਫੁੱਲ ਚੜ੍ਹਾਏ, ਮੰਦਰ ਦੀ ਪਰਕਰਮਾ ਕੀਤੀ ਅਤੇ ਪ੍ਰੇਮ ਭਰੇ ਕੰਬਦੇ ਹਿਰਦੇ ਨਾਲ ਮੰਨਤ ਮੰਨੀ-"ਦੇਵੀ ਮਾਤਾ ! ਮੇਰਾ ਹੇਮ ਬਚ ਜਾਵੇ ਤਾਂ ਮੈਂ ਤੀਰਥ-ਯਾਤਰਾ ਕਰਾਂਗੀ।"

ਇਹ ਮੰਨਤ ਮੰਨਣ ਨਾਲ ਲਾਜਵੰਤੀ ਨੂੰ ਮਹਿਸੂਸ ਹੋਇਆ, ਜਿਵੇਂ ਕਿਸੇ ਨੇ ਉਸ ਦੇ ਦਿਲ ਤੋਂ ਭਾਰ ਹਟਾ ਦਿੱਤਾ ਹੈ, ਜਿਵੇਂ ਉਸ ਦਾ ਸੰਕਟ ਟਲ ਗਿਆ ਹੈ, ਜਿਵੇਂ ਉਸ ਨੇ ਦੇਵਤਿਆਂ ਨੂੰ ਖੁਸ਼ ਕਰ ਲਿਆ ਹੈ। ਉਸ ਨੂੰ ਯਕੀਨ ਹੋ ਗਿਆ ਕਿ ਹੁਣ ਹੇਮ ਨੂੰ ਕੋਈ ਡਰ ਨਹੀਂ। ਵਾਪਸ ਆਈ ਤਾਂ ਉਸ ਦੇ ਪੈਰ ਭੁੰਜੇ ਨਹੀਂ ਸਨ ਲੱਗਦੇ। ਉਸ ਦੇ ਹਿਰਦੇ-ਸਮੁੰਦਰ ਵਿੱਚ ਖ਼ੁਸ਼ੀ ਦੀਆਂ ਲਹਿਰਾਂ ਉਠ ਰਹੀਆਂ ਸਨ। ਉਹ ਉਡਦੀ ਹੋਈ ਘਰ ਪਹੁੰਚੀ, ਤਾਂ ਉਸ ਦੇ ਪਤੀ ਨੇ ਕਿਹਾ, "ਲੈ ਵਧਾਈ ਹੋਵੇ ! ਤੇਰੀ ਮਿਹਨਤ ਸਫਲ ਹੋਈ! ਬੁਖਾਰ ਹੋਲੀ ਹੋਲੀ ਉਤਰ ਰਿਹਾ ਹੈ।"

ਲਾਜਵੰਤੀ ਦੇ ਮੂੰਹ ਤੇ ਪ੍ਰਸੰਨਤਾ ਅਤੇ ਅੱਖਾਂ ਵਿੱਚ ਆਸ ਦੀ ਝਲਕ ਸੀ, ਬੋਲੀ -- "ਹੁਣ ਹੇਮ ਨੂੰ ਕੋਈ ਡਰ ਨਹੀਂ, ਮੈਂ ਤੀਰਥ ਯਾਤਰਾ ਦੀ ਮੰਨਤ ਮੰਨ ਆਈ ਹਾਂ।"

ਰਾਮ ਲਾਲ ਨੇ ਤੀਰਥ ਯਾਤਰਾ ਦੇ ਖ਼ਰਚ ਦਾ ਅਨੁਮਾਨ ਲਾਇਆ ਤਾਂ ਉਸ ਦਾ ਦਿਲ ਬੈਠ ਗਿਆ। ਪਰ ਪੁੱਤਰ-ਪਿਆਰ ਨੇ ਇਸ ਚਿੰਤਾ ਨੂੰ ਦੇਰ ਤਕ ਨਾ ਠਹਿਰਨ ਦਿੱਤਾ। ਉਸ ਨੇ ਬੱਦਲਾਂ ਵਿਚੋਂ ਨਿਕਲਦੇ ਹੋਏ ਚੰਨ ਵਾਂਗ ਮੁਸਕਰਾ ਕੇ ਉੱਤਰ ਦਿੱਤਾ- ‘ਚੰਗਾ ਕੀਤਾ ! ਰੁਪਏ ਦਾ ਕੀ ਹੈ, ਹੱਥ ਦੀ ਮੈਲ ਹੈ, ਆਉਂਦਾ ਹੈ, ਚਲਾ ਜਾਂਦਾ ਹੈ। ਪਰਮੇਸ਼ਰ ਨੇ ਇਕ ਲਾਲ ਦਿੱਤਾ ਹੈ, ਉਹ ਜੀਉਂਦਾ ਰਹੇ। ਇਹੀ ਸਾਡੀ ਦੌਲਤ ਹੈ।”

ਲਾਜਵੰਤੀ ਨੇ ਮਾਲਕ ਨੂੰ ਸੁਆ ਦਿੱਤਾ ਅਤੇ ਆਪ ਰਾਤ ਭਰ ਜਾਗਦੀ ਰਹੀ। ਉਸ ਦੇ ਦਿਲ ਤੇ ਪੂਰਨ ਅਨੰਦ ਦੀ ਮਸਤੀ ਛਾਈ ਹੋਈ ਸੀ। ਪ੍ਰਭਾਤ ਹੋਈ ਤਾਂ ਹੇਮ ਦਾ ਬੁਖ਼ਾਰ

ਬਿਲਕੁਲ ਉਤਰ ਗਿਆ। ਲਾਜਵੰਤੀ ਦੇ ਚਿਹਰੇ ਤੋਂ ਖੁਸ਼ੀ ਟਪਕ ਰਹੀ ਸੀ, ਜਿਵੇਂ ਸੰਧਿਆ ਵੇਲੇ ਗਊਆਂ ਦੇ ਥਣਾਂ ਵਿਚੋਂ ਦੁੱਧ ਦੀਆਂ ਬੂੰਦਾਂ ਟਪਕਦੀਆਂ ਹਨ।

ਵੈਦ ਜੀ ਨੇ ਆ ਕੇ ਵੇਖਿਆ, ਤਾਂ ਉਨ੍ਹਾਂ ਦਾ ਮੂੰਹ ਵੀ ਚਮਕ ਉਠਿਆ। ਮਾਣ ਨਾਲ ਸਿਰ ਉੱਚਾ ਕਰਕੇ ਬੋਲੇ-'ਹੁਣ ਕੋਈ ਚਿੰਤਾ ਨਹੀਂ। ਤੁਹਾਡਾ ਬੱਚਾ ਬਚ ਗਿਆ ਹੈ।"

ਵੈਦ ਨੇ ਲਾਜਵੰਤੀ ਵੱਲ ਵੇਖਿਆ ਅਤੇ ਰਾਮ ਲਾਲ ਨੂੰ ਬੋਲੇ-"ਇਹ ਸਭ ਇਸੇ ਦੀ ਮਿਹਨਤ ਦਾ ਫਲ ਹੈ।"

ਲਾਜਵੰਤੀ ਨੇ ਉੱਤਰ ਦਿੱਤਾ- "ਦੇਵੀ ਮਾਤਾ ਦੀ ਕਿਰਪਾ ਹੈ, ਜਾਂ ਆਪ ਦੀ ਦਵਾ ਦਾ ਅਸਰ ਹੈ। ਮੈਂ ਕੀ ਕੀਤਾ ਹੈ, ਜੋ ਆਪ ਕਹਿੰਦੇ ਹੋ ਕਿ ਇਹ ਮੇਰੀ ਮਿਹਨਤ ਦਾ ਫਲ ਹੈ ?"

"ਮੈਂ ਤੈਨੂੰ ਸਵਿਤਰੀ ਸਮਝਦਾ ਹਾਂ। ਉਸ ਨੇ ਮੋਏ ਹੋਏ ਪਤੀ ਨੂੰ ਜਿਵਾਇਆ ਸੀ, ਤੂੰ ਪੁੱਤਰ ਨੂੰ ਮੌਤ ਦੇ ਮੂੰਹੋਂ ਕੱਢਿਆ ਹੈ, ਤੂੰ ਜੇ ਦਿਨ ਰਾਤ ਇਕ ਨਾ ਕਰ ਦਿੰਦੀ, ਤਾਂ ਹੇਮ ਦਾ ਬਚਣਾ ਅਸੰਭਵ ਸੀ। ਇਹ ਸਭ ਤੇਰੀ ਮਿਹਨਤ ਦਾ ਫਲ ਹੈ। ਭਗਵਾਨ ਪ੍ਰਸੰਨ ਹੋ ਗਿਆ। ਬੱਚਾ ਬਚਿਆ ਨਹੀਂ, ਦੂਜਾ ਜਨਮ ਹੋਇਆ ਹੈ।"

ਰਾਮ ਲਾਲ ਦੇ ਹੌਂਠਾਂ ਤੇ ਮੁਸਕਰਾਹਟ ਤੇ, ਅੱਖਾਂ ਵਿੱਚ ਚਮਕ ਸੀ ਇਸ ਤੋਂ ਸਤਵੇਂ ਦਿਨ ਉਹ ਆਪਣੀ ਨੌਕਰੀ ਤੇ ਚਲਾ ਗਿਆ, ਅਤੇ ਜਾਂਦਿਆਂ ਕਹਿ ਗਿਆ ਕਿ ਤੀਰਥ-ਯਾਤਰਾ ਦੀ ਤਿਆਰੀ ਕਰੋ।

(4)

ਤਿੰਨ ਮਹੀਨੇ ਬੀਤ ਗਏ। ਲਾਜਵੰਤੀ ਤੀਰਥ ਯਾਤਰਾ ਲਈ ਤਿਆਰ ਹੋਈ। ਹੁਣ ਉਸ ਦੇ ਮੂੰਹ ਤੇ ਫਿਰ ਉਹੀ ਲਿਸ਼ਕ ਸੀ, ਅੱਖਾਂ ਵਿੱਚ ਉਹੀ ਚਮਕ, ਦਿਲ ਵਿੱਚ ਫਿਰ ਉਹੀ ਖੁਸ਼ੀ। ਹੇਮ ਵਿਹੜੇ ਵਿੱਚ ਇਉਂ ਚਹਿਕਦਾ ਫਿਰਦਾ ਸੀ, ਜਿਵੇਂ ਫੁੱਲਾਂ ਤੇ ਬੁਲਬੁਲ ਚਹਿਕਦੀ ਹੈ। ਲਾਜਵੰਤੀ ਉਸ ਨੂੰ ਵੇਖਦੀ ਸੀ ਤਾਂ ਫੁੱਲੀ ਨਹੀਂ ਸੀ ਸਮਾਉਂਦੀ।

ਤੀਰਥ ਯਾਤਰਾ ਤੇ ਜਾਣ ਤੋਂ ਪਹਿਲਾਂ ਸਾਰਾ ਪਿੰਡ, ਰਾਤ ਨੂੰ ਉਸ ਦੇ ਵਿਹੜੇ ਵਿੱਚ ਇਕੱਠਾ ਹੋਇਆ ਸੀ। ਛੇਣੇ ਤੇ ਖਰਤਾਲਾਂ ਵੱਜ ਰਹੀਆਂ ਸਨ। ਢੋਲਕੀ ਦੀ ਥਾਪ ਗੂੰਜ ਰਹੀ ਸੀ। ਇਸਤਰੀਆਂ ਗਾਂਦੀਆਂ ਸਨ, ਵਜਾਂਦੀਆਂ ਸਨ, ਸ਼ੋਰ ਮਚਾਂਦੀਆਂ ਸਨ। ਦੂਜੇ ਪਾਸੇ ਕਿਤੇ ਪੂੜੀਆਂ ਬਣ ਰਹੀਆਂ ਸਨ ਕਿਤੇ ਕੜਾਹ। ਉਨ੍ਹਾਂ ਦੀ ਸੁਗੰਧੀ ਨਾਲ ਦਿਮਾਗ ਤਰ ਹੋ ਰਹੇ

ਸਨ। ਲਾਜਵੰਤੀ ਇਧਰੋਂ ਉਧਰੋਂ ਦੌੜੀ ਫਿਰਦੀ ਸੀ। ਮਾਨੋ ਉਸ ਦੇ ਘਰ ਕੋਈ ਵਿਆਹ ਹੋਵੇ। ਇਕ ਪਾਸੇ ਪਿੰਡ ਦੇ ਬੇਫਿਕਰੇ ਸਾਧੂ ਸੁਲਫ਼ ਦੇ ਦਮ ਲਾ ਕੇ ਪਿੰਡ ਦੀ ਹਵਾ ਸ਼ੁੱਧ (?) ਕਰ ਰਹੇ ਸਨ। ਉਨ੍ਹਾਂ ਵੱਲ ਪਿੰਡ ਦੇ ਕਿਸਾਨ ਇਉਂ ਵੇਖਦੇ ਸਨ, ਜਿਵੇਂ ਕਿਸਾਨ ਤਹਿਸੀਲਦਾਰ ਨੂੰ ਵੇਖਦੇ ਹਨ। ਅੱਖਾਂ ਵਿੱਚ ਸ਼ਰਧਾ ਭਾਵ ਦੀ ਥਾਂ ਡਰ ਤੇ ਸਹਿਮ ਦੇ ਚਿੰਨ ਵਧੇਰੇ ਸਨ। ਲਾਜਵੰਤੀ ਤੋਂ ਕੋਈ ਮੈਦਾ ਮੰਗਦਾ ਸੀ, ਕੋਈ ਘਿਉ। ਕੋਈ ਕਹਿੰਦਾ ਹਲਵਾਈ ਚੀਨੀ ਲਈ ਸ਼ੋਰ ਪਾ ਰਿਹਾ ਹੈ, ਕੋਈ ਪੁਛਦਾ ਅੰਬਚੂਰ ਦਾ ਭਾਂਡਾ ਕਿਥੇ ਹੈ ? ਕੋਈ ਹੋਰ ਸਮਾਂ ਹੁੰਦਾ ਤਾਂ ਲਾਜਵੰਤੀ ਘਬਰਾ ਜਾਂਦੀ। ਪਰ ਇਸ ਵਕਤ ਉਸ ਦੇ ਚਿਹਰੇ ਤੋਂ ਕੋਈ ਘਬਰਾਹਟ ਨਹੀਂ ਸੀ। ਸੋਚਦੀ ਸੀ ਕਿੰਨੀ ਚੰਗੀ ਕਿਸਮਤ ਹੈ ਕਿ ਇਹ ਦਿਨ ਵੇਖਣ ਨੂੰ ਮਿਲਿਆ ਹੈ ! ਅੱਜ ਘਬਰਾਹਟ ਕਿਉਂ ਹੁੰਦੀ ? ਅੱਜ ਤਾਂ ਉਹ ਪੂਰੀ ਖੁਸ਼ ਸੀ।

ਪਰ ਸਾਰਾ ਪਿੰਡ ਖੁਸ਼ ਹੋਵੇ—ਇਹ ਗੱਲ ਨਹੀਂ ਸੀ। ਉਥੇ ਹੀ ਇਸਤਰੀਆਂ ਵਿੱਚ ਬੈਠੀ ਇਕ ਬੁੱਢੀ ਤੀਵੀਂ ਬੇਹੱਦ ਦੁੱਖ ਵਿੱਚ ਡੁੱਬੀ ਹੋਈ ਸੀ। ਇਹ ਲਾਜਵੰਤੀ ਦੀ ਗੁਆਂਢਣ ਹਰੋ ਸੀ। ਅਤਿਅੰਤ ਦੁੱਖ ਦੇ ਕਾਰਣ ਉਸ ਦੇ ਗਲੇ ਵਿਚੋਂ ਆਵਾਜ਼ ਤਕ ਨਹੀਂ ਸੀ ਨਿਕਲਦੀ। ਸ਼ਹਿਰ ਹੁੰਦਾ ਤਾਂ ਉਹ ਇਸ ਇਕੱਠ ਵਿਚ ਕਦੇ ਸ਼ਾਮਲ ਨਾ ਹੁੰਦੀ। ਪਰ ਪਿੰਡ ਦਾ ਮਾਮਲਾ ਸੀ, ਨਾ ਆਉਂਦੀ ਤਾਂ ਉਂਗਲਾਂ ਉਠਦੀਆਂ। ਅਨੰਦ-ਮਈ ਹਾਸੇ ਠੱਠੇ ਵਿੱਚ ਉਸ ਦਾ ਸਿਰ ਦੁੱਖ ਤੇ ਸੋਗ ਦੇ ਕਾਰਨ ਇਵੇਂ ਖੌਲ ਰਿਹਾ ਸੀ, ਜਿਵੇਂ ਠੰਡੇ ਸਮੁੰਦਰ ਵਿੱਚ ਗਰਮ ਪਾਣੀ ਦਾ ਚਸ਼ਮਾ ਉਬਲ ਰਿਹਾ ਹੋਵੇ। ਉਹ ਚਸ਼ਮਾ ਬਾਕੀ ਸਮੁੰਦਰ ਨਾਲੋਂ ਕਿਤਨਾ ਵੱਖਰਾ ਹੁੰਦਾ ਹੈ।

ਇਸੇ ਤਰ੍ਹਾਂ ਰਾਤ ਦੇ ਚਾਰ ਵਜ ਗਏ। ਲੋਕ ਖਾ ਪੀ ਕੇ ਆਰਾਮ ਕਰਨ ਲੱਗੇ। ਜੋ ਬਚ ਗਿਆ ਗ਼ਰੀਬਾਂ ਵਿੱਚ ਵੰਡ ਦਿੱਤਾ ਗਿਆ। ਲਾਜਵੰਤੀ ਨੇ ਲੋਕਾਂ ਨੂੰ ਵਿਦਾ ਕੀਤਾ ਅਤੇ ਚਲਣ ਦੀ ਤਿਆਰੀ ਵਿੱਚ ਲੱਗ ਪਈ। ਉਸਨੇ ਇਕ ਟੀਨ ਦੇ ਬਕਸੇ ਵਿੱਚ ਜ਼ਰੂਰੀ ਕੱਪੜੇ ਰੱਖੇ, ਇਕ ਬਿਸਤਰਾ ਤਿਆਰ ਕੀਤਾ, ਗਲੇ ਵਿੱਚ ਲਾਲ ਰੰਗ ਦੀ ਸੂਤੀ ਮਾਲਾ ਪਾਈ, ਮੱਥੇ ਤੇ ਚੰਦਨ ਦਾ ਲੇਪ ਕੀਤਾ। ਗਊ, ਗੁਆਂਢਣ ਦੇ ਹਵਾਲੇ ਕੀਤੀ ਅਤੇ ਉਸਨੂੰ ਵਾਰ ਵਾਰ ਕਿਹਾ—"ਇਸ ਦਾ ਪੂਰਾ ਪੂਰਾ ਧਿਆਨ ਰਖੀਂ। ਮੈਂ ਜਾ ਰਹੀ ਹਾਂ, ਪਰ ਮੇਰਾ ਮਨ ਆਪਣੀ ਗਊ ਵਿੱਚ ਹੈ।"

ਅਚਾਨਕ ਕਿਸੇ ਦੀਆਂ ਸਿਸਕੀਆਂ ਦੀ ਆਵਾਜ਼ ਆਈ। ਲਾਜਵੰਤੀ ਦੇ ਕੰਨ ਖੜੇ ਹੋ ਗਏ। ਉਸਨੇ ਚਾਰੇ ਪਾਸੇ ਵੇਖਿਆ ਪਰ ਉਸਨੂੰ ਕੋਈ ਵਿਖਾਈ ਨਾ ਦਿੱਤਾ। ਇਸ ਵੇਲੇ ਸਾਰਾ ਪਿੰਡ ਸੁਖ ਸੁਪਨੇ ਵਿੱਚ ਬੇਸੁੱਧ ਪਿਆ ਸੀ। ਇਸ ਵਕਤ ਇਹ ਸਿਸਕੀਆਂ ਲੈਣ ਵਾਲਾ ਕੌਣ ਸੀ? ਇਹ ਸੋਚ ਕੇ ਲਾਜਵੰਤੀ ਹੈਰਾਨ ਰਹਿ ਗਈ। ਉਹ ਵਿਹੜੇ ਵਿੱਚ ਨਿਕਲ ਆਈ ਅਤੇ

ਧਿਆਨ ਨਾਲ ਸੁਣਨ ਲੱਗੀ। ਸਿਸਕੀਆਂ ਦੀ ਆਵਾਜ਼ ਫਿਰ ਸੁਣਾਈ ਦਿੱਤੀ। ਲਾਜਵੰਤੀ ਛੱਤ ਤੇ ਚੜ੍ਹ ਗਈ ਅਤੇ ਗੁਆਂਢਣ ਦੇ ਵਿਹੜੇ ਨੂੰ ਝੁਕਕੇ ਬੋਲੀ-"ਮਾਂ ਹਰੋ !'

ਕੁਝ ਦੇਰ ਤਕ ਚੁੱਪ ਰਹੀ। ਫਿਰ ਇਕ ਚਾਰਪਾਈ ਉਤੋਂ ਜਵਾਬ ਮਿਲਿਆ- "ਕੌਣ ਹੈ? ਲਾਜਵੰਤੀ ?"

ਆਵਾਜ਼ ਵਿੱਚ ਅਥਰੂ ਮਿਲੇ ਹੋਏ ਸਨ।

ਲਾਜਵੰਤੀ ਛੇਤੀ ਨਾਲ ਹੇਠਾਂ ਉਤਰ ਗਈ, ਅਤੇ ਹਰੋ ਦੇ ਕੋਲ ਪਹੁੰਚ ਕੇ ਬੋਲੀ-"ਮਾਂ, ਕੀ ਗੱਲ ਹੈ? ਤੂੰ ਕਿਉਂ ਰੋ ਰਹੀ ਹੈਂ !"

ਹਰੋ ਸੱਚਮੁੱਚ ਰੋ ਰਹੀ ਸੀ। ਪਰ ਆਪਣਾ ਰੋਣਾ ਲਾਜਵੰਤੀ ਦੇ ਸਾਮ੍ਹਣੇ ਰੋਣ ਵਿੱਚ ਉਸਦੇ ਨਾਰੀ ਸਨਮਾਨ ਨੂੰ ਧੱਕਾ ਲੱਗਦਾ ਸੀ, ਇਸ ਲਈ ਉਹ ਅਸਲ ਗੱਲ ਛੁਪਾਉਂਦੀ ਹੋਈ ਬੱਲੀ—"ਕੋਈ ਗੱਲ ਨਹੀਂ।"

" ਤੂੰ ਕਿਉਂ ਰੋ ਰਹੀ ਹੈਂ ?'

ਹਰੋ ਦੇ ਰੁਕੇ ਹੋਏ ਹੰਝੂਆਂ ਦਾ ਬੰਨ੍ਹ ਟੁਟ ਗਿਆ। ਉਸਦਾ ਦੁਖੀ ਹਿਰਦਾ ਹਮਦਰਦੀ ਦੀ ਇਕ ਚੋਟ ਵੀ ਨਾ ਸਹਿ ਸਕਿਆ। ਉਹ ਹੋਰ ਵੀ ਸਿਸਕਣ ਲੱਗੀ ਤੇ ਰੋਣ ਲੱਗੀ

ਲਾਜਵੰਤੀ ਨੇ ਫਿਰ ਪੁਛਿਆ— "ਮਾਂ ! ਗੱਲ ਕੀ ਹੈ ਕਿ ਤੂੰ ਇਸ ਵੇਲੇ ਰੋ ਰਹੀ ਹੈਂ ? ਮੈਂ ਤੇਰੀ ਗੁਆਂਢਣ ਹਾਂ, ਮੈਥੋਂ ਨਾ ਲੁਕਾ।"

ਹਰੋ ਨੇ ਕੁਝ ਉਤਰ ਨਾ ਦਿਤਾ। ਉਹ ਸੋਚ ਰਹੀ ਸੀ, ਇਸਨੂੰ ਦੱਸਾਂ ਜਾਂ ਨਾ ਦੱਸਾਂ ? ਪਹੁ ਫੁੱਟ ਚੁੱਕੀ ਸੀ, ਕੁਝ ਕੁਝ ਚਾਨਣ ਹੋ ਚਲਿਆ ਸੀ। ਲਾਜਵੰਤੀ ਜਾਣਨ ਲਈ ਕਾਹਲੀ ਪੈ ਰਹੀ ਸੀ, ਪਰ ਹਰੋ ਨੂੰ ਕੀ ਦੁੱਖ ਹੈ—ਇਹ ਜਾਣਨ ਤੋਂ ਬਿਨਾ ਜਾਣਾ ਉਸ ਲਈ ਮੁਸ਼ਕਲ ਸੀ। ਉਸਨੇ ਤੀਜੀ ਵਾਰ ਪੁਛਿਆ "ਮਾਂ ! ਦਸ ਤੇ ਸਹੀ, ਤੈਨੂੰ ਕੀ ਦੁੱਖ ਹੈ ?"

ਹਰੋ ਨੇ ਦੁਖੀ ਹੋ ਕੇ ਪੁਛਿਆ- "ਕੀ ਤੂੰ ਉਸਨੂੰ ਦੂਰ ਕਰ ਦੇਵੇਂਗੀ ?"

"ਹੋ ਸਕਿਆ ਤਾਂ ਜ਼ਰੂਰ ਕਰ ਦਿਆਂਗੀ।"

"ਇਹ ਅਸੰਭਵ ਹੈ।"

"ਸੰਸਾਰ ਵਿੱਚ ਕੋਈ ਗੱਲ ਅਸੰਭਵ ਨਹੀਂ। ਭਗਵਾਨ ਸਭ ਕੁਝ ਕਰ ਸਕਦਾ ਹੈ।"

ਹਰੋ ਥੋੜੀ ਦੇਰ ਤਕ ਚੁੱਪ ਰਹੀਂ, ਫਿਰ ਹੌਲੀ ਜਿਹੀ ਬੋਲੀ—“ਕੁਆਰੀ ਧੀ ਦਾ ਦੁੱਖ ਖਾ ਰਿਹਾ ਹੈ। ਰਾਤ-ਰਾਤ ਭਰ ਰੋਂਦੀ ਰਹਿੰਦੀ ਹਾਂ, ਖਬਰੇ ਇਹ ਕਿਸ਼ਤੀ ਕਿਵੇਂ ਕਿਨਾਰੇ ਲੱਗੇਗੀ।”

“ਪਰ ਕਿਉਂ ? ਉਸਦੇ ਵਿਆਹ ਦਾ ਖ਼ਰਚ ਤਾਂ ਤੇਰੇ ਜੇਠ ਨੇ ਦੇਣਾ ਮੰਨਿਆ ਹੋਇਆ

“ਇੰਨੀ ਕਿਸਮਤ ਹੁੰਦੀ ਤਾਂ ਰੋਣਾ ਕਾਸਦਾ ਸੀ ?"

ਲਾਜਵੰਤੀ ਨੇ ਕਾਹਲੀ ਪੈ ਕੇ ਕਿਹਾ—“ਤਾਂ ਇਹ ਝੂਠ ਹੈ ?”

“ਬਿਲਕੁਲ ਝੂਠ ਵੀ ਨਹੀਂ। ਉਸਨੇ ਦੋ ਸੋ ਰੁਪਏ ਦੇ ਗਹਿਣੇ ਕੱਪੜੇ ਬਣਵਾ ਦਿੱਤੇ ਹਨ; ਪਰ ਮਿਠਿਆਈ ਆਦਿ ਦਾ ਪ੍ਰਬੰਧ ਨਹੀਂ ਕੀਤਾ। ਹੁਣ ਚਿੰਤਾ ਇਹ ਹੈ ਕਿ ਬਰਾਤ ਆਵੇਗੀ, ਤਾਂ ਉਸਦੇ ਸਾਮ੍ਹਣੇ ਕੀ ਰਖਾਂਗੀ ? ਬਰਾਤੀ ਮਠਿਆਈ ਮੰਗਣਗੇ ਪੂੜੀਆਂ ਮੰਗਣਗੇ, ਕੜਾਹ ਮੰਗਣਗੇ। ਇਥੇ ਸੁਕੇ ਸਤੂ ਖੁਆਉਣ ਦੀ ਵੀ ਪਾਇਆ ਨਹੀਂ। ਇਹੀ ਸੋਚ ਸੋਚ ਕੇ ਸੁਕਦੀ ਜਾਨੀ ਹਾਂ।"

ਲਾਜਵੰਤੀ ਨੇ ਕੁਝ ਸੋਚ ਕੇ ਉੱਤਰ ਦਿੱਤਾ, “ਕੀ ਪਿੰਡ ਦੇ ਲੋਕ ਇਕ ਗ਼ਰੀਬ ਬ੍ਰਾਹਮਣੀ ਦੀ ਕੰਨਿਆ ਦਾ ਵਿਆਹ ਨਹੀਂ ਕਰ ਸਕਦੇ ? ਅਤੇ ਇਹ ਉਨ੍ਹਾਂ ਦੀ ਦਇਆ ਨਹੀਂ, ਫਰਜ਼ ਹੈ।”

ਹਰੋ ਦੀਆਂ ਅੱਖਾਂ ਭਰ ਆਈਆਂ। ਉਹ ਇਸ ਵੇਲੇ ਗਰੀਬ ਸੀ, ਪਰ ਕਦੇ ਉਸਨੇ ਚੰਗੇ ਦਿਨ ਵੀ ਵੇਖੇ ਸਨ। ਲਾਜਵੰਤੀ ਦੀ ਤਜਵੀਜ਼ ਤੇ ਉਸਨੂੰ ਦੁੱਖ ਹੋਇਆ। ਜਿਵੇਂ ਨਵਾਂ ਨਵਾਂ ਮੰਗਤਾ ਗਾਲ੍ਹਾਂ ਸੁਣਕੇ ਧਰਤੀ ਵਿਚ ਗਡ ਜਾਂਦਾ ਹੈ। ਉਸਨੇ ਹੌਲੀ ਜਿਹੀ ਕਿਹਾ—“ਬੇਟੀ! ਮੈਥੋਂ ਵੀ ਤਾਂ ਇਹ ਅਪਮਾਨ ਨਹੀਂ ਵੇਖਿਆ ਜਾਣਾ।"

“ਪਰ ਇਸ ਤਰ੍ਹਾਂ ਤਾਂ ਸਾਰੇ ਪਿੰਡ ਦਾ ਨੱਕ ਕੱਟਿਆ ਜਾਵੇਗਾ।"

ਹਰੋ ਨੇ ਗੱਲ ਟੁਕ ਕੇ ਕਿਹਾ, “ਮੈਂ ਵੀ ਤਾਂ ਇਹ ਨਹੀਂ ਸਹਿ ਸਕਾਂਗੀ ਕਿਸੇ ਦੇ ਸਾਮ੍ਹਣੇ ਹੱਥ ਅਡਣਾ, ਮਰਨ ਤੋਂ ਵੀ ਬੁਰਾ ਹੈ।”

"ਤਾਂ ਕੀ ਕਰੇਂਗੀ ? ਕੰਨਿਆ ਕੁਆਰੀ ਬਿਠਾਈ ਰਖੇਂਗੀ ?"

“ਭਗਵਾਨ ਦੀ ਇਹੀ ਮਰਜ਼ੀ ਹੈ ਤਾਂ ਮੇਰਾ ਕੀ ਵੱਸ ਹੈ ? ਉਹਨੂੰ ਲੈ ਕੇ ਕਿਤੇ ਚਲੀ ਜਾਵਾਂਗੀ। ਨਾ ਕੋਈ ਵੇਖੇਗਾ, ਨਾ ਕੋਈ ਗੱਲ ਕਰੇਗਾ।”

ਲਾਜਵੰਤੀ ਬ੍ਰਾਹਮਣੀ ਦੀ ਇਹ ਹਾਲਤ ਵੇਖਕੇ ਕੰਬ ਗਈ। ਉਸਨੂੰ ਇੰਝ ਅਨੁਭਵ ਹੋਇਆ, ਜਿਵੇਂ ਕੋਈ ਕਹਿ ਰਿਹਾ ਹੈ ਕਿ ਜੇ ਇਹ ਹੋ ਗਿਆ ਤਾਂ ਈਸ਼ਵਰ ਦਾ ਕਰੋਪ ਪਿੰਡ ਭਰ ਨੂੰ ਸਾੜ ਸੁਟੇਗਾ। ਲਾਜਵੰਤੀ ਆਪਣਾ ਆਪ ਭੁੱਲ ਗਈ। ਉਸਦਾ ਦਿਲ ਦੁੱਖ ਨਾਲ ਭਰ ਗਿਆ। ਉਸਨੇ ਜ਼ੋਸ ਨਾਲ ਕਿਹਾ—'"ਚਿੰਤਾ ਨਾ ਕਰ, ਤੇਰਾ ਇਹ ਸੰਕਟ ਮੈਂ ਦੂਰ ਕਰਾਂਗੀ। ਤੇਰੀ ਧੀ ਦਾ ਵਿਆਹ ਹੋਵੇਗਾ, ਅਤੇ ਬਰਾਤੀਆਂ ਨੂੰ ਖਾਣ ਪੀਣ ਨੂੰ ਮਿਲੇਗਾ। ਧੀ ਤੇਰੀ ਹੀ ਧੀ ਨਹੀਂ, ਮੇਰੀ ਵੀ ਧੀ ਹੈ।"

ਹਰੋ ਨੇ ਉਹ ਕੁਝ ਸੁਣਿਆ, ਜਿਸ ਦੀ ਉਸਨੂੰ ਇੱਛਾ ਸੀ, ਪਰ ਆਸ ਨਹੀਂ ਸੀ। ਉਸ ਦੀਆਂ ਅੱਖਾਂ ਵਿਚੋਂ ਕ੍ਰਿਤਗਤਾ ਦੇ ਹੰਝੂ ਛਲਕਣ ਲੱਗੇ। ਲਾਜਵੰਤੀ ਤੀਰਥ-ਯਾਤਰਾ ਲਈ ਉਤਾਵਲੀ ਹੋ ਰਹੀ ਸੀ। ਉਹ ਸੋਚਦੀ ਸੀ ਹਰਿਦੁਆਰਾ, ਮਥੁਰਾ, ਬਿੰਦਰਾਵਨ ਦੇ ਮੰਦਰਾਂ ਨੂੰ ਵੇਖਕੇ ਉਸਦਾ ਹਿਰਦਾ ਕਲੀ ਵਾਂਗ ਖਿੜ ਜਾਏਗਾ, ਪਰ ਜੋ ਅਨੰਦ ਉਸਨੂੰ ਇਸ ਵੇਲੇ ਪ੍ਰਾਪਤ ਹੋਇਆ, ਉਹ ਉਸ ਖਿਆਲੀ ਖ਼ੁਸ਼ੀ-ਨਾਲੋਂ ਕਈ ਗੁਣਾਂ ਵੱਧ ਸੀ। ਉਹ ਦੌੜਦੀ ਹੋਈ ਆਪਣੇ ਘਰ ਗਈ ਅਤੇ ਸੰਦੂਕ ਵਿਚੋਂ ਦੋ ਸੌ ਰੁਪਏ ਲਿਆ ਕੇ ਹਰੋ ਦੇ ਸਾਮ੍ਹਣੇ ਢੇਰੀ ਕਰ ਦਿੱਤੇ। ਇਹ ਰੁਪਏ ਜਮ੍ਹਾਂ ਕਰਨ ਵੇਲੇ ਉਹ ਖ਼ੁਸ਼ ਹੋਈ ਸੀ, ਪਰ ਉਨ੍ਹਾਂ ਨੂੰ ਦੇਣ ਲਗਿਆਂ, ਉਹ ਹੋਰ ਵੀ ਖ਼ੁਸ਼ ਹੋਈ। ਜੋ ਸੁਖ ਤਿਆਗ ਵਿੱਚ ਹੈ, ਉਹ ਗ੍ਰਹਿਣ ਵਿਚ ਕਿਥੇ ?

(5)

ਲਾਜਵੰਤੀ ਦੇ ਤੀਰਥ-ਯਾਤਰਾ ਦਾ ਵਿਚਾਰ ਛੱਡ ਜਾਣ ਤੇ ਸਾਰੇ ਪਿੰਡ ਵਿੱਚ ਅੱਗ ਜਿਹੀ ਲੱਗ ਗਈ। ਲੋਕ ਆਖਦੇ ਸਨ- ਲਾਜਵੰਤੀ ਨੇ ਬਹੁਤ ਬੁਰਾ ਕੀਤਾ ਹੈ, ਦੇਵੀ ਮਾਤਾ ਦਾ ਕ੍ਰੋਧ ਉਸਨੂੰ ਤਬਾਹ ਕਰ ਦੇਵੇਗਾ। ਇਸਤਰੀਆਂ ਕਹਿੰਦੀਆਂ ਸਨ—ਕਿਸ ਆਕੜ ਨਾਲ ਉਸਨੇ ਜਗਰਾਤਾ ਕੀਤਾ ਸੀ ? ਸੱਠ ਸੱਤਰ ਰੁਪਏ ਖ਼ਰਚ ਹੋ ਗਏ, ਹੁਣ ਘਰ ਵਿੱਚ ਬੈਠ ਗਈ ਹੈ, ਨਹੀਂ ਜਾਣਾ ਸੀ ਤਾਂ ਇਸ ਦਿਖਾਵੇ ਦੀ ਕੀ ਲੋੜ ਸੀ ? ਕੋਈ ਕਹਿੰਦੀ—ਦੇਵੀ ਦੇਵਤਿਆਂ ਨਾਲ ਇਹ ਹਾਸਾ-ਮਖੌਲ ਚੰਗਾ ਨਹੀਂ। ਲੈ ਦੇ ਕੇ ਇਕ ਲੜਕਾ ਹੈ, ਉਸਦੀ ਖੈਰ ਮਨਾਵੇਂ। ਜਿਹੜੀਆਂ ਬੁੱਢੀਆਂ ਸਨ, ਉਹ ਮਾਲਾ ਫੇਰਦੀਆਂ ਬੋਲੀਆਂ-ਕਲਜੁਗ ਦਾ ਜ਼ਮਾਨਾ ਹੈ, ਜੋ ਨਾ ਹੋ ਜਾਵੇ ਉਹ ਥੋੜ੍ਹਾ ਹੈ ! ਅਜਿਹਾ ਤਾਂ ਅੱਜ ਤਕ ਨਹੀਂ ਸੀ ਸੁਣਿਆ ! ਅੱਜ ਤਕ ਸੁਣਦੇ ਸਾਂ ਆਦਮੀ ਆਦਮੀ ਨਾਲ ਗੱਲ ਕਰਕੇ ਬਦਲ ਜਾਂਦੇ ਹਨ, ਹੁਣ ਦੇਵਤਿਆਂ ਨਾਲ ਗੱਲ ਕਰਕੇ ਵੀ ਬਦਲਣ ਲੱਗੇ।

ਪਰ ਅਸਲੀ ਭੇਦ ਦਾ ਕਿਸੇ ਨੂੰ ਵੀ ਪਤਾ ਨਹੀਂ ਸੀ। ਹੌਲੀ ਹੌਲੀ ਪਿੰਡ ਦੀ ਇਹ ਚਰਚਾ ਲਾਜਵੰਤੀ ਦੇ ਕੰਨਾਂ ਤਕ ਵੀ ਪਹੁੰਚੀ। ਪਹਿਲਾਂ ਤਾਂ ਉਸਨੇ ਕੋਈ ਪਰਵਾਹ ਨਾ ਕੀਤੀ, ਇਕ ਕੰਨ ਸੁਣਿਆਂ ਦੂਜੇ ਕੰਨੋ ਕੱਢ ਦਿੱਤੀ। ਪਰ ਹਰ ਪਾਸਿਉਂ ਜਦ ਇਹੀ ਚਰਚਾ, ਇਹੀ ਸ਼ੋਰ ਸੁਣਿਆਂ ਤਾਂ ਉਸਦਾ ਚਿਤ ਵੀ ਡਾਵਾਂ ਡੋਲ ਹੋਣ ਲੱਗਾ। ਹਵਾ ਨੇ ਝੱਖੜ ਦਾ ਰੂਪ ਧਾਰਨ ਕਰ ਲਿਆ। ਹੁਣ ਮੁਸਾਫ਼ਰ ਘਬਰਾਉਣ ਲੱਗਾ ਸੀ। ਹੁਣ ਉਸਦਾ ਮਨ ਡੋਲਣ ਲੱਗਾ।

ਲਾਜਵੰਤੀ ਕਦੀ ਸੋਚਦੀ ਸੀ-ਮੈਂ ਕੀ ਬੁਰਾ ਕੀਤਾ ਹੈ ? ਇਕ ਗਰੀਬ ਬ੍ਰਾਹਮਣੀ ਦੀ ਧੀ ਦੇ ਵਿਆਹ ਵਿੱਚ ਸਹਾਇਤਾ ਦੇਣਾ, ਕੀ ਦੇਵੀ ਨੂੰ ਪਸੰਦ ਨਹੀਂ ? ਅਤੇ ਮੈਂ ਤੀਰਥ-ਯਾਤਰਾ ਦਾ ਵਿਚਾਰ ਛੱਡ ਨਹੀਂ ਦਿੱਤਾ, ਕੇਵਲ ਕੁਝ ਸਮੇਂ ਲਈ ਮੁਲਤਵੀ ਕੀਤਾ ਹੈ। ਇਸ ਤੇ ਦੇਵੀ-ਦੇਵਤੇ ਗੁੱਸੇ ਕਿਉਂ ਹੋਣਗੇ ? ਪਰ ਦੂਜਾ ਵਿਚਾਰ ਉਠਦਾ ਕਿ ਮੈਂ ਸੱਚਮੁੱਚ ਭੁੱਲ ਕੀਤੀ ਹੈ। ਏਵੀ ਦੇਵਤਿਆਂ ਦੀ ਭੇਟ ਕਿਸੇ ਆਦਮੀ ਨੂੰ ਦੇ ਦੇਣੀ ਪਾਪ ਨਹੀਂ ਤਾਂ ਕੀ ਹੈ ? ਇਹ ਵਿਚਾਰ ਆਉਂਦਿਆਂ ਹੀ ਉਸਦਾ ਕਲੇਜਾ ਕੰਬ ਜਾਂਦਾ ਅਤੇ ਹੇਮ ਬਾਰੇ ਭਿਆਨਕ ਸੰਸੇ ਉਠਣ ਲੱਗ ਪੈਂਦੇ।

ਸੰਸਾਰ ਬੁਰਾਈਆਂ ਤੇ ਪਛਤਾਉਂਦਾ ਹੈ, ਲਾਜਵੰਤੀ ਚੰਗਿਆਈ 'ਤੇ ਪਛਤਾ ਰਹੀ ਸੀ। ਦਿਲ ਦਾ ਚੰਨ ਉਡ ਗਿਆ, ਰਾਤ ਦੀ ਨੀਂਦ ਹਰਾਮ ਹੋ ਗਈ। ਉਸਨੂੰ ਵਹਿਮ ਹੋ ਗਿਆ ਕਿ ਹੁਣ ਹੇਮ ਦੀ ਖ਼ੈਰ ਨਹੀਂ। ਉਸਨੂੰ ਖੇਡਦਾ ਵੇਖਦੀ ਤਾਂ ਉਸਦੇ ਦਿਲ ਤੇ ਛੁੱਰੀਆਂ ਚਲ ਜਾਂਦੀਆਂ। ਬੁਰੇ ਬੁਰੇ ਵਿਚਾਰ ਆਉਂਦੇ ਸਨ। ਜੀ ਡਰਦਾ ਸੀ, ਹਿੰਮਤ ਕੰਬਦੀ ਸੀ, ਖ਼ੁਸ਼ੀ ਘਬਰਾਉਂਦੀ ਸੀ।

ਇਸੇ ਤਰ੍ਹਾਂ ਕਈ ਦਿਨ ਬੀਤ ਗਏ। ਪਿੰਡ ਵਿੱਚ ਚਹਿਲ ਪਹਿਲ ਵਿਖਾਈ ਦੇਣ ਲੱਗੀ। ਹਲਵਾਈ ਦੀ ਦੁਕਾਨ ਤੇ ਮਿਠਿਆਈਆਂ ਤਿਆਰ ਹੋਣ ਲੱਗੀਆਂ। ਪਿੰਡ ਦੀਆਂ ਕੁਆਰੀਆਂ ਕੰਨਿਆਵਾਂ ਦੇ ਹੱਥਾਂ 'ਤੇ ਮਹਿੰਦੀ ਲੱਗੀ ਹੋਈ ਸੀ। ਰਾਤ ਦੇ ਬਾਰਾਂ ਬਾਰਾਂ ਵਜੇ ਤਕ ਹਰੋ ਦੀ ਛੱਤ ਤੇ ਢੋਲਕੀ ਵਜਦੀ ਰਹਿੰਦੀ ਅਤੇ ਜ਼ਨਾਨੀਆਂ ਦੇ ਪੇਂਡੂ ਗੀਤਾਂ ਨਾਲ ਸਾਰਾ ਪਿੰਡ ਗੂੰਜਦਾ ਰਹਿੰਦਾ। ਇਕ ਉਹ ਦਿਨ ਸੀ, ਜਦੋਂ ਲਾਜਵੰਤੀ ਪ੍ਰਸੰਨ ਸੀ ਤੇ ਹਰੋ ਦੁਖੀ ਸੀ। ਅੱਜ ਹਰੋ ਦੇ ਚਹਿਲ-ਪਹਿਲ ਸੀ, ਪਰ ਲਾਜਵੰਤੀ ਦੇ ਘਰ ਉਦਾਸੀ ਛਾਈ ਹੋਈ ਸੀ।

ਰਾਤ ਦਾ ਵੇਲਾ ਸੀ, ਮੰਦਰ ਵਿਚ ਘੰਟੇ ਵਜ ਰਹੇ ਸਨ। ਲਾਜਵੰਤੀ ਨੇ ਆਰਤੀ ਦੀ ਥਾਲੀ ਚੁਕੀ ਤੇ ਪੂਜਾ ਲਈ ਤੁਰ ਪਈ। ਪਰ ਦਰਵਾਜ਼ੇ ਤੇ ਪਹੁੰਚ ਕੇ ਪੈਰ ਰੁਕ ਗਏ। ਉਸਨੂੰ

ਇਉਂ ਪ੍ਰਤੀਤ ਹੋਇਆ, ਜਿਵੇਂ ਦੇਵੀ ਦੀ ਮੂਰਤੀ ਉਸਨੂੰ ਸਜ਼ਾ ਦੇਣ ਲਈ ਅੱਖਾਂ ਲਾਲ ਕਰੀ ਖੜੀ ਹੈ। ਲਾਜਵੰਤੀ ਦਾ ਕਲੇਜਾ ਧੜਕਣ ਲੱਗਾ। ਉਹ ਡਰ ਕੇ ਦਰਵਾਜ਼ੇ ਤੇ ਬੈਠ ਗਈ ਤੇ ਰੋਣ ਲੱਗੀ। ਜਿਵੇਂ ਕਮਜ਼ੋਰ ਵਿਦਿਆਰਥੀ ਨੂੰ ਪਰੀਖਿਆ ਹਾਲ ਵਿੱਚ ਜਾਣ ਦੀ ਹਿੰਮਤ ਨਹੀਂ ਪੈਂਦੀ। ਪੈਰ ਅੱਗੇ ਰੱਖਦਾ, ਦਿਲ ਪਿਛੇ ਰਹਿ ਜਾਂਦਾ ਹੈ।

ਅਚਾਨਕ ਉਸਨੇ ਸੁਣਿਆ-ਕੋਈ ਅਰਦਾਸ ਕਰ ਰਿਹਾ। ਲਾਜਵੰਤੀ ਦਾ ਰੋਮ ਰੋਮ ਕੰਨ ਬਣ ਗਿਆ। ਉਸਨੂੰ ਯਕੀਨ ਹੋ ਗਿਆ ਕਿ ਇਸ ਅਰਦਾਸ ਦਾ ਉਸ ਨਾਲ ਕੋਈ ਸਬੰਧ ਹੈ। ਅਤੇ ਉਹ ਗ਼ਲਤੀ ਤੇ ਨਹੀਂ ਸੀ, ਕੋਈ ਕਹਿ ਰਿਹਾ ਸੀ—

"ਦੇਵੀ ਮਾਤਾ ! ਉਸਨੂੰ ਸਦਾ ਸੁਹਾਗਣ ਰੱਖੇ ! ਉਸਦੇ ਪੁੱਤਰ ਨੂੰ ਚਿਰੰਜੀਵ ਬਣਾਓ! ਉਸ ਨੇ ਇਕ ਨਿਆਸਰੀ ਬ੍ਰਾਹਮਣੀ ਦਾ ਮਾਣ ਰਖਿਆ ਹੈ, ਤੁਸੀਂ ਇਸਦਾ ਉਸਨੂੰ ਫਲ ਦਿਉ! ਉਸਦੇ ਪਤੀ ਤੇ ਪੁੱਤਰ ਦਾ ਵਾਲ ਵੀ ਵਿੰਗਾ ਨਾ ਹੋਵੇ ! ਇਹ ਇਕ ਬੁੱਢੀ ਬ੍ਰਾਹਮਣੀ ਦੀ ਅਰਦਾਸ ਹੈ। ਇਸਨੂੰ ਪ੍ਰਵਾਨ ਕਰੋ। ਜਿਸ ਤਰ੍ਹਾਂ ਉਸਨੇ ਮੇਰਾ ਕਲੇਜਾ ਠੰਡਾ ਕੀਤਾ ਹੈ। ਇਸੇ ਤਰ੍ਹਾਂ ਮਾਂ ! ਤੁਸੀਂ ਉਸਦਾ ਕਲੇਜਾ ਠੰਡਾ ਰੱਖੋ।"

ਇਹ ਬ੍ਰਾਹਮਣੀ ਹਰੋ ਸੀ। ਲਾਜਵੰਤੀ ਦੇ ਰੋਮ ਰੋਮ 'ਚ ਖ਼ੁਸ਼ੀ ਦੀ ਲਹਿਰ ਦੌੜ ਗਈ। ਉਸਦੇ ਸਾਰੇ ਸ਼ਕ ਧੂਏ ਦੇ ਬੱਦਲਾਂ ਵਾਂਗ ਖਿੰਡ-ਪੁੰਡ ਗਏ। ਉਹ ਰੋਂਦੀ ਰੋਂਦੀ ਅਗੇ ਵਧੀ ਤੇ ਬੁੱਢੀ ਬ੍ਰਾਹਮਣੀ ਦੇ ਪੈਰਾਂ 'ਤੇ ਢਹਿ ਪਈ।

ਰਾਤ ਨੂੰ ਸੁਪਨੇ ਵਿਚ ਉਹ ਫਿਰ ਦੇਵੀ ਦੇ ਸਾਮ੍ਹਣੇ ਸੀ। ਇਕਦਮ ਦੇਵੀ ਨੇ ਆਪਣੇ ਸਿੰਘਾਸਣ ਤੋਂ ਉਤਰ ਕੇ ਲਾਜਵੰਤੀ ਨੂੰ ਗਲੇ ਨਾਲ ਲਾ ਲਿਆ ਅਤੇ ਕਿਹਾ, ਤੂੰ ਇਕ ਗ਼ਰੀਬ ਦੀ ਸੇਵਾ ਕੀਤੀ ਹੈ। ਮਾਨੋ ਮੇਰੀ ਸੇਵਾ ਕੀਤੀ ਹੈ। ਮੈਂ ਤੇਰੇ ਤੇ ਖ਼ੁਸ਼ ਹਾਂ ਤੇਰੇ ਕੰਮ ਤੇ ਖੁਸ਼ ਹਾਂ। ਲੋਕ ਤੀਰਥ-ਯਾਤਰਾ ਕਰਦੇ ਹਨ, ਤੂੰ ਮਹਾਂ-ਤੀਰਥ ਯਾਤਰਾ ਕੀਤੀ ਹੈ। ਸੇਵਾ ਤੀਰਥ-ਯਾਤਰਾ ਤੋਂ ਵੱਧ ਕੇ ਹੈ। ਮੈਂ ਤੈਨੂੰ ਅਸ਼ੀਰਵਾਦ ਦਿੰਦੀ ਹਾਂ। ਸਭ ਸੁਖੀ ਰਹੋ।"

ਲਾਜਵੰਤੀ ਦੀ ਅੱਖ ਖੁਲ੍ਹ ਗਈ। ਇਸ ਵੇਲੇ ਉਸਨੂੰ ਇੰਨੀ ਪ੍ਰਸੰਨਤਾ ਹੋਈ, ਜਿਹੜੀ ਅੱਜ ਤਕ ਕਦੇ ਨਹੀਂ ਸੀ ਹੋਈ। ਅੱਜ ਉਸਨੇ ਪੂਜਾ ਦਾ ਭੇਦ ਪਾ ਲਿਆ ਸੀ।

-0-

# ਸੱਚ ਦਾ ਸੌਦਾ

(1)

ਵਿਦਿਆਰਥੀ ਪ੍ਰੀਖਿਆ ਵਿਚ ਫੇਲ੍ਹ ਹੋ ਕੇ ਰੋਂਦੇ ਹਨ, ਸਰਬ ਦਿਆਲ ਪਾਸ ਹੋ ਕੇ ਰੋਇਆ। ਜਦੋਂ ਤਕ ਪੜ੍ਹਦਾ ਸੀ, ਤਦ ਤਕ ਕੋਈ ਚਿੰਤਾ ਨਹੀਂ ਸੀ। ਘਿਉ ਖਾਂਦਾ ਸੀ ; ਦੁੱਧ ਪੀਂਦਾ ਸੀ; ਚੰਗੇ ਕੱਪੜੇ ਪਾਉਂਦਾ ਸੀ; ਠਾਠ-ਬਾਠ ਨਾਲ ਰਹਿੰਦਾ ਸੀ। ਉਸਦੇ ਮਾਪੇ ਇੰਨੇ ਜੋਗੇ ਨਹੀਂ ਸਨ ਕਿ ਉਹ ਕਾਲਿਜ ਦਾ ਖ਼ਰਚਾ ਸਹਿ ਸਕਦੇ, ਪਰ ਉਸਦਾ ਮਾਮਾ ਇਕ ਉੱਚੀ ਪੱਦਵੀ ਤੇ ਲੱਗਾ ਹੋਇਆ ਸੀ। ਉਹਨਾਂ ਨੇ ਚਾਰ ਸਾਲਾਂ ਦਾ ਖਰਚਾ ਦੇਣਾ ਮੰਨਿਆ, ਪਰ ਨਾਲ ਹੀ ਕਹਿ ਦਿੱਤਾ—"ਵੇਖੀਂ, ਰੁਪਿਆ ਖ਼ੂਨ ਵਹਾ ਕੇ ਮਿਲਦਾ ਹੈ। ਮੈਂ ਬੁੱਢਾ ਹਾਂ, ਜਾਨ ਮਾਰ ਕੇ ਚਾਰ ਪੈਸੇ ਕਮਾਉਂਦਾ ਹਾਂ। ਲਾਹੌਰ ਜਾ ਰਿਹਾ ਹੈਂ, ਉਥੇ ਪੈਰ ਪੈਰ ਤੇ ਮਰਜ਼ਾਂ ਹਨ, ਕੋਈ ਚੰਬੜ ਨਾ ਜਾਵੇ। ਐਬਾਂ ਤੋਂ ਬਚਕੇ ਡਿਗਰੀ ਲੈਣ ਦੀ ਕੋਸ਼ਿਸ਼ ਕਰੀਂ। ਜੇ ਮੈਨੂੰ ਕੋਈ ਐਸੀ ਵੈਸੀ ਖਬਰ ਮਿਲੀ, ਤਾਂ ਖ਼ਰਚ ਭੇਜਣਾ ਬੰਦ ਕਰ ਦੇਵਾਂਗਾ।"

ਸਰਬ ਦਿਆਲ ਨੇ ਬੁੱਢੇ ਮਾਮੇ ਦੀ ਨਸੀਹਤ ਦਾ ਪੂਰਾ ਪੂਰਾ ਖਿਆਲ ਰਖਿਆ, ਅਤੇ ਆਪਣੇ ਆਚਾਰ-ਵਿਚਾਰ ਨਾਲ ਨਾ ਸਿਰਫ ਉਨ੍ਹਾਂ ਨੂੰ ਸ਼ਿਕਾਇਤ ਦਾ ਮੌਕਾ ਹੀ ਦਿਤਾ, ਸਗੋਂ ਉਹਨਾਂ ਦੀ ਅੱਖ ਦੀ ਪੁਤਲੀ ਬਣ ਗਿਆ। ਨਤੀਜਾ ਇਹ ਨਿਕਲਿਆ ਕਿ ਮਾਮੇ ਨੇ ਆਪਣੇ ਸਾਊ ਭਾਣਜੇ ਨੂੰ ਲੋੜ ਨਾਲੋਂ ਵਧ ਰੁਪਏ ਭੇਜਣੇ ਸ਼ੁਰੂ ਕਰ ਦਿਤੇ "ਤੇਰੇ ਖਾਣ ਪੀਣ ਤੇ ਮੈਨੂੰ ਕੋਈ ਇਤਰਾਜ਼ ਨਹੀਂ, ਹਾਂ ! ਇਸ ਗੱਲ ਦਾ ਖ਼ਿਆਲ ਰਖੀਂ ਕਿ ਕੋਈ ਗਲ ਮਰਯਾਦਾ ਦੇ ਵਿਰੁੱਧ ਨਾ ਹੋਵੇ। ਮੈਂ ਇਕੱਲਾ ਜੀਅ-ਰੁਪਿਆ ਨਾਲ ਥੋੜਾ ਲੈ ਜਾਵਾਂਗਾ। ਤੂੰ ਮੇਰਾ ਅਜ਼ੀਜ਼ ਹੈਂ, ਜੇ ਕਿਸੇ ਯੋਗ ਬਣ ਜਾਵੇਂ, ਤਾਂ ਇਸ ਤੋਂ ਵੱਧ ਖੁਸ਼ੀ ਦੀ ਕੀ ਗੱਲ ਹੋਵੇਗੀ।"

ਇਸ ਨਾਲ ਸਰਬ ਦਿਆਲ ਦਾ ਉਤਸ਼ਾਹ ਵਧ ਗਿਆ। ਪਹਿਲੇ ਸਾਲ ਪੈਸੇ ਦੀਆਂ ਜੁਰਾਬਾਂ ਪਾਉਂਦਾ ਸੀ, ਹੁਣ ਪੰਜ ਆਨਿਆਂ ਵਾਲੀਆਂ ਪਾਉਣ ਲੱਗ ਪਿਆ। ਪਹਿਲਾਂ ਮਲਮਲ ਦੇ ਰੁਮਾਲ ਰਖਦਾ ਸੀ, ਹੁਣ ਏਟੋਨੀਆਂ ਦੇ ਰੱਖਣ ਲੱਗਾ। ਦਿਨੇ ਪੜ੍ਹਨ ਤੇ ਰਾਤੀਂ ਜਾਗਣ

ਨਾਲ ਸਿਰ ਵਿਚ ਕਦੀ ਕਦੀ ਦਰਦ ਹੋਣ ਲੱਗਦੀ ਸੀ, ਕਾਰਨ ਇਹ ਕਿ ਦੁੱਧ ਲਈ ਪੈਸੇ ਨਹੀਂ ਸਨ ਹੁੰਦੇ। ਪਰ ਹੁਣ ਜਦ ਮਾਮਾ ਜੀ ਨੇ ਖ਼ਰਚ ਦੀ ਡੋਰ ਲੰਮੀ ਕਰ ਦਿਤੀ ਤਾਂ ਘਿਉ ਤੇ ਦੁੱਧ ਦੋਹਾਂ ਦੀ ਤੰਗੀ ਨਾ ਰਹੀ। ਪਰ ਇਸ ਸਭ ਕੁਝ ਦੇ ਹੁੰਦੇ ਹੋਏ ਵੀ ਸਰਬ ਦਿਆਲ ਉਨ੍ਹਾਂ ਐਬਾਂ ਤੋਂ ਬਚਿਆ ਰਿਹਾ, ਜੋ ਸ਼ਹਿਰੀ ਵਿਦਿਆਰਥੀਆਂ ਵਿਚ ਅਕਸਰ ਵੇਖੇ ਜਾਂਦੇ ਹਨ।

ਇਸੇ ਤਰ੍ਹਾਂ ਚਾਰ ਸਾਲ ਬੀਤ ਗਏ, ਅਤੇ ਇਸੇ ਦੌਰਾਨ ਉਸ ਦੇ ਮਾਮੇ ਦੀ ਮਿਰਤੂ ਹੋ ਗਈ। ਇਧਰ ਸਰਬ ਦਿਆਲ ਬੀ. ਏ. ਦੀ ਡਿਗਰੀ ਲੈ ਕੇ ਘਰ ਵਲ ਤੁਰਿਆ। ਜਦੋਂ ਪੜ੍ਹਦਾ ਸੀ ਸੈਂਕੜੇ ਨੌਕਰੀਆਂ ਨਜ਼ਰ ਆਉਂਦੀਆਂ ਸਨ, ਪਰ ਜਦੋਂ ਪਾਸ ਹੋ ਗਿਆ ਤਾਂ ਠਿਕਾਣਾ ਨਜ਼ਰ ਨਾ ਆਇਆ। ਉਹ ਘਬਰਾ ਗਿਆ, ਜਿਵੇਂ ਮੁਸਾਫਰ ਦਿਨ-ਰਾਤ ਚਲ ਚਲ ਕੇ ਸਟੇਸ਼ਨ ਤੇ ਪਹੁੰਚੇ, ਪਰ ਗੱਡੀ ਵਿਚ ਥਾਂ ਨਾ ਹੋਵੇ। ਉਸ ਸਮੇਂ ਉਸ ਦੀ ਜੋ ਬੁਰੀ ਹਾਲਤ ਹੁੰਦੀ ਹੈ, ਠੀਕ ਉਹੀ ਸਰਬ ਦਿਆਲ ਦੀ ਸੀ।

ਉਸ ਦੇ ਪਿਤਾ ਪੰਡਿਤ ਸ਼ੰਕਰ ਦੱਤ ਪੁਰਾਣੇ ਜ਼ਮਾਨੇ ਦੇ ਆਦਮੀ ਸਨ। ਉਹਨਾਂ ਦਾ ਵਿਚਾਰ ਸੀ, ਪੁੱਤਰ ਅੰਗਰੇਜ਼ੀ ਬੋਲਦਾ ਹੈ, ਪਤਲੂਣ ਪਾਉਂਦਾ ਹੈ, ਨੈਕਟਾਈ ਲਾਉਂਦਾ ਹੈ, ਤਾਰ ਤਕ ਪੜ੍ਹ ਲੈਂਦਾ ਹੈ, ਇਸ ਨੂੰ ਨੌਕਰੀ ਨਹੀਂ ਮਿਲੇਗੀ ਤਾਂ ਹੋਰ ਕਿਸਨੂੰ ਮਿਲੇਗੀ ? ਪਰ ਜਦ ਬਹੁਤ ਦਿਨ ਗੁਜ਼ਰ ਗਏ ਅਤੇ ਸਰਬ ਦਿਆਲ ਨੂੰ ਕੋਈ ਨੌਕਰੀ ਨਾ ਮਿਲੀ ਤਾਂ ਉਹਨਾਂ ਦਾ ਹੌਸਲਾ ਵੀ ਟੁੱਟ ਗਿਆ। ਪੁੱਤਰ ਨੂੰ ਕਹਿਣ ਲੱਗੇ -"ਹੁਣ ਤੂੰ ਕੋਈ ਨੌਕਰੀ ਵੀ ਕਰੇਂਗਾ ਜਾਂ ਨਹੀਂ ? ਮਿਡਲ ਪਾਸ ਮੁੰਡੇ ਰੁਪਈਆਂ ਨਾਲ ਘਰ ਭਰ ਦਿੰਦੇ ਹਨ। ਇਕ ਤੂੰ ਹੈਂ ਕਿ ਪੜ੍ਹਦਿਆਂ ਪੜ੍ਹਦਿਆਂ ਵਾਲ ਚਿੱਟੇ ਹੋ ਗਏ, ਪਰ ਕੋਈ ਵੀ ਨੌਕਰੀ ਨਹੀਂ ਮਿਲਦੀ।"

ਸਰਬ ਦਿਆਲ ਦੇ ਕਲੇਜੇ ਵਿਚ ਮਾਨੋ ਕਿਸੇ ਨੇ ਤੀਰ ਜਿਹਾ ਮਾਰ ਦਿੱਤਾ, ਸਿਰ ਝੁਕਾ ਕੇ ਬੋਲਿਆ-"ਨੌਕਰੀਆਂ ਤਾਂ ਬਹੁਤ ਮਿਲਦੀਆਂ ਹਨ,ਪਰ ਤਨਖਾਹ ਥੋੜੀ ਦਿੰਦੇ ਹਨ, ਇਸ ਲਈ ਵੇਖ ਰਿਹਾ ਹਾਂ ਕਿ ਕੋਈ ਚੰਗੀ ਨੌਕਰੀ ਮਿਲ ਜਾਵੇ ਤਾਂ ਕਰਾਂ।"

ਸ਼ੰਕਰ ਦੱਤ ਨੇ ਉੱਤਰ ਦਿਤਾ-"ਇਹ ਤਾਂ ਠੀਕ ਹੈ, ਪਰ ਜਦ ਤਕ ਕੋਈ ਚੰਗੀ ਨਾ ਮਿਲੇ, ਮਾੜੀ ਮੋਟੀ ਹੀ ਕਰ ਲੈ। ਜਦੋਂ ਚੰਗੀ ਮਿਲੇ ਇਸ ਨੂੰ ਛੱਡ ਦੇਵੀਂ। ਤੂੰ ਪੜ੍ਹਿਆ ਲਿਖਿਆ ਹੈ, ਸੱਚ, ਨਿਕੰਮਾ ਬੈਠਣ ਨਾਲ ਕੋਈ ਕੁਝ ਦੇ ਥੋੜਾ ਜਾਂਦਾ ਹੈ।"

ਸਰਬ ਦਿਆਲ ਚੁੱਪ ਹੋ ਗਿਆ, ਉਹ ਕੋਈ ਜਵਾਬ ਨਾ ਦੇ ਸਕਿਆ। ਸ਼ੰਕਰ ਦੱਤ ਪੂਜਾ ਪਾਠ ਕਰਨ ਵਾਲੇ ਆਦਮੀ ਇਸ ਗੱਲ ਨੂੰ ਨਹੀਂ ਸਮਝਦੇ ਕਿ ਗ੍ਰਜੂਏਟ ਮਾੜੀ ਮੋਟੀ ਨੌਕਰੀ ਨਹੀਂ ਕਰ ਸਕਦਾ।

(2)

ਦੁਪਹਿਰ ਦਾ ਵਕਤ ਸੀ। ਸਰਬ ਦਿਆਲ ਅਖ਼ਬਾਰ ਵਿਚ 'ਵਾਂਟਿਡ' ਵਾਲਾ ਕਾਲਮ ਵੇਖ ਰਿਹਾ ਸੀ। ਅਚਾਨਕ ਇਕ ਇਸ਼ਤਿਹਾਰ ਵੇਖ ਕੇ ਉਸ ਦਾ ਦਿਲ ਧੜਕਣ ਲੱਗ ਪਿਆ। ਅੰਬਾਲੇ ਦੇ ਪ੍ਰਸਿੱਧ ਰਈਸ ਰਾਏ ਬਹਾਦੁਰ ਹਨੁਮੰਤ ਰਾਏ ਸਿੰਘ ਇਕ ਮਾਸਿਕ ਪਤਰ 'ਰਫੀਕ ਹਿੰਦ, ਦੇ ਨਾਂ ਨਾਲ ਕੱਢਣ ਵਾਲੇ ਸਨ। ਉਨ੍ਹਾਂ ਨੂੰ ਉਸ ਲਈ ਇਕ ਐਡੀਟਰ ਦੀ ਲੋੜ ਸੀ, ਜੋ ਚੰਗਾ ਪੜ੍ਹਿਆ ਲਿਖਿਆ ਨੌਜਵਾਨ ਹੋਵੇ ਅਤੇ ਲਿਖਣ ਦਾ ਚੰਗਾ ਅਭਿਆਸ ਰੱਖਦਾ ਹੋਵੇ, ਅਤੇ ਜਾਤੀ ਸੇਵਾ ਦਾ ਪ੍ਰੇਮ ਹੋਵੇ। ਤਨਖਾਹ ਪੰਜ ਸੌ ਰੁਪਿਆ ਮਾਹਵਾਰ। ਸਰਬ ਦਿਆਲ ਬੈਠਾ ਸੀ, ਖੜਾ ਹੋ ਗਿਆ, ਅਤੇ ਸੋਚਣ ਲੱਗਾ "ਜੇ ਇਹ ਨੌਕਰੀ ਮਿਲ ਜਾਵੇ ਤਾਂ ਦੁੱਖ ਕੱਟਿਆ ਜਾਵੇ। ਮੈਂ ਹਰ ਪਰਕਾਰ ਨਾਲ ਇਸ ਦੇ ਯੋਗ ਹਾਂ" ਜਦੋਂ ਉਹ ਪੜ੍ਹਦਾ ਸੀ ਤਾਂ ਉਨੀਂ ਦਿਨੀਂ ਸਾਹਿਤ ਸਭਾ ਵਿਚ ਉਸ ਦੀਆਂ ਪ੍ਰਭਾਵਸ਼ਾਲੀ ਤਕਰੀਰਾਂ ਤੇ ਲੇਖਾਂ ਦਾ ਖੂਬ ਚਰਚਾ ਹੁੰਦਾ ਸੀ। ਬੋਲਣ ਵੇਲੇ ਉਸਦੇ ਮੂੰਹੋਂ ਫੁੱਲ ਕਿਰਦੇ ਸਨ, ਅਤੇ ਸਰੋਤਿਆਂ ਦੇ ਦਿਮਾਗਾਂ ਨੂੰ ਆਪਣੇ ਸ਼ਬਦਾਂ ਦੇ ਜਾਦੂ ਨਾਲ ਨਸ਼ਿਆ ਦਿੰਦਾ ਸੀ। ਉਸ ਦੇ ਦੋਸਤ ਉਸ ਨੂੰ ਮੋਢਿਆਂ ਤੇ ਚੁੱਕ ਲੈਂਦੇ ਸਨ ਤੇ ਕਹਿੰਦੇ- ਤੇਰੇ ਬੋਲਾਂ ਵਿਚ ਜਾਦੂ ਹੈ।" ਇਸ ਤੋਂ ਇਲਾਵਾ ਉਸਦੇ ਲੇਖ ਪ੍ਰਸਿੱਧ ਰਸਾਲਿਆਂ ਵਿਚ ਨਿਕਲਦੇ ਰਹੇ। ਸਰਬ ਦਿਆਲ ਨੇ ਕਈ ਵਾਰ ਇਸ ਸ਼ੌਕ ਨੂੰ ਕੋਸਿਆ ਸੀ, ਪਰ ਉਸਨੂੰ ਅੱਜ ਪਤਾ ਲਗਿਆ ਕਿ ਦੁਨੀਆਂ ਵਿਚ ਇਸ ਦੁਰਲੱਭ ਚੀਜ਼ ਦਾ ਵੀ ਕੋਈ ਗਾਹਕ ਹੈ। ਕੰਬਦੇ ਹੱਥਾਂ ਨਾਲ ਅਰਜ਼ੀ ਲਿਖੀ ਅਤੇ ਰਜਿਸਟਰੀ ਕਰਵਾ ਦਿਤੀ। ਬਾਅਦ ਵਿਚ ਸੋਚਿਆ—ਫ਼ਜ਼ੂਲ ਖਰਚ ਕੀਤਾ। ਮੈਂ ਮਾਮੂਲੀ ਗਰੈਜੂਏਟ ਸਾਂ, ਮੈਨੂੰ ਕੌਣ ਪੁਛੇਗਾ ? ਪੰਜ ਸੌ ਰੁਪਿਆ ਤਨਖ਼ਾਹ ਹੈ, ਸੈਂਕੜੇ ਉਮੀਦਵਾਰ ਹੋਣਗੇ ਇਕ ਤੋਂ ਇਕ ਵਧ ਕੇ। ਕਈ ਵਕੀਲ ਅਤੇ ਬੈਰਿਸਟਰ ਵੀ ਇਸ ਨੌਕਰੀ ਦੇ ਇਛੱਕ ਹੋਣਗੇ। ਮੈਂ ਬੜੀ ਗਲਤੀ ਕੀਤੀ, ਕਿ ਪੰਜ ਸੌ ਰੁਪਿਆ ਵੇਖ ਕੇ ਡੁਲ੍ਹ ਪਿਆ। ਪਰ ਫਿਰ ਖ਼ਿਆਲ ਆਇਆ—ਜਿਸ ਨੂੰ ਇਹ ਨੌਕਰੀ ਮਿਲੇਗੀ ਉਹ ਵੀ ਤਾਂ ਆਦਮੀ ਹੀ ਹੋਵੇਗਾ। ਯੋਗਤਾ ਅਕਸਰ ਸਭ ਵਿਚ ਇਕੋ ਜਿਹੀ ਹੁੰਦੀ ਹੈ। ਹਾਂ, ਜਦੋਂ ਤਕ ਕਿਸੇ ਕੰਮ ਨੂੰ ਹੱਥ

ਨਾ ਪਾਇਆ ਜਾਵੇ, ਤਦੋਂ ਤਕ ਤਾਂ ਆਦਮੀ ਝਿਜਕਦਾ ਹੈ। ਪਰ ਕੰਮ ਦੀ ਜ਼ਿੰਮੇਂਵਾਰੀ ਸਭ ਕੁਝ ਸਿਖਾ ਦਿੰਦੀ ਹੈ।

ਇਹਨਾਂ ਵਿਚਾਰਾਂ ਵਿਚ ਕੁਝ ਦਿਨ ਬੀਤ ਗਏ। ਕਦੇ ਆਸ ਕਲਪਨਾ ਦੀ ਰੰਗੀਨ ਦੁਨੀਆਂ ਬਣਾਉਂਦੀ, ਤਾਂ ਕਦੇ ਨਿਰਾਸਤਾ ਦਿਲ ਵਿਚ ਹਨੇਰਾ ਭਰ ਦਿੰਦੀ ਸੀ। ਸਰਬ ਦਿਆਲ ਚਾਹੁੰਦਾ ਸੀ ਕਿ ਇਸ ਖਿਆਲ ਨੂੰ ਦਿਮਾਗ਼, ਵਿਚੋਂ ਕੱਢ ਦੇਵੇ। ਪਰ ਉਹ ਅਜਿਹਾ ਨਾ ਕਰ ਸਕਿਆ। ਸੁਪਨੇ ਵਿਚ ਵੀ ਇਹੀ ਵਿਚਾਰ ਸਤਾਉਣ ਲੱਗੇ। ਪੰਦਰਾਂ ਦਿਨ ਲੰਘ ਗਏ, ਪਰ ਕੋਈ ਉਤਰ ਨਾ ਆ ਆਇਆ।

ਨਿਰਾਸਤਾ ਨੇ ਕਿਹਾ—ਹੁਣ ਚੈਨ ਨਾਲ ਬੈਠ, ਕੋਈ ਉਮੀਦ ਨਹੀਂ। ਪਰ ਆਸ ਬੋਲੀ ਹੁਣ ਤੋਂ ਹੀ ਨਿਰਾਸਤਾ ਦਾ ਕੀ ਕੰਮ ? ਪੰਜ ਸੌ ਰੁਪਏ ਦੀ ਨੌਕਰੀ ਹੈ, ਸੈਂਕੜੇ ਅਰਜ਼ੀਆਂ ਆਈਆਂ ਹੋਣਗੀਆਂ। ਉਹਨਾਂ ਨੂੰ ਵੇਖਣ ਲਈ ਕੁਝ ਵਕਤ ਚਾਹੀਦਾ ਹੈ। ਸਰਬ ਦਿਆਲ ਨੇ ਇਕ ਹਫਤਾ ਹੋਰ ਉਡੀਕਣ ਦਾ ਨਿਸਚਾ ਕਰ ਲਿਆ। ਉਸ ਨੂੰ ਨਾ ਖਾਣ ਦੀ ਚਿੰਤਾ ਸੀ ਨਾ ਪੀਣ ਦੀ। ਦਰਵਾਜ਼ੇ ਤੇ ਖੜੋਤਾ ਡਾਕੀਏ ਦਾ ਰਾਹ ਵੇਖਦਾ ਰਹਿੰਦਾ। ਉਸਨੂੰ ਆਣ ਵਿਚ ਦੇਰੀ ਹੋ ਜਾਂਦੀ ਤਾਂ ਟਹਿਲਦਾ ਟਹਿਲਦਾ ਬਾਜ਼ਾਰ ਤਕ ਨਿਕਲ ਜਾਂਦਾ। ਪਰ ਆਪਣੀ ਇਹ ਹਾਲਤ ਡਾਕੀਏ ਨੂੰ ਜ਼ਾਹਰ ਨਾ ਕਰਦਾ ਅਤੇ ਕੋਲ ਪਹੁੰਚ ਕੇ ਉਹਦੇ ਵਲ ਵੇਖਦਾ ਵੇਖਦਾ ਅੱਗੇ ਨਿਕਲ ਜਾਂਦਾ। ਫਿਰ ਮੁੜ ਕੇ ਵੇਖਦਾ ਕਿਤੇ ਡਾਕੀਆ ਬੁਲਾ ਤਾਂ ਨਹੀਂ ਰਿਹਾ। ਫਿਰ ਸੋਚਦਾ ਕੀ ਪਤਾ ਉਸਨੇ ਵੇਖਿਆ ਹੈ ਜਾਂ ਨਹੀਂ। ਇਸ ਵਿਚਾਰ ਨਾਲ ਢਾਰਸ ਬੱਝ ਜਾਂਦੀ, ਤੁਰੰਤ ਚੱਕਰ ਕੱਟ ਕੇ ਡਾਕੀਏ ਤੋਂ ਪਹਿਲਾਂ ਦਰਵਾਜ਼ੇ ਤੇ ਪਹੁੰਚ ਜਾਂਦਾ। ਅਤੇ ਬੇਪ੍ਰਵਾਹੀ ਨਾਲ ਪੁੱਛਦਾ—ਭਈ ਸਾਡੀ ਵੀ ਕੋਈ ਚਿੱਠੀ ਹੈ ਜਾਂ ਨਹੀਂ ?" ਡਾਕੀਆ ਸਿਰ ਹਿਲਾਉਂਦਾ ਤੇ ਅੱਗੇ ਚਲਾ ਜਾਂਦਾ। ਸਰਬ ਦਿਆਲ ਉਦਾਸ ਹੋ ਕੇ ਬਹਿ ਜਾਂਦਾ। ਇਹ ਉਸਦਾ ਨਿਤ ਦਾ ਕੰਮ ਹੋ ਗਿਆ ਸੀ।

ਜਦੋਂ ਤੀਜਾ ਹਫਤਾ ਵੀ ਬੀਤ ਗਿਆ ਅਤੇ ਉਤਰ ਨਾ ਆਇਆ ਤਾਂ ਸਰਬ ਦਿਆਲ ਨਿਰਾਸ ਹੋ ਗਿਆ, ਅਤੇ ਸਮਝ ਗਿਆ ਕਿ ਇਹ ਮੇਰੀ ਭੁੱਲ ਸੀ, ਅਜਿਹੀ ਨੌਕਰੀ ਸਿਫਾਰਸ਼ ਨਾਲ ਮਿਲਦੀ ਹੈ, ਖਾਲੀ ਡਿਗਰੀਆਂ ਨੂੰ ਕੌਣ ਪੁੱਛਦਾ ਹੈ ? ਇੰਨੇ ਵਿਚ ਤਾਰ ਵਾਲੇ ਨੇ ਆ ਕੇ ਆਵਾਜ਼ ਦਿਤੀ। ਸਰਬ ਦਿਆਲ ਦਾ ਦਿਲ ਉਛਲਣ ਲੱਗਾ। ਜੀਵਨ ਦੇ ਭਵਿੱਖ ਦੀ ਆਸ ਲਹਿਲਹਾਉਂਦੀ ਦਿਸੀ। ਦੌੜਿਆ ਦੌੜਿਆ ਦਰਵਾਜ਼ੇ ਤੇ ਗਿਆ ਅਤੇ ਤਾਰ ਵੇਖਕੇ ਉਛਲ ਪਿਆ। ਲਿਖਿਆ ਸੀ-"ਮਨਜ਼ੂਰ ਹੈ, ਆ ਜਾਓ।`

(3)

ਉਹ ਸ਼ਾਮ ਨੂੰ ਗੱਡੀ ਵਿਚ ਬੈਠਿਆ ਤਾਂ ਦਿਲ ਖੁਸ਼ੀ ਨਾਲ ਗਦਗਦ ਹੋ ਰਿਹਾ ਸੀ ਅਤੇ ਮਨ ਵਿਚ ਸੈਂਕੜੇ ਵਿਚਾਰ ਉਠ ਰਹੇ ਸਨ। ਪਰਚੇ ਦੀ ਐਡੀਟਰੀ ਉਸ ਲਈ ਕੌਮੀ ਸੇਵਾ ਲਈ ਬੜਾ ਉਪਯੋਗੀ ਸਾਧਨ ਸੀ। ਸੋਚਦਾ ਸੀ, "ਇਹ ਮੇਰੀ ਖੁਸ਼ ਕਿਸਮਤੀ ਹੈ ਕਿ ਇੰਨਾ ਵਧੀਆ ਮੌਕਾ ਮਿਲਿਆ ਹੈ। ਜੇ ਕਿਤੇ ਕਲਰਕ ਭਰਤੀ ਹੋ ਜਾਂਦਾ ਤਾਂ ਜੀਵਨ ਕੱਟਣਾ ਮੁਸ਼ਕਲ ਹੋ ਜਾਂਦਾ।" ਬੈਗ ਵਿਚੋਂ ਕਾਗਜ਼ ਪੈਨਸਿਲ ਕੱਢਕੇ ਪਰਚੇ ਦੀ ਤਰਤੀਬ ਠੀਕ ਕਰਨ ਲੱਗਾ। ਪਹਿਲੇ ਪੰਨੇ ਤੇ ਕੀ ਹੋਵੇ, ਦੂਜੇ ਤੇ ਕੀ ਹੋਵੇ ? ਸੰਪਾਦਕੀ ਕਿਥੇ ਠੀਕ ਰਹੇਗਾ ? ਸਾਰ ਤੇ ਸੂਚਨਾ ਲਈ ਕਿਹੜੀ ਥਾਂ ਢੁਕਵੀਂ ਰਹੇਗੀ ? ਟਾਈਟਲ ਕਿਹੋ ਜਿਹਾ ਹੋਵੇ ? ਸੰਪਾਦਕ ਦਾ ਨਾਂ ਕਿਥੇ ਆਵੇ ? ਇਹ ਸਾਰੀਆਂ ਗੱਲਾਂ ਸੋਚ ਸੋਚ ਕੇ ਲਿਖੀ ਗਿਆ। ਇਕ ਦਮ ਵਿਚਾਰ ਆਇਆ ਕਵਿਤਾ ਲਈ ਕੋਈ ਥਾਂ ਨਹੀਂ ਰੱਖੀ, ਅਤੇ ਕਵਿਤਾ ਹੀ ਇਕ ਐਸੀ ਚੀਜ਼ ਹੈ ਜਿਸ ਨਾਲ ਪਰਚੇ ਦੀ ਸ਼ਾਨ ਵਧ ਜਾਂਦੀ ਹੈ। ਜਿਵੇਂ ਖਾਣੇ ਨਾਲ ਚਟਨੀ ਇਕ ਵਿਸ਼ੇਸ਼ ਸਥਾਨ ਰੱਖਦੀ ਹੈ। ਇਸੇ ਤਰ੍ਹਾਂ ਵਿਦਵਤਾ-ਪੂਰਨ ਤੇ ਗੰਭੀਰ ਲੇਖਾਂ ਦੇ ਨਾਲ ਕਵਿਤਾ ਦਾ ਹੋਣਾ ਜ਼ਰੂਰੀ ਹੈ। ਉਸ ਨੂੰ ਲੋਕ ਦਿਲਚਸਪੀ ਨਾਲ ਪੜ੍ਹਦੇ ਹਨ। ਉਸ ਵੇਲੇ ਉਸਨੂੰ ਕਈ ਸੁਹਿਰਦ ਮਿਤਰ ਯਾਦ ਆਏ ਜਿਹੜੇ ਉਸ ਪਰਚੇ ਨੂੰ ਬਿਨਾਂ ਪੜ੍ਹਿਆਂ ਸੁੱਟਦਿਆ ਕਰਦੇ ਸਨ ਜਿਸ ਵਿਚ ਕਵਿਤਾ ਦੀ ਤੁੱਕ ਨਾ ਹੋਵੇ। ਸਰਬ ਦਿਆਲ ਨੂੰ ਯਕੀਨ ਹੋ ਗਿਆ ਇਸ ਤੋਂ ਬਿਨਾਂ ਪਰਚਾ ਕਾਮਯਾਬ ਨਹੀਂ ਹੋ ਸਕਦਾ। ਅਚਾਨਕ ਇਕ ਦਿਲਚਸਪ ਖ਼ਿਆਲ ਨਾਲ ਉਹ ਚੌਂਕ ਪਿਆ।

ਰਾਤ ਦਾ ਵੇਲਾ ਸੀ, ਗੱਡੀ ਪੂਰੀ ਰਫਤਾਰ ਨਾਲ ਜਾ ਰਹੀ ਸੀ, ਸਰਬ ਦਿਆਲ ਜਿਸ ਕਮਰੇ ਵਿਚ ਸਫਰ ਕਰ ਰਿਹਾ ਸੀ, ਉਸ ਵਿਚ ਉਸ ਤੋਂ ਬਿਨਾਂ ਕੇਵਲ ਇਕ ਮੁਸਾਫਰ ਸੀ ਜਿਹੜਾ ਆਪਣੀ ਥਾਂ ਤੇ ਸੁੱਤਾ ਪਿਆ ਸੀ। ਸਰਬ ਦਿਆਲ ਬੈਠਾ ਸੀ। ਖੜਾ ਹੋ ਗਿਆ ਅਤੇ ਅਖ਼ਬਾਰ ਬਾਰੇ ਤਿਆਰ ਕੀਤੇ ਨੋਟ ਗੱਦੇ ਤੇ ਰੱਖ ਕੇ ਆਪ ਇਧਰ ਉਧਰ ਟਹਿਲਣ ਲੱਗਾ, ਫਿਰ ਬੈਠ ਕੇ ਕਾਗਜ਼ ਤੇ ਸੁੰਦਰ ਅੱਖਰਾਂ ਵਿਚ ਲਿਖਿਆ- ਪੰਡਤ ਸਰਬ ਦਿਆਲ ਬੀ. ਏ. ਐਡੀਟਰ "ਰਫੀਕਿ ਹਿੰਦ" ਅੰਬਾਲਾ।

ਪਰ ਲਿਖਦੇ ਵਕਤ ਹੱਥ ਕੰਬ ਰਹੇ ਸਨ, ਜਿਵੇਂ ਕੋਈ ਜ਼ੁਰਮ ਕਰ ਰਿਹਾ ਹੋਵੇ। ਭਾਵੇਂ ਵੇਖਣ ਵਾਲਾ ਕੱਲ ਕੋਈ ਨਹੀਂ ਸੀ, ਤਾਂ ਵੀ ਕਾਗਜ਼ ਦੇ ਟੁਕੜੇ ਨੂੰ ਜਿਸ ਤੋਂ ਹੋਛਾਪਨ ਤੇ ਬਚਪਨਾ ਝਲਕਦਾ ਸੀ, ਵਾਰ ਵਾਰ ਛੁਪਾਉਣ ਦਾ ਯਤਨ ਕਰਦਾ ਸੀ, ਜਿਵੇਂ ਅਣਜਾਣ ਬਾਲਕ ਆਪਣੇ ਪਰਛਾਵੇਂ ਤੋਂ ਡਰ ਜਾਂਦਾ ਹੈ। ਪਰ ਹੌਲੀ ਹੌਲੀ ਇਹ ਡਰ ਦਾ ਭਾਵ ਦੂਰ ਹੋ ਗਿਆ ਅਤੇ ਉਹ ਸੁਆਦ ਲੈ ਲੈ ਕੇ ਉਸ ਲਾਈਨ ਨੂੰ ਵਾਰ ਵਾਰ ਪੜ੍ਹਨ ਲੱਗਾ

"ਪੰਡਤ ਸਰਬ ਦਿਆਲ ਬੀ. ਏ., ਐਡੀਟਰ ਰਫ਼ੀਕਿ ਹਿੰਦ" ਅੰਬਾਲਾ।"

ਦੇਰ ਤਕ ਇਸ ਧੁਨ ਵਿਚ ਮਸਤ ਰਹਿਣ ਪਿਛੋਂ ਪਤਾ ਨਹੀਂ ਕਿੰਨੇ ਵਜੇ ਉਸਨੂੰ ਨੀਂਦਰ ਆ ਗਈ, ਅਤੇ ਜਦੋਂ ਅੱਖਾਂ ਖੋਹਲੀਆਂ ਤਾਂ ਦਿਨ ਚੜ੍ਹ ਚੁੱਕਾ ਸੀ, ਅਤੇ ਗੱਡੀ ਅੰਬਾਲਾ ਸਟੇਸ਼ਨ ਤੇ ਪਹੁੰਚ ਚੁੱਕੀ ਸੀ। ਜਾਗਕੇ ਪਹਿਲੀ ਚੀਜ਼ ਜਿਸਦਾ ਉਸਨੂੰ ਖ਼ਿਆਲ ਆਇਆ ਉਹੀ ਕਾਗਜ਼ ਦਾ ਟੁਕੜਾ ਸੀ। ਪਰ ਹੁਣ ਉਸਦਾ ਕਿਤੇ ਵੀ ਕੋਈ ਪਤਾ ਨਹੀਂ ਸੀ। ਸਰਬ ਦਿਆਲ ਦਾ ਰੰਗ ਉਡ ਗਿਆ, ਵੇਖਿਆ ਤਾਂ ਸਾਹਮਣੇ ਵਾਲਾ ਮੁਸਾਫ਼ਰ ਜਾ ਚੁੱਕਾ ਸੀ। ਸਰਬ ਦਿਆਲ ਦੀ ਛਾਤੀ ਵਿਚ ਜਿਵੇਂ ਕਿਸੇ ਨੇ ਮੁੱਕਾ ਮਾਰਿਆ ਹੋਵੇ, ਮਾਨੋ ਉਸਦੀ ਕੋਈ ਜ਼ਰੂਰੀ ਚੀਜ਼ ਖੋ ਗਈ ਹੈ। ਖ਼ਿਆਲ ਆਇਆ-'ਇਹ ਮੁਸਾਫ਼ਰ ਕਿਤੇ ਠਾਕਰ ਹਨੁਮੰਤ ਰਾਏ ਸਿੰਘ ਨਾ ਹੋਵੇ। ਜੇ ਉਹੀ ਹੋਇਆ ਤਾਂ ਉਸ ਨੇ ਮੇਰਾ ਹੋਛਾਪਨ ਵੇਖ ਲਿਆ, ਤਾਂ ਕੀ ਆਖੇਗਾ ?

ਇੰਨੇ ਵਿਚ ਗੱਡੀ ਰੁਕ ਗਈ। ਸਰਬ ਦਿਆਲ ਬੈਗ ਲਈ ਥੱਲੇ ਉਤਰਿਆ, ਅਤੇ ਸਟੇਸ਼ਨ ਤੋਂ ਬਾਹਰ ਨਿਕਲ ਗਿਆ। ਇੰਨੇ ਵਿਚ ਇਕ ਨੌਜਵਾਨ ਨੇ ਪਾਸ ਆ ਕੇ ਪੁੱਛਿਆ "ਕੀ ਆਪ ਰਾਵਲ ਪਿੰਡੀ ਤੋਂ ਆ ਰਹੇ ਹੋ ?"

"ਹਾਂ, ਮੈਂ ਉਥੋਂ ਹੀ ਆ ਰਿਹਾ ਹਾਂ। ਤੁਸੀਂ ਕਿਸ ਬਾਰੇ ਪੁੱਛਦੇ ਹੋ ?

"ਠਾਕਰ ਸਾਹਿਬ ਨੇ ਗੱਡੀ ਭੇਜੀ ਹੈ।"

ਸਰਬ ਦਿਆਲ ਦਾ ਹਿਰਦਾ ਕੰਵਲ ਵਾਂਗ ਖਿੜ ਗਿਆ। ਅੱਜ ਤਕ ਕਦੇ ਬੱਘੀ ਵਿਚ ਨਹੀਂ ਸੀ ਬੈਠਿਆ, ਉਚਕ ਕੇ ਸਵਾਰ ਹੋ ਗਿਆ ਅਤੇ ਆਸ-ਪਾਸ ਵੇਖਣ ਲੱਗਾ। ਗੱਡੀ ਚਲੀ ਤੇ ਇਕ ਆਲੀਸ਼ਾਨ ਕੋਠੀ ਦੇ ਅਹਾਤੇ ਵਿਚ ਜਾ ਖੜ੍ਹੀ ਹੋਈ। ਸਰਬ ਦਿਆਲ ਦਾ ਹਿਰਦਾ ਧੜਕਣ ਲੱਗਾ। ਕੋਚਵਾਨ ਨੇ ਦਰਵਾਜਾ ਖੋਲ੍ਹਿਆ ਅਤੇ ਆਦਰ ਨਾਲ ਇਕ ਪਾਸੇ ਖੜ੍ਹਾ ਹੋ ਗਿਆ। ਸਰਬ ਦਿਆਲ ਰੁਮਾਲ ਨਾਲ ਮੂੰਹ ਪੂੰਝਦਾ ਹੋਇਆ ਥੱਲੇ ਉਤਰਿਆ ਅਤੇ ਬੋਲਿਆ- "ਠਾਕਰ ਸਾਹਿਬ ਕਿਥੇ ਹਨ ?"

ਕੋਚਵਾਨ ਨੇ ਜਵਾਬ ਵਿਚ ਇਕ ਮੁਨਸ਼ੀ ਨੂੰ ਆਵਾਜ਼ ਦੇ ਕੇ ਬੁਲਾਇਆ ਅਤੇ ਕਿਹਾ— "ਬਾਬੂ ਸਾਹਿਬ ਰਾਵਲ ਪਿੰਡੀ ਤੋਂ ਆਏ ਹਨ, ਠਾਕਰ ਸਾਹਿਬ ਦੇ ਪਾਸ ਲੈ ਜਾਓ।"

ਰਫੀਕਿ-ਹਿੰਦ ਦੇ ਖਰਚ ਦਾ ਵੇਰਵਾ ਇਸੇ ਮੁਨਸ਼ੀ ਨੇ ਤਿਆਰ ਕੀਤਾ ਸੀ। ਇਸ ਲਈ ਤੁਰੰਤ ਸਮਝ ਗਿਆ ਕਿ ਇਹ ਪੰਡਿਤ ਸਰਬ ਦਿਆਲ ਹਨ, ਜਿਹੜੇ ਰਵੀਕਿ-ਹਿੰਦ ਦੇ ਐਡੀਟਰ ਚੁਣੇ ਗਏ ਹਨ। ਆਦਰ ਨਾਲ ਬੋਲਿਆ-"ਆਉ ਸਾਹਿਬ।"

ਪੰਡਤ ਸਰਬ ਦਿਆਲ ਮੁਨਸ਼ੀ ਦੇ ਪਿੱਛੇ ਪਿੱਛੇ ਚਲਾ ਗਿਆ। ਮੁਨਸ਼ੀ ਇਕ ਕਮਰੇ ਅੱਗੇ ਰੁਕਿਆ ਅਤੇ ਰੇਸ਼ਮੀ ਪਰਦਾ ਹਟਾ ਕੇ ਬੋਲਿਆ, ਚਲੋ, ਠਾਕਰ ਸਾਹਿਬ ਬੈਠੇ ਹਨ।"

(4)

ਸਰਬ ਦਿਆਲ ਦਾ ਦਿਲ ਧੜਕਣ ਲੱਗਾ। ਜੋ ਹਾਲਤ ਕਮਜ਼ੋਰ ਵਿਦਿਆਰਥੀ ਦੀ ਇਮਤਿਹਾਨ ਵੇਲੇ ਹੁੰਦੀ ਹੈ, ਉਹੀ ਹਾਲਤ ਇਸ ਵੇਲੇ ਸਰਬ ਦਿਆਲ ਦੀ ਸੀ। ਸ਼ੰਕਾ ਹੋਇਆ ਕਿ ਕਿਤੇ ਜੋ ਰਾਏ ਮੇਰੇ ਬਾਰੇ ਠਾਕਰ ਸਾਹਿਬ ਰੱਖਦੇ ਹਨ ਉਹ ਕਿਤੇ ਗੱਲਬਾਤ ਵਿਚ ਨਾ ਬਦਲ ਜਾਵੇ। ਫਿਰ ਵੀ ਹਿੰਮਤ ਕਰਕੇ ਅੰਦਰ ਚਲਾ ਗਿਆ। ਠਾਕਰ ਹਨੁਮੰਤ ਰਾਏ ਸਿੰਘ 30-32 ਸਾਲਾਂ ਦੇ ਸੁੰਦਰ ਨੌਜਵਾਨ ਸਨ। ਉਹ ਮੁਸਕਰਾਂਦੇ ਹੋਏ ਅਗੇ ਵਧੇ ਅਤੇ ਬੜੇ ਆਦਰ ਨਾਲ ਸਰਬ ਦਿਆਲ ਨਾਲ ਹੱਥ ਮਿਲਾ ਕੇ ਬੋਲੇ- ਤੁਸੀਂ ਆ ਗਏ। ਰਾਹ ਵਿਚ ਕੋਈ ਤਕਲੀਫ ਤਾਂ ਨਹੀਂ ਹੋਈ ?”

ਸਰਬ ਦਿਆਲ ਨੇ ਧੜਕਦੇ ਹੋਏ ਦਿਲ ਨਾਲ ਉਤਰ ਦਿਤਾ "ਨਹੀਂ ਜੀ।"

"ਮੈਂ ਤੁਹਾਡੇ ਲੇਖ ਬਹੁਤ ਚਿਰ ਤੋਂ ਵੇਖ ਰਿਹਾ ਹਾਂ। ਈਸ਼ਵਰ ਦੀ ਬੜੀ ਕਿਰਪਾ ਹੈ। ਕਿ ਅੱਜ ਆਪਦੇ ਦਰਸ਼ਨ ਵੀ ਹੋਏ। ਯਕੀਨਨ ਤੁਹਾਡੀ ਲਿਖਤ ਵਿਚ ਬੜਾ ਜ਼ੋਰ ਹੈ।"

ਸਰਬ ਦਿਆਲ ਪਾਣੀ ਪਾਣੀ ਹੋ ਗਿਆ। ਆਪਣੀ ਪ੍ਰਸੰਸਾ ਸੁਣ ਕੇ ਉਸ ਦੀ ਖੁਸ਼ੀ ਦਾ ਪਾਰਾਵਾਰ ਨਾ ਰਿਹਾ। ਤਾਂ ਵੀ ਸੰਭਲ ਕੇ ਬੋਲਿਆ-"ਇਹ ਆਪਦੀ ਕਿਰਪਾ ਹੈ "

ਠਾਕਰ ਸਾਹਿਬ ਨੇ ਗੰਭੀਰਤਾ ਨਾਲ ਕਿਹਾ "ਇਹ ਨਿਮਰਤਾ ਤੁਹਾਡੀ ਯੋਗਤਾ ਦੇ ਅਨੁਕੂਲ ਹੈ। ਪਰ ਮੇਰੇ ਖ਼ਿਆਲ ਵਿਚ ਤੁਹਾਡੇ ਵਰਗਾ ਲੇਖਕ ਪੰਜਾਬ ਭਰ ਵਿਚ ਨਹੀਂ।

ਤੁਸੀਂ ਮੰਨੋ ਜਾਂ ਨਾ ਮੰਨੋ ਸਮਾਜ ਨੂੰ ਤੁਹਾਡੇ ਤੇ ਮਾਣ ਹੈ। 'ਰਫ਼ੀਕਿ-ਹਿੰਦ' ਦਾ ਸੁਭਾਗ ਹੈ ਕਿ ਉਸਨੂੰ ਆਪ ਵਰਗਾ ਸੰਪਾਦਕ ਮਿਲਿਆ ਹੈ।"

ਸਰਬ ਦਿਆਲ ਦੇ ਦਿਲ ਵਿਚ ਜੋ ਤੌਖਲੇ ਉਠ ਰਹੇ ਸਨ ਉਹ ਦੂਰ ਹੋ ਗਏ। ਮੈਦਾਨ ਮਾਰ ਲਿਆ। ਉਹ ਗੱਲ ਦਾ ਰੁੱਖ ਬਦਲਣ ਲਈ ਬੋਲਿਆ- "ਪਰਚਾ ਕਦੋਂ ਤੋਂ ਨਿਕਲੇਗਾ ?"

ਠਾਕਰ ਸਾਹਿਬ ਨੇ ਹੱਸ ਕੇ ਉੱਤਰ ਦਿੱਤਾ—"ਇਹ ਸੁਆਲ ਤਾਂ ਮੈਨੂੰ ਕਰਨਾ ਚਾਹੀਦਾ ਸੀ।"

ਉਸ ਦਿਨ 15 ਫਰਵਰੀ ਸੀ। ਸਰਬ ਦਿਆਲ ''ਕੁਝ ਦੇਰ ਸੋਚਕੇ ਬੋਲਿਆ- "ਪਹਿਲਾ ਅੰਕ, ਪਹਿਲੀ ਅਪਰੈਲ ਨੂੰ ਨਿਕਲ ਜਾਵੇ ?"

"ਚੰਗੀ ਗੱਲ ਹੈ, ਪਰ ਇੰਨੇ ਥੋੜੇ ਸਮੇਂ ਵਿਚ ਲੇਖ ਮਿਲ ਜਾਣਗੇ ? ਇਸਦਾ ਖ਼ਿਆਲ ਕਰ ਲੈਣਾ।"

"ਇਸ ਦਾ ਫ਼ਿਕਰ ਨਾ ਕਰੋ। ਮੈਂ ਅੱਜ ਤੋਂ ਹੀ ਕੰਮ ਸ਼ੁਰੂ ਕਰ ਦਿੰਦਾ ਹਾਂ। ਪਰਮਾਤਮਾ ਨੇ ਚਾਹਿਆ ਤਾਂ ਆਪ ਪਹਿਲੇ ਹੀ ਅੰਕ ਨੂੰ ਵੇਖ ਕੇ ਪ੍ਰਸੰਨ ਹੋ ਜਾਉਗੇ।"

ਇਕ ਦਮ ਠਾਕਰ ਸਾਹਿਬ ਚੌਂਕ ਕੇ ਬੋਲੇ-"ਤੁਹਾਨੂੰ ਇਹ ਸੁਣ ਕੇ ਹੈਰਾਨੀ ਹੋਵੇਗੀ ਕਿ ਇਸ ਇਸ਼ਤਿਹਾਰ ਦੇ ਉਤਰ ਵਿਚ ਦੋ ਹਜ਼ਾਰ ਅਰਜ਼ੀਆਂ ਆਈਆਂ ਸਨ। ਉਹਨਾਂ ਵਿਚੋਂ ਬਹੁਤ ਸਾਰੀਆਂ ਅਜਿਹੀਆਂ ਸਨ ਜੋ ਸਾਹਿਤ ਤੇ ਕੋਮਲਤਾ ਨਾਲ ਭਰੀਆਂ ਹੋਈਆਂ ਸਨ। ਪਰ ਤੁਹਾਡਾ ਪੱਤਰ ਸਚਾਈ ਨਾਲ ਭਰਪੂਰ ਸੀ। ਕਿਸੇ ਨੇ ਲਿਖਿਆ ਸੀ-ਮੈਂ ਇਸ ਵੇਲੇ ਦੁਕਾਨ ਕਰਦਾ ਹਾਂ ਅਤੇ ਚਾਰ ਪੰਜ ਸੋ ਰੁਪਏ ਮਹੀਨਾ ਕਮਾ ਲੈਂਦਾ ਹਾਂ, ਪਰ ਕੌਮੀ ਸੇਵਾ ਲਈ ਇਹ ਸਭ ਕੁਝ ਛੱਡਣ ਲਈ ਤਿਆਰ ਹਾਂ। ਕਿਸੇ ਨੇ ਲਿਖਿਆ ਸੀ-ਮੇਰੇ ਪਾਸ ਖਾਣ ਪੀਣ ਦੀ ਕਮੀਂ ਨਹੀਂ ਪਰ ਦੇਸ਼-ਪਰੇਮ ਹਿਰਦੇ ਵਿਚ ਉਤਸ਼ਾਹ ਪੈਦਾ ਕਰ ਰਿਹਾ ਹੈ। ਕਿਸੇ ਨੇ ਲਿਖਿਆ ਸੀ-ਮੈਂ ਵਕਾਲਤ ਲਈ ਵਲਾਇਤ ਜਾਣ ਦੀਆਂ ਤਿਆਰੀਆਂ ਕਰ ਰਿਹਾ ਹਾਂ, ਪਰ ਜੇ ਆਪ ਮੈਨੂੰ ਇਹ ਕੰਮ ਦੇ ਸਕੋ ਤਾਂ ਮੈਂ ਬਾਹਰ ਜਾਣ ਦਾ ਵਿਚਾਰ ਛੱਡ ਸਕਦਾ ਹਾਂ ਅਰਥਾਤ ਹਰੇਕ ਅਰਜ਼ੀ ਤੋਂ ਇਹ ਪ੍ਰਗਟ ਹੁੰਦਾ ਸੀ ਕਿ ਬਿਨੈਕਾਰ ਨੂੰ ਤਨਖ਼ਾਹ ਦੀ ਤਾਂ ਲੋੜ ਹੀ ਨਹੀਂ, ਅਤੇ ਉਹ ਨੌਕਰੀ ਕਰਨ ਨੂੰ ਅਪਮਾਨ ਸਮਝਦਾ ਹੈ, ਪਰ ਇਹ ਸਭ ਕੁਝ ਉਹ ਦੇਸ਼-ਪਰੇਮ ਲਈ ਕਰਨ ਵਾਸਤੇ ਤਿਆਰ ਹੈ। ਮਾਨ ਇਹ ਨੌਕਰੀ ਕਰਕੇ ਮੇਰੇ ਉਪਰ ਕੋਈ ਅਹਿਸਾਨ ਕਰ ਰਿਹਾ ਹੈ। ਕੇਵਲ ਤੁਹਾਡਾ ਪੱਤਰ ਸੀ, ਜਿਸ ਵਿਚ ਸੱਚ ਤੋਂ ਕੰਮ ਲਿਆ ਗਿਆ ਸੀ। ਅਤੇ ਇਹ ਉਹ ਗੁਣ ਹੈ, ਜਿਸਦੇ ਸਾਹਮਣੇ ਮੈਂ ਸਭ ਕੁਝ ਤੁੱਛ ਸਮਝਦਾ ਹਾਂ।"

(5)

ਅਪਰੈਲ ਦੀ ਪਹਿਲੀ ਤਾਰੀਕ ਨੂੰ 'ਰਫੀਕ ਹਿੰਦ' ਦਾ ਪਹਿਲਾ ਅੰਕ ਨਿਕਲਿਆ, ਤਾਂ ਪੰਜਾਬ ਦੇ ਪੜ੍ਹੇ ਲਿਖੇ ਲੋਕਾਂ ਵਿਚ ਸ਼ੋਰ ਮਚ ਗਿਆ, ਅਤੇ ਪੰਡਤ ਸਰਬ ਦਿਆਲ ਦੇ ਨਾਂ ਦੀ ਹਰ ਥਾਂ ਚਰਚਾ ਹੋਣ ਲੱਗ ਪਈ। ਉਸ ਦੇ ਲੇਖ ਲੋਕਾਂ ਨੇ ਪਹਿਲਾਂ ਵੀ ਪੜ੍ਹੇ ਸਨ, ਪਰ ਰਫੀਕ-ਹਿੰਦ ਦੇ ਪਹਿਲੇ ਅੰਕ ਨੇ ਤਾਂ ਉਸਨੂੰ ਦੇਸ਼ ਦੇ ਉਘੇ ਸੰਪਾਦਕਾਂ ਵਿਚ ਲਿਆ ਖੜ੍ਹਾ ਕੀਤਾ। ਪੱਤਰ ਕੀ ਸੀ ਸੁੰਦਰ ਤੇ ਸੁਗੰਧਿਤ ਫੁੱਲਾਂ ਦਾ ਗੁੱਛਾ ਸੀ ਜਿਸਦੀ ਇਕ ਇਕ ਕਲੀ ਟਹਿਕ ਟਹਿਕ ਕੇ ਆਪਣੀ ਜਾਦੂ ਭਰੀ ਮਹਿਕ ਨਾਲ ਪਾਠਕਾਂ ਨੂੰ ਮੁਗਧ ਕਰੀ ਜਾਂਦੀ ਸੀ। ਇਕ ਅਖ਼ਬਾਰ ਨੇ ਆਲੋਚਨਾ ਕਰਦਿਆਂ ਲਿਖਿਆਂ :-

"ਰਫ਼ੀਕ-ਹਿੰਦ ਦਾ ਪਹਿਲਾ ਅੰਕ ਪ੍ਰਕਾਸ਼ਿਤ ਹੋ ਗਿਆ ਹੈ, ਅਤੇ ਇਤਨੀ ਸ਼ਾਨ ਨਾਲ ਕਿ ਵੇਖਕੇ ਚਿਤ ਪ੍ਰਸੰਨ ਹੋ ਜਾਂਦਾ ਹੈ। ਪੰਡਿਤ ਸਰਬ ਦਿਆਲ ਨੂੰ ਹੁਣ ਤਕ ਅਸੀਂ ਇਕ ਲੇਖਕ ਵਜੋਂ ਹੀ ਜਾਣਦੇ ਸਾਂ, ਪਰ ਹੁਣ ਪਤਾ ਲੱਗਿਆ ਹੈ ਕਿ ਪੱਤਰ ਸੰਪਾਦਕ ਦੀ ਯੋਗਤਾ ਵੀ ਟੀਸੀ ਤਕ ਪਹੁੰਚੀ ਹੋਈ ਹੈ। ਚੰਗੇ ਲੇਖ ਲਿਖ ਲੈਣਾ ਹੋਰ ਗੱਲ ਹੈ, ਅਤੇ ਚੰਗੇ ਲੇਖ ਪ੍ਰਾਪਤ ਕਰਕੇ ਅਜਿਹੀ ਤਰਤੀਬ ਤੇ ਵਿਉਂਤ ਨਾਲ ਰੱਖਣਾ ਕਿ ਕਿਸੇ ਦੀ ਨਜ਼ਰ ਵਿਚ ਰੜਕਣ ਨਾ, ਹੋਰ ਗੱਲ ਹੈ। ਪੰਡਿਤ ਸਰਬ ਦਿਆਲ ਦੀ ਪ੍ਰਭਾਵਸ਼ਾਲੀ ਲਿਖਤ ਬਾਰੇ ਕਿਸੇ ਨੂੰ ਸ਼ੱਕ ਨਹੀਂ ਸੀ, ਪਰ ਰਫ਼ੀਕਿ ਹਿੰਦ ਨੇ ਇਸ ਗੱਲ ਨੂੰ ਵੀ ਸਪਸ਼ਟ ਕਰ ਦਿੱਤਾ ਕਿ ਆਪ ਸੰਪਾਦਕ ਦੇ ਕੰਮ ਵਿਚ ਵੀ ਪੂਰੀ ਤਰ੍ਹਾਂ ਯੋਗ ਹਨ। ਸਾਡੀ ਰਾਏ ਵਿਚ ਰਫ਼ੀਕ-ਹਿੰਦ ਤੋਂ ਵਾਂਝੇ ਰਹਿਣਾ ਕੌਮੀ ਭਾਵਨਾ ਅਤੇ ਸਾਹਿਤ ਤੇ ਸਦਾਚਾਰ ਦੀ ਭਾਵਨਾ ਨਾਲ ਦੁਰਭਾਗ ਹੀ ਨਹੀਂ, ਸਗੋਂ ਮਹਾਨ ਅਪਰਾਧ ਹੈ।"

ਇਕ ਹੋਰ ਪੱਤਰ ਦੀ ਰਾਏ ਸੀ-'ਜੇ ਸਾਡੀ ਭਾਸ਼ਾ ਵਿਚ ਕੋਈ ਮਾਸਕ ਪੱਤਰ ਹੈ, ਜਿਸ ਨੂੰ ਯੂਰਪ ਤੇ ਅਮਰੀਕਾ ਦੇ ਪੱਤਰਾਂ ਦੇ ਸਾਹਮਣੇ ਰਖਿਆ ਜਾ ਸਕਦਾ ਹੈ ਤਾਂ ਉਹ ਰਫੀਕ ਹਿੰਦ ਹੈ, ਜਿਹੜਾ ਸਭ ਤਰ੍ਹਾਂ ਦੇ ਗੁਣਾਂ ਨਾਲ ਭਰਪੂਰ ਹੈ। ਉਸਦੇ ਗੁਣਾਂ ਨੂੰ ਪਰਖਣ ਲਈ ਉਸਨੂੰ ਇਕ ਵਾਰ ਵੇਖ ਲੈਣਾ ਹੀ ਕਾਫ਼ੀ ਹੈ। ਨਿਰਸੰਦੇਹ ਪੰਡਿਤ ਸਰਬ ਦਿਆਲ ਨੇ ਸਾਡੇ ਸਾਹਿਤ ਦਾ ਸਿਰ ਉੱਚਾ ਕਰ ਦਿਤਾ ਹੈ।"

ਠਾਕਰ ਹਨੁਮੰਤ ਰਾਏ ਨੇ ਇਹ ਰਾਵਾਂ ਪੜ੍ਹੀਆਂ ਤਾਂ ਖੁਸ਼ੀ ਨਾਲ ਉਛਲ ਪਏ। ਉਹ ਮੋਟਰ ਵਿਚ ਬੈਠ ਕੇ "ਰਫ਼ੀਕ ਹਿੰਦ" ਦੇ ਦਫ਼ਤਰ ਵਿਚ ਗਏ ਅਤੇ ਪੰਡਿਤ ਸਰਬ ਦਿਆਲ ਨੂੰ ਵਧਾਈ ਦੇ ਕੇ ਬੋਲੇ-'ਮੈਨੂੰ ਇਹ ਆਸ ਨਹੀਂ ਸੀ ਕਿ ਸਾਨੂੰ ਇੰਨੀ ਸਫਲਤਾ ਪ੍ਰਾਪਤ ਹੋਵੇਗੀ।"

ਪੰਡਤ ਸਰਬ ਦਿਆਲ ਨੇ ਉਤਰ ਦਿੱਤਾ-"ਮੇਰੇ ਵਿਚਾਰ ਵਿਚ ਇਹ ਕੋਈ ਵੱਡੀ ਸਫਲਤਾ ਨਹੀਂ।"

ਠਾਕਰ ਸਾਹਿਬ ਨੇ ਕਿਹਾ- "ਤੁਸੀਂ ਭਾਵੇਂ ਕਹੋ, ਪਰ ਯਾਦ ਰੱਖਣਾ ਉਹ ਦਿਨ ਦੂਰ ਨਹੀਂ ਜਦੋਂ ਅਖ਼ਬਾਰੀ ਦੁਨੀਆਂ ਤੁਹਾਨੂੰ ਪੰਜਾਬ ਦਾ ਸ਼ਰੋਮਣੀ ਮੰਨੇਗੀ।"

(6)

ਇਸੇ ਤਰ੍ਹਾਂ ਇਕ ਸਾਲ ਬੀਤ ਗਿਆ। "ਰਫੀਕ ਹਿੰਦ' ਦੀ ਸੁਹਰਤ ਸਾਰੇ ਦੇਸ਼ ਵਿਚ ਫੈਲ ਗਈ, ਅਤੇ ਪੰਡਿਤ ਸਰਬ ਦਿਆਲ ਦੀ ਗਿਣਤੀ ਵੱਡੇ ਆਦਮੀਆਂ ਵਿਚ ਹੋਣ ਲੱਗੀ। ਕੰਗਾਲੀ ਦੇ ਦਿਨ ਬੀਤ ਚੁਕੇ ਸਨ, ਹੁਣ ਐਸ਼, ਆਰਾਮ ਤੇ ਪ੍ਰਸਿੱਧੀ ਦੇ ਦਿਨ ਸਨ। ਉਸ ਨੂੰ ਜ਼ਿੰਦਗੀ ਇਕ ਖੁਸ਼ੀ ਭਰਪੂਰ ਸਫ਼ਰ ਜਾਪਦਾ ਸੀ, ਜਿਹੜਾ ਫੁੱਲਾਂ ਦੀ ਛਾਂ ਹੇਠਾਂ ਤੈਅ ਹੋ ਰਿਹਾ ਸੀ ਅਤੇ ਜਿਸ ਨੂੰ ਅੰਬ ਦੇ ਪੱਤਿਆਂ ਵਿੱਚ ਬੈਠ ਕੇ ਗਾਉਣ ਵਾਲੀ ਕੋਇਲ ਅਤੇ ਕਲੀ-ਕਲੀ ਦਾ ਰਸ ਚੂਸਣ ਵਾਲੇ ਭੌਰੇ ਵੀ ਪਿਆਸੀਆਂ ਅੱਖਾਂ ਨਾਲ ਵੇਖਦੇ ਹਨ। ਪਰ ਇਨ੍ਹੇ ਵਿੱਚ ਕਿਸਮਤ ਨੇ ਪਾਸਾ ਪਲਟਾ ਦਿੱਤਾ।

ਅੰਬਾਲਾ ਮਿਊਂਸਪੈਲਟੀ ਦੇ ਮੈਂਬਰਾਂ ਦੀ ਚੋਣ ਦਾ ਵਕਤ ਨੇੜੇ ਆਇਆ, ਤਾਂ ਠਾਕਰ ਹਨੁਮੰਤ ਰਾਏ ਸਿੰਘ ਵੀ ਇਕ ਪੱਖ ਵਲੋਂ ਮੈਂਬਰੀ ਲਈ ਯਤਨ ਕਰਨ ਲੱਗੇ। ਅਮੀਰ ਆਦਮੀ ਸਨ, ਰੁਪਿਆ-ਪੈਸਾ ਪਾਣੀ ਦੀ ਤਰ੍ਹਾਂ ਵਹਾਉਣ ਲਈ ਤਿਆਰ ਹੋ ਗਏ। ਉਨ੍ਹਾਂ ਦੇ ਮੁਕਾਬਲੇ ਤੇ ਲਾਲਾ ਹਸ਼ਮਤ ਰਾਏ ਖੜੇ ਹੋਏ। ਉਹ ਹਾਈ ਸਕੂਲ ਦੇ ਹੈਡਮਾਸਟਰ, ਥੋੜੀ ਤਨਖ਼ਾਹ ਲੈਂਦੇ ਸਨ, ਅਤੇ ਕੱਪੜੇ ਵੀ ਸਾਧਾਰਣ ਪਾਉਂਦੇ ਸਨ। ਕੋਠੀ ਵਿਚ ਨਹੀਂ, ਸ਼ਹਿਰ ਦੀ ਇਕ ਗਲੀ ਵਿਚ ਉਨ੍ਹਾਂ ਦੀ ਰਿਹਾਇਸ਼ ਸੀ। ਉਨ੍ਹਾਂ ਨਾਲ ਪੰਡਤ ਸਰਬ ਦਿਆਲ ਦੀ ਬੜੀ ਦੋਸਤੀ ਸੀ। ਉਨ੍ਹਾਂ ਦੀ ਇੱਛਿਆ ਨਹੀਂ ਸੀ ਕਿ ਇਸ ਝੰਜਟ ਵਿਚ ਪੈਣ, ਪਰ ਸੁਹਿਰਦ ਮਿਤਰਾਂ ਨੇ ਜ਼ੋਰ ਦੇ ਕੇ ਉਨਾਂ ਨੂੰ ਖੜਾ ਕਰ ਹੀ ਦਿੱਤਾ। ਪੰਡਤ ਸਰਬ ਦਿਆਲ ਨੇ ਸਹਾਇਤਾ ਦਾ ਵਚਨ ਦਿੱਤਾ।

ਠਾਕਰ ਹਨੁਮੰਤ ਰਾਏ ਸਿੰਘ ਸਮਾਜ-ਸੇਵਾ ਦੇ ਚਾਹਵਾਨ ਤਾਂ ਸਨ ਪਰ ਉਨ੍ਹਾਂ ਦੀ ਕਹਿਣੀ ਤੇ ਕਰਨੀ ਵਿਚ ਬੜਾ ਫ਼ਰਕ ਸੀ। ਉਨ੍ਹਾਂ ਦੀ ਸਮਾਜ-ਸੇਵਾ ਤਕਰੀਰ ਝਾੜਨ, ਲੇਖ ਲਿਖਣ ਅਤੇ, ਮਤਾ ਪਾਸ ਕਰਵਾ ਦੇਣ ਤਕ ਹੀ ਸੀਮਤ ਸੀ। ਇਸ ਤੋਂ ਅੱਗੇ ਜਾਣਾ ਉਹ ਜ਼ਰੂਰੀ ਹੀ ਨਹੀਂ ਸਨ ਸਮਝਦੇ, ਸਗੋਂ ਆਪਣੇ ਸਵਾਰਥ ਲਈ ਤਾਂ ਆਪਣੇ ਬਚਨਾਂ ਦੇ ਵਿਰੁੱਧ ਵੀ ਕੰਮ ਕਰਨ ਤੋਂ ਨਹੀਂ ਸਨ ਝਿਜਕਦੇ। ਇਸ ਗੱਲ ਨੂੰ ਪੰਡਤ ਸਰਬ ਦਿਆਲ ਚੰਗੀ ਤਰ੍ਹਾਂ

ਜਾਣਦੇ ਸਨ। ਇਸ ਲਈ ਉਸਨੇ ਆਪਣੇ ਮਨ ਵਿਚ ਪੱਕਾ ਫ਼ੈਸਲਾ ਕਰ ਲਿਆ ਕਿ ਨਤੀਜਾ ਭਾਵੇਂ ਕਿੰਨਾ ਬੁਰਾ ਕਿਉਂ ਨਾ ਹੋਵੇ, ਠਾਕੁਰ ਸਾਹਿਬ ਨੂੰ ਮੈਂਬਰ ਨਹੀਂ ਬਣਨ ਦੇਵਾਂਗਾ। ਇਸ ਪਦਵੀ ਲਈ ਉਹ ਲਾਲਾ ਹਸ਼ਮਤ ਰਾਏ ਨੂੰ ਹੀ ਯੋਗ ਸਮਝਦੇ ਸਨ।

ਐਤਵਾਰ ਦਾ ਦਿਨ ਸੀ। ਪੰਡਤ ਸਰਬ ਦਿਆਲ ਦਾ ਭਾਸ਼ਣ ਸੁਣਨ ਲਈ ਹਜ਼ਾਰਾਂ ਲੋਕ ਇਕੱਠੇ ਹੋ ਰਹੇ ਸਨ। ਇਸ਼ਤਿਹਾਰ ਵਿਚ ਭਾਸ਼ਣ ਦਾ ਵਿਸ਼ਾ "ਮਿਊਂਸੀਪਲ ਚੋਣ" ਦਿਤਾ ਸੀ। ਪੰਡਤ ਸਰਬ ਦਿਆਲ ਕੀ ਕਹਿੰਦੇ ਹਨ, ਲੋਕ ਇਹ ਜਾਣਨ ਲਈ ਉਤਾਵਲੇ ਹੋ ਰਹੇ ਸਨ। ਲੋਕਾਂ ਦੀਆਂ ਅੱਖਾਂ ਇਹ ਵੇਖਣ ਦੀ ਉਡੀਕ ਕਰ ਰਹੀਆਂ ਸਨ ਕਿ ਪੰਡਤ ਸਰਬ ਦਿਆਲ ਸੱਚ ਨੂੰ ਅਪਣਾਉਂਦਾ ਹੈ ਕਿ ਝੂਠ ਵਲ ਝੁਕਦਾ ਹੈ ? ਨਿਆਂ ਦਾ ਪੱਖ ਲੈ ਦਾ ਹੈ ਜਾਂ ਰੁਪਏ ਪੈਸੇ ਦਾ ? ਇੰਨੇ ਵਿਚ ਸਰਬ ਦਿਆਲ ਸਟੇਜ ਤੇ ਆਏ। ਲੋਕਾਂ ਨੇ ਤਾੜੀਆਂ ਮਾਰਕੇ ਸੁਆਗਤ ਕੀਤਾ। ਕੰਨ ਸਟੇਜ ਵਲ ਲਗਾ ਸੁਣਨ ਲੱਗੇ। ਉਹ ਕਹਿਣ ਲੱਗੇ :

"ਮੈਂ ਇਹ ਨਹੀਂ ਕਹਿੰਦਾ ਕਿ ਆਪ ਅਮਕੇ ਆਦਮੀ ਨੂੰ ਆਪਣੀ ਵੋਟ ਦਿਉ। ਪਰ ਇੰਨਾ ਜ਼ਰੂਰ ਕਹਿੰਦਾ ਹਾਂ, ਕਿ ਜੋ ਕੁਝ ਕਰੋ ਸਮਝ ਸੋਚਕੇ ਕਰੋ। ਇਹ ਕੋਈ ਮਾਮੂਲੀ ਗੱਲ ਨਹੀਂ ਕਿ ਆਪ ਬੇਪਰਵਾਹੀ ਤੋਂ ਕੰਮ ਲਵੋ, ਅਤੇ ਚਾਹ ਦੀਆਂ ਪਿਆਲੀਆਂ ਤੇ ਬਿਸਕੁਟਾਂ ਦੀਆਂ ਪਲੇਟਾਂ ਅਤੇ ਟਾਂਗੇ ਦੀ ਸੈਰ ਤੇ ਵੋਟ ਦਿਉ ਜਾਂ ਜਾਤ-ਬਰਾਦਰੀ ਤੇ ਸ਼ਾਹੂਕਾਰੀ ਠਾਠ-ਬਾਠ ਤੇ ਲੱਟੂ ਹੋ ਜਾਉ। ਇਸ ਵੋਟ ਦਾ ਅਧਿਕਾਰੀ ਉਹ ਮਨੁੱਖ ਹੈ ਜਿਸ ਦੇ ਦਿਲ ਵਿਚ ਤਰਸ ਹੋਵੇ ਅਤੇ ਦੇਸ਼ ਤੇ ਸਮਾਜ ਲਈ ਹਮਦਰਦੀ ਹੋਵੇ, ਜਿਹੜਾ ਸਮਾਜ ਦੇ ਸਧਾਰਣ ਤੇ ਛੋਟੇ ਲੋਕਾਂ ਵਿਚ ਘੁੰਮਦਾ ਹੋਵੇ ਅਤੇ ਸਮਾਜ ਨੂੰ ਉੱਚਾ ਚੁੱਕਣ ਲਈ ਦਿਨ-ਰਾਤ ਜੁਟਿਆ ਰਹੇ। ਜਿਹੜਾ ਪਲੇਗ ਤੇ ਹੈਜ਼ੇ ਦੇ ਦਿਨਾਂ ਵਿਚ ਰੋਗੀਆਂ ਦੀ ਸੇਵਾ ਸੰਭਾਲ ਕਰਦਾ ਹੋਵੇ, ਅਤੇ ਕਾਲ ਦੇ ਸਮੇਂ ਗਰੀਬ-ਗੁਰਬੇ ਨੂੰ ਮਦਦ ਦਿੰਦਾ ਹੋਵੇ। ਜਿਹੜਾ ਸੱਚੇ ਅਰਥਾਂ ਵਿਚ ਦੇਸ਼ ਦਾ ਹਿਤੈਸ਼ੀ ਹੋਵੇ, ਅਤੇ ਲੋਕਾਂ ਦੇ ਹਾਰਦਿਕ ਵਿਚਾਰਾਂ ਦੀ ਸਪਸ਼ਟ ਤਰਜਮਾਨੀ ਕਰਦਾ ਹੋਵੇ ਅਤੇ ਉਨ੍ਹਾਂ ਦੀ ਹਮਾਇਤ ਵਿਚ ਦਲੇਰ ਤੇ ਪਖਪਾਤ-ਰਹਿਤ ਹੋਵੇ। ਅਜਿਹਾ ਆਦਮੀ ਗ਼ਰੀਬ ਹੁੰਦਾ ਹੋਇਆ ਵੀ ਚੁਣੇ ਜਾਣ ਦਾ ਹੱਕਦਾਰ ਹੈ ਕਿਉਂਕਿ ਇਹੀ ਭਾਵ ਉਸਦੇ ਭੱਵਿਖ ਵਿਚ ਉਪਯੋਗੀ ਸਿੱਧ ਹੋਣ ਦੇ ਸਬੂਤ ਹਨ।"

ਠਾਕਰ ਹਨੂਮੰਤ ਰਾਏ ਸਿੰਘ ਨੂੰ ਪੂਰਾ ਭਰੋਸਾ ਸੀ ਕਿ ਪੰਡਤ ਸਰਬ ਦਿਆਲ ਉਨ੍ਹਾਂ ਦੇ ਹੱਕ ਵਿਚ ਬੋਲੇਗਾ। ਪਰ ਭਾਸ਼ਣ ਸੁਣਕੇ ਉਨ੍ਹਾਂ ਦੇ ਤਨ ਨੂੰ ਅੱਗ ਲੱਗ ਗਈ। ਕੁਝ ਆਦਮੀ ਅਜਿਹੇ ਵੀ ਸਨ ਜੋ ਸਰਬ ਦਿਆਲ ਦੀ ਪ੍ਰਸਿੱਧੀ ਵੇਖਕੇ ਉਸ ਨਾਲ ਜਲਦੇ ਸਨ। ਉਨ੍ਹਾਂ ਨੂੰ

ਮੌਕਾ ਮਿਲ ਗਿਆ, ਠਾਕਰ ਸਾਹਿਬ ਕੋਲ ਜਾ ਕੇ ਬੋਲੇ-"ਇਹ ਗੱਲ ਕੀ ਹੈ ? ਕਿ ਉਹ ਤੁਹਾਡਾ ਹੀ ਅੰਨ ਖਾ ਕੇ ਤੁਹਾਡੇ ਵਿਰੁੱਧ ਬੋਲਣ ਲੱਗ ਪਿਆ ਹੈ।"

ਠਾਕਰ ਸਾਹਿਬ ਬੋਲੇ-"ਮੈਂ ਉਸ ਨਾਲ ਕੋਈ ਮਾੜਾ ਸਲੂਕ ਨਹੀਂ ਕੀਤਾ ਪਰ ਪਤਾ ਨਹੀਂ ਉਸਦੇ ਮਨ ਵਿਚ ਕੀ ਸਮਾਇਆ ਹੈ ?"

ਇਕ ਆਦਮੀ ਨੇ ਕਿਹਾ-"ਕੁਝ ਘਮੰਡੀ ਹੈ।"

ਠਾਕਰ ਸਾਹਿਬ ਨੇ ਜੋਸ਼ ਵਿਚ ਆ ਕੇ ਕਿਹਾ-"ਮੈਂ ਉਸਦਾ ਸਾਰਾ ਘੁਮੰਡ ਤੋੜ ਦਿਆਂਗਾ।"

ਕੁਝ ਦੇਰ ਬਾਅਦ ਪੰਡਤ ਸਰਬ ਦਿਆਲ ਨੂੰ ਬੁਲਾਇਆ ਗਿਆ। ਉਹ ਇਸ ਲਈ ਪਹਿਲਾਂ ਹੀ ਤਿਆਰ ਸੀ, ਉਸਦੇ ਆਉਣ ਤੇ ਠਾਕਰ ਸਾਹਿਬ ਨੇ ਕਿਹਾ-"ਕਿਉਂ ਪੰਡਤ ਜੀ ! ਮੈਂ ਕੀ ਅਪਰਾਧ ਕੀਤਾ ਹੈ ?"

ਪੰਡਤ ਸਰਬ ਦਿਆਲ ਦਾ ਦਿਲ ਧੜਕਣ ਲੱਗਾ, ਪਰ ਹੌਸਲੇ ਨਾਲ ਬੋਲਿਆ, "ਮੈਂ ਕਦੋਂ ਕਿਹਾ ਹੈ ਕਿ ਆਪਨੇ ਕੋਈ ਅਪਰਾਧ ਕੀਤਾ ਹੈ ??

"ਤਾਂ ਇਸ ਭਾਸ਼ਣ ਦਾ ਕੀ ਮਤਲਬ ਸੀ ?

"ਇਹ ਸੁਆਲ ਸਿਧਾਂਤ ਦਾ ਹੈ।"

"ਤਾਂ ਮੇਰੇ ਵਿਰੁੱਧ ਤਕਰੀਰ ਕਰੋਗੇ ਤੁਸੀਂ ?"

ਪੰਡਤ ਸਰਬ ਦਿਆਲ ਨੇ ਧਰਤੀ ਵਲ ਵੇਖਦੇ ਹੋਏ ਉਤਰ ਦਿੱਤਾ- 'ਮੈਂ ਤੁਹਾਡੇ ਨਾਲੋਂ ਲਾਲਾ ਹਸ਼ਮਤ ਰਾਏ ਨੂੰ ਮੈਂਬਰੀ ਲਈ ਵਧੇਰੇ ਯੋਗ ਸਮਝਦਾ ਹਾਂ।”

"ਇਹ ਸੌਦਾ ਤੁਹਾਨੂੰ ਬਹੁਤ ਮਹਿੰਗਾ ਪਏਗਾ ?

ਪੰਡਤ ਸਰਬ ਦਿਆਲ ਨੇ ਸਿਰ ਉੱਚਾ ਕੀਤਾ ਤੇ ਕਿਹਾ, "ਮੈਂ ਇਸ ਲਈ ਸਭ ਕੁਝ ਦੇਣ ਨੂੰ ਤਿਆਰ ਹਾਂ।”

ਠਾਕਰ ਸਾਹਿਬ ਇਸ ਦਲੇਰੀ ਨੂੰ ਵੇਖਕੇ ਦੰਗ ਰਹਿ ਗਏ ਅਤੇ ਬੋਲੇ-

"ਨੌਕਰੀ ਵੀ ਤੇ ਇਜ਼ਤ ਵੀ ?"

"ਹਾਂ ਨੌਕਰੀ ਤੇ ਇਜ਼ਤ ਵੀ।"

"ਉਸ ਤੁੱਛ, ਘਟੀਆ ਤੇ ਕੱਲ੍ਹ ਦੇ ਛੋਕਰੇ ਹਸ਼ਮਤ ਰਾਏ ਵਾਸਤੇ ?"

“ਨਹੀਂ, ਸਚਾਈ ਲਈ।”

ਠਾਕਰ ਸਾਹਿਬ ਨੂੰ ਖ਼ਿਆਲ ਨਹੀਂ ਸੀ ਕਿ ਗੱਲ ਇਤਨੀ ਵੱਧ ਜਾਵੇਗੀ, ਨਾ ਹੀ ਉਨ੍ਹਾਂ ਦੀ ਇੱਛਾ ਸੀ ਕਿ ਇਸ ਵਿਸ਼ੇ ਨੂੰ ਬਹੁਤਾ ਲੰਮਾ ਕੀਤਾ ਜਾਵੇ। ਪਰ ਜਦੋਂ ਗੱਲ ਵਧ ਹੀ ਗਈ ਤਾਂ ਪਿਛੇ ਨਾ ਹਟ ਸਕੇ। ਗਰਜ ਕੇ ਬੋਲੇ- "ਇਹ ਸਚਾਈ ਇਥੇ ਨਹੀਂ ਨਿਭੇਗੀ।”

ਪੰਡਤ ਸਰਬ ਦਿਆਲ ਨੂੰ ਸ਼ਾਇਦ ਨਰਮ ਸ਼ਬਦਾਂ ਵਿਚ ਕਿਹਾ ਜਾਂਦਾ ਤਾਂ ਉਹ ਆਪਣਾ ਹੱਠ ਛਡ ਦਿੰਦਾ। ਪਰ ਇਸ ਅਨੁਚਿਤ ਦਬਾ ਨੂੰ ਉਹ ਨਾ ਸਹਿ ਸਕਿਆ। ਧਮਕੀ ਦੇ ਜਵਾਬ ਵਿਚ ਉਸ ਨੇ ਆਕੜ ਕੇ ਕਿਹਾ, "ਅਜਿਹੀ ਨਿਭੇਗੀ ਕਿ ਆਪ ਵੇਖੋਗੇ।"

“ਕੀ ਕਰ ਲਏਂਗਾ ? ਕੀ ਤੂੰ ਸਮਝਦਾ ਹੈ ਕਿ ਇਨ੍ਹਾਂ ਭਾਸ਼ਣਾ ਨਾਲ ਮੈਂ ਮੈਂਬਰ ਨਹੀਂ ਬਣ ਸਕਾਂਗਾ ?"

"ਨਹੀਂ, ਇਹ ਗੱਲ ਤਾਂ ਨਹੀਂ ਸਮਝਦਾ।”

‘ਤਾਂ ਫਿਰ ਤੂੰ ਅੜਦਾ ਕਿਸ ਕਰਕੇ ਹੈਂ ?"

"ਇਹ ਮੇਰਾ ਫ਼ਰਜ਼ ਹੈ। ਉਸਨੂੰ ਪੂਰਾ ਕਰਨਾ ਮੇਰਾ ਧਰਮ ਹੈ। ਫਲ ਪਰਮੇਸ਼ਰ ਦੇ ਹੱਥ ਹੈ।”

ਠਾਕਰ ਸਾਹਿਬ ਨੇ ਮੂੰਹ ਮੋੜ ਲਿਆ। ਪੰਡਤ ਸਰਬ ਦਿਆਲ ਟਾਂਗੇ ਵਿਚ ਜਾ ਬੈਠੇ ਤੇ ਕੋਚਵਾਨ ਨੂੰ ਬੋਲੇ -‘ਚਲ।”

ਇਸ ਦੇ ਦੂਜੇ ਦਿਨ ਪੰਡਤ ਸਰਬਦਿਆਲ ਨੇ ਅਸਤੀਫਾ ਭੇਜ ਦਿੱਤਾ।

ਸੰਸਾਰ ਦੀ ਗਤੀ ਅਜੀਬ ਹੈ। ਜਿਸ ਸਚਾਈ ਨੇ ਉਸਨੂੰ ਇਕ ਦਿਨ ਸੁਖ ਆਰਾਮ ਦੇ ਦਿਨ ਵਿਖਾਏ ਸਨ, ਉਸੇ ਸਚਾਈ ਕਾਰਣ ਨੌਕਰੀ ਤੋਂ ਜਵਾਬ ਮਿਲਿਆ। ਨੌਕਰੀ ਕਰਨ ਵੇਲੇ ਸਰਬ ਦਿਆਲ ਖੁਸ਼ ਹੋਇਆ ਸੀ, ਛੱਡਣ ਵੇਲੇ ਉਸ ਤੋਂ ਵੀ ਵਧ ਖੁਸ਼ ਸੀ।

ਪਰ ਲਾਲਾ ਹਸ਼ਮਤ ਰਾਏ ਨੇ ਇਹ ਖਬਰ ਸੁਣੀ ਤਾਂ ਅਵਾਕ ਰਹਿ ਗਿਆ। ਉਹ ਭਜਦਾ ਹੋਇਆ ਪੰ. ਸਰਬ ਦਿਆਲ ਕੋਲ ਗਿਆ ਤੇ ਬੋਲਿਆ- "ਭਾਈ ! ਮੈਂ ਮੈਂਬਰੀ ਛੱਡੀ, ਤੂੰ ਆਪਣਾ ਅਸਤੀਫਾ ਵਾਪਸ ਲੈ ਲੈ।"

ਪੰਡਤ ਸਰਬ ਦਿਆਲ ਦੇ ਚੇਹਰੇ ਤੇ ਇਕ ਅਦੁੱਤੀ ਤੇਜ ਸੀ, ਜਿਹੜਾ ਇਸ ਦੁਨਿਆਵੀ ਸੰਸਾਰ ਵਿਚ ਘਟ ਹੀ ਵਿਖਾਈ ਦਿੰਦਾ ਹੈ। ਉਸਨੇ ਧੀਰਜ ਤੇ ਦ੍ਰਿੜਤਾ ਨਾਲ ਉਤਰ ਦਿਤਾ, "ਇਹ ਅਸੰਭਵ ਹੈ।”

"ਕੀ ਮੇਰੀ ਮੈਂਬਰੀ ਦਾ ਇੰਨਾਂ ਖ਼ਿਆਲ ਹੈ ?"

"ਨਹੀਂ, ਇਹ ਸਿਧਾਂਤ ਦੀ ਗੱਲ ਹੈ।"

ਲਾਲਾ ਹਸ਼ਮਤ ਰਾਏ ਨਿਰੰਤਰ ਹੋ ਕੇ ਚੁਪ ਹੋ ਗਏ। ਇਕ ਦਮ ਉਨ੍ਹਾਂ ਨੂੰ ਵਿਚਾਰ ਆਇਆ ਕਿ "ਰਫੀਕ ਹਿੰਦ" ਤਾਂ ਪੰਡਤ ਜੀ ਨੂੰ ਬਹੁਤ ਪਿਆਰਾ ਹੈ ਜਿਵੇਂ ਉਹ ਉਸਦਾ ਪਿਆਰਾ ਪੁੱਤਰ ਹੈ। ਧੀਰਜ ਭਾਵ ਨਾਲ ਬੋਲੇ-'ਰਫੀਕ, ਹਿੰਦ ਨੂੰ ਵੀ ਛੱਡ ਦਿਉਗੇ ?”

“ਹਾਂ, ਛੱਡ ਦਿਆਂਗਾ ?"

"ਫਿਰ ਕੀ ਕਰੋਗੇ ?'

"ਕੋਈ ਹੋਰ ਕੰਮ ਕਰ ਲਵਾਂਗਾ, ਪਰ ਸਚਾਈ ਨਹੀਂ ਛਡਾਂਗਾ।"

“ਪੰਡਤ ਜੀ ! ਗਲਤੀ ਕਰ ਰਹੇ ਹੋ, ਆਪਣਾ ਸਭ ਕੁਝ ਗੁਆ ਲਵੋਗੇ।”

"ਪਰ ਸੱਚ ਤਾਂ ਬਚਿਆ ਰਹੇਗਾ, ਮੈਂ ਇਹੀ ਚਾਹੁੰਦਾ ਹਾਂ।"

ਲਾਲਾ ਹਸ਼ਮਤ ਰਾਏ ਨੇ ਵੇਖਿਆ ਕਿ ਹੁਣ ਹੋਰ ਕਹਿਣਾ ਫ਼ਜ਼ਲ ਹੈ। ਚੁੱਪ ਹੋ ਕੇ ਬੈਠ ਗਏ। ਇੰਨੇ ਵਿਚ ਠਾਕਰ ਹਕੁਮੰਤ ਰਾਏ ਸਿੰਘ ਦੇ ਇਕ ਨੌਕਰ ਨੇ ਆ ਕੇ ਪੰ. ਸਰਬ ਦਿਆਲ ਦੇ ਹਥ ਵਿਚ ਲਿਫ਼ਾਫ਼ਾ ਰੱਖ ਦਿਤਾ। ਉਸਨੇ ਖੋਲ੍ਹ ਕੇ ਪੜ੍ਹਿਆ ਅਤੇ ਕਿਹਾ— "ਮੈਨੂੰ ਪਹਿਲਾਂ ਹੀ ਪਤਾ ਸੀ।"

ਲਾਲਾ ਹਸ਼ਮਤ ਰਾਏ ਨੇ ਪੁਛਿਆ-"ਕੀ ਹੈ, ਵੇਖਾਂ ?"

"ਅਸਤੀਫ਼ਾ ਮਨਜ਼ੂਰ ਹੋ ਗਿਆ ਹੈ।”

## (7)

ਠਾਕਰ ਹਨੁਮੰਤ ਰਾਏ ਸਿੰਘ ਨੇ ਸੋਚਿਆ, ਜੇ ਹੁਣ ਵੀ ਸਫਲਤਾ ਨਾ ਹੋਈ, ਤਾਂ ਨੱਕ ਵੱਢਿਆ ਜਾਵੇਗਾ। ਅਮੀਰ ਆਦਮੀ ਸਨ, ਥੈਲੀ ਦਾ ਮੂੰਹ ਖੋਲ੍ਹ ਦਿੱਤਾ। ਸੁਹਿਰਦ ਮਿਤਰਾਂ ਤੇ ਲੱਭੀ ਖੁਸ਼ਾਮਦੀਆਂ ਦੀ ਸਲਾਹ ਨਾਲ ਹਲਵਾਈ ਬੁਲਵਾ ਲਏ ਗਏ ਅਤੇ ਭੱਠੀਆਂ ਭਖਣ ਲੱਗੀਆਂ। ਟਾਂਗੇ ਦੌੜਨ ਲੱਗੇ ਤੇ ਵੋਟਾਂ ਤੇ ਰੁਪਏ ਨਿਛਾਵਰ ਹੋਣ ਲੱਗੇ। ਹੁਣ ਤਕ ਠਾਕਰ ਸਾਹਿਬ ਦਾ ਘਮੰਡੀ ਸਿਰ ਕਿਸੇ ਬੁੱਢੇ ਦੇ ਅੱਗੇ ਵੀ ਨਹੀਂ ਸੀ ਝੁਕਿਆ। ਪਰ ਚੋਣਾਂ ਕੀ ਆਈਆਂ ਕਿ ਉਨ੍ਹਾਂ ਦਾ ਸੁਭਾ ਹੀ ਬਦਲ ਗਿਆ। ਹੁਣ ਕੰਗਾਲ ਤੋਂ ਕੰਗਾਲ ਆਦਮੀ ਵੀ ਮਿਲਦਾ ਤਾਂ ਮੋਟਰ ਰੋਕ ਲੈਂਦੇ ਅਤੇ ਹੱਥ ਜੋੜ ਕੇ ਨਿਮਰਤਾ ਨਾਲ ਕਹਿੰਦੇ—ਕੋਈ ਸੇਵਾ ਹੋਵੇ ਤਾਂ ਹੁਕਮ ਕਰਨਾ ! ਮੈਂ ਦਾਸ ਹਾਂ।" ਠਾਕਰ ਸਾਹਿਬ ਦਾ ਪੱਕਾ ਖਿਆਲ ਸੀ ਲੋਕ ਇਸ ਤਰ੍ਹਾਂ ਵਸ ਵਿਚ ਹੋ ਜਾਣਗੇ। ਪਰ ਇਹ ਉਨ੍ਹਾਂ ਦੀ ਭੁੱਲ ਸੀ। ਹਾਂ, ਜੋ ਲਾਲਚੀ ਸਨ, ਉਹ ਦਿਨ ਰਾਤ

ਠਾਕਰ ਸਾਹਿਬ ਦੇ ਘਰ ਮਿਠਾਈਆਂ ਉਡਾਂਦੇ ਸਨ ਅਤੇ ਮਨ ਵਿਚ ਪ੍ਰਾਰਥਨਾ ਕਰਦੇ ਸਨ ਕਿ ਕਾਸ਼ ! ਸਰਕਾਰ ਨਿਯਮ ਬਦਲ ਦੇਵੇ ਤੇ ਹਰ ਤਿੰਨਾਂ ਮਹੀਨਿਆਂ ਪਿਛੋਂ ਚੋਣਾਂ ਹੋਇਆ ਕਰਨ।

ਪਰ ਲਾਲਾ ਹਸ਼ਮਤ ਰਾਏ ਵਲੋਂ ਨਾ ਕੋਈ ਟਾਂਗਾ ਦੌੜਦਾ ਸੀ, ਨਾ ਲੱਡੂ ਵੰਡੀਦੇ ਸਨ। ਹਾਂ, ਦੋ ਚਾਰ ਜਲਸੇ ਜ਼ਰੂਰ ਹੋਏ, ਜਿਨ੍ਹਾਂ ਵਿਚ ਪੰ. ਸਰਬ ਦਿਆਲ ਨੇ ਲਗਾਤਾਰ ਤਕਰੀਰਾਂ ਕੀਤੀਆਂ ਅਤੇ ਹਰ ਤਰੀਕੇ ਨਾਲ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਲਾਲਾ ਹਸ਼ਮਤ ਰਾਏ ਤੋਂ ਵੱਧ ਕੇ ਮੈਂਬਰੀ ਲਈ ਹੋਰ ਕੋਈ ਆਦਮੀ ਯੋਗ ਨਹੀਂ।

ਚੋਣ ਦਾ ਦਿਨ ਆ ਪਹੁੰਚਿਆ। ਠਾਕਰ ਹਨੁਮੰਤ ਰਾਏ ਸਿੰਘ ਅਤੇ ਲਾਲਾ ਹਸ਼ਮਤ ਰਾਏ ਦੋਹਾਂ ਦੇ ਦਿਲ ਧੜਕਣ ਲੱਗੇ, ਜਿਵੇਂ ਇਮਤਿਹਾਨ ਦਾ ਨਤੀਜਾ ਨਿਕਲਣ ਵੇਲੇ ਵਿਦਿਆਰਥੀਆਂ ਦਾ ਦਿਲ ਬੇ-ਕਾਬੂ ਹੋ ਜਾਂਦਾ ਹੈ। ਦੁਪਹਿਰ ਦਾ ਵੇਲਾ ਸੀ, ਪਰਚੀਆਂ ਦੀ ਗਿਣਤੀ ਹੋ ਰਹੀ ਸੀ। ਠਾਕਰ ਹਨੁਮੰਤ ਰਾਏ ਦੇ ਆਦਮੀ ਫੁੱਲਾਂ ਦੇ ਹਾਰ, ਵਿਕਟੋਰੀਆ ਬੈਂਡ ਅਤੇ ਆਤਸ਼ਬਾਜ਼ੀ ਦੇ ਗੋਲੇ ਲੈ ਕੇ ਆਏ ਹੋਏ ਸਨ। ਉਨ੍ਹਾਂ ਨੂੰ ਪੂਰਾ ਵਿਸ਼ਵਾਸ ਸੀ ਕਿ ਠਾਕਰ ਸਾਹਿਬ ਮੈਂਬਰ ਬਣ ਜਾਣਗੇ ਅਤੇ ਵਿਸ਼ਵਾਸ ਦਾ ਕਾਰਣ ਵੀ ਸੀ, ਕਿਉਂਕਿ ਠਾਕਰ ਸਾਹਿਬ ਦਾ ਪੰਜੀ ਹਜ਼ਾਰ ਖਰਚ ਹੋ ਚੁੱਕਾ ਸੀ। ਪਰ ਜਦੋਂ ਨਤੀਜਾ ਨਿਕਲਿਆ ਤਾਂ ਉਨ੍ਹਾਂ ਦੀਆਂ ਤਿਆਰੀਆਂ ਧਰੀਆਂ ਧਰਾਈਆਂ ਰਹਿ ਗਈਆਂ। ਲਾਲਾ ਹਸ਼ਮਤ ਰਾਏ ਦੇ ਵੋਟ ਜ਼ਿਆਦਾ ਸਨ।

ਇਸ ਤੋਂ ਪੰਦਰਵੇਂ ਦਿਨ ਪੰਡਤ ਸਰਬ ਦਿਆਲ ਰਾਵਲਪਿੰਡੀ ਨੂੰ ਰਵਾਨਾ ਹੋਏ, ਰਾਤ ਦਾ ਵੇਲਾ ਸੀ, ਅਕਾਸ਼ ਤਾਰਿਆਂ ਨਾਲ ਜਗਮਗਾ ਰਿਹਾ ਸੀ। ਅਜਿਹੀ ਰਾਤ ਸੀ ਜਦੋਂ ਉਹ ਰਾਵਲਪਿੰਡੀ ਤੋਂ ਅੰਬਾਲੇ ਆ ਰਹੇ ਸਨ। ਪਰ ਇਸ ਰਾਤ ਤੇ ਉਸ ਰਾਤ ਵਿਚ ਕਿੰਨਾ ਫ਼ਰਕ ਸੀ! ਉਦੋਂ ਖੁਸ਼ੀ ਨਾਲ ਉਸਦਾ ਚਿਹਰਾ ਲਾਲ ਸੀ, ਅੱਜ ਅੱਖਾਂ ਵਿਚੋਂ ਉਦਾਸੀ ਟਪਕ ਰਹੀ ਸੀ। ਕਿਸਮਤ ਦੀ ਗੱਲ, ਅੱਜ ਸੂਟ ਵੀ ਉਹੀ ਸੀ, ਜੋ ਉਸ ਦਿਨ ਪਾਇਆ ਹੋਇਆ ਸੀ। ਉਸੇ ਤਰਾਂ ਕਮਰਾ ਖਾਲੀ ਸੀ ਅਤੇ ਇਕ ਮੁਸਾਫ਼ਰ ਇਕ ਕੋਨੇ ਵਿਚ ਸੁੱਤਾ ਪਿਆ ਸੀ।

- ਪੰਡਤ ਸਰਬਦਿਆਲ ਨੇ ਸਰਦੀ ਤੋਂ ਬਚਣ ਲਈ ਹੱਥ ਕੋਟ ਦੀ ਜੇਬ ਵਿਚ ਪਾਇਆ ਤਾਂ ਕਾਗਜ਼ ਦਾ ਇਕ ਟੁਕੜਾ ਨਿਕਲ ਆਇਆ। ਵੇਖਿਆ ਤਾਂ ਉਹੀ ਕਾਗਜ਼ ਸੀ ਜਿਸ ਤੇ ਇਕ ਸਾਲ ਪਹਿਲਾਂ ਉਸਨੇ ਬੜੇ ਚਾਅ ਨਾਲ ਲਿਖਿਆ ਸੀ -ਪੰਡਤ ਸਰਬ ਦਿਆਲ ਬੀ. ਏ., ਐਡੀਟਰ ਰਫ਼ੀਕ-ਹਿੰਦ" ਅੰਬਾਲਾ।

ਉਸ ਵੇਲੇ ਇਸਨੂੰ ਵੇਖਕੇ ਖੁਸ਼ੀ ਦੀਆਂ ਤਰੰਗਾਂ ਉਠੀਆਂ ਸਨ। ਅਜ ਗਮ ਛਾਇਆ ਹੋਇਆ ਸੀ। ਉਸਨੇ ਇਸ ਦੇ ਟੁਕੜੇ ਟੁਕੜੇ ਕਰ ਦਿੱਤੇ ਅਤੇ ਕੰਬਲ ਕਰਕੇ ਲੇਟ ਗਿਆ, ਪਰ ਨੀਂਦਰ ਨਾ ਆਈ।

(8)

ਕਿੰਨੀ ਸ਼ੋਕ ਜਨਕ ਤੇ ਦਿਲ-ਹਿਲਾਉ ਘਟਨਾ ਹੈ ਕਿ ਜਿਸਦੀ ਯੋਗਤਾ ਬਾਰੇ ਸਮਾਚਾਰ ਪਤਰਾਂ ਵਿਚ ਲੇਖ ਨਿਕਲਦੇ ਹੋਣ, ਜਿਸਦੇ ਭਾਸ਼ਨਾਂ ਤੇ ਸਰਸਵਤੀ ਨਿਛਾਵਰ ਹੁੰਦੀ ਹੋਵੇ, ਜਿਸਦਾ ਸੱਚ-ਸੁਭਾ ਅਟਲ ਹੋਵੇ, ਉਸਨੂੰ ਗੁਜ਼ਾਰਾ ਤੋਰਨ ਲਈ ਕੇਵਲ ਪੰਜ ਸੌ ਰੁਪਏ ਦੀ ਪੂੰਜੀ ਨਾਲ ਦੁਕਾਨ ਕਰਨੀ ਪਵੇ। ਨਿਰਸੰਦੇਹ ਇਹ ਸਭਿਆ ਸਮਾਜ ਦੀ ਬਦਕਿਸਮਤੀ ਹੈ।

ਪੰਡਤ ਸਰਬ ਦਿਆਲ ਨੂੰ ਦਫ਼ਤਰ ਦੀ ਨੌਕਰੀ ਤੋਂ ਨਫ਼ਰਤ ਸੀ ਅਤੇ ਹੁਣ ਤਾਂ ਉਹ ਇਕ ਸਾਲ ਐਡੀਟਰ ਦੀ ਕੁਰਸੀ ਤੇ ਬੈਠ ਚੁਕਾ ਸੀ- 'ਅਸੀਂ ਤੇ ਸਾਡੀ ਰਾਏ' ਦਾ ਸੁਆਦ ਚੱਖ ਚੁਕਾ ਸੀ, ਇਸ ਲਈ ਕਿਸੇ ਨੌਕਰੀ ਲਈ ਮਨ ਨਹੀਂ ਸੀ ਮੰਨਦਾ। ਕਈ ਅਖਬਾਰਾਂ ਵਿਚ ਅਰਜ਼ੀਆਂ ਭੇਜੀਆਂ, ਪਰ ਕੰਮ ਨਾ ਮਿਲਿਆ। ਮਜਬੂਰ ਹੋ ਕੇ ਉਸ ਨੇ ਦੁਕਾਨ ਖੋਲ੍ਹੀ ਪਰ ਦੁਕਾਨ ਚਲਾਉਣ ਲਈ ਜੋ ਚਾਲਾਂ ਚਲਣੀਆਂ ਪੈਂਦੀਆਂ ਹਨ, ਜੋ ਝੂਠ ਬੋਲੇ ਜਾਂਦੇ ਹਨ, ਵੱਧ ਤੋਂ ਵੱਧ ਮੁੱਲ ਨੂੰ ਘੱਟ ਤੋਂ ਘੱਟ ਕਹਿਣਾ ਇਨ੍ਹਾਂ ਗੱਲਾਂ ਤੋਂ ਪੰਡਤ ਸਰਬ ਦਿਆਲ ਨੂੰ ਨਫ਼ਰਤ ਸੀ। ਉਸਨੂੰ ਮਾਣ ਇਸ ਗੱਲ ਦਾ ਸੀ ਕਿ ਮੇਰੇ ਕੋਲ ਸੱਚ ਦਾ ਸੌਦਾ ਹੈ। ਪਰ ਦੁਨੀਆਂ ਵਿਚ ਇਸ ਸੌਦੇ ਦੇ ਕਿੰਨੇ ਕੁ ਗਾਹਕ ਹਨ ? ਉਸਦੇ ਪਿਤਾ ਉਸ ਨਾਲ ਲੜਦੇ, ਝਗੜਦੇ, ਗਾਲੀਆਂ ਕੱਢਦੇ ਸਨ। ਪਰ ਪੰਡਤ ਸਰਬਦਿਆਲ ਇਹ ਸਭ ਕੁਝ ਚੁੱਪ ਕਰਕੇ ਸਹਿ ਜਾਂਦਾ ਸੀ। ਅਤੇ ਜੀਵਨ ਦੇ ਦਿਨ ਕੱਟ ਰਿਹਾ ਸੀ। ਉਸਦੀ ਆਮਦਨ ਇੰਨੀ ਨਹੀਂ ਸੀ ਕਿ ਪਹਿਲਾਂ ਵਾਂਗ ਸ਼ਾਨ ਨਾਲ ਰਹਿ ਸਕਦਾ। ਇਸ ਲਈ ਹੁਣ ਨਾ ਕਾਲਰ ਨਾ ਨੈਕਟਾਈ ਲਾਉਂਦੇ ਸਨ ਤੇ ਨਾ ਹੀ ਪਤਲੂਣ ਪਾਉਂਦੇ ਸਨ। ਵਾਲਾਂ ਨੂੰ ਤੇਲ ਲਾਇਆਂ ਵੀ ਮਹੀਨੇ ਲੰਘ ਜਾਂਦੇ, ਪਰ ਉਸਨੂੰ ਕੋਈ ਫਿਕਰ ਨਹੀਂ ਸੀ। ਘਰ ਵਿਚ ਗਾਂ ਰੱਖੀ ਹੋਈ ਸੀ, ਉਸ ਲਈ ਚਾਰਾ ਕੱਟਦਾ ਸੀ, ਸੰਨੀ ਬਣਾਉਂਦਾ ਸੀ। ਮਹਿਰਾ ਰੱਖਣ ਦੀ ਹਿੰਮਤ ਨਹੀਂ ਸੀ, ਇਸ ਲਈ ਖੂਹ ਤੋਂ ਪਾਣੀ ਵੀ ਆਪ ਹੀ ਲਿਆਉਂਦਾ ਸੀ। ਉਸਦੀ ਇਸਤਰੀ ਚਰਖਾ ਕੱਤਦੀ ਸੀ, ਕੱਪੜੇ ਸੀਉਂਦੀ ਸੀ, ਅਤੇ ਘਰ ਦਾ ਹੋਰ ਕੰਮ-ਕਾਜ ਕਰਦੀ ਸੀ। ਕਦੇ ਕਦੇ ਲੜ ਵੀ ਪੈਂਦੀ ਸੀ। ਪਰ ਸਰਬ ਦਿਆਲ ਚੁੱਪ ਰਹਿੰਦਾ ਸੀ।

ਸਵੇਰ ਦਾ ਵੇਲਾ ਸੀ। ਪੰਡਤ ਸਰਬਦਿਆਲ ਆਪਣੀ ਦੁਕਾਨ ਤੇ ਬੈਠਾ" ਰਫੀਕ-ਹਿੰਦ' ਦਾ ਨਵਾਂ ਅੰਕ ਵੇਖ ਰਿਹਾ ਸੀ। ਜਿਵੇਂ ਇਕ ਮਾਲੀ ਸਿਰਤੋੜ ਮਿਹਨਤ ਨਾਲ ਫੁੱਲਾਂ ਦੀਆਂ ਕਿਆਰੀਆਂ ਤਿਆਰ ਕਰੇ, ਤੇ ਉਨ੍ਹਾਂ ਨੂੰ ਕੋਈ ਹੋਰ ਮਾਲੀ ਨਸ਼ਟ ਕਰ ਦੇਵੇ।

ਇੰਨੇ ਵਿਚ ਉਸਦੀ ਦੁਕਾਨ ਸਾਹਮਣੇ ਇਕ ਮੋਟਰ ਆ ਕੇ ਰੁਕੀ ਅਤੇ ਉਸ ਵਿਚੋਂ ਠਾਕਰ ਹਨੁਮੰਤ ਰਾਏ ਸਿੰਘ ਉਤਰੇ। ਪੰਡਤ ਸਰਬ ਦਿਆਲ ਚੌਂਕ ਉਠੇ। ਖਿਆਲ ਆਇਆ-ਅੱਖਾਂ ਕਿਵੇਂ ਮਿਲਾਵਾਂਗਾ ? ਇਕ ਦਿਨ ਉਹ ਸੀ ਕਿ ਇਨ੍ਹਾਂ ਵਿਚ ਪਰੇਮ ਦਾ ਵਾਸ ਸੀ, ਪਰ ਅੱਜ ਉਥੇ ਸ਼ਰਮਿੰਦਗੀ ਸੀ।"

ਠਾਕਰ ਹਨੁਮੰਤ ਰਾਏ ਸਿੰਘ ਨੇ ਕੋਲ ਆ ਕੇ ਕਿਹਾ—"ਆਹਾ ! ਪੰਡਤ ਜੀ ਬੈਠੇ ਹਨ! ਬਹੁਤ ਚਿਰ ਪਿਛੋਂ ਦਰਸ਼ਨ ਹੋਏ ਹਨ। ਸੁਣਾਉ ! ਕੀ ਹਾਲ ਹੈ ?"

ਪੰਡਤ ਸਰਬ ਦਿਆਲ ਨੇ ਧੀਰਜ ਨਾਲ ਉਤਰ ਦਿੱਤਾ- 'ਚੰਗਾ ਹੈ, ਪਰਮਾਤਮਾ ਦੀ ਕਿਰਪਾ ਹੈ।"

"ਕੀ ਇਹ ਦੁਕਾਨ ਆਪਣੀ ਹੈ ?"

"ਜੀ ਹਾਂ,"

"ਕਦੋਂ ਖੋਲ੍ਹੀ ਹੈ ?"

"ਅੱਠ ਕੁ ਮਹੀਨੇ ਹੋ ਗਏ ਹਨ।"

ਠਾਕਰ ਸਾਹਿਬ ਨੇ ਉਸਨੂੰ ਚੁਭਵੀਂ ਨਜ਼ਰ ਨਾਲ ਵੇਖਿਆ ਤੇ ਕਿਹਾ—"ਇਹ ਕੰਮ ਤੁਹਾਡੀ ਯੋਗਤਾ ਦੇ ਅਨੁਕੂਲ ਨਹੀਂ।"

ਪੰਡਤ ਸਰਬ ਦਿਆਲ ਨੇ ਬੇ-ਪਰਵਾਹੀ ਨਾਲ ਉੱਤਰ ਦਿੱਤਾ- 'ਸੰਸਾਰ ਵਿਚ ਬਹੁਤ ਸਾਰੇ ਆਦਮੀ ਅਜਿਹੇ ਹਨ ਜਿਨ੍ਹਾਂ ਨੂੰ ਉਹ ਕੁਝ ਕਰਨਾ ਪੈਂਦਾ ਹੈ ਜੋ ਉਨ੍ਹਾਂ ਦੇ ਯੋਗ ਨਹੀਂ ਹੁੰਦਾ। ਮੈਂ ਵੀ ਉਨ੍ਹਾਂ ਵਿਚੋਂ ਇਕ ਹਾਂ "

" ਆਮਦਨੀ ਚੰਗੀ ਹੋ ਜਾਂਦੀ ਹੈ ?"

ਪੰਡਤ ਸਰਬ ਦਿਆਲ ਜਵਾਬ ਨਾ ਦੇ ਸਕਿਆ ਸੋਚਣ ਲੱਗਾ ਕੀ ਆਖਾਂ ? ਅਸਲ ਵਿਚ ਗੱਲ ਇਹ ਸੀ ਕਿ ਆਮਦਨ ਬਹੁਤ ਹੀ ਥੋੜੀ ਸੀ। ਪਰ ਇਸ ਸਚਾਈ ਨੂੰ ਠਾਕਰ ਸਾਹਿਬ ਦੇ ਸਾਹਮਣੇ ਪਰਗਟ ਕਰਨਾ ਉਸਨੇ ਉਚਿਤ ਨਾ ਸਮਝਿਆ। ਜਿਸ ਦੇ ਸਾਹਮਣੇ ਇਕ ਦਿਨ ਮਾਣ ਨਾਲ ਸਿਰ ਉੱਚਾ ਕੀਤਾ ਸੀ, ਅਤੇ ਮਾਣ-ਇਜ਼ਤ ਨੂੰ ਇਉਂ ਠੁਕਰਾ ਦਿੱਤਾ ਸੀ, ਜਿਵੇਂ ਉਹ ਮਿੱਟੀ ਦਾ ਤੁੱਛ ਢੇਲਾ ਹੋਵੇ, ਉਸ ਦੇ ਸਾਹਮਣੇ ਉਹ ਪਛਤਾਵਾ ਨਾ ਕਰ ਸਕਿਆ

ਅਤੇ ਇਹ ਕਹਿਣਾ ਠੀਕ ਨਾ ਸਮਝਿਆ ਕਿ ਹਾਲਤ ਖ਼ਰਾਬ ਹੈ। ਉਸਨੇ ਸਿਰ ਉੱਚਾ ਕਰਕੇ ਠਰਮੇ ਨਾਲ ਕਿਹਾ- "ਗੁਜ਼ਾਰਾ ਚਲ ਰਿਹਾ ਹੈ।"

ਠਾਕਰ ਸਾਹਿਬ ਦੂਜੇ ਦੇ ਦਿਲ ਦੀ ਸਮਝ ਲੈਣ ਵਿਚ ਬੜੇ ਸਿਆਣੇ ਸਨ। ਇਨ੍ਹਾਂ ਸ਼ਬਦਾਂ ਵਿਚੋਂ ਬਹੁਤ ਕੁਝ ਸਮਝ ਗਏ। ਸੋਚਣ ਲੱਗੇ, ਕਿਹੋ ਜਿਹਾ ਬਹਾਦਰ ਹੈ, ਜੋ ਜੀਵਨ ਦੇ ਹਨੇਰੇ ਤੋਂ ਹਨੇਰੇ ਪਲਾਂ ਵਿਚ ਵੀ ਸੁਮਾਰਗ ਤੋਂ ਇਧਰ ਉਧਰ ਨਹੀਂ ਜਾਂਦਾ। ਚੋਟ ਤੇ ਚੋਟ ਪੈ ਰਹੀ ਹੈ, ਪਰ ਹਿਰਦਾ ਸੱਚ ਦੇ ਸੌਦੇ ਨੂੰ ਨਹੀਂ ਛੱਡਦਾ। ਇਹੋ ਜਿਹੇ ਆਦਮੀ ਹੀ ਹੁੰਦੇ ਹਨ ਜੋ ਬਿਪਤਾ ਦੀ ਤੇਜ਼ ਨਦੀ ਵਿਚ ਵੀ ਸ਼ੇਰ ਵਾਂਗ ਸਿਧੇ ਤੁਰਦੇ ਹਨ ਅਤੇ ਆਪਣੀ ਆਨ ਦੀ ਖਾਤਰ ਧੰਨ ਤੇ ਪਰਾਣ ਦੋਵੇਂ ਨਿਛਾਵਰ ਕਰ ਦੇਂਦੇ ਹਨ। ਠਾਕਰ ਸਾਹਿਬ ਨੇ ਜੋਸ਼ ਨਾਲ ਕਿਹਾ, "ਤੁਸੀਂ ਧੰਨ ਹੋ।"

ਪੰਡਤ ਸਰਬ ਦਿਆਲ ਹੁਣ ਤਕ ਇਹੀ ਸਮਝ ਰਿਹਾ ਸੀ ਕਿ ਠਾਕਰ ਸਾਹਿਬ ਮੈਨੂੰ ਪਿਟਾਉਣ ਲਈ ਆਏ ਹਨ, ਪਰ ਇੰਨਾਂ ਸ਼ਬਦਾਂ ਨਾਲ ਉਸ ਦਾ ਸ਼ੱਕ ਦੂਰ ਹੋ ਗਿਆ। ਹਨੇਰੇ ਆਸਮਾਨ ਵਿਚ ਕਿਰਨ ਚਮਕੀ ! ਉਸਨੇ ਠਾਕਰ ਸਾਹਿਬ ਦੇ ਮੂੰਹ ਵਲ ਤੱਕਿਆ। ਉਥੇ ਧੀਰਤਾ, ਪਰੇਮ, ਸ਼ਰਮਿੰਦਗੀ ਤੇ ਪਛਤਾਵੇ ਦਾ ਰੰਗ ਝਲਕਦਾ ਸੀ। ਆਸ ਨੇ ਨਿਸ਼ਚੇ ਦਾ ਰੂਪ ਲੈ ਲਿਆ। ਸੰਗਦਾ ਸੰਗਦਾ ਬੋਲਿਆ, "ਇਹ ਆਪ ਦੀ ਕਿਰਪਾ ਹੈ। ਮੈਂ ਤਾਂ ਇਹ ਨਹੀਂ ਸਮਝਦਾ।"

ਠਾਕਰ ਸਾਹਿਬ ਹੁਣ ਰਹਿ ਨਾ ਸਕੇ। ਉਨ੍ਹਾਂ ਨੇ ਸਰਬ ਦਿਆਲ ਨੂੰ ਗਲੇ ਨਾਲ ਲਾ ਲਿਆ ਅਤੇ ਕਿਹਾ—"ਮੈਂ ਤੁਹਾਡੇ ਤੇ ਬਹੁਤ ਭਾਰੀ ਅਨਿਆਂ ਕੀਤਾ ਹੈ। ਮੈਨੂੰ ਮਾਫ ਕਰ ਦਿਉ। ਰਫ਼ੀਕ ਹਿੰਦ' ਨੂੰ ਸੰਭਾਲੋ। ਅਜ ਤੋਂ ਮੈਂ ਤੁਹਾਨੂੰ ਆਪਣਾ ਛੋਟਾ ਭਰਾ ਸਮਝਦਾ ਹਾਂ। ਪਰਮਾਤਮਾ ਕਰੇ ਤੁਸੀਂ ਪਹਿਲਾਂ ਦੀ ਤਰਾਂ ਸਚੇ, ਵਿਸ਼ਵਾਸੀ, ਇਨਸਾਫ਼ ਪਸੰਦ, ਤੇ ਮਜ਼ਬੂਤ ਇਰਾਦੇ ਵਾਲੇ ਵਿਅਕਤੀ ਬਣੇ ਰਹੋ, ਮੇਰੀ ਇਹੀ ਕਾਮਨਾ ਹੈ।"

ਪੰਡਤ ਸਰਬ ਦਿਆਲ ਅਵਾਕ ਰਹਿ ਗਿਆ। ਉਹ ਸਮਝ ਨਾ ਸਕਿਆ ਕਿ ਇਹ ਸੁਪਨਾ ਹੈ ਜਾਂ ਕਿਸਮਤ ਨੇ ਸਚਮੁਚ ਹੀ ਫਿਰ ਪਲਟਾ ਖਾਧਾ ਹੈ। ਹੈਰਾਨੀ ਨਾਲ ਠਾਕਰ ਸਾਹਿਬ ਵਲ ਵੇਖਣ ਲੱਗੇ। ।

ਠਾਕਰ ਸਾਹਿਬ ਨੇ ਆਪਣੇ ਕਥਨ ਨੂੰ ਜਾਰੀ ਰਖਦਿਆਂ ਕਿਹਾ— "ਮੈਂ ਹਜ਼ਾਰਾਂ ਆਦਮੀ ਵੇਖੇ ਹਨ ਜੋ ਕਰਤੱਵ ਤੇ ਧਰਮ ਤੇ ਦਿਨ-ਰਾਤ ਲੈਕਚਰ ਦਿੰਦੇ ਥੱਕਦੇ ਨਹੀਂ, ਪਰ ਜਦੋਂ ਪਰੀਖਿਆ ਦਾ ਵਕਤ ਆਉਂਦਾ ਹੈ, ਤਾਂ ਸਭ ਕੁਝ ਭੁੱਲ ਜਾਂਦੇ ਹਨ। ਇਕ ਤੁਸੀਂ ਹੋ ਜਿਸ

ਨੇ ਇਸ ਜਾਦੂ ਤੇ ਜਿਤ ਪ੍ਰਾਪਤ ਕੀਤੀ ਹੈ। ਉਸ ਦਿਨ ਤੁਸੀਂ ਮੇਰੀ ਗਲ ਠੁਕਰਾ ਦਿਤੀ ਸੀ। ਪਰ ਅੱਜ ਅਜਿਹਾ ਨਹੀਂ ਕਰ ਸਕੋਗੇ। ਤੇਰੀ ਦੁਕਾਨ ਤੇ ਬੈਠਾ ਹਾਂ ਜਦ ਤਕ ਹਾਂ ਨਹੀਂ ਕਰੇਂਗਾ ਤਦ ਤੱਕ ਇਥੋਂ ਨਹੀਂ ਹਿਲਾਂਗਾ।"

ਪੰਡਤ ਸਰਬ ਦਿਆਲ ਦੀਆਂ ਅੱਖਾਂ ਵਿਚ ਹੰਝੂ ਆ ਗਏ। ਮਾਣ ਨੇ ਗਰਦਨ ਝੁਕਾ ਦਿਤੀ। ਤਦ ਠਾਕਰ ਸਾਹਿਬ ਨੇ ਸੌ ਸੌ ਦੇ ਦਸ ਨੋਟ ਬਟੂਏ ਵਿਚੋਂ ਕਢਕੇ ਉਸਦੇ ਹੱਥ ਤੇ ਰੱਖ ਦਿਤੇ, ਤੇ ਕਿਹਾ—ਇਹ ਤੁਹਾਡੀ ਦਲੇਰੀ ਦਾ ਪੁਰਸਕਾਰ ਹੈ। ਤੁਹਾਨੂੰ ਲੈਣਾ ਪਵੇਗਾ।

ਪੰਡਤ ਸਰਬ ਦਿਆਲ ਨਾਂਹ ਨਾ ਕਰ ਸਕਿਆ।

ਠਾਕਰ ਹਨੁਮੰਤ ਰਾਏ ਜਦੋਂ ਮੋਟਰ ਵਿਚ ਬੈਠੇ ਤਾਂ ਖੁਸ਼ੀ ਭਰੀਆਂ ਅੱਖਾਂ ਵਿਚ ਮਸਤੀ ਦਾ ਨੀਰ ਝਲਕਦਾ ਸੀ, ਮਾਨੋ ਕੋਈ ਖਜ਼ਾਨਾ ਹੱਥ ਲੱਗ ਗਿਆ ਹੋਵੇ। ਉਨ੍ਹਾਂ ਦੇ ਨਾਲ ਇਕ ਅੰਗਰੇਜ਼ ਮਿੱਤਰ ਬੈਠਾ ਸੀ। ਉਸਨੇ ਪੁਛਿਆ- ਵੈੱਲ, ਠਾਕਰ ਸਾਹਿਬ ! ਇਸ ਡੁਕਾਨ ਮੈਂ ਕਿਆ ਠਾ ਕਿ ਟੂਮ ਲੰਮਾ ਡੇਰ ਖੜਾ ਮਾਂਗਟਾ।"

"ਉਹ ਚੀਜ਼ ਜੋ ਹੋਰ ਕਿਸੇ ਦੁਕਾਨ ਤੇ ਨਹੀਂ।"

"ਕੌਨਸਾ?"

ਸੱਚ ਦਾ ਸੌਦਾ।"

ਪਰ ਅੰਗਰੇਜ਼ ਇਸ ਤੋਂ ਕੁਝ ਨਾ ਸਮਝ ਸਕਿਆ।

ਮੋਟਰ ਚਲਣ ਲੱਗੀ।

-0-